ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ

(ਭਾਗ ਪਹਿਲਾ)



ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ

ਰਾਜਨੀਤਕ ਅਰਥਸ਼ਾਸ਼ਤਰ ਦੇ ਮੂਲ ਸਿਧਾਂਤ

(ਭਾਗ - ਪਹਿਲਾ)

ਚੀਨ ਦੇ ਮਹਾਨ ਪਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਨੌਜੁਆਨ ਕਾਰਕੁਨਾਂ ਅਤੇ ਆਮ ਲੋਕਾਂ ਦੀ ਸਿੱਖਿਆ ਲਈ ਤਿਆਰ ਕੀਤੀ ਗਈ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੀ ਸੰਸਾਰ ਪ੍ਰਸਿੱਧ ਇਤਿਹਾਸਕ ਪੁਸਤਕ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

Brought to you by Archive of Punjab

ਰਾਜਨੀਤਿਕ ਅਰਥਸ਼ਾਸਤਰ ਦੇ ਮੂਲ ਸਿਧਾਂਤ, *ਭਾਗ–ਪਹਿਲਾ*

Fundamentals of Political Economy

The Shanghai Textbook of Political Economy, Part One

(ਪਹਿਲੇ ਭਾਗ ਦਾ ਅਨੁਵਾਦ ਮੂਲ ਕਿਤਾਬ ਦੇ 1974 ਵਿੱਚ ਤਿਆਰ ਕੀਤੇ ਤੀਜੇ ਡਰਾਫਟ ਦੇ ਅੰਗਰੇਜੀ ਐਡੀਸ਼ਨ ਤੋਂ ਲਿਆ ਗਿਆ ਹੈ)

ਪਹਿਲੀ ਵਾਰ - ਜੁਲਾਈ 2006

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ–ਲਖਨਊ)

ਪਤਾ — ਸ਼ਹੀਦ ਭਗਤ ਸਿੰਘ ਭਵਨ,
ਸੀਲੋਆਣੀ ਰੋਡ, ਰਾਏਕੋਟ
ਜ਼ਿਲ੍ਹਾ– ਲੁਧਿਆਣਾ – 141109

ਸੰਪਰਕ — 98155–87807

Email — janchetnapb@gmail.com

ਕੀਮਤ : 60 **ਰੁਪਏ**

Brought to you by Archive of Punjab

ਤਤਕਰਾ

ਅਨੁਵਾਦ ਵਿੱਚ ਪ੍ਰਯੋਗ ਹੋਏ ਕੁਝ ਪ੍ਰੀਭਾਸ਼ਕ ਸ਼ਬਦ 7
ਭੂਮਿਕਾ 9
'ਯੁਵਕ-ਸਵੈ-ਸਿਖਿਆ ਸੀਰੀਜ਼' ਦੇ ਸੰਪਾਦਕਾਂ ਵੱਲੋਂ 18

ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ
ਭਾਗ ਪਹਿਲਾ

1. **ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਸਿੱਖਣਾ ਜ਼ਰੂਰੀ ਹੈ** 19
   - ਰਾਜਨੀਤਕ ਅਰਥਸ਼ਾਸਤਰ ਦਾ ਵਿਸ਼ਾ-ਵਸਤੂ 19

2. **ਪੂਰਣ ਪੂੰਜੀਵਾਦੀ ਸਮਾਜਿਕ-ਆਰਥਿਕ ਪ੍ਰੰਬਧ** 32
   - ਮੁੱਢ-ਕਦੀਮੀ, ਗੁਲਾਮਦਾਰੀ, ਜਗੀਰੂ ਸਮਾਜਾਂ ਵਿੱਚ ਪੈਦਾਵਾਰੀ ਸਬੰਧ 32
   - ਮੁੱਢ-ਕਦੀਮੀ ਕਮਿਊਨਾਂ ਨੇ ਇਤਿਹਾਸ ਦੇ ਸਭ ਤੋਂ ਪਹਿਲੇ ਪੈਦਾਵਾਰੀ ਸਬੰਧ ਸਥਾਪਿਤ ਕੀਤੇ 32
   - ਗੁਲਾਮਦਾਰੀ ਲੁੱਟ ਦਾ ਪਹਿਲਾ ਪ੍ਰਬੰਧ ਸੀ 37
   - ਜਗੀਰੂ ਸਮਾਜ ਜਮਾਤੀ ਵਿਰੋਧਾਂ ਤੇ ਅਧਾਰਤ ਇੱਕ ਹੋਰ ਲੋਟੂ-ਪ੍ਰਬੰਧ ਹੈ 42

3. **ਪੂੰਜੀਵਾਦੀ ਸਮਾਜ ਦਾ ਵਿਸ਼ਲੇਸ਼ਣ ਜਿਣਸਾਂ ਦੇ ਵਿਸ਼ਲੇਸ਼ਣ ਤੋਂ ਸੁਰੂ ਹੋਣਾ ਚਾਹੀਦਾ ਹੈ** 52
   - ਜਿਣਸ, ਮੁਦਰਾ ਅਤੇ ਕਦਰ ਦਾ ਨਿਯਮ 52
   - ਜਿਣਸ ਸਬੰਧਾਂ ਵਿੱਚ ਪੂੰਜੀਵਾਦੀ ਵਿਰੋਧਤਾਈਆਂ ਦੇ ਬੀਜ ਸਮੋਏ ਹੁੰਦੇ ਹਨ 52
   - ਮੁਦਰਾ ਜਿਣਸਾਂ ਵਟਾਂਦਰੇ ਦੀ ਇੱਕ ਸੁਭਾਵਿਕ ਉਪਜ ਹੈ 60
   - ਕਦਰ ਦਾ ਨਿਯਮ ਜਿਣਸ ਪੈਦਾਵਾਰ ਦਾ ਆਰਥਿਕ ਨਿਯਮ ਹੈ 66

Brought to you by Archive of Punjab

4. **ਪੂੰਜੀਪਤੀ ਮਜ਼ਦੂਰਾਂ ਦੀ ਲੁੱਟ ਅਤੇ ਜ਼ਬਰ ਕਿਵੇਂ ਕਰਦੇ ਹਨ** 71
- ਪੂੰਜੀ ਅਤੇ ਵਾਫਰ ਕਦਰ 71
- ਪੂੰਜੀਪਤੀਆਂ ਦੁਆਰਾ ਮਜ਼ਦੂਰਾਂ ਦੀ ਲੁੱਟ ਦਾ ਰਹੱਸ 71
- ਉਹ ਨਿਰਦਈ ਸਾਧਨ ਜਿਨ੍ਹਾਂ ਦੁਆਰਾ ਪੂੰਜੀਪਤੀ ਮਜ਼ਦੂਰਾਂ ਦੀ ਲੁੱਟ ਤੇ ਜਬਰ ਕਰਦਾ ਹੈ 77

5. **ਪੂੰਜੀਵਾਦੀ ਸਮਾਜ ਵਿੱਚ ਅਮੀਰ ਤੇ ਗਰੀਬ ਵਿਚਕਾਰ ਵੱਧ ਰਿਹਾ ਪਾੜ੍ਹਾ** 89
- ਪੂੰਜੀ ਸੰਗ੍ਰਹਿ ਅਤੇ ਮਜ਼ਦੂਰ ਜਮਾਤ ਦਾ ਕੰਗਾਲੀਕਰਨ 89
- ਪੂੰਜੀ ਸੰਗ੍ਰਹਿ ਮਜ਼ਦੂਰਾਂ ਦੀ ਲੁੱਟ ਨੂੰ ਵਧਾਉਂਦਾ ਹੈ 89
- ਸਾਪੇਖਕ ਵਾਫਰ ਅਬਾਦੀ ਪੂੰਜੀ ਸੰਗ੍ਰਹਿ ਦਾ ਅਟੱਲ ਨਤੀਜਾ ਹੈ 95
- ਪੂੰਜੀ ਸੰਗ੍ਰਹਿ ਮਜ਼ਦੂਰਾਂ ਨੂੰ ਕੰਗਾਲ ਕਰ ਦਿੰਦਾ ਹੈ 100

6. **ਪੂੰਜੀ ਦੇ ਆਵਾਗਮਨ ਦੀ ਪ੍ਰਕਿਰਿਆ** 109
ਵਾਫਰ ਕਦਰ ਦੀ ਲੁੱਟ ਤੇ ਇਸਨੂੰ ਸਕਾਰਨ ਦੀ ਪ੍ਰੀਕ੍ਰਿਆ ਹੈ
- ਪੂੰਜੀ ਦਾ ਚਕਰਦਾਰ ਵਹਿਣ, ਇਸਦਾ ਕੁਲ ਕਾਰੋਬਾਰ ਤੇ ਸਮਾਜਕ ਪੂੰਜੀ ਦੀ ਮੁੜ ਪੈਦਾਵਾਰ 109
- ਪੂੰਜੀ ਦਾ ਪਰਿਚਲਣ ਤਿੰਨ ਪੜਾਵੀ ਹੈ ਅਤੇ ਇਹ ਤਿੰਨ ਰੂਪ ਅਖਤਿਆਰ ਕਰਦਾ ਹੈ 109
- ਪੂੰਜੀ ਦਾ ਕਾਰੋਬਾਰ ਵਾਫਰ ਕਦਰ ਨੂੰ ਨਿਰੰਤਰ ਉਪਜਾਉਣਾ ਅਤੇ ਸਕਾਰਨਾ ਹੀ ਹੈ 113
- ਪੂੰਜੀਵਾਦੀ ਮੁੜ ਪੈਦਾਵਾਰ ਦੁਸ਼ਮਣਾਨਾ ਵਿਰੋਧਤਾਈਆਂ 'ਚ ਘਿਰੀ ਆਪ-ਮੁਹਾਰ ਢੰਗ ਨਾਲ ਸਕਾਰੀ ਜਾਂਦੀ ਹੈ 120

7. **ਸਮੁੱਚੀ ਬੁਰਜੂਆਜ਼ੀ ਮਜ਼ਦੂਰ ਨੂੰ ਲੁੱਟਦੀ ਅਤੇ ਜ਼ਬਰ ਢਾਹੁੰਦੀ ਹੈ** 129
- ਵਾਫਰ ਕਦਰ ਦੀ ਵੰਡ 129
- ਸਨਅਤੀ ਪੂੰਜੀਪਤੀਆਂ ਵਿਜਕਾਰ ਮੁਕਾਬਲਾ ਮੁਨਾਫਾ ਦੀ ਦਰ ਨੂੰ ਸਮਰੂਪ ਰੱਖਦਾ ਹੈ 129

Brought to you by Archive of Punjab

– ਜਿਣਸਾਂ ਦੇ ਵਪਾਰ ਰਾਹੀਂ ਵਪਾਰਕ ਪੂੰਜੀਪਤੀ ਵੀ
ਵਾਫਰ ਕਦਰ 'ਚੋਂ ਆਪਣਾ ਹਿੱਸਾ ਉਗਰਾਉਂਦੇ ਹਨ 135
– ਵਿੱਤੀ ਪੂੰਜੀਪਤੀ ਕਰਜ਼ੇ ਅਤੇ ਉਧਾਰ ਦੇਣ ਜ਼ਰੀਏ
ਵਾਫਰ ਕਦਰ 'ਚੋਂ ਹਿੱਸਾ ਵੰਡਾਉਂਦਾ ਹੈ 138
– ਭੂਮੀਪਤੀ ਬਿਨਾ ਬੀਜੇ ਫਸਲ ਵੱਢਦੇ ਹਨ 141

8. **ਪੂੰਜੀਵਾਦ ਦੇ ਅਸਾਧ ਰੋਗ** 148
– ਆਰਥਿਕ ਸੰਕਟ 148
– ਆਰਥਿਕ ਸੰਕਟ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ
ਦੇ ਹੋਰ ਤਿੱਖੀਆਂ ਹੋਣ ਕਾਰਨ ਪੈਦਾ ਹੁੰਦੇ ਹਨ 148
– ਪੂੰਜੀਵਾਦੀ ਆਰਥਿਕ ਸੰਕਟਾਂ ਦੇ ਗੰਭੀਰ ਹੁੰਦੇ
ਜਾਣ ਦੀ ਪ੍ਰਵਿਰਤੀ 154
– ਆਰਥਿਕ ਸੰਕਟ ਪੂੰਜੀਵਾਦੀ ਹਕੂਮਤ ਦੀ
ਨੀਂਹ ਨੂੰ ਅੰਦਰੋਂ ਖੋਖਲਾ ਕਰਦੇ ਹਨ 162

9. **ਸਾਮਰਾਜਵਾਦ ਦਾ ਸੁਭਾਅ ਨਹੀਂ ਬਦਲਦਾ** 165
– ਸਾਮਰਾਜਵਾਦ ਇਜਾਰੇਦਾਰ ਪੂੰਜੀਵਾਦ ਹੈ 165
– ਇਜਾਰੇਦਾਰੀ ਸਾਮਰਾਜਵਾਦ ਦੀ
ਆਰਥਕ ਬੁਨਿਆਦ ਹੈ 166
– ਵਿੱਤੀ ਪੂੰਜੀ ਸਰਵਸ਼ਕਤੀਮਾਨ ਇਜਾਰੇਦਾਰੀ ਹੈ 172
– ਪੂੰਜੀ ਦੀ ਬਰਾਮਦ ਵਿੱਤੀ ਪੂੰਜੀ ਦੇ ਸੰਸਾਰ
ਗਲਬੇ ਨੂੰ ਜਨਮ ਦਿੰਦੀ ਹੈ 176
– ਕੌਮਾਂਤਰੀ ਇਜਾਰੇਦਾਰ ਗਠਜੋੜ ਵਲੋਂ ਦੁਨੀਆਂ
ਦੀ ਆਰਥਕ ਰੂਪ ਵਿੱਚ ਵੰਡ 179
– ਦੁਨੀਆਂ ਦੀ ਵੰਡ ਅਤੇ ਮੁੜ ਵੰਡ ਲਈ
ਸਾਮਰਾਜਵਾਦੀ ਤਾਕਤਾਂ ਵਿੱਚ ਮੁਕਾਬਲਾ 182

10. **ਸਾਮਰਾਜਵਾਦ ਪ੍ਰੋਲੇਤਾਰੀ ਸਮਾਜਵਾਦੀ
ਇਨਕਲਾਬਾਂ ਦਾ ਪਹੁ-ਫੁਟਾਲ਼ਾ ਹੈ** 188
– ਸਾਮਰਾਜਵਾਦ ਮੁਰਝ੍ਹਾ ਰਿਹਾ ਅਤੇ ਮਰਨਕਿਨਾਰੇ ਪੂੰਜੀਵਾਦ ਹੈ 188

Brought to you by Archive of Punjab

– ਸਾਮਰਾਜਵਾਦ ਦਮਤੋੜ ਰਿਹਾ ਪੂੰਜੀਵਾਦ ਹੈ 197

11. **ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਸੰਸਾਰ ਸਾਮਰਾਜਵਾਦ ਦੀਆਂ ਸਫਾਂ 'ਚ ਸ਼ਾਮਲ** 207

– ਸਮਾਜਕ ਸਾਮਰਾਜਵਾਦ ਕਹਿਣ ਨੂੰ ਸਮਾਜਵਾਦ ਹੈ ਪਰ ਤੱਤ ਪੱਖੋਂ ਸਾਮਰਾਜਵਾਦ ਹੈ 207

– ਇਜਾਰੇਦਾਰ ਰਾਜਕੀ ਪੂੰਜੀਵਾਦ, ਸਮਾਜਕ ਸਾਮਰਾਜਵਾਦ ਦਾ ਮੁੱਖ ਆਰਥਕ ਅਧਾਰ ਹੈ 208

– ਸੋਵੀਅਤ ਸੋਧਵਾਦੀ 'ਨਵੇਂ ਕੌਮਾਂਤਰੀ-ਸਬੰਧ' ਨਵ-ਬਸਤੀਵਾਦ ਦਾ ਹੀ ਦੂਜਾ ਨਾਂ ਹੈ 215

– ਸੋਵੀਅਤ ਸੋਧਵਾਦੀ ਸਾਮਰਾਜਵਾਦ ਇੱਕ ਹੋਰ ਅਕਤੂਬਰ ਇਨਕਲਾਬ ਦਾ ਪਹੁ-ਫੁਟਾਲਾ ਹੈ 223

Brought to you by Archive of Punjab

ਅਨੁਵਾਦ ਵਿੱਚ ਪ੍ਰਯੋਗ ਹੋਏ ਕੁਝ ਪ੍ਰੀਭਾਸ਼ਕ - ਸ਼ਬਦ

Commodity	----	ਜਿਣਸ
Value	----	ਕਦਰ
Use Value	----	ਵਰਤੋਂ ਕਦਰ
Exchange Value	----	ਵਟਾਂਦਰਾ ਕਦਰ
Surplus Value	----	ਵਾਫਰ ਕਦਰ
Absolute Surplus Value	----	ਨਿਰਪੇਖ ਵਾਫ਼ਰ ਕਦਰ
Relative Surplus Value	----	ਸਾਪੇਖ ਵਾਫ਼ਰ ਕਦਰ
Excess Surplus Value	----	ਵਧੇਰੇ ਵਾਫ਼ਰ ਕਦਰ
Labour Time	----	ਕਿਰਤ ਸਮਾਂ
Labour Power	----	ਕਿਰਤ ਸ਼ਕਤੀ
Surplus Labour	----	ਵਾਫ਼ਰ ਕਿਰਤ
Labour Productivity	----	ਕਿਰਤ ਉਤਪਾਦਕਤਾ
Labour Intensity	----	ਕਿਰਤ ਤੀਬਰਤਾ
Price	----	ਕੀਮਤ
Production Price	----	ਪੈਦਾਵਾਰੀ ਕੀਮਤ
Cost	----	ਲਾਗਤ
Profit	----	ਮੁਨਾਫਾ
Super Profit	----	ਉੱਚ ਮੁਨਾਫਾ
Wages	----	ਉਜ਼ਰਤ
Nominal Wages	----	ਸੰਕੇਤਕ ਉਜ਼ਰਤ
Real Wages	----	ਅਸਲ ਉਜ਼ਰਤ
Capital	----	ਪੂੰਜੀ
Constant Capital	----	ਸਥਿਰ ਪੂੰਜੀ
Variable Capital	----	ਬਦਲਵੀਂ ਪੂੰਜੀ
Fixed Capital	----	ਅਚੱਲ ਪੂੰਜੀ
Working Capital	----	ਚੱਲ ਪੂੰਜੀ
Monoply Capital	----	ਇਜ਼ਾਰੇਦਾਰ ਪੂੰਜੀ
Circulation	----	ਪਰਿਚਲਣ
Turnover	----	ਕਾਰੋਬਾਰ
Organic Composition	----	ਅਵੈਵੀ ਬਣਤਰ
Inflation	----	ਮੁਦਰਾਸਫੀਤੀ
Deflation	----	ਅਪਸਫ਼ੀਤੀ
Million	----	ਦਸ ਲੱਖ
Billion	----	ਅਰਬ
Trillion		

Brought to you by Archive of Punjab

Brought to you by Archive of Punjab

ਭੂਮਿਕਾ

ਸਮਾਜਵਾਦ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਪੂੰਜੀਵਾਦੀ ਮੁੜ-ਬਹਾਲੀ ਦੀਆਂ ਕੋਸ਼ਿਸ਼ਾਂ ਨੂੰ ਹਰਾਉਣ ਲਈ ਚੀਨ ਵਿੱਚ ਮਾਓ-ਜੇ-ਤੁੰਗ ਦੀ ਅਗਵਾਈ ਵਿੱਚ ਜਾਰੀ ਮਹਾਨ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਦਾ ਤੁਫਾਨ ਜਦੋਂ ਸਿਖ਼ਰਾਂ 'ਤੇ ਸੀ, ਉਸ ਸਮੇਂ ਜੂਨ 1971 ਵਿੱਚ ਸਮਾਜਵਾਦ ਦੇ ਰਾਜਨੀਤਕ ਅਰਥਸ਼ਾਸਤਰ ਦੀ ਇੱਕ ਪੁਸਤਕ ਦੀ ਤਿਆਰੀ ਅਤੇ ਖੋਜ ਦਾ ਕੰਮ ਸ਼ੁਰੂ ਹੋਇਆ।

ਇਸ ਪ੍ਰਸਤਾਵਿਤ ਪੁਸਤਕ ਵਿੱਚ ਸਮਾਜਵਾਦੀ ਅਰਥਚਾਰੇ ਦੇ ਮੂਲ ਸਿਧਾਤਾਂ ਅਤੇ ਗਤਿਕੀ ਦਾ ਇੱਕ ਪ੍ਰਮਾਣਿਕ ਅਧਿਐਨ ਪੇਸ਼ ਕੀਤਾ ਜਾਣਾ ਸੀ, ਤਾਂ ਕਿ ਪਾਰਟੀ ਸਫਾਂ, ਮਜ਼ਦੂਰ ਜਮਾਤ ਅਤੇ ਵਿਆਪਕ ਕਿਰਤੀ ਲੋਕਾਈ ਨੂੰ ਇਹ ਸਿੱਖਿਆ ਦਿੱਤੀ ਜਾ ਸਕੇ ਕਿ ਸੰਕਰਮਣਸ਼ੀਲ ਸਮਾਜਵਾਦੀ ਸਮਾਜ ਵਿੱਚ ਜਮਾਤਾਂ, ਜਮਾਤੀ ਸੰਘਰਸ਼ ਦੀ ਮੌਜੂਦਗੀ ਕਿੰਨ੍ਹਾਂ ਰੂਪਾਂ ਵਿੱਚ ਹੁੰਦੀ ਹੈ, ਵਰਗਹੀਣ ਸਮਾਜ ਦੀ ਦਿਸ਼ਾ ਵਿੱਚ ਲਗਾਤਾਰ ਸੰਕਰਮਣ (Transition) ਨੂੰ ਕਿਸ ਤਰਾਂ ਜਾਰੀ ਰੱਖਿਆ ਜਾ ਸਕਦਾ ਹੈ ਅਤੇ ਪੂੰਜੀਵਾਦੀ ਮੁੜ-ਬਹਾਲੀ ਨੂੰ ਕਿਸ ਤਰਾਂ ਰੋਕਿਆ ਜਾ ਸਕਦਾ ਹੈ!

ਸਭਿਆਚਾਰਕ ਇਨਕਲਾਬ ਦੇ ਖਾਸੇ ਵਿੱਚ ਨਿਹਿਤ ਲਗਾਤਾਰਤਾ ਦੇ ਵਿਸ਼ਿਸ਼ਟ ਗੁਣ ਦੇ ਹੀ ਅਨੁਸਾਰੀ ਇਸ ਪੁਸਤਕ ਦੀ ਤਿਆਰੀ ਨੂੰ ਲਗਾਤਾਰ ਅੱਗੇ ਵਧਦੇ ਰਹਿਣ ਵਾਲੇ ਇੱਕ ਕੰਮ ਦੇ ਰੂਪ ਵਿੱਚ ਲਿਆ ਗਿਆ ਸੀ। 1972 ਤੋਂ 1976 ਦੇ ਵਿਚਕਾਰ ਇਸਦੇ ਚਾਰ ਡਰਾਫਟ ਪ੍ਰਕਾਸ਼ਿਤ ਹੋਏ, ਜਿੰਨ੍ਹਾਂ ਵਿੱਚ ਹਰੇਕ ਵਧੇਰੇ ਉੱਨਤ ਅਤੇ ਵਧੇਰੇ ਸਿਧਾਂਤਕ ਸਮਝ ਪੇਸ਼ ਕਰਦਾ ਸੀ ਅਤੇ ਅਗਲੇ ਖੋਜ਼ ਦੇ ਮੁੱਦਿਆਂ ਨੂੰ ਵੀ ਸਪੱਸ਼ਟ ਕਰਦਾ ਜਾਂਦਾ ਸੀ। ਇਹ ਪ੍ਰਕਿਰਿਆ ਦੱਸਦੀ ਹੈ ਕਿ ਮਾਓ-ਜੇ-ਤੁੰਗ ਦੇ ਸਮੇਂ ਵਿੱਚ ਚੀਨ ਦੇ ਪ੍ਰੋਲੇਤਾਰੀ ਇਨਕਲਾਬੀ ਸਮਾਜਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਢੇਰ ਸਾਰੇ ਅਤਿਅੰਤ ਵਿਵਾਦਮਈ ਅਤੇ ਅਤਿਅੰਤ ਜਟਿਲ ਮੁੱਦਿਆਂ ਨਾਲ ਸਿਰਜਣਾਤਮਕ ਢੰਗ ਨਾਲ ਜੂਝ ਰਹੇ ਸਨ। ਜਿਨ੍ਹਾਂ ਵਿੱਚ ਸਮਾਜਵਾਦੀ ਕਿਰਤ ਪ੍ਰਕਿਰਿਆ ਦੇ ਚਰਿੱਤਰ ਤੋਂ ਲੈ ਕੇ ਸਮਾਜਵਾਦ ਦੇ ਅੰਤਰਗਤ ਕਿਰਿਆਸ਼ੀਲ ਆਰਥਿਕ ਨਿਯਮਾਂ ਦੀ ਸਥਿਤੀ, ਅਰਥਸ਼ਾਸਤਰ ਅਤੇ ਰਾਜਨੀਤੀ ਵਿੱਚ ਸਬੰਧ ਅਤੇ ਸਮਾਜਵਾਦ ਦੇ ਅੰਤਰਗਤ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸਬੰਧਾਂ ਦਰਮਿਆਨ ਵਿਰੋਧਤਾਈਆਂ ਦਾ ਖਾਸਾ ਆਦਿ ਗੱਲਾਂ ਸ਼ਾਮਲ ਸਨ। ' ਪੋਲੀਟੀਕਲ ਇਕਾਨਮੀ ਆਫ ਸ਼ੋਸ਼ਲਿਜ਼ਮ' ਦੀ ਪੰਜਵੀਂ ਹੱਥ ਲਿਖਤ ਕਦੇ ਪ੍ਰਕਾਸ਼ਿਤ ਨਹੀਂ ਹੋ ਸਕੀ। ਮਾਓ-ਜੇ-ਤੁੰਗ ਦੀ ਮੌਤ ਤੋਂ ਬਾਅਦ ਚੀਨ ਵਿੱਚ ਅਕਤੂਬਰ 1976 ਵਿੱਚ ਡੇਂਗ-ਹੁਆ-ਗਰੋਹ ਦੀ ਅਗਵਾਈ ਵਿੱਚ ਹੋਏ ਪਿਛਾਖੜੀ ਰਾਜ ਪਲਟੇ ਤੋਂ ਬਾਅਦ ਇਸਨੂੰ ਛਪਣ ਦੇ ਦੌਰਾਨ ਹੀ ਜ਼ਬਤ ਕਰ ਲਿਆ ਗਿਆ।

ਸਭਿਆਚਾਰਕ ਇਨਕਲਾਬ ਦੌਰਾਨ ਵਿਸ਼ਾਲ ਲੋਕਾਈ ਦੀ ਚੇਤਨਾ ਦੇ ਪੱਧਰ ਨੂੰ ਉੱਨਤ ਕਰਨ ਅਤੇ ਵਿਸ਼ੇਸ਼ ਕਰਕੇ, ਵਾਰਸਾਂ ਦੇ ਤੌਰ 'ਤੇ ਨੌਜਵਾਨ ਇਨਕਲਾਬੀਆਂ ਦੀਆਂ

ਪੀੜ੍ਹੀਆਂ ਨੂੰ ਲਗਾਤਾਰ ਸਿੱਖਿਅਤ –ਟਰੇਡ ਕਰਨ 'ਤੇ ਜਿਆਦਾ ਤੋਂ ਜਿਆਦਾ ਜੋਰ ਦਿੱਤਾ ਗਿਆ ਅਤੇ ਇਸਨੂੰ ਸਮਾਜਵਾਦੀ ਇਨਕਲਾਬ ਦੀ ਲਗਾਤਾਰਤਾ ਦੀ ਇੱਕ ਬੁਨਿਆਦੀ ਗਰੰਟੀ ਦੱਸਿਆ ਗਿਆ। ਇਸ ਉਦੇਸ਼ ਨਾਲ 'ਨੌਜਵਾਨ ਸਵੈ–ਸਿੱਖਿਆ ਲੜੀ' ਦੇ ਤਹਿਤ ਫਲਸਫੇ ਸਮਾਜਿਕ ਵਿਗਿਆਨਾਂ, ਕੁਦਰਤੀ ਵਿਗਿਆਨ ਦੀਆਂ ਪੁਸਤਕਾਂ ਤੋਂ ਬਿਨਾਂ ਲੂ–ਸ਼ੂਨ ਦੀਆਂ ਚੋਣਵੀਆਂ ਕਿਰਤਾਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ।

ਇਸੇ ਲੜੀ ਤਹਿਤ, ਰਾਜਨੀਤਕ ਅਰਥ ਸ਼ਾਸਤਰ ਦੇ ਮੂਲ ਸਿਧਾਤਾਂ 'ਤੇ ਇੱਕ ਸਰਲ ਹਰਮਨ ਪਿਆਰੀ ਕਿਤਾਬ ਦਾ ਵੀ ਡਰਾਫਟ ਤਿਆਰ ਕੀਤਾ ਗਿਆ। ਇਸ ਕਿਤਾਬ ਵਿੱਚ ਪਹਿਲੇ ਭਾਗ ਵਿੱਚ ਸਮਾਜ ਦੇ ਅਰਥਚਾਰੇ ਦੀ ਮਾਰਕਸਵਾਦੀ ਸਮਝ ਦੀ ਸਰਲ ਅਤੇ ਭਰਵੀਂ ਸਮਝ ਪੇਸ਼ ਕਰਦੇ ਹੋਏ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੀ ਮਸ਼ੀਨੀ ਪਦਾਰਥਵਾਦੀ ਅਤੇ ਸੋਧਵਾਦੀ ਸਮਝ ਦਾ ਇੱਕ ਹਾਂ ਪੱਖੀ ਨਿਖੇਧ ਪੇਸ਼ ਕੀਤਾ ਗਿਆ। ਕਿਤਾਬ ਦਾ ਦੂਜਾ ਭਾਗ ਸਮਾਜਵਾਦੀ ਸਮਾਜ ਦੇ ਰਾਜਨੀਤਕ ਅਰਥਸ਼ਾਸਤਰ ਦੀ ਚਰਚਾ ਤੇ ਕੇਂਦਰਿਤ ਸੀ। ਅਸਲ ਵਿੱਚ ਇਹ 'ਪੋਲੀਟੀਕਲ ਇਕਾਨਮੀ ਆਫ ਸੋਸ਼ਲਿਜ਼ਮ' ਦਾ ਹੀ ਇੱਕ ਹਰਮਨ ਪਿਆਰਾ ਐਡੀਸ਼ਨ ਸੀ। ' ਪੋਲੀਟੀਕਲ ਇਕਾਨਮੀ ਆਫ ਸੋਸ਼ਲਿਜ਼ਮ' ਦੇ ਚਾਰ ਡਰਾਫਟਾਂ ਦੇ ਹੀ ਅਨੁਸਾਰ ' ਨੌਜਵਾਨ ਸਵੈ–ਸਿੱਖਿਆ ਲੜੀ' ਦੇ ਅਧੀਨ ਪ੍ਰਕਾਸ਼ਿਤ ਇਸ ਕਿਤਾਬ ਦੇ ਡਰਾਫਟਾਂ ਵਿੱਚ ਵੀ ਸੁਧਾਰ ਕੀਤੇ ਜਾਂਦੇ ਰਹੇ ਅਤੇ ਇਸ ਦੇ ਵੀ ਕੁੱਝ ਚਾਰ ਐਡੀਸ਼ਨ ਪ੍ਰਕਾਸ਼ਿਤ ਹੋਏ। ਚੀਨੀ ਭਾਸ਼ਾ ਵਿੱਚ ਕਿਤਾਬ ਦੇ ਦੋਵੇਂ ਭਾਗ ਸ਼ੰਘਾਈ ਪੀਪਲਜ਼ ਪ੍ਰੈਸ ਤੋਂ ਪ੍ਰਕਾਸ਼ਿਤ ਹੋਏ।

ਦੋ ਭਾਗਾਂ ਵਿੱਚ ਪ੍ਰਕਾਸ਼ਤ ਇਹ ਕਿਤਾਬ ਦੁਨੀਆਂ ਭਰ ਵਿੱਚ 'ਸ਼ੰਘਾਈ ਟੇਕਟਸ ਬੁੱਕ ਆਫ ਪੁਲੀਟੀਕਲ ਇਕਾਨਮੀ' ਨਾਮ ਨਾਲ ਪ੍ਰਸਿੱਧ ਹੋਈ। ਸੱਭਿਆਚਾਰਕ ਇਨਕਲਾਬ ਦੌਰਾਨ ਸ਼ੰਘਾਈ ਮਾਓ–ਜੇ–ਤੁੰਗ ਦੀ ਲਾਈਨ ਨੂੰ ਬੁਲੰਦ ਕਰਨ ਵਾਲਿਆਂ ਅਤੇ ਲਿਓ–ਸ਼ਾਓ–ਚੀ, ਡੇਂਗ–ਸਿਆਓ–ਪਿੰਗ ਦੀ ਸੋਧਵਾਦੀ ਲਾਈਨ ਦੇ ਕੱਟੜ ਵਿਰੋਧੀ ਪਾਰਟੀ ਕਾਰਕੁਨਾਂ ਦਾ ਗੜ੍ਹ ਬਣਿਆ ਹੋਇਆ ਸੀ। 'ਪੋਲੀਟੀਕਲ ਇਕਾਨਮੀ ਆਫ ਸੋਸ਼ਲਿਜ਼ਮ' ਦੀ ਯੋਜਨਾ ਅਤੇ 'ਨੌਜਵਾਨ ਸਵੈ ਸਿੱਖਿਆ ਲੜੀ' ਦੇ ਅਧੀਨ 'ਰਾਜਨੀਤਕ ਅਰਥ–ਸ਼ਾਸਤਰ ਦੇ ਮੂਲ ਸਿਧਾਂਤ' (ਫੰਡਾਮੇਂਟਲਸ ਆਫ ਪੋਲੀਟੀਕਲ ਇਕਾਨਮੀ) ਲਿਖਣ ਦੀ ਯੋਜਨਾ ਵਿੱਚ ਸ਼ੰਘਾਈ ਦੀ ਫੂਦਾਨ ਯੂਨੀਵਰਸਿਟੀ ਦੇ ਅਰਥਸ਼ਾਸਤਰੀਆਂ ਦੀ ਅਹਿਮ ਭੂਮਿਕਾ ਸੀ। ਇਸ ਯੋਜਨਾ ਦੀ ਅਗਵਾਈ ਕਰਨ ਵਾਲੇ ਚਾਂਗ–ਚੁਨ–ਚਿਆਓ ਸਨ ਜੋ ਸੱਭਿਆਚਾਰਕ ਇਨਕਲਾਬ ਦੇ ਇੱਕ ਆਗੂ ਸੈਨਾਪਤੀ ਸਨ। ਇਹੀ ਉਹ ਪਿੱਠਭੂਮੀ ਸੀ, ਜਿਸਦੇ ਕਾਰਨ ਇਹ ਕਿਤਾਬ 'ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ' ਨਾਮ ਨਾਲ ਜਾਣੀ ਜਾਣ ਲੱਗੀ।

ਸੰਸਾਰ–ਇਤਿਹਾਸ ਮਹੱਤਵ ਵਾਲੀ ਇਹ ਕਿਤਾਬ ਅੰਗਰੇਜੀ ਭਾਸ਼ਾ ਵਿੱਚ ਪਹਿਲੀ ਵਾਰ 1977 ਵਿੱਚ 'FUNDAMENTALES OF POLITICAL ECONOMY' ਨਾਂ ਨਾਲ (The China Book Project Series, M.E. SHARPE, INC., PUBLISHER, WHITE PLAINS, NEW YORK) ਪ੍ਰਕਾਸ਼ਿਤ ਹੋਈ ਜਿਸ ਦਾ ਅਨੁਵਾਦ

ਅਤੇ ਸੰਪਾਦਨ ਜਾਰਜ ਸੀ.ਵਾਂਗ ਨੇ ਕੀਤਾ ਸੀ। ਵਾਂਗ ਦੁਆਰਾ ਤਿਆਰ ਕੀਤੀ ਗਈ ਕਿਤਾਬ ਦੀ ਇਹ ਪਹਿਲੀ ਅੰਗਰੇਜੀ ਐਡੀਸ਼ਨ ਮੂਲ ਚੀਨੀ ਕਿਤਾਬ ਦੇ 1974 ਦੇ ਐਡੀਸ਼ਨ (ਤੀਜਾ ਡਰਾਫਟ) 'ਤੇ ਅਧਾਰਿਤ ਸੀ। ਅੰਗਰੇਜੀ ਭਾਸ਼ਾ ਵਿੱਚ ਮੂਲ ਕਿਤਾਬ ਦੇ ਦੋਨਾਂ ਭਾਗਾਂ ਨੂੰ ਮਿਲਾਕੇ ਇੱਕ ਹੀ ਕਿਤਾਬ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ।

ਹਿੰਦੀ ਅਤੇ ਪੰਜਾਬੀ ਵਿੱਚ ਇਸ ਕਿਤਾਬ ਦਾ ਅਨੁਵਾਦ ਪ੍ਰਕਾਸ਼ਿਤ ਕਰਦੇ ਸਮੇਂ, ਪਾਠਕਾਂ ਦੀ ਸਹੂਲਤ ਨੂੰ ਦੇਖਦੇ ਹੋਏ ਮੁੜ (ਮੂਲ ਚੀਨੀ ਜਿਲਦ ਦੀ ਹੀ ਤਰਾਂ) ਇਸ ਕਿਤਾਬ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ। ਇਸ ਪਹਿਲੇ ਭਾਗ ਦੇ ਗਿਆਰਾਂ ਪਾਠਾਂ ਵਿੱਚ ਸਰਮਾਏਦਾਰੀ ਅਤੇ ਸਾਮਰਾਜਵਾਦ ਦੇ ਰਾਜਨੀਤਿਕ ਅਰਥਸ਼ਾਸਤਰ ਦੀ ਵਿਸਤਾਰੀ, ਪਰ ਨਾਲ ਹੀ ਸਰਲ-ਸੁਬੋਧ ਵਿਵੇਚਨਾ ਪੇਸ਼ ਕੀਤੀ ਗਈ ਹੈ। ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਨੂੰ ਆਮ ਵਿਦਿਆਰਥੀਆਂ, ਜਾਗਰੁਕ ਪਾਠਕਾਂ ਅਤੇ ਪਾਰਟੀ ਕਾਰਕੁਨਾਂ ਦੇ ਲਈ ਸਰਲੀਕ੍ਰਿਤ ਕਰਕੇ ਹਰਮਨ ਪਿਆਰੀਆਂ ਪੁਸਤਕ ਲੜੀਆਂ ਦੇ ਰੂਪ ਵਿੱਚ ਪੇਸ਼ ਕਰਨ ਦਾ ਕੰਮ ਪਿਛਲੀ ਇੱਕ ਸਦੀ ਤੋਂ ਪੂਰੀ ਦੁਨੀਆਂ ਵਿੱਚ ਹੁੰਦਾ ਰਿਹਾ ਹੈ। ਦੁਨੀਆਂ ਦੀਆਂ ਬਥੇਰੀਆਂ ਕਮਿਊਨਿਸਟ ਪਾਰਟੀਆਂ, ਪ੍ਰੋਲੇਤਾਰੀ ਨੇਤਾਵਾਂ ਅਤੇ ਮਾਰਕਸਵਾਦੀ ਵਿਦਵਾਨਾਂ ਦਾ ਇਸ ਦਿਸ਼ਾ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਹ ਕਿਤਾਬ ਇਸ ਦਿਸ਼ਾ ਵਿੱਚ ਸਭ ਤੋਂ ਅਗਲੀ ਕੜੀ ਹੈ। ਮਹਾਨ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਦੌਰਾਨ ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਦੀ ਸਮਝਦਾਰੀ ਜਿੰਨ੍ਹਾਂ ਨਵੀਆਂ ਉਚਾਈਆਂ 'ਤੇ ਪਹੁੰਚੀ, ਉਸ ਨੂੰ ਪੇਸ਼ ਕਰਨ ਵਾਲੀ ਇਕੱਲੀ ਉਪਲੱਭਧ ਕਿਤਾਬ ਹੋਣ ਦੇ ਨਾਤੇ ਅੱਜ ਇਹ ਕਿਰਤ ਬਿਨਾਂ ਸ਼ੱਕ ਇਤਿਹਾਸਿਕ ਮਹੱਤਵ ਵਾਲੇ ਮਾਰਕਸਵਾਦੀ ਗੌਰਵ-ਗ੍ਰੰਥ ਦਾ ਦਰਜਾ ਹਾਸਿਲ ਕਰ ਚੁੱਕੀ ਹੈ। ਨਾਲ ਹੀ, ਰਾਜਨੀਤਿਕ ਅਰਥ ਸ਼ਾਸਤਰ ਦੇ ਮਾਰਕਸਵਾਦੀ ਸਿਧਾਤਾਂ ਦੇ ਤਰਾਂ-ਤਰਾਂ ਦੇ ਬੁਰਜੂਆ ਅਤੇ ਸੋਧਵਾਦੀ ਵਿਗਾੜਾਂ ਦੇ ਇਸ ਦੌਰ ਵਿੱਚ, ਆਮ ਪਾਠਕਾਂ ਲਈ ਅਤਿਅੰਤ ਸਰਲ ਰੂਪ ਵਿੱਚ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਬੁਨਿਆਦੀ ਸਿਧਾਤਾਂ ਦੀ ਪੇਸ਼ਕਾਰੀ ਦੀ ਨਿਗ੍ਹਾ ਤੋਂ ਇਹ ਕਿਤਾਬ ਬੇਜੋੜ ਤਾਂ ਹੈ ਹੀ, ਬੇਹੱਦ ਜਰੂਰੀ ਵੀ ਹੈ। ਮਾਰਕਸਵਾਦ ਦੇ ਪਾਠਕਾਂ ਲਈ ਇਹ ਇੱਕ ਬੁਨਿਆਦੀ ਪਾਠ ਪੁਸਤਕ ਹੈ।

ਕਿਤਾਬ ਦੇ ਪਹਿਲੇ ਪਾਠ ਵਿੱਚ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਤੱਤ, ਵਿਧੀ ਅਤੇ ਸਮਾਜਿਕ ਇਨਕਲਾਬ ਦੇ ਵਿਗਿਆਨ ਦੇ ਇੱਕ ਅੰਗ ਦੇ ਰੂਪ ਵਿੱਚ ਰਾਜਨੀਤਿਕ ਅਰਥਸ਼ਾਸਤਰ ਦੇ ਅਧਿਐਨ ਦੀ ਜ਼ਰੂਰੀ ਮਹੱਤਤਾ ਦੀ ਚਰਚਾ ਕੀਤੀ ਗਈ ਹੈ। ਬਾਅਦ ਦੇ ਦਸ ਪਾਠਾਂ ਵਿੱਚ ਪੂਰਵ-ਸਰਮਾਏਦਾਰਾ ਸਮਾਜਿਕ ਢਾਂਚਿਆਂ ਦੀ, ਉਹਨਾਂ ਦੇ ਗਰਭ ਵਿੱਚੋਂ ਸਰਮਾਏਦਾਰੀ ਦੇ ਵਿਕਾਸ ਦੀ, ਸਰਮਾਏਦਾਰਾ ਪੈਦਾਵਾਰ ਅਤੇ ਵਟਾਂਦਰੇ ਦੀ ਪ੍ਰਣਾਲੀ ਦੀ ਅਤੇ ਸਰਮਾਏਦਾਰੀ ਦੇ ਸਰਵਉੱਚ ਪੜਾਅ ਸਾਮਰਾਜਵਾਦ ਦੇ ਪੜਾਅ ਮੁੱਖ ਲੱਛਣਾ ਦੀ ਚਰਚਾ ਕੀਤੀ ਗਈ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਕਿਸ ਤਰਾਂ ਸਾਮਰਾਜਵਾਦ ਪ੍ਰੋਲੇਤਾਰੀ ਸਮਾਜਵਾਦੀ ਇਨਕਲਾਬ ਦਾ ਪਹੁ-ਫੁਟਾਲਾ ਹੈ ਦੀ ਸਿਖਰ ਸਾਮਰਾਜ ਮਾਰਕਸਵਾਦ ਆਪਣੇ ਸਾਰੇ ਹਮਲਾਵਰ ਤੇਵਰ ਅਤੇ ਵਿਸਤਾਰਵਾਦ ਦੇ ਬਾਵਜੂਦ ਅਸਲ 'ਚ

ਸੰਕਟਗ੍ਰਸਤ ਸਾਮਰਾਜਵਾਦ ਹੈ ਅਤੇ ਇੱਕ ਨਵੇਂ ਅਕਤੂਬਰ ਇਨਕਲਾਬ ਦਾ ਪਹੁ-ਫੁਟਾਲਾ ਹੈ।

ਗਿਆਰਵਾਂ ਪਾਠ ਇਸ ਨਿਗ੍ਹਾ ਤੋਂ ਜਿਆਦਾ ਮਹੱਤਵਪੂਰਨ ਹੈ ਕਿ ਇਸ ਵਿੱਚ (1956 ਵਿੱਚ ਖੁਰਸ਼ਚੇਵ ਦੀ ਅਗਵਾਈ ਵਿੱਚ ਸਥਾਪਿਤ) ਸੋਵੀਅਤ ਸੋਧਵਾਦ ਅਰਥਚਾਰੇ ਦੀ ਮਾਰਕਸਵਾਦੀ ਪੜਚੋਲ ਕੀਤੀ ਗਈ ਹੈ ਅਤੇ ਬ੍ਰੇਜਨੇਵਕ ਕੋਸੀਗਿਨ ਦੌਰ ਦੇ ਹਮਲਾਵਰ ਸੋਵੀਅਤ ਸਾਮਰਾਜਵਾਦ ਅੰਦਰੂਨੀ ਢਾਂਚੇ ਦਾ ਵਿਸ਼ਲੇਸ਼ਣ ਲੈਨਿਨ ਦੁਆਰਾ ਪੇਸ਼ ਸਾਮਰਾਜਵਾਦ ਦੇ ਸਿਧਾਂਤ ਦੇ ਅਧਾਰ 'ਤੇ ਕੀਤਾ ਗਿਆ ਹੈ ਇਸ ਪਾਠ ਵਿੱਚ ਦੱਸਿਆ ਗਿਆ ਹੈ ਕਿ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਆਪਣੇ ਸਾਰੇ ਹਮਲਾਵਰ ਤੇਵਰ ਅਤੇ ਵਿਸਤਾਰਵਾਦ ਦੇ ਬਾਵਜੂਦ ਅਸਲ 'ਚ ਸੰਕਟਗ੍ਰਸਤ ਸਾਮਰਾਜਵਾਦ ਹੈ ਅਤੇ ਇੱਕ ਨਵੇਂ ਅਕਤੂਬਰ ਇਨਕਲਾਬ ਦਾ ਪਹੁ-ਫੁਟਾਲਾ ਹੈ। ਅੱਜ, ਸੋਵੀਅਤ ਸਮਾਜਿਕ ਸਾਮਰਾਜਵਾਦ ਮੁੱਖ ਰੂਪ ਵਿੱਚ ਪੱਛਮੀ ਸਾਮਰਾਜਵਾਦੀ ਖੇਮੇ ਦੇ ਦਬਾਅ ਨਾਲ ਨਹੀਂ ਸਗੋਂ ਆਪਣੀਆਂ ਹੀ ਅੰਦਰੂਨੀ ਵਿਰੋਧਤਾਈਆਂ ਦੇ ਦਬਾਅ ਨਾਲ ਟੁੱਟ ਕੇ ਖਿੰਡ ਚੁੱਕਿਆ ਹੈ ਅਤੇ ਗੰਭੀਰ ਆਰਥਿਕ-ਰਾਜਨੀਤਿਕ ਸੰਕਟਾਂ ਅਤੇ ਲੋਕ ਉਭਾਰਾਂ ਦਰਮਿਆਨ ਉੱਥੇ ਇਨਕਲਾਬ ਦੀਆਂ ਨਵੀਆਂ ਅੰਤਰਮੁਖੀ ਤਾਕਤਾਂ ਨਵੇਂ ਸਿਰੇ ਤੋਂ ਜਥੇਬੰਦ ਹੋ ਰਹੀਆਂ ਹਨ।

ਲੈਨਿਨ ਦੀ ਸਾਮਰਾਜਵਾਦ ਦੀ ਥੀਸਿਸ ਵਿੱਚ ਮਾਓ ਨੇ (ਸਮਾਜਿਕ ਸਾਮਰਾਜਵਾਦ ਦੇ ਸੰਦਰਭ ਵਿੱਚ) ਜੋ ਵਿਕਾਸ ਕੀਤਾ, ਉਸ ਦੀ ਹਾਲਾਤ ਅੱਜ ਪੁਸ਼ਟੀ ਅੱਜ ਕਰ ਰਹੇ ਹਨ। ਸੋਧਵਾਦ ਦੇ ਅਰਥਚਾਰੇ ਅਤੇ ਰਾਜਨੀਤੀ ਬਾਰੇ ਮਾਓ ਦੀਆਂ ਪ੍ਰਸਥਾਪਨਵਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਡੇਂਗ-ਸਿਆਓ-ਪਿੰਗ ਦੇ "ਬਾਜ਼ਰ ਸਮਾਜਵਾਦ" ਦਾ ਘੋਰਾ ਚੀਨ ਵਿੱਚ ਵੀ ਪੁਸ਼ਟੀ ਕਰੇਗਾ, ਜੋ ਪਹਿਲੇ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੀ ਪ੍ਰਯੋਗ ਭੂਮੀ ਰਿਹਾ ਹੈ। ਹਾਲਾਤ ਦੱਸ ਰਹੇ ਹਨ ਕਿ ਹੁਣ ਇਹ ਸਿਰਫ ਵਕਤ ਦੀ ਗੱਲ ਹੈ।

ਕਿਤਾਬ ਦਾ ਪਹਿਲਾ ਭਾਗ ਜੋ ਅਸੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰ ਰਹੇ ਹਾਂ, ਇਹ ਮੂਲ ਚੀਨੀ ਕਿਤਾਬ ਦੀ 1994 ਦੀ ਜਿਲਦ ਦੇ ਜਾਰਜ਼. ਸੀ. ਵਾਂਗ ਦੁਆਰਾ ਕੀਤੇ ਅੰਗਰੇਜੀ ਅਨੁਵਾਦ ਤੋਂ ਪੰਜਾਬੀ ਅਤੇ ਹਿੰਦੀ ਅਨੁਵਾਦ ਕੀਤਾ ਗਿਆ ਹੈ ਕਿਤਾਬ ਦਾ ਦੂਜਾ ਭਾਗ ਜੋ ਪੰਜਾਬੀ ਵਿੱਚ ਜਲਦੀ ਹੀ ਪ੍ਰਕਾਸ਼ਿਤ ਹੋਵੇਗਾ, ਉਹ ਮੂਲ ਚੀਨੀ ਕਿਤਾਬ ਦੇ ਦਿਸੰਬਰ 1975 ਦੀ ਜਿਲਦ ਦੇ ਦੂਸਰੇ ਭਾਗ ਦੇ ਰੇਮੰਡ ਲੋਟਾਂ ਦੁਆਰਾ ਸੰਪਾਦਿਤ ਅੰਗਰੇਜੀ ਅਨੁਵਾਦ ਉੱਪਰ ਅਧਾਰਿਤ ਹੋਵੇਗਾ। ਇਹ ਨਵਾਂ ਅੰਗਰੇਜੀ ਅਨੁਵਾਦ 1994 ਵਿੱਚ Banner Press, P.O. Box-21195, NEW YORK, NY 10129 ਦੁਆਰਾ 'Maoist Economics and the Revolutionary Road to Communism (The Shanghai Text Book) ਨਾਂ ਨਾਲ ਪ੍ਰਕਾਸ਼ਿਤ ਹੋਇਆ। ਕਿਤਾਬ ਦੇ ਪਹਿਲੇ ਭਾਗ ਦਾ ਅਨੁਵਾਦ ਪੂਰਾ ਹੋਣ ਤੋਂ ਬਾਅਦ ਸਾਨੂੰ ਇਸਦੇ ਬਾਅਦ ਦੀ ਜਿਲਦ ਦੇ ਦੂਜੇ ਭਾਗ ਦਾ ਅੰਗਰੇਜੀ ਅਨੁਵਾਦ ਮਿਲਿਆ। ਕਿਉਂਕਿ ਦਸੰਬਰ 1975 ਜਿਲਦ ਦੇ ਪਹਿਲੇ ਭਾਗ ਦਾ ਅੰਗਰੇਜੀ ਅਨੁਵਾਦ ਫਿਰ ਵੀ ਉਪਲੱਬਧ ਨਹੀਂ ਸੀ, ਇਸੇ ਲਈ ਭਾਗ ਦੇ ਹਿੰਦੀ ਅਨੁਵਾਦ ਲਈ 1974 ਦੇ ਐਡੀਸ਼ਨ ਦੇ

ਜਾਰਜ .ਸੀ. ਵਾਂਗ ਦੁਆਰਾ ਕੀਤੇ ਅੰਗਰੇਜੀ ਅਨੁਵਾਦ ਨੂੰ ਅਧਾਰ ਬਣਾਉਣਾ ਸਾਡੀ ਮਜ਼ਬੂਰੀ ਸੀ। ਤਸੱਲੀ ਦੀ ਗੱਲ ਸਿਰਫ ਇਹ ਹੈ ਕਿ (ਜਿਵੇਂ ਜਾਰਜ. ਸੀ. ਵਾਂਗ ਨੇ ਆਪਣੀ ਭੂਮਿਕਾ ਵਿੱਚ ਲਿਖਿਆ ਹੈ) ਕਿਤਾਬ ਦੇ ਪਹਿਲੇ ਭਾਗ ਦੇ ਉਪਰੋਕਤ ਦੋਵੇਂ ਐਡੀਸ਼ਨਾਂ ਵਿੱਚ ਕੋਈ ਵਿਸ਼ੇਸ਼ ਅਤੇ ਬੁਨਿਆਦੀ ਫਰਕ ਨਹੀਂ ਹੈ।

ਇਸ ਇਤਿਹਾਸਕ ਕਿਤਾਬ ਦਾ ਦੂਜਾ ਭਾਗ ਇਸ ਨਜ਼ਰੀਏ ਤੋਂ ਜਿਆਦਾ ਮਹੱਤਵਪੂਰਨ ਹੋਵੇਗਾ ਕਿ ਉਸ ਵਿੱਚ ਸਮਾਜਵਾਦੀ ਸਮਾਜ ਦੇ ਅਰਥਚਾਰੇ ਉਸ ਦੀ ਜਮਾਤੀ ਖਸਲਤ, ਉਸ ਵਿੱਚ ਜ਼ਾਰੀ ਵਰਗ-ਸੰਘਰਸ਼, ਸਰਮਾਏਦਾਰੀ ਮੁੜ ਬਹਾਲੀ ਦੇ ਖਤਰਿਆਂ ਦੇ ਪਦਾਰਥਕ ਅਧਾਰ ਦੀ ਚਰਚਾ ਸ਼ਾਮਿਲ ਹੈ ਜੋ ਮਾਓ-ਜੇ-ਤੁੰਗ ਅਤੇ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਦੇ ਯੁੱਗ ਪਲਟਾਉ ਪ੍ਰਯੋਗ ਦਾ ਸਭ ਤੋਂ ਜਿਆਦਾ ਅਹਿਮ ਯੋਗਦਾਨ ਹੈ; ਪਰ ਇਸ ਪਹਿਲੇ ਭਾਗ ਦਾ ਮਹੱਤਵ ਵੀ ਘੱਟ ਨਹੀਂ ਹੈ। ਰਾਜਨੀਤਕ ਅਰਥਸ਼ਾਸਤਰ ਦੀ ਕਿਸੇ ਸੋਧਵਾਦੀ ਪਾਠ ਪੁਸਤਕ (ਉਦਾਹਰਨ ਲਈ ਲਿਓਨਤੀਏਫ ਦੀ ਪੁਸਤਕ 'ਪੁਲੀਟੀਕਲ ਇਕਾਨਮੀ') ਨਾਲ ਤੁਲਨਾ ਕਰਨ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਿਤਾਬ ਕਿੰਨੇ ਸਪੱਸ਼ਟ ਢੰਗ ਨਾਲ ਜਿਣਸ ਪੈਦਾਵਾਰ ਦੇ ਆਲੇ ਦੁਆਲੇ ਖੜ੍ਹੇ ਕੀਤੇ ਜਾਣ ਵਾਲੇ ਸਾਰੇ ਰਹੱਸਾਂ ਨੂੰ ਚੀਥੜੇ-ਚੀਥੜੇ ਕਰ ਦਿੰਦੀ ਹੈ, ਸਰਮਾਏਦਾਰੀ ਅਤੇ ਸਾਮਰਾਜਵਾਦ ਦੀਆਂ ਅਟੱਲ ਅੰਦਰੂਨੀ ਵਿਰੋਧਤਾਈਆਂ ਨੂੰ ਸਪੱਸ਼ਟ ਕਰ ਦਿੰਦੀ ਹੈ ਅਤੇ ਮਜ਼ਦੂਰ ਇਨਕਲਾਬ ਦੀ ਜ਼ਰੂਰਤ 'ਤੇ ਅਤੇ ਨਾਲ ਅੰਤਰਮੁਖੀ ਤਾਕਤਾਂ ਦੀ ਭੂਮਿਕਾ 'ਤੇ ਜੋਰ ਦਿੰਦੀ ਹੈ। ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੀਆਂ ਸਾਰੀਆਂ ਅਰਥਵਾਦੀ (ਉਜੱਡ ਪਦਾਰਥਵਾਦੀ) ਅਤੇ ਸੁਧਾਰਵਾਦੀ ਵਿਆਖਿਆਵਾਂ ਦੇ ਵਿਰੋਧ ਵਿੱਚ ਇਹ ਕਿਤਾਬ ਸੱਚੇ ਅਰਥਾਂ ਵਿੱਚ 'ਕਰਮਾਂ ਦੀ ਮਾਰਗਦਰਸ਼ਕ' ਹੈ। ਅੱਜ ਜਦੋਂ ਸਾਮਰਾਜਵਾਦ ਇੱਕ ਨਵੇਂ ਦੌਰ ਵਿੱਚ ਦਾਖਿਲ ਹੋ ਚੁੱਕਿਆ ਹੈ, ਸਰਮਾਏ ਦਾ ਭੂ ਮੰਡਲੀਕਰਨ ਨਵੇਂ ਰੂਪ ਸਾਹਮਣੇ ਆ ਰਿਹਾ ਹੈ ਅਤੇ ਇਸ ਸੰਕਟ ਦੇ ਵੀ ਨਵੇਂ ਰੂਪ ਸਾਹਮਣੇ ਆ ਰਹੇ ਹਨ, ਤਾਂ ਇਹਨਾਂ ਨੂੰ ਸਮਝਣ ਲਈ, ਬੁਰਜੂਆ ਅਰਥਸ਼ਾਸਤਰੀਆਂ ਦੁਆਰਾ ਫੈਲਾਏ ਜਾਣ ਵਾਲੇ ਭਰਮਾਂ ਤੋਂ ਛੁਟਕਾਰੇ ਲਈ ਅਤੇ ਨਵੇਂ ਮਜ਼ਦੂਰ ਇਨਕਲਾਬਾਂ ਦੀ ਤਿਆਰੀ ਲਈ ਇਹ ਕਿਤਾਬ ਇੱਕ ਮੁਢਲੀ ਪਾਠ ਪੁਸਤਕ ਦੀ ਤਰਾਂ ਜ਼ਰੂਰੀ ਹੈ। ਇਸ ਤਰਾਂ, ਦੂਜੇ ਭਾਗ ਦਾ ਅਧਿਐਨ ਅੱਜ ਸਮਾਜਵਾਦ ਦੀਆਂ ਸਮੱਸਿਆਵਾਂ ਅਤੇ ਸਰਮਾਏਦਾਰਾ ਮੁੜ ਬਹਾਲੀ ਦੇ ਕਾਰਨਾਂ ਨੂੰ ਸਮਝਣ ਵਿੱਚ ਅਹਿਮ ਮਦਦ ਪਹੁੰਚਾਏਗਾ ਅਤੇ ਸਾਨੂੰ ਇਹ ਸਮਰੱਥਾ ਦੇਵੇਗਾ ਕਿ ਅਸੀਂ ਵਿਆਪਕ ਲੋਕਾਈ ਵਿੱਚ ਸਮਾਜਵਾਦ ਬਾਰੇ ਫੈਲਾਏ ਜਾਣ ਵਾਲੇ ਭਰਮਾਂ ਅਤੇ ਫੈਲੇ ਪੁਰਾਣੇ ਤੁਅੱਸਬਾਂ ਨੂੰ ਖਤਮ ਕਰਕੇ ਲੋਕਾਂ ਨੂੰ ਸੱਚ ਤੋਂ ਜਾਣੂ ਕਰਵਾ ਸਕੀਏ।

ਅੱਜ ਦੇ ਸਮੇਂ ਵਿੱਚ ਇਸ ਕਿਤਾਬ ਦਾ ਪ੍ਰਕਾਸ਼ਨ ਮਜ਼ਦੂਰ ਜਮਾਤ ਦੇ ਵਿਚਾਰਧਾਰਕ ਸੰਘਰਸ਼ ਦੀ ਫੌਰੀ ਅਤੇ ਦੂਰਰਸ ਦੋਨਾਂ ਹੀ ਕਿਸਮਾਂ ਦੀ ਜ਼ਰੂਰਤ ਹੈ। ਮਜ਼ਦੂਰ ਇਨਕਲਾਬ ਦੇ ਨਵੇਂ ਐਡੀਸ਼ਨਾਂ ਦੀ ਤਿਆਰੀ ਲਈ ਇੱਕ ਨਵੇਂ ਵਿਚਾਰਧਾਰਕ ਪ੍ਰਬੋਧਨ ਦੀ ਇਹ ਜ਼ਰੂਰੀ ਜੁਮੇਵਾਰੀ ਹੈ ਕਿ ਮਾਰਕਸਵਾਦੀ ਵਿਗਿਆਨ ਦੇ ਹਨ ਖੇਤਰ ਵਿੱਚ ਹਾਸਿਲ ਉਹਨਾਂ ਪ੍ਰਾਪਤੀਆਂ ਨੂੰ ਅੱਜ ਵਿਆਪਕ ਲੋਕਾਈ, ਬੁੱਧੀਜੀਵੀਆਂ ਅਤੇ ਇਨਕਲਾਬੀ ਤਬਦੀਲੀ ਲਈ ਸਰਗਰਮ

ਨੌਜਵਾਨ ਕਾਰਕੂਨਾਂ ਦੇ ਸਾਹਮਣੇ ਲਿਆਂਦਾ ਜਾਵੇ, ਜਿੰਨਾਂ ਨੂੰ ਬੁਰਜੁਆ ਭੰਡੀ ਪ੍ਰਚਾਰਕ ਨੇ ਧੂੜ ਅਤੇ ਰਾਖ ਨਾਲ ਚੱਕ ਦਿੱਤਾ ਹੈ। ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਨੇ ਮਾਰਕਸ–ਏਂਗਲਜ਼ ਤੋਂ ਲੈ ਕੇ ਮਾਓ–ਜੇ–ਤੁੰਗ ਦੇ ਸਮੇਂ ਤੱਕ ਲਗਾਤਾਰ ਵਿਕਾਸ ਕਰਦੇ ਹੋਏ, ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੇ ਉੱਚਤਮ ਸਿਖਰ ਤੱਕ ਪਹੁੰਚ ਕੇ ਜੋ ਯਸ਼ ਇਕੱਤਰ ਕੀਤਾ, ਉਸ ਨਾਲ ਅੱਜ, ਤਰਾਂ–ਤਰਾਂ ਦੇ ਨਵ–ਕੀਨਸਵਾਦੀਆਂ, 'ਇਕਨਾਮਿਕਸ' ਅਤੇ 'ਸਪਲਾਈ ਸਾਈਡ ਇਕਨਾਮਿਕਸ' ਆਦਿ ਦੇ ਸਿਧਾਂਤਕਾਰਾਂ ਦੇ ਸ਼ੋਰ ਸ਼ਰਾਬੇ ਵਿੱਚ ਨਵੇਂ ਵਿਸ਼ਵ ਢਾਂਚੇ ਅਤੇ 'ਬਜ਼ਾਰਪ੍ਰਿਅਤਾ' ਦੇ 'ਯੁੱਗ' ਵਿੱਚ, ਮਾਰਕਸਵਾਦ ਦੀ ਅਸਫਲਤਾ ਅਤੇ ਸਮਾਜਵਾਦ ਦੀ ਮੌਤ ਦੇ ਐਲਾਨਾਂ ਦਰਮਿਆਨ, ਜਾਣੂ ਹੋਣਾ ਨਾ ਸਿਰਫ ਮਹੱਤਵਪੂਰਨ ਅਤੇ ਉਪਯੋਗੀ ਹੈ, ਸਗੋਂ ਦਿਲਚਸਪ ਵੀ ਹੈ। ਸਮਾਜਵਾਦ ਉੱਤੇ ਜਿੱਤ ਦਾ ਹੰਕਾਰੀ ਐਲਾਨ ਕਰਦੇ ਹੋਏ ਵੀ ਸੰਸਾਰ ਸਰਮਾਏਦਾਰੀ ਦੇ ਚੌਧਰੀ ਅੱਜ ਗੰਭੀਰ ਆਰਥਿਕ ਸੰਕਟ ਅਤੇ ਲਗਾਤਾਰ ਮੰਦੀ ਦੇ ਢਾਂਚਾਗਤ ਸੰਕਟ ਦੇ ਜਿਸ ਦੌਰ 'ਚੋਂ ਗੁਜਰ ਰਹੇ ਹਨ, ਉਹ ਪੂਰੇ ਸਰਮਾਏਦਾਰੀ ਪ੍ਰਬੰਧ ਦੇ ਇਤਿਹਾਸ ਵਿੱਚ ਬਿਲਕੁਲ ਨਵਾਂ ਹੈ। ਝੂਠ ਅਤੇ ਕੂੜ ਪ੍ਰਚਾਰ ਦੇ ਸਹਾਰੇ ਉਹ ਮਾਰਕਸਵਾਦ ਦੀਆਂ ਸਥਾਪਨਾਵਾਂ ਨੂੰ ਗਲਤ ਭਾਵੇਂ ਠਹਿਰਾ ਲੈਣ, ਮੌਜੂਦਾ ਵਿਸ਼ਵ ਢਾਂਚੇ ਦੇ ਸੰਕਟ ਦਾ ਨਾ ਤਾਂ ਕੋਈ ਹੱਲ ਦੇ ਪਾ ਰਹੇ ਹਨ, ਨਾ ਹੀ ਕੋਈ ਬਦਲ ਦੇ ਰੂਪ ਵਿੱਚ ਮਾਡਲ ਪੇਸ਼ ਕਰ ਪਾ ਰਹੇ ਹਨ। ਸਰਮਾਏਦਾਰਾ ਢਾਂਚੇ ਦੇ ਇਸ ਅੰਦਰੂਨੀ ਅਟੱਲ ਸੰਕਟ ਨੂੰ ਅਤੇ ਇਸਦੇ ਗਰਭ 'ਚੋਂ ਪੈਦਾ ਹੋਣ ਵਾਲੇ ਮਜ਼ਦੂਰ ਇਨਕਲਾਬਾਂ ਦੀ ਅਟੱਲਤਾ ਨੂੰ ਸਮਝਣ ਲਈ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤਾਂ ਤੋਂ ਜਾਣੂ ਹੋਣਾ ਜ਼ਰੂਰੀ ਹੈ। ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੇ ਸਮੇਂ ਤੱਕ ਵਿਕਸਿਤ ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਦੇ ਮੂਲ ਸਿਧਾਂਤਾਂ ਨੂੰ ਜਾਨਣ ਤੋਂ ਬਾਅਦ ਹੀ ਅਸੀਂ ਇਤਿਹਾਸ ਦੀਆਂ ਇਨ੍ਹਾਂ ਵਸਤੂਗਤ ਸੱਚਾਈਆਂ ਦੀ ਭਰਵੀਂ ਸਮਝਦਾਰੀ ਹਾਸਿਲ ਕਰ ਸਕਦੇ ਹਾਂ ਕਿ ਕਿਉਂ ਸਮਾਜਵਾਦੀ ਤਬਦੀਲੀ ਦੇ ਸ਼ੁਰੂਆਤੀ ਦੌਰ ਵਿੱਚ ਲੰਬੇ ਸਮੇਂ ਤੱਕ ਸਰਮਾਏਦਾਰਾ ਮੁੜ–ਬਹਾਲੀ ਦਾ ਪਦਾਰਥਕ ਅਧਾਰ ਅਤੇ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ, ਕਿਉਂ ਰੂਸ, ਚੀਨ ਅਤੇ ਪੂਰਬੀ ਯੂਰਪ ਦੇ ਮਜ਼ਦੂਰ ਇਨਕਲਾਬਾਂ ਦੇ ਪਹਿਲੇ ਗੇੜ ਅਸਫਲ ਹੋਏ ਅਤੇ ਕਿਉਂ ਮਜ਼ਦੂਰ ਇਨਕਲਾਬਾਂ ਦੇ ਨਵੇਂ ਗੇੜ ਦਾ ਨਿਰਮਾਣ ਮਨੁੱਖੀ ਇਤਿਹਾਸ ਦਾ ਨਿਸਚਿਤ ਭਵਿੱਖ ਹੈ ਅਤੇ ਕਿਉਂ ਵਿਸ਼ਵ ਇਤਿਹਾਸ ਦੇ ਸਾਰੇ ਪੁਰਾਣੇ ਯੁੱਗਾਂ ਦੀ ਤਰਾਂ ਸਰਮਾਏਦਾਰੀ ਦੇ ਯੁੱਗ ਨੂੰ ਵੀ ਅੰਤ ਸਮਾਪਤੀ ਵੱਲ ਪਹੁੰਚਣਾ ਹੀ ਹੈ? 'ਸੰਘਾਈ ਪੋਲਿਟੀਕਲ ਇਕਾਨਮੀ' ਬੇਹੱਦ ਸਿੱਧੀ ਸਰਲ ਅਤੇ ਸੁਬੋਧ ਭਾਸ਼ਾ ਸ਼ੈਲੀ ਵਿੱਚ ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਦੇ ਬੁਨਿਆਦੀ ਸਿਧਾਂਤਾਂ ਨੂੰ ਪੇਸ਼ ਕਰਦੀ ਹੈ ਅਤੇ ਬੁਰਜੂਆ ਉਤਪਾਦਨ ਪ੍ਰਣਾਲੀ ਦਾ ਸਮੇਂ ਅਨੁਸਾਰ ਵਿਸ਼ਲੇਸ਼ਣ ਪੇਸ਼ ਕਰਦੀ ਹੈ ਅਤੇ ਸਭ ਤੋਂ ਵਧਕੇ ਮਾਰਕਸ, ਏਂਗਲਜ਼ ਅਤੇ ਲੈਨਿਨ ਦੇ ਚਿੰਤਨ ਅਤੇ ਸੋਵੀਅਤ ਸੰਘ ਅਤੇ ਚੀਨ ਵਿੱਚ ਸਮਾਜਵਾਦੀ ਪ੍ਰਯੋਗਾਂ ਦੇ ਅਨੁਭਵਾਂ ਦੇ ਨਿਚੋੜ ਦੇ ਅਧਾਰ 'ਤੇ ਸਮਾਜਵਾਦ ਦੀ ਉਤਪਾਦਨ ਪ੍ਰਣਾਲੀ, ਸਮਾਜਿਕ ਆਰਥਿਕ ਢਾਂਚਾ ਅਤੇ ਵਰਗ ਸਬੰਧਾਂ ਅਤੇ ਅਧਾਰ ਅਤੇ ਉੱਚ ਉਸਾਰ ਬਾਰੇ ਮਾਓ ਨੇ ਪਹਿਲੀ ਵਾਰ ਜੋ ਭਰਵੀਂ ਮੀਮਾਂਸਾ ਪੇਸ਼

ਕੀਤੀ, ਉਸ ਨੂੰ ਆਮ ਪਾਠਕਾਂ ਲਈ ਸੁਬੋਧ ਬਣਾਉਣ ਦਾ ਕੰਮ ਜੇਕਰ ਕਿਸੇ ਇੱਕ ਕਿਤਾਬ ਵਿੱਚ ਕੀਤਾ ਗਿਆ ਹੈ ਤਾਂ ਉਹ 'ਸੰਘਾਈ ਪੋਲੀਟੀਕਲ ਇਕਾਨਮੀ' ਹੀ ਹੈ।

ਇਹ ਕਿਤਾਬ ਸਾਕਾਰਾਤਮਕ ਰੂਪ ਵਿੱਚ ਇਤਿਹਾਸਕ ਪਦਾਰਥਵਾਦ ਅਤੇ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਸੋਧਵਾਦੀਆਂ ਦੁਆਰਾ ਵਿਗਾੜ (ਉਦਾਹਰਣ ਲਈ ਖੁਰਸ਼ਚੇਵ ਦੇ ਦੌਰ ਵਿੱਚ ਪ੍ਰਕਾਸ਼ਿਤ ਲਿਔਨਤਿਏਫ ਦੀ 'ਰਾਜਨੀਤਕ ਅਰਥਸ਼ਾਸਤਰ ਵਿਸ਼ੇ ਉੱਪਰ ਪਾਠ ਪੁਸਤਕ ਅਤੇ ਬ੍ਰੇਜਨੇਵ ਦੇ ਦੌਰ ਵਿੱਚ ਪ੍ਰਕਾਸ਼ਿਤ ਵੱਖ-ਵੱਖ ਪਾਠ ਪੁਸਤਕਾਂ) ਦੇ ਸਮਾਂਤਰ ਸਹੀ ਮਾਰਕਸਵਾਦੀ ਵਿਵੇਚਨ ਦੀ ਇੱਕ ਉਦਾਹਰਣ ਤਾਂ ਪੇਸ਼ ਕਰਦੀ ਹੈ ਹੀ, ਸਟਾਲਿਨ ਦੇ ਦੌਰ ਵਿੱਚ ਮਾਰਕਸਵਾਦੀ ਦਰਸ਼ਨ ਦੀ ਸਮਝਦਾਰੀ ਸਮਝਦਾਰੀ ਵਿੱਚ ਪੈਦਾ ਹੋਏ ਮਸ਼ੀਨੀ ਅਤੇ ਅਧਿਆਤਮਵਾਦੀ ਰੁਝਾਨਾਂ ਕਾਰਨ ਰਾਜਨੀਤਕ ਅਰਥਸ਼ਾਸਤਰ ਦੇ ਖੇਤਰ ਵਿੱਚ ਪੈਦਾ ਹੋਈਆਂ ਭਟਕਣਾਂ ਅਤੇ ਮੂਲ ਰੂਪ ਵਿੱਚ ਇਹਨਾਂ ਕਾਰਨਾਂ ਨਾਲ ਸਮਾਜਵਾਦੀ ਸਮਾਜ ਦੇ ਸੁਭਾਅ, ਉਤਪਾਦਨ ਸਬੰਧਾਂ ਅਤੇ ਸਮਾਜਵਾਦੀ ਤਬਦੀਲੀ ਦੌਰਾਨ ਵਰਗ ਸੰਘਰਸ਼ ਦੀ ਲਗਾਤਾਰਤਾ ਦੀ ਅਸਲੀਅਤ ਨੂੰ ਨਾ ਸਮਝ ਸਕਣ ਦੀ ਗਲਤੀ ਦੀ ਵੀ ਹਾਂ ਪੱਖੀ ਰੂਪ ਵਿੱਚ ਇੱਕ ਪੜਚੋਲ ਪੇਸ਼ ਕਰਦੀ ਹੈ। ਇਸ ਰੂਪ ਵਿੱਚ ਜੇਕਰ ਅਸੀਂ ਕਹੀਏ ਕਿ ਇਹ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਦੇ ਰਾਜਨੀਤਕ ਅਰਥਸ਼ਾਸਤਰ ਦੀ ਇੱਕ ਪ੍ਰਤੀਨਿਧ ਪਾਠ ਪੁਸਤਕ ਹੈ ਤਾਂ ਅੱਤਕਥਨੀ ਨਹੀਂ ਹੋਵੇਗੀ। ਸੋਧਵਾਦੀਆਂ ਅਤੇ ਅਕਾਦਮਿਕ ਮਾਰਕਸਵਾਦੀ ਲੇਖਕਾਂ ਦੀਆਂ ਰਾਜਨੀਤਕ ਅਰਥਸ਼ਾਸਤਰ ਦੀਆਂ ਪਾਠ ਪੁਸਤਕਾਂ ਵਿੱਚ ਉਤਪਾਦਨ ਪ੍ਰਣਾਲੀ, ਜਿਣਸ, ਮੁਦਰਾ ਅਤੇ ਕਦਰ ਦਾ ਨਿਯਮ ਆਦਿ ਦਾ ਵਿਸ਼ਲੇਸ਼ਣ ਕਰਦੇ ਹੋਏ ਆਤਮਗਤ ਤੱਥਾਂ (Subjective Factors) ਦੀ ਪੂਰੀ ਅਣਦੇਖੀ ਕਰ ਦਿੱਤੀ ਜਾਂਦੀ ਹੈ। ਵਰਗ ਸੰਘਰਸ਼ ਦੇ ਰੂਪ, ਪ੍ਰੋਲੇਤਾਰੀ ਤਾਨਾਸ਼ਾਹੀ ਦੀ ਜ਼ਰੂਰਤ ਅਤੇ ਪ੍ਰੋਲੇਤਾਰੀ ਦੀ ਪਾਰਟੀ ਦੀ ਇਤਿਹਾਸਕ ਜ਼ਰੂਰਤ ਦੀ ਚਰਚਾ ਦੀ ਅਣਹੋਂਦ ਵਿੱਚ ਸੋਧਵਾਦੀਆਂ ਦੀ ਆਰਥਿਕ ਵਿਵੇਚਨ ਦੰਦ ਨੌਂਹ ਹੀਣ ਕਰਮਾਂ ਵਾਲੀ 'ਮਾਰਕਸਵਾਦੀ' ਵਿਵੇਚਨ ਬਣ ਜਾਂਦੀ ਹੈ। ਰਾਜਨੀਤਕ ਅਰਥਸ਼ਾਸਤਰ ਵਿੱਚ ਆਰਥਿਕ ਸਬੰਧਾਂ ਦੀ ਚਰਚਾ ਕਰਦੇ ਹੋਏ ਉੱਚ ਉਸਾਰ ਦੇ ਪੱਖ ਦੀ ਉਹ ਪੂਰੀ ਤਰਾਂ ਅਣਦੇਖੀ ਕਰਦੇ ਹਨ। ਅਧਾਰ ਉੱਪਰ ਉੱਚ ਉਸਾਰ ਦੇ ਪ੍ਰਭਾਵਾਂ ਅਤੇ ਸਮੇਂ-ਸਮੇਂ ਉੱਤੇ ਫੈਸਲਾਕੁੰਨ ਪ੍ਰਭਾਵਾਂ ਦੀ, ਉਹ ਕੋਈ ਚਰਚਾ ਨਹੀਂ ਕਰਦੇ ਅਤੇ ਪੈਦਾਵਾਰੀ ਪ੍ਰਣਾਲੀ ਦੀ ਵਿਵੇਚਨਾ ਉਹ ਅਧਾਰ ਅਤੇ ਉੱਚ ਉਸਾਰ ਦੇ ਲਗਾਤਾਰ ਸਰਗਰਮ ਦਵੰਦਵਾਦੀ ਅੰਤਰ ਸਬੰਧਾਂ ਦੇ ਪਰਿਪੇਖ ਵਿੱਚ ਨਹੀਂ ਸਗੋਂ ਸੁਤੰਤਰ ਰੂਪ ਵਿੱਚ ਕਰਦੇ ਹਨ। ਇਤਿਹਾਸਕ ਪਦਾਰਥਵਾਦ ਦਾ ਇਹ ਵਿਗਾੜ ਸੋਧਵਾਦੀ, ਅਰਥਵਾਦੀ ਅਤੇ 'ਕਨੂੰਨੀ ਮਾਰਕਸਵਾਦੀ' ਤਾਂ ਜਾਣ ਬੁੱਝ ਕੇ ਕਰਦੇ ਹਨ, ਪਰ ਮਾਰਕਸਵਾਦ ਦੀ ਮਸ਼ੀਨੀ ਜਾਂ ਜੜ੍ਹ ਸੂਤਰਵਾਦੀ ਸਮਝ ਕਾਰਨ ਆਮ ਕਰਕੇ ਇਮਾਨਦਾਰ ਮਾਰਕਸਵਾਦੀਆਂ ਅਤੇ ਕਮਿਉਨਿਸਟ ਇਨਕਲਾਬੀਆਂ ਵਿੱਚ ਵੀ ਇਹ ਭਟਕਾਅ ਵਿਖਾਈ ਦਿੰਦੇ ਹਨ। ਕੌਮਿੰਟਰਨ ਦੇ ਸਮੇਂ ਵਿੱਚ ਸੰਸਾਰ ਕਮਿਉਨਿਸਟ ਲਹਿਰ ਵਿੱਚ ਅਤੇ ਸਟਾਲਿਨਕਾਲੀਨ ਸੋਵੀਅਤ ਸੰਘ ਵਿੱਚ ਵੀ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੇ ਖੇਤਰ ਵਿੱਚ ਅਜਿਹੀਆਂ ਥਿੜਕਣਾਂ ਮੌਜੂਦ ਸਨ, ਜਿੰਨ੍ਹਾਂ ਦੀ ਸਪੱਸ਼ਟ

ਅਲੋਚਨਾ ਅਤੇ ਸੰਖੇਪ ਵਿਵੇਚਨਾ ਮਾਓ ਨੇ ਆਪਣੀਆਂ ਉਨ੍ਹਾਂ ਟਿੱਪਣੀਆਂ ਵਿੱਚ ਕੀਤੀ ਹੈ ਜੋ 'ਏ ਕਰਿਟੀਕ ਆਫ ਸੋਵੀਅਤ ਇਕਾਨਾਮਿਕਸ' ਨਾਮ ਨਾਲ ਪੁਸਤਕ ਦੇ ਰੂਪ (ਮੰਥਲੀ ਰੀਵਿਊ ਪ੍ਰੈਸ) ਪ੍ਰਕਾਸ਼ਿਤ ਹੋਈਆਂ ਹਨ। ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਨੇ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦੀ ਇਸੇ ਸਮਝ ਨੂੰ ਠੋਸ, ਉੱਨਤ ਅਤੇ ਪ੍ਰਪੱਕ ਬਣਾਇਆ ਅਤੇ ਨਾਲ ਹੀ ਇਸਨੂੰ ਪ੍ਰਯੋਗ ਵਿੱਚ ਸਹੀ ਸਾਬਤ ਵੀ ਕੀਤਾ। 'ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ' ਨਾਮਕ ਇਹ ਪਾਠ ਪੁਸਤਕ ਇਸੇ ਸਿਧਾਂਤਕ ਸਮਝ ਦੀ ਰੌਸ਼ਨੀ ਵਿੱਚ ਤਿਆਰ ਕੀਤੀ ਗਈ ਹੈ।

—ਸ਼ਸ਼ੀ ਪ੍ਰਕਾਸ਼

ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ

ਭਾਗ - ਪਹਿਲਾ

'ਯੁਵਕ ਸਵੈ-ਸਿਖਿਆ ਸੀਰੀਜ਼' ਦੇ ਪ੍ਰਕਾਸ਼ਕਾਂ ਵੱਲੋਂ

ਚੇਅਰਮੈਨ ਮਾਓ ਸਾਨੂੰ ਇਹ ਸਿਖਿਆ ਦਿੰਦੇ ਹਨ ਕਿ, *"ਪੜ੍ਹੇ-ਲਿਖੇ ਨੌਜਵਾਨਾਂ ਨੂੰ ਗਰੀਬ ਅਤੇ ਨਿਮਨ ਮੱਧਵਰਗੀ ਕਿਸਾਨਾਂ ਤੋਂ ਮੁੜ ਸਿਖਿਅਤ ਹੋਣ ਲਈ ਪਿੰਡਾ 'ਚ ਜਾਣਾ ਚਾਹੀਦਾ ਹੈ।"* ਪਿਛਲੇ ਕੁਝ ਵਰ੍ਹਿਆਂ 'ਚ ਚੇਅਰਮੈਨ ਮਾਓ ਦੇ ਸੱਦੇ 'ਤੇ ਇਨਕਲਾਬੀ ਉਤਸ਼ਾਹ ਨਾਲ ਭਰੇ ਹੋਏ ਹਜਾਰਾਂ ਹੀ ਨੌਜੁਵਾਨ ਚੀਨ ਦੇ ਪੇਂਡੂ ਅਤੇ ਸਰਹੱਦੀ ਖੇਤਰਾਂ 'ਚ ਗਏ ਹਨ। ਉਹਨਾਂ ਨੇ ਮਾਰਕਸ, ਲੈਨਿਨ ਅਤੇ ਚੇਅਰਮੈਨ ਮਾਓ ਦੀਆਂ ਕਿਰਤਾਂ ਦਾ ਤਤਪਰਤਾ ਨਾਲ ਅਧਿਐਨ ਕੀਤਾ ਹੈ, ਲਿਨ-ਪਿਆਓ ਦੀ ਅਲੋਚਨਾ ਕਰਨ ਅਤੇ ਕਾਰਜਸ਼ੈਲੀ 'ਚ ਸੁਧਾਰ ਕਰਨ 'ਚ ਸਰਗਰਮ ਰੂਪ 'ਚ ਹਿੱਸਾ ਲਿਆ, ਉਹ ਤਿੰਨ ਮਹਾਨ ਇਨਕਲਾਬੀ ਅੰਦੋਲਨਾਂ ਦੀ ਮੂਹਰਲੀਆਂ ਸਫਾਂ 'ਚ ਪੂਰੀ ਊਰਜਾ ਨਾਲ ਲੜੇ ਹਨ, ਮਜ਼ਦੂਰਾਂ-ਕਿਸਾਨਾਂ ਨਾਲ ਗਠਜੋੜ ਕਾਇਮ ਕਰਨ ਦੇ ਰਾਹ ਤੇ ਦ੍ਰਿੜਤਾਪੂਰਬਕ ਅੱਗੇ ਵਧੇ ਹਨ ਅਤੇ ਪੇਂਡੂ ਖੇਤਰਾਂ 'ਚ ਸਮਾਜਵਾਦ ਦੀ ਉਸਾਰੀ 'ਚ ਉਨ੍ਹਾ ਨੇ ਨਵੇਂ ਯੋਗਦਾਨ ਦਿੱਤੇ ਹਨ। ਜਮਾਤੀ-ਸੰਘਰਸ਼ ਅਤੇ ਲਾਈਨਾਂ ਦੇ ਸੰਘਰਸ਼ ਬਾਰੇ ਉਨ੍ਹਾਂ ਦੀ ਚੇਤੰਨਤਾ ਦਾ ਪੱਧਰ ਕਾਫੀ ਵਿਕਸਿਤ ਹੋਇਆ ਹੈ। ਅਣਗਿਣਤ ਪ੍ਰੋਲੇਤਾਰੀ ਨਇਕ ਅਚਾਨਕ ਉਭਰਦੇ ਆਏ ਹਨ ਅਤੇ ਇਨਕਲਾਬੀ ਨੌਜੁਆਨਾਂ ਦੀ ਇੱਕ ਪੂਰੀ ਨਵੀਂ ਪੀੜ੍ਹੀ ਸਿਹਤਮੰਦ ਢੰਗ ਨਾਲ ਪਰਪੱਕ ਹੋ ਰਹੀ ਹੈ। ਚੇਅਰਮੈਨ ਮਾਓ ਦੀ ਇਨਕਲਾਬੀ ਲਾਈਨ ਦੀ ਇਹ ਇੱਕ ਮਹਾਨ ਜਿੱਤ ਹੈ।

"ਸਾਨੂੰ ਨੌਜੁਆਨ ਪੀੜ੍ਹੀ ਦੇ ਵਿਕਾਸ 'ਚ ਪੂਰੀ ਦਿਲਚਪੀ ਲੈਣੀ ਚਾਹੀਦੀ ਹੈ", ਚੇਅਰਮੈਨ ਮਾਓ ਦੇ ਇਸ ਨਿਰਦੇਸ਼ ਅਤੇ ਪੇਂਡੂ ਤੇ ਪਹਾੜੀ ਖੇਤਰਾਂ 'ਚ ਜਾਣ ਵਾਲੇ ਸਿਖਿਅਤ ਨੌਜੁਆਨਾਂ ਦੀ ਸਵੈ ਅਧਿਐਨ ਲੋੜ ਪੂਰੀ ਕਰਨ ਲਈ "ਯੁਵਕ ਸਵੈ-ਸਿਖਿਆ ਸੀਰੀਜ਼" ਲਿਖੀ ਅਤੇ ਪ੍ਰਕਾਸ਼ਤ ਕੀਤੀ ਗਈ। ਇਹ ਲੜੀ ਮਾਰਕਸਵਾਦ-ਲੈਨਿਨਵਾਦ-ਮਾਓ-ਜ਼ੇ-ਤੁੰਗ ਵਿਚਾਰਧਾਰਾ ਤੋਂ ਨਿਰਦੇਸ਼ਤ ਹੈ ਅਤੇ ਇਸ 'ਚ ਫਲਸਫਾ, ਸਮਾਜਿਕ-ਵਿਗਿਆਨਾਂ ਤੇ ਪ੍ਰਕ੍ਰਿਤਕ-ਵਿਗਿਆਨਾਂ ਦੇ ਬੁਨਿਆਦੀ ਸਿਧਾਂਤਾਂ ਦੇ ਇਲਾਵਾ ਲੂ-ਸ਼ੁਨ ਦੀਆਂ ਚੁਣੀਆਂ ਹੋਈਆਂ ਕਿਰਤਾਂ ਸ਼ਾਮਲ ਕੀਤੀਆਂ ਗਈਆਂ ਹਨ। ਸਾਨੂੰ ਉਮੀਦ ਹੈ ਕਿ ਇਸਦਾ ਪ੍ਰਕਾਸ਼ਨ ਪੇਂਡੂ ਤੇ ਪਹਾੜੀ ਖੇਤਰਾਂ 'ਚ ਜਾਣ ਵਾਲੇ ਸਿਖਿਅਤ ਨੌਜੁਆਨਾਂ ਦੇ ਸਵੈ ਅਧਿਐਨ ਨੂੰ ਅਮੀਰ ਕਰੇਗਾ ਅਤੇ ਲਾਈਨਾਂ ਦੇ ਸੰਘਰਸ਼ ਬਾਰੇ ਚੇਤੰਨਤਾ, ਰਾਜਨੀਤਿਕ ਚੇਤਨਾਂ ਅਤੇ ਸਭਿਆਚਾਰਕ ਤੇ ਵਿਗਿਆਨਕ ਪੱਧਰ ਨੂੰ ਵਿਕਸਿਤ ਕਰਨ 'ਚ ਉਨ੍ਹਾਂ ਦੀ ਮਦਦ ਕਰੇਗਾ ਤਾਂ ਕਿ ਉਹ 'ਲਾਲ' ਅਤੇ 'ਮਾਹਿਰ' ਦੋਵੇਂ ਹੋਣ ਦੀ ਰਾਹ 'ਤੇ ਅੱਗੇ ਵੱਧ ਸਕਣ ਅਤੇ ਇੱਕ ਨਵੇਂ ਸਮਾਜਵਾਦੀ ਪੇਂਡੂ ਖੇਤਰ ਅਤੇ ਹੋਰ ਉੱਦਮਾਂ ਦੀ ਉਸਾਰੀ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰ ਸਕਣ।

ਅਸੀਂ ਇਸ ਲੜੀ ਦੇ ਪ੍ਰਕਾਸ਼ਨ ਲਈ ਸਬੰਧਤ ਇਕਾਈਆਂ ਦੁਆਰਾ ਦਿੱਤੇ ਗਏ ਸਹਿਯੋਗ ਤੇ ਇਸਦੇ ਲੇਖਕਾਂ ਪ੍ਰਤੀ ਸ਼ੁਕਰੀਆ ਪ੍ਰਗਟ ਕਰਦੇ ਹਾਂ ਅਤੇ ਇਸ ਲੜੀ ਦੇ ਪਾਠਕਾਂ ਦੇ ਸੁਝਾਓ ਤੇ ਅਲੋਚਨਾ ਦਾ ਸਵਾਗਤ ਕਰਦੇ ਹਾਂ ਤਾਂਕਿ ਇਸ 'ਚ ਹੋਰ ਸੁਧਾਰ ਕੀਤਾ ਜਾ ਸਕੇ।

- ਸ਼ੰਘਾਈ ਪੀਪਲਜ਼ ਪ੍ਰੈਸ

1

ਥੋੜ੍ਹਾ ਰਾਜਨੀਤਕ ਅਰਥ ਸ਼ਾਸਤਰ ਸਿੱਖਣਾ ਜ਼ਰੂਰੀ ਹੈ

ਰਾਜਨੀਤਕ ਅਰਥਸ਼ਾਸਤਰ ਦਾ ਵਿਸ਼ਾ ਵਸਤੂ

ਮਹਾਨ ਚੇਅਰਮੈਨ ਮਾਓ ਸਾਨੂੰ ਵਾਰ ਵਾਰ ਇਹ ਸਿੱਖਿਆ ਦਿੰਦੇ ਹਨ, ਕਿ ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਸਿੱਖਣਾ ਜ਼ਰੂਰੀ ਹੈ। ਇਹ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਅਤੇ ਇਨਕਲਾਬੀ ਕਾਰਕੁਨਾਂ ਲਈ ਹੀ ਜ਼ਰੂਰੀ ਨਹੀਂ ਹੈ, ਸਗੋਂ ਤਿੰਨ ਮਹਾਨ ਇਨਕਲਾਬੀ ਸੰਘਰਸ਼ਾਂ ਦੇ ਹਰ ਇੱਕ ਯੋਧੇ ਲਈ ਵੀ ਜ਼ਰੂਰੀ ਹੈ। ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਜਾਨਣਾ ਮਾਰਕਸਵਾਦ ਨੂੰ ਸਮਝਣ, ਸੋਧਵਾਦ ਦੀ ਡੂੰਘਾਈ 'ਚ ਅਲੋਚਨਾ ਕਰਨ ਅਤੇ ਆਪਣੇ ਸੰਸਾਰ ਨਜ਼ਰੀਏ ਵਿੱਚ ਖੁਦ ਤਬਦੀਲੀ ਲਿਆਉਣ ਅਤੇ ਖਾਸ ਤੌਰ ਉੱਤੇ ਸਮਾਜਵਾਦ ਦੇ ਪੂਰੇ ਇਤਿਹਾਸਕ ਪੜਾਅ ਦੌਰਾਨ ਪਾਰਟੀ ਦੀ ਬੁਨਿਆਦੀ ਲੀਹ ਅਤੇ ਨੀਤੀਆਂ ਨੂੰ ਸਮਝਣ ਲਈ ਖਾਸ ਤੌਰ 'ਤੇ ਜ਼ਰੂਰੀ ਹੈ ।

ਪਿੰਡਾਂ ਅਤੇ ਕਾਰਖਾਨਿਆਂ ਵਿੱਚ ਲੜ ਰਹੇ ਨੌਜੁਆਨ ਸਾਡੇ ਦੇਸ਼ ਦੀ ਆਸ ਅਤੇ ਮਜ਼ਦੂਰ ਜਮਾਤ ਦੇ ਇਨਕਲਾਬੀ ਉੱਦਮ ਦੇ ਵਾਰਿਸ ਹਨ। ਸੰਘਰਸ਼ ਵਿੱਚ ਬਿਹਤਰ ਢੰਗ ਨਾਲ ਜੂਝਣ ਲਈ,ਸਿਹਤਮੰਦ ਢੰਗ ਨਾਲ ਵਿਕਸਿਤ ਹੋਣ ਲਈ ਇਹਨਾਂ ਨੌਜਵਾਨਾਂ ਨੂੰ ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਜ਼ਰੂਰ ਸਿੱਖਣਾ ਚਾਹੀਦਾ ਹੈ।

ਰਾਜਨੀਤਕ ਅਰਥਸ਼ਾਸਤਰ ਦਾ ਵਿਸ਼ਾ ਵਸਤੂ ਪੈਦਾਵਾਰੀ ਸੰਬੰਧ ਹਨ

ਰਾਜਨੀਤਕ ਅਰਥਸ਼ਾਸਤਰ ਕਿਸ ਤਰ੍ਹਾਂ ਦਾ ਵਿਗਿਆਨ ਹੈ ? ਸਾਨੂੰ ਜ਼ਰੂਰ ਹੀ ਇਸ ਦੇ ਵਿਸ਼ਾ ਵਸਤੂ ਤੋਂ ਸ਼ੁਰੂ ਕਰਨਾ ਚਾਹੀਦਾ ਹੈ।ਮਾਰਕਸਵਾਦੀ ਅਰਥਸ਼ਾਸਤਰ ਦੇ ਅਧਿਐਨ ਦਾ ਵਿਸ਼ਾ ਵਸਤੂ ਪੈਦਾਵਾਰ ਦੇ ਸੰਬੰਧ ਹੁੰਦੇ ਹਨ। ਏਂਗਲਜ਼ ਨੇ ਸਪੱਸ਼ਟ ਲਿਖਿਆ ਹੈ, *"ਅਰਥਸ਼ਾਸਤਰ ਵਸਤਾਂ ਦਾ ਨਹੀਂ ਸਗੋਂ ਲੋਕਾਂ ਦਰਮਿਆਨ ਸੰਬੰਧਾਂ ਅਤੇ ਅੰਤਿਮ ਰੂਪ ਵਿੱਚ ਜਮਾਤਾਂ ਦਰਮਿਆਨ ਸਬੰਧਾਂ ਦੀ ਜਾਂਚ ਪੜਤਾਲ ਕਰਦਾ ਹੈ"*। [(1)] ਲੋਕਾਂ ਦਰਮਿਆਨ ਪੈਦਾਵਾਰੀ ਸੰਬੰਧ ਕਿਵੇਂ ਬਣਦੇ ਹਨ ? ਇਹ ਜਾਨਣ ਲਈ ਸਾਨੂੰ ਜਰੂਰ ਹੀ ਮਨੁੱਖ ਦੀਆਂ ਪੈਦਾਵਾਰੀ ਸਰਗਰਮੀਆਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ।

ਚੇਅਰਮੈਨ ਮਾਓ ਨੇ ਕਿਹਾ ਹੈ, *"ਮਾਰਕਸਵਾਦੀ ਮਨੁੱਖ ਦੀਆਂ ਪੈਦਾਵਾਰ ਸੰਬੰਧੀ*

ਸਰਗਰਮੀਆਂ ਨੂੰ ਸਭ ਤੋਂ ਵਧੇਰੇ ਬੁਨਿਆਦੀ ਅਮਲੀ ਸਰਗਰਮੀਆਂ ਦੇ ਰੂਪ ਵਿੱਚ ਦੇਖਦੇ ਹਨ"।(2) ਪਰ ਸੌ ਸਾਲ ਤੋਂ ਵੀ ਪਹਿਲਾਂ, ਮਾਰਕਸਵਾਦ ਦੀ ਰਚਨਾ ਤੋਂ ਪਹਿਲਾਂ, ਲੋਕਾਂ ਕੋਲ ਇਹ ਵਿਗਿਆਨਕ ਸਮਝਦਾਰੀ ਨਹੀਂ ਸੀ। ਲੁਟੇਰੀਆਂ ਜਮਾਤਾਂ ਦੇ ਸਾਰੇ ਵਿਚਾਰਕ ਇਸ ਨਜ਼ਰੀਏ ਦਾ ਵਿਰੋਧ ਕਰਦੇ ਸਨ। ਉਹ ਜਾਂ ਤਾਂ ਇਹ ਭਰਮ ਫੈਲਾਉਂਦੇ ਸਨ ਕਿ ਮਨੁੱਖੀ ਸਮਾਜ ਰੱਬ ਦੀ ਰਜ਼ਾ ਮੁਤਾਬਕ ਵਿਕਸਿਤ ਹੋਇਆ ਹੈ ਜਾਂ ਨਾਇਕਾਂ ਦੁਆਰਾ ਇਤਿਹਾਸ ਬਣਾਏ ਜਾਣ ਦਾ ਝੂਠਾ ਸਿਧਾਂਤ ਪੇਸ਼ ਕਰਦੇ ਸਨ। ਇਹ ਅਖੌਤੀ ਵਿਚਾਰਕ ਇਸ ਮਾਮੂਲੀ ਜਿਹੇ ਤੱਥ ਦੀ ਅਣਦੇਖੀ ਕਰਦੇ ਸਨ ਕਿ ਰਾਜਨੀਤੀ, ਵਿਗਿਆਨ, ਕੋਮਲ ਕਲਾਵਾਂ ਅਤੇ ਧਾਰਮਿਕ ਸਰਗਰਮੀਆਂ ਵਿੱਚ ਲੱਗਣ ਤੋਂ ਪਹਿਲਾਂ ਲੋਕਾਂ ਨੂੰ ਰੋਟੀ, ਕੱਪੜੇ ਅਤੇ ਮਕਾਨ ਦੀ ਲੋੜ ਹੁੰਦੀ ਹੈ। ਇਸ ਲਈ ਮਨੁੱਖੀ ਸਮਾਜ ਦਾ ਅਧਾਰ ਭੌਤਿਕ ਜਿਣਸਾਂ ਦੀ ਪ੍ਰਤੱਖ ਪੈਦਾਵਾਰ ਹੀ ਹੈ। ਕਿਰਤੀ ਜਮਾਤ ਦੀ ਪੈਦਾਵਾਰੀ ਸਰਗਰਮੀ ਤੋਂ ਬਿਨਾਂ ਲੋਕ ਜਿਉਂਦੇ ਨਹੀਂ ਰਹਿ ਸਕਦੇ ਅਤੇ ਸਮਾਜ ਵਿਕਾਸ ਨਹੀਂ ਕਰ ਸਕਦਾ। ਇਹ ਮਾਰਕਸ ਹੀ ਸੀ ਜਿਸ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਦਾ ਇਹ ਨਿਯਮ ਲੱਭਿਆ।

ਪੈਦਾਵਾਰ ਲਈ ਲੋਕਾਂ ਵਿੱਚ ਕੁੱਝ ਨਿਸ਼ਚਿਤ ਆਪਸੀ ਸੰਬੰਧ ਕਾਇਮ ਹੋਣੇ ਜਰੂਰੀ ਹਨ। ਅਲੱਗ -ਅਲੱਗ ਰਹਿ ਕੇ ਮਨੁੱਖ ਪੈਦਾਵਾਰ ਨਹੀਂ ਕਰ ਸਕਦੇ। ਜਿਵੇਂ ਕਿ ਮਾਰਕਸ ਨੇ ਕਿਹਾ ਹੈ, *"ਪੈਦਾਵਾਰ ਵਿੱਚ ਲੱਗਣ ਲਈ ਲੋਕ ਕੁੱਝ ਨਿਸ਼ਚਿਤ ਮੇਲ -ਜੋਲ ਅਤੇ ਸਬੰਧ ਕਾਇਮ ਕਰਦੇ ਹਨ। ਇਸ ਸਮਾਜਕ ਮੇਲ-ਜੋਲ ਅਤੇ ਇਹਨਾਂ ਸਬੰਧਾਂ ਵਿੱਚ ਹੀ ਉਹਨਾਂ ਅਤੇ ਕੁਦਰਤ ਦਰਮਿਆਨ ਸੰਬੰਧ ਹੋ ਸਕਦਾ ਹੈ ਅਤੇ ਪੈਦਾਵਾਰ ਹੋ ਸਕਦੀ ਹੈ।"*(3) ਪੈਦਾਵਾਰ ਦੀ ਪ੍ਰਕਿਰਿਆ ਦੌਰਾਨ ਲੋਕਾਂ ਦੁਆਰਾ ਬਣਾਏ ਇਹਨਾਂ ਸੰਬੰਧਾਂ ਨੂੰ ਪੈਦਾਵਾਰੀ ਸਬੰਧ ਕਹਿੰਦੇ ਹਨ। ਜਮਾਤੀ ਸਮਾਜ ਵਿੱਚ ਇਹ ਜਮਾਤੀ ਸਬੰਧਾਂ ਵਿੱਚ ਪ੍ਰਤੀਬਿੰਬਤ ਹੁੰਦੇ ਹਨ।

ਪੈਦਾਵਾਰੀ ਸਬੰਧਾਂ ਦੇ ਤਿੰਨ ਪੱਖ ਹੁੰਦੇ ਹਨ

(1) ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦਾ ਸਰੂਪ

(2) ਪੈਦਾਵਾਰ ਵਿੱਚ ਲੋਕਾਂ ਦੀ ਭੂਮਿਕਾ ਅਤੇ ਉਹਨਾਂ ਦੇ ਆਪਸੀ ਸਬੰਧ

(3) ਪੈਦਾਵਾਰ ਦੀ ਵੰਡ ਦਾ ਸਰੂਪ।

ਮਾਲਕੀ ਦੇ ਸਰੂਪ ਤੋਂ ਭਾਵ ਹੈ ਪੈਦਾਵਾਰ ਦੇ ਸਾਧਨ (ਜਿਸ ਵਿੱਚ ਕਿਰਤ ਦੇ ਸਾਧਨ ਜਿਵੇਂ ਮਸ਼ੀਨਾਂ, ਕਾਰਖਾਨੇ, ਜ਼ਮੀਨ ਅਤੇ ਕਿਰਤ ਦੀਆਂ ਵਸਤਾਂ ਜਿਵੇਂ ਕਿ ਕੱਚਾ ਮਾਲ ਆਦਿ ਸ਼ਾਮਲ ਹਨ) ਉਪਰ ਮਾਲਕੀ ਕਿਸ ਦੀ ਹੈ। ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦਾ ਸਰੂਪ, ਪੈਦਾਵਾਰੀ ਸਬੰਧਾਂ ਦਾ ਸਭ ਤੋਂ ਮਹੱਤਵਪੂਰਨ ਪੱਖ ਹੈ। ਇਹ ਪੈਦਾਵਾਰੀ ਸਬੰਧਾਂ ਦਾ ਅਧਾਰ ਹੈ। ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦਾ ਸਰੂਪ ਪੈਦਾਵਾਰੀ ਸਬੰਧਾਂ ਦੇ ਖਾਸੇ ਨੂੰ ਤੈਅ ਕਰਦਾ ਹੈ। ਮਨੁੱਖੀ ਸਮਾਜ ਦੇ ਵਿਕਾਸ ਵਿੱਚ ਮੁੱਢ ਕਦੀਮੀ ਸਮਾਜ, ਗੁਲਾਮਦਾਰੀ ਸਮਾਜ, ਜਗੀਰੂ ਸਮਾਜ, ਪੂੰਜੀਵਾਦੀ ਸਮਾਜ ਅਤੇ ਸਮਾਜਵਾਦੀ ਸਮਾਜ ਨੂੰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦੇ ਸਰੂਪ ਅਨੁਸਾਰ ਵਰਗੀਕ੍ਰਿਤ ਕੀਤਾ ਜਾਂਦਾ ਹੈ। ਮਾਲਕੀ ਦਾ ਸਰੂਪ ਪੈਦਾਵਾਰ ਵਿੱਚ ਲੋਕਾਂ ਦੀ ਭੂਮਿਕਾ ਅਤੇ ਉਹਨਾਂ ਦੇ ਆਪਸੀ ਸਬੰਧਾਂ ਨੂੰ ਤੈਅ ਕਰਦਾ ਹੈ।

ਪੈਦਾਵਾਰ ਕਰਨ ਲਈ ਲੋਕਾਂ ਦਰਮਿਆਨ ਹੀ ਨਹੀਂ ਮਨੁੱਖ ਅਤੇ ਕੁਦਰਤ ਦਰਮਿਆਨ ਵੀ ਸਬੰਧ ਜਰੂਰੀ ਹਨ। ਮਨੁੱਖ ਨੇ ਕੁਦਰਤ ਨੂੰ ਜਿੱਤਣਾ ਅਤੇ ਤਬਦੀਲ ਕਰਨਾ ਹੁੰਦਾ ਹੈ। ਕੁਦਰਤ ਨੂੰ ਜਿੱਤਣ ਅਤੇ ਤਬਦੀਲ ਕਰਨ ਵਿੱਚ ਮਨੁੱਖ ਜਿਸ ਤਾਕਤ ਦਾ ਇਸਤੇਮਾਲ ਕਰਦਾ ਹੈ, ਉਹਨਾਂ ਨੂੰ ਪੈਦਾਵਾਰੀ ਤਾਕਤਾਂ ਕਿਹਾ ਜਾਂਦਾ ਹੈ। ਪੈਦਾਵਾਰੀ ਤਾਕਤਾਂ ਵਿੱਚ ਮਨੁੱਖ ਅਤੇ ਪਦਾਰਥ (ਜਾਣੀ ਪੈਦਾਵਾਰ ਦੇ ਸਾਧਨ) ਸ਼ਾਮਿਲ ਹੁੰਦੇ ਹਨ। ਪੈਦਾਵਾਰੀ ਤਾਕਤਾਂ ਵਿੱਚ ਸਭ ਤੋਂ ਅਹਿਮ ਪੈਦਾਵਾਰ ਦੇ ਸੰਦ ਹੁੰਦੇ ਹਨ। ਪੈਦਾਵਾਰ ਵਿੱਚ ਪ੍ਰਯੋਗ ਹੋਣ ਵਾਲੇ ਸੰਦਾਂ ਦੀ ਕਿਸਮ ਤੋਂ ਕੁਦਰਤ ਨੂੰ ਜਿੱਤਣ ਦੀ ਮਨੁੱਖ ਦੀ ਤਾਕਤ ਦੇ ਪਰਿਮਾਣ ਦਾ ਪਤਾ ਲਗਦਾ ਹੈ। ਪਰ ਪੈਦਾਵਾਰ ਦੇ ਸੰਦਾਂ ਨੂੰ ਪੈਦਾਵਾਰੀ ਤਾਕਤਾਂ ਦਾ ਨਿਰਧਾਰਕ ਨਹੀਂ ਮੰਨਿਆ ਜਾ ਸਕਦਾ। *"ਨਿਰਧਾਰਕ ਮਨੁੱਖ ਹੈ, ਪਦਾਰਥ ਨਹੀਂ"*[4] *"ਸੰਸਾਰ ਦੀਆਂ ਸਭ ਵਸਤਾਂ ਵਿਚੋਂ ਮਨੁੱਖ ਸਭ ਤੋਂ ਵੱਧ ਮੁੱਲਵਾਨ ਹੈ"*।[(5)] ਕਿਉਂਕਿ ਸੰਦਾਂ ਨੂੰ ਕੰਮ ਵਿੱਚ ਮਨੁੱਖ ਲਿਆਉਂਦਾ ਹੈ, ਮਨੁੱਖ ਨੇ ਹੀ ਉਹਨਾਂ ਨੂੰ ਬਣਾਇਆ ਹੈ ਅਤੇ ਮਨੁੱਖ ਹੀ ਉਹਨਾਂ ਦੀ ਸੁਧਾਈ ਕਰਦਾ ਹੈ। ਮਨੁੱਖ ਤੋਂ ਬਿਨਾਂ ਨਾ ਤਾਂ ਸੰਦ ਹੋਣਗੇ ਅਤੇ ਨਾ ਹੀ ਟੈਕਨੌਲੋਜੀ। ਮਨੁੱਖ ਤੋਂ ਬਿਨਾਂ ਸਭ ਤੋਂ ਵਧੀਆ "ਆਟੋਮੈਟਿਕ" ਸੰਦ ਵੀ ਅਸਲ ਵਿੱਚ "ਆਟੋਮੈਟਿਕ" ਨਹੀਂ ਹੋ ਸਕਦੇ ।

ਪੈਦਾਵਾਰੀ ਸਬੰਧ ਅਤੇ ਪੈਦਾਵਾਰੀ ਤਾਕਤਾਂ ਸਮਾਜਕ ਪੈਦਾਵਾਰ ਦੇ ਦੋ ਪੱਖ ਹਨ। ਸਮੁੱਚੇ ਇਤਿਹਾਸਕ ਵਿਕਾਸ ਵਿੱਚ ਆਮ ਤੌਰ ਉੱਤੇ ਪੈਦਾਵਾਰੀ ਤਾਕਤਾਂ ਹੀ ਪ੍ਰਮੁੱਖ ਨਿਰਧਾਰਕ ਤੱਤ ਦੇ ਰੂਪ ਵਿਚ ਦਿਖਾਈ ਦਿੰਦੀਆਂ ਹਨ। ਪੈਦਾਵਾਰੀ ਸਬੰਧਾਂ ਦੀ ਕੋਈ ਵੀ ਤਬਦੀਲੀ ਲਾਜ਼ਮੀ ਹੀ ਪੈਦਾਵਾਰੀ ਤਾਕਤਾਂ ਵਿੱਚ ਹੋਏ ਕਿਸੇ ਵਿਕਾਸ ਦਾ ਨਤੀਜਾ ਹੁੰਦੀ ਹੈ। ਪੈਦਾਵਾਰੀ ਸਬੰਧ, ਪੈਦਾਵਾਰੀ ਤਾਕਤਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਜਦੋਂ ਕੋਈ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਮੇਲ ਨਹੀਂ ਖਾਂਦੇ ਤਾਂ ਇਹਨਾਂ ਪੈਦਾਵਾਰੀ ਸਬੰਧਾਂ ਨੂੰ ਅਜਿਹੇ ਨਵੇਂ ਪੈਦਾਵਾਰੀ ਸਬੰਧਾਂ ਵਿਚ ਬਦਲਨਾ ਜਰੂਰੀ ਹੋ ਜਾਂਦਾ ਹੈ ਜੋ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਅਨੁਕੂਲ ਹੋਣ। ਕਹਿਣ ਦਾ ਭਾਵ ਇਹ ਹੈ ਕਿ ਪੈਦਾਵਾਰੀ ਸਬੰਧਾਂ ਦਾ ਸਰੂਪ ਮਨੁੱਖ ਦੀ ਅੰਤਰਮੁਖੀ ਇੱਛਾ ਨਾਲ ਨਹੀਂ ਸਗੋਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਪੱਧਰ ਤੋਂ ਤੈਅ ਹੁੰਦਾ ਹੈ। ਪੈਦਾਵਾਰੀ ਸਬੰਧਾਂ ਨੂੰ ਲਾਜ਼ਮੀ ਹੀ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਹ ਇਕ ਬਾਹਰ ਮੁਖੀ ਨਿਯਮ ਹੈ ਜੋ ਲੋਕਾਂ ਦੀ ਇੱਛਾ ਮੁਤਾਬਕ ਬਦਲ ਨਹੀਂ ਸਕਦਾ। ਕੁੱਝ ਨਿਸ਼ਚਿਤ ਪੈਦਾਵਾਰੀ ਸਬੰਧਾਂ ਦਾ ਜਨਮ, ਵਿਕਾਸ ਅਤੇ ਨਾਸ਼ "ਕੁੱਝ ਨਿਸ਼ਚਿਤ ਪੈਦਾਵਾਰੀ ਤਾਕਤਾਂ ਦੀਆਂ ਵਿਰੋਧਤਾਈਆਂ ਦੇ ਸਮਸੁਰ ਵਿਕਾਸ ਨਾਲ ਹੀ ਹੁੰਦਾ ਹੈ।" ਇਸ ਲਈ ਮਾਰਕਸਵਾਦੀ ਰਾਜਨੀਤਕ ਅਰਥ ਸ਼ਾਸਤਰ ਪੈਦਾਵਾਰੀ ਸਬੰਧਾਂ ਦੇ ਅਧਿਐਨ ਵਿੱਚ ਪੈਦਾਵਾਰੀ ਤਾਕਤਾਂ ਦਾ ਵੀ ਅਧਿਐਨ ਕਰਦਾ ਹੈ।

ਇਤਿਹਾਸ ਦੇ ਸਮੁੱਚੇ ਵਿਕਾਸ ਵਿੱਚ ਜੇਕਰ ਪੈਦਾਵਾਰੀ ਤਾਕਤਾਂ ਪ੍ਰਮੁੱਖ ਨਿਰਧਾਰਕ ਦੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ ਤਾਂ ਕੀ ਇਸਦਾ ਮਤਲਬ ਇਹ ਹੋਇਆ ਕਿ ਪੈਦਾਵਾਰੀ ਤਾਕਤਾਂ ਦੀ ਤੁਲਨਾ ਵਿੱਚ ਪੈਦਾਵਾਰੀ ਸਬੰਧ ਬਿਲਕੁਲ ਗੈਰ ਸਰਗਰਮ ਹੁੰਦੇ ਹਨ ? ਬਿਲਕੁਲ ਨਹੀਂ, ਜਦੋਂ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਹੁੰਦੇ ਹਨ

ਤਾਂ ਉਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਸਰਗਰਮ ਰੂਪ ਵਿੱਚ ਸੰਵੇਗ ਪ੍ਰਦਾਨ ਕਰਦੇ ਹਨ। ਜਦੋਂ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਨਹੀਂ ਹੁੰਦੇ ਤਾਂ ਉਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਵਿਚ ਰੁਕਾਵਟ ਖੜੀ ਕਰਦੇ ਹਨ। ਕਿਉਂਕਿ ਪੈਦਾਵਾਰੀ ਸਬੰਧਾਂ ਨੂੰ ਬਦਲੇ ਬਿਨਾਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਨਹੀਂ ਹੋ ਸਕਦਾ, ਇਸ ਲਈ ਪੈਦਾਵਾਰੀ ਸਬੰਧਾਂ ਦੀ ਤਬਦੀਲੀ ਇੱਕ ਮਹੱਤਵ-ਪੂਰਨ ਫੈਸਲਾਕੁਨ ਭੂਮਿਕਾ ਨਿਭਾਉਦੀਂ ਹੈ। ਜਦੋਂ ਪੁਰਾਣਾ ਚੀਨ ਸਾਮਰਾਜਵਾਦ, ਜਗੀਰਦਾਰੀ ਅਤੇ ਨੌਕਰਸ਼ਾਹ ਸਰਮਾਏਦਾਰੀ ਅਧੀਨ ਸੀ ਤਾਂ ਕਿ ਭੂਮੀਪਤੀ ਅਤੇ ਦਲਾਲ ਸਰਮਾਏਦਾਰੀ ਚੀਨ ਦੇ ਸਭ ਤੋਂ ਵੱਧ ਪਿਛਾਖੜੀ ਅਤੇ ਪੱਛੜੇ ਹੋਏ ਪੈਦਾਵਾਰੀ ਸਬੰਧਾਂ ਦੀ ਪ੍ਰਤੀਨਿਧਤਾ ਕਰਦੇ ਸਨ। ਪੈਦਾਵਾਰੀ ਤਾਕਤਾਂ ਦਾ ਬੁਰੀ ਤਰਾਂ ਗਲ਼ਾ ਘੁੱਟਿਆ ਜਾਂਦਾ ਸੀ। ਮੁਕਤੀ ਤੋਂ ਪਹਿਲਾਂ ਚੀਨ ਕੋਲ਼ ਕੋਈ ਵੀ ਮਸ਼ੀਨ ਨਿਰਮਾਣ ਉਦਯੋਗ ਜਾਂ ਆਟੋਮੋਬਾਇਲ ਅਤੇ ਜਹਾਜ ਨਿਰਮਾਣ ਦਾ ਕਾਰਖਾਨਾ ਨਹੀਂ ਸੀ। ਉੱਤਰ-ਪੂਰਬੀ ਚੀਨ ਦੇ ਬਾਹਰਲੇ ਹਿੱਸਿਆਂ ਵਿੱਚ ਸਟੀਲ ਦੀ ਪੈਦਾਵਾਰ ਹੁੰਦੀ ਸੀ ਅਤੇ ਉਹ ਵੀ ਕੁੱਝ ਲੱਖ ਟਨ ਸਲਾਨਾਂ ਤੋਂ ਵਧੇਰੇ ਨਹੀਂ ਸੀ। ਇਥੋਂ ਤੱਕ ਕਿ ਰੋਜ਼ਾਨਾ ਵਰਤੋਂ ਦੀਆਂ ਚੀਜਾਂ ਦੀ ਵੀ ਦਰਾਮਦ ਕੀਤੀ ਜਾਂਦੀ ਸੀ। ਕੱਪੜਾ ਵਿਦੇਸ਼ੀ ਕੱਪੜਾ ਕਹਾਉਂਦਾ ਸੀ, ਛਤਰੀਆਂ ਵਿਦੇਸ਼ੀ ਛਤਰੀਆਂ ਕਹਾਉਂਦੀਆਂ ਸਨ। ਇਥੋਂ ਤੱਕ ਕਿ ਇੱਕ ਛੋਟੀ ਜਿਹੀ ਕਿੱਲ ਵੀ ਵਿਦੇਸ਼ੀ ਕਿੱਲ ਕਹਾਉਂਦੀ ਸੀ। ਇਹਨਾਂ ਹਾਲਤਾਂ ਵਿੱਚ ਸਾਮਰਾਜਵਾਦ, ਜਗੀਰਦਾਰੀ ਅਤੇ ਨੌਕਰਸ਼ਾਹ ਸਰਮਾਏਦਾਰੀ ਦੀ ਹਕੂਮਤ ਨੂੰ ਉਲਟਾਉਣਾ, ਦਲਾਲ ਸਰਮਾਏਦਾਰ- ਜਗੀਰੂ ਪੈਦਾਵਾਰੀ ਸਬੰਧਾਂ ਦੀ ਤਬਦੀਲੀ ਅਤੇ ਸਮਾਜਵਾਦੀ ਪੈਦਾਵਾਰੀ ਸਬੰਧਾਂ ਦੀ ਸਥਾਪਨਾ ਨੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ।

ਪੈਦਾਵਾਰੀ ਤਾਕਤਾਂ ਦਾ ਵੱਡੀ ਪੱਧਰ ਉੱਤੇ ਵਿਕਾਸ ਅਕਸਰ ਪੈਦਾਵਾਰੀ ਸਬੰਧਾਂ ਦੀ ਤਬਦੀਲੀ ਤੋਂ ਬਾਅਦ ਹੁੰਦਾ ਹੈ। ਇਹ ਇੱਕ ਸਰਬ ਵਿਆਪਕ ਨਿਯਮ ਹੈ। ਸਰਮਾਏਦਾਰਾ ਸਮਾਜ ਵਿੱਚ ਵੀ ਪੈਦਾਵਾਰੀ ਤਾਕਤਾਂ ਦਾ ਵੱਡੀ ਪੱਧਰ ਉੱਤੇ ਵਿਕਾਸ ਬੁਰਜੁਆ ਇਨਕਲਾਬ ਕਾਰਨ ਜਗੀਰੂ ਪੈਦਾਵਾਰੀ ਸਬੰਧਾਂ ਦੇ ਟੁੱਟਣ ਅਤੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ 'ਚ ਤੇਜ ਵਿਕਾਸ ਤੋਂ ਬਾਅਦ ਹੀ ਹੋਇਆ। ਉਦਾਹਰਣ ਦੇ ਤੌਰ 'ਤੇ ਇੰਗਲੈਂਡ ਨੂੰ ਦੇਖੋ, ਜਿੱਥੇ ਪੈਦਾਵਾਰੀ ਤਾਕਤਾਂ ਦਾ ਵੱਡੇ ਪੱਧਰ ਉੱਤੇ ਵਿਕਾਸ ਸਤਾਰ੍ਹਵੀਂ ਸਦੀ ਦੇ ਬੁਰਜੁਆ ਇਨਕਲਾਬ ਅਤੇ ਅਠਾਰਵੀਂ ਦੇ ਦੂਸਰੇ ਮੱਧ ਅਤੇ ਉਨੀਵੀਂ ਸਦੀ ਦੇ ਪਹਿਲੇ ਅੱਧ ਦੇ ਸੱਨਅਤੀ ਇਨਕਲਾਬ ਦੇ ਅਧਾਰ ਉੱਪਰ ਹੋਇਆ। ਫਰਾਂਸ, ਜਰਮਨੀ, ਅਮਰੀਕਾ ਅਤੇ ਜਪਾਨ ਵਿੱਚ ਆਧੁਨਿਕ ਸੱਨਅਤਾਂ ਦਾ ਤੇਜੀ ਨਾਲ ਵਿਕਾਸ ਪੁਰਾਣੇ ਉੱਚ ਉਸਾਰ ਅਤੇ ਪੈਦਾਵਾਰੀ ਸਬੰਧਾਂ ਦੀ ਵੱਖ-ਵੱਖ ਤਰੀਕਿਆਂ ਨਾਲ ਤਬਦੀਲੀ ਤੋਂ ਬਾਅਦ ਹੀ ਹੋਇਆ। ਪੈਦਾਵਾਰੀ ਸਬੰਧ ਅਤੇ ਪੈਦਾਵਾਰੀ ਤਾਕਤਾਂ ਦੇ ਮੁੱਦੇ ਉੱਪਰ ਮਾਰਕਸਵਾਦੀਆਂ ਅਤੇ ਸੋਵੀਅਤ ਸੋਧਵਾਦੀਆਂ ਵਿਚਕਾਰ ਲੰਬੇ ਸੰਘਰਸ਼ ਦਾ ਇੱਕ ਅਹਿਮ ਪੱਖ ਇਹ ਰਿਹਾ ਹੈ ਕਿ ਦਵੰਦਵਾਦੀ ਏਕਤਾ ਦਾ ਨਜ਼ਰੀਆ ਅਪਨਾਉਣ ਉੱਪਰ ਜ਼ੋਰ ਦੇਣਾ ਚਾਹੀਦਾ ਹੈ ਜਾਂ "ਪਹਿਲਾਂ ਉਤਪਾਦਕਤਾ" ਵਾਲ਼ਾ ਪਿਛਾਖੜੀ ਨਜ਼ਰੀਆ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਲਿਨ ਪਿਆਓ ਨੇ ਚੇਨ-ਪੋ-ਤਾ ਨਾਲ ਮਿਲ਼ ਕੇ

ਇਹ ਦਲੀਲ ਦਿੱਤੀ ਕਿ ਨੌਵੀਂ ਪਾਰਟੀ ਕਾਂਗਰਸ ਤੋਂ ਬਾਅਦ ਮੁੱਖ ਕਾਰਜ ਪੈਦਾਵਾਰ ਵਧਾਉਣਾ ਹੈ। ਇਹ ਅੱਠਵੀਂ ਪਾਰਟੀ ਕਾਂਗਰਸ ਦੇ ਮਤੇ ਵਿੱਚ ਲਿਓ-ਸ਼ਾਓ-ਚੀ ਅਤੇ ਚੇਨ-ਪੋ-ਤਾ ਦੁਆਰਾ ਘੁਸਾਏ ਉਸੇ ਸੋਧਵਾਦੀ ਛਲਾਵੇ ਦੀ ਨਕਲ ਹੈ ਜਿਸ ਵਿੱਚ "ਵਿਕਸਿਤ ਸਮਾਜਵਾਦੀ ਪ੍ਰਬੰਧ ਅਤੇ ਪੱਛੜੀਆਂ ਹੋਈਆਂ ਪੈਦਾਵਾਰੀ ਤਾਕਤਾਂ ਦੀ ਵਿਰੋਧਤਈ" ਦੀ ਗੱਲ ਕਹੀ ਗਈ ਸੀ। ਚੀਨ ਵਿੱਚ ਸਮਾਜਵਾਦੀ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਮੂਲ ਰੂਪ ਵਿੱਚ ਅਨੁਕੂਲ ਹਨ। ਇਸ ਨਾਲ ਪੈਦਾਵਾਰੀ ਤਾਕਤਾਂ ਦੇ ਵਿਕਾਸ ਦਾ ਇਕ ਨਵਾਂ ਰਾਹ ਖੁਲ੍ਹਦਾ ਹੈ। ਪਰ ਇਸ ਦੇ ਕਈ ਦੋਸ਼ਪੂਰਨ ਪੱਖ ਵੀ ਹਨ। ਇਹਨਾਂ ਕਮੀਆਂ ਦੀ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਵਿਰੋਧਤਾਈ ਹੈ। ਸਮਾਜਵਾਦੀ ਇਨਕਲਾਬ ਦਾ ਤਜਰਬਾ ਸਾਨੂੰ ਇਹ ਦੱਸਦਾ ਹੈ ਕਿ ਹਮੇਸ਼ਾਂ ਬਿਹਤਰ ਸਮਾਜਵਾਦੀ ਪ੍ਰਬੰਧ ਹੀ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਹੁਲਾਰਾ ਦਿੰਦਾ ਹੈ। ਹਮੇਸ਼ਾਂ ਹੀ,ਪੈਦਾਵਾਰੀ ਸਬੰਧਾਂ ਦੇ ਉਹਨਾਂ ਹਿੱਸਿਆਂ ਦੀ ਰੂਪਬਦਲੀ ਦੇ ਬਾਅਦ ਹੀ, ਜੋ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਮੇਲ ਨਹੀਂ ਖਾਂਦੇ, ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਹੁਲਾਰਾ ਮਿਲਦਾ ਹੈ। ਫਿਰ "ਵਿਕਸਿਤ ਸਮਾਜਵਾਦੀ ਪ੍ਰਬੰਧ ਅਤੇ ਪਛੜੀਆਂ ਹੋਈਆਂ ਪੈਦਾਵਾਰੀ ਤਾਕਤਾਂ ਦਰਮਿਆਨ ਵਿਰੋਧਤਾਈ" ਕਿੱਥੇ ਹੈ? ਲਿਓ-ਸ਼ਾਓ-ਚੀ, ਲਿਨ ਪਿਆਓ ਅਤੇ ਅਜਿਹੇ ਹੋਰ ਧੋਖੇਬਾਜਾਂ ਦੀ ਅਜਿਹੇ ਭਰਮਾਂ ਦੀ ਵਕਾਲਤ ਦੇ ਪਿੱਛੇ ਮੁਜਰਮਾਨਾ ਨੀਅਤ ਛੁਪੀ ਹੋਈ ਸੀ, ਜੋ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਅਧੀਨ ਜਾਰੀ ਇਨਕਲਾਬ ਅਤੇ ਸਮਾਜਵਾਦ ਦੇ ਪੜਾਅ ਲਈ ਮਾਓ ਦੁਆਰਾ ਤੈਅ ਕੀਤੀਆਂ ਬੁਨਿਆਦੀ ਪਾਰਟੀ ਨੀਤੀਆਂ ਦਾ ਵਿਰੋਧ ਕਰਨ ਲਈ "ਪਹਿਲਾਂ ਉਤਪਾਦਕਤਾ" ਦੇ ਵਿਚਾਰ ਨੂੰ ਹਥਿਆਰ ਦੇ ਰੂਪ ਵਿੱਚ ਵਰਤਣ ਦੀ ਅਸਫਲ ਕੋਸ਼ਿਸ਼ ਦੇ ਤੌਰ 'ਤੇ ਸਾਹਮਣੇ ਆਈ। ਇਹ ਉਹਨਾਂ ਦਾ ਹਵਾਈ ਸੁਪਨਾ ਹੈ।

ਪੈਦਾਵਾਰੀ ਸਬੰਧਾਂ ਨੂੰ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਹੋਣਾ ਚਹੀਦਾ ਹੈ। ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਇਹ ਜ਼ਰੂਰੀ ਹੋ ਜਾਂਦਾ ਕਿ ਪੁਰਾਣੇ ਪੈਦਾਵਾਰੀ ਸਬੰਧ, ਜੋ ਇਸ ਦੇ ਅਨੁਕੂਲ ਨਹੀਂ ਰਹੇ, ਨਸ਼ਟ ਕੀਤੇ ਜਾਣ ਅਤੇ ਉਹਨਾਂ ਦੀ ਥਾਂ ਨਵੇਂ ਪੈਦਾਵਾਰੀ ਸਬੰਧ ਲੈਣ ਜੋ ਪੈਦਾਵਾਰੀ ਤਾਕਤਾਂ ਦੇ ਅਨੁਕੂਲ ਹੋਣ। ਪਰ ਪੁਰਾਣੇ ਪੈਦਾਵਾਰੀ ਸਬੰਧਾਂ ਦੇ ਟੁੱਟਣ ਅਤੇ ਨਵੇਂ ਪੈਦਾਵਾਰੀ ਸਬੰਧਾਂ ਦੇ ਪ੍ਰਗਟ ਹੋਣ ਦਾ ਅਮਲ ਇੰਨਾ ਸਿੱਧ ਪੱਧਰਾ ਨਹੀਂ ਹੋ ਸਕਦਾ। ਪੁਰਾਣੇ ਪੈਦਾਵਾਰੀ ਸਬੰਧਾਂ ਦੀ ਰੂਪ ਬਦਲੀ ਅਤੇ ਨਵੇਂ ਪੈਦਾਵਾਰੀ ਸਬੰਧਾਂ ਦੀ ਸਥਾਪਨਾ ਅਤੇ ਸੰਪੂਰਨਤਾ ਆਮ ਤੌਰ 'ਤੇ ਇਨਕਲਾਬੀ ਸੰਘਰਸ਼ਾਂ ਤੋਂ ਬਾਅਦ ਹੀ ਸੰਭਵ ਹੁੰਦੀ ਹੈ। ਇਸ ਲਈ ਜੇਕਰ ਪੁਰਾਣੇ ਪੈਦਾਵਾਰੀ ਸਬੰਧਾਂ ਦੀ ਰੂਪ ਬਦਲੀ ਅਤੇ ਨਵੇਂ ਪੈਦਾਵਾਰੀ ਸਬੰਧਾਂ ਦੀ ਸਥਾਪਨਾ ਅਤੇ ਸੰਪੂਰਨਤਾ ਨੂੰ ਸਮਝਣਾ ਹੋਵੇ ਤਾਂ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ ਦੀ ਵਿਰੋਧਤਾਈ ਦੀ ਵਿਆਖਿਆ ਹੀ ਕਾਫੀ ਨਹੀਂ ਹੋਵੇਗੀ। ਉੱਚ ਉਸਾਰ ਅਤੇ ਆਰਥਕ ਅਧਾਰ ਦੇ ਸਬੰਧਾਂ ਦੀ ਪੜਤਾਲ ਵੀ ਜ਼ਰੂਰੀ ਹੈ।

ਉੱਚ ਉਸਾਰ ਤੋਂ ਭਾਵ ਹੈ ਕੌਮੀ ਸਰਕਾਰ, ਫੌਜ, ਕਨੂੰਨ ਅਤੇ ਸਿਆਸੀ ਸੰਸਥਾਵਾਂ ਅਤੇ ਇਹਨਾਂ ਦੇ ਅਨੁਸਾਰੀ ਵਿਚਾਰਧਾਰਕ ਰੂਪ ਜਿਵੇਂ ਕਿ ਫਲਸਫਾ, ਸਾਹਿਤ, ਕੋਮਲ ਕਲਾਵਾਂ

ਆਦਿ। ਆਰਥਕ ਅਧਾਰ ਦਾ ਅਰਥ ਹੈ ਪੈਦਾਵਾਰੀ ਸਬੰਧ। *"ਇਹਨਾਂ ਪੈਦਾਵਾਰੀ ਸਬੰਧਾਂ ਦਾ ਕੁੱਲ ਜੋੜ ਹੀ ਸਮਾਜ ਦਾ ਆਰਥਕ ਅਧਾਰ ਹੁੰਦਾ ਹੈ। ਇਹੋ ਉਹ ਅਸਲ ਅਧਾਰ ਹੁੰਦਾ ਹੈ, ਜਿਸ ਉਪਰ ਕਨੂੰਨੀ ਅਤੇ ਸਿਆਸੀ ਉਸਾਰ ਢਾਂਚਾ ਉਭਰਦਾ ਹੈ ਅਤੇ ਜਿਸਦੇ ਅਨੁਸਾਰੀ ਚੇਤਨਾ ਦੇ ਨਿਸ਼ਚਿਤ ਸਮਾਜਕ ਰੂਪ ਹੁੰਦੇ ਹਨ।"*(6) ਮਾਰਕਸ ਦਾ ਇਹ ਕਥਨ ਉੱਚ ਉਸਾਰ ਅਤੇ ਆਰਥਕ ਅਧਾਰ ਦੇ ਸਬੰਧਾਂ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਕਰਦਾ ਹੈ।

ਉੱਚ ਉਸਾਰ ਅਤੇ ਆਰਥਕ ਅਧਾਰ ਦੀ ਵਿਰੋਧਤਾਈ ਵਿੱਚ ਆਮ ਤੌਰ 'ਤੇ ਆਰਥਕ ਅਧਾਰ ਫੈਸਲਾਕੁਨ ਤਾਕਤ ਹੁੰਦਾ ਹੈ। ਆਰਥਕ ਅਧਾਰ ਵਿੱਚ ਤਬਦੀਲੀ ਨਾਲ, *"ਪੂਰਾ ਵਿਸ਼ਾਲ ਉਸਾਰ ਢਾਂਚਾ ਹੌਲ਼ੀ-ਹੌਲ਼ੀ ਜਾਂ ਤੇਜੀ ਨਾਲ ਤਬਦੀਲ ਹੋ ਜਾਂਦਾ ਹੈ।"*(7) ਭਾਵ ਜਦੋਂ ਪੁਰਾਣਾ ਆਰਥਕ ਅਧਾਰ ਖਿੰਡ ਜਾਂਦਾ ਹੈ, ਤਾਂ ਇਸ ਅਧਾਰ ਉਪਰ ਖੜ੍ਹੇ ਉਸਾਰ ਢਾਂਚੇ ਨੇ ਵੀ ਖਿੰਡਣਾ ਹੁੰਦਾ ਹੈ। ਪਰ ਇਸ ਖਿਡਾਅ ਦੀ ਦਰ ਵੱਖ-ਵੱਖ ਹੁੰਦੀ ਹੈ। ਜਦੋਂ ਪਿਛਾਖੜੀ ਰਾਜ ਮਸ਼ੀਨਰੀ ਤਬਦੀਲ ਹੋ ਜਾਂਦੀ ਹੈ ਤਾਂ ਪੁਰਾਣੇ ਆਰਥਕ ਅਧਾਰ ਦੇ ਲੋਪ ਹੋਣ ਦੇ ਨਾਲ-ਨਾਲ ਪਿਛਾਖੜੀ ਜਮਾਤਾਂ ਆਪਣੀ ਮਰਜ਼ੀ ਨਾਲ ਇਤਿਹਾਸ ਦੇ ਮੰਚ ਤੋਂ ਲਾਂਭੇ ਨਹੀਂ ਹੁੰਦੀਆਂ। ਉਹ ਲਾਜ਼ਮੀ ਹੀ, ਵਿਕਸਿਤ ਜਮਾਤਾਂ ਦੇ ਖਿਲਾਫ ਸਿਆਸੀ, ਵਿਚਾਰਧਾਰਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਲੰਬੀ ਅਤੇ ਸਖ਼ਤ ਲੜਾਈ ਲੜਦੀਆਂ ਹਨ। ਖਾਸ ਕਰਕੇ, ਹਾਰੀਆਂ ਹੋਈਆਂ ਜਮਾਤਾਂ ਨਾਲ ਜੁੜੇ ਪੁਰਾਣੇ ਵਿਚਾਰਧਾਰਕ ਰੂਪ ਲੰਬੇ ਸਮੇਂ ਤੱਕ ਕਾਇਮ ਰਹਿਦੇ ਹਨ।

ਉੱਚ ਉਸਾਰ , ਆਰਥਕ ਅਧਾਰ ਰਾਹੀਂ ਤੈਅ ਹੁੰਦਾ ਹੈ। ਜਦੋਂ ਇਹ ਇੱਕ ਵਾਰ ਸਥਾਪਤ ਹੋ ਜਾਂਦਾ ਹੈ ਤਾਂ ਇਹ ਮੋੜਵੇਂ ਰੂਪ ਵਿੱਚ ਆਰਥਿਕ ਅਧਾਰ ਨੂੰ ਜ਼ਬਰਦਸਤ ਰੂਪ ਵਿਚ ਪ੍ਰਭਾਵਿਤ ਕਰਦਾ ਹੈ। ਸਟਲਿਨ ਨੇ ਕਿਹਾ ਸੀ, *"ਅਧਾਰ ਆਪਣੀ ਸਥਾਪਨਾ ਅਤੇ ਪੱਕੇ ਹੋਣ ਲਈ, ਪੁਰਾਣੇ ਅਧਾਰ ਅਤੇ ਇਸਦੇ ਉੱਚ ਉਸਾਰ ਦੀ ਤਬਾਹੀ ਲਈ, ਆਪਣੇ ਵਿੱਚ ਉਸਾਰ ਦੀ ਰਚਨਾ ਕਰਦਾ ਹੈ"*(8) ਇਹ ਦਸਦਾ ਹੈ ਕਿ ਉਸਾਰ ਢਾਂਚਾ ਕਿਉਂ ਹਮੇਸ਼ਾਂ ਆਪਣੇ ਆਰਥਕ ਅਧਾਰ ਦੀ ਸੇਵਾ ਕਰਦਾ ਹੈ। ਸਮਾਜਵਾਦੀ ਉੱਚ ਉਸਾਰ ਆਪਣੇ ਸਮਾਜਵਾਦੀ ਆਰਥਕ ਅਧਾਰ ਦੀ ਸੇਵਾ ਕਰਦਾ ਹੈ ਅਤੇ ਪੂੰਜੀਵਾਦੀ ਉੱਚ ਉਸਾਰ ਆਪਣੇ ਸਰਮਾਏਦਾਰਾ ਆਰਥਿਕ ਅਧਾਰ ਦੀ ਸੇਵਾ ਕਰਦਾ ਹੈ।

ਸਰਮਾਏਦਾਰੀ ਸਮਾਜ ਵਿੱਚ ਪੈਦਾਵਾਰ ਦੇ ਸਮਾਜੀਕਰਨ ਅਤੇ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਦਰਮਿਆਨ ਵਿਰੋਧਤਾਈ ਤਿੱਖੀ ਹੁੰਦੀ ਜਾਣ ਦੇ ਨਾਲ ਹੀ ਸਰਮਾਏਦਾਰਾ ਨਿੱਜੀ ਮਾਲਕੀ ਦੀ ਥਾਂ ਸਮਾਜਵਾਦੀ ਸਮੂਹਕ ਮਾਲਕੀ ਸਥਾਪਤ ਕਰਨ ਦੀ ਜ਼ਰੂਰਤ ਲਾਜ਼ਮੀ ਹੋ ਜਾਂਦੀ ਹੈ। ਪਰ ਬੁਰਜੁਆਜੀ ਦਾ ਪਿਛਾਖੜੀ ਰਾਜ ਮਸ਼ੀਨਰੀ ਉਪਰ ਕੰਟਰੋਲ ਹੁੰਦਾ ਹੈ ਅਤੇ ਉਹ ਸਰਮਾਏਦਾਰਾ ਆਰਥਕ ਅਧਾਰ ਨੂੰ ਕਾਇਮ ਰੱਖਣ ਲਈ ਇਸਦੀ ਵਰਤੋਂ ਕਰਦੀ ਹੈ। ਜੇਕਰ ਮਜ਼ਦੂਰ ਜਮਾਤ ਪਹਿਲਾਂ ਬੁਰਜੂਆ ਰਾਜ ਮਸ਼ੀਨਰੀ ਨੂੰ ਤਬਾਹ ਨਹੀਂ ਕਰਦੀ ਤਾਂ ਪੂੰਜੀਵਾਦੀ ਆਰਥਿਕ ਢਾਂਚੇ ਦੀ ਤਬਾਹੀ ਅਸੰਭਵ ਹੈ। ਨਵੇਂ ਅਤੇ ਪੁਰਾਣੇ ਸੋਧਵਾਦੀਆਂ ਦਾ ਇਹ ਦਾਅਵਾ ਕਿ "ਸਰਮਾਏਦਾਰੀ ਸ਼ਾਂਤੀਪੂਰਨ ਤਰੀਕੇ ਨਾਲ ਵਿਕਸਿਤ ਹੋਕੇ ਸਮਾਜਵਾਦ

ਵਿੱਚ ਬਦਲ ਸਕਦੀ ਹੈ," ਇੱਕ ਝੂਠ ਦਾ ਪੁਲੰਦਾ ਹੈ।

ਸਮਾਜਵਾਦੀ ਸਮਾਜ ਵਿੱਚ ਉੱਚ ਉਸਾਰ ਅਤੇ ਆਰਥਿਕ ਅਧਾਰ ਬੁਨਿਆਦੀ ਤੌਰ 'ਤੇ ਇੱਕ ਦੂਸਰੇ ਦੇ ਅਨੁਕੂਲ ਹੁੰਦੇ ਹਨ। ਪਰ ਬੁਰਜੂਆਜ਼ੀ ਅਤੇ ਉਸਦੇ ਵਿਚਾਰਧਾਰਕ ਰੂਪਾਂ ਦੀ ਮੌਜੂਦਗੀ, ਰਾਜ ਦੇ ਅੰਗਾਂ ਵਿੱਚ ਕੰਮ ਦੀਆਂ ਕੁੱਝ ਨੌਕਰਸ਼ਾਹਾਨਾ ਸ਼ੈਲੀਆਂ ਅਤੇ ਰਾਜ ਪ੍ਰਬੰਧ ਦੇ ਕੁੱਝ ਹਿੱਸਿਆਂ ਵਿੱਚ ਮੌਜੂਦ ਕਮੀਆਂ ਕਾਰਨ , ਸਮਾਜਵਾਦੀ ਆਰਥਕ ਅਧਾਰ ਦੇ ਪੱਕੇ ਪੈਰੀਂ ਹੋਣ ਅਤੇ ਵਿਕਾਸ ਦੀ ਪ੍ਰਕਿਰਿਆ ਵਿਚ ਰੁਕਾਵਟ ਪੈਦਾ ਹੁੰਦੀ ਹੈ। ਸਾਨੂੰ ਸਮਾਜਵਾਦੀ ਉੱਚ ਉਸਾਰ ਨੂੰ ਸਮਾਜਵਾਦੀ ਆਰਥਿਕ ਅਧਾਰ ਦੀ ਬੇਹਤਰ ਢੰਗ ਨਾਲ ਸੇਵਾ ਕਰਨ ਯੋਗ ਬਣਾਉਣਾ ਚਾਹੀਦਾ ਹੈ। ਸਾਨੂੰ ਉੱਚ ਉਸਾਰ ਦੇ ਖੇਤਰ ਵਿੱਚ ਸੰਘਰਸ਼ ਨੂੰ ਦ੍ਰਿੜਤਾ ਨਾਲ ਅਤੇ ਡੂੰਘਾਈ ਵਿੱਚ ਸਮਝਣਾ ਚਾਹੀਦਾ ਹੈ ਅਤੇ ਉੱਚ ਉਸਾਰ ਵਿੱਚ ਸਮਾਜਵਾਦੀ ਇਨਕਲਾਬ ਨੂੰ ਅੰਤ ਤੱਕ ਚਲਾਉਣਾ ਚਾਹੀਦਾ ਹੈ।

ਰਾਜਨੀਤਕ ਅਰਥਸ਼ਾਸਤਰ ਵੱਖ-ਵੱਖ ਜਮਾਤਾਂ ਅਤੇ ਤਬਕਿਆਂ ਦੇ ਸਭ ਤੋਂ ਵਧੇਰੇ ਅਮਲੀ ਅਤੇ ਫੌਰੀ ਹਿੱਤਾਂ ਉਪਰ ਵਿਚਾਰ ਕਰਦਾ ਹੈ। ਇਹ ਜਮਾਤੀ ਸੰਘਰਸ਼ ਦੀਆਂ ਸਭ ਤੋਂ ਵੱਧ ਉਘੜਵੀਆਂ ਅਤੇ ਤੀਬਰ ਸਮੱਸਿਆਵਾਂ ਦੀ ਵਿਆਖਿਆ ਕਰਦਾ ਹੈ। ਮਾਰਕਸਵਾਦੀ ਫਲਸਫੇ ਦੀ ਤਰਾਂ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਖੁੱਲ੍ਹੇ ਆਮ ਇਹ ਐਲਾਨ ਕਰਦਾ ਹੈ ਕਿ ਉਹ ਮਜ਼ਦੂਰ ਜਮਾਤ ਦੀ ਸਿਆਸਤ ਦੀ ਸੇਵਾ ਕਰਦਾ ਹੈ। ਰਾਜਨੀਤਕ ਅਰਥਸ਼ਾਸਤਰ ਜਮਾਤੀ ਸੰਘਰਸ਼ ਬਾਰੇ ਇੱਕ ਵਿਗਿਆਨ ਹੈ।

ਰਾਜਨੀਤਕ ਅਰਥਸ਼ਾਸਤਰ ਪਾਰਟੀ ਦੀ ਬੁਨਿਆਦੀ ਲੀਹ ਤੈਅ ਕਰਨ ਦਾ ਸਿਧਾਂਤਕ ਅਧਾਰ ਹੈ

ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਆਧੁਨਿਕ ਮਜਦੂਰ ਜਮਾਤ ਅਤੇ ਵੱਡੀਆਂ ਪੈਦਾਵਾਰੀ ਤਾਕਤਾਂ ਭਾਵ ਵੱਡੀ ਸੱਨਅਤ ਦੇ ਪ੍ਰਗਟ ਹੋਣ ਨਾਲ ਹੋਂਦ ਵਿੱਚ ਆਇਆ। ਮਾਰਕਸ ਨੇ ਆਪਣੇ ਸਮੇਂ ਦੇ ਜਮਾਤੀ ਸੰਘਰਸ਼ਾਂ ਵਿੱਚ ਹਿੱਸਾ ਲਿਆ। ਉਹਨਾਂ ਨੇ ਪੂੰਜੀਵਾਦੀ ਸਮਾਜ ਦੇ ਵਿਸ਼ਲੇਸ਼ਣ ਲਈ ਇਨਕਲਾਬੀ ਪਦਾਰਥਵਾਦੀ ਦਵੰਦਵਾਦ ਦਾ ਪ੍ਰਯੋਗ ਕੀਤਾ। ਉਹਨਾਂ ਨੇ ਸਰਮਾਏਦਾਰਾਂ ਦੁਆਰਾ ਮਜ਼ਦੂਰਾਂ ਦੀ ਲੁੱਟ ਦਾ ਪਰਦਾਫਾਸ਼ ਕੀਤਾ ਅਤੇ ਪੈਦਾਵਾਰ ਦੇ ਸਮਾਜੀਕਰਨ ਅਤੇ ਸਰਮਾਏਦਾਰਾ ਨਿੱਜੀ ਮਾਲਕੀ ਵਿਚਕਾਰ ਵਿਰੋਧਤਾਈ ਨੂੰ ਵਿਗਿਆਨਕ ਢੰਗ ਨਾਲ ਉਜਾਗਰ ਕੀਤਾ। ਇਹ ਵਿਰੋਧਤਾਈ ਮਜ਼ਦੂਰ ਜਮਾਤ ਅਤੇ ਬੁਰਜੁਆਜ਼ੀ ਵਿਚਕਾਰ ਤਿੱਖੀ ਦੁਸ਼ਮਣਾਨਾ ਵਿਰੋਧਤਾਈ ਦੇ ਰੂਪ ਵਿੱਚ ਸਾਹਮਣੇ ਆਈ। ਸਰਮਾਏਦਾਰਾ ਸਮਾਜਕ ਵਿਰੋਧਤਾਈਆਂ ਦੇ ਦਿਨ-ਪ੍ਰਤੀ ਦਿਨ ਵਧਦੇ ਜਾਣ ਦੇ ਨਾਲ ਸਰਮਾਏਦਾਰਾ ਢਾਂਚੇ ਦੀ ਕਬਰ ਪੁੱਟਣ ਵਾਲੀ ਮਜ਼ਦੂਰ ਜਮਾਤ ਦਿਨ-ਪ੍ਰਤੀ ਦਿਨ ਮਜ਼ਬੂਤ ਹੁੰਦੀ ਗਈ। *"ਸਰਮਾਏਦਾਰਾ ਨਿਜੀ ਮਾਲਕੀ ਦੀ ਮੌਤ ਦੀ ਘੰਟੀ ਵੱਜਣ ਵਾਲੀ ਹੈ। ਲੁੱਟਣ ਵਾਲਿਆਂ ਨੂੰ ਲੁੱਟ ਲਿਆ ਜਾਵੇਗਾ।"* [9] ਇਸ ਦਾ ਇਨਕਲਾਬੀ ਅਤੇ ਵਿਗਿਆਨਕ

ਨਤੀਜਾ ਨਿਕਲਿਆ ਕਿ ਸਰਮਾਏਦਾਰੀ ਪ੍ਰਬੰਧ ਦੀ ਥਾਂ ਸਮਾਜਵਾਦੀ ਪ੍ਰਬੰਧ ਅਤੇ ਬੁਰਜੁਆ ਤਾਨਾਸ਼ਾਹੀ ਦੀ ਥਾਂ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਆਉਣਾ ਅਟੱਲ ਹੈ। *"ਮਾਰਕਸ ਆਧੁਨਿਕ ਸਮਾਜ ਵਿੱਚ ਆਰਥਕ ਗਤੀ ਦੇ ਨਿਯਮ ਅਨੁਸਾਰ ਇਸ ਨਤੀਜੇ ਉਪਰ ਪਹੁੰਚੇ"।*[(10)] ਇਸ ਤਰਾਂ ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਮਾਰਕਸਵਾਦੀ ਫਲਸਫੇ ਅਤੇ ਵਿਗਿਆਨਕ ਸਮਾਜਵਾਦ ਨਾਲ ਮਜਦੂਰ ਜਮਾਤ ਦੀ ਸਿਆਸੀ ਪਾਰਟੀ ਲਈ ਆਪਣੀ ਬਨਿਆਦੀ ਨੀਤੀ ਤੈਅ ਕਰਨ ਦਾ ਅਧਾਰ ਬਣ ਗਿਆ। ਮਾਰਕਸਵਾਦ ਦੇ ਸਿਧਾਂਤਕ ਅਧਾਰ ਉਪਰ ਸਰਮਾਏਦਾਰਾ ਹਾਲਤਾਂ ਵਿੱਚ, ਮਜ਼ਦੂਰ ਜਮਾਤ ਦੇ ਇਨਕਲਾਬੀ ਆਗੂਆਂ ਨੇ ਮਜ਼ਦੂਰ ਜਮਾਤ ਦੀ ਪਾਰਟੀ ਲਈ, ਰਾਜਸੀ ਸੱਤ੍ਹਾ ਖੋਹਣ ਲਈ ਇਨਕਲਾਬੀ ਹਿੰਸਾ ਦੇ ਪ੍ਰਯੋਗ ਦੀ ਬੁਨਿਆਦੀ ਕਾਰਜਨੀਤੀ ਸੂਤਰਬੱਧ ਕੀਤੀ। ਉਹਨਾਂ ਨੇ ਬੁਰਜੁਆਜ਼ੀ ਸਮੇਤ ਸਾਰੀਆਂ ਲੁਟੇਰੀਆਂ ਜਮਾਤਾਂ ਨੂੰ ਜੜੋਂ ਪੁੱਟਣ, ਬੁਰਜੁਆ ਤਾਨਾਸ਼ਾਹੀ ਦੀ ਥਾਂਵੇਂ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਸਥਾਪਤ ਕਰਨ, ਪੂੰਜੀਵਾਦ ਉਪਰ ਸਮਾਜਵਾਦ ਦੀ ਜਿੱਤ ਅਤੇ ਕਮਿਊਨਿਜ਼ਮ ਲਈ ਸੰਘਰਸ਼ ਵਿੱਚ ਮਜ਼ਦੂਰ ਜਮਾਤ ਦੀ ਰਹਿਨੁਮਾਈ ਕੀਤੀ।

ਸਮਾਜਵਾਦੀ ਸਮਾਜ ਵਿੱਚ ਵੀ ਮਾਰਕਸਵਾਦੀ ਰਾਜਨੀਤਕ ਅਰਥਸਾਸ਼ਤਰ ਮਜ਼ਦੂਰ ਜਮਾਤ ਦੀ ਪਾਰਟੀ ਦੀ ਬੁਨਿਆਦੀ ਲੀਹ ਤੈਅ ਕਰਨ ਲਈ ਸਿਧਾਂਤਕ ਅਧਾਰ ਮੁਹੱਈਆ ਕਰਦਾ ਹੈ। ਮਾਓ ਨੇ ਸਮਾਜਵਾਦੀ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ, ਉੱਚ ਉਸਾਰ ਅਤੇ ਆਰਥਕ ਅਧਾਰ ਦਰਮਿਆਨ ਵਿਰੋਧਤਾਈਆਂ ਦਾ ਡੂੰਘਾਈ 'ਚ ਵਿਸ਼ਲੇਸ਼ਣ ਕੀਤਾ ਹੈ ਅਤੇ ਸਮਾਜਵਾਦ ਦੇ ਦੌਰ ਵਿੱਚ ਜਮਾਤੀ ਸੰਘਰਸ਼ ਅਤੇ ਲੀਹਾਂ ਦੇ ਲੰਬੇ ਅਤੇ ਗੁੰਝਲਦਾਰ ਖਾਸੇ ਨੂੰ ਦਰਸਾਇਆ ਹੈ। ਇਸ ਸਿਧਾਂਤਕ ਅਧਾਰ ਉਪਰ ਉਹਨਾਂ ਨੇ ਪੂਰੇ ਸਮਾਜਵਾਦੀ ਪੜਾਅ ਵਾਸਤੇ ਸਾਡੀ ਪਾਰਟੀ ਦੀ ਬੁਨਿਆਦੀ ਲੀਹ ਨੂੰ ਅੱਗੇ ਵਧਾਇਆ ਹੈ। ਇਹ ਬੁਨਿਆਦੀ ਲੀਹ ਸਾਨੂੰ ਦਸਦੀ ਹੈ, *"ਸਮਾਜਵਾਦੀ ਸਮਾਜ ਇੱਕ ਕਾਫੀ ਲੰਬੇ ਇਤਿਹਾਸਕ ਸਮੇਂ ਤੱਕ ਮੌਜੂਦ ਰਹਿੰਦਾ ਹੈ। ਇਸ ਪੂਰੇ ਇਤਿਹਾਸਕ ਦੌਰ ਵਿੱਚ ਜਮਾਤਾਂ, ਜਮਾਤੀ ਵਿਰੋਧਤਾਈਆਂ ਅਤੇ ਜਮਾਤੀ ਸੰਘਰਸ਼ ਮੌਜੂਦ ਰਹਿੰਦੇ ਹਨ, ਸਮਾਜਵਾਦੀ ਰਾਹ ਅਤੇ ਪੂੰਜੀਵਾਦ ਰਾਹ ਦਰਮਿਆਨ ਸੰਘਰਸ਼ ਮੌਜੂਦ ਰਹਿੰਦਾ ਹੈ। ਸਾਮਰਾਜਵਾਦ ਦੁਆਰਾ ਸਾਜਿਸ਼-ਭੰਨ ਤੋੜ ਅਤੇ ਹਮਲੇ ਦਾ ਖਤਰਾ ਮੌਜੂਦ ਰਹਿੰਦਾ ਹੈ। ਇਹ ਵਿਰੋਧਤਾਈਆਂ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਤਹਿਤ ਲਗਾਤਾਰ ਇਨਕਲਾਬ ਉਪਰ ਭਰੋਸਾ ਕਰਕੇ ਅਤੇ ਉਸਦੀ ਰਹਿਨੁਮਾਈ ਵਿੱਚ ਅਭਿਆਸ ਰਾਹੀਂ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ।"*[(11)] ਪਾਰਟੀ ਦੀ ਬੁਨਿਆਦੀ ਲੀਹ, ਮਜਦੂਰ ਜਮਾਤ ਦੀ ਤਾਨਾਸ਼ਾਹੀ ਦੇ ਤਹਿਤ ਲਗਾਤਾਰ ਇਨਕਲਾਬ ਜਾਰੀ ਰੱਖਣ, ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਪੱਕੇ ਪੈਰੀਂ ਕਰਨ ਲਈ ਸੰਘਰਸ਼ ਕਰਨ, ਪੂੰਜੀਵਾਦ ਦੀ ਮੁੜਬਹਾਲੀ ਨੂੰ ਰੋਕਣ, ਸਮਾਜਵਾਦ ਦੀ ਉਸਾਰੀ ਅਤੇ ਸਾਰੇ ਸੰਸਾਰ ਵਿੱਚ ਕਮਿਉਨਿਜ਼ਮ ਦੀ ਸਥਾਪਨਾ ਦੇ ਮਹਾਨ ਆਦਰਸ਼ ਲਈ ਸੰਘਰਸ਼ ਵਿੱਚ ਚੀਨੀ ਲੋਕਾਂ ਦੀ ਰਾਹਨੁਮਾਈ ਕਰਦੀ ਹੈ।

ਸਮਾਜਵਾਦੀ ਰਾਜਨੀਤਕ ਅਰਥਸਾਸ਼ਤਰ ਦਾ ਬੁਨਿਆਦੀ ਕਾਰਜ ਸਮਾਜਵਾਦੀ

ਪੈਦਾਵਾਰੀ ਸਬੰਧਾਂ ਦੀ, ਕਮਿਊਨਿਸਟ ਪੈਦਾਵਾਰੀ ਸਬੰਧਾਂ ਵਿੱਚ ਰੂਪ ਬਦਲੀ ਦੇ ਨਿਯਮ ਦਾ ਅਧਿਐਨ ਅਤੇ ਵਿਆਖਿਆ ਕਰਨਾ ਹੈ। ਰਾਜਨੀਤਕ ਅਰਥਸ਼ਾਸਤਰ ਦੀ ਕੁੱਝ ਸਮਝਦਾਰੀ ਸਮਾਜਵਾਦੀ ਆਰਥਕ ਗਤੀ ਦੇ ਬਾਹਰਮੁਖੀ ਨਿਯਮ ਅਤੇ ਵੱਖ-ਵੱਖ ਪੈਦਾਵਾਰੀ ਸਬੰਧਾਂ ਦੇ ਬਣਨ, ਉਹਨਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਵਿਕਾਸ ਦੀ ਅਟੱਲਤਾ ਨੂੰ ਸਮਝਣ ਵਿੱਚ ਸਾਡੀ ਮਦਦ ਕਰਦੀ ਹੈ। ਇਹ ਪਾਰਟੀ ਦੀ ਬੁਨਿਆਦੀ ਲੀਹ ਦੀ ਸਾਡੀ ਸਮਝ ਨੂੰ ਵਧਾਵੇਗੀ ਅਤੇ ਉਸਨੂੰ ਲਾਗੂ ਕਰਨ ਵੱਲ ਸਾਡੀ ਚੌਕਸੀ ਦੇ ਪੱਧਰ ਨੂੰ ਉੱਚਾ ਚੁੱਕੇਗੀ।

ਪਾਰਟੀ ਦੀ ਬੁਨਿਆਦੀ ਲੀਹ ਉਪਰ ਜੋਰ ਦੇਣ ਦਾ ਬਹੁਤ ਜਿਆਦਾ ਮਹੱਤਵ ਹੈ। ਸਧਾਰਨ ਰੂਪ ਵਿੱਚ ਇਸਦਾ ਭਾਵ ਹੈ,"ਮਾਰਕਸਵਾਦ ਨੂੰ ਲਾਗੂ ਕਰੋ ਸੋਧਵਾਦ ਨੂੰ ਨਹੀਂ" ਮਾਰਕਸਵਾਦ ਨੂੰ ਲਾਗੂ ਕਰਨ ਲਈ ਪਹਿਲਾਂ ਸਾਨੂੰ ਮਾਰਕਸਵਾਦ ਸਿੱਖਣਾ ਪਵੇਗਾ। ਸੋਧਵਾਦ ਦਾ ਵਿਰੋਧ ਕਰਨ ਦੇ ਲਈ ਸਾਨੂੰ ਇਹ ਦੱਸ ਸਕਣ ਦੇ ਸਮਰੱਥ ਹੋਣਾ ਚਾਹੀਦਾ ਹੈ ਕਿ ਸੋਧਵਾਦ ਕੀ ਹੈ। ਪਰ ਮਾਰਕਸਵਾਦ ਵਿੱਚ ਫਲਸਫਾ, ਰਾਜਨੀਤਕ ਅਰਥਸਾਸ਼ਤਰ ਅਤੇ ਵਿਗਿਆਨਕ ਸਮਾਜਵਾਦ ਆਉਂਦੇ ਹਨ। ਜੇਕਰ ਅਸੀਂ ਮਾਰਕਸਵਾਦ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਮਾਰਕਸਵਾਦੀ ਫਲਸਫੇ ਅਤੇ ਵਿਗਿਆਨਕ ਸਮਾਜਵਾਦ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਚਾਹੀਦਾ ਹੈ। ਪਰ ਸਾਨੂੰ ਮਾਰਕਸਵਾਦੀ ਰਾਜਨੀਤਕ ਅਰਥਸ਼ਾਸ਼ਤਰ ਦਾ ਵੀ ਗੰਭੀਰਤਾ ਨਾਲ ਅਧਿਐਨ ਕਰਨਾ ਚਾਹੀਦਾ ਹੈ।

ਮਾਰਕਸਵਾਦੀ ਰਾਜਨੀਤਕ ਅਰਥਸਾਸ਼ਤਰ ਸਮੁੱਚੇ ਬੁਰਜੁਆ ਅਤੇ ਸੋਧਵਾਦੀ ਅਰਥਸ਼ਾਸਤਰ ਦੇ ਵਿਰੋਧ ਵਿੱਚ ਹੈ ਅਤੇ ਇਹ ਬੁਰਜੁਆ ਅਤੇ ਸੋਧਵਾਦੀ ਰਾਜਨੀਤਕ ਅਰਥਸਾਸ਼ਤਰ ਨੂੰ ਚੁਣੌਤੀ ਦੇਣ ਦੀ ਪ੍ਰਕਿਰਿਆ ਵਿੱਚ ਹੀ ਵਿਕਸਤ ਹੋਇਆ ਹੈ। ਮਾਰਕਸਵਾਦੀ ਰਾਜਨੀਤਕ ਅਰਥਸਾਸ਼ਤਰ ਸਿੱਖਣ ਨਾਲ ਮਾਰਕਸਵਾਦ ਅਤੇ ਸੋਧਵਾਦ, ਸਮਾਜਵਾਦ ਅਤੇ ਪੂੰਜੀਵਾਦ, ਮਜਦੂਰ ਜਮਾਤ ਅਤੇ ਬੁਰਜੁਆਜ਼ੀ ਵਿਚਕਾਰ ਫਰਕ ਕਰਨ ਵਿੱਚ ਮਦਦ ਮਿਲਦੀ ਹੈ। ਇਹ ਭਟਕਾਅ ਵੱਲ ਵਧ ਰਹੇ ਰੁਝਾਨਾਂ ਨੂੰ ਵੀ ਦਰੁਸਤ ਕਰੇਗਾ ਅਤੇ ਸਾਡੀ ਵਿਚਾਰਧਾਰਕ ਚੇਤੰਨਤਾ ਦੇ ਪੱਧਰ ਨੂੰ ਵੀ ਉੱਚਾ ਚੁੱਕੇਗਾ।

ਸੰਖੇਪ ਵਿੱਚ, ਜੇਕਰ ਅਸੀਂ ਪਾਰਟੀ ਵਿਰੋਧੀ ਸੋਚ ਉਪਰ ਜਿੱਤ ਹਾਸਲ ਕਰਨਾ ਚਾਹੁੰਦੇ ਹਾਂ, ਸਮਾਜਵਾਦ ਦੇ ਪੜਾਅ ਵਿੱਚ ਪਾਰਟੀ ਦੀ ਬੁਨਿਆਦੀ ਲੀਹ ਨੂੰ ਬੇਹਤਰ ਢੰਗ ਨਾਲ ਲਾਗੂ ਕਰਨਾ ਚਾਹੁੰਦੇ ਹਾਂ, ਲਿਨ ਪਿਆਓ ਦੀ ਡੂੰਘਾਈ 'ਚ ਅਲੋਚਨਾ ਕਰਨਾ ਚਾਹੁੰਦੇ ਹਾਂ ਅਤੇ ਆਪਣੀ ਕਾਰਜ਼ਸ਼ੈਲੀ ਵਿੱਚ ਸੁਧਾਰ ਕਰਨਾ ਚਾਹੁੰਦੇ ਹਾਂ ਅਤੇ ਮਹਾਨ ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦੀ ਉੱਦਮ ਦੇ ਖੇਤਰ ਵਿੱਚ ਨਵੀਆਂ ਅਤੇ ਵੱਡੀਆਂ ਜਿੱਤਾਂ ਹਾਸਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁੱਝ ਰਾਜਨੀਤਕ ਅਰਥਸ਼ਾਸਤਰ ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ।

ਰਾਜਨੀਤਕ ਅਰਥਸ਼ਾਸਤਰ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਿਧਾਂਤ ਅਤੇ ਅਭਿਆਸ ਦਾ ਸੁਮੇਲ ਕਰੋ

ਰਾਜਨੀਤਕ ਅਰਥਸ਼ਾਸਤਰ ਦਵੰਦਵਾਦੀ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਦਾ ਪ੍ਰਗਟਾਅ ਅਤੇ ਪ੍ਰਯੋਗ ਹੈ। ਰਾਜਨੀਤਕ ਅਰਥਸ਼ਾਸਤਰ ਸਿੱਖਣ ਲਈ ਸਾਨੂੰ ਦਵੰਦਵਾਦੀ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਤੋਂ ਅਗਵਾਈ ਲੈਣੀ ਚਾਹੀਦੀ ਹੈ। *"ਦਵੰਦਵਾਦੀ ਵਿਧੀ ਹਰੇਕ ਰਚਨਾ ਨੂੰ ਉਸਦੀ ਲਗਾਤਾਰ ਗਤੀ ਅਤੇ ਉਸਦੇ ਅਸਥਾਈ ਖਾਸੇ ਦੇ ਅਧਾਰ ਉਪਰ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਇਹ ਕਿਸੇ ਚੀਜ਼ ਨੂੰ ਪੂਜਦੀ ਨਹੀਂ ਇਸਦਾ ਸੁਭਾਅ ਅਲੋਚਨਾਤਮਕ ਤੇ ਇਨਕਲਾਬੀ ਹੈ।"* (12) ਇਹ ਮਜ਼ਦੂਰ ਜਮਾਤੀ ਨਜ਼ਰੀਆ ਵਿਚਾਰਵਾਦ ਅਤੇ ਅਧਿਆਤਮਵਾਦ ਦਾ ਪ੍ਰਤੱਖ ਵਿਰੋਧੀ ਹੈ। ਜਦੋਂ ਅਸੀਂ ਦਵੰਦਵਾਦੀ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਨੂੰ ਚੰਗੀ ਤਰ੍ਹਾਂ ਜਾਣ ਲਵਾਂਗੇ ਅਤੇ ਪੂੰਜੀਵਾਦੀ ਸਮਾਜ ਅਤੇ ਅਰਥਚਾਰੇ ਵਿੱਚ ਗਤੀ ਦੇ ਨਿਯਮ ਦਾ ਨਿਰੀਖਣ ਕਰਨ ਅਤੇ ਉਸਦੇ ਵਿਸ਼ਲੇਸ਼ਣ ਲਈ ਉਹਨਾਂ ਦਾ ਪ੍ਰਯੋਗ ਕਰਾਂਗੇ, ਤਦ ਹੀ ਅਸੀਂ ਇਹ ਸਮਝ ਸਕਾਂਗੇ ਕਿ ਕਿਉਂ ਸਰਮਾਏਦਰੀ ਦਾ ਖਾਤਮਾ ਅਤੇ ਸਮਾਜਵਾਦ ਦੀ ਜਿੱਤ ਲਾਜ਼ਮੀ ਹੈ। ਜਦੋਂ ਅਸੀਂ ਉਹਨਾਂ ਦਾ ਪ੍ਰਯੋਗ ਕਰਕੇ ਸਮਾਜਵਾਦੀ ਸਮਾਜ ਅਤੇ ਅਰਥਚਾਰੇ ਵਿੱਚ ਗਤੀ ਦੇ ਨਿਯਮ ਦਾ ਨਿਰੀਖਣ ਅਤੇ ਵਿਸ਼ਲੇਸ਼ਣ ਕਰਾਂਗੇ ਤਦ ਹੀ ਅਸੀਂ ਸਮਾਜਵਾਦੀ ਸਮਾਜ ਵਿੱਚ ਜਮਾਤੀ ਸੰਘਰਸ਼ ਅਤੇ ਲੀਹਾਂ ਦੇ ਸੰਘਰਸ਼ ਦੀ ਮਿਆਦ ਅਤੇ ਪੇਚੀਦਗੀ ਨੂੰ ਸਮਝ ਸਕਾਂਗੇ ਅਤੇ ਸਿਰਫ ਤਾਂ ਹੀ ਅਸੀਂ ਸਮਾਜਵਾਦ ਤੋਂ ਕਮਿਊਨਿਜਮ ਵੱਲ ਵਿਕਾਸ ਦੇ ਆਮ ਰੁਝਾਨ ਅਤੇ ਇਸ ਗੱਲ ਨੂੰ ਸਮਝ ਸਕਾਂਗੇ ਕਿ ਕਿਉਂ ਇਸ ਨੂੰ ਮਨੁੱਖੀ ਇੱਛਾ ਅਨੁਸਾਰ ਰੋਕਿਆ ਨਹੀਂ ਜਾ ਸਕਦਾ। ਇਹ ਕਮਿਊਨਿਸਟ ਉੱਦਮ ਦੀ ਆਖਰੀ ਜਿੱਤ ਲਈ ਪੂਰੀ ਦ੍ਰਿੜਤਾ, ਕੁਰਬਾਨੀ ਦੀ ਭਾਵਨਾ ਨਾਲ ਅਤੇ ਮੁਸ਼ਕਲਾਂ ਦੇ ਡਰ ਤੋਂ ਸੁਰਖਰੂ ਹੋ ਕੇ ਸੰਘਰਸ਼ ਕਰਨ ਦੇ ਸਾਡੇ ਵਿਸ਼ਵਾਸ਼ ਨੂੰ ਮਜ਼ਬੂਤ ਬਣਾਏਗਾ।

ਰਾਜਨੀਤਕ ਅਰਥਸ਼ਾਸਤਰ ਦੇ ਅਧਿਐਨ ਲਈ ਸਾਨੂੰ ਸਿੱਖਣ ਦੀ ਇਨਕਲਾਬੀ ਸ਼ੈਲੀ ਉਪਰ ਜ਼ੋਰ ਦੇਣਾ ਚਾਹੀਦਾ ਹੈ ਜੋ ਸਿਧਾਂਤ ਅਤੇ ਅਭਿਆਸ ਦਾ ਮੇਲ ਕਰਦੀ ਹੈ। ਚੇਅਰਮੈਨ ਮਾਓ ਸਾਨੂੰ ਦਸਦੇ ਹਨ, *"ਕਿ ਸਾਨੂੰ ਮਾਰਕਸਵਾਦੀ ਸਿਧਾਂਤ ਨੂੰ ਪੂਰੀ ਤਰ੍ਹਾਂ ਜਾਨਣਾ ਚਾਹੀਦਾ ਹੈ ਅਤੇ ਉਸਨੂੰ ਲਾਗੂ ਕਰਨ ਦੇ ਸਮਰੱਥ ਵੀ ਹੋਣਾ ਚਾਹੀਦਾ ਹੈ। ਇਸ ਨੂੰ ਪੂਰੀ ਤਰ੍ਹਾਂ ਜਾਨਣ ਦਾ ਉਦੇਸ਼ ਇਸ ਨੂੰ ਲਾਗੂ ਕਰਨ ਵਿੱਚ ਨਿਹਿਤ ਹੈ।"* (13) ਸਿਧਾਂਤ ਅਤੇ ਅਭਿਆਸ ਦਾ ਮੇਲ ਕਰਨਾ ਇਨਕਲਾਬੀ ਜ਼ਾਬਤੇ ਅਤੇ ਪਾਰਟੀ ਦੇ ਖਾਸੇ ਦਾ ਸਵਾਲ ਹੈ। ਸਾਨੂੰ ਰਾਜਨੀਤਕ ਅਰਥਸ਼ਾਸਤਰ ਦੇ ਅਧਿਐਨ ਨੂੰ ਆਧੁਨਿਕ ਸੋਧਵਾਦ ਦੀ ਅਲੋਚਨਾ ਦੇ ਨਾਲ, ਲਿਓ-ਸ਼ਾਓ-ਚੀ, ਲਿਨ ਪਿਆਓ ਅਤੇ ਅਜਿਹੇ ਧੋਖੇਬਾਜਾਂ ਦੁਆਰਾ ਫੈਲਾਏ ਜਾਣ ਵਾਲੇ ਪਿਛਾਖੜੀ ਭਰਮਪੂਰਨ ਵਿਚਾਰਾਂ ਦੀ ਅਲੋਚਨਾ ਨਾਲ, ਜਮਾਤੀ ਸੰਘਰਸ਼, ਪੈਦਾਵਾਰ ਲਈ ਸੰਘਰਸ਼ ਅਤੇ ਵਿਗਿਆਨਕ ਪ੍ਰਯੋਗ ਦੇ ਤਿੰਨ ਮਹਾਨ ਇਨਕਲਾਬੀ ਅਭਿਆਸਾਂ ਨਾਲ

ਅਤੇ ਸੰਸਾਰ ਨਜ਼ਰੀਏ ਦੀ ਰੂਪ ਬਦਲੀ ਨਾਲ ਜੋੜਨਾ ਚਾਹੀਦਾ ਹੈ। *"ਮਾਰਕਸਵਦੀ ਫਲਸਫਾ ਇਹ ਮੰਨਦਾ ਹੈ ਕਿ ਸਭ ਤੋਂ ਵਧੇਰੇ ਅਹਿਮ ਸਵਾਲ ਬਾਹਰਮੁਖੀ ਸੰਸਾਰ ਦੇ ਨਿਯਮਾਂ ਦੀ ਸਮਝ ਦੇ ਜ਼ਰੀਏ ਦੁਨੀਆਂ ਦੀ ਵਿਆਖਿਆ ਕਰਨ ਦੇ ਯੋਗ ਹੋਣ ਦਾ ਨਹੀਂ ਸਗੋਂ ਇਸ ਸਮਝ ਨੂੰ ਦੁਨੀਆਂ ਨੂੰ ਬਦਲਣ ਦੇ ਲਈ ਵਰਤੋਂ ਕਰਨ ਦੇ ਯੋਗ ਹੋਣ ਦਾ ਹੈ।"*[(14)]

ਕੀ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਨੂੰ ਸਿੱਖਣਾ ਮੁਸ਼ਕਿਲ ਹੈ ? ਹਾਂ! ਸਰਮਾਇਆ ਦੇ ਪਹਿਲੇ ਐਡੀਸ਼ਨ ਦੀ ਭੂਮਿਕਾ ਵਿੱਚ ਮਾਰਕਸ ਨੇ ਕਿਹਾ ਸੀ,*" ਹਰ ਚੀਜ਼ ਸ਼ੁਰੂ ਵਿੱਚ ਮੁਸ਼ਕਿਲ ਹੁੰਦੀ ਹੈ। ਹਰ ਵਿਗਿਆਨ ਅਜਿਹਾ ਹੀ ਹੁੰਦਾ ਹੈ। "* ਬਾਹਰਮੁਖੀ ਵਰਤਾਰਿਆਂ ਦੇ ਠੋਸ ਵਿਸ਼ਲੇਸ਼ਣ ਵਿੱਚ ਮਾਰਕਸਵਾਦੀ ਰਾਜਨੀਤਕ ਅਰਥਸਾਸਤਰ ਸਤਹ ਨੂੰ ਵਿੰਨ੍ਹਦਾ ਹੈ, ਸਾਰ ਨੂੰ ਫੜਦਾ ਹੈ ਅਤੇ ਵਿਗਿਆਨਕ ਅਮੂਰਤਨ ਵਿੱਚ ਜਾਂਦਾ ਹੈ। ਇਸ ਲਈ ਜਦੋਂ ਅਸੀਂ ਸ਼ੁਰੂ ਕਰਦੇ ਹਾਂ ਤਾਂ ਆਮ ਤੌਰ 'ਤੇ ਸਾਡਾ ਵਾਹ ਅਜਿਹੇ ਸ਼ਬਦਾਂ ਅਤੇ ਸੰਕਲਪਾਂ ਨਾਲ ਪੈਂਦਾ ਹੈ ਜਿੰਨ੍ਹਾਂ ਨੂੰ ਸਮਝਣਾ ਮੁਸ਼ਕਿਲ ਹੁੰਦਾ ਹੈ। ਪਰ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਮਜਦੂਰ ਜਮਾਤ ਲਈ ਲਿਖਿਆ ਗਿਆ ਹੈ ਅਤੇ ਇਹ ਮਜ਼ਦੂਰ ਇਨਕਲਾਬ ਦੀ ਗੱਲ ਕਰਦਾ ਹੈ। ਜੇਕਰ ਅਸੀਂ ਗੰਭੀਰਤਾ ਨਾਲ ਉਸਦਾ ਅਧਿਐਨ ਕਰਾਂਗੇ ਤਾਂ ਹੌਲੀ-ਹੌਲੀ ਇਸ ਨੂੰ ਸਮਝਣ ਲੱਗਾਂਗੇ। *"ਕੋਈ ਵੀ ਚੀਜ਼ ਮੁਸ਼ਕਿਲ ਨਹੀਂ ਹੁੰਦੀ, ਸਿਰਫ ਲੋਕਾਂ ਵਿੱਚ ਲੋੜੀਂਦੀ ਦ੍ਰਿੜਤਾ ਨਹੀਂ ਹੁੰਦੀ। ਸ਼ੁਰੂ ਕਰਨਾ ਮੁਸ਼ਕਿਲ ਨਹੀਂ ਹੈ ਅਤੇ ਉੱਨਤ ਅਧਿਐਨ ਵੀ ਬਿਲਕੁਲ ਸੰਭਵ ਹੈ। ਬੱਸ ਦ੍ਰਿੜ ਇਰਾਦਾ ਅਤੇ ਸਿੱਖਣ ਦੀ ਯੋਗਤਾ ਹੋਣੀ ਚਾਹੀਦੀ ਹੈ"।*[(15)]

ਮਾਰਕਸ ਨੇ ਇੱਕ ਵਾਰ ਕਿਹਾ ਸੀ,*"ਵਿਗਿਆਨ ਕੋਈ ਸਿੱਧ ਪੱਧਰਾ ਰਸਤਾ ਨਹੀਂ ਹੈ। ਪ੍ਰਤਿਭਾ ਦੇ ਸਿਖਰ 'ਤੇ ਉਹੀ ਪਹੁੰਚ ਸਕਦੇ ਹਨ ਜੋ ਸਿੱਧੇ ਖੜੇ ਪਹਾੜੀ ਰਾਹਾਂ ਉਪਰ ਚੜਨੋਂ ਨਹੀਂ ਡਰਦੇ"।*[16] ਮਜਦੂਰ ਜਮਾਤ ਦੇ ਇਨਕਲਾਬੀ ਆਗੂਆਂ ਨੇ ਆਪਣੀ ਸਾਰੀ ਜਿੰਦਗੀ ਮਾਰਕਸਵਾਦੀ ਫਲਸਫੇ ਨੂੰ ਸਥਾਪਿਤ ਕਰਨ ਅਤੇ ਵਿਕਸਿਤ ਕਰਨ ਵਿੱਚ ਲਗਾਈ। ਉਹਨਾਂ ਦੀਆਂ ਜਗਮਗਾਉਂਦੀਆਂ ਮਿਸਾਲਾਂ ਤੋਂ ਅਗਵਾਈ ਲੈਂਦੇ ਹੋਏ ਅਤੇ ਮਾਰਕਸ, ਲੈਨਿਨ ਅਤੇ ਮਾਓ ਦੀਆਂ ਲਿਖਤਾਂ ਨੂੰ ਮਿਹਨਤ ਨਾਲ ਪੜ੍ਹਦੇ ਹੋਏ ਸਾਨੂੰ ਇਸ ਮਾਰਕਸਵਾਦੀ ਹਥਿਆਰ ਦੇ ਵਰਤਣ ਵਿੱਚ ਮੁਹਾਰਤ ਹਾਸਿਲ ਕਰਨ ਲਈ, ਸਮਾਜਵਾਦੀ ਇਨਕਲਾਬ ਅਤੇ ਸਮਾਜਵਾਦੀ ਉਸਾਰੀ ਦੇ ਉੱਦਮ ਲਈ ਅਤੇ ਦੁਨੀਆਂ ਭਰ ਵਿੱਚ ਕਮਿਊਨਿਜ਼ਮ ਦੀ ਸਥਾਪਨਾ ਲਈ ਸੰਘਰਸ਼ ਕਰਨਾ ਚਾਹੀਦਾ ਹੈ।

ਪ੍ਰਮੁੱਖ ਅਧਿਐਨ ਸਮੱਗਰੀ:

ਮਾਰਕਸ, 'ਰਾਜਨੀਤਕ ਅਰਥਸ਼ਾਸਤਰ ਦੀ ਅਲੋਚਨਾ' ਦੀ ਭੂਮਿਕਾ
ਏਂਗਲਜ਼, 'ਡੂਹਰਿੰਗ ਵਿਰੁੱਧ' ਭਾਗ ਦੋ, ਪਾਠ ਇੱਕ
ਲੈਨਿਨ, 'ਕਾਰਲ ਮਾਰਕਸ' (ਮਾਰਕਸ ਦੇ ਆਰਥਕ ਸਿਧਾਂਤ)
ਮਾਓ, 'ਵਿਰੋਧਤਾਈ ਬਾਰੇ' ਭਾਗ ਚੌਥਾ

ਮਾਓ, 'ਲੋਕਾਂ ਦਰਮਿਆਨ ਵਿਰੋਧਤਾਈਆਂ ਨੂੰ ਹੱਲ ਕਰਨ ਬਾਰੇ' ਭਾਗ ਪਹਿਲਾ

ਪੜਚੋਲ ਲਈ ਪ੍ਰਸ਼ਨ:

(1) ਰਾਜਨੀਤਕ ਅਰਥਸ਼ਾਸਤਰ ਜਮਾਤੀ ਸੰਘਰਸ਼ ਦਾ ਵਿਗਿਆਨ ਕਿਉਂ ਹੈ ?

(2) ਅਸੀਂ ਅਜਿਹਾ ਕਿਉਂ ਕਹਿਦੇ ਹਾਂ ਕਿ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਪਾਰਟੀ ਦੀ ਬੁਨਿਆਦੀ ਲੀਹ ਲਈ ਇੱਕ ਅਹਿਮ ਸਿਧਾਂਤਕ ਅਧਾਰ ਹੈ ?

(3) ਰਾਜਨੀਤਕ ਅਰਥਸ਼ਾਸਤਰ ਨੂੰ ਚੰਗੀ ਤਰ੍ਹਾਂ ਕਿਵੇਂ ਸਿੱਖਿਆ ਜਾ ਸਕਦਾ ਹੈ ?

ਨੋਟਸ :

(1) ਏਂਗਲਜ਼," ਕਾਰਲ ਮਾਰਕਸ , ਰਾਜਨੀਤਕ ਅਰਥਸ਼ਾਸਤਰ ਦੀ ਅਲੋਚਨਾ" ਮਾਰਕਸ ਏਂਗਲਜ਼ ਚੋਣਵੀਆਂ ਲਿਖਤਾਂ, ਸੈਂਚੀ-2, ਚੀਨੀ ਐਡੀਸ਼ਨ 1972, ਪੰਨਾ 123.

(2) 'ਅਭਿਆਸ ਬਾਰੇ' ਮਾਓ ਜ਼ੇ ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਚੀਨੀ ਐਡੀਸ਼ਨ, 1968, ਪੰਨਾ 259.

(3) ਮਾਰਕਸ, ਉਜ਼ਰਤੀ ਕਿਰਤ ਅਤੇ ਸਰਮਾਇਆ, ਮਾਰਕਸ ਏਂਗਲਜ਼ ਚੋਣਵੀਆਂ ਲਿਖਤਾਂ, ਸੈਂਚੀ 2, ਚੀਨੀ ਐਡੀਸ਼ਨ, 1972 ਪੰਨਾ 362.

(4) 'ਲਮਕਵੇਂ ਲੋਕ ਯੁੱਧ ਬਾਰੇ' ਮਾਓ-ਜ਼ੇ-ਤੁੰਗ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 2, ਚੀਨੀ ਐਡੀਸ਼ਨ, 1968 ਪੰਨਾ 437.

(5) "ਇਤਿਹਾਸ ਦੇ ਵਿਚਾਰਵਾਦੀ ਸੰਕਲਪ ਦਾ ਦੀਵਾਲੀਆਪਣ " ਮਾਓ ਜ਼ੇ ਤੁੰਗ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 4, 1968 ਪੰਨਾ 437.

(6) ਮਾਰਕਸ, "ਰਾਜਨੀਤਕ ਅਰਥਸ਼ਾਸਤਰ ਦੀ ਅਲੋਚਨਾ ਦੀ ਭੂਮਿਕਾ", ਮਾਰਕਸ ਏਂਗਲਜ਼ ਚੋਣਵੀਆਂ ਲਿਖਤਾਂ, ਜਿਲਦ 2, ਚੀਨੀ ਐਡੀਸ਼ਨ, 1972 ਪੰਨਾ 821.

(7) ਉਪਰੋਕਤ, ਪੰਨਾ 831.

(8) ਸਟਾਲਿਨ, ਮਾਰਕਸਵਾਦ ਅਤੇ ਭਾਸ਼ਾ ਵਿਗਿਆਨ ਦੀਆਂ ਸਮੱਸਿਆਵਾਂ' ਚੀਨੀ ਐਡੀਸ਼ਨ 1971 ਪੰਨਾ 41

(9) ਮਾਰਕਸ, ਪੂੰਜੀ ਸੈਂਚੀ-1, ਮਾਰਕਸ ਏਂਗਲਜ਼ ਸਮੁੱਚੀਆਂ ਲਿਖਤਾਂ, ਸੈਂਚੀ 23, ਪੰਨਾ 831-32.

(10)"ਕਾਰਲ ਮਾਰਕਸ",ਲੈਨਿਨ ਦੀਆਂ ਚੋਣਵੀਆਂ ਲਿਖਤਾਂ, ਸੈਂਚੀ 2, ਚੀਨੀ ਐਡੀਸ਼ਨ, 1972 ਪੰਨਾ 599.

(11) "ਚੀਨੀ ਕਮਿਊਨਿਸਟ ਪਾਰਟੀ ਦਾ ਸੰਵਿਧਾਨ" ਚੀਨੀ ਕਮਿਊਨਿਸਟ ਪਾਰਟੀ ਦੀ ਦਸਵੀਂ ਕਾਂਗਰਸ ਦੇ ਦਸਤਾਵੇਜ਼,ਚੀਨੀ ਐਡੀਸ਼ਨ, 1973, ਪੰਨਾ 44.

(12) ਮਾਰਕਸ, "ਸਰਮਾਏ ਦੇ ਦੂਸਰੇ ਐਡੀਸ਼ਨ ਦੀ ਅੰਤਿਕਾ" ਮਾਰਕਸ-ਏਂਗਲਜ਼

ਸਮੁੱਚੀਆਂ ਕਿਰਤਾਂ ਸੈਂਚੀ 23 ਪੰਨਾ 24.

(13) "ਪਾਰਟੀ ਦੀ ਕਾਰਜਸ਼ੈਲੀ ਵਿੱਚ ਸੁਧਾਰ ਕਰੋ " ਮਾਓ ਜ਼ੇ ਤੁੰਗ, ਸਮੁੱਚੀਆਂ ਲਿਖਤਾਂ, ਸੈਂਚੀ 3, ਚੀਨੀ ਐਡੀਸ਼ਨ 1968, ਪੰਨਾ 773.

(14) "ਅਭਿਆਸ ਬਾਰੇ" ਮਾਓ ਜ਼ੇ ਤੁੰਗ ਦੀਆਂ ਚੋਣਵੀਆਂ ਲਿਖਤਾਂ, ਸੈਂਚੀ 1, ਚੀਨੀ ਐਡੀਸ਼ਨ, 1968 ਪੰਨਾ 268.

(15) "ਚੀਨੀ ਇਨਕਲਾਬੀ ਯੁੱਧ ਦੀਆਂ ਯੁੱਧਨੀਤਕ ਸਮੱਸਿਆਵਾਂ" ਮਾਓ ਜ਼ੇ ਤੁੰਗ, ਚੋਣਵੀਆਂ ਕਿਰਤਾਂ ਸੈਂਚੀ 1,ਚੀਨੀ ਐਡੀਸ਼ਨ 1968 ਪੰਨਾ 165.

(16) ਮਾਰਕਸ, ਸਰਮਾਇਆ ਦੇ ਫਰਾਂਸੀਸੀ ਐਡੀਸ਼ਨ ਦੀ ਭੂਮਿਕਾ, ਮਾਰਕਸ ਏਂਗਲਜ਼ ਸਮੁੱਚੀਆਂ ਲਿਖਤਾਂ, ਸੈਂਚੀ 23 ਪੰਨਾ 26.

* * * * * * * * * * * * *

2

ਪੂਰਵ ਪੂੰਜੀਵਾਦੀ ਸਮਾਜਕ ਅਤੇ ਆਰਥਕ ਪ੍ਰਬੰਧ

ਮੁੱਢ-ਕਦੀਮੀ, ਗੁਲਾਮਦਾਰੀ ਅਤੇ ਜਗੀਰੂ ਸਮਾਜਾਂ ਵਿੱਚ ਪੈਦਾਵਾਰੀ ਸਬੰਧ

ਮੁੱਢ–ਕਦੀਮੀ, ਗੁਲਾਮਦਾਰੀ ਅਤੇ ਜਗੀਰੂ ਸਮਾਜ, ਇਹ ਤਿੰਨ ਸਮਾਜਕ ਪ੍ਰਬੰਧ ਪੂੰਜੀਵਾਦੀ ਪਹਿਲਾਂ ਤੋਂ ਮੌਜੂਦ ਸਨ। ਇਹਨਾਂ ਸਮਾਜਾਂ 'ਚ ਪੈਦਾਵਾਰੀ ਸਬੰਧਾਂ ਦੀ ਥਾਂ ਬਦਲੀ ਅਤੇ ਤਬਾਦਲੇ ਨੂੰ ਸਮਝਣ ਨਾਲ ਸਾਨੂੰ ਮਨੁੱਖੀ ਸਮਾਜ 'ਚ ਪੈਦਾਵਾਰੀ ਸਬੰਧਾਂ ਦੇ ਵਿਕਾਸ ਦੀ ਇਤਿਹਾਸਿਕ ਪ੍ਰਕਿਰਿਆ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ। ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੇ ਜਨਮ ਅਤੇ ਵਿਕਾਸ ਅਤੇ ਸਮਾਜਵਾਦੀ ਪੈਦਾਵਾਰੀ ਸਬੰਧਾਂ ਦੁਆਰਾ ਉਹਨਾਂ ਦੀ ਅਟੱਲ ਥਾਂ ਬਦਲੀ ਨੂੰ ਕੰਟਰੋਲ ਕਰਨ ਵਾਲੇ ਇਤਿਹਾਸਿਕ ਨਿਯਮ ਨੂੰ ਸਮਝਣ ਲਈ ਇਹ ਵਿਸ਼ੇਸ਼ ਰੂਪ 'ਚ ਮਹੱਤਵਪੂਰਨ ਹੈ।

ਮੁੱਢ-ਕਦੀਮੀ ਕਮਿਊਨਾਂ ਨੇ ਮਨੁੱਖੀ ਇਤਿਹਾਸ ਦੇ ਸਭ ਤੋਂ ਪਹਿਲੇ ਪੈਦਾਵਾਰੀ ਸਬੰਧ ਸਥਾਪਤ ਕੀਤੇ

ਕਿਰਤ ਨੇ ਮਨੁੱਖ ਨੂੰ ਸਿਰਜਿਆ

ਮੁੱਢ–ਕਦੀਮੀ ਸਮਾਜ ਪਸ਼ੂ ਜਗਤ ਤੋਂ ਮਨੁੱਖ ਦੇ ਵੱਖ ਹੋਣ ਨਾਲ ਸ਼ੁਰੂ ਹੋਇਆ। ਮਨੁੱਖ ਦੇ ਉਭਰਨ ਦੇ ਨਾਲ ਨਾਲ ਮਨੁੱਖੀ ਸਮਾਜ ਹੋਂਦ ਵਿੱਚ ਆਏ। ਮਨੁੱਖ ਨਾਲ, ਮਨੱਖੀ ਸਮਾਜ ਦੇ ਪਹਿਲੇ ਅਧਿਆਏ ਦੀ ਸ਼ੁਰੂਆਤ ਹੋਈ।

ਮਨੁੱਖੀ ਸਮਾਜ ਦਾ ਇਤਿਹਾਸ ਲਗਭਗ ਦਹਿ ਲੱਖ ਸਾਲ ਪੁਰਾਣਾ ਹੈ। ਮਨੁੱਖ ਦੇ ਪੂਰਵਜ਼ ਬਹੁਤ ਹੀ ਵਿਕਸਿਤ ਨਸਲ ਦੇ ਨਰ ਬਾਂਦਰ ਸਨ।ਨਰ–ਬਾਂਦਰ ਮਨੁੱਖ ਵਜੋਂ ਕਿਵੇਂ ਵਿਕਸਿਤ ਹੋ ਗਿਆ ? ਇਸਦਾ ਉਤਰ ਕਿਰਤ 'ਚ ਪਿਆ ਹੈ। ਕਿਰਤ ਸੰਦਾਂ ਦੇ ਬਣਾਉਣ ਤੋਂ ਸ਼ੁਰੂ ਹੋਈ। ਨਰ ਬਾਂਦਰ ਤੋਂ ਮਨੁੱਖ ਬਣਨ ਦੀ ਪ੍ਰਕਿਰਿਆ 'ਚ ਕੁਦਰਤੀ ਚੀਜ਼ਾਂ ਨੂੰ ਲੋੜੀਂਦੇ ਸੰਦਾਂ ਵਿੱਚ ਬਦਲਿਆ ਗਿਆ। ਇੱਕ ਪੱਥਰ ਨੂੰ ਦੂਜੇ ਤੇ ਮਾਰ ਕੇ ਪੱਥਰ ਨੂੰ ਚਾਕੂ ਜਾਂ ਕੁਹਾੜੇ ਬਣਾਉਣ ਜਾਂ ਟਾਹਣੀਆਂ ਤੋਂ ਅਣਘੜ ਸੰਦ ਬਣਾਉਣ ਜਿਹੇ ਮਾਮੂਲੀ ਕੰਮਾਂ 'ਚੋਂ ਇੱਕ

ਮਹਾਨ ਇਨਕਲਾਬ ਸਾਹਮਣੇ ਆਇਆ। ਮਨੁੱਖ ਨੇ ਆਪਣੇ ਆਪ ਨੂੰ ਪਸ਼ੂ ਜਗਤ ਤੋਂ ਵੱਖ ਕਰ ਲਿਆ ਅਤੇ ਉਹ ਕੁਦਰਤ ਦੀ ਰੂਪ ਬਦਲੀ ਅਤੇ ਉਸ 'ਤੇ ਜਿੱਤ ਪ੍ਰਪਤ ਕਰਨ ਲਈ ਸੰਦ ਬਣਾਉਣ ਵਾਸਤੇ ਆਪਣੇ ਹੱਥਾਂ 'ਤੇ ਵਿਸ਼ਵਾਸ਼ ਕਰ ਸਕਦਾ ਸੀ। ਜਿਵੇਂ ਕਿ ਏਂਗਲਜ਼ ਨੇ ਕਿਹਾ ਹੈ, *"ਕਿਰਤ ਮਨੁੱਖੀ ਜੀਵਨ ਦੀ ਬੁਨਿਆਦੀ ਸ਼ਰਤ ਹੈ। ਇਹ ਇਸ ਹੱਦ ਤੱਕ ਠੀਕ ਹੈ ਕਿ ਕਿਰਤ ਨੇ ਹੀ ਮਨੁੱਖ ਦੀ ਸਿਰਜਣਾ ਕੀਤੀ ਹੈ"*।(1) ਕਿਰਤ ਦੀ ਲੰਮੇਰੀ ਪ੍ਰਕਿਰਿਆ 'ਚ ਮਨੁੱਖ ਨੇ ਪੱਥਰ ਦੇ ਸੰਦ ਬਣਾਉਣਾ, ਸ਼ਿਕਾਰ ਕਰਨਾ ਅਤੇ ਮੱਛੀ ਫ਼ੜਨਾ ਸਿੱਖਿਆ। ਉਸਨੇ ਤੀਰ ਕਮਾਨ ਦੀ ਖੋਜ ਕੀਤੀ। ਅੱਗ ਦੀ ਖੋਜ ਅਤੇ ਉਸ ਦੀ ਵਰਤੋਂ ਵਿਸ਼ੇਸ਼ ਰੂਪ 'ਚ ਅਹਿਮ ਸੀ। ਇਸ ਨੇ ਕੁਦਰਤ ਦੀ ਰੂਪ ਬਦਲੀ ਕਰਨ ਅਤੇ ਇਸ 'ਤੇ ਜਿੱਤ ਪ੍ਰਾਪਤ ਕਰਨ ਦੀ ਮਨੁੱਖ ਦੀ ਤਾਕਤ ਵਿੱਚ ਹੋਰ ਵਾਧਾ ਕੀਤਾ। ਏਂਗਲਜ਼ ਨੇ ਇਸ ਪ੍ਰਾਪਤੀ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹਨਾਂ ਨੇ ਕਿਹਾ ਹੈ, *"ਜਿੱਥੋਂ ਤੱਕ ਸਾਰੀ ਦੁਨੀਆਂ ਦੀ ਮੁਕਤੀ ਦਾ ਸਵਾਲ ਹੈ, ਰਗੜ ਨਾਲ ਅੱਗ ਪੈਦਾ ਕਰਨ ਦੀ ਖੋਜ ਭਾਫ਼ ਇੰਜਣ ਦੀ ਖੋਜ ਤੋਂ ਉਪਰ ਆਉਂਦੀ ਹੈ। ਕਿਉਂਕਿ ਰਗੜ ਨਾਲ਼ ਅੱਗ ਪੈਦਾ ਕਰਨ ਦੀ ਖੋਜ ਮਨੁੱਖ ਨੇ ਕੁਦਰਤੀ ਤਾਕਤ 'ਤੇ ਕਾਬੂ ਪਾਉਣ ਦੇ ਯੋਗ ਬਣਾਇਆ, ਇਸ ਤਰ੍ਹਾਂ ਉਹ ਪਸ਼ੂ ਜਗਤ ਤੋਂ ਵੱਖ ਹੋ ਗਿਆ"।(2)* ਉਸ ਸਮੇਂ ਤੋਂ ਮਨੁੱਖੀ ਸਮਾਜ ਇਸ ਧਰਤੀ 'ਤੇ ਰਸਮੀ ਤੌਰ 'ਤੇ ਹੋਂਦ ਵਿੱਚ ਆਇਆ।

ਪਸ਼ੂ ਜਗਤ ਤੋਂ ਮਨੁੱਖ ਦੇ ਵੱਖ ਹੋਣ ਤੋਂ ਬਾਅਦ ਹੋਣ ਵਾਲੀਆਂ ਪੈਦਾਵਾਰੀ ਸਰਗਰਮੀਆਂ ਸ਼ੁਰੂ ਤੋਂ ਹੀ ਇੱਕ ਤਰ੍ਹਾਂ ਸਮਾਜਕ ਅਤੇ ਸਮੂਹਿਕ ਸਰਗਰਮੀਆਂ ਸਨ। *"ਹਰ ਇੱਕ ਵਿਅਕਤੀ ਮਨੁੱਖੀ ਜੀਵਨ ਦੀਆਂ ਭੌਤਿਕ ਲੋੜਾਂ ਲਈ ਪੈਦਾਵਾਰੀ ਸਰਗਰਮੀਆਂ 'ਚ ਭਾਗ ਲੈਣ ਲਈ ਸਮਾਜ ਦੇ ਹੋਰ ਮੈਂਬਰਾਂ ਨਾਲ਼ ਸਹਿਯੋਗ ਕਰਕੇ ਪੈਦਾਵਾਰੀ ਸਬੰਧ ਕਾਇਮ ਰੱਖਦਾ ਸੀ"।(3)* ਮਨੁੱਖੀ ਸਮਾਜਿਕ ਇਤਿਹਾਸ ਦੇ ਮਹਾਂਕਾਵਿ ਦਾ ਪਹਿਲਾ ਪੰਨਾਂ ਜਿਸ ਸਮੇਂ ਖੁਲ੍ਹਿਆ, ਉਸ ਸਮੇਂ ਦੇ ਪੈਦਾਵਾਰੀ ਸੰਬੰਧ ਆਦਿ ਕਮਿਊਨ ਦੇ ਸਨ ਅਤੇ ਉਹ ਮਨੁੱਖੀ ਇਤਿਹਾਸ ਦੇ ਪਹਿਲੇ ਪੈਦਾਵਾਰੀ ਸੰਬੰਧ ਸਨ।

ਕੁਲ ਕਮਿਊਨ ਦੀ ਮਾਲਕੀ ਆਦਿ ਕਮਿਊਨ ਦੇ ਪੈਦਾਵਾਰੀ ਸੰਬੰਧਾਂ ਦਾ ਆਧਾਰ ਸੀ

ਮੁੱਢ ਕਦੀਮੀ ਸਮਾਜ ਦਾ ਮੁਢਲਾ ਸਮਾਜਿਕ-ਆਰਥਿਕ ਪ੍ਰਬੰਧ ਕੁਲ ਕਮਿਊਨ ਸੀ ਜੋ ਕਿਰਤ ਲਈ ਭਾਈਚਾਰੇ ਦੇ ਆਧਾਰ 'ਤੇ ਕਾਇਮ ਸੀ। ਕੁਲ ਕਮਿਊਨ ਮਾਲਕੀ, ਸਮੂਹਿਕ ਮਾਲਕੀ ਦਾ ਰੂਪ ਸੀ। ਜ਼ਮੀਨ ਅਤੇ ਪੈਦਾਵਾਰ ਦੇ ਹੋਰ ਸਾਧਨਾਂ 'ਤੇ ਕਮਿਊਨ ਦੇ ਸਾਰੇ ਮੈਂਬਰਾਂ ਦੀ ਮਾਲਕੀ ਸੀ। ਉਸ ਸਮੇਂ ਵਰਤੋਂ 'ਚ ਆਉਣ ਵਾਲੇ ਪੱਥਰ ਦੇ ਅਨਘੜ ਚਾਕੂਆਂ, ਕੁਹਾੜਿਆਂ, ਭਾਲ਼ਿਆਂ ਅਤੇ ਤੀਰ ਕਮਾਨਾਂ ਨਾਲ ਕੁਦਰਤ ਦੀਆਂ ਵਿਸ਼ਾਲ ਤਾਕਤਾਂ 'ਤੇ ਸਮੂਹਿਕ ਕਿਰਤ ਨਾਲ ਹੀ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸ ਲਈ ਪੈਦਾਵਾਰ ਦੇ ਸਾਧਨਾਂ ਤੇ ਪੈਦਾਵਾਰ ਦੀ ਵਿਅਕਤੀਗਤ ਮਾਲਕੀ ਸੰਭਵ ਨਹੀਂ ਸੀ। ਪੈਦਾਵਾਰੀ ਤਾਕਤਾਂ

ਦੇ ਨੀਵੇਂ ਪੱਧਰ ਅਧੀਨ ਸਿਰਫ਼ ਇਹ ਕੁਲ ਕਮਿਊਨ ਮਾਲਕੀ ਦਾ ਪ੍ਰਬੰਧ ਹੀ ਪ੍ਰਚਲਿਤ ਸੀ। ਕੁਲ-ਕਮਿਊਨਾਂ ਦੀ ਸਮੂਹਿਕ ਮਾਲਕੀ 'ਚ ਆਉਣ ਵਾਲੇ ਪੈਦਾਵਾਰ ਦੇ ਸਾਧਨਾਂ 'ਚ ਪੈਦਾਵਾਰ ਦੇ ਸੰਦ, ਜ਼ਮੀਨ, ਜੰਗਲ, ਦਰਿਆ ਅਤੇ ਪਸ਼ੂ ਸ਼ਾਮਿਲ ਸਨ। ਹਥਿਆਰਾਂ ਅਤੇ ਤੀਰ ਕਮਾਨਾਂ ਦੀ ਵਰਤੋਂ ਵੱਖੋ-ਵੱਖ ਵਿਅਕਤੀ ਕਰਦੇ ਸਨ ਅਤੇ ਉਹੀ ਉਹਨਾਂ ਨੂੰ ਆਪਣੇ ਕੋਲ ਰੱਖਦੇ ਸਨ।

ਮੁੱਢ ਕਦੀਮੀ ਸਮਾਜ 'ਚ ਸਾਰੇ ਸਿਹਤ-ਮੰਦ ਮੈਂਬਰ ਪੈਦਾਵਾਰੀ ਕਿਰਤ 'ਚ ਹਿੱਸਾ ਲੈਂਦੇ ਸਨ। ਉਹ ਲਿੰਗ ਅਤੇ ਉਮਰ ਦੇ ਆਧਾਰ 'ਤੇ ਇੱਕ ਕੁਦਰਤੀ ਕਿਰਤ ਵੰਡ ਲਾਗੂ ਕਰਦੇ ਸਨ। ਮਰਦ ਸ਼ਿਕਾਰ ਲਈ ਬਾਹਰ ਜਾਂਦੇ ਸਨ, ਬੁੱਢੇ ਮਰਦ ਸੰਦ ਬਣਾਉਂਦੇ ਸਨ ਅਤੇ ਔਰਤਾਂ ਫ਼ਲ, ਕੰਦ-ਮੂਲ ਇੱਕਠਾ ਕਰਦੀਆਂ ਸਨ, ਘਰੇਲੂ ਕੰਮ-ਕਾਜ ਕਰਦੀਆਂ ਸਨ ਅਤੇ ਮੁਢਲੀ ਖੇਤੀ ਕਰਦੀਆਂ ਸਨ। ਬੱਚੇ ਔਰਤਾਂ ਲਈ ਸਹਾਇਕ ਵਜੋਂ ਕੰਮ ਕਰਦੇ ਸਨ। ਪਰਸਪਰ ਸੰਬੰਧ ਮੁੱਢਲੇ ਸਹਿਕਾਰੀ ਸੰਬੰਧ ਸਨ।

ਕੁਲ ਕਮਿਊਨ ਮਾਲਕੀ ਅਤੇ ਸਮੂਹਿਕ ਕਿਰਤ ਦੀਆਂ ਹਾਲਤਾਂ 'ਚ ਪੈਦਾਵਾਰ ਦੀ ਬਰਾਬਰ ਵੰਡ ਹੁੰਦੀ ਸੀ। ਉਸ ਸਮੇਂ ਪੈਦਾਵਾਰੀ ਤਾਕਤਾਂ ਦੇ ਨੀਵੇਂ ਪੱਧਰ ਕਾਰਨ ਕਿਰਤ ਤੋਂ ਪ੍ਰਾਪਤ ਪੈਦਾਵਾਰ ਗੁਜਾਰੇ ਦਾ ਘੱਟੋ-ਘੱਟ ਪੱਧਰ ਬਣਾਈ ਰੱਖਣ ਜਿੰਨੀ ਹੀ ਉਪਲਬਧ ਸੀ ਬਾਕੀ ਬਹੁਤ ਘੱਟ ਬੱਚਦਾ ਸੀ। ਜੇ ਵੰਡ ਬਰਾਬਰ ਨਾ ਹੁੰਦੀ ਤਾਂ ਕੁਲ਼ ਦੇ ਕੁੱਝ ਮੈਂਬਰ ਭੁੱਖੇ ਮਰ ਜਾਂਦੇ ਜਾਂ ਕੁਲ਼ ਪ੍ਰਬੰਧ ਖਿੰਡ ਗਿਆ ਹੁੰਦਾ।

ਮੁੱਢ ਕਦੀਮੀ ਸਮਾਜ ਦੇ ਆਰਥਿਕ ਪ੍ਰਬੰਧ ਨੇ ਇਸ ਦੇ ਅਨੁਰੂਪ ਉੱਚ ਉਸਾਰ ਨੂੰ ਵੀ ਜਨਮ ਦਿੱਤਾ। ਮੁੱਢ ਕਦੀਮੀ ਸਮਾਜ ਕ੍ਰਮਵਾਰ ਮਾਂ ਪ੍ਰਧਾਨ ਅਤੇ ਪਿਉ ਪ੍ਰਧਾਨ ਕੁਲ ਪ੍ਰਬੰਧਾਂ ਦੇ ਪੜਾਵਾਂ 'ਚੋਂ ਹੋ ਕੇ ਲੰਘਿਆ। ਮਾਂ ਪ੍ਰਧਾਨ ਕੁਲ ਦਾ ਬਣਨਾ ਪੈਦਾਵਾਰੀ ਸਰਗਰਮੀਆਂ 'ਚ ਔਰਤਾਂ ਦੀ ਵੱਧ ਮੱਹਤਵਪੂਰਨ ਸਥਿਤੀ ਦਾ ਸਿੱਟਾ ਸੀ। ਉਸ ਸਮੇਂ ਔਰਤਾਂ ਮੁੱਖ ਤੌਰ 'ਤੇ **ਮੁੱਢਲੀ ਖੇਤੀ 'ਚ ਲੱਗੀਆਂ** ਹੋਈਆਂ ਸਨ ਅਤੇ ਮਰਦ ਸ਼ਿਕਾਰ 'ਚ। ਪਰ ਸ਼ਿਕਾਰ ਮੌਸਮ 'ਤੇ ਜ਼ਿਆਦਾ ਨਿਰਭਰ ਸੀ ਅਤੇ ਇਸਦੇ ਸਿੱਟੇ ਨਿਸ਼ਚਿਤ ਨਹੀਂ ਹੁੰਦੇ ਸਨ। ਖੇਤੀ ਜੀਵਨ ਨਿਰਵਾਹ ਦਾ ਜ਼ਿਆਦਾ ਭਰੋਸੇਯੋਗ ਸਾਧਨ ਸੀ। ਇਸ ਲਈ ਸਮਾਜਿਕ ਜੀਵਨ ਔਰਤ ਦੁਆਲੇ ਘੁੰਮਦਾ ਸੀ। ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਨਾਲ਼-ਨਾਲ਼ ਖੇਤੀ ਆਪਣੇ ਮੁੱਢਲੇ ਰੂਪ ਤੋਂ ਵਿਕਸਿਤ ਹੋਈ ਅਤੇ ਪਸ਼ੂ ਪਾਲਣ ਖੇਤੀ ਤੋਂ ਵੱਖ ਹੋ ਗਿਆ। ਪੈਦਾਵਾਰੀ ਸਰਗਰਮੀਆਂ 'ਚ ਮਰਦਾਂ ਦਾ ਮਹੱਤਵ ਵਧਿਆ। ਔਰਤਾਂ ਨੂੰ ਕੇਂਦਰ 'ਚ ਰੱਖ ਕੇ ਹੋਣ ਵਾਲ਼ੇ ਸਮੂਹਿਕ ਵਿਆਹਾਂ ਤੋਂ ਇਕਹਿਰੇ ਵਿਆਹਾਂ ਤੱਕ ਬਦਲਾਅ ਦੇ ਨਾਲ ਔਰਤਾਂ ਦੀ ਸਥਿਤੀ ਹੋਰ ਗੁਲਾਮੀ ਵਾਲੀ ਹੋ ਗਈ ਅਤੇ ਪਿਉ ਪ੍ਰਧਾਨ ਸਮਾਜ ਦੀ ਸ਼ੁਰੂਆਤ ਹੋਈ।

ਕੁਲ਼ ਦੇ ਸਾਰੇ ਬਾਲਗ ਮੈਂਬਰਾਂ ਦੀ ਕੁਲ਼ ਪ੍ਰੀਸ਼ਦ, ਕੁਲ਼ ਕਮਿਊਨਾਂ 'ਚ ਸੱਤ੍ਹਾ ਦੀ ਸਰਵ-ਉਚ ਸੰਸਥਾ ਸੀ। ਉਹ ਕੁਲ ਦੇ ਸਰਦਾਰ ਅਤੇ ਯੁੱਧ ਲਈ ਫੌਜੀ ਆਗੂਆਂ ਨੂੰ ਚੁਣਦੀ ਸੀ ਅਤੇ ਸਾਰੇ ਮਹੱਤਵਪੂਰਨ ਮਸਲਿਆਂ 'ਤੇ ਵਿਚਾਰ ਕਰਦੀ ਸੀ ਅਤੇ ਫ਼ੈਸਲੇ ਲੈਂਦੀ ਸੀ। ਇੱਕ ਅਮਰੀਕੀ ਵਿਦਵਾਨ ਮੌਰਗਨ (ਐਲ. ਐਚ.) ਨੇ ਆਪਣੀ ਕਿਤਾਬ "ਪੁਰਾਤਨ ਸਮਾਜ"

ਵਿੱਚ ਅਮਰੀਕੀ ਇੰਡੀਅਨਾਂ ਦੇ ਕੁਲ ਕਮਿਊਨਾਂ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ,"ਸਾਰੇ ਮੈਂਬਰ ਆਜ਼ਾਦ ਵਿਅਕਤੀ ਸਨ ਅਤੇ ਇੱਕ ਦੂਜੇ ਦੀ ਆਜ਼ਾਦੀ ਦੀ ਰੱਖਿਆ ਲਈ ਵਚਨਬੱਧ ਸਨ। ਸਭ ਨੂੰ ਬਰਾਬਰ ਅਧਿਕਾਰ ਸਨ। ਇੱਥੋਂ ਤੱਕ ਕਿ ਕੁਲ ਦਾ ਸਰਦਾਰ ਅਤੇ ਫੌਜੀ ਆਗੂ ਵੀ ਕਿਸੇ ਵਿਸ਼ੇਸ਼ ਅਧਿਕਾਰ ਦੀ ਮੰਗ ਨਹੀਂ ਕਰਦੇ ਸਨ। ਉਹ ਖ਼ੂਨ ਦੇ ਰਿਸ਼ਤਿਆਂ 'ਤੇ ਆਧਾਰਿਤ ਇੱਕੋ ਦੇਸ਼ ਦੇ ਵਾਸੀ ਸਨ।" ਕੁਲ ਦੀ ਇਹ ਬਣਤਰ ਕੁਲ ਦੇ ਆਰਥਿਕ ਪ੍ਰਬੰਧ ਨੂੰ ਮਜ਼ਬੂਤ ਕਰਨ ਅਤੇ ਵਿਕਸਿਤ ਕਰਨ 'ਚ ਅਤੇ ਉਸ ਸਮੇਂ ਦੀਆਂ ਪੈਦਾਵਾਰੀ ਤਾਕਤਾਂ ਨੂੰ ਵਿਕਸਿਤ ਕਰਨ 'ਚ ਸਹਾਇਕ ਸੀ।

ਮਾਓ ਦੱਸਦੇ ਹਨ,"ਚੀਨੀ ਲੋਕਾਂ (ਮੁੱਖ ਤੌਰ 'ਤੇ ਹਾਨ ਲੋਕਾਂ ਦੇ ਸੰਦਰਭ 'ਚ) ਦਾ ਵਿਕਾਸ ਦੁਨੀਆਂ ਦੇ ਹੋਰ ਲੋਕਾਂ ਵਾਂਗ ਹੀ ਹੋਇਆ। ਉਹ ਕਈ ਹਜ਼ਾਰ ਸਾਲਾਂ ਤੱਕ ਜਮਾਤ-ਰਹਿਤ ਮੁੱਢ ਕਦੀਮੀ ਸਮਾਜ ਵਿੱਚੋਂ ਹੋ ਕੇ ਲੰਘੇ"। (4) ਪੀਕਿੰਗ ਦੇ ਚਾਂਗ-ਕਾਂਗ ਤਿਏਨ ਉਪਨਗਰ 'ਚੋਂ ਮਿਲੇ "ਪੀਕਿੰਗ-ਮਨੁੱਖ" ਨਾਲ ਜੁੜਿਆ ਸਮਾਜ ਚੀਨ ਦੇ ਮੁੱਢ ਕਦੀਮੀ ਸਮਾਜ ਦੇ ਬਿਲਕੁਲ ਸ਼ੁਰੂਆਤੀ ਦੌਰ ਦੀ ਪ੍ਰਤੀਨਿੱਧਤਾ ਕਰਦਾ ਹੈ। ਚੀਨ ਦੇ ਕਈ ਇਲਾਕਿਆਂ 'ਚ ਮਿਲੇ ਬਹੁਤ ਸਾਰੇ ਪੁਰਾਤਨ ਥੇਹਾਂ ਅਤੇ ਮੁੱਢ ਕਦੀਮੀ ਸਮਾਜਾਂ ਦੇ ਸੱਭਿਆਚਾਰਕ ਚਿੰਨ੍ਹ ਇਹ ਸਿੱਧ ਕਰਦੇ ਹਨ ਕਿ ਪੀਲ਼ੀ ਨਦੀ ਦੀ ਘਾਟੀ ਦੇ ਕਿਨਾਰੇ ਸਥਿਤ ਮੱਧ ਖੇਤਰ 'ਚ ਕਦੇ ਮਾਂ ਪ੍ਰਧਾਨ ਕੁਲ ਆਧਾਰਿਤ ਕਬੀਲੇ ਮੌਜੂਦ ਰਹੇ ਸਨ ਅਤੇ ਇਹਨਾਂ ਦਾ ਵਿਸਥਾਰ ਅੰਦਰੂਨੀ ਮੰਗੋਲੀਆ, ਹੇਇਲੁੰਗ-ਕਿਆਂਗ, ਸਿਨ ਕਿਆਂਗ, ਤਿੱਬਤ, ਕੁਆਂਗਸੀ, ਜ਼ੇਚੁਆਨ ਅਤੇ ਯੂਨਾਨ ਤੱਕ ਸੀ। ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਪੀਲ਼ੀ ਨਦੀ ਅਤੇ ਯਾਂਗਸੀ ਨਦੀ ਘਾਟੀਆਂ ਦੇ ਕਿਨਾਰੇ ਦੇ ਕਬੀਲੇ ਹੌਲੀ-ਹੌਲੀ ਪਿਉ ਪ੍ਰਧਾਨ ਕੁਲ ਕਮਿਊਨ 'ਚ ਬਦਲ ਗਏ। ਚੀਨ 'ਚ ਸ਼ੀਆ ਵੰਸ਼ ਦੇ ਸ਼ਾਸ਼ਨ ਤੋਂ ਪਹਿਲਾਂ ਮੁੱਢ ਕਦੀਮੀ ਸਮਾਜ ਕਈ ਲੱਖ ਸਾਲਾਂ ਤੱਕ ਕਾਇਮ ਰਿਹਾ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਮੁੱਢ ਕਦੀਮੀ ਸਮਾਜ 'ਚ ਕੋਈ ਨਿੱਜੀ ਜਾਇਦਾਦ, ਜਮਾਤਾਂ, ਜਮਾਤੀ ਲੁੱਟ ਜਾਂ ਜਮਾਤੀ ਦਾਬਾ ਨਹੀਂ ਸੀ। ਉਹ ਇਸ ਭੁਲੇਖੇ ਦਾ ਮਜ਼ਬੂਤੀ ਨਾਲ ਖੰਡਨ ਕਰਦੇ ਹਨ ਕਿ ਨਿੱਜੀ ਜਾਇਦਾਦ ਅਤੇ ਜਮਾਤਾਂ ਹਮੇਸ਼ਾਂ ਤੋਂ ਹੋਂਦ 'ਚ ਰਹੇ ਹਨ।

ਨਿੱਜੀ ਜਾਇਦਾਦ ਦਾ ਪੈਦਾ ਹੋਣਾ ਅਤੇ ਮੁੱਢਲੇ ਕਮਿਊਨ ਦਾ ਪਤਣ

ਮੁੱਢ ਕਦੀਮੀ ਸਮਾਜ 'ਚ ਵਿਕਾਸ ਦੌਰਾਨ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਕਿਰਤ ਦੀ ਸਮਾਜਿਕ ਵੰਡ ਪੈਦਾ ਹੋਈ। ਸ਼ੁਰੂ ਵਿੱਚ ਪਸ਼ੂ ਪਾਲਣ ਖੇਤੀ ਤੋਂ ਵੱਖ ਹੋ ਗਿਆ। ਕੁੱਝ ਕਬੀਲੇ ਖਾਸ ਤੌਰ 'ਤੇ ਪਸ਼ੂ ਪਾਲਣ ਕਰਨ ਲੱਗੇ ਅਤੇ ਕੁੱਝ ਕਬੀਲਿਆਂ ਨੇ ਖਾਸ ਤੌਰ 'ਤੇ ਖੇਤੀ ਨੂੰ ਅਪਣਾ ਲਿਆ। ਇਹ ਪਹਿਲੀ ਵੱਡੀ ਸਮਾਜਕ ਕਿਰਤ ਵੰਡ ਸੀ। ਕੁੱਝ ਸਮੇਂ ਬਾਅਦ

ਦਸਤਕਾਰੀ ਸਰਗਰਮੀਆਂ ਖੇਤੀ ਤੋਂ ਵੱਖ ਹੋ ਗਈਆਂ। ਇਹ ਦੂਜੀ ਵੱਡੀ ਕਿਰਤ ਵੰਡ ਸੀ। ਮੁੱਢ ਕਦੀਮੀ ਸਮਾਜ ਦੇ ਅੰਤਿਮ ਦੌਰ 'ਚ ਲੋਹੇ ਦੀ ਖੋਜ ਹੋਈ। ਲੋਹੇ ਦਾ ਸਾਹਮਣੇ ਆਉਣਾ ਮਨੁੱਖੀ ਸਮਾਜ ਦੇ ਇੱਕ ਉਚੇ ਪੜਾਅ 'ਚ ਤਰੱਕੀ ਦਾ ਪ੍ਰਤੀਕ ਸੀ। ਪਰ ਇਸ ਨੇ ਮੱਢ ਕਦੀਮੀ ਸਮਾਜ ਦੇ ਪਤਨ ਦਾ ਐਲਾਨ ਵੀ ਕਰ ਦਿੱਤਾ। ਖੇਤੀ, ਪਸ਼ੂ ਪਾਲਣ ਅਤੇ ਦਸਤਕਾਰੀ ਸਰਗਰਮੀਆਂ ਦੇ ਵੱਖੋ-ਵੱਖਰੇ ਖੇਤਰ ਹੋਂਦ 'ਚ ਆਉਣ ਨਾਲ ਵਟਾਂਦਰੇ ਦੇ ਉਦੇਸ਼ ਨਾਲ ਪੈਦਾਵਾਰ ਭਾਵ ਜਿਣਸ ਪੈਦਾਵਾਰ ਸਾਹਮਣੇ ਆਈ।

ਪੈਦਾਵਾਰੀ ਤਾਕਤਾਂ ਦੇ ਅਗਲੇਰੇ ਵਿਕਾਸ ਨਾਲ ਜੀਵਨ ਨਿਰਵਾਹ ਦੇ ਬੁਨਿਆਦੀ ਪੱਧਰ ਨੂੰ ਕਾਇਮ ਰੱਖਣ ਤੋਂ ਬਾਅਦ ਵੀ ਕੁੱਝ ਕੁ ਬਾਕੀ ਬਚਣ ਲੱਗਾ। ਕਿਰਤ ਦੀਆਂ ਦੋ ਵੱਡੀਆਂ ਵੰਡਾਂ ਨੇ ਕਿਰਤ ਦੀ ਉਤਪਾਦਕਤਾ ਵਧਾਈ ਅਤੇ ਖੇਤੀ, ਪਸ਼ੂ ਪਾਲਣ ਅਤੇ ਦਸਤਕਾਰੀ ਸਰਗਰਮੀਆਂ ਦੇ ਵਿਕਾਸ ਨੂੰ ਉਤਸ਼ਾਹਤ ਕੀਤਾ। ਵਾਧੂ ਪੈਦਾਵਾਰ ਅਤੇ ਸਮਾਜਕ ਪੈਦਾਵਾਰ 'ਚ ਵਾਧਾ ਹੋਇਆ। ਇਹਨਾਂ ਹਾਲਤਾਂ ਵਿੱਚ ਕੁੱਝ ਲੋਕਾਂ ਦੁਆਰਾ ਦੂਜੇ ਲੋਕਾਂ ਦੇ ਕਿਰਤ ਉਤਪਾਦਾ ਨੂੰ ਹੜੱਪ ਲੈਣ ਦੀ ਸੰਭਾਵਨਾ ਪੈਦਾ ਹੋਈ। ਦੂਜੇ ਪਾਸੇ ਵਟਾਂਦਰੇ ਦੇ ਵਿਸਥਾਰ ਨਾਲ ਕੁਲ ਦੇ ਸਰਦਾਰ ਦੁਆਰਾ ਕਮਿਊਨ ਦੀ ਜਇਦਾਦ ਨੂੰ ਹੌਲੀ-ਹੌਲੀ ਆਪਣੀ ਨਿੱਜੀ ਜਾਇਦਾਦ 'ਚ ਬਦਲ ਲੈਣ ਦੀ ਸੰਭਾਵਨਾ ਵੀ ਪੈਦਾ ਹੋਈ। ਧਾਤ ਦੇ ਸੰਦਾਂ ਖਾਸ ਕਰਕੇ ਲੋਹੇ ਦੇ ਕੁਹਾੜਿਆਂ, ਲੋਹੇ ਦੀ ਗੈਂਤੀ ਅਤੇ ਲੋਹੇ ਦੇ ਹਲ਼ ਨੇ ਕਿਰਤ ਦੀ ਉਤਪਾਦਕਤਾ 'ਚ ਵਰਨਣ ਯੋਗ ਵਾਧਾ ਕੀਤਾ ਅਤੇ ਵਿਅਕਤੀਗਤ ਪਰਿਵਾਰ ਦੇ ਅਧਾਰ 'ਤੇ ਪੈਦਾਵਾਰ ਦੀਆਂ ਹਾਲਤਾਂ ਤਿਆਰ ਕੀਤੀਆਂ। ਕੁਲ ਅਧਾਰਤ ਮੁਢਲੀ ਸਮੂਹਿਕ ਪੈਦਾਵਾਰ ਹੌਲ਼ੀ-ਹੌਲ਼ੀ ਖਤਮ ਹੋ ਗਈ ਅਤੇ ਉਸ ਦੀ ਥਾਂ ਪਰਿਵਾਰ 'ਤੇ ਅਧਾਰਿਤ ਵਿਅਕਤੀਗਤ ਪੈਦਾਵਾਰ ਨੇ ਲੈ ਲਈ। ਪੈਦਾਵਾਰ ਸਮੂਹਿਕ ਮਸਲੇ ਤੋਂ ਨਿੱਜੀ ਮਸਲੇ 'ਚ ਬਦਲ ਗਈ। ਪੈਦਾਵਾਰ ਦੇ ਸਾਧਨ ਅਤੇ ਪੈਦਾਵਾਰ ਵੀ ਨਿੱਜੀ ਜਾਇਦਾਦ ਬਣ ਗਏ। ਫਿਰ ਜਮੀਨ ਜੋ ਪਹਿਲਾਂ ਸਮੂਹਿਕ ਮਾਲਕੀ ਹੇਠ ਹੁੰਦੀ ਸੀ, ਪਰ ਵਿਅਕਤੀਗਤ ਪਰਿਵਾਰਾਂ ਨੂੰ ਖੇਤੀ ਲਈ ਦਿੱਤੀ ਜਾਂਦੀ ਸੀ, ਉਹ ਵੀ ਨਿੱਜੀ ਹੱਥਾਂ 'ਚ ਚਲੀ ਗਈ। ਨਿੱਜੀ ਮਾਲਕੀ ਹੋਂਦ 'ਚ ਆਈ ਅਤੇ ਮੁਢਲਾ ਕਮਿਊਨ ਖਿੰਡ ਪੁੰਡ ਗਿਆ। ਨਿੱਜੀ ਮਾਲਕੀ ਦੇ ਪੈਦਾ ਹੋਣ ਨਾਲ ਪਰਿਵਾਰਾਂ 'ਚ ਜਾਇਦਾਦ ਦੀ ਵੰਡ 'ਚ ਵੀ ਗੈਰ ਬਰਾਬਰੀ ਪੈਦਾ ਹੋ ਗਈ। ਕੁਲ ਦੇ ਸਰਦਾਰਾਂ ਨੇ ਆਪਣੀ ਤਾਕਤ ਦੀ ਵਰਤੋਂ ਲਗਾਤਾਰ ਸਮੂਹਿਕ ਜਾਇਦਾਦ ਨੂੰ ਆਪਣੀ ਨਿੱਜੀ ਜਾਇਦਾਦ 'ਚ ਬਦਲਣ ਲਈ ਕੀਤੀ ਅਤੇ ਉਹ ਆਪਣੀ ਕੁਲ ਦੇ ਅਮੀਰ ਪਰਿਵਾਰ ਬਣ ਗਏ। ਇਸੇ ਸਮੇਂ ਇਹਨਾਂ ਧਨੀ ਪਰਿਵਾਰਾਂ ਦੀ ਜਾਇਦਾਦ ਵਧਣ ਅਤੇ ਉਹਨਾਂ ਦਾ ਕਾਰਜ ਖੇਤਰ ਫੈਲ ਜਾਣ ਨਾਲ ਕਿਰਤ ਦੀ ਕਮੀ ਮਹਿਸੂਸ ਕੀਤੀ ਜਾਣ ਲੱਗੀ। ਦੂਜੇ ਪਾਸੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ਼ ਗੁਲਾਮਾਂ ਦੀ ਕਿਰਤ ਦੀ ਵਰਤੋਂ ਸੰਭਵ ਅਤੇ ਲਾਭਕਾਰੀ ਹੋ ਗਈ। ਇਸਦੇ ਸਿੱਟੇ ਵਜੋਂ ਜੰਗੀ ਕੈਦੀਆਂ ਨੂੰ ਮਾਰ ਦੇਣ ਦੀ ਥਾਂ 'ਤੇ ਗੁਲਾਮ ਬਣਾਇਆ ਜਾਣ ਲੱਗਾ। ਬਾਅਦ 'ਚ ਕੁਲ ਦੇ ਕੁੱਝ ਗਰੀਬ ਲੋਕ ਵੀ ਧਨੀ ਪਰਿਵਾਰਾਂ ਦੇ ਗੁਲਾਮ ਬਣ ਗਏ। ਲੋਕਾਂ ਦੁਆਰਾ ਲੋਕਾਂ ਦੀ ਲੁੱਟ ਦੀ ਸ਼ੁਰੂਆਤ ਹੋਈ।

ਪੈਦਾਵਾਰ ਦੇ ਵਿਕਾਸ ਅਤੇ ਪੈਦਾਵਾਰ ਦੇ ਵਿਸਥਾਰ ਨਾਲ ਤੀਜੀ ਵੱਡੀ ਕਿਰਤ ਵੰਡ ਸਾਹਮਣੇ ਆਈ। ਅਜਿਹੇ ਵਪਾਰੀ ਸਾਹਮਣੇ ਆਏ ਜੋ ਵਿਸ਼ੇਸ਼ ਤੌਰ 'ਤੇ ਮਾਲ ਦਾ ਵਟਾਂਦਰਾ ਹੀ ਕਰਦੇ ਸਨ। ਮਾਲ ਦੇ ਵਟਾਂਦਰੇ ਦੇ ਵਿਕਾਸ ਨਾਲ ਮੁਦਰਾ ਹੋਂਦ 'ਚ ਆਈ। ਮੁਦਰਾ ਦੇ ਜਨਮ ਨਾਲ ਧਨੀ ਪਰਿਵਾਰ ਸੂਦਖੋਰੀ ਕਰਨ ਲੱਗੇ ਅਤੇ ਜਾਇਦਾਦ ਦੇ ਕੇਂਦਰੀਕਰਨ ਅਤੇ ਕਾਣੀ ਵੰਡ ਦੀ ਪ੍ਰਕਿਰਿਆ ਤੇਜ ਹੋ ਗਈ। ਸਿੱਟੇ ਵਜੋਂ, ਜਾਇਦਾਦ ਤੇਜੀ ਨਾਲ ਮੁੱਠੀ ਭਰ ਗੁਲਾਮ ਮਾਲਕਾਂ ਦੇ ਹੱਥਾਂ 'ਚ ਸਿਮਟ ਗਈ। ਦੂਜੇ ਪਾਸੇ ਕਿਰਤੀਆਂ ਦੀ ਵੱਡੀ ਅਬਾਦੀ ਗਰੀਬੀ ਅਤੇ ਕੰਗਾਲੀ ਕਾਰਨ ਗੁਲਾਮ ਬਣਨ ਲਈ ਮਜ਼ਬੂਰ ਹੋ ਗਈ ਅਤੇ ਗੁਲਾਮਾਂ ਦੀ ਗਿਣਤੀ ਤੇਜੀ ਨਾਲ ਵਧੀ। ਇਸ ਤਰ੍ਹਾਂ ਸਮਾਜ ਦੋ ਜਮਾਤਾਂ 'ਚ ਵੰਡਿਆ ਗਿਆ: ਗੁਲਾਮ ਮਾਲਕ ਅਤੇ ਗਲਾਮ। ਇਹ ਦੋ ਵਿਰੋਧੀ ਜਮਾਤਾਂ ਮਨੁੱਖੀ ਇਤਿਹਾਸ 'ਚ ਪਹਿਲੀ ਵਾਰ ਸਾਹਮਣੇ ਆਈਆਂ। ਜਮਾਤਾਂ ਦੀ ਉਤਪਤੀ ਨਾਲ ਪੁਰਾਣੀ ਕੁਲ ਪ੍ਰੀਸ਼ਦ ਸਮਾਜ ਦੀ ਜਨਤਕ ਸੇਵਕ ਤੋਂ ਇਸ ਦੀ ਮਾਲਕ ਬਣ ਗਈ ਅਤੇ ਮਾਲਕਾਂ ਦੁਆਰਾ ਗੁਲਾਮਾਂ ਦੇ ਦਾਬੇ ਦਾ ਇੱਕ ਸੰਦ ਬਣ ਗਈ। ਉਸ ਸਮੇਂ ਹੀ ਰਾਜ-ਇੱਕ ਜਮਾਤ ਵੱਲੋਂ ਦੂਜੀ ਜਮਾਤ ਉੱਪਰ ਦਾਬੇ ਦੇ ਸੰਦ ਦਾ ਜਨਮ ਹੋਇਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ, *"ਸਮੁੱਚਾ ਸਮਾਜਕ ਇਤਿਹਾਸ ਜਮਾਤੀ ਸੰਘਰਸ਼ ਦਾ ਇਤਿਹਾਸ ਰਿਹਾ ਹੈ"।*[5]

ਗੁਲਾਮਦਾਰੀ ਲੁੱਟ ਦਾ ਪਹਿਲਾ ਪ੍ਰਬੰਧ ਸੀ

ਗੁਲਾਮਦਾਰੀ ਸਮਾਜ 'ਚ ਪੈਦਾਵਾਰੀ ਸਬੰਧਾਂ ਦੀ ਅਟੱਲ ਵਿਸ਼ੇਸ਼ਤਾ ਸੀ ਪੈਦਾਵਾਰ ਦੇ ਸਾਧਨਾਂ ਅਤੇ ਗੁਲਾਮਾਂ 'ਤੇ ਗੁਲਾਮ ਮਾਲਕਾਂ ਦੀ ਮਾਲਕੀ

ਗੁਲਾਮਦਾਰੀ ਸਮਾਜ 'ਚ ਮਾਲਕ ਪੈਦਾਵਾਰ ਦੇ ਸਾਧਨਾਂ ਦਾ ਹੀ ਨਹੀਂ, ਗੁਲਾਮਾਂ ਦਾ ਵੀ ਮਾਲਕ ਹੁੰਦਾ ਸੀ। ਗੁਲਾਮ, ਗੁਲਾਮ ਮਾਲਕ ਦੇ ਸਮੁਚੇ ਅਧਿਕਾਰਾਂ ਹੇਠ ਇੱਕ ਸਜੀਵ ਸੰਦ ਤੋਂ ਬਿਨਾਂ ਕੁੱਝ ਵੀ ਨਹੀਂ ਸੀ। ਗੁਲਾਮ ਦੀ ਸਿਰਫ ਲੁੱਟ ਹੀ ਨਹੀਂ ਹੁੰਦੀ ਸੀ, ਸਗੋਂ ਉਸ ਨਾਲ ਜਾਨਵਰ, ਬਲ਼ੀ ਦੇਣ ਵਾਲੀ ਚੀਜ਼ ਅਤੇ ਜਿਣਸ ਵਜੋਂ ਸਲੂਕ ਕੀਤਾ ਜਾਂਦਾ ਸੀ। ਉਸ ਦਾ ਮਾਲਕ ਉਸ ਨੂੰ ਜਾਨ ਤੋਂ ਵੀ ਮਾਰ ਸਕਦਾ ਸੀ। ਗੁਲਾਮ ਕਿਰਤ ਸ਼ਰੇਆਮ ਜਬਰੀ ਕਿਰਤ ਸੀ। ਮਾਲਕ ਗੁਲਾਮਾਂ ਤੋਂ ਕੰਮ ਕਰਵਾਉਣ ਲਈ ਬੇਰਹਿਮੀ ਨਾਲ ਤਾਕਤ ਦੀ ਵਰਤੋਂ ਕਰਦਾ ਸੀ ਅਤੇ ਆਪਣੇ ਗੁਲਾਮਾਂ ਨੂੰ ਬੁਰੀ ਤਰਾਂ ਤਸੀਹੇ ਦਿੰਦਾ ਸੀ। ਭਗੌੜੇ ਗੁਲਾਮਾ ਨੂੰ ਫੜਨਾ ਸੌਖਾ ਬਣਾਉਣ ਲਈ ਗੁਲਾਮ ਮਾਲਕ ਗੁਲਾਮਾਂ ਨੂੰ ਗਰਮ ਧਾਤ ਨਾਲ ਦਾਗ ਦਿੰਦੇ ਸਨ ਅਤੇ ਉਹਨਾਂ ਨੂੰ ਸੰਗਲਾਂ ਨਾਲ ਬੰਨ ਕੇ ਰਖਦੇ ਸਨ। ਗੁਲਾਮਾਂ ਤੋਂ ਵੱਧ ਤੋਂ ਵੱਧ ਕੰਮ ਅਤੇ ਪੈਦਾਵਾਰ ਕਰਵਾਉਣ ਲਈ ਗੁਲਾਮ ਮਾਲਕ ਵਹਿਸ਼ੀ ਤਰੀਕੇ ਅਪਣਾਉਂਦੇ ਸਨ। ਗੁਲਾਮਾਂ ਦੁਆਰਾ ਪੈਦਾ ਕੀਤੇ ਸਾਰੇ ਉਤਪਾਦ ਮਾਲਕ ਦੇ ਹੁੰਦੇ ਸਨ। ਗੁਲਾਮਾ ਨੂੰ ਜਾਨਵਰਾਂ ਵਾਂਗ ਬਸ ਉਨਾ ਹੀ ਭੋਜਨ ਦਿੱਤਾ ਜਾਂਦਾ ਸੀ ਜਿਸ ਨਾਲ ਉਹ ਜਿੰਦਾ ਰਹਿ ਸਕਣ। ਇਹ ਸਨ ਗੁਲਾਮਦਾਰੀ

ਸਮਾਜ ਦੇ ਪੈਦਾਵਾਰੀ ਸਬੰਧ।

ਮਾਓ ਦਸਦੇ ਹਨ, *"ਚੀਨੀ ਕੌਮ 'ਚ ਮੁੱਢ ਕਦੀਮੀ ਸਮਾਜ ਟੁੱਟ ਕੇ ਜਦੋਂ ਜਮਾਤੀ ਸਮਾਜ ਬਣਿਆਂ, ਉਸ ਸਮੇਂ ਅਤੇ ਵਰਤਮਾਨ ਵਿਚਕਾਰ ਲਗਭਗ ਚਾਰ ਹਜਾਰ ਸਾਲਾਂ ਦਾ ਵਕ.ਫਾ ਹੈ। ਇਹ ਸਾਲ ਗੁਲਾਮਦਾਰੀ ਅਤੇ ਜਗੀਰਦਾਰੀ ਸਮਾਜ 'ਚੋਂ ਹੋ ਕੇ ਲੰਘੇ"*।[6] ਚੀਨ ਸ਼ੀਆ ਵੰਸ਼ ਦੇ ਸ਼ਾਸ਼ਨ ਤੋਂ ਬਾਅਦ ਗੁਲਾਮਦਾਰੀ ਸਮਾਜ ਦੇ ਰੂਪ 'ਚ ਵਿਕਸਿਤ ਹੋਇਆ। ਯਿਨ ਵੰਸ਼ 'ਚ "ਚੁੰਗ-ਜੇਨ " ਅਤੇ "ਸੂ-ਮਿਨ" (ਆਮ ਲੋਕ) ਸਾਰੇ ਗੁਲਾਮ ਸਨ। ਯਿਨ-ਸੁ (ਹੁਨਾਨ ਸੂਬੇ 'ਚ ਯਿਨ ਵੰਸ਼ ਦੀ ਪੁਰਾਤਨ ਰਾਜਧਾਨੀ ਦੇ ਅਵਸ਼ੇਸ਼ ਇੱਥੇ ਮਿਲੇ ਸਨ।) 'ਚ ਖੁਦਾਈ ਦੌਰਾਨ ਮਿਲੀਆਂ ਮਿੱਟੀ ਦੀਆਂ ਮੂਰਤੀਆਂ ਦੇ ਹੱਥ ਬੰਨ੍ਹੇ ਹੋਏ ਸਨ। ਇਹ ਉਸ ਸਮੇਂ ਗੁਲਾਮਾਂ ਦੀ ਜਿੰਦਗੀ ਦਾ ਅਕਸ ਸਨ। ਗੁਲਾਮਾਂ ਦਾ ਕਤਲ ਹੋਰ ਵੀ ਲੂੰ ਕੰਡੇ ਖੜੇ ਕਰਨ ਵਾਲਾ ਸੀ। ਮਾਲਕ ਧਾਰਮਿਕ ਰਸਮਾਂ 'ਚ ਅਕਸਰ ਆਪਣੇ ਗੁਲਾਮਾਂ ਨੂੰ ਬਲੀ ਚੜ੍ਹਾ ਦਿੰਦੇ ਸਨ। ਯਿਨ ਵੰਸ਼ ਦੇ ਸ਼ਾਸਨ ਦੌਰਾਨ ਕੁੱਝ ਰਸਮਾਂ 'ਚ ਇੱਕ ਹਜਾਰ ਤੋਂ ਵੱਧ ਲੋਕ ਮਾਰੇ ਗਏ ਸਨ। ਯਿਨ ਵੰਸ਼ ਦੇ ਮਾਲਕਾਂ ਦੇ ਮਕਬਰਿਆਂ ਤੋਂ ਗੁਲਾਮਾਂ ਦੀਆਂ ਅਸਥੀਆਂ ਮਿਲੀਆਂ ਹਨ, ਜਿੰਨਾਂ ਨੂੰ ਮਾਲਕ ਮਾਰ ਕੇ ਜਾਂ ਜਿਉਂਦਿਆਂ ਹੀ ਦਫਨ ਕਰ ਦਿੰਦੇ ਸਨ। ਇਹ ਇੱਕ-ਇੱਕ ਮਕਬਰੇ 'ਚ ਦਸ ਤੋਂ ਲੈ ਕੇ ਕਈ ਸੌ ਤੱਕ ਸਨ। ਇਹਨਾਂ ਵਿੱਚ ਔਰਤ ਮਰਦ ਇਥੋਂ ਤੱਕ ਕਿ ਬੱਚੇ ਵੀ ਸਨ। ਇਸ 'ਚ ਕੋਈ ਸ਼ੱਕ ਨਹੀਂ ਕਿ ਚੀਨ 'ਚ ਗੁਲਾਮਦਾਰੀ ਸਮਾਜ ਕਾਇਮ ਰਿਹਾ ਹੈ ।

ਪਰ ਚੇਨ ਪੋ-ਤਾ ਵਰਗੇ ਟਰਾਟਸਕੀਵਾਦੀ ਇਹ ਭੁਲੇਖੇ ਪੈਦਾ ਕਰਦੇ ਹਨ ਕਿ ਚੀਨ 'ਚ ਕਦੇ ਗੁਲਾਮਦਾਰੀ ਸਮਾਜ ਹੈ ਹੀ ਨਹੀਂ ਸੀ। ਉਹ ਅਜਿਹਾ ਕਰਕੇ ਮਨੁੱਖੀ ਸਮਾਜ ਦੇ ਮਾਰਕਸਵਾਦੀ ਵਰਗੀਕਰਨ ਦੀ ਸਰਵ-ਵਿਆਪਕ ਸੱਚਾਈ ਨੂੰ ਨਕਾਰਨ ਅਤੇ ਆਪਣੇ ਦੁਆਰਾ ਫ਼ੈਲਾਏ ਭੁਲੇਖਿਆਂ ਲਈ ਸਬੂਤ ਇੱਕਠੇ ਕਰਨ ਦੇ ਅਸਫ਼ਲ ਯਤਨ ਕਰਦੇ ਹਨ ਕਿ ਕਮਿਊਨਿਜ਼ਮ ਚੀਨੀ ਹਾਲਤਾਂ ਦੇ ਅਨੁਕੂਲ ਨਹੀਂ ਹੈ। ਇਹ ਸਿਰੇ ਦੀ ਪਿਛਾਖੜੀ ਅਤੇ ਪੂਰੀ ਤਰਾਂ ਨਿਰਾਰਥਕ ਗੱਲ ਹੈ।

ਜਮਾਤੀ ਦੁਸ਼ਮਣੀ ਕਾਰਨ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਅਤੇ ਮਾਨਸਿਕ ਤੇ ਸਰੀਰਕ ਕਿਰਤ ਵਿਚਕਾਰ ਵਿਰੋਧ ਪੈਦਾ ਹੋਇਆ

ਪਹਿਲਾ ਪੁਰਾਤਨ ਨਗਰ ਗੁਲਾਮਦਾਰੀ ਸਮਾਜ ਦੇ ਆਖ਼ਰੀ ਦੌਰ 'ਚ ਹੋਂਦ 'ਚ ਆਇਆ ਅਤੇ ਇਸਨੂੰ ਸੁਰੱਖਿਆ ਦੇ ਨਜ਼ਰੀਏ ਤੋ ਕਬੀਲਾਈ ਸੰਘ ਦੇ ਮੱਧ ਵਰਤੀ ਖੇਤਰ 'ਚ ਸਥਾਪਿਤ ਕੀਤਾ ਗਿਆ। ਗੁਲਾਮਦਾਰੀ ਸਮਾਜ ਦੀ ਹੋਂਦ ਤੋਂ ਬਾਅਦ ਅਤੇ ਖੇਤੀ, ਦਸਤਕਾਰੀ, ਉਦਯੋਗ ਅਤੇ ਮਾਲ ਦੇ ਵਟਾਂਦਰੇ ਦੇ ਵਿਕਾਸ ਨਾਲ ਸ਼ਹਿਰ ਅਤੇ ਪਿੰਡ ਦਾ ਵਿਰੋਧ ਪੈਦਾ ਹੋਇਆ।

ਉਸ ਸਮੇਂ ਸਨਅਤੀ ਪੈਦਾਵਾਰ ਦਸਤਕਾਰੀ ਪੈਦਾਵਾਰ ਹੀ ਸੀ। ਸ਼ਹਿਰ ਦਸਤਕਾਰੀ

ਸੱਨਅਤ ਦਾ ਕੇਂਦਰ ਸੀ। ਦਸਤਕਾਰੀ ਸੱਨਅਤ ਦਾ ਵਿਕਾਸ ਵਪਾਰ ਦੇ ਵਿਕਾਸ ਨਾਲ ਜੁੜਿਆ ਹੋਇਆ ਸੀ। ਇਸ ਲਈ ਸ਼ਹਿਰ ਵਪਾਰਕ ਸਰਗਰਮੀਆਂ ਦਾ ਵੀ ਕੇਂਦਰ ਸੀ। ਚੀਨ ’ਚ ਯਿਨ ਵੰਸ਼ ਦੌਰਾਨ ਵਪਾਰ ਤੇਜੀ ਨਾਲ ਵਿਕਸਿਤ ਹੋਇਆ। ਵਪਾਰਕ ਨਗਰ ਉਭਰ ਆਏ। ਯਿਨ ਵੰਸ਼ ਨੂੰ ਸਾਂਗ ਵੰਸ਼ ਵੀ ਕਿਹਾ ਜਾਂਦਾ ਸੀ। (ਚੀਨੀ ਭਾਸ਼ਾ ’ਚ ਸਾਂਗ ਦਾ ਅਰਥ ਹੈ ਵਪਾਰ) ਅੱਜ ਦੇ ਯਿਨ-ਸੁ ਵਾਲੀ ਥਾਂ ’ਤੇ ਯਿਨ ਵੰਸ਼ ਦੌਰਾਨ ਇੱਕ ਵੱਡਾ ਵਪਾਰਕ ਨਗਰ ਸੀ।

ਗੁਲਾਮ ਮਾਲਕਾਂ ਨੇ ਗੁਲਾਮਦਾਰੀ ਸਮਾਜ ਦੇ ਆਰਥਿਕ ਆਧਾਰ ਦੇ ਅਨੁਕੂਲ ਉੱਚ ਉਸਾਰ ਨੂੰ ਵੀ ਸਥਾਪਿਤ ਕੀਤਾ ਅਤੇ ਸ਼ਹਿਰ ਗੁਲਾਮਦਾਰੀ ਸਮਾਜ ਦਾ ਸਿਆਸੀ ਕੇਂਦਰ ਬਣ ਗਿਆ। ਗੁਲਾਮ ਮਾਲਕਾਂ ਨੇ ਗੁਲਾਮਾਂ ਦੀ ਬਗਾਵਤ ਨੂੰ ਕੁਚਲ ਦੇਣ ਲਈ ਸ਼ਹਿਰਾਂ ’ਚ ਰਾਜ ਦੀ ਮਸ਼ੀਨਰੀ ਨੂੰ ਮਜ਼ਬੂਤ ਕਰਨ ਤੇ ਬਹੁਤ ਧਿਆਨ ਦਿੱਤਾ। ਅਣਗਿਣਤ ਗੁਲਾਮ ਮਾਲਕ, ਵੱਡੇ ਵਪਾਰੀ, ਸੂਦਖੋਰ ਅਤੇ ਨੌਕਰਸ਼ਾਹ ਸ਼ਹਿਰਾਂ ’ਚ ਵਿਲਾਸਤਾ ਭਰਭੂਰ ਜਿੰਦਗੀ ਬਤੀਤ ਕਰਦੇ ਸਨ। ਆਪਣੀਆਂ ਮਨੋਰੰਜਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਲਕਾਂ ਨੇ ਗੁਲਾਮਾਂ ਨੂੰ ਮਜ਼ਬੂਰ ਕਰਕੇ ਖੂਬਸੂਰਤ ਮਹਿਲ, ਮੰਦਿਰ, ਥਿਏਟਰ ਅਤੇ ਹੋਰ ਜਨਤਕ ਥਾਂਵਾਂ ਦੀ ਉਸਾਰੀ ਕਰਵਾਈ ਸ਼ਹਿਰ ਹੌਲੀ ਹੌਲੀ ਗੁਲਾਮਦਾਰੀ ਸਮਾਜ ਦੇ ਸੱਭਿਆਚਾਰਕ ਕੇਂਦਰ ਵਜੋਂ ਸਥਾਪਤ ਹੋਇਆ।

ਇਸ ਤਰ੍ਹਾਂ ਗੁਲਾਮਦਾਰੀ ਸਮਾਜ ’ਚ ਸ਼ਹਿਰ ਨੇ ਇੱਕ ਦਬਦਬੇ ਵਾਲੀ ਆਰਥਿਕ, ਸਿਆਸੀ ਅਤੇ ਵਿਚਾਰਧਾਰਕ ਭੂਮਿਕਾ ਅਖਤਿਆਰ ਕਰ ਲਈ ਅਤੇ ਸ਼ਹਿਰ ਅਤੇ ਪਿੰਡ ਵਿਚਕਾਰ ਵਿਰੋਧ ਨੂੰ ਜਨਮ ਦਿੱਤਾ। ਸ਼ਹਿਰ ਅਤੇ ਪਿੰਡ ਵਿਚਕਾਰ ਵਿਰੋਧ, ਤਿੱਖੀਆਂ ਜਮਾਤੀ ਵਿਰੋਧਤਾਈਆਂ ਦੀ ਪੈਦਾਇਸ਼ ਸੀ ਅਤੇ ਸ਼ਹਿਰ ਦੁਆਰਾ ਪਿੰਡ ਦੀ ਲੁੱਟ ਇਸਦੀ ਲਖਣਾਇਕ ਵਿਸ਼ੇਸ਼ਤਾ ਸੀ।

ਮੁੱਢ ਕਦੀਮੀ ਸਮਾਜ ’ਚ ਸਾਰੇ ਸਿਹਤਮੰਦ ਲੋਕ ਪੈਦਾਵਾਰ ’ਚ ਹਿੱਸਾ ਲੈਂਦੇ ਸਨ। ਮਾਨਸਿਕ ਕਿਰਤ ਦੀ ਕੋਈ ਵਿਸ਼ੇਸ਼ ਥਾਂ ਨਹੀਂ ਸੀ ਗੁਲਾਮਦਾਰੀ ਸਮਾਜ ’ਚ ਸਥਿਤੀ ਇਸ ਤੋਂ ਵੱਖ ਸੀ। ਗੁਲਾਮ ਕਿਰਤ ਦੁਆਰਾ ਵੱਡੀ ਮਾਤਰਾ ’ਚ ਪੈਦਾ ਕੀਤੇ ਗਏ ਵਾਧੂ ਉਤਪਾਦਾਂ ਦੇ ਨਤੀਜੇ ਵਜੋਂ ਗੁਲਾਮ ਮਾਲਕਾਂ ਲਈ ਇਹ ਸੰਭਵ ਹੋ ਗਿਆ ਕਿ ਉਹ ਆਪਣੇ ਆਪ ਨੂੰ ਪੈਦਾਵਾਰੀ ਕਿਰਤ ਤੋਂ ਵੱਖ ਕਰ ਲੈਣ। ਉਸ ਸਮੇਂ ਸਰੀਰਕ ਅਤੇ ਮਾਨਸਿਕ ਕਿਰਤ ਵਿਚਕਾਰ ਵੰਡ ਲਾਜ਼ਮੀ ਅਤੇ ਸੰਭਵ ਸੀ। ਸਰੀਰਕ ਅਤੇ ਮਾਨਸਿਕ ਕਿਰਤ ਦੀ ਇਹ ਵੰਡ ਸ਼ੁਰੂ ਤੋਂ ਹੀ ਵੈਰ ਵਿਰੋਧ ਵਾਲੀ ਸੀ। ਸਭਿਆਚਾਰਕ ਸਿੱਖਿਆ ਗੁਲਾਮ ਮਾਲਕਾਂ ਦਾ ਵਿਸ਼ੇਸ਼ ਅਧਿਕਾਰ ਸੀ। *“ਭੌਤਿਕ ਪੈਦਾਵਾਰ ਦੇ ਸਾਧਨਾਂ ’ਤੇ ਕਾਬੂ ਰੱਖਣ ਵਾਲੀ ਜਮਾਤ ਮਾਨਸਿਕ ਪੈਦਾਵਾਰ ਦੇ ਸਾਧਨਾਂ ’ਤੇ ਵੀ ਕਾਬੂ ਰੱਖਦੀ ਸੀ। ਇਸ ਲਈ ਮਾਨਸਿਕ ਉਤਪਾਦਨ ਦੇ ਸਾਧਨਾਂ ਤੋਂ ਵਿਰਵੇ ਲੋਕਾਂ ਦੀ ਸੋਚ ਆਮ ਤੌਰ ’ਤੇ ਹਾਕਮ ਜਮਾਤ ਦੇ ਪ੍ਰਭਾਵ ਹੇਠ ਹੁੰਦੀ ਸੀ”।*[(7)]

ਗੁਲਾਮ ਮਾਲਕ ਜਮਾਤ ਨੇ ਇਹ ਭੁਲੇਖਾ ਫ਼ਲਾਉਣ ਦਾ ਹਰ ਸੰਭਵ ਯਤਨ ਕੀਤਾ ਕਿ, “ਮਾਨਸਿਕ ਕੰਮ ਕਰਨ ਵਾਲੇ ਦੂਜਿਆਂ ’ਤੇ ਰਾਜ ਕਰਦੇ ਹਨ ਜਦੋਂਕਿ ਸਰੀਰਕ ਕਿਰਤ

ਕਰਨ ਵਾਲਿਆਂ 'ਤੇ ਦੂਜੇ ਰਾਜ ਕਰਦੇ ਹਨ।" ਇਸਨੇ ਗੁਲਾਮਾਂ ਅਤੇ ਦੂਜੇ ਮਿਹਨਤੀ ਲੋਕਾਂ 'ਤੇ ਰਾਜ ਕਰਨ ਅਤੇ ਗੁਲਾਮ ਮਾਲਕਾਂ ਦੀ ਤਾਨਾਸ਼ਾਹੀ ਨੂੰ ਮਜਬੂਤ ਕਰਨ ਲਈ ਆਪਣੀ ਸਿਆਸਤ, ਕਾਨੂੰਨ, ਫਲਸਫ਼ੇ ਅਤੇ ਵਿਚਾਰਧਾਰਾ ਦੀ ਸਾਧਨਾਂ ਦੇ ਰੂਪ 'ਚ ਭਰਭੂਰ ਵਰਤੋਂ ਕੀਤੀ।

ਗੁਲਾਮਾਂ ਦੀ ਬਗਾਵਤ ਨੇ ਗੁਲਾਮ ਪ੍ਰਥਾ ਦੇ ਪਤਣ ਨੂੰ ਤੇਜ ਕਰ ਦਿੱਤਾ

ਗੁਲਾਮ ਪ੍ਰਥਾ ਸਮਾਜ 'ਚ ਆਉਣ ਵਾਲਾ ਇੱਕ ਜ਼ਰੂਰੀ ਪੜਾਅ ਸੀ। ਇਸਦਾ ਜਨਮ ਮੌਜੂਦਾ ਪੈਦਾਵਾਰੀ ਤਾਕਤਾਂ ਦੀਆਂ ਲੋੜਾਂ ਦੇ ਅਨੁਕੂਲ ਸੀ। ਗੁਲਾਮਦਾਰੀ ਸਮਾਜ 'ਚ ਜੰਗੀ ਕੈਦੀਆਂ ਨੂੰ ਸਮੂਹਿਕ ਤੌਰ 'ਤੇ ਕਤਲ ਨਹੀਂ ਕੀਤਾ ਜਾਂਦਾ ਸੀ। ਇਸ ਦੀ ਬਜਾਏ ਉਹਨਾਂ ਨੂੰ ਕੰਮ ਕਰਨ ਲਈ ਜਿਉਂਦਾ ਰੱਖਿਆ ਜਾਂਦਾ ਸੀ। ਇਹ ਪੈਦਾਵਾਰ ਦੇ ਵਿਕਾਸ 'ਚ ਸਹਾਇਕ ਕਦਮ ਸੀ। ਗੁਲਾਮ ਮਾਲਕਾਂ ਕੋਲ ਵੱਡੀ ਗਿਣਤੀ ਵਿੱਚ ਪੈਦਾਵਾਰ ਦੇ ਸਾਧਨ ਅਤੇ ਕਿਰਤ ਮੌਜੂਦ ਹੋਣ ਨਾਲ ਇਹ ਸੰਭਵ ਹੋ ਗਿਆ ਕਿ ਵੱਡੇ ਪੱਧਰ 'ਤੇ ਪੈਦਾਵਾਰ ਅਤੇ ਸਹਿਕਾਰ ਨੂੰ ਜਥੇਬੰਦ ਕੀਤਾ ਜਾਵੇ। ਧਾਤ ਦੇ ਸੰਦਾਂ ਦੀ ਵਰਤੋਂ ਨਾਲ ਖੇਤੀ, ਪਸ਼ੂ ਪਾਲਣ ਅਤੇ ਦਸਤਕਾਰੀ ਉਦਯੋਗ ਤੇਜੀ ਨਾਲ ਵਿਕਸਿਤ ਹੋਇਆ। ਖੇਤੀ ਕੌਮੀ ਅਰਥਚਾਰੇ ਦਾ ਸਭ ਤੋਂ ਮਹੱਤਵਪੂਰਨ ਅੰਗ ਬਣ ਗਈ। ਘੋੜਾ, ਮੱਝ, ਗਾਂ, ਭੇਡ, ਮੁਰਗੀ, ਕੁੱਤਾ ਅਤੇ ਸੂਰ ਜਿਹੇ ਜਾਨਵਰਾਂ ਨੂੰ ਪਾਲਤੂ ਬਣਾਇਆ ਗਿਆ। ਚੀਨ 'ਚ ਗੁਲਾਮਦਾਰੀ ਸਮਾਜ ਦੇ ਦੌਰ ਦਾ ਬਣਿਆ ਧਾਰਮਿਕ ਰਸਮਾਂ 'ਚ ਕੰਮ ਆਉਂਦਾ ਇੱਕ ਕਾਂਸੀ ਦਾ ਭਾਂਡਾ ਮਿਲਿਆ ਹੈ। 110 ਸੈਂ.ਮੀ. ਲੰਬੇ, 77 ਸੈਂ.ਮੀ. ਚੌੜੇ, 137 ਸੈਂ.ਮੀ. ਉੱਚੇ 1400 ਕੈਟੀ. ਭਾਰ ਦੇ ਇਸ ਭਾਂਡੇ ਨੂੰ ਦਸਤਕਾਰਾਂ ਦੇ ਰਲਵੇਂ ਯਤਨਾਂ ਨਾਲ, ਬਾਰੀਕ, ਖੂਬਸੂਰਤ ਡਿਜ਼ਾਇਨ ਸਹਿਤ ਸਾਂਚੇ 'ਚ ਢਾਲ ਕੇ ਬਣਾਇਆ ਗਿਆ ਸੀ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਉਸ ਸਮੇਂ ਪੈਦਾਵਾਰੀ ਕਲਾ ਤੇ ਦਸਤਕਾਰੀ ਕਿੰਨੇ ਉੱਚੇ ਪੱਧਰ ਤੱਕ ਪਹੁੰਚ ਚੁੱਕੇ ਸਨ।

ਗੁਲਾਮਦਾਰੀ ਸਮਾਜ ਦੇ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਇੱਕ ਹੱਦ ਤੱਕ ਅੱਗੇ ਲੈ ਕੇ ਗਏ। ਪਰ ਇਹਨਾਂ ਪੈਦਾਵਾਰੀ ਸਬੰਧਾਂ 'ਚ ਪੈਦਾਵਾਰੀ ਤਾਕਤਾਂ ਦੇ ਹੋਰ ਵਿਕਾਸ ਪ੍ਰਤੀ ਵਿਰੋਧਤਾਈਆਂ ਸਮੋਈਆਂ ਹੋਈਆਂ ਸਨ। ਪੈਦਾਵਾਰੀ ਤਾਕਤਾਂ ਦੇ ਵਿਕਸਿਤ ਹੋਣ ਨਾਲ ਇਹ ਵਿਰੋਧਤਾਈਆਂ ਹੋਰ ਤਿੱਖੀਆਂ ਹੋ ਗਈਆਂ ਸਨ। ਗੁਲਾਮਾਂ ਦੀ ਵੱਡੀ ਅਬਾਦੀ ਗੁਲਾਮ ਮਾਲਕਾਂ ਦੇ ਵਹਿਸ਼ੀ ਲੁੱਟ ਦਾਬੇ ਨੂੰ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦੀ ਸੀ। ਉਹ ਕੰਮ ਦੀ ਰਫ਼ਤਾਰ ਹੌਲੀ ਕਰ ਦਿੰਦੇ ਸਨ, ਬਹੁਤ ਸਾਰੇ ਗੁਲਾਮ ਇੱਕਠੇ ਹੋ ਕੇ ਭੱਜ ਜਾਂਦੇ ਸਨ ਅਤੇ ਜਾਣਬੁੱਝ ਕੇ ਪੈਦਾਵਾਰ ਦੇ ਸੰਦਾਂ ਨੂੰ ਨਸ਼ਟ ਕਰ ਦਿੰਦੇ ਸਨ। ਇੱਕ ਪਾਸੇ ਮਾਲਕਾਂ ਨੇ ਉਹਨਾਂ 'ਤੇ ਜਬਰ ਤੇਜ ਕਰ ਦਿੱਤਾ ਜਿਸ ਨਾਲ ਬਹੁਤ ਵੱਡੀ ਸੰਖਿਆ 'ਚ ਗੁਲਾਮਾਂ ਦੀ ਬੇਵਕਤੀ ਮੌਤ ਹੋਣ ਲੱਗੀ ਅਤੇ ਦੂਜੇ ਪਾਸੇ ਉਹ ਭਾਰੇ ਸੰਦ ਲੈ ਆਏ ਜਿੰਨ੍ਹਾਂ ਨੂੰ ਅਸਾਨੀ ਨਾਲ ਨੁਕਸਾਨ ਨਹੀਂ ਪਹੁਚਾਇਆ ਜਾ ਸਕਦਾ ਸੀ। ਪਰ ਇਸ ਨਾਲ ਪੈਦਾਵਾਰੀ

ਤਾਕਤਾਂ ਦੇ ਵਿਕਾਸ ਵਿੱਚ ਖੜੋਤ ਆਉਣ ਲੱਗੀ। ਪੈਦਾਵਾਰੀ ਤਾਕਤਾਂ ਦੇ ਵਿਕਾਸ 'ਚ ਰੁਕਾਵਟ ਦਾ ਇੱਕ ਕਾਰਨ ਪ੍ਰਬੰਧ ਵੱਲੋਂ ਸਰੀਰਕ ਕੰਮ ਪ੍ਰਤੀ ਪੈਦਾ ਕੀਤਾ ਗਿਆ ਨਫ਼ਰਤ ਵਾਲਾ ਨਜ਼ਰੀਆ ਵੀ ਸੀ। ਉੱਜੜ ਗਏ ਛੋਟੇ ਉਤਪਾਦਕ ਸਰੀਰਕ ਕੰਮ ਵਿੱਚ ਲੱਗਣ ਦੀ ਥਾਂ ਇੱਧਰ-ਉੱਧਰ ਘੁੰਮਣਾ ਪਸੰਦ ਕਰਦੇ ਸਨ। ਇਸ ਸਭ ਕੁੱਝ ਤੋਂ ਪਤਾ ਲਗਦਾ ਸੀ ਕਿ ਗੁਲਾਮਦਾਰੀ ਸਮਾਜ ਦੇ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਅਨੁਕੂਲ ਨਹੀਂ ਰਹੇ ਸਨ। ਇਹਨਾਂ ਦਾ ਖਾਤਮਾਂ ਉਨਾ ਹੀ ਜਰੂਰੀ ਸੀ ਜਿੰਨਾ ਇਹਨਾਂ ਦਾ ਪੈਦਾ ਹੋਣਾ।

ਗੁਲਾਮਦਾਰੀ ਸਮਾਜ ਦੇ ਅੰਤਿਮ ਦੌਰ ਵਿੱਚ ਜਗੀਰੂ ਪੈਦਾਵਾਰੀ ਸਬੰਧ ਪੈਦਾ ਹੋਣ ਲੱਗੇ। ਗੁਲਾਮਦਾਰੀ ਰਾਜ ਦੀ ਜਮੀਨ 'ਤੇ ਮਾਲਕੀ ਗੁਲਾਮਦਾਰੀ ਸਮਾਜ 'ਚ ਪੈਦਾਵਾਰੀ ਸਬੰਧਾਂ ਦਾ ਅਧਾਰ ਸੀ। ਚੀਨ 'ਚ ਯਿਨ-ਚਾਉ ਕਾਲ਼ 'ਚ ਜਮੀਨ 'ਤੇ ਰਾਜ ਦੀ ਮਾਲਕੀ ਚਿੰਗ-ਤਿਯੇਨ ਦੇ ਰੂਪ ਵਿੱਚ ਸੀ। ਚਿੰਗ-ਤਿਯੇਨ ਦੀ ਹੱਦ 'ਚ ਆਉਣ ਵਾਲੀ ਸਾਰੀ ਜਮੀਨ "ਭਾਈਚਾਰੇ ਦੀ ਜਮੀਨ" ਆਖੀ ਜਾਂਦੀ ਸੀ। ਇਹ ਸਾਂਝੀ ਜਮੀਨ" ਅਤੇ ਗੁਲਾਮ ਸਭ ਤੋਂ ਵੱਡੇ ਗੁਲਾਮ ਮਾਲਕਾਂ-ਰਜਵਾੜਿਆਂ, ਜਗੀਰਦਾਰਾਂ ਅਤੇ "ਸਵਰਗ ਪੁੱਤਰ ਵੱਲੋਂ ਨਿਯੁਕਤ" ਸਿਆਸੀ ਅਧਿਕਾਰੀਆਂ ਦੇ ਕਬਜੇ ਵਿੱਚ ਸਨ। ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਕੁੱਝ ਮਾਲਕਾਂ ਨੇ ਵੱਡੀ ਗਿਣਤੀ 'ਚ "ਨਿੱਜੀ ਜਮੀਨ" 'ਤੇ ਗੁਲਾਮਾਂ ਤੋਂ ਖੇਤੀ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ ਤਾਂ ਕਿ ਹੋਰ ਜਿਆਦਾ ਵਾਧੂ ਕਿਰਤ ਦੀ ਲੁੱਟ ਕੀਤੀ ਜਾ ਸਕੇ। "ਨਿੱਜੀ ਜਮੀਨ" ਦੇ ਵਿਸਥਾਰ ਨਾਲ "ਸਾਂਝੀ ਜਮੀਨ" ਦਾ ਪ੍ਰਬੰਧ ਕਮਜੋਰ ਪੈ ਗਿਆ। ਇਸੇ ਨਾਲ ਭੂਮੀਪਤੀ ਜਮਾਤ ਸਾਹਮਣੇ ਆਈ। ਉਹਨਾਂ ਨੇ ਚਿੰਗ-ਤਿਯੇਨ ਦੇ ਖਾਤਮੇ ਅਤੇ ਖੇਤਾਂ ਵਿੱਚੋਂ ਵੱਟਾਂ ਬੰਨੇ ਢਾਹੁਣ ਦੀ ਵਕਾਲਤ ਕੀਤੀ। ਗੁਲਾਮ ਹੌਲੀ-ਹੌਲੀ ਭੋਂ ਗੁਲਾਮ ਬਣ ਗਏ। ਜਗੀਰੂ ਪੈਦਾਵਾਰੀ ਸਬੰਧਾਂ ਦੇ ਬੀਜ ਫੁੱਟਣ ਲੱਗੇ।

ਗੁਲਾਮਦਾਰੀ ਸਮਾਜ ਦੀਆਂ ਬੁਨਿਆਦੀ ਜਮਾਤਾਂ ਗੁਲਾਮ ਮਾਲਕ ਅਤੇ ਗੁਲਾਮ ਸਨ। ਇਹਨਾਂ ਦੋ ਜਮਾਤਾਂ ਤੋਂ ਇਲਾਵਾ ਮੁਕਤ-ਕਿਸਾਨ ਅਤੇ ਦਸਤਕਾਰ ਸਨ। ਗੁਲਾਮ ਸਮਾਜਕ ਪ੍ਰਬੰਧ ਦੀ ਸਭ ਤੋਂ ਹੇਠਲੀ ਕੜੀ 'ਤੇ ਸਨ ਅਤੇ ਮਾਲਕਾਂ ਦੀ ਵਹਿਸ਼ੀਆਨਾ ਲੁੱਟ ਤੇ ਦਾਬੇ ਦਾ ਸ਼ਿਕਾਰ ਸਨ। ਗੁਲਾਮਦਾਰੀ ਸਮਾਜ ਦੇ ਪੂਰੇ ਦੌਰ 'ਚ ਗੁਲਾਮਾਂ ਅਤੇ ਗੁਲਾਮ ਮਾਲਕਾਂ ਵਿਚਕਾਰ ਹਿੰਸਕ ਸੰਘਰਸ਼ ਚਲਦਾ ਰਿਹਾ। ਚੀਨ 'ਚ "ਬਸੰਤ ਅਤੇ ਸਰਦੀਆਂ" ਦਾ ਦੌਰ ਗੁਲਾਮਦਾਰੀ ਪ੍ਰਥਾ ਤੋਂ ਜਗੀਰਦਾਰੀ 'ਚ ਬਦਲਾਅ ਦਾ ਦੌਰ ਸੀ। ਚਿਨ ਨਾਮੀ ਇੱਕ ਗੁਲਾਮ ਦੀ ਅਗਵਾਈ ਵਿੱਚ ਲਗਭਗ 9000 ਗੁਲਾਮਾਂ ਨੇ ਸਾਰੇ ਦੇਸ਼ 'ਚ ਜਗੀਰੂ ਰਜਵਾੜਿਆਂ 'ਤੇ ਹਮਲੇ ਕੀਤੇ ਅਤੇ ਉਹਨਾਂ ਦੀ ਨੀਂਦ ਹਰਾਮ ਕਰ ਦਿੱਤੀ। ਗੁਲਾਮ ਵਿਦਰੋਹੀਆਂ ਨੇ ਗੁਲਾਮ ਮਾਲਕਾਂ ਦੇ ਰਾਜ ਨੂੰ ਗੰਭੀਰ ਚੁਣੌਤੀ ਦਿੱਤੀ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ 'ਚ ਗੁਲਾਮਾਂ ਦੀਆਂ ਬਗਾਵਤਾਂ ਨੇ ਅਨੇਕਾਂ ਵੀਰ ਕਥਾਵਾਂ ਨੂੰ ਜਨਮ ਦਿੱਤਾ। ਉਦਾਹਰਣ ਲਈ ਰੋਮਨਕਾਲ 'ਚ ਸਪਾਰਾਟਕਸ ਦੀ ਅਗਵਾਈ 'ਚ ਸਭ ਤੋਂ ਵੱਡਾ ਵਿਦਰੋਹ ਹੋਇਆ ਜਿਸ ਵਿੱਚ 1,20,000 ਲੋਕਾਂ ਨੇ ਭਾਗ ਲਿਆ। ਇਸ ਬਗਾਵਤ ਨੇ ਪੂਰੇ ਰੋਮਨ ਸਾਮਰਾਜ (Empire) ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਹਿੰਸਕ ਗੁਲਾਮ ਬਗਾਬਤਾਂ ਨੇ ਮਾਲਕਾਂ

ਦੀ ਸਿਆਸੀ ਸੱਤ੍ਹਾ 'ਤੇ ਜੋਰਦਾਰ ਸੱਟਾਂ ਮਾਰੀਆਂ ਅਤੇ ਗੁਲਾਮ ਪ੍ਰਥਾ ਦੇ ਪਤਣ ਨੂੰ ਤੇਜ ਕਰ ਦਿੱਤਾ। ਗੁਲਾਮ ਪ੍ਰਥਾ ਦੇ ਖਿੰਡਣ ਨਾਲ ਹੀ ਜਗੀਰੂ ਪੈਦਾਵਾਰੀ ਸਬੰਧ ਹੌਲੀ-ਹੌਲੀ ਮਜਬੂਤ ਹੁੰਦੇ ਗਏ। ਜਗੀਰਦਾਰੀ ਪੈਦਾਵਾਰੀ ਸਬੰਧਾਂ ਦੀ ਪ੍ਰਤੀਨਿੱਧਤਾ ਕਰਨ ਵਾਲੇ ਨਵੇਂ ਉੱਭਰਦੇ ਭੂਮੀ ਪਤੀਆਂ ਨੇ ਗੁਲਾਮ ਮਾਲਕਾਂ ਦੀ ਹਕੂਮਤ ਨੂੰ ਉਖਾੜ ਸੁੱਟਣ ਲਈ ਕਿਰਤੀ ਲੋਕਾਂ ਦੀ ਤਾਕਤ ਦੀ ਵਰਤੋਂ ਕੀਤੀ ਅਤੇ ਭੂਮੀਪਤੀਆਂ ਦੀ ਹਕੂਮਤ ਸਥਾਪਤ ਕੀਤੀ। ਜਗੀਰੂ ਸਮਾਜ ਨੇ ਅੰਤਿਮ ਰੂਪ ਵਿੱਚ ਗੁਲਾਮ ਪ੍ਰਥਾ ਦੀ ਥਾਂ ਲੈ ਲਈ।

ਗੁਲਾਮ ਪ੍ਰਥਾ ਦੀ ਥਾਂ ਤੇ ਜਗੀਰਦਾਰੀ ਦਾ ਆਉਣਾ ਇਤਿਹਾਸਕ ਤੌਰ 'ਤੇ ਅਟੱਲ ਸੀ। ਚੀਨ ਵਿੱਚ ਯੁੱਗ ਪਲਟਾਉ ਵਿਆਪਕ ਸਮਾਜਕ ਤਬਦੀਲੀਆਂ ਦੇ ਦੌਰ 'ਚ ਗੁਲਾਮਦਾਰੀ ਪ੍ਰਬੰਧ ਦੇ ਪਿਛਾਖੜੀ ਪੈਰੋਕਾਰ ਕਨਫ਼ਿਊਸ਼ੀਅਸ ਨੇ ਵੀ ਕਿਸੇ ਵੀ ਕਿਸਮ ਦੇ ਸਮਾਜਕ ਸੁਧਾਰਾਂ ਦਾ ਜਬਰਦਸਤ ਵਿਰੋਧ ਕੀਤਾ ਅਤੇ ਪੈਦਾਵਾਰੀ ਸਬੰਧਾਂ ਵਿਚਲੀਆਂ ਤਬਦੀਲੀਆਂ ਨੂੰ "ਭਿਆਨਕ ਬੁਰਾਈਆਂ" ਦਾ ਨਾਮ ਦਿੱਤਾ। ਉਸ ਨੇ ਨਵੇਂ ਜਗੀਰਦਾਰਾਂ ਵਲੋਂ ਲਾਗੂ ਕੀਤੇ ਜਾ ਰਹੇ ਸਾਰੇ ਸੁਧਾਰਾਂ ਦਾ ਕਰੜਾ ਵਿਰੋਧ ਕੀਤਾ, ਪੁਰਾਣੇ ਗੁਲਾਮਦਾਰੀ ਪ੍ਰਬੰਧ ਦੀ ਮੁੜਬਹਾਲੀ ਦੀ ਵਕਾਲਤ ਕੀਤੀ ਅਤੇ ਇੱਕ ਢਹਿ ਢੇਰੀ ਹੋ ਰਹੇ ਸਮਾਜਕ ਪ੍ਰਬੰਧ ਨੂੰ ਬਚਾਉਣ ਦੀ ਉਮੀਦ ਕਰਦਾ ਰਿਹਾ। ਪਰ ਸਭ ਕੁੱਝ ਖਤਮ ਹੋ ਚੁੱਕਾ ਸੀ। ਉਸਦੇ ਯਤਨ ਇੱਕ ਮਰ ਰਹੇ ਪ੍ਰਬੰਧ ਦੇ ਅਸਫ਼ਲ ਸੰਘਰਸ਼ ਦੀ ਪ੍ਰਤੀਨਿੱਧਤਾ ਕਰਦੇ ਸਨ।

ਜਗੀਰੂ ਸਮਾਜ ਜਮਾਤੀ ਵਿਰੋਧਾਂ 'ਤੇ ਅਧਾਰਿਤ ਇੱਕ ਹੋਰ ਲੋਟੂ ਪ੍ਰਬੰਧ ਹੈ

ਜਗੀਰੂ ਜਮੀਨ ਮਾਲਕੀ ਜਾਗੀਰਦਾਰੀ ਸਮਾਜ ਦਾ ਆਰਥਿਕ ਆਧਾਰ ਹੈ

ਜਗੀਰਦਾਰੀ ਸਮਾਜ ਦੇ ਪੈਦਾਵਾਰੀ ਸਬੰਧ ਜਗੀਰਦਾਰਾਂ ਦੁਆਰਾ ਜਮੀਨ ਦੀ ਮਾਲਕੀ ਅਤੇ ਜਮੀਨੀ ਗੁਲਾਮਾਂ 'ਤੇ ਲਗਭਗ ਪੂਰਨ ਕੰਟਰੋਲ 'ਤੇ ਅਧਾਰਿਤ ਸਨ। ਜਗੀਰਦਾਰ ਜਿਆਦਾਤਰ ਜਮੀਨ ਦੇ ਮਾਲਕ ਸਨ। ਕਿਸਾਨਾਂ ਜਾਂ ਭੋਂ ਗੁਲਾਮਾਂ ਕੋਲ ਆਪਣੀ ਜਮੀਨ ਥੋੜੀ ਜਾਂ ਬਿਲਕੁਲ ਨਹੀਂ ਹੁੰਦੀ ਸੀ। ਜੀਵਨ ਨਿਰਵਾਹ ਲਈ ਉਹ ਜਗੀਰਦਾਰ ਦੀ ਜਮੀਨ 'ਤੇ ਖੇਤੀ ਕਰਨ ਲਈ ਮਜਬੂਰ ਸਨ। ਇਸ ਤਰ੍ਹਾਂ ਉਹ ਜਗੀਰੂ ਜਮੀਨੀ ਪ੍ਰਬੰਧ ਨਾਲ਼ ਬੱਝੇ ਹੋਏ ਸਨ। ਉਹਨਾਂ ਦੀ ਵਿਅਕਤੀਗਤ ਅਜ਼ਾਦੀ ਖੋਹ ਲਈ ਗਈ ਸੀ ਅਤੇ ਉਹ ਜਗੀਰਦਾਰਾਂ ਦੀ ਵਹਿਸ਼ਿਆਨਾ ਲੁੱਟ ਤੇ ਦਾਬੇ ਦੇ ਸ਼ਿਕਾਰ ਸਨ।

ਜਗੀਰਦਾਰਾਂ ਵੱਲੋਂ ਕਿਸਾਨਾਂ ਦੀ ਲੁੱਟ ਦਾ ਮੁੱਖ ਜ਼ਰੀਆ ਉਹਨਾਂ ਨੂੰ ਵਾਹੁਣ ਲਈ ਦਿੱਤੀ ਗਈ ਜਮੀਨ ਤੋਂ ਲਿਆ ਜਾਣ ਵਾਲਾ ਜਗੀਰੂ ਲਗਾਨ ਸੀ। ਜਗੀਰੂ ਲਗਾਨ ਤਿੰਨ ਪ੍ਰਕਾਰ ਦਾ ਸੀ: ਕਿਰਤ ਦੇ ਰੂਪ 'ਚ ਲਗਾਨ, ਚੀਜ਼ਾਂ ਦੇ ਰੂਪ 'ਚ ਲਗਾਨ ਅਤੇ ਮੁਦਰਾ ਲਗਾਨ।

ਜਗੀਰਦਾਰੀ ਸਮਾਜ ਦੇ ਸ਼ੁਰੂਆਤੀ ਦੌਰਾਂ 'ਚ ਕਿਰਤ ਦੇ ਰੂਪ 'ਚ ਲਗਾਨ ਪ੍ਰਚੱਲਿਤ

ਸੀ। ਇਸ ਤਹਿਤ ਕਿਸਾਨਾਂ ਨੂੰ ਆਪਣੇ ਸੰਦ ਵਰਤ ਕੇ ਜਗੀਰਦਾਰਾਂ ਦੀ ਜਮੀਨ 'ਤੇ ਨਿਸ਼ਚਿਤ ਸਮਿਆਂ 'ਤੇ ਕੰਮ ਕਰਨਾ ਪੈਂਦਾ ਸੀ। ਕਿਸਾਨ ਜਗੀਰਦਾਰਾਂ ਵਾਸਤੇ ਕੰਮ ਕਰ ਚੁੱਕਣ ਤੋਂ ਬਾਅਦ ਹੀ ਆਪਣੀ ਜ਼ਮੀਨ 'ਤੇ ਕੰਮ ਕਰ ਸਕਦੇ ਸਨ। ਇਸ ਤਰ੍ਹਾਂ ਦੇ ਭੂਮੀ ਲਗਾਨ ਤਹਿਤ ਲੋਟੂਆਂ ਅਤੇ ਲੁੱਟੇ ਜਾਣ ਵਾਲਿਆਂ ਵਿਚਕਾਰ ਸਬੰਧ ਬਿਲਕੁਲ ਸਪੱਸ਼ਟ ਸਨ। ਕਿਸਾਨਾਂ ਦੀ ਆਪਣੀ ਜ਼ਮੀਨ ਦੀ ਪੈਦਾਵਾਰ ਉਹਨਾਂ ਦੀ ਆਪਣੀ ਹੁੰਦੀ ਸੀ। ਇਸ ਲਈ ਉਹਨਾਂ ਦੀ ਦਿਲਚਸਪੀ ਇਸ ਜ਼ਮੀਨ 'ਤੇ ਕੀਤੀ ਗਈ ਕਿਰਤ 'ਚ ਹੁੰਦੀ ਸੀ। ਜਗੀਰਦਾਰਾਂ ਦੀ ਜ਼ਮੀਨ 'ਤੇ ਕਿਸਾਨਾਂ ਦੀ ਕਿਰਤ ਨਾਲ ਪੈਦਾ ਹੋਣ ਵਾਲੀ ਪੂਰੀ ਪੈਦਾਵਾਰ 'ਤੇ ਜਗੀਰਦਾਰ ਦਾ ਹੱਕ ਹੁੰਦਾ ਸੀ। ਸੁਭਾਵਕ ਤੌਰ 'ਤੇ ਕਿਸਾਨਾਂ 'ਚ ਅਜਿਹੀ ਕਿਰਤ ਲਈ ਕੋਈ ਉਤਸ਼ਾਹ ਨਹੀਂ ਹੁੰਦਾ ਸੀ। ਜਗੀਰਦਾਰ ਵੀ ਕਿਸਾਨਾਂ ਦੇ ਰਵੱਈਏ 'ਚ ਇਸ ਫ਼ਰਕ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਆਪਣੀ ਜ਼ਮੀਨ 'ਤੇ ਕਿਸਾਨਾਂ ਤੋਂ ਸਖਤ ਮਿਹਨਤ ਕਰਵਾਉਣ ਲਈ ਜਗੀਰਦਾਰ ਬਹੁਤ ਸਾਰੇ ਮੁਲਾਜ਼ਮ ਰੱਖਦੇ ਸਨ ਜਿਨ੍ਹਾਂ ਦਾ ਕੰਮ ਕਰੜਾ ਜਾਬਤਾ ਲਾਗੂ ਕਰਵਾਉਣਾ ਸੀ। ਇਸ ਤਰ੍ਹਾਂ ਅਜਿਹੀ ਲਗਾਨ ਪ੍ਰਣਾਲੀ 'ਚ ਜ਼ਬਰ ਕਰਨ ਵਾਲੇ ਅਤੇ ਜ਼ਬਰ ਸਹਿਣ ਵਾਲੇ ਸ਼ਾਸ਼ਕ ਅਤੇ ਸ਼ਾਸ਼ਿਤ ਦੇ ਸਬੰਧ ਬਿਲਕੁਲ ਸਪੱਸ਼ਟ ਸਨ।

ਬਾਅਦ ਵਿੱਚ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੀ ਗਤੀ ਕਾਰਨ ਅਤੇ ਆਪਣੀ ਇਸ ਇੱਛਾ ਕਾਰਨ ਕਿ ਲੁੱਟ ਤਾਂ ਹੋਰ ਵਧੇ ਪਰ ਲੁੱਟ ਦਾ ਇਰਾਦਾ ਛੁਪਿਆ ਰਹੇ, ਜਗੀਰਦਾਰਾਂ ਨੇ ਕਿਰਤ ਲਗਾਨ ਦੀ ਥਾਂ 'ਤੇ ਚੀਜ਼ ਦੇ ਰੂਪ 'ਚ ਲਗਾਨ ਨੂੰ ਅਪਨਾਇਆ। ਚੀਜ਼ ਦੇ ਰੂਪ 'ਚ ਲਗਾਨ ਦੀ ਪ੍ਰਣਾਲੀ ਤਹਿਤ ਕਿਸਾਨਾਂ ਨੂੰ ਜਗੀਰਦਾਰ ਦੀ ਨਿਗਰਾਨੀ ਹੇਠ ਕੰਮ ਨਹੀਂ ਕਰਨਾ ਪੈਂਦਾ ਸੀ। ਕਿਸਾਨ ਦਾ ਆਪਣੀ ਸਾਰੀ ਕਿਰਤ 'ਤੇ ਅਧਿਕਾਰ ਸੀ। ਪਰ ਨਿਸਚਿਤ ਸਮੇਂ 'ਤੇ ਆਪਣੀ ਵਾਧੂ ਪੈਦਾਵਾਰ ਜਗੀਰਦਾਰ ਨੂੰ ਦੇਣੀ ਪੈਂਦੀ ਸੀ। ਕਿਰਤ ਲਗਾਨ ਦੀ ਤੁਲਨਾ 'ਚ ਚੀਜ਼ ਦੇ ਰੂਪ 'ਚ ਲਗਾਨ ਖੇਤੀ ਦੀ ਤਕਨੀਕੀ ਜਾਣਕਾਰੀ ਅਤੇ ਕਿਰਤ ਦੀ ਉਤਪਾਦਕਤਾ 'ਚ ਕੁੱਝ ਹੱਦ ਤੱਕ ਸੁਧਾਰ ਕਰਨ 'ਚ ਸਹਾਇਕ ਸੀ। ਪਰ ਚੀਜ਼ ਦੇ ਰੂਪ 'ਚ ਲਗਾਨ ਅਕਸਰ ਕਿਸਾਨਾਂ ਦੀ ਪੈਦਾਵਾਰ ਦਾ 50% ਜਾਂ ਇੱਥੋਂ ਤੱਕ ਕਿ 70 ਤੋਂ 80% ਤੱਕ ਹੁੰਦਾ ਸੀ। ਜੀਵਨ ਨਿਰਬਾਹ ਦਾ ਘੱਟੋ ਤੋਂ ਘੱਟ ਪੱਧਰ ਕਾਇਮ ਰੱਖਣ ਲਈ ਕਿਸਾਨਾਂ ਨੂੰ ਕੰਮ ਦੇ ਘੰਟੇ ਵਧਾਉਣੇ ਪੈਂਦੇ ਸਨ ਅਤੇ ਹੱਡ ਭੰਨਵੀਂ ਮਿਹਨਤ ਕਰਨੀ ਪੈਂਦੀ ਸੀ। ਇਸਦੇ ਬਾਵਜੂਦ ਕਿਸਾਨ ਭਿਆਨਕ ਗਰੀਬੀ ਦੀ ਜ਼ਿੰਦਗੀ ਤੋਂ ਉੱਪਰ ਨਹੀਂ ਉੱਠ ਸਕਦੇ ਸਨ।

ਮੁਦਰਾ ਲਗਾਨ ਜਗੀਰੂ ਸਮਾਜ ਦੇ ਬਾਅਦ ਦੇ ਦੌਰ 'ਚ ਹੋਂਦ 'ਚ ਆਇਆ। ਉਸ ਸਮੇਂ ਪੈਦਾਵਾਰੀ ਤਾਕਤਾਂ ਪਹਿਲਾਂ ਤੋ ਕਿਤੇ ਜਿਆਦਾ ਵਿਕਸਿਤ ਸਨ। ਮੁਦਰਾ ਅਤੇ ਜਿਣਸ ਦੇ ਸਬੰਧ ਵਿਆਪਕ ਰੂਪ 'ਚ ਵਿਕਸਿਤ ਹੋ ਚੁੱਕੇ ਸਨ। ਆਪਣੀ ਵਿਲਾਸਤਾ ਭਰਪੂਰ ਅਤੇ ਸ਼ਾਨੋ ਸ਼ੌਕਤ ਵਾਲੀ ਜਿੰਦਗੀ ਲਈ ਜਗੀਰਦਾਰ ਨੂੰ ਸਦਾ ਧਨ ਦੀ ਲੋੜ ਰਹਿਦੀ ਸੀ। ਇਹਨਾਂ ਹਾਲਤਾਂ 'ਚ ਮੁਦਰਾ ਲਗਾਨ ਸਾਹਮਣੇ ਆਇਆ। ਮੁਦਰਾ ਲਗਾਨ ਤਹਿਤ ਕਿਸਾਨ ਆਪਣੇ ਉਤਪਾਦ ਮੁਦਰਾ ਵੱਟੇ ਬਜਾਰ 'ਚ ਵੇਚਦੇ ਸਨ ਅਤੇ ਉਸ ਨਾਲ ਲਗਾਨ ਅਦਾ ਕਰਦੇ ਸਨ। ਇਸ ਤਰ੍ਹਾਂ ਕਿਸਾਨਾਂ ਦੀ ਲੁੱਟ ਜਗੀਰਦਾਰ ਹੀ ਨਹੀਂ ਵਿਚੋਲੇ ਵਪਾਰੀ ਵੀ ਕਰਦੇ ਸਨ। ਜਦੋਂ

ਪੈਦਾਵਾਰ ਚੰਗੀ ਹੁੰਦੀ ਸੀ ਤਾਂ ਵਪਾਰੀ ਕੀਮਤ ਘਟਾ ਕੇ ਕਿਸਾਨਾਂ ਦੇ ਲਹੂ ਦੀ ਇੱਕ ਇੱਕ ਬੂੰਦ ਨਿਚੋੜ ਲੈਂਦੇ ਸਨ। ਇਸ ਨਾਲ ਕਿਸਾਨਾਂ ਦੀ ਜਿੰਦਗੀ ਹੋਰ ਵੀ ਤਰਸਯੋਗ ਹੋ ਗਈ ਅਤੇ ਉਹ ਅਕਸਰ ਤਬਾਹੀ ਦੇ ਕੰਢੇ 'ਤੇ ਰਹਿੰਦੇ ਸਨ।

ਜਗੀਰੂ ਸਮਾਜ 'ਚ ਕਿਸਾਨਾਂ ਦੀ ਵੱਡੀ ਅਬਾਦੀ ਦੀ ਲੁੱਟ ਜਗੀਰੂ ਲਗਾਨ ਦੁਆਰਾ ਹੁੰਦੀ ਸੀ। ਉਹਨਾਂ ਨੂੰ ਜਗੀਰੂ ਰਾਜ ਨੂੰ ਭਾਰੀ ਕਰ ਵੀ ਦੇਣੇ ਪੈਂਦੇ ਸਨ ਅਤੇ ਸੂਦਖੋਰਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਸੀ। ਜਗੀਰਦਾਰ ਨੌਕਰਸ਼ਾਹਾਂ ਤੇ ਫੌਜ ਨਾਲ ਮਿਲ ਕੇ ਕਿਸਾਨਾਂ ਦੀਆਂ ਫ਼ਸਲਾਂ ਲੁੱਟ ਲੈਂਦੇ ਸਨ, ਉਹਨਾਂ ਦੀ ਜਾਇਦਾਦ ਹੜੱਪ ਲੈਂਦੇ ਸਨ ਅਤੇ ਉਹਨਾਂ ਤੋਂ ਜ਼ਬਰਦਸਤੀ ਵਗਾਰ ਕਰਵਾਉਂਦੇ ਸਨ। ਕਿਸਾਨਾਂ ਦੀ ਵੱਡੀ ਅਬਾਦੀ ਹਰ ਕਿਸਮ ਦੀ ਗੈਰ ਆਰਥਿਕ ਲੁੱਟ ਦੀ ਵੀ ਸ਼ਿਕਾਰ ਸੀ।

ਕਿਸਾਨ ਵਿਦਰੋਹ ਜਗੀਰੂ ਸਮਾਜ 'ਚ ਲਗਾਤਾਰ ਤਿੱਖੀਆਂ ਹੁੰਦੀਆਂ ਜਮਾਤੀ ਵਿਰੋਧਤਾਈਆਂ ਦਾ ਅਕਸ ਸਨ

ਗੁਲਾਮਦਾਰੀ ਯੁੱਗ ਦੀ ਥਾਂ ਤੇ ਜਗੀਰੂ ਸਮਾਜ ਦਾ ਆਉਣਾ ਇਤਿਹਾਸ 'ਚ ਅੱਗੇ ਵੱਲ ਇੱਕ ਕਦਮ ਸੀ। ਜਗੀਰੂ ਪੈਦਾਵਾਰੀ ਸਬੰਧ ਸਮਾਜ ਦੇ ਮੁਢਲੇ ਪੜਾਅ 'ਚ ਪੈਦਾਵਾਰੀ ਤਾਕਤਾਂ ਦੇ ਵਿਕਾਸ ਲਈ ਅਨੁਕੂਲ ਸਨ। ਖੇਤੀ ਪੈਦਾਵਾਰ ਦੀਆਂ ਤਕਨੀਕਾਂ ਉੱਨਤ ਹੋਈਆਂ ਅਤੇ ਸੰਦਾਂ 'ਚ ਸੁਧਾਰ ਹੋਇਆ। ਪੈਦਾਵਾਰ 'ਚ ਲੋਹੇ ਦੇ ਸੰਦਾਂ ਦੀ ਵਰਤੋਂ ਦਾ ਫ਼ੈਲਾਅ ਹੋਇਆ, ਫ਼ਸਲਾਂ 'ਚ ਵੰਨ ਸੁਵੰਨਤਾ ਅਤੇ ਝਾੜ ਦੋਵੇਂ ਵਧੇ ਅਤੇ ਦਸਤਕਾਰੀ ਉਦਯੋਗ ਖੂਬ ਵਧਿਆ ਫੁੱਲਿਆ। ਚੀਨ 'ਚ ਲੜਾਈਆਂ 'ਚ ਕੁੱਝ ਰਾਜਾਂ ਦੇ ਦੌਰ 'ਚ ਪਾਣੀ ਇੱਕਠਾ ਕਰਨ ਦੇ ਵੱਡੇ ਵੱਡੇ ਪ੍ਰੋਗਰਾਮ ਬਣਾਏ ਗਏ, ਜਿਵੇਂ ਕਿ ਸ਼ੇਚੁਏਨ ਸੂਬੇ ਦਾ ਤੂ-ਚਿਆਂਗ ਕੰਢੀ ਬੰਨ੍ਹ। ਵੱਖ-ਵੱਖ ਵੰਸ਼ਾਂ ਦੀ ਹਕੂਮਤ ਦੌਰਾਨ ਵਾਧੂ ਨਿਰਮਾਣ ਅਤੇ ਸਾਂਭ-ਸੰਭਾਲ ਰਾਹੀਂ ਤੂ-ਚਿਆਂਗ ਕੰਢੀ ਬੰਨ੍ਹ ਅੱਜ ਵੀ ਵਰਤੋਂ ਵਿੱਚ ਆ ਰਿਹਾ ਹੈ। ਨਮਕ ਬਣਾਉਣਾ, ਧਾਤੂ ਵਿਗਿਆਨ, ਰੇਸ਼ਮੀ ਕੱਪੜਾ, ਕਤਾਈ-ਬੁਣਾਈ, ਚੀਨੀ ਮਿੱਟੀ ਅਤੇ ਮਿੱਟੀ ਦੇ ਭਾਂਡੇ ਅਤੇ ਕਸੀਦਾਕਾਰੀ ਦੇ ਕੰਮ ਚੀਨੀ ਜਗੀਰੂ ਸਮਾਜ 'ਚ ਕਾਫੀ ਵਿਕਸਿਤ ਸਨ। ਕੰਪਾਸ, ਬਰੂਦ, ਕਾਗਜ਼, ਅਤੇ ਠੱਪੇ ਨਾਲ ਛਪਾਈ ਦੀ ਖੋਜ਼ ਕਾਫ਼ੀ ਪਹਿਲਾਂ ਕਰ ਲਈ ਗਈ ਸੀ।

ਪਰ ਜਗੀਰੂ ਪੈਦਾਵਾਰੀ ਸਬੰਧਾਂ ਤਹਿਤ ਪੈਦਾਵਾਰ ਮੁੱਖ ਤੌਰ 'ਤੇ ਪਰਿਵਾਰ ਦੇ ਅਧਾਰ 'ਤੇ ਹੋਣ ਵਾਲੀ ਛੋਟੇ ਪੈਮਾਨੇ ਦੀ ਪੈਦਾਵਾਰ ਹੀ ਸੀ। ਛੋਟੇ ਪੈਮਾਨੇ ਦੀ ਇਹ ਪੈਦਾਵਾਰ ਪੈਦਾਵਾਰੀ ਤਾਕਤਾਂ ਦੇ ਹੋਰ ਵਿਕਾਸ ਦੇ ਅਨੁਕੂਲ ਨਹੀਂ ਸੀ। ਜਗੀਰੂ ਪੈਦਾਵਾਰੀ ਸਬੰਧਾਂ ਅਧੀਨ ਖਾਸ ਕਰ ਕਿਸਾਨਾਂ ਦੀ ਵੱਡੀ ਅਬਾਦੀ ਵਹਿਸ਼ੀਆਨਾ ਲੁੱਟ ਦਾਬੇ ਦਾ ਸ਼ਿਕਾਰ ਸੀ ਅਤੇ ਪੈਦਾਵਾਰ ਦੇ ਵਿਕਾਸ ਦੀਆਂ ਸੰਭਾਵਨਾਵਾਂ ਬਹੁਤ ਘੱਟ ਸਨ। ਜਗੀਰੂ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ ਵਿਚਲੀ ਵਿਰੋਧਤਾਈ ਜਗੀਰਦਾਰਾਂ ਅਤੇ ਕਿਸਾਨਾਂ ਵਿਚਕਾਰ ਜਮਾਤੀ ਵਿਰੋਧਤਾਈ ਦੇ ਰੂਪ 'ਚ ਪ੍ਰਤੀਬਿੰਬਤ ਹੋਈ। ਇਹ ਜਗੀਰੂ ਸਮਾਜ ਦੀ ਪ੍ਰਮੁੱਖ

ਵਿਰੋਧਤਾਈ ਸੀ। ਵਿਰੋਧਤਾਈ ਦੇ ਸਰਵ ਉਚ ਪੜਾਅ ਸਨ ਜਗੀਰੂ ਹਕੂਮਤ ਨੂੰ ਉਲਟਾਉਣ ਲਈ ਕਿਸਾਨਾਂ ਦੀ ਵਿਸ਼ਾਲ ਅਬਾਦੀ ਦੀਆਂ ਹਥਿਆਰਬੰਦ ਬਗਾਵਤਾਂ। ਇਹ ਵਿਦਰੋਹ ਅਤੇ ਸੰਘਰਸ਼ ਜਗੀਰੂ ਸਮਾਜ ਦੇ ਪੂਰੇ ਦੌਰ ਦੀ ਇੱਕ ਲਾਜ਼ਮੀ ਵਿਸ਼ੇਸ਼ਤਾ ਸਨ। ਲਗਭਗ 200 ਈ ਪੂਰਵ ਚਿਨ-ਸਿਹ-ਹੁਆਂਗ ਦੁਆਰਾ ਚੀਨ ਨੂੰ ਇੱਕ ਮੁੱਠ ਕਰਨ ਅਤੇ ਜਗੀਰੂ ਤਾਨਾਸ਼ਹੀ ਦੀ ਸਥਾਪਨਾ ਦੇ ਕੁੱਝ ਸਮੇਂ ਬਾਅਦ ਹੀ ਚੀਨ ਦੇ ਇਤਿਹਾਸ ਦਾ ਪਹਿਲਾ ਮਹਾਨ ਵਿਦਰੋਹ ਭੜਕ ਉੱਠਿਆ ਜਿਸ ਦੇ ਨੇਤਾ ਸਨ ਸ਼ੇਗ ਅਤੇ ਕੁਆਂਗ। ਇਸ ਤੋਂ ਬਾਅਦ ਉੱਨੀਵੀਂ ਸਦੀ ਦੇ ਅੱਧ 'ਚ ਸੈਂਕੜੇ ਛੋਟੀਆਂ-ਵੱਡੀਆਂ ਕਿਸਾਨ ਬਗਾਵਤਾਂ ਅਤੇ ਕਿਸਾਨਾਂ ਦੇ ਇਨਕਲਾਬੀ ਯੁੱਧਾਂ ਦਾ ਹਵਾਲਾ ਮਿਲਦਾ ਹੈ। ਚੀਨ ਦੇ ਇਤਿਹਾਸ 'ਚ ਕਿਸਾਨ ਬਗਾਵਤਾਂ ਦਾ ਅਕਾਰ ਤੇ ਗਿਣਤੀ ਸਾਰੀ ਦੁਨੀਆਂ ਤੋਂ ਵੱਧ ਰਹੀ ਹੈ। *"ਇਹ ਕਿਸਾਨ ਜਮਾਤੀ ਸੰਘਰਸ਼, ਕਿਸਾਨਾਂ ਬਗਾਵਤਾਂ ਅਤੇ ਕਿਸਾਨ ਯੁੱਧ ਹੀ ਇਤਿਹਾਸਕ ਵਿਕਾਸ ਦੀ ਅਸਲ ਪ੍ਰੇਰਕ ਸ਼ਕਤੀ ਸਨ। ਹਰ ਵੱਡੀਆਂ ਕਿਸਾਨ ਬਗਾਵਤਾਂ ਅਤੇ ਕਿਸਾਨ ਯੁੱਧਾਂ ਨੇ ਉਸ ਸਮੇਂ ਦੀ ਜਗੀਰੂ ਹਕੂਮਤ 'ਤੇ ਸੱਟਾਂ ਮਾਰੀਆਂ ਅਤੇ ਇਸ ਤਰ੍ਹਾਂ ਉਹ ਸਮਾਜਿਕ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਕੁੱਝ ਹੱਦ ਤੱਕ ਅੱਗੇ ਲੈ ਕੇ ਗਏ"।*[(8)] ਪਰ ਚੇਨ ਪੋ-ਤਾ ਜਿਹੇ ਗੱਦਾਰ ਸਮਾਜਿਕ ਪੈਦਾਵਾਰੀ ਤਾਕਤਾਂ ਦੇ ਵਿਕਾਸ ਦਾ ਸਿਹਰਾ ਜਗੀਰੂ ਹਾਕਮ ਜਮਾਤ ਵੱਲੋਂ ਦਿੱਤੀਆਂ ਗਈਆਂ "ਰਿਆਇਤਾਂ" ਨੂੰ ਦਿੰਦੇ ਹਨ। ਇਹ ਇਤਿਹਾਸਕ ਤੱਥਾਂ ਦੇ ਉਲਟ ਹੈ। ਇਤਿਹਾਸ 'ਚ ਜਗੀਰਦਾਰਾਂ ਨੇ ਕਦੇ ਕਿਸਾਨ ਬਾਗੀਆਂ ਨੂੰ ਕੋਈ ਰਿਆਇਤ ਨਹੀਂ ਦਿੱਤੀ। ਉਹਨਾਂ ਨੇ ਹਮੇਸ਼ਾਂ ਖ਼ੂਨੀ ਜਬਰ, ਜਬਾਬੀ ਹਮਲਿਆਂ ਅਤੇ ਚਾਲਬਾਜੀਆਂ ਦਾ ਸਹਾਰਾ ਲਿਆ ਪਰ "ਰਿਆਇਤਾਂ " ਕਦੇ ਨਹੀਂ ਦਿੱਤੀਆਂ। "ਰਿਆਇਤਾਂ " ਬਾਰੇ ਚੇਨ ਪੋ-ਤਾ ਦਾ ਸਿਧਾਂਤ ਸਿਰਫ ਜਗੀਰਦਾਰਾਂ ਦੀ ਦਿੱਖ ਨਿਖਾਰਨ ਦਾ ਇੱਕ ਯਤਨ ਸੀ।

ਜਿਣਸ ਅਰਥਚਾਰੇ ਦੇ ਵਿਕਾਸ ਅਤੇ ਮੁਢਲੇ ਇਕੱਤਰੀਕਰਨ ਨੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਨੂੰ ਜਨਮ ਦਿੱਤਾ ਅਤੇ ਅੱਗੇ ਵਧਾਇਆ

ਜਗੀਰੂ ਯੁੱਗ ਦੇ ਦੂਜੇ ਅੱਧ 'ਚ ਜਿਣਸ ਅਰਥਚਾਰੇ ਦੇ ਹੋਰ ਵਿਕਾਸ ਨਾਲ ਪੂੰਜੀਵਾਦੀ ਪੈਦਾਵਾਰੀ ਸਬੰਧ ਹੋਂਦ 'ਚ ਆਏ। ਜਗੀਰੂ ਸਮਾਜ 'ਚ ਸਧਾਰਨ ਜਿਣਸ ਉਤਪਾਦਨ ਨਿੱਜੀ ਮਾਲਕੀ ਅਤੇ ਵਿਅਕਤੀਗਤ ਕਿਰਤ 'ਤੇ ਅਧਾਰਿਤ ਸੀ। ਪੈਦਾਵਾਰ ਦਾ ਉਦੇਸ਼ ਵਟਾਂਦਰਾ ਕਰਨਾ ਸੀ। ਛੋਟੇ ਜਿਣਸ ਉਤਪਾਦਕਾਂ ਨੂੰ ਆਪਣੀ ਪੈਦਾਵਾਰ ਮੰਡੀ ਵਿੱਚ ਵੇਚਣੀ ਪੈਂਦੀ ਸੀ ਪਰ ਕਿਉਂਕਿ ਹਰ ਜਿਣਸ ਉਤਪਾਦਕ ਕੋਲ ਪੈਦਾਵਾਰ ਦੀਆਂ ਹਾਲਤਾਂ, ਯੋਗਤਾ ਅਤੇ ਕਿਰਤ ਦੀ ਉਪਲਬਧਤਾ ਵੱਖ ਵੱਖ ਸੀ,ਇਸ ਲਈ ਇੱਕੋ ਹੀ ਕਿਸਮ ਦੀ ਜਿਣਸ 'ਤੇ ਖਰਚ ਹੋਣ ਵਾਲੀ ਕਿਰਤ ਦੀ ਮਾਤਰਾ ਵੀ ਵੱਖੋ-ਵੱਖ ਸੀ। ਦੂਜੇ ਪਾਸੇ ਇੱਕੋ ਜਿਹੇ ਮਾਲ ਇੱਕੋ ਕੀਮਤ 'ਤੇ ਵਿਕਦੇ ਸਨ। ਇਸ 'ਚ ਇੱਕ ਵਿਰੋਧਤਾਈ ਸਮੋਈ ਹੋਈ ਸੀ। ਇਸ ਵਿਰੋਧਤਾਈ ਦੇ ਵਿਕਸਿਤ ਹੋਣ ਨਾਲ ਥੋੜ੍ਹੇ ਜਿਹੇ ਛੋਟੇ ਜਿਣਸ ਉਤਪਾਦਕ ਜਿੰਨ੍ਹਾਂ ਦੀਆਂ ਪੈਦਾਵਾਰੀ

ਹਾਲਤਾਂ ਬਿਹਤਰ ਸਨ, ਅਮੀਰ ਹੋ ਗਏ, ਪਰ ਪੈਦਾਵਾਰ ਦੀਆਂ ਮਾੜੀਆਂ ਹਾਲਤਾਂ ਵਾਲੇ ਜਿਆਦਾਤਰ ਛੋਟੇ ਉਤਪਾਦਕ ਲਗਾਤਾਰ ਗਰੀਬ ਹੁੰਦੇ ਚਲੇ ਗਏ। ਇਸ ਤਰ੍ਹਾਂ ਸਧਾਰਨ ਜਿਣਸ ਉਤਪਾਦਕਾਂ 'ਚ ਧਰੁਵੀਕਰਨ ਹੋ ਗਿਆ।

ਜਗੀਰਦਾਰੀ ਸਮਾਜ 'ਚ ਇੱਕੋ ਹੀ ਧੰਦੇ 'ਚ ਲੱਗੇ ਦਸਤਕਾਰਾਂ ਦਰਮਿਆਨ ਆਪਸੀ, ਜਾਂ ਦੂਜੇ ਇਲਾਕੇ ਜਾਂ ਧੰਦਿਆਂ ਦੇ ਦਸਤਕਾਰਾਂ ਦਰਮਿਆਨ ਮੁਕਾਬਲੇ ਨੂੰ ਰੋਕਣ ਵਾਸਤੇ ਆਮ ਤੌਰ 'ਤੇ ਦਸਤਕਾਰ ਸੰਘ (ਗਿਲਡ) ਬਣਾਏ ਜਾਂਦੇ ਸਨ। ਸੰਘ ਦੇ ਮੈਂਬਰਾਂ ਨੂੰ ਸੰਘ ਦੇ ਕਾਇਦੇ ਕਨੂੰਨ ਮੰਨਣੇ ਪੈਂਦੇ ਸਨ। ਦਸਤਕਾਰ ਸੰਘ 'ਚ ਉਸਤਾਦ ਕਾਰੀਗਰ, ਮਜ਼ਦੂਰ ਕਾਰੀਗਰ ਅਤੇ ਸ਼ਾਗਿਰਦਾਂ ਦੇ ਸਬੰਧ ਮੁੱਖ ਤੌਰ 'ਤੇ ਜਗੀਰੂ ਸਨ ਜਿਨ੍ਹਾਂ 'ਚ ਥੋੜ੍ਹੀ ਲੁੱਟ ਨਿਹਿਤ ਸੀ। ਇਹਨਾਂ ਸੰਘਾਂ ਨੇ ਛੋਟੇ ਜਿਣਸ ਉਤਪਾਦਕਾਂ ਵਿਚਕਾਰ ਧਰੁਵੀਕਰਨ ਨੂੰ ਸੀਮਤ ਕਰ ਦਿੱਤਾ। ਪਰ ਜਿਣਸ ਅਰਥਚਾਰੇ ਦੇ ਵਿਕਾਸ ਨਾਲ ਕੁੱਝ ਮੁਕਾਬਲਤਨ ਅਮੀਰ ਉਸਤਾਦਾਂ ਨੂੰ ਸੰਘ ਦੇ ਨਿਯਮਾਂ ਦਾ ਪਾਲਣ ਕਰਨਾ ਰੜਕਣ ਲੱਗਾ। ਉਹਨਾਂ ਨੇ ਮਜ਼ਦੂਰ ਕਾਰੀਗਰਾਂ ਤੇ ਸ਼ਾਗਿਰਦਾਂ ਦੀ ਗਿਣਤੀ ਵਧਾ ਦਿੱਤੀ, ਉਹਨਾਂ ਦੇ ਕੰਮ ਦੇ ਘੰਟੇ ਵਧਾ ਦਿੱਤੇ, ਪੈਦਾਵਾਰ ਦੀਆਂ ਤਕਨੀਕਾਂ 'ਚ ਸੁਧਾਰ ਕੀਤਾ ਅਤੇ ਹੌਲੀ ਹੌਲੀ ਮਜ਼ਦੂਰ ਕਾਰੀਗਰਾਂ ਤੇ ਕਾਮਿਆਂ ਨੂੰ ਭਾੜੇ ਦੇ ਮਜ਼ਦੂਰਾਂ 'ਚ ਬਦਲ ਦਿੱਤਾ। ਕੰਗਾਲ ਹੋ ਚੁੱਕੇ ਦੂਜੇ ਉਸਤਾਦ, ਮਜ਼ਦੂਰ ਕਾਰੀਗਰ ਅਤੇ ਸ਼ਾਗਿਰਦ ਵੀ ਭਾੜੇ ਦੇ ਕਾਮੇ ਬਣਨ ਲੱਗੇ। ਇਸ ਧਰੁਵੀਕਰਨ ਦੇ ਅਧਾਰ 'ਤੇ ਹੌਲੀ-ਹੌਲੀ ਰੁਜ਼ਗਾਰ ਦੇ ਪੂੰਜੀਵਾਦੀ ਸਬੰਧ ਹੋਂਦ 'ਚ ਆਏ।

ਛੋਟੇ ਜਿਣਸ ਉਤਪਾਦਕਾਂ ਵਿਚਕਾਰ ਧਰੁਵੀਕਰਨ ਅਤੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੀ ਉਤਪਤੀ ਦੀ ਪ੍ਰਕਿਰਿਆ 'ਚ ਵਪਾਰਕ ਸਰਮਾਏ ਨੇ ਅਹਿਮ ਭੂਮਿਕਾ ਨਿਭਾਈ। ਵਪਾਰੀ ਸ਼ੁਰੂ 'ਚ ਮਾਲ ਲੈਣ-ਦੇਣ ਲਈ ਵਿਚੋਲਾ ਹੁੰਦਾ ਸੀ। ਬਾਅਦ 'ਚ ਉਹ ਠੇਕੇਦਾਰ ਵਪਾਰੀ ਬਣ ਗਿਆ ਜੋ ਜਿਣਸ ਉਤਪਾਦਕਾਂ ਦੇ ਉਤਪਾਦਾਂ ਨੂੰ ਵੇਚਣ ਦਾ ਠੇਕਾ ਲੈਂਦਾ ਸੀ ਅਤੇ ਬਾਅਦ 'ਚ ਉਹ ਮਾਲਕਾਂ ਨੂੰ ਕੱਚਾ ਮਾਲ ਤੇ ਸੰਦ ਮੁਹੱਈਆ ਕਰਵਾਉਣ ਲੱਗਾ ਜੋ ਦਿੱਤੇ ਸਮੇਂ 'ਤੇ ਨਿਸ਼ਚਿਤ ਗੁਣਵੱਤਾ, ਮਾਤਰਾ, ਕਿਸਮ ਅਤੇ ਵੰਨ ਸੁਵੰਨਤਾ ਵਾਲੇ ਉਤਪਾਦ ਪੈਦਾ ਕਰਕੇ ਉਸ ਨੂੰ ਦਿੰਦੇ ਸਨ। ਇਸ ਤਰ੍ਹਾਂ ਛੋਟਾ ਜਿਣਸ ਉਤਪਾਦਕ ਪੂਰੀ ਤਰ੍ਹਾਂ ਵਪਾਰੀਆਂ ਦੇ ਕਾਬੂ ਹੇਠਾਂ ਆ ਗਿਆ ਅਤੇ ਭਾੜੇ ਦਾ ਮਜ਼ਦੂਰ ਬਣ ਗਿਆ ਅਤੇ ਵਪਾਰੀ ਖੁਦ ਉਦਯੋਗਿਕ ਸਰਮਾਏਦਾਰ ਬਣ ਗਿਆ।

ਪਿੰਡਾਂ 'ਚ ਜਗੀਰੂ ਸਮਾਜ ਦੇ ਆਖਰੀ ਦੌਰ 'ਚ ਜਿਣਸ ਅਰਥਚਾਰੇ ਦੇ ਵਿਕਾਸ ਕਾਰਨ ਜਗੀਰਦਾਰਾਂ ਨੇ ਹੌਲੀ-ਹੌਲੀ ਮੁਦਰਾ ਲਗਾਨ ਦੀ ਪ੍ਰਣਾਲੀ ਨੂੰ ਅਪਣਾ ਲਿਆ। ਇਸ ਨਾਲ ਕਿਸਾਨਾਂ ਦੀ ਬਜ਼ਾਰ 'ਤੇ ਨਿਰਭਰਤਾ ਹੌਲੀ-ਹੌਲੀ ਵਧਦੀ ਗਈ ਅਤੇ ਉਹਨਾਂ ਵਿਚਕਾਰ ਧਰੁਵੀਕਰਨ ਤੇਜ ਹੋ ਗਿਆ। ਕਿਸਾਨਾਂ ਦੀ ਬਹੁਗਿਣਤੀ ਕੰਗਾਲ ਹੋ ਗਈ ਅਤੇ ਦਿਹਾੜੀਦਾਰ ਮਜ਼ਦੂਰਾਂ ਵਿੱਚ ਬਦਲ ਗਈ। ਕੁੱਝ ਧਨੀ ਕਿਸਾਨ ਬਣ ਗਏ ਅਤੇ ਬਾਅਦ 'ਚ ਇਹਨਾਂ 'ਚੋਂ ਖੇਤੀ ਖੇਤਰ ਦੇ ਪੂੰਜੀਪਤੀ ਉੱਭਰ ਕੇ ਸਾਹਮਣੇ ਆਏ।

ਇਸ ਤਰ੍ਹਾਂ ਜਗੀਰੂ ਸਮਾਜ 'ਚ ਹੌਲੀ-ਹੌਲੀ ਪੂੰਜੀਵਾਦੀ ਪੈਦਾਵਾਰੀ ਸਬੰਧ ਕਾਇਮ

ਹੋਏ। ਚੀਨ ਦੇ ਬਾਅਦ ਵਾਲੇ ਜਗੀਰੂ ਸਮਾਜ 'ਚ ਜਿਣਸ ਅਰਥਚਾਰੇ ਦੇ ਵਿਕਾਸ ਨਾਲ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੇ ਬੀਜ਼ ਪੁੰਗਰਨ ਹੀ ਵਾਲੇ ਸਨ। ਵਿਦੇਸ਼ੀ ਪੂੰਜੀਵਾਦ ਦਾ ਪ੍ਰਭਾਵ ਨਾ ਪਿਆ ਹੁੰਦਾ ਤਾਂ ਚੀਨ ਹੌਲੀ-ਹੌਲੀ ਇੱਕ ਪੂੰਜੀਵਾਦੀ ਸਮਾਜ 'ਚ ਵਿਕਸਿਤ ਹੋ ਗਿਆ ਹੁੰਦਾ।

ਜਗੀਰੂ ਸਮਾਜ 'ਚ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੀ ਸਥਾਪਨਾ ਦਾ ਪੈਦਾਵਾਰੀ ਤਾਕਤਾਂ ਦੇ ਵਿਕਾਸ ਨਾਲ ਗੂੜ੍ਹਾ ਸਬੰਧ ਸੀ। ਮੁੱਢ 'ਚ ਦਸਤਕਾਰਾਂ ਦੀਆਂ ਛੋਟੀਆਂ-ਛੋਟੀਆਂ ਵਰਕਸ਼ਾਪਾਂ ਵੱਡੀਆਂ ਪੂੰਜੀਵਾਦੀ ਵਰਕਸ਼ਾਪਾਂ 'ਚ ਬਦਲ ਗਈਆਂ। ਇਹਨਾਂ ਵਰਕਸ਼ਾਪਾਂ 'ਚ ਹੁਣ ਵੀ ਮੁੱਖ ਤੌਰ 'ਤੇ ਹੱਥ ਨਾਲ ਕੰਮ ਹੁੰਦਾ ਸੀ। ਪਰ ਏਕੀਕ੍ਰਿਤ ਪੂੰਜੀਵਾਦੀ ਨਿਰਦੇਸ਼ਾਂ ਅਧੀਨ ਬਹੁਤ ਸਾਰੇ ਮਜਦੂਰਾਂ ਦੇ ਇਕੱਠਿਆਂ ਕੰਮ ਕਰਨ ਨਾਲ ਸਧਾਰਨ ਸਹਿਕਾਰ ਸੰਭਵ ਹੋ ਗਿਆ, ਜਿਸ ਨਾਲ ਇੱਕ ਨਵੀਂ ਪੈਦਾਵਾਰੀ ਤਾਕਤ ਸਾਹਮਣੇ ਆਈ। ਬਾਅਦ 'ਚ ਇਹ ਪੂੰਜੀਵਾਦੀ ਸਧਾਰਨ ਸਹਿਕਾਰ ਪੂੰਜੀਵਾਦੀ ਦਸਤਕਾਰੀ ਉਦਯੋਗ ਵਿੱਚ ਵਿਕਸਿਤ ਹੋ ਗਿਆ। ਪੂੰਜੀਵਾਦੀ ਦਸਤਕਾਰੀ ਉਦਯੋਗ ਦੀ ਖਾਸੀਅਤ ਇਹ ਸੀ ਕਿ ਇਸ ਵਿਚ ਇੱਕੋ ਹੀ ਜਿਣਸ ਪੈਦਾ ਕਰਨ ਵਾਲੇ ਮਜਦੂਰਾਂ ਵਿਚਕਾਰ ਕਿਰਤ ਦੀ ਵੰਡ ਸੀ, ਜਿਸ ਵਿੱਚ ਹਰ ਕੋਈ ਇੱਕ ਪ੍ਰਕਿਰਿਆ 'ਚ ਮਾਹਿਰ ਸੀ। ਇਸ ਨੇ ਕਿਰਤ ਪ੍ਰਕਿਰਿਆਵਾਂ ਨੂੰ ਸਰਲ ਬਣਾਇਆ ਅਤੇ ਕਿਰਤ ਲਾਗਤ ਨੂੰ ਘਣਾ ਕਰਕੇ ਕਿਰਤ ਦੀ ਉਤਪਾਦਕਤਾ ਵਧਾਈ। ਇਸ ਨੇ ਹੱਥ ਨਾਲ ਹੋਣ ਵਾਲੇ ਕੰਮਾਂ ਦੀ ਥਾਂ 'ਤੇ ਮਸ਼ੀਨ ਨਾਲ ਕੰਮ ਹੋਣ ਦੀਆਂ ਹਾਲਤਾਂ ਵੀ ਤਿਆਰ ਕੀਤੀਆਂ।

ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦਾ ਵਿਕਾਸ ਦੋ ਬੁਨਿਆਦੀ ਹਾਲਤਾਂ 'ਤੇ ਨਿਰਭਰ ਕਰਦਾ ਹੈ। ਪਹਿਲਾ, ਅਜਿਹੇ ਪ੍ਰੋਲੇਤਾਰੀਆਂ ਦੀ ਇੱਕ ਵੱਡੀ ਗਿਣਤੀ ਜ਼ਰੂਰੀ ਸੀ ਜੋ ਆਪਣੀ ਕਿਰਤ ਵੇਚਣ ਲਈ ਅਜਾਦ ਹੁੰਦੇ। ਦੂਜਾ, ਵੱਡੀ ਗਿਣਤੀ 'ਚ ਸਰਮਾਏ ਦਾ ਪਹਿਲਾਂ ਤੋਂ ਇਕੱਤਰੀਕਰਨ ਜ਼ਰੂਰੀ ਸੀ। ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੇ ਵਿਕਾਸ ਨੂੰ ਸੌਖਾ ਬਣਾਉਣ ਲਈ ਬੁਰਜੂਆਜ਼ੀ ਨੇ ਇਹ ਦੋ ਸਥਿਤੀਆਂ ਪੈਦਾ ਕਰਨ ਲਈ ਹਿੰਸਾ ਦੀ ਵਰਤੋਂ ਕੀਤੀ। ਇਸ ਲਈ ਪੂੰਜੀਵਾਦ ਦੇ ਵਿਕਾਸ 'ਚ ਮੁਢਲੇ ਇੱਕਤਰੀਕਰਨ ਦੀ ਇੱਕ ਪ੍ਰਕਿਰਿਆ ਸ਼ਾਮਿਲ ਸੀ।

ਮੁਢਲੇ ਇੱਤਰੀਕਰਨ ਦਾ ਇੱਕ ਮਹੱਤਵਪੂਰਨ ਤਰੀਕਾ ਕਿਸਾਨਾਂ ਦੀ ਲੁੱਟ ਰਾਹੀਂ ਸੀ। ਇੰਗਲੈਂਡ ਜਿੱਥੇ ਪੂੰਜੀਵਾਦੀ ਪੈਦਾਵਾਰੀ ਸਬੰਧ ਸਭ ਤੋਂ ਪਹਿਲਾਂ ਪ੍ਰਗਟ ਹੋਏ,ਇਸ ਦੀ ਇੱਕ ਪ੍ਰਤੀਨਿਧ ਉਦਾਹਰਣ ਸੀ। 1470 ਦੇ ਦਹਾਕੇ ਤੋਂ ਉੱਨੀਵੀਂ ਸਦੀ ਦੇ ਆਰੰਭ ਤੱਕ ਦੋ-ਤਿੰਨ ਸੌ ਸਾਲਾਂ ਤੋਂ ਵੱਧ ਦੇ ਸਮੇਂ ਦੌਰਾਨ ਅੰਗਰੇਜ ਹਾਕਮਾਂ ਨੇ ਕਿਸਾਨਾਂ ਤੋਂ ਜ਼ਬਰਦਸਤੀ ਜਮੀਨ ਲੈਣ ਲਈ "ਬਾੜਾਬੰਦੀ" ਅੰਦੋਲਨ ਚਲਾਇਆ। ਇੰਗਲੈਂਡ 'ਚ ਆਧੁਨਿਕ ਸੱਨਅਤ ਦੀ ਸ਼ੁਰੂਆਤ ਊਨੀ ਕੱਪੜਿਆਂ ਨਾਲ ਹੋਈ। ਊਨੀ ਕੱਪੜਾ ਉਦਯੋਗ 'ਚ ਉੱਨ ਦੀ ਭਾਰੀ ਮੰਗ ਕਾਰਨ ਉਸਦੀ ਕੀਮਤ ਬਹੁਤ ਵਧ ਗਈ। ਕਮਾਈ ਦੇ ਇਸ ਮੌਕੇ ਦਾ ਫਾਇਦਾ ਉਠਾਉਣ ਲਈ ਵੱਡੇ ਜਗੀਰਦਾਰਾਂ ਅਤੇ ਫਾਰਮ ਮਾਲਕਾਂ ਨੇ ਅਜਿਹੀ ਸਾਰੀ ਜਮੀਨ ਘੇਰ ਲਈ ਜਿਸ 'ਤੇ ਉਹ ਭੇਡਾਂ ਪਾਲ਼ ਸਕਦੇ ਸਨ। ਉਹਨਾਂ ਕਿਸਾਨਾਂ ਨੂੰ ਜ਼ਬਰੀ ਉਹਨਾਂ ਦੀਆਂ ਜਮੀਨਾਂ ਤੋਂ

ਬੇਦਖਲ ਕਰ ਦਿੱਤਾ, ਉਹਨਾਂ ਦੇ ਘਰਾਂ ਨੂੰ ਢੁਹਾਇਆ ਅਤੇ ਸਾੜ ਦਿੱਤਾ ਅਤੇ ਵੱਡੀ ਗਿਣਤੀ 'ਚ ਪੈਦਾਵਾਰ ਦੇ ਸਾਧਨਾਂ ਅਤੇ ਜੀਵਨ ਨਿਰਵਾਹ ਦੇ ਸਾਧਨਾਂ 'ਤੇ ਕਬਜਾ ਕਰ ਲਿਆ। "ਬਾੜਾਬੰਦੀ" ਅੰਦੋਲਨ ਨੇ ਬਹੁਤ ਵੱਡੀ ਗਿਣਤੀ 'ਚ ਕਿਸਾਨਾਂ ਨੂੰ ਆਪਣੀ ਥਾਂ ਜਮੀਨ ਤੋਂ ਉਜਾੜ ਦਿੱਤਾ ਅਤੇ ਜੀਵਨ ਨਿਰਵਾਹ ਲਈ ਦੂਰ-ਦੂਰ ਭਟਕਣ ਅਤੇ ਭੀਖ ਮੰਗਣ ਲਈ ਮਜ਼ਬੂਰ ਕਰ ਦਿੱਤਾ। ਇਸ ਤੋਂ ਬਾਅਦ ਅੰਗਰੇਜ ਹਾਕਮਾਂ ਨੇ ਕਈ ਲਹੂ ਪੀਣੇ ਕਨੂੰਨ ਬਣਾਕੇ ਕਿਸਾਨਾਂ ਦੇ ਇੱਧਰ-ਉੱਧਰ ਜਾਣ ਤੇ ਰੋਕ ਲਗਾ ਦਿੱਤੀ ਅਤੇ ਉਹਨਾਂ ਨੂੰ ਸਖ਼ਤ ਹਾਲਤਾਂ 'ਚ ਮਜ਼ਦੂਰੀ ਕਰਨ ਲਈ ਮਜ਼ਬੂਰ ਕੀਤਾ ਗਿਆ।

ਧਨ ਦੀ ਲੁੱਟ ਖਸੁੱਟ ਮੁਢਲੇ ਇਕੱਤਰੀਕਰਨ ਦਾ ਇੱਕ ਹੋਰ ਮਹੱਤਵਪੂਰਨ ਤਰੀਕਾ ਸੀ। ਯੂਰਪੀ ਬੁਰਜੂਆਜ਼ੀ ਨੇ ਬਸਤੀਵਾਦੀ ਪ੍ਰਬੰਧ ਸਥਾਪਿਤ ਕਰਨ ਲਈ ਏਸ਼ੀਆ,ਅਫ਼ਰੀਕਾ, ਅਮਰੀਕਾ ਅਤੇ ਆਸਟ੍ਰੇਲੀਆ 'ਤੇ ਹਥਿਆਰਬੰਦ ਹਮਲਿਆਂ ਦਾ ਸਹਾਰਾ ਲਿਆ। ਉਹਨਾਂ ਨੇ ਵੱਡੇ ਪੱਧਰ ਦੀ ਪੂੰਜੀਵਾਦੀ ਪੈਦਾਵਾਰ ਦੀ ਸਥਾਪਨਾ ਲਈ ਪੂੰਜੀ ਜਮ੍ਹਾਂ ਕਰਨ ਵਾਸਤੇ ਵਪਾਰਕ ਯੁੱਧ ਛੇੜ ਦਿੱਤਾ ਅਤੇ ਬਸਤੀਆਂ ਦੇ ਮਨੁੱਖੀ ਸਰੋਤਾਂ ਅਤੇ ਜਮੀਨ ਜਾਇਦਾਦ ਨੂੰ ਬੁਰੀ ਤਰ੍ਹਾਂ ਲੁੱਟਿਆ।

ਇਸ ਤਰਾਂ ਮੁਢਲੇ ਇਕੱਤਰੀਕਰਨ ਦੀ ਪ੍ਰਕਿਰਿਆ, ਪ੍ਰਤੱਖ ਰੂਪ 'ਚ ਉਤਪਾਦਕਾਂ ਨੂੰ ਉਹਨਾਂ ਦੇ ਪੈਦਾਵਾਰ ਦੇ ਸਾਧਨਾਂ ਤੋਂ ਜਬਰਦਸਤੀ ਵੱਖ ਕਰਨ ਅਤੇ ਧਨ ਜਾਇਦਾਦ ਨੂੰ ਸਰਮਾਏ ਦੇ ਰੂਪ 'ਚ ਸਰਮਾਏਦਾਰਾਂ ਦੇ ਹੱਥਾਂ 'ਚ ਇਕੱਠਾ ਕਰਨ ਦੀ ਪ੍ਰਕਿਰਿਆ ਸੀ। ਮਾਰਕਸ ਨੇ ਤਿੱਖੇ ਸ਼ਬਦਾਂ 'ਚ ਕਿਹਾ ਸੀ, *"ਬੁਰਜੁਆਜ਼ੀ ਦੁਆਰਾ ਪ੍ਰਤੱਖ ਉਤਪਾਦਕਾਂ ਨੂੰ ਕੰਗਾਲ ਕਰਨ ਦਾ ਇਹ ਇਤਿਹਾਸ ਮਨੁੱਖੀ ਕਾਲਕ੍ਰਮ 'ਚ ਖ਼ੂਨ ਅਤੇ ਅੱਗ ਨਾਲ ਲਿਖਿਆ ਗਿਆ"*(9)। ਮੁਢਲੇ ਇਕੱਤਰੀਕਰਨ ਦੀ ਪ੍ਰਕਿਰਿਆ ਬਿਲਕੁਲ ਸਾਫ ਤੌਰ 'ਤੇ ਇਹ ਦਿਖਾਉਂਦੀ ਹੈ ਕਿ ਸਰਮਾਏਦਾਰਾਂ ਧੁਰ ਤੋਂ ਸ਼ੁਰੂਆਤ *"ਨਹੀਂ ਕੀਤੀ ਸਗੋਂ ਉਹ ਪੂਰੀ ਤਰ੍ਹਾਂ ਲੁੱਟ ਤੇ ਨਿਰਭਰ ਸਨ। ਪੂੰਜੀ ਸਿਰ ਤੋਂ ਪੈਰ ਤੱਕ ਖ਼ੂਨ ਅਤੇ ਗੰਦ 'ਚ ਲਿੱਬੜੀ ਹੋਈ ਹੈ।"*(10)

ਬੁਰਜੁਆ ਇਨਕਲਾਬ ਨੇ ਜਗੀਰਦਾਰੀ ਦੇ ਪਤਣ ਦਾ ਐਲਾਨ ਕੀਤਾ

ਜਗੀਰੂ ਸਮਾਜ 'ਚ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦਾ ਜਨਮ ਅਤੇ ਵਿਕਾਸ ਜਗੀਰੂ ਪੈਦਾਵਾਰੀ ਸਬੰਧਾਂ ਅਤੇ ਉਸਦੇ ਉੱਚ-ਉਸਾਰ ਕਾਰਨ ਬੁਰੀ ਤਰ੍ਹਾਂ ਰੁਕਾਵਟ ਦਾ ਸ਼ਿਕਾਰ ਸੀ ਇਹਨਾਂ ਨੂੰ ਜਗੀਰੂ ਸਮਾਜ 'ਚ ਮੋਹਰੀ ਭੂਮਿਕਾ ਹਾਸਿਲ ਕਰਨ ਤੋਂ ਰੋਕਿਆ ਜਾਂਦਾ ਸੀ,ਕਿਉਂਕਿ ਜਗੀਰੂ ਹਾਕਮ ਜਮਾਤਾਂ ਇਤਿਹਾਸ ਦੇ ਰੰਗ-ਮੰਚ ਤੋਂ ਆਪਣੀ ਇੱਛਾ ਨਾਲ ਦੂਰ ਹੋਣ ਲਈ ਕਦੇ ਵੀ ਤਿਆਰ ਨਹੀਂ ਸਨ। ਉਹਨਾਂ ਨੇ ਪੁਰਾਣੇ ਪੈ ਚੁੱਕੇ ਜਗੀਰੂ ਪ੍ਰਬੰਧ ਨੂੰ ਕਾਇਮ ਰੱਖਣ ਲਈ ਆਪਣੇ ਕੰਟਰੋਲ ਵਾਲੀ ਰਾਜ ਮਸ਼ੀਨਰੀ ਦੀ ਵਰਤੋਂ ਕੀਤੀ। ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੀ ਪ੍ਰਤੀਨਿੱਧਤਾ ਕਰਨ ਵਾਲੀ ਬੁਰਜੁਆਜ਼ੀ ਅਤੇ ਬੁੱਧੀਜੀਵੀਆਂ ਨੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਨੂੰ "ਸਥਾਈ" ਅਤੇ ਤਰਕਸ਼ੀਲਤਾ ਦਾ ਪ੍ਰਗਟਾਅ" ਅਤੇ

"ਕੁਦਰਤ ਦੇ ਸਥਾਈ ਨਿਯਮ " ਦੇ ਰੂਪ 'ਚ ਪ੍ਰਚਾਰਿਆ। ਉਹਨਾਂ ਨੇ ਜਗੀਰਦਾਰੀ ਨੂੰ ਪੁੱਟ ਸੁੱਟਣ ਲਈ, ਬੁਰਜੂਆ ਇਨਕਲਾਬ ਦੇ ਪੱਖ 'ਚ ਲੋਕਾਂ ਨੂੰ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਤਹਿਤ ਅਖੌਤੀ "ਆਜ਼ਾਦੀ" "ਬਰਾਬਰੀ ਅਤੇ ਸਰਵ ਵਿਆਪਕ ਪ੍ਰੇਮ" ਦਾ ਸਮਰਥਨ ਕੀਤਾ ਅਤੇ ਜਗੀਰਦਾਰੀ ਦੀ ਅਲੋਚਨਾ ਕੀਤੀ। ਬੁਰਜੂਆ ਇਨਕਲਾਬ ਦੀਆਂ ਮੁੱਖ ਜਮਾਤੀ ਤਾਕਤਾਂ ਕਿਸਾਨ, ਮਜਦੂਰ ਅਤੇ ਸਰਮਾਏਦਾਰ ਸਨ। ਕਿਸਾਨ ਮੁੱਖ ਸ਼ਕਤੀ ਸਨ। ਮਜਦੂਰ ਜਮਾਤ ਨੇ ਆਪਣੀ ਅਜਾਦ ਸਿਆਸੀ ਤਾਕਤ ਜਥੇਬੰਦ ਨਹੀਂ ਕੀਤੀ ਸੀ। ਇਸ ਲਈ ਬੁਰਜੂਆਜ਼ੀ ਨੇ ਬੁਰਜੂਆ ਇਨਕਲਾਬ ਦੀ ਅਗਵਾਈ ਸੰਭਾਲ ਲਈ।

ਪੁਰਾਣੇ ਚੀਨ 'ਚ ਅਰਧ ਜਗੀਰੂ –ਅਰਧ ਬਸਤੀਵਾਦੀ ਸਮਾਜ ਹੋਣ ਕਾਰਨ ਬੁਰਜੂਆਜ਼ੀ ਦੋ ਹਿੱਸਿਆਂ 'ਚ ਵੰਡੀ ਹੋਈ ਸੀ। ਪਹਿਲਾ ਹਿੱਸਾ ਨੌਕਰਸ਼ਾਹ ਬੁਰਜੁਆਜ਼ੀ ਦਾ ਸੀ। ਇਹ ਸਾਮਰਾਜਵਾਦ 'ਤੇ ਨਿਰਭਰ ਸੀ। ਇਹ ਜਮਾਤ ਅਤੇ ਜਗੀਰਦਾਰੀ ਸਭ ਤੋਂ ਪਛੜੇ ਹੋਏ ਤੇ ਸਭ ਤੋਂ ਪਿਛਾਖੜੀ ਪੈਦਾਵਾਰੀ ਸਬੰਧਾਂ ਦੀ ਪ੍ਰਤੀਨਿਧਤਾ ਕਰਦੀ ਸੀ। ਉਹ ਚੀਨੀ ਬੁਰਜੂਆ ਜਮਹੂਰੀ ਇਨਕਲਾਬ ਦਾ ਚੋਟ ਨਿਸ਼ਾਨਾ ਸਨ। ਦੂਜੇ ਹਿੱਸੇ 'ਚ ਕੌਮੀ ਬੁਰਜੂਆਜ਼ੀ ਸੀ। ਇਹ ਸਾਮਰਾਜਵਾਦ ਅਤੇ ਜਗੀਰਦਾਰੀ ਦੇ ਦਾਬੇ ਅਤੇ ਉਹਨਾਂ ਵੱਲੋਂ ਪਾਏ ਅੜਿੱਕਿਆਂ ਦਾ ਸ਼ਿਕਾਰ ਸੀ। ਪਰ ਦੂਜੇ ਪਾਸੇ ਉਹਨਾਂ ਨਾਲ ਗੂੜ੍ਹੇ ਸਬੰਧਾਂ 'ਚ ਵੀ ਬੱਝੀ ਹੋਈ ਸੀ ਇਸ ਦੇ ਬਾਵਜੂਦ ਕੌਮੀ ਬੁਰਜੁਆਜੀ ਜਮਹੂਰੀ ਇਨਕਲਾਬ ਦੇ ਪੱਖ 'ਚ ਇੱਕ ਤਾਕਤ ਬਣੀ। ਪਰ ਇਹ ਕਮਜ਼ੋਰ ਅਤੇ ਅਸਥਿਰ ਸੀ। ਇਸੇ ਲਈ, *" ਇਹ ਇਤਿਹਾਸਕ ਤੌਰ 'ਤੇ ਤੈਅ ਹੋ ਗਿਆ ਕਿ ਸਾਮਰਾਜਵਾਦ ਅਤੇ ਜਗੀਰਦਾਰੀ ਵਿਰੁੱਧ ਬੁਰਜੁਆ ਜਮਹੂਰੀ ਇਨਕਲਾਬ ਦੇ ਕੰਮ ਬੁਰਜੁਆ ਅਗਵਾਈ ਦੁਆਰਾ ਨਹੀਂ ਸਗੋਂ ਮਜ਼ਦੂਰ ਜਮਾਤ ਦੀ ਅਗਵਾਈ 'ਚ ਹੀ ਪੂਰੇ ਕੀਤੇ ਜਾ ਸਕਦੇ ਹਨ"।* [11]

ਭਾਵੇਂ ਬੁਰਜੁਆ ਇਨਕਲਾਬ ਇੱਕ ਅਜਿਹਾ ਇਨਕਲਾਬ ਸੀ, ਜਿਸ ਵਿੱਚ ਲੁੱਟ ਦੇ ਇੱਕ ਰੂਪ ਦੀ ਥਾਂ ਦੂਜੇ ਰੂਪ ਨੇ ਲਈ, ਪਰ ਇਸ ਨੂੰ ਵੀ ਕਈ ਉਲਟ ਫੇਰ ਝੱਲਣੇ ਪਏ। ਬੁਰਜੁਆ ਇਨਕਲਾਬ ਦੇ ਪੂਰੇ ਦੌਰ 'ਚ ਤਿੱਖੇ ਜਮਾਤੀ ਸੰਘਰਸ਼ ਹੋਏ। ਜਗੀਰਦਾਰੀ ਨੇ ਆਪਣੀ ਸੱਤ੍ਹਾ ਦੀ ਮੁੜ ਬਹਾਲੀ ਲਈ ਜੀਅ ਤੋੜ ਕੋਸ਼ਿਸ਼ਾਂ ਕੀਤੀਆਂ ਅਤੇ ਬੁਰਜੂਆਜੀ ਨੇ ਇਸ ਦਾ ਵਿਰੋਧ ਕੀਤਾ। ਇੰਗਲੈਂਡ 'ਚ ਬੁਰਜੂਆ ਇਨਕਲਾਬ 1640 'ਚ ਸ਼ੁਰੂ ਹੋਇਆ। ਦੋ ਅੰਦਰੂਨੀ ਜੰਗਾਂ ਤੋਂ ਬਾਅਦ ਕਿਤੇ ਜਾਕੇ ਸਟੂਆਰਟ ਵੰਸ਼ ਦੇ ਪ੍ਰਤੀਨਿਧੀ ਚਾਰਲਸ ਪਹਿਲੇ ਨੂੰ ਮੌਤ ਦੀ ਸਜ਼ਾ ਦਿੱਤੀ ਗਈ। 1660 'ਚ ਸਟੂਅਰਟ ਵੰਸ਼ ਦੇ ਚਾਰਲਸ ਦੂਜੇ ਨੇ ਫਿਰ ਮੁੜਬਹਾਲੀ ਦੀ ਕੋਸ਼ਿਸ਼ ਕੀਤੀ। 1668 'ਚ ਇੰਗਲੈਂਡ ਦੀ ਬੁਰਜੂਆਜੀ ਨੇ ਸਟੂਅਰਟ ਸ਼ਾਸ਼ਨ ਨੂੰ ਪੁੱਟ ਸੁੱਟਣ ਲਈ ਆਰੇਂਜ ਦੇ ਰਾਜ ਕੁਮਾਰ [ਵਿਲੀਅਮ ਤੀਜਾ] ਨੂੰ ਹਾਲੈਂਡ ਤੋਂ ਸੱਦਿਆ। ਤਾਂ ਕਿਤੇ ਜਾ ਕੇ ਬੁਰਜੂਆ ਤਾਨਾਸ਼ਾਹੀ ਸਥਿਰ ਹੋ ਸਕੀ। ਫ਼ਰਾਂਸ 'ਚ 1789 'ਚ ਬੁਰਜੁਆ ਇਨਕਲਾਬ ਦੇ ਵਿਸਫੋਟ ਤੋਂ ਲੈਕੇ 1875 'ਚ ਤੀਜੇ ਗਣਤੰਤਰ ਦੀ ਸਥਾਪਨਾ ਤੱਕ ਦੇ 86 ਸਾਲਾਂ ਦੌਰਾਨ ਅੱਗੇ ਵਧਣ ਅਤੇ ਪਿੱਛੇ ਹਟਣ, ਗਣਤੰਤਰ, ਰਾਜਤੰਤਰ,ਇਨਕਲਾਬੀ ਦਹਿਸ਼ਤ ਅਤੇ ਉਲਟ ਇਨਕਲਾਬੀ ਦਹਿਸ਼ਤ ਅੰਦਰੂਨੀ ਅਤੇ ਬਾਹਰੀ ਜੰਗ, ਦੂਜੇ ਦੇਸ਼ਾਂ 'ਤੇ ਜਿੱਤ ਅਤੇ ਦੂਜੇ ਦੇਸ਼ਾਂ

ਵੱਲੋਂ ਫ਼ਰਾਂਸ 'ਤੇ ਜਿੱਤ ਇੱਕ ਦੂਜੇ ਦੀ ਥਾਂ ਲੈਂਦੇ ਰਹੇ ਅਤੇ ਇੱਕ ਪਲ ਵੀ ਅਜਿਹਾ ਨਹੀਂ ਬੀਤਿਆ ਜਦੋਂ ਸ਼ਾਂਤੀ ਅਤੇ ਸਥਿਰਤਾ ਕਾਇਮ ਹੋ ਸਕੇ। ਪਰ ਕਿਉਂਕਿ ਜਗੀਰੂ ਪ੍ਰਬੰਧ ਸੜ ਚੁੱਕਾ ਸੀ, ਇਸ ਲਈ ਲੱਖ ਸੰਘਰਸ਼ ਕਰਨ ਤੋਂ ਬਾਅਦ ਵੀ ਉਹ ਆਪਣੇ ਅੰਤ ਨੂੰ ਬਚਾ ਨਹੀਂ ਸਕਦਾ ਸੀ। ਜਗੀਰਦਾਰੀ ਦੀ ਥਾਂ 'ਤੇ ਪੂੰਜੀਵਾਦ ਦੀ ਸਥਾਪਨਾ ਅਟੱਲ ਸੀ।

ਪ੍ਰਮੁੱਖ ਅਧਿਐਨ ਸਮੱਗਰੀ—

ਮਾਰਕਸ-ਏਂਗਲਜ਼, **ਕਮਿਊਨਿਸਟ ਮੈਨੀਫੈਸਟੋ**

ਏਂਗਲਜ਼, **ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**

ਮਾਓ, " **ਚੀਨੀ ਸਮਾਜ 'ਚ ਜਮਾਤਾਂ ਦਾ ਵਿਸ਼ਲੇਸ਼ਣ**"

ਮਾਓ, "**ਚੀਨੀ ਇਨਕਲਾਬ ਤੇ ਚੀਨੀ ਕਮਿਊਨਿਸਟ ਪਾਰਟੀ**" ਅਧਿਆਏ ਇੱਕ

ਪੜਚੋਲ ਲਈ ਪ੍ਰਸ਼ਨ:

1. ਨਿੱਜੀ ਜਾਇਦਾਦ, ਜਮਾਤਾਂ ਅਤੇ ਰਾਜ ਦਾ ਮੁੱਢ ਕਿਵੇਂ ਬੱਝਾ ?

2. ਗੁਲਾਮਦਾਰੀ ਸਮਾਜ ਅਤੇ ਜਗੀਰਦਾਰੀ ਸਮਾਜ 'ਚ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ ਵਿਚਕਾਰ ਵਿਰੋਧਤਾਈ ਜਮਾਤੀ ਸੰਘਰਸ਼ ਦੇ ਰੂਪ 'ਚ ਕਿਵੇਂ ਪ੍ਰਗਟ ਹੋਏ ?

3. ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦਾ ਜਨਮ ਅਤੇ ਵਿਕਾਸ ਕਿਨ੍ਹਾਂ ਮੁੱਖ ਹਾਲਤਾਂ ਕਾਰਨ ਹੋਇਆ ?

ਨੋਟਸ:

1. ਏਂਗਲਜ਼, "ਬਾਂਦਰ ਤੋਂ ਮਨੁੱਖ ਬਣਨ ਦੀ ਪ੍ਰਕਿਰਿਆ 'ਚ ਕਿਰਤ ਦੀ ਭੂਮਿਕਾ" , ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਰਚਨਾਵਾਂ, ਭਾਗ 3, ਚੀਨੀ ਐਡੀਸ਼ਨ 1972, ਪੰਨਾ-508

2. ਏਂਗਲਜ਼, ਡਿਹੂਰਿੰਗ ਵਿਰੁੱਧ, ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਕਿਰਤਾਂ, ਭਾਗ 1, ਚੀਨੀ ਐਡੀਸ਼ਨ, 1972, ਪੰਨਾ-154.

3. "ਅਭਿਆਸ ਬਾਰੇ" ਮਾਓ-ਜੇ-ਤੁੰਗ ਦੀਆਂ ਸਮੁੱਚੀਆਂ ਰਚਨਾਵਾਂ, ਭਾਗ 1 ਚੀਨੀ ਐਡੀਸ਼ਨ, 1968, ਪੰਨਾ-260.

4. "ਚੀਨੀ ਇਨਕਲਾਬ ਅਤੇ ਚੀਨੀ ਕਮਿਊਨਿਸਟ ਪਾਰਟੀ" , ਮਾਓ-ਜੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, 1968, ਪੰਨਾ-585.

5. ਕਮਿਉਨਿਸ਼ਟ ਮੈਨੀਫੈਸਟੋ, ਮਾਰਕਸ-ਏਂਗਲਜ਼ ਦੀਆਂ ਚੋਣਵੀਆਂ ਰਚਨਾਵਾਂ, ਭਾਗ 1, ਚੀਨੀ ਐਡੀਸ਼ਨ, 1972, ਪੰਨਾ-585.

6. "ਚੀਨੀ ਇਨਕਲਾਬੀ ਅਤੇ ਚੀਨੀ ਕਮਿਊਨਿਸਟ ਪਾਰਟੀ" , ਮਾਓ-ਜੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ,ਭਾਗ 2, ਚੀਨੀ ਐਡੀਸ਼ਨ, 1968, ਪੰਨਾ-585.

7. "ਜਰਮਨ ਵਿਚਾਰਧਾਰਾ" ਅਤੇ ਮਾਰਕਸ-ਏਂਗਲਜ਼ ਦੀਆਂ ਚੋਣਵੀਆਂ ਰਚਨਾਵਾਂ, ਭਾਗ 1, ਚੀਨੀ ਐਡੀਸ਼ਨ, 1972,ਪੰਨਾ-52.

8."ਚੀਨੀ ਇਨਕਲਾਬ ਅਤੇ ਚੀਨੀ ਕਮਿਊਨਿਸਟ ਪਾਰਟੀ" , ਮਾਓ-ਜੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 2, ਚੀਨੀ ਸੰਸਕਰਣ, 1968, ਪੰਨਾ-588.

9.ਮਾਰਕਸ, ਪੂੰਜੀ, ਭਾਗ 1, ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਰਚਨਾਵਾਂ, ਭਾਗ 23, ਪੰਨਾ-783.

10. ਉਹੀ, ਪੰਨਾ-829.

11."ਜਪਾਨੀ ਹਮਲੇ ਵਿਰੋਧੀ ਦੌਰ 'ਚ ਚੀਨੀ ਕਮਿਊਨਿਸਟ ਪਾਰਟੀ ਦੇ ਕੰਮ " , ਮਾਓ-ਜੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 1, ਚੀਨੀ ਐਡੀਸ਼ਨ, 1968, ਪੰਨਾ-241.

* * * * * * * * * *

3

ਪੂੰਜੀਵਾਦੀ ਸਮਾਜ ਦਾ ਵਿਸ਼ਲੇਸ਼ਣ ਜਿਣਸਾਂ ਦੇ ਵਿਸ਼ਲੇਸ਼ਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ

ਜਿਣਸ, ਮੁਦਰਾ ਅਤੇ ਕਦਰ ਦਾ ਨਿਯਮ

ਪ੍ਰਧਾਨ ਮਾਓ ਦਸਦੇ ਹਨ ; ਮਾਰਕਸ ਨੇ *"ਸਰਮਾਏਦਾਰੀ ਸਮਾਜ ਦੇ ਆਰਥਿਕ ਢਾਚੇ ਦੇ ਡੂੰਘੇ ਵਿਸ਼ਲੇਸ਼ਣ ਲਈ ਸਭ ਤੋਂ ਸਧਾਰਨ ਸਰਮਾਏਦਾਰੀ ਕਾਰਕ-ਜਿਣਸ ਤੋਂ ਸ਼ੁਰੂਆਤ ਕੀਤੀ"*।[(1)] ਮਾਰਕਸ ਨੇ ਸਰਮਾਏਦਾਰੀ ਅਰਥਚਾਰੇ ਦਾ ਵਿਸ਼ਲੇਸ਼ਣ ਜਿਣਸ ਤੋਂ ਕਿਉਂ ਸ਼ੁਰੂ ਕੀਤਾ ? ਇਸ ਲਈ, ਕਿਉਂਕਿ ਸਰਮਾਏਦਾਰੀ ਸਮਾਜ 'ਚ ਹਰ ਪੈਦਾਵਾਰ ਇੱਕ ਜਿਣਸ ਹੁੰਦੀ ਹੈ। ਨਾ ਸਿਰਫ਼ ਪੈਦਾਵਾਰ ਦੇ ਸਾਧਨ ਅਤੇ ਉਪਭੋਗਤਾ ਚੀਜ਼ਾਂ ਜਿਣਸ ਹੁੰਦੀਆਂ ਹਨ ਸਗੋਂ ਮਨੁੱਖੀ ਕਿਰਤ ਵੀ ਇੱਕ ਜਿਣਸ ਹੁੰਦੀ ਹੈ। ਇੱਥੇ ਸਮਾਜਕ ਧਨ ਦੌਲਤ ਵੱਡੀ ਮਾਤਰਾ ਵਿੱਚ ਜਮ੍ਹਾਂ ਕੀਤੀਆਂ ਜਿਣਸਾਂ ਦੇ ਰੂਪ 'ਚ ਪ੍ਰਗਟ ਹੁੰਦੀ ਹੈ। ਜਿਣਸਾਂ ਸਰਮਾਏਦਾਰੀ ਅਰਥਚਾਰੇ ਦੀਆਂ ਕੋਸ਼ਕਾਵਾਂ ਬਣ ਜਾਂਦੀਆਂ ਹਨ। ਜਿਣਸਾਂ 'ਚ ਸਰਮਾਏਦਾਰੀ ਦੀਆਂ ਸਾਰੀਆਂ ਵਿਰੋਧਤਾਈਆਂ ਸਮੋਈਆਂ ਹੁੰਦੀਆਂ ਹਨ। ਇਸ ਲਈ ਸਰਮਾਏਦਾਰੀ ਦਾ ਅਧਿਐਨ ਜਿਣਸਾਂ ਦੇ ਵਿਸ਼ਲੇਸ਼ਣ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ।

ਜਿਣਸ ਸਬੰਧਾਂ 'ਚ ਸਾਰੀਆਂ ਪੂੰਜੀਵਾਦੀ ਵਿਰੋਧਤਾਈਆਂ ਦੇ ਬੀਜ਼ ਸਮੋਏ ਹੁੰਦੇ ਹਨ

ਜਿਣਸ ਦੇ ਦੋ ਅੰਗ ਹੁੰਦੇ ਹਨ - ਵਰਤੋਂ ਕਦਰ ਅਤੇ ਵਟਾਂਦਰਾ ਕਦਰ

ਕਿਰਤ ਦੀ ਪੈਦਾਵਾਰ ਜਿਣਸਾਂ, ਵਿੱਕਰੀ ਅਤੇ ਵਟਾਂਦਰੇ ਲਈ ਹੁੰਦੀਆਂ ਹਨ। ਇਹਨਾਂ ਦੇ ਜਨਮ ਅਤੇ ਵਿਕਾਸ ਦੀ ਇੱਕ ਲੰਮੀ ਇਤਿਹਾਸਿਕ ਪ੍ਰਕਿਰਿਆ ਰਹੀ ਹੈ। ਮੁੱਢ ਕਦੀਮੀ ਸਮਾਜ 'ਚ ਲੋਕ ਇਕੱਠੇ ਕਿਰਤ ਕਰਦੇ ਸਨ। ਇਸ ਤੋਂ ਹੋਈ ਪੈਦਾਵਾਰ ਦੀ ਵਰਤੋਂ ਕਮਿਊਨ ਦੇ ਸਾਰੇ ਮੈਂਬਰ ਕਰਦੇ ਸਨ। ਉਸ ਸਮੇਂ ਜਿਣਸਾਂ ਦਾ ਵਟਾਂਦਰਾ ਅਤੇ ਪੈਦਾਵਾਰ ਗੁਲਾਮਦਾਰੀ ਅਤੇ ਜਗੀਰੂ ਸਮਾਜਾਂ 'ਚ ਹੌਲੀ-ਹੌਲੀ ਵਿਕਸਿਤ ਹੋਇਆ। ਸਰਮਾਏਦਾਰੀ

ਸੰਸਾਰ ਅੰਦਰ ਇਹਨਾਂ ਦਾ ਵਿਕਾਸ ਆਪਣੀ ਸਿਖਰ ਤੇ ਪਹੁੰਚ ਗਿਆ।

ਸਰਮਾਏਦਾਰੀ ਅਰਥਚਾਰੇ ਦੀਆਂ ਕੋਸ਼ਿਕਾਵਾਂ-ਜਿਣਸਾਂ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਕੀ ਹਨ ?

ਕਿਉਂਕਿ ਜਿਣਸਾਂ ਵਟਾਂਦਰੇ ਵਾਸਤੇ ਮੁਖੀ ਕਿਰਤ ਪੈਦਾਵਾਰ ਹੁੰਦੀਆਂ ਹਨ, ਇਸ ਲਈ ਸਭ ਤੋਂ ਪਹਿਲਾਂ ਉਹਨਾਂ ਲਈ ਉਪਯੋਗੀ ਹੋਣਾ ਚਾਹੀਦਾ ਹੈ। ਮਿਸਾਲ ਵਜੋਂ, ਚੌਲ਼ ਸਾਡਾ ਢਿੱਡ ਭਰ ਸਕਦੇ ਹਨ, ਕੱਪੜੇ ਸਾਨੂੰ ਗਰਮ ਰੱਖ ਸਕਦੇ ਹਨ, ਲੋਹੇ ਅਤੇ ਇਸਪਾਤ ਤੋਂ ਮਸ਼ੀਨਾਂ ਬਣਾਈਆਂ ਜਾ ਸਕਦੀਆਂ ਹਨ ਅਤੇ ਟਰੈਕਟਰ ਖੇਤ ਵਾਹ ਸਕਦੇ ਹਨ। ਜਿਣਸ ਦੀ ਇਸ ਉਪਯੋਗਤਾ ਨੂੰ ਵਰਤੋਂ ਕਦਰ ਆਖਦੇ ਹਨ। ਸਪਸ਼ਟ ਹੈ, ਜੇ ਕੋਈ ਚੀਜ਼ ਉਪਯੋਗੀ ਨਹੀਂ ਹੁੰਦੀ ਤਾਂ ਕਿਸੇ ਨੂੰ ਉਸਦੀ ਲੋੜ ਵੀ ਨਹੀਂ ਹੁੰਦੀ। ਇਸ ਲਈ, ਉਹ ਜਿਣਸ ਦੀ ਗਿਣਤੀ 'ਚ ਨਹੀਂ ਆ ਸਕਦੀ।

ਵਰਤੋਂ ਕਦਰ ਜਿਣਸ ਦੀ ਇੱਕ ਜ਼ਰੂਰੀ ਸ਼ਰਤ ਤਾਂ ਹੈ ਪਰ ਇੱਕੋ-ਇੱਕ ਸ਼ਰਤ ਨਹੀਂ। ਸਾਰੀਆਂ ਵਰਤੋਂ ਵਿੱਚ ਆਉਂਦੀਆਂ ਚੀਜ਼ਾਂ ਜਿਣਸ ਨਹੀਂ ਹੁੰਦੀਆਂ। ਮਿਸਾਲ ਵਜੋਂ ਧੁੱਪ ਅਤੇ ਹਵਾ ਸਾਡੀ ਹੋਂਦ ਲਈ ਬੁਨਿਆਦੀ ਲੋੜਾਂ ਹਨ, ਪਰ ਉਹ ਕਿਰਤ ਦੀ ਪੈਦਾਵਾਰ ਨਹੀਂ ਹਨ ਉਹ ਬਿਨਾਂ ਕਿਸੇ ਖਰਚ ਦੇ ਉਪਲਬਧ ਹਨ, ਇਸ ਲਈ ਜਿਣਸ ਨਹੀਂ ਹਨ। ਇਸ ਤੋਂ ਬਿਨਾਂ, ਭਾਵੇਂ ਅਨਾਜ ਅਤੇ ਸਬਜੀਆਂ ਕਿਰਤ ਦੀਆਂ ਪੈਦਾਵਾਰ ਹਨ, ਪਰ ਜੇ ਉਹ ਸਿਰਫ ਆਪਣੀ ਵਰਤੋਂ ਲਈ ਉਗਾਈਆਂ ਜਾਂਦੀਆਂ ਹਨ ਤਾਂ ਉਹ ਜਿਣਸਾਂ ਨਹੀਂ ਹਨ। ਕਿਸਾਨ ਜੋ ਅਨਾਜ ਲਗਾਨ ਵਜੋਂ ਜਗੀਰਦਾਰ ਨੂੰ ਦਿੰਦਾ ਹੈ, ਉਹ ਭਾਵੇਂ ਉਸਦੀ ਆਪਣੀ ਵਰਤੋਂ ਲਈ ਨਹੀਂ ਹੁੰਦਾ, ਪਰ ਉਸ ਲਈ ਜਮੀਨ ਮਾਲਕ ਕੋਈ ਭੁਗਤਾਨ ਨਹੀਂ ਕਰਦਾ। ਇਸ ਲਈ ਉਸ ਨੂੰ ਜਿਣਸ ਨਹੀਂ ਮੰਨਿਆਂ ਜਾ ਸਕਦਾ।

ਕਿਰਤ ਦੇ ਉਤਪਾਦ ਜਿਣਸ ਉਦੋਂ ਹੀ ਬਣ ਸਕਦੇ ਹਨ ਜਦੋਂ ਉਨ੍ਹਾਂ ਨੂੰ ਵਟਾਂਦਰੇ ਰਾਹੀਂ ਦੂਜਿਆਂ ਕੋਲ਼ ਸੌਂਪਿਆ ਜਾਵੇ। ਇਸ ਲਈ ਵਰਤੋਂ ਕਦਰ ਦੇ ਨਾਲ-ਨਾਲ ਜਿਣਸਾਂ ਨੂੰ ਦੂਜੇ ਉਤਪਾਦਾਂ ਨਾਲ ਵਟਾਂਦਰੇ ਯੋਗ ਹੋਣਾ ਚਾਹੀਦਾ ਹੈ। ਜਿਣਸਾਂ ਦੀ ਇਸ ਵਿਸ਼ੇਸ਼ਤਾ ਨੂੰ ਵਟਾਂਦਰਾ ਕਦਰ ਕਿਹਾ ਜਾਂਦਾ ਹੈ।

ਵਟਾਂਦਰਾ ਕਦਰ ਸਭ ਤੋਂ ਪਹਿਲਾਂ ਇੱਕ ਵਰਤੋਂ ਕਦਰ ਅਤੇ ਦੂਜੀ ਵਰਤੋਂ ਕਦਰ ਵਿਚਕਾਰ ਸੰਖਿਆਤਮਕ ਵਟਾਂਦਰਾ ਅਨੁਪਾਤ ਵਜੋਂ ਦਰਸਾਈ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਕੱਪੜੇ ਦਾ ਇੱਕ ਚਾਂਗ ਦੋ ਤਾਓ ਚੌਲਾਂ ਨਾਲ ਵਟਾਇਆ ਜਾਂਦਾ ਹੈ। ਇਸ ਲਈ ਵਟਾਂਦਰੇ ਸਮੇਂ ਇੱਕ ਚਾਂਗ ਕੱਪੜੇ ਦੀ ਕਦਰ ਦੋ ਤਾਓ* ਚੌਲਾਂ ਬਰਾਬਰ ਹੋਈ।

ਦੋ ਜਿਣਸਾਂ ਵਿਚਕਾਰ ਵਟਾਂਦਰੇ ਦਾ ਸੰਖਿਆਤਮਕ ਅਨੁਪਾਤ ਸਮੇਂ ਅਤੇ ਸਥਾਨ ਅਨੁਸਾਰ ਬਦਲਦਾ ਰਹਿੰਦਾ ਹੈ। ਪਰ ਇੱਕ ਨਿਸ਼ਚਿਤ ਸਮੇਂ ਅਤੇ ਸਥਾਨ 'ਤੇ ਇਹ ਅਨੁਪਾਤ ਕੁੱਲ ਮਿਲਾਕੇ ਬਰਾਬਰ ਰਹਿੰਦਾ ਹੈ। ਵਟਾਂਦਰੇ ਦਾ ਇਹ ਅਨੁਪਾਤ ਤੈਅ ਕਿਵੇਂ ਹੁੰਦਾ ਹੈ ? ਸਪੱਸ਼ਟ ਹੈ, ਜੇ ਵੱਖੋ ਵੱਖ ਜਿਣਸਾਂ ਵਟਾਂਦਰੇ ਦੌਰਾਨ ਆਪਸੀ ਸੰਖਿਆਤਮਕ ਅਨੁਪਾਤ ਕਾਇਮ ਕਰਦੀਆਂ ਹਨ ਤਾਂ ਉਹਨਾਂ 'ਚ ਕੁੱਝ ਸਾਂਝੇ ਲੱਛਣ ਜ਼ਰੂਰ ਹੋਣਗੇ। ਆਪਣੀ ਵਰਤੋਂ

ਦੇ ਨਜ਼ਰੀਏ ਤੋਂ ਹਰ ਜਿਣਸ ਦਾ ਖਾਸਾ ਵੱਖ ਹੁੰਦਾ ਹੈ। ਮਿਸਾਲ ਵਜੋਂ ਕੱਪੜੇ ਤੋਂ ਪੁਸ਼ਾਕ ਬਣਾਈ ਜਾ ਸਕਦੀ ਹੈ ਅਤੇ ਚੌਲ਼ ਸਾਡਾ ਢਿੱਡ ਭਰ ਸਕਦੇ ਹਨ। ਇਹ ਦੋ ਵਰਤੋਂ ਕਦਰਾਂ ਬਿਲਕੁਲ ਵੱਖਰੀਆਂ ਹਨ ਅਤੇ ਇਹਨਾਂ ਦੀ ਆਪਸ 'ਚ ਤੁਲਨਾ ਨਹੀਂ ਕੀਤੀ ਜਾ ਸਕਦੀ। ਜਿਣਸਾਂ ਦਾ ਸਾਂਝਾ ਗੁਣ ਉਹਨਾਂ ਦੀ ਵਰਤੋਂ ਕਦਰ 'ਚ ਹੀ ਹੋਣਾ ਚਾਹੀਦਾ ਹੈ ਅਤੇ ਜੇ ਦੋਵੇਂ ਜਿਣਸਾਂ, ਭਾਵੇਂ ਉਹ ਕੱਪੜਾ ਹੋਵੇ ਜਾਂ ਚੌਲ, ਦੀ ਵਰਤੋਂ ਕਦਰ ਛੱਡ ਦਿਤੀ ਜਾਵੇ ਤਾਂ ਇਕ ਹੀ ਵਿਸ਼ੇਸ਼ਤਾ ਬਾਕੀ ਬਚਦੀ ਹੈ,ਕਿ ਦੋਵੇਂ ਹੀ ਕਿਰਤ ਦੀ ਪੈਦਾਵਾਰ ਹਨ। ਉਹਨਾਂ ਦੀ ਪੈਦਾਵਾਰ 'ਚ ਕਿਰਤ ਲੱਗੀ ਹੋਈ ਹੈ। ਉਹਨਾਂ 'ਚ ਸਮੋਈ ਇਹ ਕਿਰਤ ਉਹਨਾਂ 'ਚ ਕਦਰ ਪੈਦਾ ਕਰਦੀ ਹੈ। ਕਦਰ ਦੀ ਆਪਸ 'ਚ ਤੁਲਨਾ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਜਿਣਸਾਂ ਦੀ ਮਾਤਰਾਤਮਕ ਰੂਪ 'ਚ ਤੁਲਨਾ ਕੀਤੀ ਜਾ ਸਕਦੀ ਹੈ। ਇੱਕ ਤਾਂਗ ਕੱਪੜੇ ਦਾ ਵਟਾਂਦਰਾ ਦੋ ਤਾਓ ਚੌਲਾਂ ਨਾਲ ਕੀਤਾ ਜਾ ਸਕਦਾ ਹੈ, ਇਸ ਵਿੱਚ ਇਹ ਤੱਥ ਸਮੋਇਆ ਹੈ ਕਿ ਉਹਨਾਂ ਦੀ ਪੈਦਾਵਾਰ ਵਿੱਚ ਕਿਰਤ ਦੀ ਬਰਾਬਰ ਮਾਤਰਾ ਦੀ ਲੋੜ ਹੁੰਦੀ ਹੈ। ਫ਼ਲਸਰੂਪ ਉਹਨਾਂ ਦੀ ਕਦਰ ਬਰਾਬਰ ਹੈ। ਇਸ ਲਈ ਵਟਾਂਦਰਾ ਕਦਰ, ਕਦਰ ਤੋਂ ਤੈਅ ਹੁੰਦੀ ਹੈ। ਵਟਾਂਦਰਾ ਕਦਰ, ਕਦਰ ਦਾ ਇੱਕ ਪ੍ਰਗਟਾਅ ਹੈ। ਕਦਰ ਹੀ ਵਟਾਂਦਰਾ ਕਦਰ ਦਾ ਅਧਾਰ ਹੁੰਦੀ ਹੈ।

ਵਰਤੋਂ ਕਦਰ ਅਤੇ ਕਦਰ, ਜਿਣਸ ਦੀਆਂ ਦੋ ਵਿਸ਼ੇਸ਼ਤਾਵਾਂ ਹਨ। ਉਹ ਜਿਣਸ ਦੇ ਦੋ ਕਾਰਕ ਤੱਤ ਹਨ। ਵਰਤੋਂ ਕਦਰ, ਕਦਰ ਨੂੰ ਭੌਤਿਕ ਸਹਿਯੋਗ ਦਿੰਦੀ ਹੈ। ਜੇ ਕਿਸੇ ਜਿਣਸ ਦੀ ਵਰਤੋਂ ਕਦਰ ਕੁੱਝ ਨਾ ਹੋਵੇ ਤਾਂ ਉਸ ਦੀ ਕਦਰ ਕੁੱਝ ਵੀ ਨਹੀਂ ਹੋਵੇਗੀ। ਭਾਵੇਂ ਉਸ 'ਤੇ ਕਿੰਨੀ ਵੀ ਕਿਰਤ ਕਿਉਂ ਨਾ ਲੱਗੀ ਹੋਵੇ ਅਤੇ ਇਸ ਦਾ ਦੂਜੀਆਂ ਕਿਰਤ ਪੈਦਾਵਾਰਾਂ ਨਾਲ ਵਟਾਂਦਰਾ ਨਹੀਂ ਕੀਤਾ ਜਾ ਸਕਦਾ। ਨਾਲ ਹੀ ਕਿਰਤ ਦੁਆਰਾ ਸਿਰਜੀ ਵਰਤੋਂ ਕਦਰ ਹੀ ਜਿਣਸ ਬਣ ਸਕਦੀ ਹੈ। ਭਾਵੇਂ ਕੋਈ ਚੀਜ਼ ਸਾਡੀ ਜਿੰਦਗੀ ਲਈ ਬਹੁਤ ਜ਼ਰੂਰੀ ਹੀ ਕਿਉਂ ਨਾ ਹੋਵੇ, ਜਿਵੇਂ ਹਵਾ ਅਤੇ ਧੁੱਪ, ਇਹ ਜਿਣਸ ਉਦੋਂ ਤੱਕ ਨਹੀਂ ਬਣ ਸਕਦੀ ਜਦੋਂ ਤੱਕ ਇਸ 'ਤੇ ਕਿਰਤ ਨਾ ਲੱਗੀ ਹੋਵੇ।

ਜਿਣਸ ਦਾ ਦੋਹਰਾ ਖਾਸਾ ਜਿਣਸ ਪੈਦਾਵਾਰ 'ਚ ਲੱਗੀ ਕਿਰਤ ਦੇ ਦੋਹਰੇ ਖਾਸੇ ਤੋਂ ਤੈਅ ਹੁੰਦਾ ਹੈ

ਜਿਣਸ ਦਾ ਦੂਹਰਾ ਖਾਸਾ ਕਿੱਥੋਂ ਆਉਂਦਾ ਹੈ ? ਜਦੋਂ ਅਸੀਂ ਇਸ ਦੇ ਸ੍ਰੋਤ ਦੀ ਭਾਲ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਜਿਣਸ ਪੈਦਾਵਾਰ 'ਚ ਪ੍ਰਯੋਗ ਹੋਈ ਕਿਰਤ ਦਾ ਵੀ ਦੋਹਰਾ ਖਾਸਾ ਹੁੰਦਾ ਹੈ। ਇਸ ਵਿੱਚ ਇੱਕ ਪਾਸੇ ਠੋਸ ਕਿਰਤ ਹੁੰਦੀ ਹੈ ਅਤੇ ਦੂਜੇ ਪਾਸੇ ਅਮੂਰਤ ਕਿਰਤ।

ਵੱਖ-ਵੱਖ ਵਰਤੋਂ ਕਦਰਾਂ ਦੀ ਪੈਦਾਵਾਰ ਲਈ ਲੋਕਾਂ ਨੂੰ ਵੱਖ-ਵੱਖ ਉਦੇਸ਼ ਵਾਲੀਆਂ ਪੈਦਾਵਾਰੀ ਸਰਗਰਮੀਆਂ 'ਚ ਲੱਗਣਾ ਪੈਂਦਾ ਹੈ। ਮਿਸਾਲ ਵਜੋਂ ਤਰਖਾਣ ਮੇਜਾਂ ਬਣਾਉਂਦੇ

ਹਨ ਅਤੇ ਕਿਸਾਨ ਫ਼ਸਲਾਂ ਉਗਾਉਂਦੇ ਹਨ। ਉਹਨਾਂ ਸਾਰਿਆਂ ਦੇ ਆਪਣੇ ਸੰਦ, ਆਪਣੀਆਂ ਪ੍ਰਾਪਤੀਆਂ ਅਤੇ ਢੰਗ ਹੁੰਦੇ ਹਨ। ਕਿਸਾਨ ਦੀ ਕਿਰਤ 'ਚ ਖੇਤੀ ਦੇ ਵੱਖ-ਵੱਖ ਸੰਦਾਂ ਦੀ ਵਰਤੋਂ ਕਰਕੇ ਵਹਾਈ, ਗੁਡਾਈ, ਬਿਜਾਈ ਅਤੇ ਵਾਢੀ ਸ਼ਾਮਲ ਹੁੰਦੀ ਹੈ, ਜਿਸ ਨਾਲ ਉਹ ਫ਼ਸਲਾਂ ਦੀ ਪੈਦਾਵਾਰ ਕਰਦਾ ਹੈ। ਵੱਖ-ਵੱਖ ਠੋਸ ਰੂਪਾਂ 'ਚ ਕੀਤੀ ਗਈ ਇਹ ਕਿਰਤ ਠੋਸ ਕਿਰਤ ਕਹਾਉਂਦੀ ਹੈ। ਠੋਸ ਕਿਰਤ ਵਰਤੋਂ ਕਦਰ ਸਿਰਜਦੀ ਹੈ। ਜਿਣਸਾਂ ਦੀ ਵੱਖ-ਵੱਖ ਤਰ੍ਹਾਂ ਦੀ ਵਰਤੋਂ ਕਦਰ ਹੁੰਦੀ ਹੈ। ਵੱਖ-ਵੱਖ ਕੰਮ ਧੰਦਿਆਂ 'ਚ ਠੋਸ ਕਿਰਤ ਵੱਖੋ-ਵੱਖਰੀ ਕਿਸਮ ਦੀ ਹੁੰਦੀ ਹੈ ਜੋ ਗੁੰਝਲਦਾਰ ਕਿਰਤ ਵੰਡ ਦਾ ਇੱਕ ਪ੍ਰਗਟਾਅ ਹੈ।

ਵੱਖ-ਵੱਖ ਠੋਸ ਕਿਰਤ ਦੀ ਪ੍ਰਕਿਰਤੀ ਵੱਖੋ-ਵੱਖਰੀ ਹੁੰਦੀ ਹੈ ਅਤੇ ਉਹਨਾਂ ਦੀ ਆਪਸ 'ਚ ਤੁਲਨਾ ਨਹੀਂ ਕੀਤੀ ਜਾ ਸਕਦੀ। ਪਰ ਮੰਡੀ 'ਚ ਵੱਖ-ਵੱਖ ਕਿਰਤ ਉਤਪਾਦਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜਿਣਸ ਪੈਦਾਵਾਰ 'ਚ ਲੱਗੀ ਕਿਰਤ ਦਾ ਸਿਰਫ਼ ਵਖਰੇਵੇਂ ਦਾ ਹੀ ਪੱਖ ਨਹੀਂ ਸਗੋਂ ਉਸ 'ਚ ਸਮਰੂਪਤਾ ਦਾ ਵੀ ਇੱਕ ਪੱਖ ਹੈ।

ਇਹ ਸਮਰੂਪਤਾ ਕੀ ਹੈ ? ਇਹ ਇਸ ਤੱਥ 'ਚ ਸਮੋਈ ਹੋਈ ਹੈ ਕਿ ਭਾਂਵੇ ਵੱਖ-ਵੱਖ ਜਿਣਸਾਂ ਦੀ ਪੈਦਾਵਾਰ ਲਈ ਆਪਣੇ ਠੋਸ ਰੂਪਾਂ 'ਚ ਤਾਂ ਕਿਰਤ ਵੱਖੋ-ਵੱਖਰੀ ਹੁੰਦੀ ਹੈ। ਪਰ ਮੂਲ ਰੂਪ ਵਿੱਚ ਇਹ ਸਰੀਰਕ ਤੇ ਮਾਨਸਿਕ ਮਨੁੱਖੀ ਕਿਰਤ ਦਾ ਖਰਚ ਕੀਤਾ ਜਾਣਾ ਹੀ ਹੈ ਆਪਣੀਆਂ ਠੋਸ ਵਿਸ਼ੇਸ਼ਤਾਵਾਂ ਚੋਂ ਨਿੱਕਲੀ ਇਸ ਸਮਰੂਪ ਕਿਰਤ ਨੂੰ ਅਮੂਰਤ ਕਿਰਤ ਕਿਹਾ ਜਾਂਦਾ ਹੈ। ਜਿਣਸਾਂ ਦੀ ਕਦਰ ਅਮੂਰਤ ਕਿਰਤ ਦੁਆਰਾ ਘੜੀ ਜਾਂਦੀ ਹੈ। ਪਹਿਲਾਂ ਅਸੀਂ ਦੱਸ ਚੁੱਕੇ ਹਾਂ ਕਿ ਜਿਣਸ 'ਚ ਸਮੋਈ ਕਿਰਤ ਕਦਰ ਸਿਰਜਦੀ ਹੈ। ਹੁਣ ਕਿਰਤ ਦੇ ਦੋਹਰੇ ਖਾਸੇ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਅਸੀਂ ਕਦਰ ਦੇ ਅਰਥ ਬਾਰੇ ਜਿਆਦਾ ਸਪਸ਼ਟ ਹੋ ਸਕਦੇ ਹਾਂ। ਕਦਰ, ਜਿਣਸਾਂ 'ਚ ਸਮੋਈ ਅਮੂਰਤ ਕਿਰਤ ਹੁੰਦੀ ਹੈ। ਠੋਸ ਕਿਰਤ ਅਤੇ ਅਮੂਰਤ ਕਿਰਤ ਦੋ ਵੱਖੋ-ਵੱਖਰੀਆਂ ਚੀਜ਼ਾਂ ਨਹੀਂ ਹਨ। ਇਹ ਇੱਕੋ ਹੀ ਕਿਰਤ ਦੇ ਦੋ ਪਹਿਲੂ ਹਨ। ਵੱਖ-ਵੱਖ ਲੋੜਾਂ ਦੀ ਪੂਰਤੀ ਦੇ ਉਦੇਸ਼ ਨਾਲ ਵੱਖ-ਵੱਖ ਵਰਤੋਂ ਕਦਰ ਦੀ ਪੈਦਾਵਾਰ ਲਈ ਲੋਕਾਂ ਨੂੰ ਠੋਸ ਕਿਰਤ ਦੇ ਵੱਖ-ਵੱਖ ਰੂਪਾਂ ਦੀ ਤੁਲਨਾ ਲਈ ਇੱਕ ਸਾਂਝੇ ਪੈਮਾਨੇ ਦਾ ਕੰਮ ਕਰਦੀ ਹੈ। ਇਸ ਲਈ ਅਮੂਰਤ ਕਿਰਤ ਉਸ ਸਮਾਜਿਕ ਸਬੰਧ ਨੂੰ ਪ੍ਰਗਟ ਕਰਦੀ ਹੈ, ਜਿਸ ਵਿੱਚ ਜਿਣਸ ਪੈਦਾਵਾਰ ਦੀਆਂ ਹਾਲਤਾਂ ਅਧੀਨ, ਲੋਕਾਂ 'ਚ ਕਿਰਤ ਦਾ ਵਟਾਂਦਰਾ ਹੁੰਦਾ ਹੈ।

ਜਿਣਸ ਦੀ ਕਦਰ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਦੁਆਰਾ ਤੈਅ ਹੁੰਦੀ ਹੈ

ਜਿਣਸ ਦੀ ਕਦਰ ਕਿਰਤ ਦੁਆਰਾ ਸਿਰਜੀ ਜਾਂਦੀ ਹੈ। ਇਸਦਾ ਪੱਧਰ ਜਿਣਸ ਪੈਦਾਵਾਰ 'ਤੇ ਖਰਚ ਹੋਈ ਕਿਰਤ ਦੀ ਮਾਤਰਾ ਤੋਂ ਤੈਅ ਹੁੰਦਾ ਹੈ ਅਤੇ ਕਿਰਤ ਦੀ ਮਾਤਰਾ

ਕਿਰਤ ਦੇ ਸਮੇਂ ਤੋਂ ਮਾਪੀ ਜਾਂਦੀ ਹੈ। ਕਿਸੇ ਜਿਣਸ ਦੀ ਪੈਦਾਵਾਰ ਲਈ ਲੋੜੀਂਦੀ ਕਿਰਤ ਦਾ ਸਮਾਂ ਜਿੰਨਾ ਲੰਮਾ ਹੋਵੇਗਾ ਕਿਰਤ ਦੀ ਮਾਤਰਾ ਉਨੀ ਹੀ ਵੱਧ ਹੋਵੇਗੀ ਅਤੇ ਕਦਰ ਉੱਨੀ ਹੀ ਉੱਚੀ ਹੋਵੇਗੀ।

ਕੀ ਇਸਦਾ ਅਰਥ ਇਹ ਹੋਇਆ ਕਿ ਕੋਈ ਵਿਅਕਤੀ ਜਿੰਨਾ ਹੀ ਆਲਸੀ ਅਤੇ ਨਿਖੱਟੂ ਹੋਵੇਗਾ, ਉਸਦੀ ਪੈਦਾ ਕੀਤੀ ਜਿਣਸ ਦੀ ਕਦਰ ਓਨੀ ਹੀ ਵਧੇਰੇ ਹੋਵੇਗੀ। ਬਿਲਕੁਲ ਨਹੀਂ!

ਕਿਸੇ ਜਿਣਸ ਦੀ ਪੈਦਾਵਾਰ ਲਈ ਵੱਖ-ਵੱਖ ਜਿਣਸ ਪੈਦਾ ਕਰਨ ਵਾਲਿਆਂ ਨੂੰ ਵੱਖ-ਵੱਖ ਸਮੇਂ ਤੱਕ ਕਿਰਤ ਦੀ ਲੋੜ ਪੈਂਦੀ ਹੈ। ਇਸਦੇ ਕਾਰਨ ਸਪੱਸ਼ਟ ਹਨ। ਕੁੱਝ ਲੋਕ ਹੋਰਾਂ ਨਾਲੋਂ ਜਿਆਦਾ ਮਾਹਿਰ ਹੁੰਦੇ ਹਨ ਅਤੇ ਕੁੱਝ ਲੋਕ ਦੂਜਿਆਂ ਤੋਂ ਵੱਧ ਸੁਧਰੇ ਸੰਦਾਂ ਅਤੇ ਸਾਜੋ ਸਮਾਨ ਦੀ ਵਰਤੋਂ ਕਰਦੇ ਹਨ। ਸੁਭਾਵਿਕ ਹੈ ਕਿ ਮਾਹਿਰ ਅਤੇ ਸੁਧਰੇ ਸੰਦਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਲੋਂ ਲਾਇਆ ਗਿਆ ਸਮਾਂ ਸੁਭਾਵਿਕ ਹੀ ਘੱਟ ਮਾਹਰ ਅਤੇ ਅਣਘੜ ਸੰਦਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਵੱਲੋਂ ਲਏ ਗਏ ਸਮੇਂ ਤੋਂ ਘੱਟ ਹੀ ਹੋਵੇਗਾ। ਤਾਂ ਫਿਰ, ਜਿਣਸਾਂ ਦੀ ਕਦਰ ਨਿਰਧਾਰਤ ਕਰਨ ਲਈ ਕਿਸ ਸਮੇਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਵੱਖ-ਵੱਖ ਜਿਣਸ ਉਦਪਾਦਕਾਂ ਵੱਲੋਂ ਜਿਣਸ ਪੈਦਾਵਾਰ 'ਤੇ ਖਰਚ ਕੀਤੇ ਸਮੇਂ ਨੂੰ ਵਿਅਕਤੀਗਤ ਕਿਰਤ ਸਮਾਂ ਕਿਹਾ ਜਾਂਦਾ ਹੈ। ਮਿਸਾਲ ਵਜੋਂ ਕੁੱਝ ਤਰਖਾਣ ਮੇਜ ਬਣਾਉਣ ਲਈ ਤੀਹ ਘੰਟੇ ਲਾਉਂਦੇ ਹਨ, ਕੁੱਝ ਪੱਚੀ ਘੰਟੇ ਅਤੇ ਕੁੱਝ ਹੋਰ ਵੀਹ ਘੰਟੇ। ਇਹ ਸਾਰੇ ਵਿਅਕਤੀਗਤ ਕਿਰਤ ਸਮੇਂ ਹਨ। ਜਿਣਸ ਦੀ ਕਦਰ ਵਿਅਕਤੀਗਤ ਕਿਰਤ ਸਮੇਂ ਤੋਂ ਨਹੀਂ ਸਗੋਂ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਤੋਂ ਤਹਿ ਹੁੰਦੀ ਹੈ। *"ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਪੈਦਾਵਾਰ ਦੀਆਂ ਮੌਜੂਦਾ ਹਾਲਤਾਂ 'ਚ ਉਸ ਸਮੇਂ ਦੀ ਔਸਤ ਮੁਹਾਰਤ ਅਤੇ ਤੀਬਰਤਾ ਦੁਆਰਾ ਹੀ ਕਿਸੇ ਵਰਤੋਂ ਕਦਰ ਦੀ ਪੈਦਾਵਾਰ 'ਚ ਲੱਗਿਆ ਕਿਰਤ ਦਾ ਸਮਾਂ ਹੁੰਦਾ ਹੈ"।*[(2)] ਜੇ ਪੈਦਾਵਾਰ ਦੀਆਂ ਆਮ ਹਾਲਤਾਂ 'ਚ ਔਸਤ ਮੁਹਾਰਤ ਅਤੇ ਤੀਬਰਤਾ ਨਾਲ ਇੱਕ ਮੇਜ਼ ਬਣਾਉਣ ਲਈ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ 25 ਘੰਟੇ ਹੈ। ਇਹ 25 ਘੰਟੇ ਦੀ ਕਿਰਤ ਮੇਜ਼ ਦੀ ਕਦਰ ਨਿਰਧਾਰਤ ਕਰਨ ਵਾਲੀ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਹੈ।

ਕਿਰਤ ਦੁਆਰਾ ਕਦਰ ਤੈਅ ਕਰਨ ਦੀ ਚਰਚਾ ਕਰਦੇ ਹੋਏ ਵਿਅਕਤੀਗਤ ਕਿਰਤ ਅਤੇ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਵਿਚਕਾਰ ਹੀ ਨਹੀਂ ਸਗੋਂ ਸਧਾਰਨ ਕਿਰਤ ਅਤੇ ਜਟਿਲ ਕਿਰਤ ਵਿਚਕਾਰ ਵੀ ਫ਼ਰਕ ਕੀਤਾ ਜਾਣਾ ਚਾਹੀਦਾ ਹੈ। ਸਧਾਰਨ ਕਿਰਤ ਉਹ ਕਿਰਤ ਹੈ ਜੋ ਕਿਸੇ ਆਮ, ਤੰਦਰੁਸਤ ਵਿਅਕਤੀ ਦੁਆਰਾ ਬਿਨਾ ਕਿਸੇ ਸਿਖਲਾਈ ਦੇ ਕੀਤੀ ਜਾ ਸਕਦੀ ਹੈ। ਗੁੰਝਲਦਾਰ ਕਿਰਤ ਵਿਸ਼ੇਸ਼ ਸਿਖਲਾਈ ਪ੍ਰਾਪਤ ਮਾਹਿਰ ਮਜ਼ਦੂਰ ਵੱਲੋਂ ਕੀਤੀ ਗਈ ਕਿਰਤ ਹੈ। ਇਸ ਲਈ ਇੱਕ ਨਿਸ਼ਚਿਤ ਸੀਮਾਂ ਵਿੱਚ ਆਮ ਕਿਰਤ ਦੁਆਰਾ ਘੜੀ ਗਈ ਕਦਰ ਗੁੰਝਲਦਾਰ ਕਿਰਤ ਵਲੋਂ ਸਿਰਜੀ ਗਈ ਕਦਰ ਤੋਂ ਘੱਟ ਹੋਵੇਗੀ। ਗੁੰਝਲਦਾਰ ਕਿਰਤ ਕਈ ਸਧਾਰਨ ਕਿਰਤਾਂ ਦਾ ਮੇਲ ਹੁੰਦੀ ਹੈ। ਗੁੰਝਲਦਾਰ ਅਤੇ ਸਧਾਰਨ ਕਿਰਤ ਵਿਚਕਾਰ ਆਪਸੀ ਬਦਲਾਅ ਵਟਾਂਦਰੇ ਦੀ ਪ੍ਰਕਿਰਿਆ 'ਚ ਆਪਣੇ ਆਪ ਹੁੰਦਾ ਰਹਿੰਦਾ ਹੈ।

ਨਿੱਜੀ ਕਿਰਤ ਅਤੇ ਸਮਾਜਿਕ ਕਿਰਤ ਦੀ ਵਿਰੋਧਤਾਈ ਜਿਣਸ ਪੈਦਾਵਾਰ ਦੀ ਬੁਨਿਆਦੀ ਵਿਰੋਧਤਾਈ ਹੈ

ਅਸੀਂ ਉੱਪਰ ਜਿਣਸ ਦੇ ਦੋਹਰੇ ਖਾਸੇ, ਜਿਣਸ ਪੈਦਾਵਾਰ 'ਚ ਕਿਰਤ ਦੇ ਦੋਹਰੇ ਖਾਸੇ ਅਤੇ ਜਿਣਸ ਦੀ ਕਦਰ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਬੁਨਿਆਦੀ ਸਮਝ ਨਾਲ ਅਸੀਂ ਜਿਣਸ ਪੈਦਾਵਾਰ ਦੀਆਂ ਵਿਰੋਧਤਾਈਆਂ ਦਾ ਹੋਰ ਵਿਸ਼ਲੇਸ਼ਣ ਕਰ ਸਕਦੇ ਹਾਂ।

ਜਿਣਸ ਨੂੰ ਕਿਰਤ ਪੈਦਾਵਾਰਾਂ ਦੇ ਵਟਾਂਦਰੇ ਲਈ ਵਰਤਿਆ ਜਾਂਦਾ ਹੈ। ਜਿਣਸ ਉਤਪਾਦਕ ਆਪਣੀਆਂ ਲੋੜਾਂ ਲਈ ਜਿਣਸਾਂ ਪੈਦਾ ਨਹੀਂ ਕਰਦੇ। ਮਿਸਾਲ ਵਜੋਂ ਲੁਹਾਰ ਕਸੀਏ ਇਸ ਲਈ ਨਹੀਂ ਬਣਾਉਂਦਾ ਕਿ ਉਸਨੂੰ ਉਸਦੀ ਲੋੜ ਹੁੰਦੀ ਹੈ। ਉਸਦਾ ਉਦੇਸ਼ ਕਸੀਏ ਵੇਚ ਕੇ ਉਹਨਾਂ ਦੀ ਕੀਮਤ ਵਸੂਲ ਕਰਨਾ ਹੁੰਦਾ ਹੈ ਤਾਂ ਕਿ ਉਹ ਆਪਣੀ ਲੋੜ ਦੇ ਚੌਲ ਤੇ ਕੱਪੜਾ ਪ੍ਰਾਪਤ ਕਰ ਸਕੇ। ਜਿਣਸ ਉਤਪਾਦਕ ਲਈ ਇਹ ਬੇਹੱਦ ਮਹੱਤਵਪੂਰਨ ਹੁੰਦਾ ਹੈ ਕਿ ਉਸਦੀ ਜਿਣਸ ਵਿਕਦੀ ਹੈ ਜਾਂ ਨਹੀਂ।

ਜਿਣਸ, ਵਰਤੋਂ ਕਦਰ ਅਤੇ ਕੀਮਤ ਦੇ ਵਿਰੋਧੀ ਬਿੰਦੂਆਂ ਨੂੰ ਜੋੜਦੀ ਹੈ। ਉਹ ਜਿਣਸ 'ਚ ਤਾਂ ਇੱਕਜੁਟ ਹੁੰਦੇ ਹਨ, ਪਰ ਨਾਲ ਹੀ ਇੱਕ ਦੂਜੇ ਦੇ ਵਿਰੋਧੀ ਵੀ ਹੁੰਦੇ ਹਨ। ਜੇ ਉਹ ਜਿਣਸ ਵਿਕ ਜਾਂਦੀ ਹੈ ਤਾਂ ਉਸ ਦੇ ਅੰਦਰੂਨੀ ਵਿਰੋਧ ਹੱਲ ਹੋ ਜਾਂਦੇ ਹਨ। ਜਦੋਂ ਇੱਕ ਕਸੀਆ ਇੱਕ ਅਜਿਹੇ ਹੱਥਾਂ ਵਿੱਚ ਪਹੁੰਚਦਾ ਹੈ ਜਿਸ ਨੂੰ ਉਸ ਦੀ ਲੋੜ ਹੁੰਦੀ ਹੈ, ਤਾਂ ਠੋਸ ਕਿਰਤ ਅਮੂਰਤ ਕਿਰਤ 'ਚ ਬਦਲ ਜਾਂਦੀ ਹੈ ਅਤੇ ਲੁਹਾਰ ਨੂੰ ਉਸਦੇ ਕਸੀਏ ਦੀ ਕੀਮਤ ਮਿਲ ਜਾਂਦੀ ਹੈ। ਕਸੀਏ ਦੀ ਵਰਤੋਂ ਕਦਰ ਅਤੇ ਕੀਮਤ ਇੱਕ ਹੋ ਜਾਂਦੇ ਹਨ। ਪਰ ਜੇ ਇਹ ਜਿਣਸ ਵੇਚੀ ਨਾ ਜਾ ਸਕੇ, ਤਾਂ ਵਰਤੋਂ ਕਦਰ ਅਤੇ ਕੀਮਤ ਭਾਵ ਠੋਸ ਕਿਰਤ ਅਤੇ ਅਮੂਰਤ ਕਿਰਤ ਵਿਚਲੀਆਂ ਵਿਰੋਧਤਾਈਆਂ ਇੱਕ ਦਮ ਤਹਿ 'ਤੇ ਆ ਜਾਂਦੀਆਂ ਹਨ। ਭਾਵੇਂ ਕਸੀਏ 'ਚ ਵਰਤੋਂ ਕਦਰ ਤਾਂ ਰਹਿਦੀ ਹੀ ਹੈ, ਪਰ ਜੇ ਉਹ ਵਿਕਦਾ ਨਹੀਂ ਤਾਂ ਉਸਦੀ ਕੀਮਤ ਹਾਸਿਲ ਨਹੀਂ ਹੁੰਦੀ ਤਾਂ ਕਸੀਆ ਕੂੜੇ ਦੇ ਢੇਰ ਤੋਂ ਵੱਧ ਕੁੱਝ ਨਹੀਂ ਰਹਿੰਦਾ ਇਸ ਹਾਲਤ 'ਚ ਲੁਹਾਰ ਦੀ ਠੋਸ ਕਿਰਤ, ਜਿਸ ਵਿੱਚ ਸ਼ਰਤੀਆ ਹੀ ਸਰੀਰਕ ਅਤੇ ਮਾਨਸਿਕ ਕਿਰਤ ਦਾ ਸੁਮੇਲ ਸ਼ਾਮਿਲ ਹੈ, ਅਮੂਰਤ ਕਿਰਤ 'ਚ ਨਹੀਂ ਬਦਲ ਸਕਦੀ। ਦੂਜੇ ਸ਼ਬਦਾਂ ਵਿੱਚ ਉਸਦੀ ਕਿਰਤ ਸਮਾਜ ਦੁਆਰਾ ਮਨਜ਼ੂਰ ਨਹੀਂ ਕੀਤੀ ਜਾਂਦੀ ਅਤੇ ਬੇਕਾਰ ਹੋ ਜਾਂਦੀ ਹੈ। ਅਜਿਹੀ ਹਾਲਤ 'ਚ ਲੁਹਾਰ ਕੋਲ ਪੈਦਾਵਾਰ ਲਈ ਕੱਚਾ ਲੋਹਾ ਅਤੇ ਕੋਲਾ ਖਰੀਦਣ ਦਾ ਕੋਈ ਸਾਧਨ ਨਹੀਂ ਰਹਿੰਦਾ। ਉਸ ਕੋਲ ਆਪਣੀ ਰੋਜੀ ਰੋਟੀ ਲਈ ਬਾਲਣ, ਚੌਲ, ਤੇਲ ਅਤੇ ਲੂਣ ਖਰੀਦਣ ਦਾ ਕੋਈ ਸਾਧਨ ਨਹੀਂ ਰਹਿੰਦਾ। ਵਰਤੋਂ ਕਦਰ ਤੇ ਕਦਰ ਅਤੇ ਠੋਸ ਕਿਰਤ ਤੇ ਅਮੂਰਤ ਕਿਰਤ ਵਿਚਲੀਆਂ ਵਿਰੋਧਤਾਈਆਂ ਜਿਣਸ ਉਤਪਾਦਕ ਦੀ ਪੈਦਾਵਾਰ ਅਤੇ ਰੋਜ਼ੀ ਰੋਟੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ।

ਜਿਣਸ ਪੈਦਾਵਾਰ 'ਚ ਇਹ ਵਿਰੋਧਤਾਈਆਂ ਪੈਦਾ ਕਿਵੇਂ ਹੁੰਦੀਆਂ ਹਨ ? ਉਹਨਾਂ

ਦਾ ਸ੍ਰੋਤ ਕੀ ਹੈ? ਨਿੱਜੀ ਮਾਲਕੀ ਅਧੀਨ ਜਿਣਸ ਪੈਦਾਵਾਰ ਦੀ ਇੱਕ ਬੁਨਿਆਦੀ ਵਿਰੋਧਤਾਈ ਹੈ। ਇਹ ਹੈ ਨਿੱਜੀ ਅਤੇ ਸਮਾਜਿਕ ਕਿਰਤ ਵਿਚਲੀ ਵਿਰੋਧਤਾਈ। ਜਿਣਸਾਂ ਕਿਉਂਕਿ ਵਟਾਂਦਰੇ ਲਈ ਪ੍ਰਯੋਗ ਹੋਣ ਵਾਲੇ ਕਿਰਤ ਉਤਪਾਦ ਹੁੰਦੀਆਂ ਹਨ ਅਤੇ ਕਿਉਂਕਿ ਉਤਪਾਦਕ ਵੱਲੋਂ ਸਿਰਜੀ ਵਰਤੋਂ ਕਦਰ ਉਸਦੀਆਂ ਲੋੜਾਂ ਲਈ ਨਹੀਂ ਸਗੋਂ ਸਮਾਜਿਕ ਲੋੜਾਂ ਦੀ ਪੂਰਤੀ ਲਈ ਹੁੰਦੀ ਹੈ, ਇਸ ਲਈ ਜਿਣਸ ਉਤਪਾਦਕ ਦੀ ਕਿਰਤ ਦੀ ਪ੍ਰਕਿਰਤੀ ਸਮਾਜਿਕ ਹੁੰਦੀ ਹੈ। ਇਹ ਸਮੁੱਚੀ ਸਮਾਜਿਕ ਕਿਰਤ ਦਾ ਇੱਕ ਅੰਗ ਹੁੰਦੀ ਹੈ। ਪਰ ਨਿੱਜੀ ਮਾਲਕੀ ਦੀਆਂ ਹਾਲਤਾਂ ਅਧੀਨ ਕਿਸਦੀ ਅਤੇ ਕਿੰਨੀ ਪੈਦਾਵਾਰ ਕਰਨੀ ਹੈ ਅਤੇ ਉਸ ਤੋਂ ਆਮਦਨ ਕਿੰਨੀ ਹੋਵੇਗੀ, ਇਹ ਉਤਪਾਦਕ ਦਾ ਨਿੱਜੀ ਮਸਲਾ ਹੁੰਦਾ ਹੈ, ਇਸ ਲਈ ਜਿਣਸ ਉਤਪਾਦਕ ਦੀ ਕਿਰਤ ਵਿੱਚ ਨਿੱਜੀ ਕਿਰਤ ਦੀ ਪ੍ਰਕਿਰਤੀ ਵੀ ਹੁੰਦੀ ਹੈ। ਨਿੱਜੀ ਅਤੇ ਸਮਾਜਿਕ ਕਿਰਤ ਵਿਚਲੀ ਇਹ ਵਿਰੋਧਤਾਈ ਨਿੱਜੀ ਮਾਲਕੀ ਅਧੀਨ ਜਿਣਸ ਪੈਦਾਵਾਰ ਦੀਆਂ ਸਾਰੀਆਂ ਵਿਰੋਧਤਾਈਆਂ ਦਾ ਮੂਲ ਸ੍ਰੋਤ ਹੈ। ਜਦੋਂ ਨਿੱਜੀ ਉਤਪਾਦਕ ਦੀਆਂ ਪੈਦਾ ਕੀਤੀਆਂ ਜਿਣਸਾਂ ਮੰਡੀ ਵਿੱਚ ਵਿਕ ਜਾਂਦੀਆਂ ਹਨ ਤਾਂ ਇਸ ਤੋਂ ਪਤਾ ਲਗਦਾ ਹੈ ਕਿ ਉਸਦੀ ਨਿੱਜੀ ਕਿਰਤ ਸਮਾਜ ਵੱਲੋਂ ਮਨਜ਼ੂਰ ਕਰ ਲਈ ਗਈ ਹੈ ਅਤੇ ਉਹ ਸਮਾਜਿਕ ਕਿਰਤ ਦਾ ਇੱਕ ਅੰਗ ਬਣ ਗਈ ਹੈ। ਜੇ ਜਿਣਸ ਨੂੰ ਵੇਚਿਆ ਨਹੀਂ ਜਾ ਸਕਦਾ ਤਾਂ ਜਿਣਸ ਉਤਪਾਦਕ ਦੀ ਨਿੱਜੀ ਸਮਾਜਿਕ ਕਿਰਤ ਸਮਾਜ ਵੱਲੋਂ ਮਨਜ਼ੂਰ ਨਹੀਂ ਕੀਤੀ ਜਾ ਸਕਦੀ ਅਤੇ ਉਹ ਸਮਾਜਿਕ ਕਿਰਤ 'ਚ ਨਹੀਂ ਬਦਲੀ ਜਾ ਸਕਦੀ। ਜਿਣਸ ਉਤਪਾਦਕ ਦੀ ਠੋਸ ਕਿਰਤ ਨੂੰ ਅਮੂਰਤ ਕਿਰਤ 'ਚ ਨਹੀਂ ਬਦਲਿਆ ਜਾ ਸਕਦਾ। ਇਸ ਲਈ ਜਿਣਸ ਦੀ ਕਦਰ ਹਾਸਿਲ ਨਹੀਂ ਕੀਤੀ ਜਾ ਸਕਦਾ।

ਮਾਰਕਸ ਦਾ ਕਦਰ ਦਾ ਕਿਰਤ ਸਿਧਾਂਤ ਵਾਫ਼ਰ ਕਦਰ ਦੇ ਸਿਧਾਂਤ ਦਾ ਅਧਾਰ ਹੈ

ਕਿਰਤ ਦੇ ਦੋਹਰੇ ਖਾਸੇ ਦੇ ਵਿਸ਼ਲੇਸ਼ਣ ਰਾਹੀਂ ਮਾਰਕਸ ਨੇ ਕਦਰ ਦੇ ਕਿਰਤ ਸਿਧਾਂਤ ਦੀ ਰਚਨਾ ਕੀਤੀ। ਇਹ ਸਿਧਾਂਤ ਵਿਗਿਆਨਕ ਢੰਗ ਨਾਲ ਦਸਦਾ ਹੈ ਕਿ ਠੋਸ ਕਿਰਤ ਜਿਣਸਾਂ ਦੀ ਵਰਤੋਂ ਕਦਰ ਸਿਰਜਦੀ ਹੈ ਜਦੋਂ ਕਿ ਅਮੂਰਤ ਕਿਰਤ ਜਿਣਸਾਂ ਦੀ ਕਦਰ ਸਿਰਜਦੀ ਹੈ ਅਤੇ ਕਿਰਤ ਹੀ ਕਦਰ ਦਾ ਇੱਕੋ ਇੱਕ ਸ੍ਰੋਤ ਹੈ। ਮਾਰਕਸ ਦਾ ਕਦਰ ਦਾ ਕਿਰਤ ਸਿਧਾਂਤ ਵਾਫ਼ਰ ਕਦਰ ਦੇ ਸਿਧਾਂਤ ਦਾ ਅਧਾਰ ਹੈ ਅਤੇ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਦਾ ਇੱਕ ਅਹਿਮ ਅੰਗ ਹੈ।

ਮਾਰਕਸਵਾਦੀ ਸਿਧਾਂਤ ਦੀ ਅਗਵਾਈ ਮਿਲਣ ਤੋਂ ਪਹਿਲਾਂ ਮਜ਼ਦੂਰ ਜਮਾਤ ਆਪਣੇ ਦੁੱਖਾਂ ਦੀ ਜੜ੍ਹ ਨੂੰ ਸਮਝਣ ਤੋਂ ਅਸਮਰਥ ਸੀ ਅਤੇ ਆਪਣੇ ਸੰਘਰਸ਼ਾਂ ਦੇ ਨਿਸ਼ਾਨਿਆਂ ਨੂੰ ਪਹਿਚਾਣਦੀ ਨਹੀਂ ਸੀ। ਕੁੱਝ ਦੀ ਇਹ ਗਲਤ ਸਮਝ ਸੀ ਕਿ ਉਹਨਾਂ ਦੇ ਦੁੱਖਾਂ ਦਾ ਕਾਰਨ ਮਸ਼ੀਨਾਂ ਹਨ ਅਤੇ ਇੱਕ ਵਾਰ ਮਸ਼ੀਨਾ ਨੂੰ ਤਬਾਹ ਕਰਨਾ ਸੰਘਰਸ਼ ਦੇ ਇੱਕ ਢੰਗ ਵਜੋਂ ਵੀ

ਅਪਣਾਇਆ ਗਿਆ। ਮਾਰਕਸ ਨੇ ਮਜ਼ਦੂਰ ਜਮਾਤ ਦੇ ਲੰਮੇ ਤਜ਼ਰਬਿਆਂ ਦਾ ਅਧਿਐਨ ਕੀਤਾ ਅਤੇ ਸਰਮਾਏਦਾਰੀ ਦੇ ਰਹੱਸ ਦਾ ਪਰਦਾ ਫਾਸ਼ ਕਰਨ ਲਈ ਵਾਫ਼ਰ ਕਦਰ ਦੇ ਸਿਧਾਂਤ ਦੀ ਸਿਰਜਣਾ ਕੀਤੀ। ਇਸ ਨਾਲ ਮਜਦੂਰ ਜਮਾਤ ਨੂੰ ਆਪਣੇ ਇਤਿਹਾਸਕ ਮਿਸ਼ਨ ਦਾ ਅਤੇ ਇਸ ਤੱਥ ਦਾ ਅਹਿਸਾਸ ਹੋਇਆ ਕਿ ਸਿਰਫ ਹਿੰਸਕ ਇਨਕਲਾਬ ਰਾਹੀਂ ਅਤੇ ਸਰਮਾਏਦਾਰੀ ਦੀ ਥਾਂ ਤੇ ਸਮਾਜਵਾਦ ਲਿਆ ਕੇ ਹੀ ਉਸ ਦੀ ਬੰਦ ਖਲਾਸੀ ਹੋ ਸਕਦੀ ਹੈ। ਮਾਰਕਸ ਦਾ ਵਾਫ਼ਰ ਕਦਰ ਦਾ ਸਿਧਾਂਤ ਕਦਰ ਦੇ ਕਿਰਤ ਸਿਧਾਂਤ ਤੇ ਅਧਾਰਿਤ ਹੈ। ਕਦਰ ਦੇ ਕਿਰਤ ਸਿਧਾਂਤ ਤੋਂ ਬਿਨਾਂ, ਵਾਫ਼ਰ ਕਦਰ ਦਾ ਸਿਧਾਂਤ ਸਥਾਪਿਤ ਨਹੀਂ ਹੋ ਸਕਦਾ ਸੀ।

ਕਿਉਂਕਿ ਮਾਰਕਸ ਦਾ ਕਦਰ ਦਾ ਕਿਰਤ ਸਿਧਾਂਤ ਮਜ਼ਦੂਰ ਜਮਾਤ ਦੇ ਇਨਕਲਾਬੀ ਸੰਘਰਸ਼ਾਂ ਲਈ ਰਾਹ ਦਰਸਾਵਾ ਹੈ, ਇਸ ਲਈ ਬੁਰਜੂਆ ਅਰਥਸ਼ਾਸ਼ਤਰੀਆਂ ਨੇ ਕਦਰ ਅਤੇ ਕਿਰਤ ਦਾ ਸਬੰਧ ਤੋੜਨ, ਮਾਰਕਸ ਦੇ ਕਦਰ ਦੇ ਕਿਰਤ ਸਿਧਾਂਤ ਦਾ ਵਿਰੋਧ ਕਰਨ ਅਤੇ ਪੂੰਜੀਵਾਦੀ ਲੁੱਟ ਨੂੰ ਢਕਣ ਦੇ ਅਸਫ਼ਲ ਯਤਨਾਂ ’ਚ ਹਰ ਤਰ੍ਹਾਂ ਦੇ ਗੈਰ ਵਿਗਿਆਨਕ ਕਦਰ ਦੇ ਸਿਧਾਂਤਾਂ ਨੂੰ ਸਥਾਪਿਤ ਕਰਨ ਦੀਆਂ ਜੀਅ ਤੋੜ ਕੋਸ਼ਿਸ਼ਾਂ ਕੀਤੀਆਂ।

ਉੱਜਡ ਅਰਥਸ਼ਾਸਤਰੀਆਂ ਵਿਚਕਾਰ ਕਿਸੇ ਵੇਲੇ ਕਦਰ ਦੀ ਪੈਦਾਵਾਰੀ ਲਾਗਤ ਦਾ ਸਿਧਾਂਤ ਪ੍ਰੱਚਲਿਤ ਸੀ। ਇਹ ਸਿਧਾਂਤ ਕਹਿੰਦਾ ਹੈ ਕਿ ਜਿਣਸ ਦੀ ਕਦਰ ਉਸਦੀ ਪੈਦਾਵਾਰ ’ਚ ਲੱਗੀ ਲਾਗਤ (ਪੈਦਾਵਾਰੀ ਸਾਧਨਾਂ ਦੀ ਕਦਰ ਅਤੇ ਮਜ਼ਦੂਰੀ) ਤੋਂ ਤੈਅ ਹੁੰਦੀ ਹੈ। ਜੇ ਕਿਸੇ ਜਿਣਸ ਦੀ ਕਦਰ ਅਸਲ ‘ਚ ਪੈਦਾਵਾਰੀ ਲਾਗਤ ਤੋਂ ਤੈਅ ਹੁੰਦੀ ਤਦ ਤਾਂ ਜਿਣਸ ਦੇ ਵਿਕ ਜਾਣ ’ਤੇ ਪੂੰਜੀਪਤੀ ਨੂੰ ਪੈਦਾਵਾਰ ਦੌਰਾਨ ਖਰਚ ਹੋਈ ਲਾਗਤ ਹੀ ਵਾਪਸ ਮਿਲਦੀ ਹੋਵੇ। ਇਸ ਤਰ੍ਹਾਂ ਭਲਾਂ ਉਹ ਅਮੀਰ ਕਿਵੇਂ ਹੋ ਸਕਦਾ ਹੈ ? ਮਜਦੂਰ ਦੀ ਲੁੱਟ ਕਿਵੇਂ ਹੁੰਦੀ ਹੈ ? ਇਸ ਤਰ੍ਹਾਂ ਉਹ ਉੱਜਡ ਅਰਥਸ਼ਾਸ਼ਤਰੀ, ਜੋ ਕਹਿੰਦੇ ਸਨ ਕਿ ਕਦਰ ਪੈਦਾਵਾਰੀ ਲਾਗਤ ਤੋਂ ਤੈਅ ਹੁੰਦੀ ਹੈ, ਅਸਲ ਵਿੱਚ ਮੁਨਾਫੇ ਦੀ ਵਿਆਖਿਆ ਉੱਚੀ ਤਨਖਾਹ ਦੇ ਰੂਪ, ਸੰਜਮ ਦੇ ਲਈ ਪੁਰਸਕਾਰ ਅਤੇ ਜੋਖਮ ਬਦਲੇ ਇਨਾਮ ਦੇ ਰੂਪ ’ਚ ਕਰਦੇ ਸਨ। ਇਹ ਬੁਰਜੂਆਜ਼ੀ ਦੇ ਪੈਰੋਕਾਰਾਂ ਵਜੋਂ ਉਹਨਾਂ ਦੀ ਗੰਦੀ ਭੂਮਿਕਾ ਨੂੰ ਸਪੱਸ਼ਟ ਕਰ ਦਿੰਦਾ ਹੈ।

ਬੁਰਜੂਆ ਉਜੱਡ ਅਰਥਸ਼ਾਸਤਰੀਆਂ ਵਿਚਕਾਰ ਕਿਸੇ ਵੇਲੇ ਕਦਰ ਦੀ ਵਰਤੋਂ ਵਾਲਾ ਸਿਧਾਂਤ ਪ੍ਰਚੱਲਿਤ ਸੀ। ਇਸ ਸਿਧਾਂਤ ਅਨੁਸਾਰ ਕਿਸੇ ਜਿਣਸ ਦੀ ਕਦਰ ਉਸ ਵਿੱਚ ਸਮੋਈ ਵਰਤੋਂ ਦੇ ਮਾਪ ਤੋਂ ਤੈਅ ਹੁੰਦੀ ਹੈ। ਫਿਰ “ਵਰਤੋਂ” ਕੀ ਹੈ ? ਅਸਲ ’ਚ ਇਹ ਕਿਸੇ ਜਿਣਸ ਦੀ ਵਰਤੋਂ ਕਦਰ ਹੁੰਦੀ ਹੈ।ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਵੱਖ-ਵੱਖ ਜਿਣਸਾਂ ਦੀ ਵੱਖ-ਵੱਖ ਵਰਤੋਂ ਕਦਰ ਹੁੰਦੀ ਹੈ ਜਿਨ੍ਹਾਂ ਦੀ ਆਪਸ ’ਚ ਤੁਲਨਾ ਨਹੀਂ ਕੀਤੀ ਜਾ ਸਕਦੀ। ਇਹ ਬਿਲਕੁਲ ਬੇਤੁਕੀ ਗੱਲ ਹੈ ਕਿ ਕਿਸੇ ਜਿਣਸ ਦੀ ਕਦਰ ਉਸਦੀ ਵਰਤੋਂ ਕਦਰ ਤੋਂ ਤੈਅ ਹੁੰਦੀ ਹੈ। ਕਦਰ ਦਾ ਵਰਤੋਂ ਸਿਧਾਂਤ ਸਥਾਪਿਤ ਕਰਨ ਵਾਲੇ ਵਿਦਵਤਾਪੂਰਨ ਢੰਗ ਨਾਲ ਇਸ ਗੱਲ ਦੀ ਵਿਆਖਿਆ ਨਾ ਕਰ ਸਕੇ ਕਿ ਮਨੁੱਖੀ ਜਿੰਦਗੀ ਲਈ ਜ਼ਰੂਰੀ ਹਵਾ ਅਤੇ ਧੁੱਪ

ਜਿਹੀਆਂ ਚੀਜ਼ਾਂ 'ਚ ਕਦਰ ਕਿਉਂ ਨਹੀਂ ਹੁੰਦੀ ਅਤੇ ਉਹਨਾਂ ਨੂੰ ਜਿਣਸ ਦੇ ਰੂਪ 'ਚ ਵੇਚਿਆ ਕਿਉਂ ਨਹੀਂ ਜਾ ਸਕਦਾ ?

ਬੁਰਜੂਆ ਉਜੱਡ ਅਰਥਸ਼ਾਸ਼ਤਰੀਆਂ ਵਿਚਕਾਰ ਇੱਕ ਹੋਰ ਹਰਮਨ ਪਿਆਰਾ ਸਿਧਾਂਤ ਕਦਰ ਦੀ ਪੂਰਤੀ ਅਤੇ ਮੰਗ ਦਾ ਸਿਧਾਂਤ ਸੀ। ਇਹ ਸਿਧਾਂਤ ਇਸ ਗੱਲੋਂ ਇਨਕਾਰੀ ਸੀ ਕਿ ਕਿਸੇ ਜਿਣਸ ਦੀ ਕੋਈ ਬਾਹਰਮੁਖੀ ਤੇ ਅੰਦਰੂਨੀ ਕਦਰ ਵੀ ਹੁੰਦੀ ਹੈ। ਉਨ੍ਹਾਂ ਅਨੁਸਾਰ ਜਿਣਸਾਂ ਦੀ ਕਦਰ ਮੰਡੀ 'ਚ ਪੂਰਤੀ ਦੀ ਮੰਗ ਦੀ ਸਥਿਤੀ 'ਤੋਂ ਤੈਅ ਹੁੰਦੀ ਹੈ। ਜਦੋਂ ਕਿਸੇ ਜਿਣਸ ਦੀ ਪੂਰਤੀ ਉਸਦੀ ਮੰਗ ਤੋਂ ਵੱਧ ਹੋਵੇਗੀ ਅਤੇ ਉਸਦੀ ਕਦਰ ਵੀ ਘੱਟ ਹੋਵੇਗੀ। ਪਰ ਜਦੋਂ ਕਿਸੇ ਜਿਣਸਾਂ ਦੀ ਮੰਗ ਉਸਦੀ ਪੂਰਤੀ ਤੋਂ ਵੱਧ ਹੋਵੇ ਤਾਂ ਦੂਜੀਆਂ ਜਿਣਸਾਂ ਲਈ ਉਸਦੀ ਵਟਾਂਦਰਾ ਕਦਰ ਵੱਧ ਹੋਵੇਗੀ ਅਤੇ ਉਸਦੀ ਕਦਰ ਵੀ ਵੱਧ ਹੋਵੇਗੀ। ਇਹ ਸਿਧਾਂਤ ਸਪਸ਼ਟ ਰੂਪ 'ਚ ਭੁਲੇਖਾ ਪਾਊ ਸੀ। ਕਦਰ ਦੀ ਪੂਰਤੀ ਅਤੇ ਮੰਗ ਦੇ ਸਿਧਾਂਤ ਦੇ ਸੂਤਰਧਾਰ ਇਹ ਨਾ ਦੱਸ ਸਕੇ ਕਿ ਪੂਰਤੀ ਮੰਗ ਦੇ ਬਰਾਬਰ ਹੋਣ 'ਤੇ ਜਿਣਸ ਦੀ ਕਦਰ ਕਿਵੇਂ ਤਹਿ ਹੁੰਦੀ ਹੈ ਅਤੇ ਨਾ ਹੀ ਉਹ ਇਹ ਸਮਝਾ ਸਕੇ ਕਿ ਵੱਖ-ਵੱਖ ਜਿਣਸਾਂ ਲਈ ਪੂਰਤੀ ਅਤੇ ਮੰਗ ਦੇ ਬਦਲਦੇ ਸਬੰਧਾਂ ਵਿਚਕਾਰ ਕੁੱਝ ਜਿਣਸਾਂ ਸਦਾ ਦੂਜੀਆਂ ਤੋਂ ਵੱਧ ਮਹਿੰਗੀਆਂ ਕਿਉਂ ਹਨ ?

ਭਾਵੇਂ ਬੁਰਜੂਆ ਅਰਥਸ਼ਾਸ਼ਤਰੀਆਂ ਨੇ ਕਦਰ ਦੇ ਕਿਰਤ ਸਿਧਾਂਤ ਨੂੰ ਖਾਰਿਜ ਕਰਨ ਦੀਆਂ ਜੀਅ ਤੋੜ ਕੋਸ਼ਿਸ਼ਾਂ ਕੀਤੀਆਂ, ਪਰ ਸੱਚ ਨੂੰ ਕਦੇ ਖਾਰਿਜ ਨਹੀਂ ਕੀਤਾ ਜਾ ਸਕਦਾ। ਬੁਰਜੂਆਜ਼ੀ ਦੇ ਵੱਖ-ਵੱਖ ਅਖੌਤੀ ਵਿਗਿਆਨਕ ਸਿਧਾਂਤਾਂ ਵਿਰੁੱਧ ਸੰਘਰਸ਼ 'ਚ ਕਦਰ ਦਾ ਮਾਰਕਸਵਾਦੀ ਕਿਰਤ ਸਿਧਾਂਤ ਇੱਕੋ-ਇੱਕ ਸਹੀ ਸਿਧਾਂਤ ਸਿੱਧ ਹੋਇਆ।

ਮੁਦਰਾ ਜਿਣਸ ਵਟਾਂਦਰੇ ਦੇ ਵਿਕਾਸ ਦੀ ਇੱਕ ਸੁਭਾਵਿਕ ਉਪਜ ਹੈ

ਮੁਦਰਾ ਸਰਵਵਿਆਪੀ ਸਮਤੋਲ ਦਾ ਕੰਮ ਕਰਨ ਵਾਲੀ ਇੱਕ ਵਿਸ਼ੇਸ਼ ਜਿਣਸ ਹੈ

ਮੁਦਰਾ ਦਾ ਸਬੰਧ ਜਿਣਸਾਂ ਨਾਲ ਹੈ ਕਿਉਂਕਿ ਰੋਜ਼ਾਨਾ ਜ਼ਿੰਦਗੀ 'ਚ ਜਿਣਸ ਮੁਦਰਾ ਦੇ

ਰੂਪ 'ਚ ਪ੍ਰਗਟ ਹੁੰਦੀ ਹੈ। ਜਿਣਸਾਂ ਨੂੰ ਮੁਦਰਾ ਨਾਲ ਖਰੀਦਿਆ ਜਾਂਦਾ ਹੈ। ਪਰ ਮੁੱਢ ਤੋਂ ਹੀ ਜਿਣਸਾਂ ਦੀ ਕਦਰ ਮੁਦਰਾ 'ਚ ਨਹੀਂ ਪ੍ਰਗਟਾਈ ਜਾਂਦੀ ਸੀ। ਮੁਦਰਾ ਜਿਣਸ ਪੈਦਾਵਾਰ ਅਤੇ ਵਟਾਂਦਰੇ ਦੇ ਵਿਕਾਸ ਦੀ ਉਪਜ ਹੈ। ਮੁੱਢ 'ਚ ਖਾਨਾਬਦੋਸ਼ ਕਬੀਲੇ ਅਤੇ ਖੇਤੀ ਕਰਨ ਵਾਲੇ ਕਬੀਲੇ ਆਪਣੀ ਵਾਧੂ ਪੈਦਾਵਾਰ ਦਾ ਆਪਸ 'ਚ ਵਟਾਂਦਰਾ ਕਰਦੇ ਸਨ। ਮਿਸਾਲ ਵਜੋਂ ਭੇਡਾਂ ਦਾ ਚੌਲਾਂ ਨਾਲ ਵਟਾਂਦਰਾ ਕੀਤਾ ਜਾਂਦਾ ਸੀ। ਉਸ ਸਮੇਂ ਜਿਣਸਾਂ ਦਾ ਵਟਾਂਦਰਾ ਵੇਲੇ

ਕੁਵੇਲੇ ਹੀ ਹੁੰਦਾ ਸੀ ਅਤੇ ਇਹ ਮੁੱਖ ਤੌਰ 'ਤੇ ਕੁਲ ਕਮਿਊਨਾਂ ਦੇ ਅੰਦਰ ਹੀ ਚਲਦਾ ਸੀ। ਵਟਾਂਦਰੇ ਦੌਰਾਨ ਕਿਸੇ ਇੱਕ ਜਿਣਸ ਦੀ ਕਦਰ ਕਿਸੇ ਦੂਜੀ ਜਿਣਸ ਦੇ ਰੂਪ 'ਚ ਪ੍ਰਗਟ ਹੋ ਜਾਂਦੀ ਸੀ। ਮਿਸਾਲ ਵਜੋਂ ਦੋ ਭੇਡਾਂ ਇੱਕ ਬੋਰੀ ਚੌਲਾਂ ਦੇ ਬਰਾਬਰ ਸਨ। ਭੇਡ ਦੀ ਕਦਰ ਆਪਣੇ ਆਪ 'ਚ ਮਾਪੀ ਨਹੀਂ ਜਾ ਸਕਦੀ। ਜਦੋਂ ਭੇਡਾਂ ਦਾ ਚੌਲਾਂ ਨਾਲ ਮੁਕਾਬਲਾ ਹੁੰਦਾ ਸੀ ਤਾਂ ਭੇਡ ਦੀ ਕਦਰ ਚੌਲਾਂ ਦੇ ਰੂਪ 'ਚ ਪ੍ਰਗਟ ਹੁੰਦੀ ਸੀ। ਉਪਰੋਕਤ ਸਮੀਕਰਣ 'ਚ ਚੌਲ ਜਿਹੀ ਜਿਣਸ ਦੀ ਇੱਕ "ਸਮਤੋਲ" ਦੇ ਰੂਪ 'ਚ ਵਿਸ਼ੇਸ਼ ਭੂਮਿਕਾ ਹੋ ਜਾਂਦੀ ਸੀ। ਉਹ ਇੱਕ ਸ਼ੀਸ਼ੇ ਵਾਂਗ ਹੁੰਦੇ ਸਨ ਜਿੰਨਾਂ ਵਿੱਚ ਦੂਜੀਆਂ ਜਿਣਸਾਂ ਦੀ ਕਦਰ ਪ੍ਰਤੀਬਿੰਬਤ ਹੁੰਦੀ ਸੀ।

ਪੈਦਾਵਾਰੀ ਤਾਕਤਾਂ ਅਤੇ ਕਿਰਤ ਦੀ ਸਮਾਜਿਕ ਵੰਡ ਦੇ ਵਿਕਾਸ ਨਾਲ ਜਿਣਸ ਵਟਾਂਦਰਾ ਦਿਨੋ-ਦਿਨ ਵਿਕਸਿਤ ਹੁੰਦਾ ਗਿਆ। ਵਟਾਂਦਰੇ ਵਾਲੀਆਂ ਜਿਣਸਾਂ ਦੀ ਮਾਤਰਾ ਅਤੇ ਵੰਨ-ਸੁਵੰਨਤਾ ਦੋਵੇਂ ਵਧੇ। ਵਟਾਂਦਰੇ ਦੌਰਾਨ ਇੱਕ ਜਿਣਸ ਦਾ ਕਈ ਹੋਰ ਜਿਣਸਾਂ ਨਾਲ ਵਟਾਂਦਰਾ ਹੋ ਸਕਦਾ ਸੀ। ਨਾਲ ਹੀ ਜਿਣਸ ਵਟਾਂਦਰੇ ਦੇ ਵਿਕਾਸ ਨਾਲ ਜਿਣਸਾਂ ਦੀ ਸਿੱਧੀ ਅਦਲਾ ਬਦਲੀ 'ਚ ਹੋਣ ਵਾਲੇ ਨੁਕਸ ਵੱਧ ਤੋਂ ਵੱਧ ਉਜਾਗਰ ਹੁੰਦੇ ਗਏ। ਸਿੱਧੀ ਅਦਲਾ-ਬਦਲੀ ਤਾਂ ਹੀ ਸੰਭਵ ਹੋ ਸਕਦੀ ਸੀ ਜਦੋਂ ਦੋਵੇਂ ਧਿਰਾਂ ਨੂੰ ਉਸੇ ਚੀਜ਼ ਦੀ ਲੋੜ ਹੁੰਦੀ ਜੋ ਦੂਜੀ ਧਿਰ ਦੇ ਰਹੀ ਹੁੰਦੀ ਸੀ। ਮਿਸਾਲ ਵਜੋਂ, ਮੰਨ ਲਓ ਕਿ ਭੇਡਾਂ ਦਾ ਮਾਲਕ ਉਹਨਾਂ ਦਾ ਅਨਾਜ ਨਾਲ ਵਟਾਂਦਰਾ ਕਰਨਾ ਚਾਹੁੰਦਾ ਹੋਵੇ, ਪਰ ਜਿਸ ਕੋਲ ਅਨਾਜ ਹੈ ਉਸ ਨੂੰ ਭੇਡਾਂ ਦੀ ਥਾਂ 'ਤੇ ਕਸੀਏ ਦੀ ਲੋੜ ਹੋਵੇ ਅਤੇ ਕਸੀਏ ਦਾ ਮਾਲਕ ਅਨਾਜ ਦੀ ਬਜਾਏ ਕੱਪੜਾ ਲੈਣਾ ਚਾਹੁੰਦਾ ਹੋਵੇ। ਜੇ ਕੱਪੜੇ ਦੇ ਮਾਲਕ ਨੂੰ ਭੇਡਾਂ ਦੀ ਲੋੜ ਨਾ ਹੁੰਦੀ ਤਾਂ ਭੇਡਾਂ ਵੇਚਣ ਵਾਲਾ ਅਨਾਜ ਇਸ ਤਰ੍ਹਾਂ ਪ੍ਰਾਪਤ ਕਰ ਸਕਦਾ ਸੀ ਕਿ ਉਹ ਪਹਿਲਾਂ ਭੇਡਾਂ ਦੇ ਵੱਟੇ ਕੱਪੜੇ ਲੈਂਦਾ, ਫਿਰ ਕੱਪੜੇ ਵੱਟੇ ਕਸੀਆ ਅਤੇ ਅਖੀਰ ਕਸੀਏ ਵੱਟੇ ਅਨਾਜ। ਵਟਾਂਦਰੇ ਦਾ ਲੋੜੀਂਦਾ ਉਦੇਸ਼ ਕਾਫੀ ਮੁਸ਼ਕਿਲ ਨਾਲ ਪੂਰਾ ਹੁੰਦਾ ਸੀ। ਜੇ ਕੱਪੜੇ ਵਾਲੇ ਨੂੰ ਭੇਡਾਂ ਦੀ ਲੋੜ ਨਾ ਹੁੰਦੀ ਤਾਂ ਉਹ ਸਾਰੀਆਂ ਔਕੜਾਂ ਨਾਲ ਜੂਝਦਾ ਹੋਇਆ ਵੀ ਆਪਣੀ ਲੋੜ ਦੀਆਂ ਚੀਜ਼ਾਂ ਪ੍ਰਾਪਤ ਨਹੀਂ ਕਰ ਸਕਦਾ ਸੀ। ਇਸ ਲਈ ਜਿਣਸ ਪੈਦਾਵਾਰ ਦੇ ਲਗਾਤਾਰ ਵਿਕਸਿਤ ਹੁੰਦੇ ਜਾਣ ਨਾਲ ਪ੍ਰਤੱਖ ਵਟਾਂਦਰਾ ਬਹੁਤ ਮੁਸ਼ਕਿਲ ਹੋ ਗਿਆ।

ਜਿਣਸ ਵਟਾਂਦਰੇ ਦੌਰਾਨ ਹੌਲੀ-ਹੌਲੀ ਲੋਕਾਂ ਦੀ ਸਮਝ 'ਚ ਆਇਆ ਕਿ ਜੇ ਉਹ ਪਹਿਲਾਂ ਆਪਣੀ ਜਿਣਸ ਦਾ ਵਟਾਂਦਰਾ ਕਿਸੇ ਅਜਿਹੀ ਜਿਣਸ ਨਾਲ ਕਰ ਲੈਣ ਜੋ ਆਮ ਤੌਰ 'ਤੇ ਲੋਕਾਂ ਦੀ ਲੋੜ ਹੋਵੇ (ਜਿਵੇਂ ਭੇਡ) ਅਤੇ ਫਿਰ ਇਸ ਦੀ ਵਰਤੋਂ ਆਪਣੀ ਲੋੜ ਦੀ ਜਿਣਸ ਪ੍ਰਾਪਤ ਕਰਨ ਲਈ ਕਰਨ ਤਾਂ ਵਟਾਂਦਰੇ ਦਾ ਲੋੜੀਂਦਾ ਉਦੇਸ਼ ਸਿਰਫ਼ ਦੋ ਸੌਦਿਆਂ ਵਿੱਚ ਪੂਰਾ ਹੋ ਸਕਦਾ ਸੀ। ਇਸ ਤਰ੍ਹਾਂ, ਜਿਣਸ ਵਟਾਂਦਰੇ ਦੀ ਲੰਮੀ ਵਿਕਾਸ ਪ੍ਰਕਿਰਿਆ 'ਚ ਭੇਡ ਜਿਹੀਆਂ ਜਿਣਸਾਂ ਹੋਰ ਜਿਣਸਾਂ ਤੋਂ ਵੱਖ ਹੋ ਗਈਆਂ ਅਤੇ ਉਹਨਾਂ ਦੀ ਇੱਕ ਅਜਿਹੀ ਭੂਮਿਕਾ ਬਣ ਗਈ ਜੋ ਹੋਰ ਜਿਣਸਾਂ ਲਈ ਸੰਭਵ ਨਹੀਂ ਸੀ। ਇਸ ਤਰ੍ਹਾਂ ਸਾਰੀਆਂ ਜਿਣਸਾਂ ਦੀ ਕਦਰ ਭੇਡਾਂ ਦੇ ਰੂਪ 'ਚ ਪ੍ਰਗਟ ਹੁੰਦੀ ਸੀ ਅਤੇ ਭੇਡਾਂ ਨੇ ਜਿਣਸ ਵਟਾਂਦਰੇ 'ਚ "ਸਰਵ-ਵਿਆਪੀ ਸਮਤੋਲ" ਦੀ ਭੂਮਿਕਾ ਅਪਣਾ ਲਈ।

ਜਿਣਸ ਵਟਾਂਦਰੇ ਦੇ ਵਿਕਾਸ ਦੀ ਲੰਮੀ ਪ੍ਰਕਿਰਿਆ ’ਚ ਵੱਖ-ਵੱਖ ਦੇਸ਼ਾਂ ਨੇ ਵਟਾਂਦਰੇ ਦੇ ਵੱਖ-ਵੱਖ ਸਾਧਨਾਂ ਦਾ ਪ੍ਰਯੋਗ ਕੀਤਾ ਜਿਵੇਂ— ਭੇਡ, ਕੌਡੀਆਂ, ਕੱਪੜਾ ਜਾਂ ਧਾਤਾਂ। ਅੰਤ ਵਿੱਚ ਉਹਨਾਂ ਨੇ ਸੋਨਾ ਅਤੇ ਚਾਂਦੀ ਜਿਹੀਆਂ ਕੀਮਤੀ ਧਾਤਾਂ ਦੀ ਮੁਦਰਾ ਦੇ ਰੂਪ ’ਚ ਵਰਤੋਂ ਕਰਨ ਦਾ ਫੈਸਲਾ ਕੀਤਾ। ਕਿਉਂਕਿ ਕੀਮਤੀ ਧਾਤਾਂ ਤੋਲ ’ਚ ਘੱਟ, ਪਰ ਕਦਰ ’ਚ ਬਹੁਤ ਵੱਧ ਹੁੰਦੀਆਂ ਸਨ, ਉਹਨਾਂ ਨੂੰ ਲਿਜਾਣਾ ਅਤੇ ਕਈ ਹਿੱਸੇ ਕਰਨਾ ਸੌਖਾ ਹੁੰਦਾ ਹੈ ਅਤੇ ਟਿਕਾਊ ਹੁੰਦੀਆਂ ਹਨ, ਇਸ ਲਈ ਵਟਾਂਦਰੇ ਦੇ ਸਾਧਨ ਵਜੋਂ ਉਹ ਠੀਕ ਹਨ। ਇਸ ਲਈ ਸੋਨੇ ਅਤੇ ਚਾਂਦੀ ਨੂੰ ਮੁਦਰਾ ਦੇ ਰੂਪ ’ਚ ਆਮ ਤੌਰ ’ਤੇ ਮਨਜ਼ੂਰ ਕਰ ਲਿਆ ਜਾਂਦਾ ਹੈ। ਇੱਥੇ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਮੁਦਰਾ ਸੋਨੇ ਅਤੇ ਚਾਂਦੀ ਅੰਦਰ ਸਮੋਇਆ ਕੋਈ ਗੁਣ ਨਹੀਂ ਹੈ, ਸਗੋਂ ਇਹ ਗੁਣ ਉਸ ਨੂੰ ਪ੍ਰਾਪਤ ਹੁੰਦਾ ਹੈ ਸੋਨਾ ਅਤੇ ਚਾਂਦੀ ਕੁੱਝ ਨਿਸ਼ਚਿਤ ਇਤਿਹਾਸਕ ਪੈਦਾਵਾਰੀ ਸਬੰਧਾਂ ਅਧੀਨ ਮੁਦਰਾ ਬਣੇ। ਮੁਦਰਾ ਦੇ ਸ੍ਰੋਤ ਤੋਂ ਮੁਦਰਾ ਦੀ ਪ੍ਰਕਿਰਤੀ ਨੂੰ ਸਮਝਿਆ ਜਾ ਸਕਦਾ ਹੈ। ਮੁਦਰਾ ਦੂਜੀਆਂ ਜਿਣਸਾਂ ਦੇ ਮੁਕਾਬਲੇ ਇੱਕ ਵਿਸ਼ੇਸ਼ ਜਿਣਸ ਹੈ ਜੋ ਵਟਾਂਦਰੇ ਦੇ ਮਾਧਿਅਮ ਦਾ ਕੰਮ ਕਰਦੀ ਹੈ।

ਮੁਦਰਾ ਦੇ ਪੰਜ ਕਾਰਜ ਕਦਮ-ਬ-ਕਦਮ ਵਿਕਸਿਤ ਹੋਏ

ਮੁਦਰਾ ਦਾ ਗੁਣ ਇਸਦੇ ਕੰਮਾਂ ’ਚੋਂ ਪ੍ਰਗਟ ਹੁੰਦਾ ਹੈ। ਮੁਦਰਾ ਦੇ ਪੰਜ ਕਾਰਜ ਹੁੰਦੇ ਹਨ ਜੋ ਜਿਣਸ ਦੇ ਵਟਾਂਦਰੇ ਦੌਰਾਨ ਵਿਕਸਿਤ ਹੋਏ ਹਨ। ਇਹ ਕਾਰਜ ਹਨ (1) ਕਦਰ ਦੀ ਇਕਾਈ (2) ਵਟਾਂਦਰੇ ਦਾ ਮਾਧਿਅਮ (3) ਭੁਗਤਾਨ ਦਾ ਮਾਪਦੰਡ (4) ਕਦਰ ਦੇ ਭੰਡਾਰ (5) ਸਰਵਵਿਆਪੀ ਮੁਦਰਾ ਦੇ ਰੂਪ ’ਚ ਕਾਰਜ ਕਰਨਾ । ਇਹਨਾਂ ’ਚੋਂ ਕਦਰ ਦੀ ਇਕਾਈ ਅਤੇ ਵਟਾਂਦਰੇ ਦੇ ਮਾਧਿਅਮ ਦੇ ਰੂਪ ਵਾਲੇ ਕਾਰਜ ਬੁਨਿਆਦੀ ਕਾਰਜ ਹਨ। ਪਰ ਇਹ ਸਾਰੇ ਮੁਦਰਾ ਦੀ ਉਤਪਤੀ ਨਾਲ ਵਿਕਸਿਤ ਹੋਏ ਹਨ।

ਮੁਦਰਾ ਦਾ ਪਹਿਲਾ ਕਾਰਜ ਕਦਰ ਦੀ ਇਕਾਈ ਦੇ ਰੂਪ ’ਚ ਹੈ। ਜਿਵੇਂ ਚੀਜ਼ਾਂ ਦੀ ਲੰਬਾਈ ਮਾਪਣ ਲਈ ਫ਼ੀਤੇ ਦੀ ਵਰਤੋਂ ਕੀਤੀ ਜਾਂਦੀ ਹੈ, ਕਦਰ ਦੇ ਮਾਪਣ ਲਈ ਮੁਦਰਾ ਦੀ ਵਰਤੋਂ ਕੀਤੀ ਜਾਂਦੀ ਹੈ, ਕਦਰ ਦੇ ਮਾਪਕ ਦੇ ਰੂਪ ’ਚ ਕਾਰਜ ਕਰ ਰਹੀ ਮੁਦਰਾ ਸੰਕਲਪਾਤਮਕ ਮੁਦਰਾ ਹੋ ਸਕਦੀ ਹੈ। ਭਾਵ ਜਦੋਂ ਲੋਕ ਜਿਣਸਾਂ ਦੀ ਕਦਰ ਮਾਪਣ ਲਈ ਮੁਦਰਾ ਦੀ ਵਰਤੋਂ ਕਰਦੇ ਹਨ ਤਾਂ ਉਹਨਾਂ ਦੇ ਹੱਥ ’ਚ ਮੁਦਰਾ ਦਾ ਹੋਣਾ ਜ਼ਰੂਰੀ ਨਹੀਂ ਹੈ। ਮਿਸਾਲ ਵਜੋਂ, ਕੋਈ ਮੇਜ਼ ਦਸ ਯੁਆਨ* ਦਾ ਹੈ, ਪਰ ਇਹ ਦੱਸਣ ਲਈ ਮੇਜ਼ ’ਤੇ ਦਸ ਯੁਆਨ ਰੱਖਣਾ ਜ਼ਰੂਰੀ ਨਹੀਂ ਹੈ। ਜਦੋਂ ਜਿਣਸਾਂ ਦੀ ਕਦਰ ਮੁਦਰਾ ਦੇ ਰੂਪ ’ਚ ਪ੍ਰਗਟ ਹੁੰਦੀ ਹੈ, ਤਾਂ ਉਹ ਜਿਣਸਾਂ ਦੀ ਕੀਮਤ ਹੁੰਦੀ ਹੈ। ਜਿਣਸਾਂ ਦੀ ਕੀਮਤ ਦੋ ਤੱਥਾਂ ਤੋਂ ਤੈਅ ਹੁੰਦੀ ਹੈ। ਪਹਿਲਾ ਹੈ ਖੁਦ ਜਿਣਸ ਦੀ ਕਦਰ ਅਤੇ ਦੂਜਾ ਹੈ ਮੁਦਰਾ (ਸੋਨੇ ਚਾਂਦੀ ਆਦਿ) ਦੀ ਕਦਰ। ਜਿਣਸਾਂ ਦੀਆਂ ਕੀਮਤਾਂ ਦਾ ਜਿਣਸ ਦੀ ਆਪਣੀ ਕਦਰ ਨਾਲ ਸਿੱਧਾ ਸਮਾਨ-ਅਨੁਪਾਤਕ ਸਬੰਧ ਹੁੰਦਾ ਹੈ ਅਤੇ ਮੁਦਰਾ ਦੀ ਕਦਰ ਨਾਲ ਲੁਕਵਾਂ ਸਬੰਧ ਹੁੰਦਾ ਹੈ। ਮਿਸਾਲ ਵਜੋਂ, ਇੱਕ ਮੱਝ ਦੀ ਕਦਰ ਪੰਜ ਸੌ

ਘੰਟਿਆਂ ਦੀ ਸਮਾਜਿਕ ਕਿਰਤ ਹੈ ਅਤੇ ਇੱਕ ਔਂਸ ਸੋਨੇ ਦੀ ਕਦਰ ਵੀ 500 ਘੰਟਿਆਂ ਦੀ ਸਮਾਜਿਕ ਕਿਰਤ ਹੈ। ਤਾਂ ਇੱਕ ਮੱਝ ਦੀ ਕੀਮਤ ਇੱਕ ਔਂਸ ਸੋਨਾ ਹੋਇਆ। ਜੇ ਸੋਨੇ ਦੀ ਖਾਣ 'ਚ ਕੰਮ ਕਰਦੇ ਮਜਦੂਰਾਂ ਦੀ ਕਿਰਤ ਦੀ ਉਤਪਾਦਕਤਾ ਦੁੱਗਣੀ ਹੋ ਜਾਵੇ ਅਤੇ ਇੱਕ ਔਂਸ ਸੋਨੇ ਦੀ ਕੀਮਤ ਹੁਣ ਦੋ ਸੌ ਪੰਜਾਹ ਘੰਟੇ ਦੀ ਸਮਾਜਿਕ ਕਿਰਤ ਰਹਿ ਜਾਵੇ ਤਾਂ ਭਾਵੇਂ ਮੱਝ ਦੀ ਕਦਰ ਬਿਲਕੁਲ ਨਹੀਂ ਬਦਲੀ ਪਰ ਮੱਝ ਦੀ ਕੀਮਤ ਦੁੱਗਣੀ ਹੋ ਗਈ।

ਮੁਦਰਾ ਦਾ ਦੂਜਾ ਕਾਰਜ ਵਟਾਂਦਰੇ ਦੇ ਮਾਧਿਅਮ ਦਾ ਹੈ। ਭਾਵ ਇਹ ਜਿਣਸ ਦੇ ਪਰਿਚਲਣ ਲਈ ਮਾਧਿਅਮ ਦਾ ਕੰਮ ਕਰਦੀ ਹੈ। ਮੁਦਰਾ ਦੇ ਮਾਧਿਅਮ ਨਾਲ ਜਿਣਸ ਵਟਾਂਦਰੇ ਨੂੰ, ਜਿਣਸ ਪਰਿਚਲਣ ਆਖਦੇ ਹਨ। ਮੁਦਰਾ ਦੀ ਉਤਪਤੀ ਤੋਂ ਪਹਿਲਾਂ, ਜਿਣਸ ਦੀ ਆਪਸ ਵਿੱਚ ਅਦਲਾ ਬਦਲੀ ਕੀਤੀ ਜਾਂਦੀ ਸੀ। ਸੂਤਰ ਦੇ ਰੂਪ 'ਚ ਦੇਖੀਏ ਤਾਂ ਇੱਕ ਜਿਣਸ ਦੂਜੀ ਜਿਣਸ ਦੇ ਬਰਾਬਰ ਹੁੰਦੀ ਸੀ। ਮੁਦਰਾ ਦੇ ਹੋਂਦ 'ਚ ਆਉਣ ਤੋਂ ਬਾਅਦ ਸਾਰੀਆਂ ਜਿਣਸਾਂ ਦਾ ਮੁਦਰਾ ਨਾਲ ਵਟਾਂਦਰਾ ਹੁੰਦਾ ਸੀ। ਸੂਤਰ ਦੇ ਰੂਪ 'ਚ ਇਹ ਇਸ ਤਰਾਂ ਪ੍ਰਗਟ ਹੁੰਦਾ ਹੈ ਜਿਣਸ-ਮੁਦਰਾ-ਜਿਣਸ। ਜਿਣਸ ਪਰਿਚਲਣ ਦੇ ਮਾਧਿਅਮ ਦੇ ਰੂਪ 'ਚ ਮੁਦਰਾ ਦੀ ਇਹ ਭੂਮਿਕਾ ਹੀ ਵਟਾਂਦਰੇ ਦੇ ਸਾਧਨ ਵਜੋਂ ਮੁਦਰਾ ਦਾ ਕੰਮ ਹੈ।

ਵਟਾਂਦਰੇ ਦੇ ਸਾਧਨ ਵਜੋਂ ਵਰਤੋਂ 'ਚ ਆਉਣ ਵਾਲੀ ਮੁਦਰਾ ਮੁੱਢ 'ਚ ਵੱਖ-ਵੱਖ ਆਕਾਰ ਅਤੇ ਤੋਲ ਦੇ ਸੋਨੇ ਚਾਂਦੀ ਦੇ ਟੁਕੜੇ ਹੁੰਦੇ ਸਨ। ਪਿਛੋਂ ਇਹਨਾਂ ਦੀ ਥਾਂ ਸਿੱਕਿਆਂ ਨੇ ਲੈ ਲਈ। ਇਹ ਸਿੱਕੇ ਇੱਕੋ ਜਿਹੇ ਆਕਾਰ, ਸ਼ੁੱਧਤਾ ਅਤੇ ਤੋਲ 'ਚ ਢਾਲੇ ਗਏ ਧਾਤ ਦੇ ਟੁਕੜੇ ਹੁੰਦੇ ਸਨ, ਜਿਨ੍ਹਾਂ ਨੂੰ ਰਾਜ ਵੱਲੋਂ ਪ੍ਰਮਾਣਿਤ ਕੀਤਾ ਜਾਂਦਾ ਸੀ। ਵੱਖ-ਵੱਖ ਦੇਸ਼ਾਂ ਦੇ ਸਿੱਕੇ ਵੱਖੋ-ਵੱਖ ਕਿਸਮ ਦੇ ਸਨ। ਚੀਨ 'ਚ ਉੱਤਰ ਸਾਂਗ ਕਾਲ 'ਚ ਤਾਂਬੇ ਦੇ ਸਿੱਕੇ ਢਾਲੇ ਜਾਣ ਲੱਗੇ ਸਨ। ਸਭ ਤੋਂ ਪੁਰਾਣੇ ਸਿੱਕੇ ਤਾਂਬੇ ਦੇ ਸਨ ਅਤੇ ਖੇਤੀ ਦੇ ਸੰਦਾਂ ਦੀ ਸ਼ਕਲ ਦੇ ਸਨ। ਉਹਨਾਂ ਨੂੰ ਯੂ-ਚਿਏਨ ਕਿਹਾ ਜਾਂਦਾ ਸੀ। ਚਾਉ ਸ਼ਾਸ਼ਨ ਕਾਲ 'ਚ ਯੂ ਚਿਏਨ ਤੋਂ ਇਲਾਵਾ ਤਾਓ-ਚਿਏਨ ਅਤੇ ਯੂਆਨ ਚਿਆਨ ਵੀ ਸਨ। ਯਿਨ-ਯੁਵਾਨ (ਚਾਂਦੀ ਦੇ ਸਿੱਕੇ) ਚੋਂਗ ਕਾਲ 'ਚ ਕਵਾਂਗ-ਸੂ ਦੌਰ 'ਚ ਢਾਲੇ ਗਏ। ਹਰੇਕ ਯਿਨ-ਯਿਆਨ 'ਚ 0.72 ਔਂਸ ਚਾਂਦੀ ਹੁੰਦੀ ਸੀ।

ਪ੍ਰਸਾਰ ਦੌਰਾਨ ਸਿੱਕੇ ਘਸ ਜਾਂਦੇ ਸਨ ਅਤੇ ਉਹਨਾਂ ਦੀ ਕਦਰ ਦੇ ਕੁੱਝ ਅੰਸ਼ ਦਿਖਾਈ ਦੇਣੋ ਹਟ ਜਾਂਦੇ ਸਨ। ਪਰ ਇਹਨਾਂ ਸਿੱਕਿਆਂ ਨੂੰ ਵੀ ਉਹਨਾਂ ਦੇ ਪੂਰੇ ਮੁੱਲ 'ਤੇ ਹੀ ਪ੍ਰਵਾਨ ਕੀਤਾ ਜਾਂਦਾ ਸੀ। ਅਜਿਹਾ ਇਸ ਲਈ ਸੀ ਕਿਉਂਕਿ ਵਟਾਂਦਰੇ ਦੇ ਮਾਧਿਅਮ ਦੇ ਰੂਪ 'ਚ ਮੁਦਰਾ ਦਾ ਕੰਮ ਇੱਕ ਪਲ 'ਚ ਹੋ ਜਾਂਦਾ ਸੀ। ਲੋਕ ਆਪਣੀਆਂ ਜਿਣਸਾਂ ਦਾ ਮੁਦਰਾ ਨਾਲ ਵਟਾਂਦਰਾ ਇਸ ਲਈ ਕਰਦੇ ਸਨ ਤਾਂ ਕਿ ਉਸ ਨਾਲ ਉਹ ਆਪਣੀਆਂ ਲੋੜੀਦੀਆਂ ਚੀਜ਼ਾਂ ਖ਼ਰੀਦ ਸਕਣ। ਜਿਣਸ ਮਾਲਕਾਂ ਦਾ ਪਹਿਲਾ ਫਿਕਰ ਇਹ ਸੀ ਕਿ ਮੁਦਰਾ ਵਟਾਂਦਰੇ ਦੇ ਮਾਧਿਅਮ ਦੇ ਰੂਪ 'ਚ ਵਰਤੀ ਜਾ ਸਕਦੀ ਹੈ ਜਾਂ ਨਹੀਂ। ਇਹ ਉਸਦੇ ਪੂਰੇ ਮੁੱਲ ਦੇ ਬਰਾਬਰ ਹੈ ਵੀ ਜਾਂ ਨਹੀਂ, ਇਹ ਗੱਲ ਉਹਨਾਂ ਦਾ ਪਹਿਲਾ ਫਿਕਰ ਨਹੀਂ ਸੀ। ਇਸ ਲਈ ਨਾ ਸਿਰਫ ਪੁਰਾਣੀ, ਘਸੀ ਧਾਤੂ ਮੁਦਰਾ ਵਟਾਂਦਰੇ ਦੇ ਮਾਧਿਅਮ ਦੇ ਰੂਪ 'ਚ ਵਰਤੀ ਜਾ ਸਕਦੀ ਸੀ ਸਗੋਂ

ਕਾਗਜ਼ ਦੇ ਨੋਟ ਵੀ ਇਸ ਦੀ ਥਾਂ ਲੈ ਸਕਦੇ ਸਨ ਜੋ ਸ਼ੁੱਧ ਰੂਪ 'ਚ ਕਦਰ ਦੇ ਪ੍ਰਤੀਕ ਸਨ।

ਕਿਉਂਕਿ ਕਾਗਜ਼ੀ ਮੁਦਰਾ ਧਾਤ ਮੁਦਰਾ ਦੀ ਥਾਂ 'ਤੇ ਜਿਣਸ ਪਰਿਚਲਣ ਦੇ ਮਾਧਿਅਮ ਦਾ ਕੰਮ ਕਰਦੀ ਹੈ, ਇਸ ਲਈ ਜਾਰੀ ਕੀਤੀ ਗਈ ਕਾਗਜੀ ਮੁਦਰਾ ਦੀ ਮਾਤਰਾ ਜਿਣਸ ਪਰਿਚਲਣ ਲਈ ਲੋੜੀਂਦੀ ਧਾਤ ਮੁਦਰਾ ਦੀ ਮਾਤਰਾ ਤੱਕ ਸੀਮਤ ਹੁੰਦੀ ਹੈ। ਮਾਰਕਸ ਦੱਸਦੇ ਹਨ, *"ਜਾਰੀ ਕੀਤੀ ਗਈ ਕਾਗਜੀ ਮੁਦਰਾ ਦੀ ਮਾਤਰਾ ਜੋ ਕਿ ਅਸਲ ਮੁਦਰਾ ਦੀ ਪ੍ਰਤੀਕ ਹੁੰਦੀ ਹੈ, ਸਦਾ ਜਿਣਸ ਪ੍ਰਸਾਰ ਲਈ ਲੋੜੀਂਦੇ ਸੋਨੇ (ਜਾਂ ਚਾਂਦੀ) ਦੀ ਕਦਰ ਦੇ ਬਰਾਬਰ ਹੁੰਦੀ ਹੈ"।*[3] ਜੇ ਜਾਰੀ ਕੀਤੀ ਗਈ ਕਾਗਜੀ ਮੁਦਰਾ ਜਿਣਸ ਪ੍ਰਸਾਰ ਲਈ ਲੋੜੀਂਦੀ ਧਾਤੂ ਮੁਦਰਾ ਦੇ ਮਾਪ ਦੇ ਬਰਾਬਰ ਹੁੰਦੀ ਹੈ, ਤਾਂ ਕਾਗਜੀ ਮੁਦਰਾ ਦੀ ਖਰੀਦ ਸ਼ਕਤੀ ਧਾਤੂ ਮੁਦਰਾ ਦੇ ਬਰਾਬਰ ਹੋਵੇਗੀ। ਜੇ ਜਾਰੀ ਕੀਤੀ ਗਈ ਕਾਗਜੀ ਮੁਦਰਾ ਜਿਣਸ ਪ੍ਰਸਾਰ ਲਈ ਲੋੜੀਂਦੀ ਧਾਤੂ ਮੁਦਰਾ ਦੇ ਮਾਪ ਤੋਂ ਵੱਧ ਹੁੰਦੀ ਹੈ, ਤਾਂ ਵੀ ਕੁੱਲ ਕਾਗਜ਼ੀ ਮੁਦਰਾ ਦੀ ਕਦਰ ਜਿਣਸ ਪ੍ਰਸਾਰ ਲਈ ਲੋੜੀਂਦੀ ਧਾਤੂ ਮੁਦਰਾ ਦੇ ਬਰਾਬਰ ਹੀ ਹੁੰਦੀ ਹੈ, ਪਰ ਧਾਤੂ ਮੁਦਰਾ ਦੇ ਮੁਕਾਬਲੇ ਕਾਗਜੀ ਮੁਦਰਾ ਦੀ ਇਕਾਈ ਘਟਦੀ ਹੈ ਅਤੇ ਇਸ ਤਰਾਂ ਕਾਗਜੀ ਮੁਦਰਾ ਦੀ ਕਦਰ ਘੱਟ ਹੋ ਜਾਂਦੀ ਹੈ ਜਿਸ ਦੇ ਸਿੱਟੇ ਵਜੋਂ ਜਿਣਸਾਂ ਦੀਆਂ ਕੀਮਤਾਂ ਵਧਦੀਆਂ ਹਨ। ਮਿਸਾਲ ਵਜੋਂ ਜੇ ਇੱਕ ਖਾਸ ਸਮੇਂ 'ਚ ਪ੍ਰਸਾਰ ਲਈ ਲੋੜੀਂਦੀ ਧਾਤੂ ਮੁਦਰਾ ਦੀ ਮਾਤਰਾ 10 ਕਰੋੜ ਯੁਆਨ ਹੋਵੇ ਪਰ ਕਾਗਜੀ ਮੁਦਰਾ ਦਾ ਮਾਪ 20 ਕਰੋੜ ਯੁਆਨ ਹੋਵੇ, ,ਤਾਂ ਕਾਗਜੀ ਮੁਦਰਾ ਦਾ ਮੁੱਲ ਅੱਧਾ ਰਹਿ ਜਾਵੇਗਾ ਅਤੇ ਕਾਗਜ਼ੀ ਮੁਦਰਾ ਦੇ ਇੱਕ ਯੁਆਨ ਦੀ ਖਰੀਦ ਸ਼ਕਤੀ ਧਾਤ ਮੁਦਰਾ ਦੇ ਅੱਧੇ ਯੁਆਨ ਦੇ ਬਰਾਬਰ ਰਹਿ ਜਾਵੇਗੀ।

ਵਟਾਂਦਰੇ ਲਈ ਲੋੜੀਂਦੀ ਧਾਤ ਮੁਦਰਾ ਤੋਂ ਵਧੇਰੇ ਜਾਰੀ ਕੀਤੀ ਗਈ ਕਾਗਜ਼ੀ ਮੁਦਰਾ ਦੇ ਸਿੱਟੇ ਵਜੋਂ ਕਾਗਜ਼ੀ ਮੁਦਰਾ ਦੀ ਕਦਰ ਵਿੱਚ ਹੋਈ ਇਸ ਗਿਰਾਵਟ ਨੂੰ ਮੁਦਰਾ ਸਫ਼ੀਤੀ ਆਖਦੇ ਹਨ। ਸਰਮਾਏਦਾਰੀ ਪ੍ਰਬੰਧ'ਚ ਮੁਦਰਾ ਸਫ਼ੀਤੀ ਬੁਰਜੂਆ ਰਾਜ ਦੁਆਰਾ ਲੋਕਾਂ ਨੂੰ ਲੁੱਟਣ ਦਾ ਇੱਕ ਅਹਿਮ ਸਾਧਨ ਹੈ। ਮੁਦਰਾ ਸਫ਼ੀਤੀ ਦੇ ਸਿੱਟੇ ਵਜੋਂ ਕਾਗਜ਼ੀ ਮੁਦਰਾ ਦੀ ਕਦਰ ਘਟਦੀ ਹੈ ਅਤੇ ਕੀਮਤਾਂ ਵਧ ਜਾਂਦੀਆਂ ਹਨ। ਦੂਜੇ ਪਾਸੇ ਮਜ਼ਦੂਰਾਂ ਦੀ ਮੁਦਰਾ ਦੇ ਰੂਪ 'ਚ ਮਜਦੂਰੀ 'ਚ ਹੋਇਆ ਵਾਧਾ ਕੀਮਤਾਂ 'ਚ ਵਾਧੇ ਨਾਲੋਂ ਕਾਫੀ ਪਿੱਛੇ ਰਹਿੰਦਾ ਹੈ ਅਤੇ ਉਹਨਾਂ ਦੀ ਅਸਲ ਮਜ਼ਦੂਰੀ ਅਤੇ ਜੀਵਨ ਪੱਧਰ 'ਚ ਗਿਰਾਵਟ ਆਂਉਦੀ ਜਾਂਦੀ ਹੈ। ਇਸਦੇ ਨਾਲ ਹੀ ਬੁਰਜੂਆਜ਼ੀ ਨੂੰ ਲੁੱਟ ਰਾਹੀਂ ਹੋਣ ਵਾਲੀ ਆਮਦਨ ਵੀ ਤੇਜੀ ਨਾਲ ਵਧਦੀ ਜਾਂਦੀ ਹੈ। ਇਨਕਲਾਬ ਤੋਂ ਪਹਿਲਾਂ ਚੀਨ ਵਿੱਚ ਅਣਗਿਣਤ ਸੰਖਿਆ 'ਚ ਨੋਟ ਜਾਰੀ ਕਰ ਦਿੱਤੇ ਗਏ ਜਿਸ ਨਾਲ ਮੁਦਰਾ ਸਫੀਤੀ ਬਹੁਤ ਤੇਜੀ ਨਾਲ ਵਧੀ ਅਤੇ ਚੀਜਾਂ ਦੀਆਂ ਕੀਮਤਾਂ ਛਾਲਾਂ ਮਾਰਦੀਆਂ ਵਧਣ ਲੱਗੀਆਂ। ਕੁੱਝ ਲੋਕਾਂ ਨੇ ਇੱਕ ਵਾਰ ਗਣਨਾ ਵੀ ਕੀਤੀ ਸੀ ਕਿ 1937 'ਚ 100 ਯੁਆਨ ਦੇ ਨੋਟ ਦੀ ਖਰੀਦ ਸ਼ਕਤੀ ਦੋ ਮੱਝਾਂ ਦੀ ਸੀ। 1938 'ਚ ਇੱਕ ਮੱਝ 1941 'ਚ ਇੱਕ ਸੂਰ ਅਤੇ 1942 'ਚ ਇੱਕ ਤਿਹਾਈ ਮਾਚਿਸ ਦੀ ਡੱਬੀ ਦੇ ਬਰਾਬਰ ਰਹਿ ਗਈ। 1948 ਵਿੱਚ ਇਹ ਰਕਮ ਮਾਚਿਸ ਦੀ ਇੱਕ ਤਿਹਾਈ ਤੀਲੀ ਖਰੀਦਣ ਦੇ ਲਾਇਕ ਵੀ ਨਹੀਂ ਰਹੀ ਸੀ।

ਮੁਦਰਾ ਦਾ ਤੀਜਾ ਕਾਰਜ ਹੁੰਦਾ ਹੈ ਕਦਰ ਦੇ ਭੰਡਾਰ ਵਜੋਂ ਭੂਮਿਕਾ ਨਿਭਾਉਣਾ। ਜਿਣਸਾਂ ਅਤੇ ਮੁਦਰਾ ਦੇ ਆਪਸੀ ਸਬੰਧ ਦੇ ਵਿਕਾਸ ਨਾਲ ਮੁਦਰਾ ਸਮਾਜਿਕ ਧਨ ਦਾ ਪ੍ਰਤੀਕ ਬਣ ਜਾਂਦੀ ਹੈ। ਜਦੋਂ ਕੁਦਰਤੀ ਅਰਥਚਾਰੇ ਦੀ ਭਾਰੂ ਭੂਮਿਕਾ ਸੀ, ਤਦ ਤੱਕ ਧੰਨ ਦੇ ਜ਼ਖੀਰੇ ਦਾ ਮਾਧਿਅਮ ਅਨਾਜ, ਕੱਪੜੇ ਅਤੇ ਰੇਸ਼ਮ ਦੀਆਂ ਚੀਜ਼ਾਂ ਹੁੰਦੀਆਂ ਸਨ। ਜਿਣਸ ਦੇ ਮੁਦਰਾ ਸਬੰਧ ਦੇ ਵਿਕਾਸ ਤੋਂ ਬਾਅਦ, ਕਿਉਂਕਿ ਮੁਦਰਾ ਨਾਲ ਕੋਈ ਵੀ ਜਿਣਸ ਖਰੀਦੀ ਜਾ ਸਕਦੀ ਸੀ, ਇਸ ਲਈ ਜਾਇਦਾਦ ਦੇ ਜ਼ਖੀਰੇ ਦਾ ਅਰਥ ਪੜਾਅ ਦਰ-ਪੜਾਅ ਮੁਦਰਾ (ਸੋਨਾ,ਚਾਂਦੀ) ਜਮ੍ਹਾਂ ਕਰਨਾ ਹੁੰਦਾ ਗਿਆ। ਮਾਲਕ ਵਲੋਂ ਅਸਥਾਈ ਰੂਪ 'ਚ ਵਟਾਂਦਰੇ ਤੋਂ ਵੱਖ ਕੀਤੀ ਗਈ ਮੁਦਰਾ ਜ਼ਖੀਰਾ ਕੀਤੀ ਮੁਦਰਾ ਬਣ ਜਾਂਦੀ ਹੈ। ਇਹ ਜ਼ਖੀਰੇਬਾਜ਼ੀ ਦੇ ਸਾਧਨ ਦੇ ਰੂਪ 'ਚ ਕੰਮ ਕਰਦੀ ਹੈ।

ਮੁਦਰਾ ਦਾ ਚੌਥਾ ਕਾਰਜ ਭੁਗਤਾਨ ਦੇ ਸਾਧਨ ਦੇ ਰੂਪ 'ਚ ਹੈ। ਜਿਣਸ ਪੈਦਾਵਾਰ ਅਤੇ ਵਟਾਂਦਰੇ ਦੇ ਵਿਕਾਸ ਨਾਲ ਕਰਜਾ ਦੇਣ ਦਾ ਕਾਰੋਬਾਰ ਤੇਜੀ ਨਾਲ ਵਧਿਆ। ਜਦੋਂ ਇਹ ਕਰਜਾ ਮੁਦਰਾ ਦੇ ਰੂਪ 'ਚ ਮੋੜਨਾ ਹੁੰਦਾ ਸੀ ਤਾਂ,ਜਿਣਸ ਵਟਾਂਦਰਾ ਪਹਿਲਾਂ ਹੀ ਪੂਰਾ ਹੋ ਚੁੱਕਾ ਹੁੰਦਾ ਸੀ। ਇੱਥੇ ਮੁਦਰਾ ਵਟਾਂਦਰੇ ਦੇ ਮਾਧਿਅਮ ਦੇ ਰੂਪ 'ਚ ਨਹੀਂ ਸਗੋਂ ਭੁਗਤਾਨ ਦੇ ਸਾਧਨ ਦੇ ਰੂਪ 'ਚ ਕੰਮ ਕਰਦੀ ਸੀ। ਭੁਗਤਾਨ ਦੇ ਸਾਧਨ ਦੇ ਰੂਪ 'ਚ ਮੁਦਰਾ ਦੀ ਵਰਤੋਂ ਸਭ ਤੋਂ ਪਹਿਲਾਂ ਜਿਣਸ ਉਤਪਾਦਕਾਂ ਵਿਚਕਾਰ ਕਰਜਾ ਚੁਕਾਉਣ ਲਈ ਕੀਤੀ ਗਈ। ਪਿਛੋਂ ਇਸ ਦੀ ਵਰਤੋਂ ਜਿਣਸ ਪ੍ਰਸਾਰ ਦੇ ਘੇਰੇ ਤੋਂ ਬਾਹਰ ਵੀ ਹੋਣ ਲੱਗੀ। ਲਗਾਨ, ਵਿਆਜ ਅਤੇ ਕਰਾਂ ਦਾ ਭੁਗਤਾਨ ਵੀ ਮੁਦਰਾ ਦੇ ਇਸ ਕਾਰਜ ਨਾਲ ਹੀ ਹੋਣ ਲੱਗਾ।

ਮੁਦਰਾ ਦਾ ਪੰਜਵਾਂ ਕਾਰਜ ਸੰਸਾਰ-ਵਿਆਪੀ ਮੁਦਰਾ ਦੇ ਰੂਪ 'ਚ ਹੈ। ਜਿਣਸ ਵਟਾਂਦਰੇ ਦੇ ਕੌਮੀ ਰਾਜ ਦੀਆਂ ਹੱਦਾਂ ਤੋਂ ਬਾਹਰ ਨਿੱਕਲ ਜਾਣ ਨਾਲ ਕੌਮਾਂਤਰੀ ਵਪਾਰ ਵਿਕਸਿਤ ਹੋਇਆ ਇਸ ਤਰਾਂ ਮੁਦਰਾ ਦਾ ਨਵਾਂ ਕਾਰਜ ਸਾਹਮਣੇ ਆਇਆ। ਇਹ ਇਸਦਾ ਸੰਸਾਰ-ਵਿਆਪੀ ਮੁਦਰਾ ਦੇ ਰੂਪ 'ਚ ਕੰਮ ਸੀ। ਸਿਰਫ ਸੋਨਾ ਅਤੇ ਚਾਂਦੀ ਹੀ ਸੰਸਾਰ ਵਿਆਪੀ ਕਰੰਸੀ ਵਜੋਂ ਵਰਤੇ ਜਾ ਸਕਦੇ ਸਨ।

ਸੰਸਾਰ ਮੰਡੀ ਵਿੱਚ ਕੌਮਾਂਤਰੀ ਪੱਧਰ ਦਾ ਲੈਣ ਦੇਣ ਕਰਨ ਲਈ ਪਹਿਲਾਂ ਸੋਨਾ ਹੀ ਵਰਤਿਆ ਜਾਂਦਾ ਸੀ। ਸੰਸਾਰ-ਵਿਆਪੀ ਮੁਦਰਾ ਵਜੋਂ ਇਹ ਇਸਦਾ ਮੁੱਖ ਕੰਮ ਸੀ। ਫਿਰ ਸੰਸਾਰ ਮੰਡੀ 'ਚ ਵੱਖ-ਵੱਖ ਜਿਣਸਾਂ ਨੂੰ ਖਰੀਦਣ ਲਈ ਵੀ ਭੁਗਤਾਨ ਦੇ ਮਾਧਿਅਮ ਦੇ ਰੂਪ 'ਚ ਸੋਨੇ ਦੀ ਵਰਤੋਂ ਕੀਤੀ ਜਾਣ ਲੱਗੀ। ਇਸ ਤੋਂ ਇਲਾਵਾ ਸਮਾਜਿਕ ਧਨ- ਦੌਲਤ ਦੇ ਇੱਕ ਪ੍ਰਤੀਕ ਵਜੋਂ ਸੋਨਾ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਲਿਜਾਇਆ ਜਾਣ ਲੱਗਿਆ। ਮਿਸਾਲ ਵਜੋਂ ਜੰਗ ਦੇ ਘਾਟੇ ਨੂੰ ਪੂਰਾ ਕਰਨ ਲਈ, ਸਰਮਾਇਆ ਬਰਾਮਦ ਅਤੇ ਹੋਰ ਰੂਪਾਂ 'ਚ ਇੱਕ ਦੇਸ਼ ਤੋਂ ਦੂਜੇ ਨੂੰ ਸੋਨਾ ਜਾਂ ਚਾਂਦੀ ਲਿਜਾਣਾ ਇਸ ਕੰਮ ਨੂੰ ਪੂਰਾ ਕਰਦੇ ਸਨ।

ਮੁਦਰਾ ਦੇ ਉਪਰੋਕਤ ਪੰਜ ਕੰਮ ਇੱਕ ਦੂਜੇ ਨਾਲ ਅਨਿੱਖੜਵੇਂ ਰੂਪ 'ਚ ਜੁੜੇ ਹੋਏ ਹਨ ਅਤੇ ਮੁਦਰਾ ਦੀ ਪ੍ਰਕਿਰਤੀ ਦੇ ਵੱਖ-ਵੱਖ ਪ੍ਰਗਟਾਅ ਹਨ। ਇਹ ਮੁਦਰਾ ਪ੍ਰਸਾਰ ਦੇ ਵਿਕਾਸ ਕ੍ਰਮ 'ਚ ਇੱਕ ਸਰਵਵਿਆਪੀ ਸਮਤੋਲ ਦੁਆਰਾ ਅਪਣਾਈਆਂ ਗਈਆਂ ਵੱਖ-

ਵੱਖ ਭੂਮਿਕਾਵਾਂ ਦੇ ਪ੍ਰਗਟਾਅ ਹਨ।

ਕਦਰ ਦਾ ਨਿਯਮ ਹੀ ਜਿਣਸ ਪੈਦਾਵਾਰ ਦਾ ਆਰਥਿਕ ਨਿਯਮ ਹੈ

ਕਦਰ ਦੇ ਨਿਯਮ ਦੀ ਬਾਹਰਮੁਖੀ ਜ਼ਰੂਰਤ ਹੈ, ਵਟਾਂਦਰੇ ਵਿੱਚ ਸਮਤੋਲ

ਕਦਰ ਦਾ ਨਿਯਮ ਜਿਣਸ ਪੈਦਾਵਾਰ ਦਾ ਆਰਥਿਕ ਨਿਯਮ ਹੈ। ਇਸ ਨਿਯਮ ਦਾ ਮੂਲ ਤੱਤ ਇਹ ਹੈ ਕਿ — ਜਿਣਸ ਦੀ ਕਦਰ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਤੋਂ ਤੈਅ ਹੁੰਦੀ ਹੈ। ਜਿਣਸਾਂ ਦਾ ਵਟਾਂਦਰਾ ਉਹਨਾਂ ਦੀ ਕਦਰ ਅਨੁਸਾਰ ਹੀ ਹੋ ਸਕਦਾ ਹੈ। ਭਾਵ, ਵਟਾਂਦਰੇ 'ਚ ਸਮਤੋਲ ਹੋਣਾ ਚਾਹੀਦਾ ਹੈ। ਜਿਣਸ ਅਰਥਚਾਰੇ ਦੇ ਹਾਲਾਤ ਜਦੋਂ ਵੀ ਅਤੇ ਜਿੱਥੇ ਵੀ ਮੌਜੂਦ ਹੁੰਦੇ ਹਨ ਕਦਰ ਦੇ ਨਿਯਮ ਦੀ ਭੂਮਿਕਾ ਇਸ 'ਚ ਜ਼ਰੂਰ ਹੁੰਦੀ ਹੈ। ਮਾਰਕਸ ਨੇ ਕਿਹਾ ਸੀ, *"ਨਿੱਜੀ ਕਿਰਤ ਦੇ ਅਰਾਜਕ ਅਤੇ ਲਗਾਤਾਰ ਬਦਲਦੇ ਵਪਾਰਕ ਸਬੰਧਾਂ 'ਚ ਇਹਨਾਂ ਦੀ ਪੈਦਾਵਾਰ ਲਈ ਸਮਾਜਿਕ ਤੌਰ 'ਤੇ ਲੋੜੀਂਦਾ ਕਿਰਤ ਸਮਾਂ ਕੁਦਰਤ ਦੇ ਨਿਯਮਾਂ ਵਾਂਗ ਆਪਣਾ ਰਾਹ ਤਾਕਤ ਨਾਲ ਸਾਫ ਕਰ ਲੈਂਦਾ ਹੈ, ਬਿਲਕੁਲ ਉਵੇਂ, ਜਿਵੇਂ ਕੋਈ ਮਕਾਨ ਕਿਸੇ ਦੇ ਸਿਰ ਤੇ ਡਿੱਗ ਪਵੇ, ਤਾਂ ਗੁਰੁਤਾ ਖਿੱਚ ਦਾ ਸਿਧਾਂਤ ਤਾਕਤ ਨਾਲ ਆਪਣਾ ਰਾਹ ਸਾਫ ਕਰ ਲੈਂਦਾ ਹੈ"*।(4) ਦੂਜੇ ਸ਼ਬਦਾਂ 'ਚ, ਜਿਣਸ ਵਟਾਂਦਰੇ 'ਚ ਮੰਗ-ਪੂਰਤੀ ਸਬੰਧਾਂ ਦੇ ਪ੍ਰਭਾਵ ਕਾਰਨ ਵਟਾਈਆਂ ਜਾਣ ਵਾਲੀਆਂ ਜਿਣਸਾਂ ਦਾ ਅਨੁਪਾਤ ਲਗਾਤਾਰ ਬਦਲਦਾ ਰਹਿ ਸਕਦਾ ਹੈ, ਇਸ ਲਈ ਵਟਾਈਆਂ ਜਾਣ ਵਾਲੀਆਂ ਕਦਰਾਂ ਦਾ ਸਮਰੂਪ / ਬਰਾਬਰ ਹੋਣਾ ਬਹੁਤ ਜ਼ਰੂਰੀ ਹੈ।

ਜਿਣਸ ਵਟਾਂਦਰੇ ਦੀ ਬਾਹਰ ਮੁਖੀ ਪ੍ਰਵਿਰਤੀ ਵਟਾਂਦਰੇ 'ਚ ਸਮਤੋਲ ਵੱਲ ਕਿਉਂ ਹੁੰਦੀ ਹੈ ? ਅਜਿਹਾ ਇਸ ਲਈ ਹੈ ਕਿਉਂਕਿ ਜਿਣਸ ਉਤਪਾਦਕ ਇਹ ਦੇਖਦੇ ਰਹਿੰਦੇ ਹਨ ਕਿ ਉਹਨਾਂ ਦੀਆਂ ਆਪਣੀਆਂ ਜਿਣਸਾਂ ਦਾ ਦੂਜੇ ਦੀਆਂ ਕਿੰਨੀਆਂ ਵੱਧ ਜਿਣਸਾਂ ਨਾਲ ਵਟਾਂਦਰਾ ਕੀਤਾ ਜਾ ਸਕਦਾ ਹੈ। ਮੰਗ ਪੂਰਤੀ ਸਬੰਧ ਦੇ ਪ੍ਰਭਾਵ ਹੇਠ ਜਿਣਸਾਂ ਦੇ ਵਟਾਂਦਰੇ ਦਾ ਅਨੁਪਾਤ ਲਗਾਤਾਰ ਬਦਲਦਾ ਰਹਿੰਦਾ ਹੈ। ਲੋਕ ਉਹਨਾਂ ਜਿਣਸਾਂ ਦੀ ਪੈਦਾਵਾਰ ਵਧਾ ਦਿੰਦੇ ਹਨ ਜੋ ਵੱਧ ਮੁਨਾਫਾ ਦਿੰਦੀਆਂ ਹਨ ਅਤੇ ਘੱਟ ਮੁਨਾਫੇ ਵਾਲੀਆਂ ਜਿਣਸਾਂ ਦੀ ਪੈਦਾਵਾਰ ਘਟਾ ਦਿੰਦੇ ਹਨ। ਸਿੱਟੇ ਵਜੋਂ ਪਹਿਲੀ ਕਿਸਮ ਦੀਆਂ ਜਿਣਸਾਂ ਦੀ ਪੂਰਤੀ ਉਹਨਾਂ ਦੀ ਮੰਗ ਤੋਂ ਵਧ ਜਾਂਦੀ ਹੈ ਅਤੇ ਉਹਨਾਂ ਦੀ ਵਟਾਂਦਰਾ ਕਦਰ ਡਿੱਗ ਜਾਂਦੀ ਹੈ। ਬਾਅਦ ਵਾਲੀਆਂ ਜਿਣਸ ਦੀ ਪੂਰਤੀ ਉਹਨਾਂ ਦੀ ਮੰਗ ਤੋਂ ਘੱਟ ਰਹਿਦੀ ਹੈ ਅਤੇ ਉਹਨਾਂ ਦੀ ਵਟਾਂਦਰਾ ਕਦਰ ਵਧ ਜਾਂਦੀ ਹੈ। ਜਿਣਸਾਂ ਦੇ ਵਟਾਂਦਰਾ ਅਨੁਪਾਤ 'ਚ ਲਗਾਤਾਰ ਇਹ ਬਦਲਾਅ ਦਸਦਾ ਹੈ ਕਿ ਵਟਾਂਦਰੇ 'ਚ ਸਮਤੋਲ ਇੱਕ ਬਾਹਰਮੁਖੀ ਨਿਯਮ ਹੈ ਜੋ ਲੋਕਾਂ ਦੀ ਮਰਜੀ ਨਾਲ ਨਹੀਂ ਬਦਲਦਾ।

ਮੁਦਰਾ ਦੇ ਜਨਮ ਨਾਲ ਸਮੁੱਚਾ ਜਿਣਸ-ਵਟਾਂਦਰਾ ਮਾਧਿਅਮ ਦੇ ਰੂਪ 'ਚ ਮੁਦਰਾ

ਤੇ ਨਿਰਭਰ ਹੋ ਗਿਆ ਹੈ। ਕਦਰ ਕੀਮਤ ਦੇ ਰੂਪ 'ਚ ਪ੍ਰਗਟ ਹੁੰਦੀ ਹੈ। ਕਦਰ ਦਾ ਨਿਯਮ ਵਟਾਂਦਰੇ 'ਚ ਸਮਤੋਲ ਦੀ ਮੰਗ ਕਰਦਾ ਹੈ। ਕਹਿਣ ਦੀ ਲੋੜ ਨਹੀਂ ਕਿ ਕੀਮਤ ਅਤੇ ਜਿਣਸਾਂ ਵਿਚਕਾਰ ਸਮਤੋਲ ਨੂੰ ਇੱਕ ਦੂਰਰਸ ਪ੍ਰਵਿਰਤੀ ਦੇ ਰੂਪ 'ਚ ਲਿਆ ਜਾਣਾ ਚਾਹੀਦਾ ਹੈ। ਅਸਲ 'ਚ ਨਿੱਜੀ ਮਾਲਕੀ ਤੇ ਅਧਾਰਤ ਜਿਣਸ ਅਰਥਚਾਰੇ 'ਚ ਜਿੱਥੇ ਪੈਦਾਵਾਰ ਖਿੰਡਵੇਂ ਰੂਪ 'ਚ ਹੁੰਦੀ ਹੈ, ਮੰਡੀ 'ਚ ਜਿਣਸਾਂ ਦੀ ਮੰਗ ਅਤੇ ਪੂਰਤੀ 'ਚ ਲਗਾਤਾਰ ਫੇਰ ਬਦਲ ਹੁੰਦਾ ਰਹਿਦਾ ਹੈ ਅਤੇ ਇਸ ਕਾਰਨ ਕੀਮਤਾਂ ਵਧਦੀਆਂ ਘਟਦੀਆਂ ਰਹਿੰਦੀਆਂ ਹਨ, ਪਰ ਇਹ ਉਤਰਾਅ ਚੜ੍ਹਾਅ ਹਮੇਸ਼ਾਂ ਸੰਤੁਲਿਤ ਕਦਰ ਦੇ ਨੇੜੇ ਤੇੜੇ ਕੇਂਦਰਿਤ ਰਹਿੰਦਾ ਹੈ। ਇਸ ਲਈ ਮੰਗ ਪੂਰਤੀ ਸਬੰਧਾਂ ਦੇ ਪ੍ਰਭਾਵ ਕਾਰਨ ਕੀਮਤਾਂ ਅਤੇ ਕਦਰ 'ਚ ਫਰਕ ਕਦਰ ਦੇ ਨਿਯਮ ਨੂੰ ਗਲਤ ਸਿੱਧ ਨਹੀਂ ਕਰਦਾ ਸਗੋਂ ਇਹ ਕਦਰ ਦੇ ਨਿਯਮ ਦੇ ਕੰਮ ਕਰਨ ਦਾ ਇੱਕ ਲਾਜ਼ਮੀ ਰੂਪ ਹੈ।

ਮੰਡੀ ਦੇ ਮੁਕਾਬਲੇ ਦੌਰਾਨ ਸਾਹਮਣੇ ਆਉਣ ਵਾਲੇ ਕਦਰ ਦੇ ਨਿਯਮ ਦੇ ਤਿੰਨ ਕਾਰਜ

ਕਦਰ ਦਾ ਨਿਯਮ ਨਿੱਜੀ ਮਾਲਕੀ 'ਤੇ ਅਧਾਰਿਤ ਜਿਣਸ ਪੈਦਾਵਾਰ 'ਚ ਤਿੰਨ ਕਾਰਜ ਕਰਦਾ ਹੈ। ਇਹ ਕਾਰਜ ਮੰਡੀ ਦੇ ਮੁਕਾਬਲੇ ਦੀ ਸੁਤੇ ਸਿੱਧ ਤਾਕਤ ਦੁਆਰਾ ਪੂਰੇ ਕੀਤੇ ਜਾਂਦੇ ਹਨ।

ਸਭ ਤੋਂ ਪਹਿਲਾਂ, ਕਦਰ ਦਾ ਨਿਯਮ ਪੈਦਾਵਾਰ ਨੂੰ ਨਿਯਮਿਤ ਕਰਦਾ ਹੈ। ਨਿੱਜੀ ਮਾਲਕੀ 'ਤੇ ਅਧਾਰਿਤ ਜਿਣਸ ਪੈਦਾਵਾਰ ਮੁਕਾਬਲੇ ਅਤੇ ਅਰਾਜਕਤਾ ਦੀਆਂ ਹਾਲਤਾਂ 'ਚ ਹੁੰਦੀ ਹੈ। ਕਿਸੇ ਕੋਲ ਵੀ ਇਸ ਗੱਲ ਦੀ ਠੋਸ ਜਾਣਕਾਰੀ ਨਹੀਂ ਹੁੰਦੀ ਕਿ ਸਮਾਜ ਨੂੰ ਕਿਸ ਚੀਜ਼ ਦੀ ਅਤੇ ਕਿੰਨੀ ਲੋੜ ਹੈ। ਪਰ ਸਮਾਜਿਕ ਪੈਦਾਵਾਰ ਦੇ ਚਾਲੂ ਰਹਿਣ ਲਈ ਕੋਈ ਨਿਯਮ, ਬਟਵਾਰਾ ਅਤੇ ਪ੍ਰਬੰਧ ਜ਼ਰੂਰੀ ਹੈ। ਇਹ ਬਟਵਾਰਾ ਅਤੇ ਪ੍ਰਬੰਧ ਜਿਣਸ ਦੇ ਨਿਯਮ ਤੋਂ ਤੈਅ ਹੁੰਦੇ ਹਨ ਅਤੇ ਮੰਡੀ 'ਚ ਕੀਮਤਾਂ ਦੇ ਉਤਰਾਅ-ਚੜ੍ਹਾਅ ਲਈ ਸਹਿਜ ਪ੍ਰਭਾਵ ਨਾਲ ਲਾਗੂ ਹੁੰਦੇ ਹਨ। ਜੇ ਕਿਸੇ ਜਿਣਸ ਦੀ ਪੂਰਤੀ ਉਸਦੀ ਮੰਗ ਦੇ ਬਰਾਬਰ ਨਹੀਂ ਹੈ, ਤਾਂ ਉਸਦੀ ਕੀਮਤ ਕਦਰ ਤੋਂ ਵੱਧ ਹੋ ਜਾਵੇਗੀ ਅਤੇ ਉਸ ਜਿਣਸ ਦੀ ਪੈਦਾਵਾਰ ਵਿਸ਼ੇਸ਼ ਰੂਪ 'ਚ ਮੁਨਾਫੇ ਵਾਲੀ ਹੋ ਜਾਵੇਗੀ। ਇਸ ਲਈ ਉਸ ਜਿਣਸ ਦੀ ਪੈਦਾਵਾਰ ਵਧ ਜਾਵੇਗੀ। ਜੇ ਇਸ ਦੇ ਉਲਟ ਹੁੰਦਾ ਤਾਂ ਉਸ ਜਿਣਸ ਦੀ ਕਦਰ ਡਿੱਗ ਜਾਵੇਗੀ ਅਤੇ ਉਸ ਦੀ ਪੈਦਾਵਾਰ ਘਟ ਜਾਵੇਗੀ। ਕਦਰ ਦਾ ਨਿਯਮ ਇਸੇ ਢੰਗ ਨਾਲ ਜਿਣਸ ਉਤਪਾਦਕਾਂ ਦੀਆਂ ਸਰਗਰਮੀਆਂ ਨੂੰ ਨਿਰਦੇਸ਼ਿਤ ਕਰਦਾ ਹੈ ਅਤੇ ਵੱਖ-ਵੱਖ ਪੈਦਾਵਾਰੀ ਖੇਤਰਾਂ 'ਚ ਕਿਰਤ ਅਤੇ ਪੈਦਾਵਾਰ ਦੇ ਸਾਧਨਾਂ ਦੇ ਬਟਵਾਰੇ ਨੂੰ ਨਿਯਮਿਤ ਕਰਦਾ ਹੈ।

ਭਾਂਵੇਂ ਕਦਰ ਦੇ ਨਿਯਮ ਦੁਆਰਾ ਸਮਾਜਿਕ ਪੈਦਾਵਾਰ ਦਾ ਵਟਾਂਦਰਾ ਨਿੱਜੀ ਮਾਲਕੀ 'ਤੇ ਅਧਾਰਿਤ ਜਿਣਸ ਅਰਥਚਾਰੇ ਨੂੰ ਕੁੱਝ ਵਿਵਸਥਿਤ ਕਰਦਾ ਹੈ, ਪਰ ਇਹ

ਵਿਵਸਥਾ(order) ਅਰਾਜਕਤਾ ਦੀਆਂ ਹਾਲਤਾਂ ਅਧੀਨ ਹੀ ਹਾਸਲ ਕੀਤੀ ਜਾਂਦੀ ਹੈ। ਅੰਨ੍ਹੇ ਮੁਕਾਬਲੇ ਦੁਆਰਾ ਇਸਨੂੰ ਲਗਾਤਾਰ ਤਬਾਹ ਕੀਤਾ ਜਾਂਦਾ ਹੈ ਅਤੇ ਦੁਬਾਰਾ ਆਪਮੁਹਾਰੇ ਢੰਗ ਨਾਲ ਇੱਕ ਨਵਾਂ ਜ਼ਾਬਤਾ ਹੋਂਦ ਵਿੱਚ ਆਉਂਦਾ ਹੈ। ਇਸ ਤਰ੍ਹਾਂ ਦਾ ਪ੍ਰਬੰਧ ਸਮਾਜਿਕ ਕਿਰਤ ਦੀ ਬੇ-ਇੰਤਹਾ ਬਰਬਾਦੀ ਤੋਂ ਬਾਅਦ ਕਾਇਮ ਹੁੰਦਾ ਹੈ। ਜਿਵੇਂ ਕਿ ਮਾਰਕਸ ਨੇ ਕਿਹਾ ਹੈ, "ਇਹ ਵਿਵਸਥਾਹੀਣ ਗਤੀ ਹੀ ਇਸ ਦੀ ਲਗਾਮ ਹੈ"। [5]

ਦੂਜੇ, ਕਦਰ ਦਾ ਨਿਯਮ ਪੈਦਾਵਾਰੀ ਤਕਨੀਕਾਂ ਅਤੇ ਕਿਰਤ ਪੈਦਾਵਾਰ ਦੇ ਅਮਲ 'ਚ ਸੁਧਾਰ ਨੂੰ ਉਤਸ਼ਾਹਿਤ ਕਰਦਾ ਹੈ। ਕਿਰਤ ਉਤਪਾਦਕਤਾ ਸਮੇਂ ਦੀ ਇੱਕ ਇਕਾਈ 'ਚ ਤਿਆਰ ਹੋਈਆਂ ਪੈਦਾਵਾਰਾਂ ਦੀ ਮਾਤਰਾ ਤੋਂ ਮਾਪੀ ਜਾਂਦੀ ਹੈ। ਸੂਤਰ ਦੇ ਰੂਪ 'ਚ—

$$\text{ਕਿਰਤ ਉਤਪਾਦਕਤਾ} = \frac{\text{ਉਤਪਾਦਾਂ ਦੀ ਮਾਤਰਾ}}{\text{ਕਿਰਤ ਸਮਾਂ}}$$

ਕਿਰਤ ਉਤਪਾਦਕਤਾ ਦਾ ਪੱਧਰ ਕਈ ਕਾਰਕਾਂ ਤੋਂ ਤੈਅ ਹੁੰਦਾ ਹੈ। ਸਭ ਤੋਂ ਮਹੱਤਵਪੂਰਨ ਹਨ, ਕਿਰਤ ਦੀ ਮੁਹਾਰਤ, ਤਕਨੀਕ ਦੀ ਪੱਧਰ ਅਤੇ ਪੈਦਾਵਾਰ 'ਚ ਇਸ ਦਾ ਉਪਯੋਗ, ਕਿਰਤ ਵੰਡ ਅਤੇ ਇਸ ਦੇ ਆਪਸੀ ਸਹਿਕਾਰ ਦਾ ਪੱਧਰ। ਕਦਰ ਦੇ ਨਿਯਮ ਦੀਆਂ ਬਾਹਰਮੁਖੀ ਲੋੜਾਂ ਅਨੁਸਾਰ ਜਿਣਸ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਦੁਆਰਾ ਨਿਰਧਾਰਤ ਕਦਰ ਮੁਤਾਬਕ ਵੇਚੀ ਜਾਂਦੀ ਹੈ। ਇਸ ਲਈ ਜੋ ਵੀ ਵੱਧ ਮਾਹਿਰ ਅਤੇ ਯੋਗ ਹੋਵੇਗਾ ਅਤੇ ਪੈਦਾਵਾਰ ਲਈ ਸਮਾਜਿਕ ਰੂਪ 'ਚ ਲੋੜੀਂਦੇ ਕਿਰਤ ਸਮੇਂ 'ਤ ਘੱਟ ਸਮਾਂ ਲਵੇਗਾ, ਉਹ ਵੱਧ ਮੁਨਾਫਾ ਹਾਸਿਲ ਕਰੇਗਾ। ਇਹ ਜਿਣਸ ਉਤਪਾਦਕ ਨੂੰ ਆਪਣੀ ਪੈਦਾਵਾਰ ਅਤੇ ਪੈਦਾਵਾਰੀ ਤਕਨੀਕ ਸੁਧਾਰਨ ਲਈ ਉਤਸ਼ਾਹਿਤ ਕਰਦਾ ਹੈ। ਪਰ ਨਿੱਜੀ ਮਾਲਕੀ ਅਧੀਨ ਜਿਣਸ ਉਤਪਾਦਕ ਉਚੇਰੇ ਮੁਨਾਫੇ ਲਈ ਪੈਦਾਵਾਰੀ ਤਕਨੀਕ 'ਚ ਸੁਧਾਰ ਕਰਦਾ ਹੈ। ਜਿਨ੍ਹਾਂ ਕੋਲ ਨਵੀਂ ਤਕਨੀਕ ਹੈ, ਸੁਭਾਵਿਕ ਹੈ ਕਿ ਉਹ ਉਸ ਨੂੰ ਗੁਪਤ ਰੱਖਣਗੇ। ਇਹਨਾਂ ਹਾਲਤਾਂ 'ਚ ਸਮਾਜਿਕ ਪੈਦਾਵਾਰੀ ਤਾਕਤਾਂ ਦੇ ਵਿਕਾਸ 'ਚ ਖੜੋਤ ਆਉਂਦੀ ਹੈ।

ਤੀਜੇ, ਕਦਰ ਦਾ ਨਿਯਮ ਜਿਣਸ ਉਤਪਾਦਕਾਂ ਵਿਚਕਾਰ ਧਰੁਵੀਕਰਨ ਨੂੰ ਉਤਸ਼ਾਹਿਤ ਕਰਦਾ ਹੈ। ਇਹ ਇਸ ਲਈ ਹੈ ਕਿ ਵੱਖੋ-ਵੱਖ ਜਿਣਸ ਉਤਪਾਦਕਾਂ ਦੀਆਂ ਸਥਿਤੀਆਂ ਵੱਖੋ-ਵੱਖ ਹੁੰਦੀਆਂ ਹਨ। ਕਿਸੇ ਖਾਸ ਜਿਣਸ ਦੀ ਪੈਦਾਵਾਰ 'ਚ ਲੱਗਣ ਵਾਲੇ ਵੱਖ-ਵੱਖ ਕਿਰਤ ਸਮੇਂ 'ਚ ਫਰਕ ਹੁੰਦਾ ਹੈ। ਪਰ ਕਦਰ ਦੇ ਨਿਯਮ ਦਾ ਤਕਾਜ਼ਾ ਇਹ ਹੈ ਕਿ ਜਿਣਸਾਂ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਦੁਆਰਾ ਨਿਰਧਾਰਤ ਕਦਰ ਅਨੁਸਾਰ ਵੇਚੀਆਂ ਜਾਣ। ਇਸ ਤਰ੍ਹਾਂ ਜਿਨ੍ਹਾਂ ਜਿਣਸ ਉਤਪਾਦਕਾਂ ਕੋਲ ਪੈਦਾਵਾਰ ਦੇ ਬਿਹਤਰ ਹਾਲਾਤ ਹੋਣਗੇ ਉਹ ਜਿਆਦਾ ਮੁਨਾਫਾ ਕਮਾਉਣਗੇ ਅਤੇ ਤੇਜੀ ਨਾਲ ਵਿਕਸਿਤ ਹੋਣਗੇ। ਦੂਜੇ ਪਾਸੇ ਜਿੰਨ੍ਹਾਂ ਜਿਣਸ ਉਤਪਾਦਕਾਂ ਕੋਲ ਪੈਦਾਵਾਰ ਦੀਆਂ ਸਹੂਲਤਾਂ ਘੱਟ ਚੰਗੀਆਂ ਹੋਣਗੀਆਂ ਅਤੇ ਜੋ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਨਾਲੋਂ ਵੱਧ ਸਮਾਂ ਲੈਣਗੇ, ਉਹ ਮੁਕਾਬਲੇ 'ਚ ਟਿਕ ਨਹੀਂ ਸਕਣਗੇ। ਇਸ ਤਰ੍ਹਾਂ ਜਿਣਸ ਉਤਪਾਦਕਾਂ ਵਿਚਕਾਰ ਧਰੁਵੀਕਰਨ ਅਟੱਲ ਹੈ।

ਜਿਣਸ ਅੰਧ ਭਗਤੀ ਦੇ ਰਹੱਸ ਦਾ ਪਰਦਾ ਫ਼ਾਸ਼ ਕਰੋ

ਅੰਧ ਭਗਤੀ ਮੂਲ ਰੂਪ 'ਚ ਉਹਨਾਂ ਧਰਮਾਂ ਨਾਲ ਸਬੰਧਿਤ ਸੀ, ਜਿਸ ਵਿੱਚ ਲੋਕ ਅਜਿਹੀਆਂ ਚੀਜ਼ਾਂ ਦੀ ਪੂਜਾ ਕਰਦੇ ਸਨ ਜਿਨ੍ਹਾਂ ਬਾਰੇ ਮੰਨਿਆਂ ਜਾਂਦਾ ਸੀ ਕਿ ਉਹਨਾਂ ਵਿੱਚ ਕੁੱਝ ਰਹੱਸਮਈ ਸ਼ਕਤੀਆਂ ਹਨ। ਜਦੋਂ ਸਮਾਜਿਕ ਪੈਦਾਵਾਰੀ ਤਾਕਤਾਂ ਦਾ ਪੱਧਰ ਨੀਵਾਂ ਸੀ, ਤਾਂ ਉਹ ਕੁਦਰਤ ਦੀਆਂ ਤਾਕਤਾਂ ਨੂੰ ਰਹੱਸ ਭਰਭੂਰ ਮੰਨ ਲੈਂਦੇ ਸਨ। ਉਹ ਸੋਚਦੇ ਸਨ ਕਿ ਬੱਦਲਾਂ ਦੀ ਗਰਜ, ਬਿਜਲੀ, ਪਾਣੀ ਅਤੇ ਅੱਗ ਜਿਹੀਆਂ ਕੁਦਰਤੀ ਤਾਕਤਾਂ ਕੁੱਝ ਦੇਵਤਿਆਂ ਵੱਲੋਂ ਨਿਰਦੇਸ਼ਿਤ ਹਨ ਅਤੇ ਇਸ ਲਈ ਉਹਨਾਂ ਦੀ ਪੂਜਾ ਕਰਦੇ ਸਨ। ਇਹੀ ਗੱਲ ਨਿੱਜੀ ਮਾਲਕੀ 'ਤੇ ਅਧਾਰਿਤ ਜਿਣਸ ਅਰਥਚਾਰਿਆਂ 'ਚ ਵੀ ਹੋਈ। ਭਾਵੇਂ ਜਿਣਸ ਮਨੁੱਖ ਦੇ ਹੱਥਾਂ ਦੁਆਰਾ ਪੈਦਾ ਕੀਤੀ ਜਾਂਦੀ ਹੈ,ਪਰ ਉਹਨਾਂ ਦੀ ਪੂਜਾ ਦੇਵਤਿਆਂ ਵਾਂਗ ਕੀਤੀ ਗਈ ਅਤੇ ਇਹ ਮੰਨ ਲਿਆ ਗਿਆ ਕਿ ਲੋਕਾਂ ਦੀ ਕਿਸਮਤ ਜਿਣਸਾਂ ਦੇ ਹੱਥਾਂ 'ਚ ਹੈ। ਮਾਰਕਸ ਨੇ ਇਸ ਘਟਨਾਕ੍ਰਮ ਨੂੰ ਜਿਣਸ ਅੰਧ ਭਗਤੀ ਦਾ ਨਾਮ ਦਿੱਤਾ।

ਜਿਣਸ ਅੰਧ ਭਗਤੀ ਹੋਂਦ 'ਚ ਕਿਵੇਂ ਆਈ ?

ਨਿੱਜੀ ਮਾਲਕੀ 'ਚ ਜਿਣਸ ਪੈਦਾਵਾਰ ਤਹਿਤ ਲੋਕਾਂ ਵਿਚਕਾਰ ਸਬੰਧ ਜਿਣਸ ਸਬੰਧਾਂ ਦੇ ਰੂਪ ਹੁੰਦੇ ਸਨ। ਜਿਣਸ ਨੂੰ ਇੰਝ ਸਮਝਿਆ ਜਾਂਦਾ ਸੀ ਜਿਵੇਂ ਉਹ ਮਨੁੱਖਾਂ ਤੋਂ ਵੀ ਵੱਧ ਸ੍ਰੇਸ਼ਠ ਕੋਈ ਚੀਜ਼ ਹੋਵੇ। ਉਹਨਾਂ ਦੀ ਮਾਲਕ ਹੋਵੇ। ਜਿਣਸ ਉਤਪਾਦਕ ਦੀ ਕਿਸਮਤ ਜਿਣਸ ਨਾਲ ਬੱਝੀ ਹੁੰਦੀ ਸੀ। ਉਹਨਾਂ ਦੀ ਕਿਸਮਤ ਪੂਰੀ ਤਰ੍ਹਾਂ ਇਸ ਗੱਲ 'ਤੇ ਨਿਰਭਰ ਕਰਦੀ ਸੀ ਕਿ ਉਸਦੀ ਜਿਣਸ ਵਿਕਦੀ ਹੈ ਜਾਂ ਨਹੀਂ ਅਤੇ ਕਿਵੇਂ ਵਿਕਦੀ ਹੈ। ਜੇ ਜਿਣਸ ਲਾਭਦਾਇਕ ਕੀਮਤ 'ਤੇ ਵਿਕੀ ਤਾਂ ਜਿਣਸ ਉਤਪਾਦਕ ਅਮੀਰ ਹੋ ਜਾਵੇਗਾ। ਪਰ ਜੇ ਇਹ ਨਾ ਵਿਕੀ ਜਾਂ ਘੱਟ ਕੀਮਤ 'ਤੇ ਵਿਕੀ ਤਾਂ ਜਿਣਸ ਉਤਪਾਦਕ ਗਰੀਬ ਹੋ ਜਾਵੇਗਾ। ਜਿਣਸ ਉਤਪਾਦਕ ਕੋਲ ਪਹਿਲਾਂ ਹੀ ਇਹ ਜਾਨਣ ਦਾ ਢੰਗ ਨਹੀਂ ਹੁੰਦਾ ਕਿ ਉਸਦੀ ਜਿਣਸ ਦੀ ਮੰਗ ਹੈ ਜਾਂ ਨਹੀਂ ਅਤੇ ਉਸਦੀ ਚੰਗੀ ਕੀਮਤ ਮਿਲੇਗੀ ਜਾਂ ਨਹੀਂ। ਜਿਣਸਾਂ ਦੀਆਂ ਕੀਮਤਾਂ ਵੱਖ-ਵੱਖ ਉਤਪਾਦਕਾਂ ਦੁਆਰਾ ਨਹੀਂ ਸਗੋਂ ਮੰਡੀ 'ਚ ਕਦਰ ਦੇ ਨਿਯਮ ਦੀਆਂ ਆਪਮੁਹਾਰੀਆਂ ਗਤੀਸ਼ੀਲ ਤਾਕਤਾਂ ਦੁਆਰਾ ਤੈਅ ਹੁੰਦੀਆਂ ਹਨ। ਇਸੇ ਹਾਲਤ ਅਧੀਨ ਜਿਣਸ ਉਤਪਾਦਕ ਇਹ ਸੋਚਣ ਲੱਗਾ ਕਿ ਉਸਦੀ ਕਿਸਮਤ ਉਸਦੇ ਆਪਣੇ ਹੱਥ 'ਚੋਂ ਬਾਹਰ ਹੈ ਅਤੇ ਮੰਡੀ 'ਚ ਉਸਦੀਆਂ ਜਿਣਸਾਂ ਦੀ ਕਿਸਮਤ ਤੋਂ ਤੈਅ ਹੁੰਦੀ ਹੈ।

ਸਾਰੀਆਂ ਜਿਣਸਾਂ ਨਾਲ ਅਸਾਨੀ ਨਾਲ ਵਟਾਏ ਜਾ ਸਕਣ ਵਾਲੇ ਸਰਵ ਵਿਆਪੀ ਸਮਤੋਲ ਦੇ ਰੂਪ 'ਚ ਮੁਦਰਾ ਦੀ ਉਤਪਤੀ ਤੋਂ ਬਾਅਦ ਇਹ ਭਰਮ ਪੈਦਾ ਹੋਇਆ ਕਿ ਮੁਦਰਾ 'ਚ ਕੋਈ ਅਜਿਹੀ ਵਿਸ਼ੇਸ਼ ਜਾਦੂਈ ਤਾਕਤ ਮੌਜੂਦ ਹੈ ਜੋ ਲੋਕਾਂ ਦੀ ਕਿਸਮਤ ਨੂੰ ਨਿਰਦੇਸ਼ਤ

ਕਰ ਸਕਦੀ ਹੈ। ਇਸ ਲਈ ਸੁਭਾਵਿਕ ਰੂਪ 'ਚ ਜਿਣਸ ਅੰਧ ਭਗਤੀ ਮੁਦਰਾ ਅੰਧ ਭਗਤੀ 'ਚ ਬਦਲ ਗਈ।

ਸਭ ਤੋਂ ਪਹਿਲਾਂ ਮਾਰਕਸ ਨੇ ਜਿਣਸ ਅੰਧ ਭਗਤੀ ਦੇ ਰਹੱਸ ਦਾ ਪਰਦਾਫਾਸ਼ ਕੀਤਾ। ਜਿਣਸ ਅਤੇ ਮੁਦਰਾ ਦੇ ਸਬੰਧਾਂ ਦਾ ਮਾਰਕਸ ਦਾ ਸਿਧਾਂਤ ਲੋਕਾਂ ਵਿਚਕਾਰ ਸਬੰਧਾਂ ਨੂੰ ਵੀ ਸਾਹਮਣੇ ਲਿਆਉਂਦਾ ਹੈ, ਜਦੋਂ ਕਿ ਬੁਰਜੂਆ ਅਰਥਸ਼ਾਸ਼ਤਰੀ ਸਿਰਫ ਚੀਜਾਂ ਵਿਚਕਾਰਲੇ ਸਬੰਧਾਂ ਨੂੰ ਹੀ ਦੇਖਣ ਦੇ ਸਮਰੱਥ ਸਨ ਅਤੇ ਚੀਜ਼ਾਂ ਦੁਆਰਾ ਢਕੇ ਹੋਏ ਸਮਾਜਿਕ ਸਬੰਧਾਂ ਨੂੰ ਦੇਖਣ ਤੋਂ ਅਸਮਰੱਥ ਸਨ। ਮਾਰਕਸ ਦੇ ਸਿਧਾਂਤ ਨੇ ਪ੍ਰਤੱਖ ਰੂਪ 'ਚ ਇਹ ਦਿਖਾਇਆ ਕਿ ਜਿਣਸ ਅਤੇ ਮੁਦਰਾ ਦਾ ਸਬੰਧ ਅਮਰ ਨਹੀਂ ਸਗੋਂ ਇੱਕ ਅਸਥਾਈ ਇਤਿਹਾਸਕ ਘਟਨਾ ਹੈ। ਇਸ ਲਈ ਜਿਸ ਪੂੰਜੀਵਾਦੀ ਅਰਥਚਾਰੇ ਦੀਆਂ ਕੋਸ਼ਿਕਾਂਵਾਂ ਜਿਣਸਾਂ ਹਨ, ਉਹ ਵੀ ਅਮਰ ਨਹੀਂ ਹੈ। ਕਿਸੇ ਖਾਸ ਇਤਿਹਾਸਕ ਹਾਲਤਾਂ 'ਚ ਹੋਂਦ ਦੌਰਾਨ ਆਈਆਂ ਚੀਜ਼ਾਂ ਉਹਨਾਂ ਇਤਿਹਾਸਕ ਹਾਲਤਾਂ 'ਚ ਬਦਲ ਜਾਣ ਦੇ ਬਾਅਦ ਲਾਜ਼ਮੀ ਹੀ ਅਲੋਪ ਹੋ ਜਾਣਗੀਆਂ। ਇਹ ਇੱਕ ਬਾਹਰਮੁਖੀ ਨਿਯਮ ਹੈ ਜੋ ਲੋਕਾਂ ਦੀ ਮਰਜੀ ਨਾਲ ਨਹੀਂ ਬਦਲ ਸਕਦਾ।

ਪ੍ਰਮੁੱਖ ਅਧਿਐਨ ਸਮੱਗਰੀ:

ਮਾਰਕਸ, ਪੂੰਜੀ, ਭਾਗ-1, ਪਾਠ 1, 3
ਏਂਗਲਜ਼, ਡਿਉਰਿੰਗ ਵਿਰੁੱਧ, ਭਾਗ 2, ਪਾਠ 5
ਲੈਨਿਨ, ਕਾਰਲ ਮਾਰਕਸ ("ਮਾਰਕਸ ਦੇ ਆਰਥਿਕ ਸਿਧਾਂਤ")

ਪੜਚੋਲ ਲਈ ਪ੍ਰਸ਼ਨ:

(1) ਇਹ ਕਿਉਂ ਕਿਹਾ ਜਾਂਦਾ ਹੈ ਕਿ ਜਿਣਸ ਸਬੰਧਾਂ 'ਚ ਸਾਰੀਆਂ ਪੂੰਜੀਵਾਦੀ ਵਿਰੋਧਤਾਈਆਂ ਦੇ ਬੀਜ਼ ਸਮੋਏ ਹੋਏ ਹਨ?

(2) ਮਾਰਕਸ ਦੇ ਕਦਰ ਦੇ ਕਿਰਤ ਸਿਧਾਂਤ ਦਾ ਮੁੱਖ ਤੱਤ ਅਤੇ ਅਰਥ ਕੀ ਹੈ?

(3) ਨਿੱਜੀ ਮਾਲਕੀ 'ਤੇ ਅਧਾਰਿਤ ਜਿਣਸ ਅਰਥਚਾਰੇ 'ਚ ਕਦਰ ਦਾ ਨਿਯਮ ਕੀ ਭੂਮਿਕਾ ਨਿਭਾਉਂਦਾ ਹੈ?

ਨੋਟਸ:

(1) "ਪਾਰਟੀ ਦੇ ਕੰਮ ਢੰਗ 'ਚ ਸੁਧਾਰ ਕਰੋ", ਮਾਓ ਜ਼ੇ ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 3, ਚੀਨੀ ਐਡੀਸ਼ਨ, 1968, ਪੰਨਾ-775.

(2) ਮਾਰਕਸ, ਸਰਮਾਇਆ, ਭਾਗ 1, ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ, ਭਾਗ 23, ਪੰਨਾ-52.

(3) ਉਹੀ, ਪੰਨਾ-92.

(4) ਮਾਰਕਸ, ਉਜਰਤੀ ਕਿਰਤ ਅਤੇ ਸਰਮਾਇਆ, ਮਾਰਕਸ ਏਂਗਲਜ਼ ਦੀਆਂ ਚੋਣਵੀਂਆਂ ਲਿਖਤਾਂ, ਭਾਗ 1, ਚੀਨੀ ਐਡੀਸ਼ਨ, 1972 ਪੰਨਾ-360.

* * * * * * * * * * *

4

ਪੂੰਜੀਪਤੀ ਮਜ਼ਦੂਰਾਂ ਦੀ ਲੁੱਟ ਤੇ ਜ਼ਬਰ ਕਿਵੇਂ ਕਰਦੇ ਹਨ

ਪੂੰਜੀ ਅਤੇ ਵਾਫ਼ਰ ਕਦਰ

ਪੂੰਜੀਵਾਦੀ ਪੈਦਾਵਾਰ ਵਾਫ਼ਰ ਕਦਰ ਹੜੱਪਣ ਦੇ ਉਦੇਸ਼ ਨਾਲ ਕੀਤੀ ਜਾਣ ਵਾਲੀ ਜਿਣਸ ਪੈਦਾਵਾਰ ਹੈ। ਪੂੰਜੀਵਾਦੀ ਪੈਦਾਵਾਰ ਦੀ ਪ੍ਰਕਿਰਤੀ ਨੂੰ ਸਮਝਣ ਲਈ ਸਾਨੂੰ ਪਹਿਲਾਂ ਮਾਰਕਸ ਦੇ ਪੂੰਜੀ ਅਤੇ ਵਾਫ਼ਰ ਕਦਰ ਦੇ ਸਿਧਾਂਤ ਦਾ ਅਧਿਐਨ ਕਰਨਾ ਹੋਵੇਗਾ। ਇਸ ਸਿਧਾਂਤ ਨਾਲ ਆਪਣੇ ਆਪ ਨੂੰ ਲੈੱਸ ਕਰਕੇ ਹੀ ਅਸੀਂ ਪੂੰਜੀਵਾਦ ਦੇ ਲੁਟੇਰੇ ਸਬੰਧਾਂ ਨੂੰ ਸਮਝ ਸਕਦੇ ਹਾਂ, ਪੂੰਜੀਵਾਦ ਦੇ ਲਾਜ਼ਮੀ ਖਾਤਮੇ ਅਤੇ ਸਮਾਜਵਾਦ ਦੀ ਅਟੱਲ ਜਿੱਤ ਦੀ ਸਚਾਈ ਦਾ ਅਹਿਸਾਸ ਕਰ ਸਕਦੇ ਹਾਂ, ਮਜ਼ਦੂਰ ਜਮਾਤ ਦੇ ਇਤਿਹਾਸਕ ਮਿਸ਼ਨ ਦਾ ਮਹੱਤਵ ਪਛਾਣ ਸਕਦੇ ਹਾਂ ਅਤੇ ਤਾਂ ਹੀ ਅਸੀਂ ਮਜ਼ਦੂਰ ਜਮਾਤ ਦੇ ਸੁਚੇਤਨ ਇਨਕਲਾਬੀ ਸਿਪਾਹੀ ਬਣ ਸਕਦੇ ਹਾਂ।

ਪੂੰਜੀਪਤੀਆਂ ਵਲੋਂ ਮਜਦੂਰਾਂ ਦੀ ਕੀਤੀ ਜਾਂਦੀ ਲੁੱਟ ਦਾ ਰਹੱਸ

ਕਿਰਤ ਸ਼ਕਤੀ ਦਾ ਜਿਣਸ ਦੇ ਰੂਪ 'ਚ ਬਦਲਣਾ ਵਾਫ਼ਰ ਕਦਰ ਦੀ ਪੈਦਾਵਾਰ ਦੀ ਪੂਰਵ ਸ਼ਰਤ ਹੈ

ਪੁਰਾਣੇ ਸਮਾਜ ਦੇ ਹਰ ਪੁਰਾਣੇ ਮਜ਼ਦੂਰ ਕੋਲ ਮੁਸ਼ਕਿਲਾਂ ਅਤੇ ਦੁਖੜਿਆਂ ਦਾ ਇੱਕ ਪ੍ਰੀਵਾਰਕ ਇਤਿਹਾਸ ਮੌਜੂਦ ਹੈ। ਪੁਰਾਣੇ ਸਮਾਜ 'ਚ ਮਜ਼ਦੂਰ "ਸੂਰਾਂ ਅਤੇ ਕੁੱਤਿਆਂ ਵਾਂਗ ਖਾਂਦੇ ਸਨ ਅਤੇ ਬਲਦਾਂ ਤੇ ਘੋੜਿਆਂ ਵਾਂਗ ਜੁੜ ਕੇ ਕੰਮ ਕਰਦੇ ਸਨ"। ਉਹ "ਬੁੱਢੇ ਹੋਣ ਤੱਕ ਕੰਮ ਕਰਦੇ ਸਨ ਅਤੇ ਉਹਨਾਂ ਦੀ ਹਾਲਤ ਕੱਖਾਂ ਕਾਨਿਆਂ ਤੋਂ ਵੀ ਬੁਰੀ ਸੀ" ਉਹ ਸਿਆਸੀ ਲੁੱਟ ਦਾ ਸ਼ਿਕਾਰ ਸਨ ਅਤੇ ਉਹਨਾਂ ਦਾ ਰੁਜ਼ਗਾਰ ਅਨਿਸ਼ਚਿਤ ਰਹਿੰਦਾ ਸੀ। ਪਰ ਪੂੰਜੀਪਤੀ ਕਦੇ ਕੰਮ ਨਹੀਂ ਕਰਦੇ ਸਨ। ਉਹ ਮਜ਼ਦੂਰਾਂ 'ਤੇ ਰੋਅਬ ਜਮਾਉਂਦੇ ਸਨ ਅਤੇ ਅੱਯਾਸ਼ੀ ਭਰੀ ਅਤੇ ਪਤਿਤ ਜਿੰਦਗੀ ਬਤੀਤ ਕਰਦੇ ਸਨ। ਉਹਨਾਂ ਦੀ ਜਾਇਦਾਦ ਹਰ ਵਕਤ ਵਧਦੀ ਰਹਿੰਦੀ ਸੀ। ਕਿਉਂ ? ਮਾਰਕਸ ਦੇ ਪੂੰਜੀ ਅਤੇ ਵਾਫ਼ਰ ਕਦਰ ਦੇ ਸਿਧਾਂਤ ਨੇ ਇਸ ਰਹੱਸ ਨੂੰ ਨੰਗਾ ਕੀਤਾ ਅਤੇ ਇਹਨਾਂ ਸਵਾਲਾਂ ਦਾ ਵਿਗਿਆਨਕ ਢੰਗ ਨਾਲ ਉੱਤਰ

ਦਿੱਤਾ।

ਮਾਰਕਸ ਦੇ ਪੂੰਜੀ ਅਤੇ ਵਾਫ਼ਰ ਕਦਰ ਦੇ ਸਿਧਾਂਤ ਨੇ ਮਜ਼ਦੂਰਾਂ ਦੀ ਪੂੰਜੀਵਾਦੀ ਲੁੱਟ ਦੇ ਰਹੱਸ ਨੂੰ ਨੰਗਾ ਕਿਵੇਂ ਕੀਤਾ ? ਇਹ ਸਮਝਣ ਲਈ ਅਸੀਂ ਉਸ ਵਿਸ਼ੇਸ਼ ਜਿਣਸ ਕਿਰਤ-ਸ਼ਕਤੀ ਤੋਂ ਸੁਰੂ ਕਰਾਂਗੇ।

ਕਿਰਤ ਸ਼ਕਤੀ ਦਾ ਭਾਵ ਹੈ ਮਨੁੱਖੀ ਮਿਹਨਤ, ਇੱਕ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਯਤਨਾਂ ਦਾ ਜੋੜ। ਕਿਸੇ ਵੀ ਸਮਾਜ 'ਚ ਕਿਰਤ ਸ਼ਕਤੀ ਪੈਦਾਵਾਰ ਦਾ ਮੁੱਖ ਸਾਧਨ ਹੁੰਦੀ ਹੈ। ਪਰ ਸਿਰਫ ਸਰਮਾਏਦਾਰੀ ਸਮਾਜ 'ਚ ਕਿਰਤ ਸ਼ਕਤੀ ਇੱਕ ਜਿਣਸ ਹੁੰਦੀ ਹੈ। ਕਿਰਤ ਸ਼ਕਤੀ ਦੋ ਹਾਲਤਾਂ 'ਚ ਜਿਣਸ ਬਣਦੀ ਹੈ। ਪਹਿਲੀ ਇਹ ਕਿ ਕਿਰਤ ਕਰਨ ਵਾਲਾ ਇੱਕ "ਅਜ਼ਾਦ ਮਨੁੱਖ" ਹੈ। ਉਹ ਆਪਣੀ ਕਿਰਤ ਸ਼ਕਤੀ ਨੂੰ ਜਿਣਸ ਦੇ ਰੂਪ 'ਚ ਵੇਚਣ ਲਈ ਅਜ਼ਾਦ ਹੈ। ਦੂਜੀ, ਕਿਰਤ ਕਰਨ ਵਾਲੇ ਕੋਲ ਆਪਣੀ ਕਿਰਤ ਤੋਂ ਬਿਨਾਂ ਵੇਚਣ ਲਈ ਹੋਰ ਕੁੱਝ ਵੀ ਨਹੀਂ ਹੈ। ਉਸ ਕੋਲ ਪੈਦਾਵਾਰ ਜਾਂ ਰੁਜ਼ਗਾਰ ਦੇ ਕੋਈ ਸਾਧਨ ਨਹੀਂ ਹਨ ਅਤੇ ਉਸ ਨੂੰ ਜਿਉਂਦੇ ਰਹਿਣ ਲਈ ਆਪਣੀ ਕਿਰਤ ਸ਼ਕਤੀ ਵੇਚਣੀ ਜ਼ਰੂਰੀ ਹੈ। ਇਹ ਦੋ ਹਾਲਤਾਂ ਉਦੋਂ ਪੈਦਾ ਹੋਈਆਂ ਜਦੋਂ ਜਗੀਰੂ ਸਮਾਜ ਦਾ ਪਤਨ ਹੋਇਆ ਅਤੇ ਛੋਟੇ ਜਿਣਸ ਉਤਪਾਦਕਾਂ ਅਤੇ ਮੁਢਲੇ ਇਕੱਤਰੀਕਰਨ ਵਿਚਕਾਰ ਧਰੁਵੀਕਰਨ ਸ਼ੁਰੂ ਹੋਇਆ। ਸਰਮਾਏਦਾਰਾਂ ਵਲੋਂ ਮਜ਼ਦੂਰਾਂ ਨੂੰ ਕੰਮ 'ਤੇ ਰੱਖਣਾ ਉਹਨਾਂ ਦੀ ਕਿਰਤ ਸ਼ਕਤੀ ਨੂੰ ਖਰੀਦਕੇ ਉਹਨਾਂ ਨੂੰ ਭਾੜੇ ਦੇ ਗੁਲਾਮ ਬਣਾਉਣਾ ਹੀ ਹੈ।

ਜਦੋਂ ਕਿਰਤ ਸ਼ਕਤੀ ਜਿਣਸ ਬਣ ਜਾਂਦੀ ਹੈ ਤਾਂ ਦੂਸਰੀਆਂ ਜਿਣਸਾਂ ਵਾਂਗ ਉਸਦੀ ਵੀ ਕਦਰ ਅਤੇ ਵਰਤੋਂ ਕਦਰ ਹੁੰਦੀ ਹੈ। ਕਿਰਤ ਸ਼ਕਤੀ ਦੀ ਕਦਰ, ਦੂਸਰੀਆਂ ਜਿਣਸਾਂ ਵਾਂਗ ਇਸ ਦੀ ਪੈਦਾਵਾਰ ਅਤੇ ਮੁੜ-ਪੈਦਾਵਾਰ 'ਚ ਲੱਗਣ ਵਾਲੀ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਦੇ ਅਨੁਪਾਤ ਤੋਂ ਤੈਅ ਹੁੰਦੀ ਹੈ। ਜੇ ਪੂੰਜੀਪਤੀ ਚਾਹੁੰਦਾ ਹੈ ਕਿ ਮਜ਼ਦੂਰ ਉਸ ਲਈ ਕੰਮ ਕਰਦਾ ਰਹੇ। ਤਾਂ ਉਸਨੂੰ ਉਸਦੀ ਕਿਰਤ ਕਰਨ ਦੀ ਸਮਰੱਥਾ ਨੂੰ ਕਾਇਮ ਰੱਖਣਾ ਹੁੰਦਾ ਹੈ। ਮਜ਼ਦੂਰ ਦੀ ਕਿਰਤ ਕਰਨ ਦੀ ਸਮਰੱਥਾ ਨੂੰ ਕਾਇਮ ਰੱਖਣ ਲਈ ਉਸਨੂੰ ਰੋਟੀ, ਕੱਪੜਾ ਰਹਿਣ ਲਈ ਥਾਂ ਅਤੇ ਗੁਜਾਰੇ ਦੇ ਸਾਧਨ ਮੁਹੱਈਆ ਕਰਵਾਉਣੇ ਜਰੂਰੀ ਹੁੰਦੇ ਹਨ। ਇਸ ਲਈ, ਕਿਰਤ ਸ਼ਕਤੀ ਦੀ ਕਦਰ 'ਚ ਸਭ ਤੋਂ ਪਹਿਲਾਂ ਉਸਦੇ ਗੁਜਾਰੇ ਦੇ ਸਾਧਨਾਂ ਦੀ ਕਦਰ ਸ਼ਾਮਿਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮਜ਼ਦੂਰ ਬੁੱਢੇ ਹੁੰਦੇ ਹਨ ਅਤੇ ਉਹਨਾਂ ਦੀ ਮੌਤ ਹੋ ਜਾਂਦੀ ਹੈ। ਪੂੰਜੀਵਾਦੀ ਲੋਟੂ ਪ੍ਰਬੰਧ ਨੂੰ ਕਾਇਮ ਰੱਖਣ ਲਈ ਪੂੰਜੀਪਤੀਆਂ ਨੂੰ ਉਹਨਾਂ ਦੀ ਥਾਂ 'ਤੇ ਨਵੇਂ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਇਸ ਲਈ ਕਿਰਤ ਸ਼ਕਤੀ ਦੀ ਕਦਰ 'ਚ ਮਜਦੂਰ ਦੁਆਰਾ ਆਪਣੇ ਬੱਚਿਆਂ ਅਤੇ ਹੋਰ ਆਸ਼ਰਿਤਾਂ ਨੂੰ ਪਾਲਣ ਲਈ ਲੋੜੀਂਦੇ ਗੁਜਾਰੇ ਲਈ ਜ਼ਰੂਰੀ ਸਾਧਨਾਂ ਦੀ ਕਦਰ ਵੀ ਸ਼ਾਮਿਲ ਹੋਣੀ ਚਾਹੀਦੀ ਹੈ। ਮਜ਼ਦੂਰ ਦੀ ਹੋਰ ਚੰਗੀ ਤਰ੍ਹਾਂ ਲੁੱਟ ਕਰਨ ਲਈ ਪੂੰਜੀਪਤੀ ਚਾਹੁੰਦਾ ਹੈ ਕਿ ਉਹ ਸਧਾਰਨ ਸਿੱਖਿਆ ਅਤੇ ਸਿਖਲਾਈ ਨਾਲ ਕੁੱਝ ਮੁਹਾਰਤ ਹਾਸਲ ਕਰੇ। ਇਸ ਤਰਾਂ ਕਿਰਤ ਸ਼ਕਤੀ ਦੀ ਕਦਰ 'ਚ ਸਿੱਖਿਆ ਅਤੇ ਸਿਖਲਾਈ ਦਾ ਖਰਚ ਵੀ ਸ਼ਾਮਿਲ ਹੋਣਾ ਚਾਹੀਦਾ ਹੈ। ਪਰ ਇਹ ਮਦ ਤਾਂ ਬਹੁਤ ਛੋਟੀ ਹੁੰਦੀ ਹੈ। ਆਮ

ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਕਿਰਤ ਸ਼ਕਤੀ ਦੀ ਪੈਦਾਵਾਰ ਲਈ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਉਪਰੋਕਤ ਗੁਜਾਰੇ ਦੇ ਸਾਧਨਾਂ ਦੀ ਪੈਦਾਵਾਰ ਲਈ ਸਮਾਜਿਕ ਰੂਪ 'ਚ ਲੋੜੀਂਦੀ ਕਿਰਤ ਹੁੰਦੀ ਹੈ। ਦੂਜੇ ਸ਼ਬਦਾਂ 'ਚ ਕਿਰਤ ਸ਼ਕਤੀ ਦੀ ਕਦਰ ਮਜਦੂਰ ਨੂੰ ਜਿਉਂਦੇ ਰੱਖਣ ਅਤੇ ਉਸਦੇ ਬੱਚਿਆਂ ਦੇ ਵੱਡੇ ਹੋਣ ਲਈ ਲੋੜੀਂਦੇ ਗੁਜਾਰੇ ਲਈ ਜ਼ਰੂਰੀ ਸਾਧਨਾਂ ਦੀ ਕਦਰ ਹੁੰਦੀ ਹੈ।

ਜਿਥੋਂ ਤੱਕ ਕਿਰਤ ਸ਼ਕਤੀ ਦੀ ਵਰਤੋਂ ਕਦਰ ਦੀ ਗੱਲ ਹੈ, ਇਹ ਦੂਸਰੀਆਂ ਜਿਣਸਾਂ ਦੀ ਵਰਤੋਂ ਕਦਰ ਨਾਲੋਂ ਵੱਖ ਹੁੰਦੀ ਹੈ ਕਿਰਤ ਸ਼ਕਤੀ ਤਾਂ ਇੱਕ ਵਿਸ਼ੇਸ਼ ਜਿਣਸ ਹੈ। ਇਸ ਦੀ ਵਰਤੋਂ ਕਦਰ 'ਚ ਇੱਕ ਖਾਸ ਵਿਸ਼ੇਸ਼ਤਾ ਸਮੋਈ ਹੁੰਦੀ ਹੈ। ਅਨਾਜ ਜਾਂ ਕੱਪੜੇ ਜਿਹੀਆਂ ਹੋਰ ਜਿਣਸਾਂ ਦੀ ਵਰਤੋਂ ਕਦਰ ਦੀ ਵਰਤੋਂ ਕਰਨ ਨਾਲ ਕੋਈ ਨਵੀਂ ਵਰਤੋਂ ਕਦਰ ਸਿਰਜਿਤ ਨਹੀਂ ਹੁੰਦੀ, ਪਰ ਇਸ ਵਿਸ਼ੇਸ਼ ਜਿਣਸ, ਕਿਰਤ ਸ਼ਕਤੀ ਭਾਵ ਮਜਦੂਰ ਦੇ ਕੰਮ ਦੀ ਵਰਤੋਂ, ਕਦਰ ਪੈਦਾ ਕਰ ਸਕਦੀ ਹੈ, ਇਸ ਤੋਂ ਵੀ ਵੱਧ, ਐਨੀ ਕਦਰ ਪੈਦਾ ਕਰ ਸਕਦੀ ਹੈ ਜੋ ਖੁਦ ਕਿਰਤ ਸ਼ਕਤੀ ਦੀ ਕਦਰ ਤੋਂ ਵੀ ਵੱਧ ਹੋਵੇ। *''ਜਦੋਂ ਸਰਮਾਏਦਾਰ ਕਿਰਤ ਸ਼ਕਤੀ ਨੂੰ ਖਰੀਦਦਾ ਹੈ ਤਾਂ ਉਸਦੀ ਦਿਲਚਸਪੀ ਇਸ ਵਧੀ ਹੋਈ ਕਦਰ 'ਚ ਹੀ ਹੁੰਦੀ ਹੈ''*।(1) ਕਿਰਤ ਸ਼ਕਤੀ ਦੀ ਕਦਰ ਅਤੇ ਉਸ ਦੁਆਰਾ ਸਿਰਜਿਤ ਕਦਰ ਦੇ ਫਰਕ ਨੂੰ ਵਾਫ਼ਰ ਕਦਰ ਕਿਹਾ ਜਾਂਦਾ ਹੈ।

ਪੂੰਜੀਪਤੀ ਵਲੋਂ ਹੜੱਪੀ ਜਾਣ ਵਾਲੀ ਵਾਫ਼ਰ ਕਦਰ ਮਜ਼ਦੂਰਾਂ ਦੀ ਲੁੱਟ 'ਚੋਂ ਨਿਕਲਦੀ ਹੈ

ਇਹ ਵਾਫ਼ਰ ਕਦਰ ਕਿਵੇਂ ਪੈਦਾ ਹੁੰਦੀ ਹੈ ? ਆਓ ਅਸੀਂ ਵਾਫ਼ਰ ਕਦਰ ਦੀ ਸਿਰਜਣ ਪ੍ਰਕ੍ਰਿਆ ਦਾ ਠੋਸ ਵਿਸ਼ਲੇਸ਼ਣ ਕਰੀਏ। ਪੂੰਜੀਪਤੀ ਕਿਰਤ ਸ਼ਕਤੀ ਨੂੰ ਖਰੀਦਣ ਤੋਂ ਬਾਅਦ ਮਜ਼ਦੂਰ ਨੂੰ ਆਪਣੇ ਕਾਰਖਾਨਿਆਂ 'ਚ ਜਿਣਸਾਂ ਦੀ ਪੈਦਾਵਾਰ ਲਈ ਮਜ਼ਬੂਰ ਕਰਦਾ ਹੈ। ਸਰਮਾਏਦਾਰਾਨਾ ਪੈਦਾਵਾਰੀ ਪ੍ਰਕ੍ਰਿਆ ਦੇ ਦੋ ਪਹਿਲੂ ਹਨ। ਇਹ ਇੱਕ ਕਿਰਤ ਪ੍ਰਕ੍ਰਿਆ ਹੁੰਦੀ ਹੈ। ਪਰ ਨਾਲ ਦੀ ਨਾਲ ਇਹ ਕਦਰ 'ਚ ਵਾਧੇ ਦੀ ਪ੍ਰਕਿਰਿਆ ਵੀ ਹੁੰਦੀ ਹੈ।

ਕਿਰਤ ਪ੍ਰਕ੍ਰਿਆ ਇੱਕ ਅਜਿਹੀ ਉਦੇਸ਼ ਭਰਭੂਰ ਪ੍ਰਕ੍ਰਿਆ ਹੁੰਦੀ ਹੈ ਜਿਸ ਦੁਆਰਾ ਲੋਕ ਨਿਸਚਿਤ ਕਿਰਤ ਦੀ ਵਰਤੋਂ ਨਾਲ ਕਿਸੇ ਚੀਜ਼ ਨੂੰ ਮਨੁੱਖੀ ਲੋੜਾਂ ਦੇ ਅਨੁਕੂਲ ਬਣਾਉਂਦੇ ਹਨ। ਪੂੰਜੀਵਾਦ ਕਿਰਤ ਪ੍ਰਕ੍ਰਿਆ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਪੈਦਾਵਾਰ ਦੇ ਸਾਧਨਾਂ 'ਤੇ ਪੂੰਜੀਪਤੀ ਦਾ ਕਬਜਾ ਹੁੰਦਾ ਹੈ। ਮਜ਼ਦੂਰ ਸਰਮਾਏਦਾਰ ਦੇ ਹੁਕਮ 'ਤੇ ਲੱਕ ਤੋੜ ਮਿਹਨਤ ਕਰਦਾ ਹੈ ਜਦੋਂ ਕਿ ਉਸਦੀ ਕਿਰਤ ਨਾਲ ਹੋਈ ਪੈਦਾਵਾਰ 'ਤੇ ਸਰਮਾਏਦਾਰ ਦਾ ਹੱਕ ਹੁੰਦਾ ਹੈ। ਪੂੰਜੀਵਾਦੀ ਕਿਰਤ ਪ੍ਰਕ੍ਰਿਆ ਦਾ ਸਿੱਟਾ ਕੁੱਝ ਨਿਸਚਿਤ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਯੋਗ ਵਰਤੋਂ ਕਦਰ ਦੀ ਸਿਰਜਣਾ ਕਰਨਾ ਹੁੰਦਾ ਹੈ। ਪਰ ਸਰਮਾਏਦਾਰੀ ਕਿਰਤ ਪ੍ਰਕ੍ਰਿਆ ਦਾ ਉਦੇਸ਼ ਇਹ ਨਹੀਂ ਹੁੰਦਾ। ਪੂੰਜੀਪਤੀ ਮਜ਼ਦੂਰ ਨੂੰ ਕੋਈ ਵਰਤੋਂ ਕਦਰ ਇਸ ਲਈ ਪੈਦਾ ਕਰਨ

ਦਿੰਦਾ ਹੈ ਕਿਉਂਕਿ ਵਰਤੋਂ ਕਦਰ ਹੀ ਕਦਰ ਦਾ ਭੌਤਿਕ ਵਾਹਕ ਹੈ। ਜੇ ਉਹ ਕੋਈ ਵਰਤੋਂ ਕਦਰ ਨਹੀਂ ਦੇਵੇਗਾ ਤਾਂ ਉਸਦੀ ਜਿਣਸ ਦੀ ਕੋਈ ਮੰਗ ਨਹੀਂ ਹੋਵੇਗੀ, ਪੈਦਾ ਹੋਈ ਕਦਰ (ਵਾਫਰ ਕਦਰ ਸਮੇਤ) ਉਸ ਨੂੰ ਹਾਸਿਲ ਨਹੀਂ ਹੋਵੇਗੀ।

ਪੂੰਜੀਵਾਦੀ ਪੈਦਾਵਾਰੀ ਪ੍ਰਕ੍ਰਿਆ ਵੀ ਇੱਕ ਕਦਰ ਵਧਾਰੇ ਦੀ ਪ੍ਰਕ੍ਰਿਆ ਹੈ। ਜਦੋਂ ਮਜ਼ਦੂਰ ਵਰਤੋਂ ਕਦਰ ਦੀ ਪੈਦਾਵਾਰ ਕਰਦੇ ਹਨ ਤਾਂ ਉਹ ਆਪਣੀ ਸਰਗਰਮ ਕਿਰਤ ਦੀ ਵਰਤੋਂ ਕਰਕੇ ਨਵੀਂ ਕਦਰ ਦੀ ਸਿਰਜਣਾ ਵੀ ਕਰ ਰਹੇ ਹੁੰਦੇ ਹਨ। ਮਜ਼ਦੂਰ ਜੋ ਨਵੀਂ ਕਦਰ ਪੈਦਾ ਕਰਦੇ ਹਨ ਉਹ ਖੁਦ ਕਿਰਤ ਸ਼ਕਤੀ ਦੀ ਕਦਰ ਨਾਲੋਂ ਵੱਧ ਹੁੰਦੀ ਹੈ। ਇਸ ਨੂੰ ਕਦਰ ਦਾ ਵਧਾਰਾ ਆਖਦੇ ਹਨ। ਇਹ ਕਦਰ ਵਧਾਰਾ ਹੀ ਸਰਮਾਏਦਾਰ ਦਾ ਆਖਰੀ ਉਦੇਸ਼ ਹੁੰਦਾ ਹੈ। ਕਦਰ ਵਧਾਰੇ ਦੀ ਪ੍ਰਕ੍ਰਿਆ ਹੀ ਪੂੰਜੀਵਾਦ ਪੈਦਾਵਾਰੀ ਪ੍ਰਕ੍ਰਿਆ ਦਾ ਅਸਲ ਸਰੋਕਾਰ ਹੁੰਦੀ ਹੈ।

ਸੂਤ ਦੀ ਪੈਦਾਵਾਰ ਦੀ ਮਿਸਾਲ ਲਈਏ। ਪਹਿਲਾਂ ਸਰਮਾਏਦਾਰ ਮਜ਼ਦੂਰ ਦੇ ਬਾਰਾਂ ਘੰਟੇ ਦੇ ਕੰਮ ਦਿਨ ਲਈ ਲੋੜੀਦੀ ਪੈਦਾਵਾਰ ਦੇ ਸਾਧਨ ਖਰੀਦਦਾ ਹੈ। ਮੰਨ ਲਈਏ ਕਿ ਇਹਨਾਂ ਪੈਦਾਵਾਰੀ ਸਾਧਨਾਂ ਦੀ ਕਦਰ ਅਠਤਾਲੀ ਘੰਟਿਆਂ ਦੀ ਕਿਰਤ ਦੇ ਬਰਾਬਰ ਹੈ ਜਿਸਦੀ ਕੀਮਤ 24 ਯੁਆਨ ਹੈ। ਉਹ ਇੱਕ ਮਜ਼ਦੂਰ ਤੋਂ ਇੱਕ ਦਿਨ ਦੀ ਕਿਰਤ ਸ਼ਕਤੀ ਖਰੀਦਦਾ ਹੈ।ਮੰਨ ਲਈਏ ਕਿ ਇੱਕ ਦਿਨ ਦੀ ਕਿਰਤ ਸ਼ਕਤੀ ਦੀ ਕਦਰ 6 ਘੰਟੇ ਦੀ ਕਿਰਤ ਦੇ ਬਰਾਬਰ ਹੈ ਜਿਸਦੀ ਕੀਮਤ ਤਿੰਨ ਯੁਆਨ ਹੈ। ਫ਼ਿਰ ਮਜ਼ਦੂਰ ਨੂੰ ਸੂਤ ਕੱਤਣ ਲਾਇਆ ਜਾਂਦਾ ਹੈ। ਕਿਉਂਕਿ ਸਰਮਾਏਦਾਰ ਨੇ ਇੱਕ ਦਿਨ ਦੀ ਕਿਰਤ ਸ਼ਕਤੀ ਖਰੀਦੀ ਹੈ ਇਸ ਲਈ ਉਹ ਮਜ਼ਦੂਰ ਨੂੰ ਸਿਰਫ 6 ਘੰਟੇ ਕੰਮ ਕਰਨ ਲਈ ਨਹੀਂ ਕਹੇਗਾ। ਮੰਨ ਲਈਏ ਕਿ ਮਜ਼ਦੂਰ ਪ੍ਰਤੀਦਿਨ 12 ਘੰਟੇ ਮੁਸ਼ੱਕਤ ਕਰਦਾ ਹੈ। ਇਸ ਤਰ੍ਹਾਂ, ਪੈਦਾ ਕੀਤੇ ਸੂਤ ਦੀ ਕਦਰ 60 ਘੰਟੇ ਦੀ ਕਿਰਤ ਦੇ ਬਰਾਬਰ ਹੋਈ ਜਿਸਦੀ ਕੀਮਤ 30 ਯੁਆਨ ਹੈ। ਇਹਨਾਂ 'ਚੋਂ 24 ਯੁਆਨ ਪੈਦਾਵਾਰ ਦੇ ਸਾਧਨਾਂ ਤੋਂ ਵੱਟ ਕੇ ਆਏ ਹਨ ਅਤੇ 6 ਯੁਆਨ ਮਜ਼ਦੂਰਾਂ ਵੱਲੋਂ ਬਾਰਾਂ ਘੰਟੇ ਦੀ ਕਿਰਤ ਦੁਆਰਾ ਸਿਰਜਿਤ ਨਵੀਂ ਕਦਰ ਹੈ। ਇਸ ਕਿਰਤ ਪ੍ਰਕਿਰਿਆ 'ਚ ਸਰਮਾਏਦਾਰੀ ਨੂੰ 27 ਯੁਆਨ ਮਿਲਦੇ ਹਨ ਜਿਸ ਵਿੱਚੋਂ 24 ਯੁਆਨ ਪੈਦਾਵਾਰ ਦੇ ਸਾਧਨ ਖਰੀਦਣ ਅਤੇ ਤਿੰਨ ਯੁਆਨ ਮਜ਼ਦੂਰੀ ਦੇਣ ਲਈ ਖਰਚੇ ਜਾਂਦੇ ਹਨ। ਬਾਕੀ 3 ਯੁਆਨ ਬਚਦੇ ਹਨ। ਇਹ ਵਧੀ ਹੋਈ ਕਦਰ ਹੈ ਜੋ ਮਜ਼ਦੂਰ ਵੱਲੋਂ ਸਿਰਜੀ ਪਰ ਪੂੰਜੀਪਤੀ ਵੱਲੋਂ ਹੜੱਪ ਲਈ ਗਈ ਹੈ ਕਦਰ ਵਧਾਰੇ ਦੀ ਇਹ ਪ੍ਰਕਿਰਿਆ ਹੀ ਵਾਫ਼ਰ ਕਦਰ ਉਪਜਾਉਣ ਦੀ ਪ੍ਰਕਿਰਿਆ ਹੈ।

ਉਪਰੋਕਤ ਪ੍ਰਸੰਗ 'ਚ ਜੋ ਕੁੱਝ ਵੀ ਹੋਇਆ ਉਹ ਵਟਾਂਦਰੇ 'ਚ ਸਮਰੂਪਤਾ ਦੇ ਸਿਧਾਂਤ ਦੇ ਅਨੁਸਾਰ ਹੀ ਹੋਇਆ ਹੈ। ਕਦਰ ਵਿੱਚ ਵਾਧਾ ਹੁੰਦਾ ਹੈ ਅਤੇ ਵਾਫ਼ਰ ਕਦਰ ਪੈਦਾ ਹੁੰਦੀ ਹੈ। ਇਸ ਪ੍ਰਕਿਰਿਆ ਦੀ ਕੁੰਜੀ ਇਹ ਹੈ ਕਿ ਪੂੰਜੀਪਤੀ ਆਪਣੇ ਵੱਲੋਂ ਖਰੀਦੀ ਕਿਰਤ ਸ਼ਕਤੀ ਨੂੰ ਵਰਤਣ ਦਾ ਹੱਕ ਹਾਸਲ ਕਰ ਲੈਂਦਾ ਹੈ। *"ਵੇਚਣ ਵਾਲੇ ਦਾ ਕਿਰਤ ਸ਼ਕਤੀ ਭਾਵ ਕਿਰਤ ਦੀ ਵਰਤੋਂ ਕਦਰ 'ਤੇ ਉਨਾ ਹੀ ਹੱਕ ਹੁੰਦਾ ਹੈ ਜਿੰਨਾ ਕਿ ਵਿਕ ਚੁੱਕੇ ਤੇਲ ਦੀ ਵਰਤੋਂ ਕਦਰ 'ਤੇ ਤੇਲ ਵਿਕਰੇਤਾ ਦਾ ਹੁੰਦਾ ਹੈ। ਧਨ ਮਾਲਕ ਨੇ ਕਿਰਤ ਸ਼ਕਤੀ ਦੀ ਇੱਕ ਦਿਹਾੜੀ*

ਦੀ ਕਦਰ ਅਦਾ ਕਰ ਦਿੱਤੀ ਹੈ। ਸਿੱਟੇ ਵਜੋਂ ਪੂਰੇ ਦਿਨ ਦੌਰਾਨ ਉਸਦੀ ਵਰਤੋਂ, ਪੂਰੇ ਦਿਨ ਦੀ ਕਿਰਤ 'ਤੇ ਉਸਦਾ ਅਧਿਕਾਰ ਹੈ। ਕਿਰਤ ਸ਼ਕਤੀ ਨੂੰ ਕਾਇਮ ਰੱਖਣ ਲਈ ਰੋਜਾਨਾਂ ਲੋੜਾਂ 'ਤੇ ਖਰਚ ਅੱਧੇ ਦਿਨ ਦੇ ਕੰਮ ਦੇ ਬਰਾਬਰ ਹੁੰਦਾ ਹੈ। ਪਰ ਇਹ ਕਿਰਤ ਸ਼ਕਤੀ ਪੂਰਾ ਦਿਨ ਕੰਮ 'ਚ ਲੱਗੀ ਰਹਿ ਸਕਦੀ ਹੈ। ਸਿੱਟੇ ਵਜੋਂ, ਇੱਕ ਦਿਨ ਕਿਰਤ ਸ਼ਕਤੀ ਦੇ ਕੰਮ 'ਚ ਲੱਗੇ ਰਹਿਣ ਨਾਲ ਸਿਰਜਿਤ ਕਦਰ ਇਸਦੀ ਆਪਣੀ ਇੱਕ ਦਿਨ ਦੀ ਦਿਹਾੜੀ ਦੀ ਕਦਰ ਤੋਂ ਦੁੱਗਣੀ ਹੁੰਦੀ ਹੈ।"[(2)] ਪੂੰਜੀਪਤੀ ਵੱਡੇ ਵੱਡੇ ਕਾਰਖਾਨੇ ਖੜ੍ਹੇ ਕਰਨ ਅਤੇ ਵੱਖ-ਵੱਖ ਜਾਇਦਾਦ ਇੱਕਠੀ ਕਰਨ 'ਚ ਸਮਰੱਥ ਇਸ ਲਈ ਹੁੰਦੇ ਹਨ ਕਿਉਂਕਿ ਕਿਰਤ ਦੁਆਰਾ ਸਿਰਜਿਤ ਕਦਰ ਕਿਰਤ ਸ਼ਕਤੀ ਦੀ ਕਦਰ ਤੋਂ ਕਈ ਗੁਣਾ ਵੱਧ ਹੁੰਦੀ ਹੈ ਅਤੇ ਇਹ ਫ਼ਰਕ ਪੂੰਜੀਪਤੀ ਵੱਲੋਂ ਹੜੱਪ ਲਿਆ ਜਾਂਦਾ ਹੈ।

ਵਾਫ਼ਰ ਕਦਰ ਦੀ ਪੈਦਾਵਾਰ ਦੀ ਪ੍ਰਕ੍ਰਿਆ ਦੇ ਵਿਸ਼ਲੇਸ਼ਣ ਤੋਂ ਇਹ ਸਾਫ ਦਿਖਾਈ ਦਿੰਦਾ ਹੈ ਕਿ ਵਾਫ਼ਰ ਕਦਰ ਮਜ਼ਦੂਰਾਂ ਦੁਆਰਾ ਪੈਦਾਵਾਰ ਦੇ ਖੇਤਰ 'ਚ ਸਿਰਜੀ ਜਾਂਦੀ ਹੈ। ਪਰ ਮਜ਼ਦੂਰਾਂ ਦੀ ਲੁੱਟ 'ਤੇ ਪਰਦਾ ਪਾਉਣ ਲਈ ਪੂੰਜੀਪਤੀ ਅਤੇ ਉਹਨਾਂ ਦੇ ਦਲਾਲ ਇਸ ਗੱਲ 'ਤੇ ਜੋਰ ਦਿੰਦੇ ਹਨ ਸਰਮਾਏਦਾਰ ਦੁਆਰਾ ਹਾਸਿਲ ਕੀਤੀ ਗਈ ਨਵੀਂ ਕਦਰ ਪਰਿਚਲਣ ਦੇ ਖੇਤਰ 'ਚੋਂ ਆਉਂਦੀ ਹੈ। ਸਾਨੂੰ ਅਜਿਹੇ ਝੂਠਾਂ ਦਾ ਪੂਰੀ ਤਰ੍ਹਾਂ ਪਰਦਾਫ਼ਾਸ਼ ਕਰਨਾ ਚਾਹੀਦਾ ਹੈ। ਵਾਫ਼ਰ ਕਦਰ ਨੂੰ ਇਹ ਕਹਿ ਕੇ ਸਪੱਸ਼ਟ ਨਹੀਂ ਕੀਤਾ ਜਾ ਸਕਦਾ ਕਿ ਖਰੀਦਦਾਰ ਜਿਣਸਾਂ ਨੂੰ ਉਹਨਾਂ ਦੀ ਕਦਰ ਤੋਂ ਘੱਟ 'ਚ ਖਰੀਦਦਾ ਹੈ ਜਾਂ ਵਿਕਰੇਤਾ ਜਿਣਸਾਂ ਨੂੰ ਉਹਨਾਂ ਦੀ ਕਦਰ ਤੋਂ ਵੱਧ 'ਤੇ ਵੇਚਦਾ ਹੈ, ਕਿਉਂਕਿ ਜੇ ਗਾਹਕ ਅਤੇ ਵਿਕਰੇਤਾ ਦੀਆਂ ਭੂਮਿਕਾਵਾਂ ਆਪਸ 'ਚ ਬਦਲ ਦਿੱਤੀਆਂ ਜਾਣ ਤਾਂ ਕਾਰੋਬਾਰ 'ਚ ਹੋਣ ਵਾਲਾ ਘਾਟਾ ਜਾਂ ਨਫਾ ਬਰਾਬਰ ਹੋ ਜਾਵੇਗਾ ਵਾਫਰ ਕਦਰ ਨੂੰ ਧੋਖੇ ਦੇ ਰੂਪ 'ਚ ਵੀ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਧੋਖੇਬਾਜੀ ਇੱਕ ਪੱਖ ਦੇ ਨੁਕਸਾਨ 'ਤੇ ਦੂਜੇ ਨੂੰ ਫਾਇਦਾ ਤਾਂ ਪਹੁੰਚਾ ਸਕਦੀ ਹੈ ਪਰ ਇਹ ਦੋਵੇ ਪੱਖਾਂ ਦੀ ਕੁੱਲ ਜਾਇਦਾਦ 'ਚ ਵਾਧਾ ਨਹੀਂ ਕਰ ਸਕਦੀ। *"ਕਿਸੇ ਦੇਸ਼ ਦੀ ਪੂਰੀ ਸਰਮਾਏਦਾਰ ਜਮਾਤ ਇੱਕ-ਦੂਜੇ ਨੂੰ ਧੋਖਾ ਦਿੰਦੇ ਹੋਏ ਅਮੀਰ ਨਹੀਂ ਹੋ ਸਕਦੀ"*।[(3)] ਜੇ ਵਾਫ਼ਰ ਕਦਰ ਅਤੇ ਪ੍ਰੇਸਰ ਦੇ ਖੇਤਰ 'ਚ ਕੋਈ ਸਬੰਧ ਹੈ ਤਾਂ ਉਹ ਸਿਰਫ਼ ਇੰਨਾ ਹੀ ਹੈ ਕਿ ਸਰਮਾਏਦਾਰ ਕਿਰਤ ਨੂੰ ਖਰੀਦਣ ਲਈ ਅਤੇ ਜਿਣਸ ਨੂੰ ਵੇਚਣ ਲਈ ਆਪਣੇ ਆਪ ਨੂੰ ਪ੍ਰਸਾਰ ਦੇ ਖੇਤਰ ਤੋਂ ਵੱਖ ਨਹੀਂ ਕਰ ਸਕਦਾ। ਪਰਿਚਲਣ ਦੇ ਖੇਤਰ 'ਚ ਪੂੰਜੀਪਤੀ ਕਿਰਤ ਸ਼ਕਤੀ ਨੂੰ ਖਰੀਦਦਾ ਹੈ ਜੋ ਵਾਫਰ ਕਦਰ ਦੀ ਪੈਦਾਵਾਰ ਦੀਆਂ ਹਾਲਤਾਂ ਤਿਆਰ ਕਰਦੀ ਹੈ ਅਤੇ ਪੂੰਜੀਪਤੀ ਆਪਣੀਆਂ ਜਿਣਸਾਂ ਵੇਚ ਕੇ ਇਹ ਹਾਸਲ ਕਰਦਾ ਹੈ। ਕਿਵੇਂ ਵੀ ਵਾਫ਼ਰ ਕਦਰ ਸਿਰਫ ਪੈਦਾਵਾਰੀ ਖੇਤਰ 'ਚ ਹੀ ਸਿਰਜਿਤ ਹੋ ਸਕਦੀ ਹੈ, ਪ੍ਰਸਾਰ (ਵਟਾਂਦਰੇ) ਦੇ ਖੇਤਰ 'ਚ ਨਹੀਂ। ਵਾਫ਼ਰ ਕਦਰ ਸਿਰਫ਼ ਪੈਦਾਵਾਰੀ ਪ੍ਰਕ੍ਰਿਆ 'ਚ ਸਰਮਾਏਦਾਰ ਦੁਆਰਾ ਮਜ਼ਦੂਰ ਦੀ ਲੁੱਟ ਰਾਹੀਂ ਹੀ ਪੈਦਾ ਹੋ ਸਕਦੀ ਹੈ।

ਇੱਕ ਵਾਰ ਪੂੰਜੀਵਾਦੀ ਲੁੱਟ ਦੇ ਰਹੱਸ ਨੂੰ ਸਮਝ ਲੈਣ ਤੋਂ ਬਾਅਦ ਸਰਮਾਏ ਦੇ ਚਰਿੱਤਰ ਅਤੇ ਪੂੰਜੀਵਾਦੀ ਪ੍ਰਬੰਧ ਅਧੀਨ ਬੁਨਿਆਦੀ ਆਰਥਿਕ ਨਿਯਮ ਨੂੰ ਸਮਝਿਆ ਜਾ

ਸਕਦਾ ਹੈ। ਸਰਮਾਇਆ ਇੱਕ ਅਜਿਹੀ ਕਦਰ ਹੈ ਜੋ ਵਾਫ਼ਰ ਕਦਰ ਪੈਦਾ ਕਰਨ ਦੀਆਂ ਹਾਲਤਾਂ ਤਿਆਰ ਕਰ ਸਕਦੀ ਹੈ, ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਅਜਿਹੀ ਕਦਰ ਹੁੰਦੀ ਹੈ ਜਿਸ ਵਿੱਚ ਸੁਭਾਵਿਕ ਕਦਰ ਵਧਾਰੇ ਦੀ ਸਮਰੱਥਾ ਹੁੰਦੀ ਹੈ। ਪੂੰਜੀ ਕੋਈ ਸਰਲ ਚੀਜ਼ ਨਹੀਂ ਹੈ। ਇਹ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਭਾਵ ਉਹਨਾਂ ਜਮਾਤੀ ਸਬੰਧਾਂ ਨੂੰ ਪ੍ਰਗਟ ਕਰਦੀ ਹੈ ਜਿਸਦੇ ਅਧੀਨ ਸਰਮਾਏਦਾਰ ਮਜ਼ਦੂਰਾਂ ਦੀ ਲੁੱਟ ਕਰਦੇ ਹਨ।

ਪੂੰਜੀ ਦੁਆਰਾ ਪ੍ਰਗਟ ਇਹ ਸਬੰਧ ਪੂੰਜੀਵਾਦੀ ਵਿਕਾਸ ਦਾ ਇੱਕ ਸਿੱਟਾ ਹੈ। ਪੈਦਾਵਾਰ ਦੇ ਸਾਧਨਾਂ ਅਤੇ ਮੁਦਰਾ ਦੀ ਹੋਂਦ ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਦੇ ਜਨਮ ਤੋਂ ਪਹਿਲਾਂ ਸੀ। ਪਰ ਸਿਰਫ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਅਧੀਨ, ਜਿੱਥੇ ਸਰਮਾਏ 'ਤੇ ਸਰਮਾਏਦਾਰ ਦੀ ਮਾਲਕੀ ਹੁੰਦੀ ਹੈ ਅਤੇ ਇਸ ਦੀ ਵਰਤੋਂ ਮਜਦੂਰ ਦੀ ਵਾਫ਼ਰ ਕਦਰ ਦੀ ਲੁੱਟ ਲਈ ਹੁੰਦੀ ਹੈ, ਹੀ ਇਹ (ਪੈਦਾਵਾਰੀ ਸਾਧਨ ਅਤੇ ਮੁਦਰਾ) ਪੂੰਜੀ ਬਣ ਜਾਂਦੇ ਹਨ। ਮਾਰਕਸ ਨੇ ਕਿਹਾ ਸੀ, " *ਨੀਗਰੋ ਬੱਸ ਇੱਕ ਨੀਗਰੋ ਹੈ। ਸਿਰਫ ਕੁੱਝ ਵਿਸ਼ੇਸ਼ ਪ੍ਰਸਥਿਤੀਆਂ 'ਚ ਉਹ ਗੁਲਾਮ ਬਣ ਜਾਂਦਾ ਹੈ। ਕਤਾਈ ਮਸ਼ੀਨ ਸੂਤ ਕੱਤਣ ਵਾਲੀ ਮਸ਼ੀਨ ਹੁੰਦੀ ਹੈ। ਸਿਰਫ ਕੁੱਝ ਹਾਲਤਾਂ ਵਿੱਚ ਉਹ ਸਰਮਾਇਆ ਬਣ ਜਾਂਦੀ ਹੈ।"*[(4)] ਬੁਰਜੁਆ ਅਰਥਸ਼ਾਸਤਰੀ ਇਸ ਗੱਲ ਤੇ ਜੋਰ ਦਿੰਦੇ ਹਨ ਕਿ ਪੈਦਾਵਾਰ ਦੇ ਸਾਧਨ ਪੂੰਜੀ ਹਨ। ਇਸ ਤਰਕ ਅਨੁਸਾਰ, ਮੁੱਢਕਦੀਮੀ ਮਨੁੱਖ ਵੱਲੋਂ ਵਰਤੇ ਜਾਣ ਵਾਲੇ ਪੱਥਰ ਦੇ ਸੰਦ ਅਤੇ ਲੱਕੜ ਦੀਆਂ ਗੁਰਜਾਂ ਵੀ ਸਰਮਾਇਆ ਸਨ। ਇਹਨਾਂ ਭੁਲੇਖਿਆਂ ਦਾ ਉਦੇਸ਼ ਲੋਕਾਂ ਦਰਮਿਆਨ ਜਮਾਤੀ ਸਬੰਧਾਂ ਨੂੰ ਚੀਜ਼ਾਂ ਵਿਚਕਾਰਲੇ ਸਬੰਧਾਂ ਨਾਲ ਢਕਣਾ ਸੀ, ਸਰਮਾਏਦਾਰੀ ਲੁੱਟ ਦੀ ਪ੍ਰਕ੍ਰਿਤੀ ਨੂੰ ਢਕਣਾ ਸੀ, ਇਸ ਤੱਥ ਨੂੰ ਨਕਾਰਨਾ ਸੀ ਕਿ ਪੂੰਜੀਪਤੀ ਇੱਕ ਇਤਿਹਾਸਕ ਜਮਾਤ ਹੈ ਅਤੇ ਪੂੰਜੀਵਾਦ ਨੂੰ ਅਮਰ ਅਤੇ ਆਦਿ ਕਾਲ ਤੋਂ ਚੱਲੀ ਆ ਰਹੀ ਸਿੱਧ ਕਰਨਾ ਸੀ।

ਮਾਰਕਸ ਨੇ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਦੇ ਆਪਣੇ ਵਿਸ਼ਲੇਸ਼ਣ 'ਚ ਦੱਸਿਆ ਸੀ ਕਿ *"ਵਾਫ਼ਰ ਕਦਰ ਪੈਦਾ ਕਰਨਾ ਅਤੇ ਧਨ ਕਮਾਉਣਾ ਇਸ ਪੈਦਾਵਾਰ ਪ੍ਰਣਾਲੀ ਦਾ ਸਿਖਰਲਾ ਨਿਯਮ ਹੈ"।*[(5)] ਵਾਫ਼ਰ ਕਦਰ ਦਾ ਇਹ ਨਿਯਮ ਪੂੰਜੀਵਾਦ ਦਾ ਬੁਨਿਆਦੀ ਆਰਥਿਕ ਨਿਯਮ ਵੀ ਹੈ। ਇਹ ਪੂੰਜੀਵਾਦ ਦੇ ਬਾਹਰਮੁਖੀ ਉਦੇਸ਼ ਅਤੇ ਪ੍ਰਕਿਰਤੀ ਨੂੰ ਦਰਸਾਉਂਦਾ ਹੈ। ਜੇ ਵਾਫ਼ਰ ਕਦਰ ਦੀ ਪੈਦਾਵਾਰ ਨਾ ਹੋਵੇ ਤਾਂ ਪੂੰਜੀਵਾਦੀ ਪੈਦਾਵਾਰ ਨਹੀਂ ਹੋ ਸਕਦੀ। ਪੂੰਜੀਪਤੀ ਦੀਆਂ ਸਾਰੀਆਂ ਸਰਗਰਮੀਆਂ ਮੁਨਾਫੇ ਲਈ ਮਜ਼ਦੂਰਾਂ ਦਾ ਖ਼ੂਨ ਪਸੀਨਾਂ ਨਿਚੋੜਨ 'ਤੇ ਕੇਂਦਰਿਤ ਹੁੰਦੀਆਂ ਹਨ। ਪੈਸੇ ਲਈ ਪੂੰਜੀਪਤੀ ਦੀ ਹਵਸ਼ ਕਦੇ ਵੀ ਸੰਤੁਸ਼ਟ ਨਹੀਂ ਹੁੰਦੀ ਅਤੇ ਵਾਫ਼ਰ ਕਦਰ ਲਈ ਉਸਦੀ ਪਿਆਸ ਕਦੇ ਨਹੀਂ ਬੁਝਦੀ। ਇਹ ਪੂੰਜੀਪਤੀ ਦਾ ਸੁਭਾਅ ਹੈ। *"ਪੂੰਜੀ ਦਾ ਉਦੇਸ਼ ਲੋੜਾਂ ਪੂਰੀਆਂ ਕਰਨਾ ਨਹੀਂ, ਸਗੋਂ ਮੁਨਾਫਾ ਪੈਦਾ ਕਰਨਾ ਹੈ"।*[(6)] ਪੂੰਜੀ ਅਤੇ ਇਸਦੀ ਕਦਰ 'ਚ ਵਾਧਾ ਪੈਦਾਵਾਰ ਦਾ ਮੁੱਢ ਅਤੇ ਅੰਤ ਹੁੰਦਾ ਹੈ ਅਤੇ ਇਹੀ ਪੈਦਾਵਾਰ ਦਾ ਸਾਧਨ ਅਤੇ ਉਦੇਸ਼ ਹੁੰਦਾ ਹੈ। ਪੂੰਜੀਵਾਦੀ ਉਹ ਦੁਸ਼ਟ ਪ੍ਰਬੰਧ ਹੈ ਜਿਸ ਵਿੱਚ ਮਨੁੱਖ ਮਨੁੱਖ ਦੀ ਲੁੱਟ ਕਰਦਾ ਹੈ। ਪੂੰਜੀਵਾਦੀ ਪ੍ਰਬੰਧ ਨੂੰ ਕਾਇਮ ਰੱਖਣ ਅਤੇ ਪੂਜੀਵਾਦੀ ਲੁੱਟ ਨੂੰ ਲੁਕਾਉਣ ਦੇ ਉਦੇਸ਼ ਨਾਲ ਬੁਰਜੂਆ ਜਮਾਤ ਅਤੇ ਉਸਦੇ ਬੁਲਾਰਿਆਂ ਨੇ ਜਨਤਾ ਨੂੰ

ਧੋਖਾ ਦੇਣ ਲਈ ਹਰ ਕਿਸਮ ਦੇ ਭੁਲੇਖੇ ਘੜੇ। ਉਹਨਾਂ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਦੁੱਖ–ਤਖਲੀਫ਼ਾਂ ਉਹਨਾਂ ਦੇ "ਮੰਦੇ ਭਾਗਾਂ" ਕਾਰਨ ਹਨ ਅਤੇ ਪੂੰਜੀਪਤੀ ਦੀ ਅਮੀਰੀ ਉਸਦੇ ਉੱਦਮ ਸਰਫੇ ਦਾ ਸਿੱਟਾ ਹੈ। ਇਹ ਸਭ ਝੂਠ ਹੈ। ਪੂੰਜੀਪਤੀ ਕਦੇ ਕੰਮ ਨਹੀਂ ਕਰਦਾ ਉਹ ਉੱਦਮੀ ਕਿਵੇਂ ਹੋ ਸਕਦਾ ਹੈ ? ਉਹ ਅੱਯਾਸ਼ੀ ਭਰਭੂਰ ਅਤੇ ਦੁਸ਼ਟਾਂ ਵਾਲੀ ਜਿੰਦਗੀ ਜਿਉਂਦਾ ਹੈ ਉਹ ਸੰਜਮੀ ਕਿਵੇਂ ਹੋ ਸਕਦਾ ਹੈ ? ਪੁਰਾਣੇ ਸਮਾਜ 'ਚ ਇਨਕਲਾਬ ਤੋਂ ਪਹਿਲਾਂ ਦੇ ਸਮਾਜ 'ਚ ਸੀ) ਮਜ਼ਦੂਰਾਂ ਦੇ ਦੁੱਖ ਤਖਲੀਫਾਂ "ਮੰਦੇ ਭਾਗਾਂ" ਕਾਰਨ ਨਹੀਂ ਸਗੋਂ ਇਸ ਕਾਰਨ ਸਨ ਕਿ ਪੈਦਾਵਾਰ ਦਾ ਵੱਡੇ ਹਿੱਸੇ ਪੂੰਜੀਪਤੀਆਂ ਵੱਲੋਂ ਹੜੱਪ ਲਏ ਜਾਂਦੇ ਸਨ। ਸੰਖੇਪ 'ਚ ਮਜ਼ਦੂਰ ਦੀ ਗਰੀਬੀ ਅਤੇ ਪੂੰਜੀਪਤੀ ਦੀ ਧਨ ਦੌਲਤ ਦਾ ਸ੍ਰੋਤ ਇੱਕੋ ਹੀ ਸੀ। ਉਹ ਸੀ ਪੂੰਜੀਪਤੀ ਦੀ ਨਿੱਜੀ ਮਾਲਕੀ 'ਤੇ ਅਧਾਰਿਤ ਪੂੰਜੀਵਾਦੀ ਲੋਟੂ ਪ੍ਰਬੰਧ।

ਉਹ ਨਿਰਦਈ ਸਾਧਨ ਜਿੰਨ੍ਹਾਂ ਦੁਆਰਾ ਪੂੰਜੀਪਤੀ ਮਜ਼ਦੂਰਾਂ ਦੀ ਲੁੱਟ ਤੇ ਜ਼ਬਰ ਕਰਦਾ ਹੇ

ਵਾ.ਫ਼ਰ ਕਦਰ ਦੀ ਦਰ ਪੂੰਜੀਪਤੀ ਵੱਲੋਂ ਮਜ਼ਦੂਰਾਂ ਦੀ ਲੁੱਟ ਦੀ ਤੀਬਰਤਾ ਨੂੰ ਦਰਸਾਉਂਦੀ ਹੈ

ਪੂੰਜੀਪਤੀ ਖੁਦ ਕਪਟੀ ਭੇਸ 'ਚ ਪੂੰਜੀ ਹੈ। ਉਸਦੀ ਆਤਮਾ ਪੂੰਜੀ ਦੀ ਆਤਮਾ ਹੁੰਦੀ ਹੈ। ਪੂੰਜੀਪਤੀ ਇੱਕ ਜੋਕ ਹੁੰਦਾ ਹੈ। ਉਹ ਉਦੋਂ ਤੱਕ ਨਹੀਂ ਟੁੱਟਦੀ ਜਦੋਂ ਤੱਕ ਮਜ਼ਦੂਰ 'ਚ ਨਿਚੋੜਨ ਲਈ ਜ਼ਰਾ ਕੁ ਵੀ ਲਹੂ ਬਾਕੀ ਬਚਿਆ ਹੋਇਆ ਹੈ। ਹੋਰ ਜਿਆਦਾ ਵਾਫ਼ਰ ਕਦਰ ਹੜੱਪਣ ਲਈ ਪੂੰਜੀਪਤੀ ਮਜ਼ਦੂਰ ਦੀ ਲੁੱਟ ਵਧਾਉਣ ਦੇ ਹਰ ਸੰਭਵ ਯਤਨ ਕਰਦਾ ਹੈ।ਮਜ਼ਦੂਰ ਦੀ ਪੂੰਜੀਪਤੀ ਵੱਲੋਂ ਕੀਤੀ ਜਾਂਦੀ ਲੁੱਟ ਦੀ ਤੀਬਰਤਾ ਨੂੰ ਵਾਫ਼ਰ ਕਦਰ ਦੀ ਦਰ ਨਾਲ ਵੀ ਮਾਪਿਆ ਜਾ ਸਕਦਾ ਹੈ।

ਪੂੰਜੀਪਤੀ ਵਲੋਂ ਮਜ਼ਦੂਰ ਦੀ ਲੁੱਟ ਦੀ ਤੀਬਰਤਾ ਦੇ ਪੈਮਾਨੇ ਦੇ ਰੂਪ 'ਚ ਵਾਫ਼ਰ ਕਦਰ ਦੀ ਦਰ ਨੂੰ ਸਮਝਣ ਲਈ ਸਾਨੂੰ ਲਾਜ਼ਮੀ ਹੀ ਕਦਰ ਦੀ ਸਿਰਜਣਾ ਅਤੇ ਕਦਰ ਦੇ ਵਧਾਰੇ ਲਈ ਕਿਰਤ ਸ਼ਕਤੀ ਅਤੇ ਪੈਦਾਵਾਰ ਦੇ ਸਾਧਨਾਂ ਵਲੋਂ ਨਿਭਾਈਆਂ ਗਈਆਂ ਭਿੰਨ–ਭਿੰਨ ਭੂਮਿਕਾਵਾਂ ਨੂੰ ਅਤੇ ਸਥਿਰ ਤੇ ਬਦਲਵੇਂ ਸਰਮਾਏ ਵਿਚਲੇ ਫਰਕ ਨੂੰ ਵੀ ਸਮਝਣਾ ਪਵੇਗਾ।

ਪੈਦਾਵਾਰੀ ਸਾਧਨ ਪੈਦਾਵਾਰ ਦੀ ਪ੍ਰਕ੍ਰਿਆ ਦੌਰਾਨ ਆਪਣੀ ਮੁਢਲੀ ਕਦਰ ਗੁਆ ਲੈਂਦੇ ਹਨ। ਪਰ ਇਸਦੀ ਕਦਰ ਅਲੋਪ ਨਹੀਂ ਹੁੰਦੀ। ਬੱਸ ਮਜ਼ਦੂਰ ਦੀ ਕਿਰਤ ਜ਼ਰੀਏ ਦੂਸਰੀਆਂ ਜਿਣਸਾਂ 'ਚ ਤਬਦੀਲ ਹੋ ਜਾਂਦੀ ਹੈ। ਪਰ ਇਹ ਥਾਂ ਦੀ ਤਬਦੀਲੀ ਕੋਈ ਨਵੀਂ ਕਦਰ ਨਹੀਂ ਜੋੜ ਸਕਦੀ। ਇਸ ਲਈ ਪੂੰਜੀ ਦੇ ਉਸ ਹਿੱਸੇ ਨੂੰ ਜੋ ਪੈਦਾਵਾਰੀ ਸਾਧਨ ਖਰੀਦਣ ਲਈ ਵਰਤਿਆ ਜਾਂਦਾ ਹੈ, ਸਥਿਰ ਸਰਮਾਇਆ ਕਿਹਾ ਜਾਂਦਾ ਹੈ। ਸਥਿਰ ਪੂੰਜੀ ਦੇ ਉਲਟ ਸਰਮਾਏਦਾਰ ਦੁਆਰਾ ਕਿਰਤ ਸ਼ਕਤੀ ਖਰੀਦਣ ਲਈ ਵਰਤੇ ਗਏ ਸਰਮਾਏ ਨੂੰ ਬਦਲਵੀਂ

ਪੂੰਜੀ ਕਿਹਾ ਜਾਂਦਾ ਹੈ ਕਿਉਂਕਿ ਕਿਰਤ ਦੁਆਰਾ ਸਿਰਜੀ ਗਈ ਨਵੀਂ ਕਦਰ ਕਿਰਤ ਸ਼ਕਤੀ ਨੂੰ ਦਿੱਤੀ ਗਈ ਕਦਰ ਤੋਂ ਵੱਧ ਹੁੰਦੀ ਹੈ। ਇਸ ਲਈ ਵਾਫ਼ਰ ਕਦਰ ਅਸਥਿਰ ਸਰਮਾਏ ਦੇ ਵਧਾਰੇ ਦੀ ਉਪਜ ਹੁੰਦੀ ਹੈ।

ਮੰਨ ਲਓ ਕਿ ਸਥਿਰ ਸਰਮਾਇਆ "ਸੀ" ਬਦਲਵੀਂ ਪੂੰਜੀ "ਵੀ" ਅਤੇ ਵਾਫ਼ਰ ਕਦਰ "ਐਮ" ਹੈ। ਤਾਂ ਸਰਮਾਏ ਲਈ ਪੇਸ਼ਗੀ ਭੁਗਤਾਨ ਹੋਇਆ ਸੀ+ਵੀ ਅਤੇ ਜਿਣਸਾਂ ਦੀ ਕੁੱਲ ਕਦਰ ਹੋਈ ਸੀ+ਵੀ+ਐਮ। ਕਿਉਂਕਿ ਪੈਦਾਵਾਰੀ ਪ੍ਰਕ੍ਰਿਆ 'ਚ 'ਸੀ' ਦਾ ਮੁੱਲ ਅਬਦਲ ਰਹਿੰਦਾ ਹੈ ਇਸ ਲਈ 'ਐਮ' ਸਿਰਫ 'ਵੀ' ਦੇ ਵਧਾਰੇ ਦੀ ਉਪਜ ਹੈ। ਇਸ ਲਈ ਪੂੰਜੀਪਤੀ ਵਲੋਂ ਮਜ਼ਦੂਰ ਦੀ ਲੁੱਟ ਦੀ ਤੀਬਰਤਾ ਨੂੰ ਦਿਖਾਉਣ ਲਈ ਅਸੀਂ 'ਸੀ' ਨੂੰ ਛੱਡ ਸਕਦੇ ਹਾਂ ਅਤੇ 'ਐਮ' ਦੀ 'ਵੀ' ਨਾਲ ਤੁਲਨਾ ਕਰ ਸਕਦੇ ਹਾਂ। ਪਿੱਛੇ ਦਿੱਤੀ ਗਈ ਕਤਾਈ ਦੀ ਮਿਸਾਲ 'ਚ 'ਵੀ' ਤਿੰਨ ਯੁਆਨ ਹੈ ਅਤੇ 'ਐਮ' ਵੀ ਤਿੰਨ ਯੁਆਨ ਹੈ। ਇਸ ਤਰਾਂ ਸਰਮਾਏਦਾਰ ਵਲੋਂ ਕੀਤੀ ਜਾਂਦੀ ਲੁੱਟ ਨੂੰ ਦਿਖਾਉਣ ਵਾਲੀ ਵਾਫਰ ਕਦਰ ਦੀ ਦਰ ਹੋਈ ਐਮ/ਵੀ, ਭਾਵ ਸੌ ਪ੍ਰਤੀਸ਼ਤ।

ਕਦਰ ਵਧਾਰੇ ਦੀ ਪ੍ਰਕਿਰਿਆ 'ਚ ਅਸੀਂ ਦੇਖ ਸਕਦੇ ਹਾਂ ਕਿ ਇੱਕ ਦਿਨ ਦੇ ਕਿਰਤ ਸਮੇਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਹੈ ਬਦਲਵੀਂ ਪੂੰਜੀ ਦੀ ਮੁੜ ਪੈਦਾਵਾਰ 'ਚ ਲੱਗਣ ਵਾਲੀ ਕਦਰ (ਮਜਦੂਰੀ)। ਕਿਰਤ ਸਮੇਂ ਦਾ ਇਹ ਹਿੱਸਾ ਮਜ਼ਦੂਰ ਦੇ ਗੁਜਾਰੇ ਲਈ ਲੋੜੀਂਦਾ ਹੁੰਦਾ ਹੈ ਅਤੇ ਇਸਨੂੰ ਲੋੜੀਂਦਾ ਕਿਰਤ ਸਮਾਂ ਕਿਹਾ ਜਾਂਦਾ ਹੈ। ਦੂਜਾ ਹਿੱਸਾ ਪੂੰਜੀਪਤੀ ਲਈ ਵਾਫਰ ਕਦਰ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਇਸਨੂੰ ਵਾਫ਼ਰ ਕਿਰਤ ਸਮਾਂ ਕਿਹਾ ਜਾਂਦਾ ਹੈ। ਇਸ ਲਈ ਵਾਫ਼ਰ ਕਦਰ ਦੀ ਦਰ ਨੂੰ ਇਸ ਤਰ੍ਹਾਂ ਵੀ ਦਰਸਾਇਆ ਜਾ ਸਕਦਾ ਹੈ:

$$\text{ਵਾਫ਼ਰ ਕਦਰ ਦੀ ਦਰ} = \frac{\text{ਵਾਫ਼ਰ ਕਦਰ (ਐਮ)}}{\text{ਬਦਲਵੀ ਪੂੰਜੀ (ਵੀ)}} = \frac{\text{ਵਾਫ਼ਰ ਕਿਰਤ ਸਮਾਂ}}{\text{ਲੋੜੀਂਦਾ ਕਿਰਤ ਸਮਾਂ}}$$

ਕਿਰਤ ਸਮਾਂ ਵਧਾਕੇ ਨਿਰਪੇਖ ਵਾਫ਼ਰ ਕਦਰ ਪ੍ਰਾਪਤ ਕਰਨਾ

ਪੂੰਜੀਪਤੀ ਸਦਾ ਮਜ਼ਦੂਰ ਦੀ ਲੁੱਟ 'ਚ ਵਾਧਾ ਕਰਕੇ ਵਾਫਰ ਕਦਰ ਦੀ ਦਰ ਵਧਾਉਣ ਦਾ ਯਤਨ ਕਰਦਾ ਹੈ। ਵਾਫ਼ਰ ਕਦਰ ਦੀ ਦਰ ਵਧਾਉਣ ਲਈ ਪੂੰਜੀਪਤੀ ਆਮ ਤੌਰ 'ਤੇ ਕਿਰਤ ਸਮਾਂ ਵਧਾ ਦਿੰਦਾ ਹੈ। ਪੂੰਜੀਵਾਦੀ ਪ੍ਰਬੰਧ ਅਧੀਨ ਇੱਕ ਮਜਦੂਰ ਦੇ ਇੱਕ ਦਿਨ ਦਾ ਕਿਰਤ ਸਮਾਂ ਲੋੜੀਂਦੇ ਕਿਰਤ ਸਮੇਂ ਅਤੇ ਵਾਫ਼ਰ ਕਿਰਤ ਸਮੇਂ ਦਾ ਜੋੜ ਹੁੰਦਾ ਹੈ। ਜੇ ਲੋੜੀਂਦਾ ਕਿਰਤ ਸਮਾਂ ਸਥਿਰ ਹੋਵੇ ਤਾਂ ਕਿਰਤ ਸਮਾਂ ਜਿੰਨਾ ਲੰਮਾ ਹੋਵੇਗਾ, ਵਾਫ਼ਰ ਕਿਰਤ ਸਮਾਂ ਉਨਾ ਹੀ ਜਿਆਦਾ ਹੋਵੇਗਾ। ਜੇ ਮੁੱਢ 'ਚ ਇੱਕ ਮਜਦੂਰ ਦਾ ਰੋਜਾਨਾ ਕਿਰਤ ਸਮਾਂ ਬਾਰਾਂ ਘੰਟੇ ਹੈ ਜਿਸ ਵਿੱਚੋਂ 6 ਘੰਟੇ ਲੋੜੀਂਦਾ ਕਿਰਤ ਸਮਾਂ ਹੈ ਤਾਂ 6 ਘੰਟੇ ਵਾਫ਼ਰ ਕਿਰਤ ਸਮਾਂ ਹੈ। ਹੁਣ ਪੂੰਜੀਪਤੀ ਕਿਰਤ ਸਮਾਂ ਵਧਾਕੇ 15 ਘੰਟੇ ਕਰ ਦਿੰਦਾ ਹੈ। ਕਿਉਂਕਿ ਲੋੜੀਂਦਾ ਕਿਰਤ

ਸਮਾਂ 6 ਘੰਟੇ 'ਤੇ ਸਥਿਰ ਹੈ, ਇਸ ਲਈ ਵਾਫ਼ਰ ਕਿਰਤ ਸਮਾਂ ਵਧ ਕੇ 9 ਘੰਟੇ ਹੋ ਜਾਂਦਾ ਹੈ ਭਾਵ ਪਹਿਲਾਂ ਤੋਂ ਤਿੰਨ ਘੰਟੇ ਵੱਧ। ਇਸ ਤਰਾਂ ਵਾਫ਼ਰ ਕਿਰਤ ਸਮੇਂ ਅਤੇ ਲੋੜੀਂਦੇ ਕਿਰਤ ਸਮੇਂ ਦਾ ਅਨੁਪਾਤ 9:6 ਹੋ ਜਾਂਦਾ ਹੈ ਅਤੇ ਵਾਫ਼ਰ ਕਿਰਤ ਸਮੇਂ ਦੀ ਦਰ 100% ਤੋਂ ਵਧ ਕੇ 150% ਹੋ ਜਾਂਦੀ ਹੈ। ਰੋਜਾਨਾ ਕਿਰਤ ਸਮੇਂ ਦੀ ਸ਼ੁੱਧ ਲੰਬਾਈ ਵਧਾ ਕੇ ਹਾਸਲ ਕੀਤੀ ਗਈ ਵਾਫ਼ਰ ਕਦਰ ਨਿਰਖੇਪ ਵਾਫ਼ਰ ਕਦਰ ਕਹੀ ਜਾਂਦੀ ਹੈ।

ਪੁਰਾਣੇ ਚੀਨ 'ਚ ਮਜਦੂਰ ਦੇ ਕੰਮ ਦਾ ਸਮਾਂ ਯਕੀਨੋ ਬਾਹਰੇ ਰੂਪ 'ਚ ਲੰਮਾ ਸੀ। ਦੈਨਿਕ ਕਿਰਤ ਸਮਾਂ 15,16 ਜਾਂ 18 ਘੰਟੇ ਤੋਂ ਵੀ ਵੱਧ ਹੁੰਦਾ ਸੀ। ਮਜ਼ਦੂਰਾਂ ਲਈ ਇਹ ਕੋਈ ਅਸਧਾਰਨ ਗੱਲ ਨਹੀਂ ਸੀ ਕਿ, "ਉਹ ਤਾਰਿਆਂ ਨੂੰ ਦੇਖਦੇ ਦੇਰ ਰਾਤ ਨੂੰ ਸੌਣ ਜਾਵੇ ਅਤੇ ਅਗਲੇ ਦਿਨ ਹੀ ਸਵੇਰੇ ਉਠਦੇ ਵੇਲੇ ਵੀ ਆਸਮਾਨ 'ਚ ਤਾਰੇ ਦੇਖੇ"। ਮੁਕਤੀ ਤੋਂ ਪਹਿਲਾਂ ਸਾਨ-ਤਿਆਓ-ਸਿਹ ਤਿਏਨਸਿਨ 'ਚ ਮਜ਼ਦੂਰਾਂ ਨੂੰ ਸਾਲ 'ਚ 357 ਦਿਨ, ਲਗਭਗ ਵੀਹ ਘੰਟੇ ਰੋਜ਼ ਕੰਮ ਕਰਨਾ ਪੈਂਦਾ ਸੀ। 8 ਘੰਟੇ ਰੋਜ਼ ਦੇ ਹਿਸਾਬ ਨਾਲ ਇਹ 893 ਕੰਮ ਦੇ ਦਿਨਾਂ ਦੇ ਬਰਾਬਰ ਸੀ। ਇੱਕ ਸਾਲ ਦੀ ਕਿਰਤ ਲਗਭਗ ਤਿੰਨ ਸਾਲਾਂ ਦੀ ਕਿਰਤ ਸਮਾਨ ਸੀ। ਕਿਰਤ ਸਮਾਂ ਵਧਾਉਣ ਲਈ ਪੂੰਜੀਪਤੀ ਹਰ ਕਿਸਮ ਦੀਆਂ ਬੰਦਸ਼ਾਂ ਈਜਾਦ ਕਰਦੇ ਸਨ,ਜਿਵੇਂ ਰੋਟੀ ਖਾਣ ਲਈ ਸਿਰਫ ਦਸ ਮਿੰਟ ਦੀ ਛੁੱਟੀ ਅਤੇ ਪਿਸ਼ਾਬ ਕਰਨ ਲਈ ਪਹਿਲਾਂ ਇਜਾਜਤ ਲੈਣਾ। ਇੱਥੋਂ ਤੱਕ ਕਿ ਉਹ ਘੜੀ ਪਿੱਛੇ ਕਰ ਦੇਣ ਜਿਹੀਆਂ ਘਟੀਆ ਚਾਲਾਂ ਵੀ ਚੱਲਿਆ ਕਰਦੇ ਸਨ।ਮਜ਼ਦੂਰ ਦਾ ਕਿਰਤ ਸਮਾਂ ਜਿੰਨਾ ਲੰਮਾ ਹੁੰਦਾ, ਵਾਫ਼ਰ ਕਿਰਤ ਸਮਾਂ ਵੀ ਉਨਾ ਹੀ ਜਿਆਦਾ ਲੰਮਾ ਹੁੰਦਾ ਅਤੇ ਸਰਮਾਏਦਾਰ ਨੂੰ ਮਿਲਣ ਵਾਲੀ ਸ਼ੁੱਧ ਵਾਫ਼ਰ ਕਦਰ ਉਨੀ ਹੀ ਜਿਆਦਾ ਹੁੰਦੀ। ਦੀ ਬੇਤਰਸ ਲੁੱਟ ਦੇ ਕਾਰਨ ਲਗਾਤਾਰ ਸਰੀਰਕ ਥਕਾਵਟ ਮਜ਼ਦੂਰਾਂ ਨੂੰ ਬੁਰੀ ਤਰ੍ਹਾਂ ਨਿਚੋੜ ਲੈਂਦੀ ਸੀ ਜਿਸ ਨਾਲ ਅਕਸਰ ਉਹਨਾਂ ਦੀ ਮੌਤ ਵੀ ਹੋ ਜਾਂਦੀ ਸੀ।

ਭਾਵੇਂ ਲੁੱਟ 'ਚ ਵਾਧੇ ਲਈ ਕਿਰਤ ਸਮੇਂ ਨੂੰ ਲੰਬਾ ਕਰਨਾ ਇੱਕ ਆਸਾਨ ਢੰਗ ਹੈ, ਪਰ ਇਸਦਾ ਇੱਕ ਲਾਜ਼ਮੀ ਸਿੱਟਾ ਮਜ਼ਦੂਰਾਂ ਦੇ ਸੰਘਰਸ਼ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਨਾਲ ਹੀ ਪੂੰਜੀਪਤੀ ਕਿਰਤ ਸਮੇਂ ਨੂੰ ਵਧਾਕੇ 24 ਘੰਟੇ ਨਹੀਂ ਕਰ ਸਕਦਾ ਕਿਉਂਕਿ ਕਿਰਤ ਨੂੰ ਖਰਚ ਕਰਨ ਦੀ ਇੱਕ ਭੌਤਿਕ ਸੀਮਾ ਹੈ। ਇਸ ਲਈ ਸਰਮਾਏਦਾਰ ਮਜ਼ਦੂਰ ਦੀ ਲੁੱਟ ਵਧਾਉਣ ਲਈ ਇੱਕ ਦੂਜਾ, ਜਿਆਦਾ ਲੁਕਵਾਂ ਢੰਗ ਅਪਣਾਉਂਦਾ ਹੈ। ਉਹ ਲੋੜੀਂਦੇ ਕਿਰਤ ਸਮੇਂ ਨੂੰ ਘੱਟ ਕਰ ਦਿੰਦਾ ਅਤੇ ਇਸ ਤਰ੍ਹਾਂ ਸਾਪੇਖਿਕ ਵਾਫ਼ਰ ਕਿਰਤ ਸਮਾਂ ਵਧ ਜਾਂਦਾ ਹੈ।

ਲੋੜੀਂਦਾ ਕਿਰਤ ਸਮਾਂ ਘਟਾ ਕੇ ਸਾਪੇਖਕ ਵਾਫ਼ਰ ਕਦਰ ਹਾਸਿਲ ਕਰਨਾ

ਲੋੜੀਂਦੇ ਕਿਰਤ ਸਮੇਂ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ ? ਅਸੀਂ ਜਾਣਦੇ ਹਾਂ ਕਿ

ਲੋੜੀਂਦਾ ਕਿਰਤ ਸਮਾਂ ਕਿਰਤ ਸ਼ਕਤੀ ਦੀ ਕਦਰ ਦੀ ਮੁੜ ਪੈਦਾਵਾਰ ਲਈ ਲੋੜੀਂਦਾ ਕਿਰਤ ਸਮਾਂ ਹੈ ਅਤੇ ਕਿਰਤ ਦੀ ਕਦਰ ਮਜ਼ਦੂਰ ਅਤੇ ਉਸਦੇ ਆਸ਼ਰਿਤਾਂ ਦੇ ਗੁਜਾਰੇ ਲਈ ਲੋੜੀਂਦੇ ਸਾਧਨਾਂ ਦੀ ਕਦਰ ਤੋਂ ਤੈਅ ਹੁੰਦੀ ਹੈ। ਜੇ ਸਰਮਾਏਦਾਰ ਸਧਾਰਨ ਕਿਰਤ ਉਤਪਾਦਕਤਾ ਵਧਾਉਣ ਲਈ ਨਵੀਆਂ ਤਕਨੀਕਾਂ ਅਤੇ ਨਵੀਆਂ ਮਸ਼ੀਨਾਂ ਦੀ ਵਰਤੋਂ ਕਰਦਾ ਹੈ ਅਤੇ ਇਸ ਤਰ੍ਹਾਂ ਕਿਰਤ ਦੀ ਮੁੜ ਪੈਦਾਵਾਰ ਲਈ ਲੋੜੀਂਦੇ ਗੁਜਾਰੇ ਦੇ ਸਾਧਨਾਂ ਦੀ ਕਦਰ ਘੱਟ ਕਰ ਦਿੰਦਾ ਹੈ ਤਾਂ ਮਜ਼ਦੂਰ ਦਾ ਕੁੱਲ ਰੋਜਾਨਾ ਕਿਰਤ ਸਮਾਂ ਸਥਿਰ ਰਹਿੰਦੇ ਹੋਏ ਵੀ ਸਾਪੇਖਕ ਵਾਫ਼ਰ ਕਿਰਤ ਸਮਾਂ ਵਧਾਇਆ ਜਾ ਸਕਦਾ ਹੈ ਕਿਉਂਕਿ ਕਿਰਤ ਸ਼ਕਤੀ ਦੀ ਕਦਰ ਘਟ ਜਾਣ ਕਾਰਨ ਹੁਣ ਲੋੜੀਂਦੇ ਕਿਰਤ ਸਮੇਂ ਨੂੰ ਘਟਾਇਆ ਜਾ ਸਕਦਾ ਹੈ। ਮੰਨ ਲਈਏ ਕਿ ਮੁਢਲਾ ਲੋੜੀਂਦਾ ਕਿਰਤ ਸਮਾਂ 6 ਘੰਟੇ ਹੈ। ਹੁਣ ਜੇ ਸਧਾਰਨ ਕਿਰਤ ਉਤਪਾਦਕਤਾ ਦੁੱਗਣੀ ਕਰ ਦਿਤੀ ਜਾਵੇ ਤਾਂ ਮਜ਼ਦੂਰ ਅਤੇ ਉਸਦੇ ਆਸ਼ਰਿਤਾਂ ਦੇ ਗੁਜਾਰੇ ਲਈ ਲੋੜੀਂਦੇ ਸਾਧਨਾਂ ਦੀ ਕਦਰ ਅੱਧੀ ਹੋ ਜਾਵੇਗੀ ਅਕੇ ਕਿਰਤ ਸ਼ਕਤੀ ਦੀ ਕਦਰ ਦੀ ਮੁੜ ਪੈਦਾਵਾਰ ਲਈ ਲੋੜੀਂਦਾ ਕਿਰਤ ਸਮਾਂ ਵੀ 6 ਘੰਟੇ ਤੋਂ ਘਟ ਕੇ 3 ਘੰਟੇ ਹੋ ਜਾਵੇਗਾ ਅਤੇ ਵਾਫ਼ਰ ਕਿਰਤ ਸਮਾਂ 6 ਘੰਟਿਆਂ ਤੋਂ ਵਧਕੇ 9 ਘੰਟੇ ਹੋ ਜਾਵੇਗਾ ਭਾਵ ਪਹਿਲਾਂ ਤੋਂ 3 ਘੰਟੇ ਵੱਧ ਵਾਫ਼ਰ ਕਦਰ ਦੀ ਦਰ 100% ਤੋਂ ਵੱਧ ਕੇ 300% ਹੋ ਜਾਵੇਗੀ। ਲੋੜੀਂਦੇ ਕਿਰਤ ਸਮੇਂ ਨੂੰ ਘਟਾ ਕੇ ਅਤੇ ਇਸ ਦੇ ਸਾਪੇਖ ਵਾਫ਼ਰ ਕਿਰਤ ਸਮੇਂ ਨੂੰ ਵਧਾਕੇ ਹਾਸਿਲ ਕੀਤੀ ਗਈ ਵਾਫ਼ਰ ਕਦਰ ਨੂੰ ਸਾਪੇਖਕ ਵਾਫ਼ਰ ਕਦਰ ਕਿਹਾ ਜਾਂਦਾ ਹੈ।

ਇਹ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ ਕਿ ਕਿਸੇ ਇੱਕ ਪੂੰਜੀਪਤੀ ਦੁਆਰਾ ਮਜ਼ਦੂਰ ਦੀ ਕਿਰਤ ਉਤਪਾਦਕਤਾ ਵਧਾਉਣ ਲਈ ਨਵੀਆਂ ਤਕਨੀਕਾਂ ਤੇ ਨਵੀਆਂ ਮਸ਼ੀਨਾਂ ਦੀ ਵਰਤੋਂ ਕਰਨ ਨਾਲ ਗੁਜਾਰੇ ਦੇ ਸਾਧਨਾਂ ਦੀ ਕਦਰ ਘੱਟ ਨਹੀਂ ਹੋ ਸਕਦੀ। ਇਸ ਲਈ ਸਾਪੇਖਿਕ ਵਾਫ਼ਰ ਕਦਰ ਹਾਸਿਲ ਕਰਨ ਦਾ ਉਸ ਦਾ ਉਦੇਸ਼ ਫ਼ੌਰੀ ਪੂਰਾ ਨਹੀਂ ਹੋ ਸਕਦਾ। ਅਜਿਹੀ ਸਥਿਤੀ 'ਚ ਪੂੰਜੀਪਤੀ ਨਵੀਂਆਂ ਤਕਨੀਕਾਂ ਤੇ ਨਵੀਂਆਂ ਮਸ਼ੀਨਾਂ ਨੂੰ ਕਿਉਂ ਅਪਣਾਉਂਦਾ ਹੈ ? ਨਵੀਆਂ ਤਕਨੀਕਾਂ ਤੇ ਨਵੀਂਆਂ ਮਸ਼ੀਨਾਂ ਅਪਣਾਉਣ ਪਿੱਛੇ ਪੂੰਜੀਪਤੀ ਦਾ ਪ੍ਰਤੱਖ ਉਦੇਸ਼ ਜਿਣਸ ਪੈਦਾਵਾਰ ਲਈ ਵਿਅਕਤੀਗਤ ਕਿਰਤ ਸਮੇਂ ਨੂੰ ਘਟਾ ਕੇ ਸਮਾਜਿਕ ਰੂਪ 'ਚ ਲੋੜੀਂਦੇ ਕਿਰਤ ਸਮੇਂ ਤੋਂ ਘੱਟ ਕਰਨਾ ਹੁੰਦਾ ਹੈ ਤਾਂ ਕਿ ਜਦੋਂ ਉਹ ਆਪਣੀ ਜਿਣਸ ਸਮਾਜਿਕ ਰੂਪ 'ਚ ਲੋੜੀਂਦੇ ਕਿਰਤ ਸਮੇਂ ਰਾਹੀਂ ਤੈਅ ਕੀਤੀ ਕਦਰ 'ਤੇ ਵੇਚੇ ਤਾਂ ਉਸਨੂੰ ਦੂਜੇ ਪੂੰਜੀਪਤੀਆਂ ਨਾਲੋਂ ਵੱਧ ਕਦਰ ਮਿਲ ਸਕੇ। ਜਿਣਸ ਦੀ ਪੈਦਾਵਾਰ ਸਮਾਜਿਕ ਰੂਪ 'ਚ ਲੋੜੀਂਦੇ ਕਿਰਤ ਸਮੇਂ ਤੋਂ ਘੱਟ ਵਿਅਕਤੀਗਤ ਕਿਰਤ ਸਮਾਂ ਖਰਚ ਹੋਣ ਨਾਲ ਪ੍ਰਾਪਤ ਵਾਫ਼ਰ ਕਦਰ ਨੂੰ ਵਧੇਰੇ (Excess) ਵਾਫ਼ਰ ਕਦਰ ਕਿਹਾ ਜਾਂਦਾ ਹੈ। ਪਰ ਸਭ ਤੋਂ ਪਹਿਲਾਂ ਨਵੀਆਂ ਤਕਨੀਕਾਂ ਅਤੇ ਨਵੀਂਆਂ ਮਸ਼ੀਨਾਂ ਅਪਨਾਉਣ ਵਾਲਾ ਪੂੰਜੀਪਤੀ ਲੰਬੇ ਸਮੇਂ ਲਈ ਇਹ ਅਧਿਕ ਵਾਫ਼ਰ ਕਦਰ ਕਮਾਉਣ ਤੋਂ ਅਸਮਰੱਥ ਰਹਿੰਦਾ ਹੈ ਕਿਉਂਕਿ ਦੂਜੇ ਪੂੰਜੀਪਤੀ ਵੀ ਨਫ਼ੇ 'ਚੋਂ ਹਿੱਸਾ ਵੰਡਾਉਣ ਲਈ ਅਜਿਹਾ ਹੀ ਕਰਨ ਲਗਦੇ ਹਨ। ਜਦੋਂ ਨਵੀਂਆਂ ਤਕਨੀਕਾਂ ਅਤੇ ਨਵੀਆਂ ਮਸ਼ੀਨਾਂ ਦੀ ਵਰਤੋਂ ਵਿਆਪਕ ਪੱਧਰ 'ਤੇ ਹੋਣ ਲੱਗੇਗੀ ਅਤੇ ਸਧਾਰਨ

ਕਿਰਤ ਉਤਪਾਦਿਕਤਾ ਵਧ ਜਾਵੇਗੀ ਤਾਂ ਜਿਣਸਾਂ ਦੀ ਕਦਰ ਥੱਲੇ ਆ ਜਾਵੇਗੀ। ਵਿਅਕਤੀਗਤ ਕਿਰਤ ਸਮੇਂ ਅਤੇ ਸਮਾਜਿਕ ਰੂਪ 'ਚ ਲੋੜੀਂਦੇ ਕਿਰਤ ਸਮੇਂ ਵਿਚਕਾਰ ਇਹ ਫ਼ਰਕ ਜਿਸ ਤੋਂ ਵਧੇਰੇ ਵਾਫ਼ਰ ਕਦਰ ਪੈਦਾ ਹੁੰਦੀ ਹੈ, ਸੁਭਾਵਿਕ ਹੀ ਅਲੋਪ ਹੋ ਜਾਵੇਗਾ ਵਧੇਰੇ ਵਾਫ਼ਰ ਕਦਰ ਵੀ ਖਤਮ ਹੋ ਜਾਵੇਗੀ। ਪਰ ਸਿੱਟੇ ਵਜੋਂ ਸਧਾਰਨ ਕਿਰਤ ਉਤਪਾਦਕਤਾ ਵਧ ਚੁੱਕੀ ਹੋਵੇਗੀ। ਕਈ ਜਿਣਸਾਂ ਦੀ ਕਦਰ ਹੇਠਾਂ ਆ ਜਾਵੇਗੀ ਅਤੇ ਕਿਰਤ ਦੀ ਕਦਰ ਸਸਤੀ ਹੋ ਜਾਵੇਗੀ ਅਤੇ ਲੋੜੀਂਦਾ ਕਿਰਤ ਸਮਾਂ ਘਟ ਜਾਵੇਗਾ। ਸਿੱਟੇ ਵਜੋਂ ਸਰਮਾਏਦਾਰ ਵੱਧ ਸਾਪੇਖਕ ਵਾਫ਼ਰ ਕਦਰ ਹਾਸਿਲ ਕਰ ਸਕੇਗਾ।

ਲਾਲਚੀ ਪੂੰਜੀਪਤੀ ਸਾਪੇਖਕ ਵਾਫ਼ਰ ਕਦਰ ਨੂੰ ਵਧਾਉਣ ਲਈ ਨਾ ਸਿਰਫ ਕਿਰਤ ਉਤਪਾਦਕਤਾ ਨੂੰ ਵਧਾਉਦਾ ਹੈ ਸਗੋਂ ਕਿਰਤ ਦੀ ਤੀਬਰਤਾ ਵਧਾਕੇ ਵੀ ਲੋੜੀਂਦਾ ਕਿਰਤ ਸਮਾਂ ਘਟਾਉਣ ਦਾ ਕੰਮ ਕਰਦਾ ਹੈ। ਮਾਰਕਸ ਨੇ ਕਿਹਾ ਹੈ, *"ਇੱਕ ਅਰਥ 'ਚ ਕਿਰਤ ਉਤਪਾਦਿਕਤਾ ਦਾ ਪੱਧਰ ਉੱਨਤ ਕਰਨਾ ਅਤੇ ਕਿਰਤ ਦੀ ਤੀਬਰਤਾ ਵਧਾਉਣਾ ਇੱਕੋ ਕੰਮ ਹੀ ਕਰਦੇ ਹਨ। ਉਹ ਇੱਕ ਨਿਸਚਿਤ ਸੀਮਾਂ 'ਚ ਕੁੱਲ ਪੈਦਾਵਾਰ ਨੂੰ ਵਧਾ ਦੇਣਗੇ। ਸਿੱਟੇ ਵਜੋਂ ਮਜ਼ਦੂਰਾਂ ਦੇ ਗੁਜਾਰੇ ਲਈ ਲੋੜੀਂਦੇ ਸਾਧਨਾਂ ਜਾਂ ਇਸਦੇ ਬਰਾਬਰ ਦੀ ਪੈਦਾਵਾਰ ਲਈ ਲੋੜੀਂਦੇ ਕੰਮ ਦਿਨ ਦੇ ਹਿੱਸੇ ਨੂੰ ਛੋਟਾ ਕਰ ਦੇਣਗੇ"।*[(8)] ਪੂੰਜੀਪਤੀ ਮਜ਼ਦੂਰ ਦੀ ਕਿਰਤ ਦੀ ਤੀਬਰਤਾ ਵਧਾਉਣ ਲਈ ਮਸ਼ੀਨਾਂ ਦੀ ਰਫ਼ਤਾਰ ਤੇਜ ਕਰ ਦਿੰਦਾ ਹੈ, ਕਿਰਤ ਦਾ ਕੋਟਾ ਵਧਾਉਂਦਾ ਹੈ ਅਤੇ ਕੁੱਲ ਕੰਮ ਦਿਨ ਘੱਟ ਕੀਤੇ ਬਿਨਾਂ ਮਜ਼ਦੂਰਾਂ ਦੀ ਸੰਖਿਆ ਘਟਾ ਦਿੰਦਾ ਹੈ। ਮਜ਼ਦੂਰਾਂ ਦਾ ਕੰਮ ਵੱਧ ਤੋਂ ਵੱਧ ਔਖਾ ਹੋ ਜਾਂਦਾ ਹੈ। ਇੱਕ ਦਿਨ ਦੇ ਕੰਮ ਤੋਂ ਬਾਅਦ ਉਹ ਪੂਰੀ ਤਰ੍ਹਾਂ ਥੱਕ ਕੇ ਚੂਰ ਹੋ ਚੁੱਕਿਆ ਹੁੰਦਾ ਹੈ। ਸ਼ੰਘਾਈ ਦੀ ਸ਼ੇਨ-ਸਿਨ ਸੂਤ ਮਿਲ ਦੀ ਮਿਸਾਲ ਲਈਏ। 1933 'ਚ ਹਰ 100,000 ਤੱਕਲਿਆਂ 'ਤੇ 440 ਮਜ਼ਦੂਰ ਕੰਮ ਕਰਦੇ ਸਨ। ਜਪਾਨੀਆਂ ਵਲੋਂ ਸੰਚਾਲਿਤ ਸੂਤ ਮਿੱਲਾਂ ਨਾਲ ਮੁਕਾਬਲਾ ਕਰਨ ਅਤੇ ਜਿਆਦਾ ਵਾਫ਼ਰ ਕਦਰ ਹੜੱਪਣ ਲਈ ਮਿਲ ਦੇ ਪੂੰਜੀਪਤੀਆਂ ਨੇ ਮਜ਼ਦੂਰਾਂ ਦੀ ਗਿਣਤੀ ਘਟਾ ਕੇ ਕਿਰਤ ਦੀ ਤੀਬਰਤਾ ਵਧਾ ਦਿੱਤੀ। 1934 'ਚ ਹਰ 100,000 ਤਕਲਿਆਂ 'ਤੇ ਸਿਰਫ 270 ਮਜ਼ਦੂਰ ਕੰਮ ਕਰਦੇ ਸਨ। ਪੁਰਾਣੇ ਸਮਾਜ 'ਚ ਪੂੰਜੀਪਤੀਆਂ ਦੀ ਲੁੱਟ ਅਧੀਨ ਮਜ਼ਦੂਰਾਂ ਤੋਂ ਇਸ ਤਰ੍ਹਾਂ ਕੰਮ ਲਿਆ ਜਾਂਦਾ ਸੀ ਕਈ ਤਾਂ 40 ਸਾਲ ਦੀ ਉਮਰ 'ਚ ਹੀ ਬੁੱਢੇ ਹੋ ਜਾਂਦੇ ਸਨ।

ਵੱਧ ਕਦਰ ਹੜੱਪਣ ਲਈ ਕਿਰਤ ਦੀ ਕਦਰ ਤੋਂ ਘੱਟ ਮਜ਼ਦੂਰੀ ਦੇਣਾ

ਪੂੰਜੀਪਤੀਆਂ ਵੱਲੋਂ ਮਜ਼ਦੂਰਾਂ ਦੀ ਲੁੱਟ ਲਈ ਖੇਡੀਆਂ ਜਾਣ ਵਾਲੀਆਂ ਚਾਲਾਂ ਦੀ ਸੂਚੀ ਲੰਮੀ ਹੈ। ਉਹ ਅਕਸਰ ਮਜ਼ਦੂਰੀ ਘੱਟ ਕਰ ਦਿੰਦਾ ਹੈ ਜਾਂ ਉਸ 'ਚ ਕਟੌਤੀ ਕਰਦਾ ਹੈ। ਪਹਿਲਾਂ ਨਿਰਪੇਖ ਵਾਫ਼ਰ ਕਦਰ ਦਾ ਵਿਸ਼ਲੇਸ਼ਣ ਕਰਨ ਸਮੇਂ ਅਸੀਂ ਮੰਨਿਆ ਸੀ ਕਿ ਪੂੰਜੀਪਤੀ ਕਿਰਤ ਸ਼ਕਤੀ ਦੀ ਕਦਰ ਅਨੁਸਾਰ ਮਜ਼ਦੂਰੀ ਦਿੰਦਾ ਹੈ। ਪਰ ਮਜ਼ਦੂਰ ਦੀ ਮਜ਼ਦੂਰੀ

ਆਮ ਤੌਰ ’ਤੇ ਉਸਦੀ ਕਿਰਤ ਸ਼ਕਤੀ ਦੀ ਕਦਰ ਤੋਂ ਘੱਟ ਹੁੰਦੀ ਹੈ। ਪੂੰਜੀਪਤੀ ਮਜ਼ਦੂਰ ਦੀ ਮਜ਼ਦੂਰੀ ਘੱਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਵੇਂ ਮਜ਼ਦੂਰ ਦੀ ਮਜ਼ਦੂਰੀ ਮਸਾਂ ਹੀ ਉਸਦੇ ਗੁਜਾਰੇ ਜੋਗਰੀ ਹੁੰਦੀ ਹੈ, ਫਿਰ ਵੀ ਪੂੰਜੀਪਤੀ ਮਜ਼ਦੂਰੀ ਨੂੰ ਘਟਾ ਕੇ ਕਿਰਤ ਸ਼ਕਤੀ ਦੀ ਕਦਰ ਤੋਂ ਹੇਠਾਂ ਲਿਆਉਣ ਲਈ ਹਰ ਤਰ੍ਹਾਂ ਦੀ ਕਟੌਤੀ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ ਜਿਸ ਵਿੱਚ ਮਜ਼ਦੂਰ ਲਈ ਜੀਵਨ ਦਾ ਨੀਵੇਂ ਤੋਂ ਨੀਵਾਂ ਪੱਧਰ ਵੀ ਕਾਇਮ ਰੱਖਣਾ ਔਖਾ ਹੋ ਜਾਂਦਾ ਹੈ। ਮਿਸਾਲ ਵਜੋਂ ਕਾਈਲਘਾਨ ਕੋਲਾ ਖਾਣ ’ਚ ਖੱਚਰ ਦੇ ਚਾਰੇ ਲਈ 47 ਸੈਂਟ ਪ੍ਰਤੀ ਦਿਨ ਤੈਅ ਸੀ ਪਰ ਖਾਣ ਮਜ਼ਦੂਰਾਂ ਦੀ ਦਿਹਾੜੀ 22 ਸੈਂਟ ਤੋਂ ਵੱਧ ਨਹੀਂ ਸੀ। “ਮਨੁੱਖਾਂ ਦੀ ਸਥਿਤੀ ਖੱਚਰਾਂ ਤੋਂ ਵੀ ਬਦਤਰ ਸੀ।” ਇਸ ਤੋਂ ਇਲਾਵਾ ਪੁਰਾਣੇ ਚੀਨ ’ਚ ਕਈ ਕਾਰਖਾਨਿਆਂ ਨੇ ਮਜ਼ਦੂਰਾਂ ਲਈ ਸਜਾ ਦੀਆਂ ਧਾਰਾਵਾਂ ਨਿਸ਼ਚਿਤ ਕੀਤੀਆਂ ਹੋਈਆਂ ਸਨ ਜਿਸ ’ਚ ਅਜੀਬ-ਅਜੀਬ ਕਿਸਮ ਦੀਆਂ ਗੱਲਾਂ ਸਨ। ਕਦੇ-ਕਦੇ ਜੁਰਮਾਨਾ ਮਜ਼ਦੂਰੀ ਤੋਂ ਵੀ ਵੱਧ ਹੁੰਦਾ ਸੀ। ਮਿਸਾਲ ਵਜੋਂ ਲੋੜੋਂ ਵੱਧ ਪਾਣੀ ਬਹਾਉਣ ਲਈ ਸਜਾ ਸੀ, ਖਿੜਕੀ ਤੋਂ ਬਾਹਰ ਦੇਖਣਾ ਵੀ ਅਪਰਾਧ ਸੀ, ਇੱਕਠੇ ਹੋਣਾ ਤੇ ਜਥੇਬੰਦੀ ਬਣਾਉਣਾ ਤਾਂ ਹੋਰ ਵੀ ਵੱਡੇ ਆਪਰਾਧ ਸਨ। ਸਾਰੇ ਜੁਰਮਾਨੇ ਅੰਤ ’ਚ ਆਮਦਨੀ ਦੇ ਵਾਧੂ ਸਰੋਤ ਦੇ ਰੂਪ ਵਿੱਚ ਪੂੰਜੀਪਤੀ ਦੀ ਜੇਬ ’ਚ ਪਹੁੰਚ ਜਾਂਦੇ ਸਨ।

ਪੂੰਜੀਪਤੀ ਹੋਰ ਬੇਤਰਸ ਲੁੱਟ ਕਰਨ ਲਈ ਵੱਡੀ ਗਿਣਤੀ ’ਚ ਔਰਤਾਂ ਅਤੇ ਬੱਚਿਆਂ ਤੋਂ ਕੰਮ ਕਰਵਾਉਂਦਾ ਸੀ। ਵੱਡੀ ਗਿਣਤੀ ’ਚ ਔਰਤਾਂ ਅਤੇ ਬਾਲ ਮਜ਼ਦੂਰਾਂ ਨੂੰ ਕੰਮ ਤੇ ਲਾਉਣ ਕਾਰਨ ਮਜ਼ਦੂਰਾਂ ਦੀ ਮਜਦੂਰੀ ਆਮ ਤੌਰ ’ਤੇ ਕਿਰਤ ਸ਼ਕਤੀ ਤੋਂ ਘੱਟ ਹੋ ਜਾਂਦੀ ਸੀ। ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਮਜ਼ਦੂਰੀ ਹੋਰ ਵੀ ਘੱਟ ਹੁੰਦੀ ਸੀ। ਪੁਰਾਣੇ ਚੀਨ ’ਚ ਔਰਤਾਂ ਮਰਦਾਂ ਵਾਂਗ ਹੀ ਰੋਜ਼ ਦਸ ਘੰਟੇ ਕੰਮ ਕਰਦੀਆਂ ਸਨ, ਪਰ ਉਹਨਾਂ ਦੀ ਮਜ਼ਦੂਰੀ ਮਰਦਾਂ ਦੀ ਦੋ ਤਿਹਾਈ ਜਾਂ ਅੱਧੀ ਹੀ ਹੁੰਦੀ ਸੀ। ਬਾਲ ਮਜ਼ਦੂਰਾਂ ਦੀ ਮਜ਼ਦੂਰੀ ਹੋਰ ਵੀ ਘੱਟ, ਆਮ ਤੌਰ ’ਤੇ ਔਰਤਾਂ ਦੀ ਮਜ਼ਦੂਰੀ ਤੋਂ ਵੀ ਅੱਧੀ ਹੁੰਦੀ ਸੀ। ਕੁੱਝ ਪੂੰਜੀਪਤੀ ਮਜ਼ਦੂਰੀ ਦੀ ਥਾਂ ’ਤੇ ਸਿਰਫ਼ ਸਸਤਾ ਭੋਜਨ ਦੇ ਕੇ ਖਹਿੜਾ ਛੁਡਾ ਲੈਂਦੇ ਸਨ। ਪੂੰਜੀਪਤੀ “ਨੌਜਵਾਨ ਸ਼ਾਗਿਰਦਾਂ ਅਤੇ “ਬਾਲ ਮਜ਼ਦੂਰਾਂ” ਨਾਲ ਮਨੁੱਖ ਜਿਹਾ ਵਿਵਹਾਰ ਨਹੀਂ ਕਰਦੇ ਸਨ। ਮਾਰਕਸ ਨੇ ਲਿਖਿਆ ਹੈ ਪੂੰਜੀਪਤੀ ਉਹਨਾਂ ਦੇ ਬੱਚਿਆਂ ਦੇ ਲਹੂ ’ਚੋਂ ਰੇਸ਼ਮ ਕੱਢਦਾ ਹੈ ਜੋ ਇੰਨੇ ਛੋਟੇ ਹੁੰਦੇ ਹਨ ਕਿ ਉਹਨਾਂ ਨੂੰ ਵਰਕਸ਼ਾਪ ਤੱਕ ਪਹੁੰਚਾਉਣਾ ਪੈਂਦਾ ਹੈ”।(9) ਸਕੂਲ ਜਾਣ ਦੀ ਉਮਰ ਵਾਲੇ ਬੱਚੇ ਅਧ-ਨੰਗੇ ਅਧ-ਭੁੱਖੇ ਰਹਿੰਦੇ ਹਨ ਅਤੇ ਪੂੰਜੀਪਤੀ ਦੀ ਲੁੱਟ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਨੂੰ ਅਕਸਰ ਕੁੱਟ ਮਾਰ ਅਤੇ ਗਾਲਾਂ ਝੱਲਣੀਆਂ ਪੈਂਦੀਆਂ ਹਨ। ਬਹੁਤ ਸਾਰੇ ਬਾਲ ਮਜ਼ਦੂਰ ਪੂੰਜੀਪਤੀ ਦੀ ਨਿਰਦਈ ਲੁੱਟ ਕਾਰਨ ਮਰ ਜਾਂਦੇ ਹਨ।

ਪੂੰਜੀਵਾਦ ਸਮਾਜ ’ਚ ਪੂੰਜੀਪਤੀ ਨਾ ਸਿਰਫ ਮਜ਼ਦੂਰ ਦੀ ਨਿਰਦਈ ਲੁੱਟ ਕਰਦਾ ਸੀ, ਉਹ ਉਸ ਉੱਪਰ ਭਿਆਨਕ ਜਬਰ ਵੀ ਕਰਦਾ ਸੀ। ਪੁਰਾਣੇ ਚੀਨ ’ਚ ਸਰਮਾਏਦਾਰ ਮਜ਼ਦੂਰਾਂ ’ਤੇ ਜ਼ਬਰ ਢਾਹੁਣ ਲਈ ਸਖ਼ਤ ਨਿਯਮ ਲਾਗੂ ਕਰਦੇ ਸਨ। ਵੀਹਾਂ ਅਤੇ ਕਦੇ-ਕਦੇ ਤਾਂ ਸੈਂਕੜੇ ਸਜਾ ਦੀਆਂ ਧਾਰਾਵਾਂ ਅਤੇ ਸ਼ਰਤਾਂ ਮਜ਼ਦੂਰਾਂ ਦੀ ਅਜ਼ਾਦੀ ਖੋਹ ਲੈਂਦੀਆਂ ਸਨ।

ਕੰਮ ਤੋਂ ਪਹਿਲਾਂ ਅਤੇ ਬਾਅਦ 'ਚ ਤਲਾਸ਼ੀ" ਅਤੇ "ਮੈਨੇਜ਼ਮੈਂਟ ਜਦੋਂ ਚਾਹੇ ਮਜ਼ਦੂਰਾਂ ਨੂੰ ਕੱਢ ਸਕਣ ਦਾ ਅਧਿਕਾਰ ਰਖਦੀ ਸੀ"। ਇਹ ਤਾਂ ਬੱਸ ਕੁੱਝ ਮਿਸਾਲਾਂ ਹਨ। ਕਾਰਖਾਨੇ ਜੇਲ੍ਹਾਂ ਵਰਗੇ ਸਨ ਅਤੇ ਮਜ਼ਦੂਰਾਂ ਦੀ ਹਾਲਤ ਕੈਦੀਆਂ ਵਰਗੀ ਸੀ। ਕੁੱਝ ਸਰਮਾਏਦਾਰ ਮਜ਼ਦੂਰਾਂ 'ਤੇ ਜ਼ਬਰ ਢਾਹੁਣ ਲਈ ਕਾਰਖਾਨਿਆਂ 'ਚ ਫੌਜ ਅਤੇ ਪੁਲਿਸ ਦੀਆਂ ਟੁਕੜੀਆਂ ਵੀ ਤਾਇਨਾਤ ਰੱਖਦੇ ਸਨ।

ਪੂੰਜੀਵਾਦ ਨੇ ਮਜ਼ਦੂਰਾਂ ਲਈ ਬੇਸ਼ੁਮਾਰ ਔਕੜਾਂ ਪੈਦਾ ਕੀਤੀਆਂ। ਇਹ ਇੱਕ ਦੁਸ਼ਟ, ਲੋਟੂ ਪ੍ਰਬੰਧ ਹੈ। ਪਰ ਗੱਦਾਰ ਲਿਓ–ਸ਼ਾਓ–ਚੀ ਨੇ ਪੂੰਜੀਵਾਦੀ ਲੋਟੂ ਪ੍ਰਬੰਧ ਨੂੰ ਸਹੀ ਦਰਸਾਉਣ ਲਈ ਹਰ ਸੰਭਵ ਯਤਨ ਕੀਤੇ ਅਤੇ ਇਹ ਦਲੀਲ ਦਿੱਤੀ ਕਿ, "ਲੁੱਟ ਦੇ ਆਪਣੇ ਕੁੱਝ ਲਾਭ ਹੁੰਦੇ ਹਨ"। ਉਸਨੇ ਇੱਥੋਂ ਤੱਕ ਕਿਹਾ ਹੈ ਕਿ, "ਸਰਮਾਏਦਾਰੀ ਲੁੱਟ ਸਿਰਫ ਬੁਰੀ ਨਹੀਂ ਹੈ ਸਗੋਂ ਇਸਦੇ ਆਪਣੇ ਫਾਇਦੇ ਹਨ।" ਇਹ ਸਭ ਬਕਵਾਸ ਹੈ। ਮਾਰਕਸ ਦਾ ਵਾਫ਼ਰ ਕਦਰ ਦਾ ਸਿਧਾਂਤ ਇਸ ਅਖੌਤੀ "ਲੁੱਟ ਦੇ ਫਾਇਦੇ" ਦੀ ਸਭ ਤੋਂ ਤਿੱਖੀ ਆਲੋਚਨਾ ਹੈ। ਸਮਾਜਵਾਦੀ ਚੀਨ 'ਚ ਸਰਮਾਏਦਾਰੀ ਲੋਟੂ ਪ੍ਰਬੰਧ ਨੂੰ ਮੁੜ ਬਹਾਲ ਕਰਨ ਲਈ ਲਿਓ–ਸ਼ਾਓ–ਚੀ ਅਤੇ ਉਸਦੀ ਜੁੰਡਲੀ ਦੇ ਅਸਫ਼ਲ ਯਤਨਾਂ ਨੇ ਬੁਰਜੂਆ ਜਮਾਤ ਦੇ ਬੁਲਾਰੇ ਦੇ ਰੂਪ 'ਚ ਉਸਦੇ ਸੈਤਾਨੀ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ।

ਮਜ਼ਦੂਰੀ ਪੂੰਜੀਵਾਦ ਦੇ ਲੋਟੂ ਸਬੰਧ ਨੂੰ ਲੁਕਾਉਂਦੀ ਹੈ

ਮਜ਼ਦੂਰੀ ਕਿਰਤ ਦੀ ਕਦਰ ਜਾਂ ਕੀਮਤ ਦਾ ਲੁਕਵਾਂ ਰੂਪ ਹੈ

ਪੂੰਜੀਵਾਦੀ ਸਮਾਜ 'ਚ ਮਜ਼ਦੂਰ ਪੂੰਜੀਪਤੀ ਦੇ ਕਾਰਖਾਨੇ 'ਚ ਖਪਦਾ ਸੀ ਅਤੇ ਪੂੰਜੀਪਤੀ ਤੋਂ ਮਜ਼ਦੂਰੀ ਹਾਸਿਲ ਕਰਦਾ ਸੀ। ਇੱਕ ਦਿਨ ਦੀ ਮੁਸ਼ੱਕਤ ਕਰਨ ਤੋਂ ਬਾਅਦ ਮਜ਼ਦੂਰ ਨੂੰ ਇੱਕ ਦਿਨ ਦੀ ਮਜ਼ਦੂਰੀ ਮਿਲਦੀ ਸੀ। ਪੂਰਾ ਹਫਤਾ ਜਾਨ ਮਾਰਨ ਨਾਲ ਉਸ ਨੂੰ ਹਫ਼ਤੇ ਦੀ ਮਜ਼ਦੂਰੀ ਮਿਲ ਜਾਂਦੀ ਸੀ। ਉਪਰੋਂ ਦੇਖਿਆਂ ਅਜਿਹਾ ਲਗਦਾ ਸੀ ਕਿ ਉਸਦੀ ਪੂਰੀ ਕਿਰਤ ਦੀ ਮਜ਼ਦੂਰੀ ਮਿਲ ਗਈ ਅਤੇ ਇਹ " ਬਰਾਬਰੀ ਦੀ ਵੰਡ" ਸੀ। ਪਰ ਅਸਲ 'ਚ ਮਜ਼ਦੂਰੀ ਪੂੰਜੀਪਤੀ ਦੁਆਰਾ ਮਜ਼ਦੂਰ ਦੀ ਲੁੱਟ ਨੂੰ ਲਕੋਂਦੀ ਸੀ।

ਮਾਰਕਸ ਨੇ ਦੱਸਿਆ ਹੈ, *"ਮਜ਼ਦੂਰੀ ਉਹ ਨਹੀਂ ਹੋ ਜੋ ਉਹ ਨਜ਼ਰ ਆਉਂਦੀ ਹੈ। ਉਹ ਕਿਰਤ ਦੀ ਕਦਰ ਦੀ ਕੀਮਤ ਨਹੀਂ, ਸਗੋਂ ਕਿਰਤ ਸ਼ਕਤੀ ਦੀ ਕਦਰ ਜਾਂ ਕੀਮਤ ਦਾ ਲੁਕਵਾਂ ਰੂਪ ਹੈ"।* (10) ਪੂੰਜੀਪਤੀ ਦੁਆਰਾ ਮਜ਼ਦੂਰੀ ਨੂੰ "ਕਿਰਤ ਦੀ ਕਦਰ ਜਾਂ ਕੀਮਤ" ਦੱਸਣਾ ਸਿਰੇ ਦਾ ਝੂਠ ਹੈ।

ਇਸ ਗੱਲ ਦੀ ਕੁੰਜੀ ਕਿਰਤ ਸ਼ਕਤੀ ਅਤੇ ਕਿਰਤ ਵਿਚਲੇ ਫਰਕ 'ਚ ਸਮੋਈ ਹੋਈ ਹੈ। ਇਹ *''ਰਾਜਨੀਤਕ ਅਰਥ ਸ਼ਾਸਤਰ ਦੇ ਇੱਕ ਬੇਹੱਦ ਮਹੱਤਵਪੂਰਨ ਸਵਾਲ ਨਾਲ ਸਬੰਧਿਤ ਹੈ"*। (11) ਸਰਮਾਏਦਾਰੀ ਪ੍ਰਬੰਧ 'ਚ ਜੋ ਚੀਜ਼ ਜਿਣਸ ਦੇ ਰੂਪ 'ਚ ਖਰੀਦੀ ਵੇਚੀ

ਜਾਂਦੀ ਹੈ ਉਹ ਕਿਰਤ ਨਹੀਂ ਸਗੋਂ ਕਿਰਤ ਸ਼ਕਤੀ ਹੈ।

ਕਿਰਤ ਜਿਣਸ ਕਿਉਂ ਨਹੀਂ ਹੈ ਅਤੇ ਇਸ ਨੂੰ ਖਰੀਦਿਆ ਜਾਂ ਵੇਚਿਆ ਕਿਉਂ ਨਹੀਂ ਜਾ ਸਕਦਾ? ਅਜਿਹਾ ਇਸ ਲਈ ਹੈ ਕਿਉਂਕਿ ਸਭ ਤੋਂ ਪਹਿਲਾਂ ਜੇ ਕਿਰਤ ਇੱਕ ਜਿਣਸ ਹੈ ਤਾਂ ਹੋਰ ਜਿਣਸਾਂ ਵਾਂਗ ਵੇਚੇ ਜਾਣ ਤੋਂ ਪਹਿਲਾਂ ਇਸ ਦਾ ਵਜੂਦ ਹੋਣਾ ਚਾਹੀਦਾ ਹੈ। ਪਰ ਅਸਲ 'ਚ ਕਿਰਤ ਕਿਰਤ ਸ਼ਕਤੀ ਦੀ ਵਰਤੋਂ ਹੈ। ਵੇਚੇ ਜਾਣ ਤੋਂ ਪਹਿਲਾਂ ਇਸ ਦਾ ਵਜੂਦ ਨਹੀਂ ਹੁੰਦਾ ਹੈ। ਇਹ ਵੇਚੇ ਜਾਣ ਤੇ ਕਿਰਤ ਪ੍ਰਕਿਰਿਆ 'ਚ ਸ਼ਾਮਿਲ ਹੋਣ ਤੋਂ ਬਾਅਦ ਹੀ ਵਜੂਦ 'ਚ ਆਉਂਦੀ ਹੈ। ਇਸ ਤੋਂ ਬਿਨਾ ਕਿਰਾਏ 'ਤੇ ਦੇਣ ਤੋਂ ਬਾਅਦ ਮਜ਼ਦੂਰ ਦੀ ਕਿਰਤ 'ਤੇ ਉਸਦਾ ਕੋਈ ਅਧਿਕਾਰ ਨਹੀਂ ਰਹਿੰਦਾ। ਇਸਦੀ ਕਿਰਤ 'ਤੇ ਪੂੰਜੀਪਤੀ ਦਾ ਹੱਕ ਹੁੰਦਾ ਹੈ। ਦੂਜੇ, ਜੇ ਕਿਰਤ ਇੱਕ ਜਿਣਸ ਹੈ ਤਾਂ ਕਦਰ ਦੇ ਨਿਯਮ ਅਨੁਸਾਰ ਇਸਦੀ ਵੰਡ ਬਰਾਬਰ ਕਦਰ 'ਤੇ ਹੋਣੀ ਚਾਹੀਦੀ ਹੈ। ਤੇ ਸਰਮਾਏਦਾਰ ਨੂੰ ਮਜ਼ਦੂਰ ਵਲੋਂ ਸਿਰਜੀ ਪੂਰੀ ਕਦਰ ਨੂੰ ਮਜ਼ਦੂਰ ਦੀ ਮਜ਼ਦੂਰੀ ਅਤੇ ਉਸਦੀ ਕਿਰਤ ਦੇ ਭੁਗਤਾਨ ਦੇ ਰੂਪ 'ਚ ਵਾਪਸ ਦੇਣੀ ਚਾਹੀਦੀ ਹੈ। ਜੇ ਅਜਿਹਾ ਹੋਵੇ ਤਾਂ ਪੂੰਜੀਪਤੀ ਦੀ ਆਮਦਨ ਦਾ ਸਰੋਤ ਖਤਮ ਹੋ ਜਾਵੇਗਾ। ਤੀਜੇ, ਜੇ ਕਿਰਤ ਇੱਕ ਜਿਣਸ ਹੈ, ਤਾਂ ਉਸਦੀ ਕੋਈ ਕਦਰ ਹੋਣੀ ਚਾਹੀਦੀ ਹੈ। ਇਹ ਕਦਰ ਤੈਅ ਕਿਵੇਂ ਹੋਵੇਗੀ? ਅਸੀਂ ਜਾਣਦੇ ਹਾਂ ਕਿ ਸਾਰੀਆਂ ਜਿਣਸਾਂ ਦੀ ਕਦਰ ਉਹਨਾਂ ਅੰਦਰ ਸਮੋਈ ਕਿਰਤ ਦੀ ਕਦਰ ਤੋਂ ਤੈਅ ਹੁੰਦੀ ਹੈ। ਜੇ ਕਿਰਤ ਦੀ ਕਦਰ ਵੀ ਕਿਰਤ ਦੀ ਮਾਤਰਾ ਤੋਂ ਤੈਅ ਕੀਤੀ ਜਾਵੇ ਤਾਂ ਸਿੱਟਾ ਹੋਵੇਗਾ ਕਿਰਤ ਨਾਲ ਹੀ ਕਿਰਤ ਦਾ ਮੁਲਾਂਕਣ ਕਰਨਾ। ਇਹ ਇੱਕ ਤਰਾਂ ਦਾ ਦੁਹਰਾਓ ਹੀ ਹੋਵੇਗਾ।

ਇਸ ਤਰਾਂ ਅਸੀਂ ਦੇਖ ਸਕਦੇ ਹਾਂ ਕਿ ਕਿਰਤ ਜਿਣਸ ਨਹੀਂ ਹੈ। ਇਸਦੀ ਕੋਈ ਕਦਰ ਨਹੀਂ। "ਕਿਰਤ ਦੀ ਕਦਰ ਜਾਂ ਕੀਮਤ" ਜਿਹੀ ਕੋਈ ਚੀਜ਼ ਨਹੀਂ ਹੈ।

ਪੂੰਜੀਵਾਦ ਅਧੀਨ ਪੂੰਜੀਪਤੀ ਮਜ਼ਦੂਰ ਤੋਂ ਕਿਰਤ ਨਹੀਂ ਸਗੋਂ ਕਿਰਤ ਸ਼ਕਤੀ ਖਰੀਦਦਾ ਹੈ। ਪੂੰਜੀਪਤੀ ਵੱਲੋਂ ਮਜ਼ਦੂਰ ਨੂੰ ਦਿੱਤੀ ਗਈ ਮਜਦੂਰੀ ਸਿਰਫ ਕਿਰਤ ਸ਼ਕਤੀ ਦੀ ਕਦਰ ਦੇ ਬਰਾਬਰ ਹੁੰਦੀ ਹੈ। ਕਿਰਤ ਸ਼ਕਤੀ ਦੀ ਕਦਰ ਤੋਂ ਵੱਧ ਮਜ਼ਦੂਰ ਦੀ ਕਿਰਤ ਜੋ ਕੁੱਝ ਪੈਦਾ ਕਰਦੀ ਹੈ ਉਹ ਵਾਫ਼ਰ ਕਦਰ ਹੁੰਦੀ ਹੈ ਜਿਸਨੂੰ ਪੂੰਜੀਪਤੀ ਹੜੱਪ ਲੈਂਦਾ ਹੈ। ਇਸ ਲਈ ਪੂੰਜੀਵਾਦ ਮਜ਼ਦੂਰੀ, ਭਾੜੇ 'ਤੇ ਮਜ਼ਦੂਰ ਲੈਣ ਵਾਲੇ ਪੂੰਜੀਪਤੀ ਅਤੇ ਭਾੜੇ 'ਤੇ ਗਏ ਮਜ਼ਦੂਰਾਂ ਦੇ ਆਪਸੀ ਸਬੰਧਾਂ ਨੂੰ ਦਰਸਾਉਂਦੀ ਹੈ।

ਮਜ਼ਦੂਰ ਦੀ ਅਸਲ ਮਜ਼ਦੂਰੀ ਦੇ ਘਟਦੇ ਜਾਣ ਦਾ ਰੁਝਾਨ

ਪੂੰਜੀਪਤੀ ਆਮ ਤੌਰ 'ਤੇ ਮੁਦਰਾ ਦੇ ਰੂਪ 'ਚ ਮਜ਼ਦੂਰੀ ਦਿੰਦਾ ਹੈ। ਜਦੋਂ ਮਜ਼ਦੂਰ ਆਪਣੀ ਕਿਰਤ ਸ਼ਕਤੀ ਵੇਚਦਾ ਹੈ ਤਾਂ ਉਹ ਕੁੱਝ ਪੈਸੇ ਮੁਦਰਾ ਦੇ ਰੂਪ 'ਚ ਹਾਸਿਲ ਕਰਦਾ ਹੈ। ਮੁਦਰਾ ਦੇ ਰੂਪ 'ਚ ਮਜ਼ਦੂਰੀ ਨੂੰ ਸੰਕੇਤਿਕ ਮਜ਼ਦੂਰੀ ਕਿਹਾ ਜਾਂਦਾ ਹੈ। ਮੁਦਰਾ ਦੀ ਮਾਤਰਾ ਮਜ਼ਦੂਰ ਦੇ ਅਸਲ ਜੀਵਨ ਪੱਧਰ ਨੂੰ ਪ੍ਰਤੀਬਿੰਬਤ ਨਹੀਂ ਕਰਦੀ। ਅਸਲ ਜੀਵਨ ਪੱਧਰ

ਸਿਰਫ ਮੁਦਰਾ ਦੇ ਰੂਪ 'ਚ ਮਿਲੀ ਮਜ਼ਦੂਰੀ ਨਾਲ ਖਰੀਦੇ ਜਾ ਸਕਣ ਵਾਲੇ ਗੁਜਾਰੇ ਦੇ ਸਾਧਨਾਂ ਦੁਆਰਾ ਹੀ ਪ੍ਰਤੀਬਿੰਬਤ ਹੋ ਸਕਦਾ ਹੈ। ਇਹ ਮਜ਼ਦੂਰੀ ਜੋ ਮਜ਼ਦੂਰ ਦਾ ਅਸਲ ਜੀਵਨ ਪੱਧਰ ਪ੍ਰਤੀਬਿੰਬਤ ਕਰਦੀ ਹੈ, ਅਸਲ ਮਜ਼ਦੂਰੀ ਕਹੀ ਜਾ ਸਕਦੀ ਹੈ।

ਸੰਕੇਤਿਕ ਮਜ਼ਦੂਰੀ ਅਤੇ ਅਸਲ ਮਜ਼ਦੂਰੀ ਸਦਾ ਇੱਕ ਹੀ ਨਹੀਂ ਹੁੰਦੀ। ਸੰਕੇਤਿਕ ਮਜ਼ਦੂਰੀ ਦੇ ਸਥਿਰ ਰਹਿੰਦੇ ਵੀ ਅਸਲ ਮਜ਼ਦੂਰੀ ਘਟ ਸਕਦੀ ਹੈ। ਜਦੋਂ ਮੁਦਰਾ ਦੀ ਖਰੀਦ ਸ਼ਕਤੀ ਡਿਗਦੀ ਹੈ ਅਤੇ ਗੁਜ਼ਾਰੇ ਦੇ ਸਾਧਨਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਤਾਂ ਸੰਕੇਤਿਕ ਮਜ਼ਦੂਰੀ ਦੀ ਉਸੇ ਮਾਤਰਾ ਵੱਟੇ ਗੁਜਾਰੇ ਦੇ ਘੱਟ ਸਾਧਨ ਹਾਸਿਲ ਹੋਣ ਲੱਗ ਪੈਂਦੇ ਹਨ। ਇਸ ਤਰ੍ਹਾਂ ਅਸਲ ਮਜ਼ਦੂਰੀ ਘਟ ਜਾਂਦੀ ਹੈ। ਕਦੇ ਕਦੇ ਭਾਵੇਂ ਸੰਕੇਤਿਕ ਮਜ਼ਦੂਰੀ ਜ਼ਰਾ ਵਧਦੀ ਹੈ, ਪਰ ਗੁਜਾਰੇ ਦੇ ਸਾਧਨਾਂ ਦੀ ਕੀਮਤ 'ਚ ਹੋਏ ਵਾਧੇ ਤੋਂ ਘੱਟ ਵਧੀ ਹੋਣ ਕਰਕੇ ਉਦੋਂ ਵੀ ਅਸਲ ਮਜ਼ਦੂਰੀ ਘੱਟ ਹੋ ਜਾਂਦੀ ਹੈ। ਪੂੰਜੀਪਤੀ ਜਮਾਤ ਸਦਾ ਮੁਦਰਾ ਸਫੀਤੀ, ਮਹਿੰਗਾਈ ਅਤੇ ਕਿਰਾਏ ਵਧਾ ਕੇ ਸੰਕੇਤਿਕ ਮਜ਼ਦੂਰੀ ਅਤੇ ਅਸਲ ਮਜ਼ਦੂਰੀ ਦੇ ਫਰਕ ਨੂੰ ਵਧਾਉਣ ਅਤੇ ਮਜ਼ਦੂਰ ਨੂੰ ਲੁੱਟਣ 'ਚ ਲੱਗੀ ਰਹਿੰਦੀ ਹੈ।

ਪੁਰਾਣੇ ਚੀਨ 'ਚ "ਮਜ਼ਦੂਰੀ ਕੱਛੂ ਦੀ ਚਾਲ ਨਾਲ ਵਧਦੀ ਸੀ ਜਦੋਂ ਕਿ ਚੀਜ਼ਾਂ ਦੀਆਂ ਕੀਮਤਾਂ ਗੈਸੀ ਗੁਬਾਰੇ ਵਾਂਗ ਉੱਪਰ ਚੜ੍ਹਦੀਆਂ ਸਨ"। ਆਪਣੀ ਪਿਛਾਖੜੀ ਸੱਤ੍ਹਾ ਨੂੰ ਕਾਇਮ ਰੱਖਣ ਲਈ ਅਤੇ ਲੋਕਾਂ ਨੂੰ ਲੁੱਟਣ ਲਈ ਚਿਆਂਗ (ਕਾਈ-ਸ਼ੇਕ) ਹਕੂਮਤ ਨੇ ਨੋਟ ਛਾਪਣ ਦੀ ਰਫ਼ਤਾਰ ਤੇਜ਼ ਕਰ ਦਿੱਤੀ। 1937 ਤੋਂ1949 ਦੇ ਬਾਰਾਂ ਸਾਲਾਂ ਵਿਚਕਾਰ ਜਾਰੀ ਕੀਤੇ ਗਏ ਨੋਟਾਂ ਦੀ ਗਿਣਤੀ 14000 ਕਰੋੜ ਗੁਣਾ ਅਤੇ ਕੀਮਤ ਸੂਚਕ ਅੰਕ 8,50,000 ਕਰੋੜ ਗੁਣਾ ਵਧ ਗਏ। ਪੁਰਾਣੇ ਚੀਨ 'ਚ ਮਜ਼ਦੂਰ ਨੂੰ ਮੁਦਰਾ ਸਫੀਤੀ ਕਾਰਨ ਬੇਅੰਤ ਦੁੱਖ ਝੱਲਣਾ ਪੈਂਦਾ ਸੀ। ਚਿਆਂਗ ਦੀ ਸੱਤ੍ਹਾ ਦੇ ਪਤਨ ਤੋਂ ਬਿਲਕੁਲ ਪਹਿਲਾਂ ਹਰ ਤਨਖਾਹ ਵਾਲੇ ਦਿਨ "ਚੌਲਾਂ ਦੀ ਕੀਮਤ ਸੜਕ ਪਾਰ ਕਰਦੇ ਕਰਦੇ ਤਿੰਨ ਵਾਰ ਵਧ ਜਾਂਦੀ ਸੀ"। ਪੁਰਾਣੇ ਚੀਨ 'ਚ ਮਜ਼ਦੂਰ ਨੂੰ ਨਾ ਸਿਰਫ ਘੱਟ ਮਜ਼ਦੂਰੀ ਹੀ ਦਿੱਤੀ ਜਾਂਦੀ ਸੀ ਸਗੋਂ ਇਸ ਨਾਲ ਉਹ ਜੋ ਕੁੱਝ ਖਰੀਦ ਸਕਦਾ ਸੀ, ਉਹ ਵੀ ਘੱਟ ਹੁੰਦਾ ਸੀ। ਮਜ਼ਦੂਰੀ ਬੇਹੱਦ ਥੋੜ੍ਹੀ ਸੀ। ਘਰ ਚਲਾਉਣਾ ਤਾਂ ਲਗਭਗ ਅਸੰਭਵ ਸੀ। ਕਦੇ ਕਦੇ ਹੜਤਾਲਾਂ ਤੋਂ ਬਾਅਦ ਸੰਕੇਤਿਕ ਮਜ਼ਦੂਰੀ ਕੁੱਝ ਵਧ ਜਾਂਦੀ ਸੀ, ਪਰ ਕੀਮਤਾਂ ਇਸ ਤੋਂ ਕਿਤੇ ਜਿਆਦਾ ਵਧ ਜਾਂਦੀਆਂ ਸਨ। ਮਜ਼ਦੂਰ ਦੀ ਜ਼ਿੰਦਗੀ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਸੀ। ਸਭ ਤੋਂ ਵੱਧ ਮਾੜੀ ਗੱਲ ਮਕਾਨ ਦੇ ਕਿਰਾਏ ਬਹੁਤ ਜਿਆਦਾ ਸਨ। "ਇੱਕ ਟੁੱਟੇ-ਭੱਜੇ ਛੱਪਰ ਲਈ ਵੀ ਕਮਾਈ ਦਾ ਵੱਡਾ ਹਿੱਸਾ ਖਰਚ ਕਰਨਾ ਪੈਂਦਾ ਸੀ"। ਮਾਰਕਸ ਤੇ ਏਂਗਲਜ਼ ਨੇ ਲਿਖਿਆ ਸੀ,*"ਕਾਰਖਾਨਾ ਮਾਲਕ ਦੀ ਲੁੱਟ ਤੋਂ ਬਾਅਦ ਬੁਰਜੂਆਜ਼ੀ ਦਾ ਇੱਕ ਹੋਰ ਗੁੱਟ-ਮਕਾਨ ਮਾਲਕ, ਹੋਟਲ ਮਾਲਿਕ, ਚੀਜ਼ਾਂ ਗਹਿਣੇ ਰਖਾਉਣ ਵਾਲੇ-ਮਜ਼ਦੂਰ ਦੀ ਮਜ਼ਦੂਰੀ ਚੋਂ ਵਾਰੀ-ਵਾਰੀ ਆਪਣਾ ਹਿੱਸਾ ਹੜੱਪਣ ਲਈ ਉਤਾਵਲੇ ਰਹਿੰਦੇ ਹਨ"।*[(12)]

ਪੂੰਜੀਪਤੀਆਂ ਦੀ ਲੁੱਟ ਵਿਰੁੱਧ ਮਜ਼ਦੂਰ ਜਮਾਤ ਦਾ ਸੰਘਰਸ਼

ਅਸਲ ਮਜ਼ਦੂਰੀ 'ਚ ਗਿਰਾਵਟ ਨੇ ਮਜ਼ਦੂਰਾਂ ਦੀ ਬਹੁਗਿਣਤੀ ਨੂੰ ਭੁੱਖ ਅਤੇ ਬਦਹਾਲੀ ਦੀ ਹਾਲਤ 'ਚ ਧੱਕ ਦਿੱਤਾ। ਸੁਭਾਵਿਕ ਸੀ ਕਿ ਮਜ਼ਦੂਰ ਜਮਾਤ ਪੂੰਜੀਵਾਦੀ ਲੁੱਟ ਦੇ ਵਿਰੁੱਧ ਉੱਠ ਖੜ੍ਹੀ ਹੋਵੇ। ਆਪਣੀ ਜਿੰਦਗੀ ਦੇ ਹੱਕ ਦੀ ਰੱਖਿਆ ਕਰਨ ਅਤੇ ਪੂੰਜੀਵਾਦ ਦੀ ਬੇਤਰਸ ਲੁੱਟ ਦੇ ਵਿਰੋਧ ਲਈ ਮਜ਼ਦੂਰ ਜਮਾਤ ਦੁਆਰਾ ਮਜ਼ਦੂਰੀ ਵਧਾਉਣ ਵਾਸਤੇ ਕੀਤਾ ਗਿਆ ਆਰਥਿਕ ਸੰਘਰਸ਼ ਬਹੁਤ ਮਹੱਤਵਪੂਰਨ ਸੀ। ਕਿਉਂਕਿ ਇਸ ਨੇ ਨਾ ਸਿਰਫ ਅਸਲ ਮਜ਼ਦੂਰੀ 'ਚ ਗਿਰਾਵਟ ਨੂੰ ਟਾਲਿਆ ਸਗੋਂ ਇਸ ਨੇ ਮਜ਼ਦੂਰ ਜਮਾਤ ਦੀ ਏਕਤਾ ਨੂੰ ਮਜ਼ਬੂਤ ਕੀਤਾ, ਉਹਨਾਂ ਦੀ ਜਮਾਤੀ ਚੇਤਨਾ ਨੂੰ ਉੱਨਤ ਕੀਤਾ ਅਤੇ ਉਹਨਾਂ ਦੀ ਜੁਝਾਰੂ ਭਾਵਨਾ ਨੂੰ ਬਲ ਬਖਸ਼ਿਆ। ਪਰ ਆਰਥਿਕ ਸੰਘਰਸ਼ਾਂ ਦੇ ਮਹੱਤਵ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਮਾਰਕਸ ਨੇ ਦੱਸਿਆ ਸੀ ਕਿ ਮਜ਼ਦੂਰ ਜਮਾਤ ਨੂੰ *"ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਨਿੱਤ ਦੇ ਸੰਘਰਸ਼ ਵਿੱਚ ਉਹ ਸਿਰਫ ਇਸ ਪ੍ਰਭਾਵਾਂ ਦਾ ਵਿਰੋਧ ਕਰ ਰਹੇ ਹਨ, ਇਹਨਾਂ ਪ੍ਰਭਾਵਾਂ ਨੂੰ ਪੈਦਾ ਕਰਨ ਵਾਲੇ ਕਾਰਨਾਂ ਦਾ ਨਹੀਂ, ਉਹ ਸਿਰਫ ਹੇਠਾਂ ਆਉਣ ਦੀ ਰੁਝਾਨ ਨੂੰ ਟਾਲ ਰਹੇ ਹਨ ਇਸ ਰੁਝਾਨ ਦੀ ਦਿਸ਼ਾ ਮੋੜ ਰਹੇ, ਉਹ ਸਿਰਫ ਲੱਛਣਾ ਨੂੰ ਦਬਾ ਰਹੇ ਹਨ, ਬਿਮਾਰੀ ਦਾ ਇਲਾਜ ਨਹੀਂ ਕਰ ਰਹੇ।"*[13] ਇਸ ਲਈ ਜੇ ਮਜ਼ਦੂਰ ਜਮਾਤ ਨੂੰ ਪੂਰਾ ਹੱਲ ਚਾਹੀਦਾ ਹੈ ਤਾਂ ਉਹ ਆਪਣੇ ਆਪ ਨੂੰ ਆਰਥਿਕ ਲੜਾਈਆਂ ਤੱਕ ਸੀਮਤ ਨਹੀਂ ਰੱਖ ਸਕਦੀ, ਉਸ ਨੂੰ ਆਰਥਿਕ ਸੰਘਰਸ਼ਾਂ ਤੋਂ ਸਿਆਸੀ ਸੰਘਰਸ਼ਾਂ ਤੱਕ ਵਧਣਾ ਹੋਵੇਗਾ। ਬੁਰਜੂਆਜ਼ੀ ਦੀ ਪਿਛਾਖੜੀ ਹਕੂਮਤ ਨੂੰ ਉਖਾੜ ਸੁੱਟਣਾ ਹੋਵੇਗਾ ਅਤੇ ਪੂੰਜੀਵਾਦੀ ਲੋਟੂ ਪ੍ਰਬੰਧ ਨੂੰ ਤਬਾਹ ਕਰ ਦੇਣਾ ਹੋਵੇਗਾ।

ਪਰ ਹਰ ਰੰਗ ਦੇ ਝੋਲੀ ਚੱਕਾਂ ਨੇ ਦਲੀਲ ਦਿੱਤੀ ਕਿ ਆਰਥਿਕ ਲੜਾਈਆਂ 'ਚ ਲੱਗੇ ਰਹਿਣਾ ਹੀ ਜ਼ਰੂਰੀ ਹੈ। ਉਹਨਾਂ ਵੱਲੋਂ ਫੈਲਾਏ ਗਏ ਭੁਲੇਖਿਆਂ ਅਨੁਸਾਰ ਮਜ਼ਦੂਰ ਜਮਾਤ ਨੂੰ ਹਿੰਸਕ ਇਨਕਲਾਬ ਰਾਹੀਂ ਸਿਆਸੀ ਸੱਤ੍ਹਾ 'ਤੇ ਕਬਜਾ ਕਰਨ ਅਤੇ ਪੂੰਜੀਵਾਦੀ ਪ੍ਰਬੰਧ ਨੂੰ ਤਬਾਹ ਕਰਨ ਦੀ ਕੋਈ ਲੋੜ ਨਹੀਂ। ਉਸਨੂੰ ਮਜ਼ਦੂਰੀ 'ਚ ਕੁੱਝ ਵਾਧਾ ਅਤੇ ਕੰਮ ਦੀਆਂ ਹਾਲਤਾਂ 'ਚ ਕੁੱਲ ਸੁਧਾਰ 'ਤੇ ਹੀ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ। ਮੁੱਠੀ ਭਰ ਟੋਡੀਆਂ ਦੁਆਰਾ ਫੈਲਾਏ ਗਏ ਇਹਨਾਂ ਭੁਲੇਖਿਆਂ ਦਾ ਉਦੇਸ਼ ਪ੍ਰੋਲੇਤਾਰੀ ਇਨਕਲਾਬੀ ਘੋਲ਼ ਨੂੰ ਭਟਕਾ ਕੇ ਬੁਰਜੂਆ ਸੁਧਾਰਵਾਦ ਦੇ ਰਾਹ 'ਤੇ ਲੈ ਆਉਣਾ ਸੀ। ਉਹ ਚਾਹੁੰਦੇ ਸਨ ਕਿ ਮਜ਼ਦੂਰ ਜਮਾਤ ਸਦਾ ਸਰਮਾਏਦਾਰਾਂ ਦੀ ਭਾੜੇ ਦੀ ਗੁਲਾਮ ਬਣੀ ਰਹੇ। "ਮਜ਼ਦੂਰਾਂ ਨੂੰ ਇਸ ਪੁਰਾਤਨ ਪੰਥੀ ਨਾਅਰੇ 'ਤੇ ਨਹੀਂ ਚੱਲਣਾ ਚਾਹੀਦਾ ਪੂਰੇ ਦਿਨ ਦੇ ਕੰਮ ਬਦਲੇ ਪੂਰੇ ਦਿਨ ਦੀ ਮਜ਼ਦੂਰੀ"। ਉਹਨਾਂ ਨੂੰ ਆਪਣੇ ਝੰਡੇ 'ਤੇ ਇਹ ਇਨਕਲਾਬੀ ਨਾਅਰਾ ਲਿਖਣਾ ਚਾਹੀਦਾ ਹੈ—*"ਭਾੜੇ ਦੀ ਕਿਰਤ ਦੇ ਪ੍ਰਬੰਧ ਦਾ ਅੰਤ ਕਰੋ।"*[14]

ਪ੍ਰਮੁੱਖ ਅਧਿਐਨ ਸਮੱਗਰੀ:-

ਮਾਰਕਸ, ਪੂੰਜੀ, ਭਾਗ 1, ਅਧਿਆਇ 4,5,10,17,

ਮਾਰਕਸ, ਉਜਰਤੀ ਕਿਰਤ ਅਤੇ ਪੂੰਜੀ

ਮਾਰਕਸ, ਮਜ਼ਦੂਰੀ, ਕੀਮਤ ਅਤੇ ਮੁਨਾਫਾ

ਮਾਓ, "ਚੀਨੀ ਸਮਾਜ 'ਚ ਜਮਾਤਾਂ ਦਾ ਵਿਸ਼ਲੇਸ਼ਣ"

ਮਾਓ, "ਚੀਨੀ ਇਨਕਲਾਬ ਅਤੇ ਚੀਨੀ ਕਮਿਊਨਿਸਟ ਪਾਰਟੀ " ਅਧਿਆਇ 1, ਭਾਗ 3, ਅਧਿਆਇ 2, ਭਾਗ 4

ਪੜਚੋਲ ਲਈ ਪ੍ਰਸ਼ਨ:

1. ਵਾਫ਼ਰ ਕਦਰ ਕਿਵੇਂ ਪੈਦਾ ਹੁੰਦੀ ਹੈ ? ਇਹ ਕਿਉਂ ਕਿਹਾ ਜਾਂਦਾ ਹੈ ਕਿ ਵਾਫ਼ਰ ਕਦਰ ਦੀ ਪੈਦਾਵਾਰ ਪੂੰਜੀਵਾਦੀ ਪੈਦਾਵਾਰ ਦੀ ਪ੍ਰਕਿਰਤੀ ਹੈ ?
2. ਪੂੰਜੀਪਤੀ ਮਜ਼ਦੂਰ ਦੀ ਲੁੱਟ ਅਤੇ ਜ਼ਬਰ ਲਈ ਕੀ ਤਰੀਕੇ ਅਪਣਾਉਂਦਾ ਹੈ ?
3. ਇਹ ਕਿਉਂ ਕਿਹਾ ਜਾਂਦਾ ਹੈ ਕਿ ਪੂੰਜੀਵਾਦੀ ਮਜ਼ਦੂਰੀ ਸਿਰਫ ਕਿਰਤ ਸਕਤੀ ਦੀ ਕਦਰ ਜਾਂ ਕੀਮਤ ਦਾ ਲੁਕਵਾਂ ਰੂਪ ਹੈ ?
4. ਮਾਰਕਸ ਦੇ ਵਾਫ਼ਰ ਕਦਰ ਦੇ ਸਿਧਾਂਤ ਦੀ ਸਮਝ ਹਾਸਿਲ ਕਰਨਾ ਕਿਉਂ ਜਰੂਰੀ ਹੈ ? ਮਾਰਕਸ ਦੇ ਵਾਫ਼ਰ ਕਦਰ ਦੀ ਵਰਤੋਂ ਅਸੀਂ ਲਿਓ-ਸ਼ਾਓ ਚੀ ਅਤੇ ਉਸਦੀ ਜੁੰਡਲੀ ਦੇ ਇਸ ਨਜ਼ਰੀਏ ਦੀ ਅਲੋਚਨਾ ਲਈ ਕਿਵੇਂ ਕਰਾਂਗੇ ਕਿ "ਲੁੱਟ ਦੇ ਆਪਣੇ ਫਾਇਦੇ ਹਨ" ?

ਨੋਟਸ :

1. ਮਾਰਕਸ, ਪੂੰਜੀ, ਭਾਗ1, ਮਾਰਕਸ ਏਂਗਲਜ਼ ਸਮੁੱਚੀਆਂ ਲਿਖਤਾਂ, ਭਾਗ 23, ਪੰਨਾ-219.
2. ਉਹੀ
3. ਉਹੀ
4. ਮਾਰਕਸ, ਉਜ਼ਰਤੀ ਕਿਰਤ ਅਤੇ ਪੂੰਜੀ, ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ, ਭਾਗ 3, ਚੀਨੀ ਐਡੀਸ਼ਨ,1972, ਪੰਨਾ-17.
5. ਮਾਰਕਸ, ਪੂੰਜੀ ਭਾਗ 1, ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ, ਭਾਗ 23, ਪੰਨਾ-679.
6. ਮਾਰਕਸ, ਪੂੰਜੀ, ਭਾਗ 3, ਚੀਨੀ ਐਡੀਸ਼ਨ 1966 , ਪੰਨਾ-280.
7. ਉਹੀ, ਪੰਨਾ-325.
8. ਮਾਰਕਸ, ਪੂੰਜੀ ਭਾਗ 1, ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ, ਭਾਗ 23, ਪੰਨਾ-578.

9. ਉਹੀ, ਪੰਨਾ-325.

10. ਮਾਰਕਸ, ਗੋਥਾ ਪ੍ਰੋਗਰਾਮ ਦੀ ਅਲੋਚਨਾ, ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਲਿਖਤਾਂ, ਭਾਗ 3 , ਚੀਨੀ ਐਡੀਸ਼ਨ , 1972, ਪੰਨਾ-17.

11. ਏਂਗਲਜ਼, "ਉਜਰਤੀ ਕਿਰਤ ਅਤੇ ਪੂੰਜੀ ਦੀ ਭੂਮਿਕਾ", ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਕਿਰਤਾਂ, ਭਾਗ 1 , ਚੀਨੀ ਐਡੀਸ਼ਨ, 1972, ਪੰਨਾ-341

12. ਕਮਿਊਨਿਸਟ ਮੈਨੀਫੈਸਟੋ, ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਲਿਖਤਾਂ, ਭਾਗ 1, ਚੀਨੀ ਐਡੀਸ਼ਨ 1972, ਪੰਨਾ-258, 259.

13, ਮਾਰਕਸ, ਮਜ਼ਦੂਰੀ, ਕੀਮਤ ਤੇ ਮੁਨਾਫਾ, ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਲਿਖਤਾਂ ਭਾਗ 2 , ਚੀਨੀ ਐਡੀਸ਼ਨ, 1972, ਪੰਨਾ-253.

14. ਉਹੀ, ਪੰਨਾ-203-204

* * * * * * * * * * *

5

ਪੂੰਜੀਵਾਦੀ ਸਮਾਜ ਵਿੱਚ ਅਮੀਰ ਅਤੇ ਗਰੀਬ ਵਿਚਕਾਰ ਵਧ ਰਿਹਾ ਪਾੜਾ

ਪੂੰਜੀ ਸੰਗ੍ਰਹਿ ਅਤੇ ਮਜ਼ਦੂਰ ਜਮਾਤ ਦਾ ਕੰਗਾਲੀਕਰਨ

ਪੂੰਜੀਪਤੀ ਨਿਰਪੇਖ ਦੇ ਨਾਲ ਸਾਪੇਖ ਵਾਧੂ ਕਦਰ ਹੜੱਪਣ ਲਈ ਅਤੇ ਵੱਡੇ ਪੱਧਰ 'ਤੇ ਮਜ਼ਦੂਰਾਂ ਦੀ ਲੁੱਟ ਅਤੇ ਜ਼ਬਰ ਕਰਨ ਲਈ ਇਸ ਕਦਰ ਨੂੰ ਪੂੰਜੀ ਵਿੱਚ ਵਟਾਉਣ ਦੀ ਆਪਣੀ ਪੂਰੀ ਵਾਹ ਲਾਉਂਦਾ ਹੈ। ਵਾਧੂ ਕਦਰ ਦੀ ਪੂੰਜੀ 'ਚ ਹੋਣ ਵਾਲੀ ਇਸ ਤਬਦੀਲੀ ਦੇ ਅਮਲ ਨੂੰ ਹੀ ਪੂੰਜੀ ਸੰਗ੍ਰਹਿ ਕਿਹਾ ਜਾਂਦਾ ਹੈ। ਪੂੰਜੀ ਸੰਗ੍ਰਹਿ ਦਾ ਵਿਸ਼ਲੇਸ਼ਣ ਹੀ ਸਾਨੂੰ ਇਹ ਸਪੱਸ਼ਟ ਕਰਦਾ ਹੈ ਕਿ ਕਿਉਂ ਪੁਰਾਣੇ ਸਮਾਜ ਦਾ ਵਿਹਲੜ ਪੂੰਜੀਪਤੀ ਅਮੀਰ ਹੁੰਦਾ ਗਿਆ ਅਤੇ ਮੁਸ਼ੱਕਤ ਕਰਨ ਵਾਲੇ ਕਮਾਊ ਲੋਕਾਂ ਦੀ ਜੂਨ ਬਦ ਤੋਂ ਬਦਤਰ ਹੁੰਦੀ ਗਈ। ਇਹ ਸਾਨੂੰ ਇਸ ਗੱਲ ਨੂੰ ਵੀ ਸਮਝਣ 'ਚ ਮਦਦ ਕਰਦਾ ਹੈ ਕਿ ਲੁਟੇਰਿਆਂ ਦੀ ਜਾਇਦਾਦ ਤੋਂ ਬੇਦਖਲੀ, ਪੂੰਜੀਵਾਦ ਦੇ ਅੰਤ ਅਤੇ ਸਮਾਜਵਾਦ ਦੀ ਅਟੱਲ ਫਤੇਹ ਨੂੰ ਕਿਸੇ ਵੀ ਪਿਛਾਖੜੀ ਤਾਕਤ ਵੱਲੋਂ ਕਿਉਂ ਰੋਕਿਆ ਨਹੀਂ ਜਾ ਸਕਦਾ ਅਤੇ ਦੁਸ਼ਟ ਪੂੰਜੀਵਾਦੀ ਪ੍ਰਬੰਧ ਦਾ ਤਖਤਾ ਪਲਟਣਾ ਮਜ਼ਦੂਰ ਜਮਾਤ ਦਾ ਮਹਾਨ ਇਤਿਹਾਸਕ ਮਿਸ਼ਨ ਕਿਉਂ ਹੈ ?

ਪੂੰਜੀ ਸੰਗ੍ਰਹਿ ਮਜ਼ਦੂਰਾਂ ਦੀ ਲੁੱਟ ਨੂੰ ਵਧਾਉਂਦਾ ਹੈ

ਪੂੰਜੀਵਾਦੀ ਮੁੜ-ਪੈਦਾਵਾਰ ਦਾ ਵਿਸ਼ਲੇਸ਼ਣ ਕਰੋ ਅਤੇ ਪੂੰਜੀਪਤੀ ਵਲੋਂ ਮਜ਼ਦੂਰਾਂ ਨੂੰ ਪਾਲਣ-ਪੋਸ਼ਣ ਦੇ ਝੂਠ ਦਾ ਭਾਂਡਾ ਭੰਨੋ

ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਸਰਮਾਏਦਾਰ ਵਲੋਂ ਹੜੱਪੀ ਗਈ ਵਾਫਰ ਕਦਰ ਨੂੰ ਪੂੰਜੀ ਵਿੱਚ ਵਟਾਉਣ ਨੂੰ ਹੀ ਪੂੰਜੀ ਸੰਗ੍ਰਹਿ ਕਹਿੰਦੇ ਹਨ। ਪੂੰਜੀ ਸੰਗ੍ਰਹਿ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਆਉ ਦੇਖੀਏ ਕਿ ਜੇ ਸਰਮਾਏਦਾਰ ਹੜੱਪੀ ਹੋਈ ਵਾਫਰ ਕਦਰ ਨੂੰ ਪੂੰਜੀ ਵਿੱਚ ਨਾ ਵਟਾ ਕੇ ਇਹ ਸਾਰੀ ਆਪਣੇ ਉੱਪਰ ਖਰਚ ਕਰ ਲਵੇ, ਤਾਂ ਕੀ ਹੋਵੇਗਾ। ਇਸ ਵਿੱਚ ਸਰਮਾਏਦਾਰ ਦੀ ਪੈਦਾਵਾਰ ਵਿਸਤਾਰਿਤ ਨਹੀਂ ਹੋ ਸਕਦੀ। ਉਹ ਮਹਿਜ ਪੂੰਜੀਵਾਦੀ ਸਧਾਰਨ ਮੁੜ-ਪੈਦਾਵਾਰ ਹੀ ਜਾਰੀ ਰੱਖ ਸਕੇਗਾ।

ਮੰਨ ਲਓ ਕਿ ਇੱਕ ਪੂੰਜੀਪਤੀ ਨੇ ਦਸ ਹਜਾਰ ਯੁਆਨ ਨਾਲ ਇੱਕ ਕਾਰਖਾਨਾ

ਸੁਰੂ ਕੀਤਾ ਸੀ ਜਿੰਨਾ ਵਿੱਚੋਂ ਅੱਠ ਹਜਾਰ ਯੁਆਨ ਕਾਰਖਾਨੇ ਦੀ ਇਮਾਰਤ, ਕੱਚੇ ਮਾਲ ਅਤੇ ਮਸ਼ੀਨਾਂ ਉੱਪਰ ਖਰਚ ਕਰ ਦਿੱਤੇ ਸਨ (ਉਦਾਹਰਣ ਨੂੰ ਸੌਖਾ ਬਣਾਉਣ ਲਈ, ਮੰਨ ਲਓ ਕਿ ਇਹ ਅੱਠ ਹਜਾਰ ਕੀਮਤ ਦੇ ਸਾਧਨ ਆਪਣੀ ਸਮੁੱਚੀ ਕਦਰ ਉਤਪਾਦਾਂ ਵਿੱਚ ਦਾਖਲ ਕਰਨ ਕਰਕੇ ਇੱਕ ਸਾਲ ਵਿੱਚ ਪੂਰੀ ਤਰ੍ਹਾਂ ਖਤਮ ਹੋ ਜਾਂਦੇ ਹਨ) ਅਤੇ ਬਚਦੇ ਦੋ ਹਜਾਰ ਯੁਆਨ ਕਿਰਤ ਸ਼ਕਤੀ ਨੂੰ ਖਰੀਦਣ ਲਈ ਵਰਤੇ ਗਏ ਸਨ। ਇਹ ਵੀ ਮੰਨ ਲਉ ਕਿ ਵਾਫ਼ਰ ਕਦਰ ਨਿਚੋੜਨ ਦੀ ਦਰ ਸੌ ਪ੍ਰਤੀਸ਼ਤ ਸੀ। ਹੁਣ ਸਲਾਨਾ ਉਤਪਾਦਾਂ ਦੀ ਕੁੱਲ ਕਦਰ ਬਰਾਬਰ ਹੋਏਗੀ 8000ਸੀ+2000ਵੀ+2000ਐੱਮ=12000 ਯੁਆਨ। ਜਿਸ ਵਿੱਚੋਂ 2000 ਯੁਆਨ ਵਾਫ਼ਰ ਕਦਰ ਹੋਏਗੀ। ਜੇ ਪੂੰਜੀਪਤੀ ਵਾਫ਼ਰ ਕਦਰ ਵਾਲੇ 2000 ਯੁਆਨ ਆਪਣੇ ਤੇ ਆਪਣੇ ਆਸ਼ਰਿਤਾ ਦੀ ਐਸ਼-ਪ੍ਰਸਤੀ ਉੱਪਰ ਹੀ ਰੋੜ੍ਹ ਦੇਵੇ ਤਾਂ ਅਗਲੇ ਸਾਲ ਦੇ ਸ਼ੁਰੂ ਵਿੱਚ ਵੀ ਪੂੰਜੀਪਤੀ ਕੋਲ ਉਹੀ 8000ਸੀ+2000ਵੀ=10,000 ਯੁਆਨ ਦੀ ਪੂੰਜੀ ਹੋਵੇਗੀ। ਜੇ ਵਾਫ਼ਰ ਕਦਰ ਹੜੱਪਣ ਦੀ ਦਰ ਵਿੱਚ ਕੋਈ ਤਬਦੀਲੀ ਨਾ ਹੋਵੇ ਤਾਂ ਅਗਲੇ ਸਾਲ ਪੈਦਾ ਹੋਏ ਕੁੱਲ ਉਤਪਾਦ ਦੀ ਕੁੱਲ ਕਦਰ ਫਿਰ ਉਹੀ 8000ਸੀ+2000ਵੀ+2000ਐੱਮ=12000 ਯੁਆਨ ਦੀ ਹੋਏਗੀ। ਮੁੜ ਪੈਦਾਵਾਰ ਦੀ ਪ੍ਰਕ੍ਰਿਆ ਦੌਰਾਨ, ਕੰਮ ਸ਼ੁਰੂਆਤੀ ਪੱਧਰ ’ਤੇ ਹੀ ਖੜ੍ਹਾ ਉਸੇ ਪੈਮਾਨੇ ’ਤੇ ਚਲਦਾ ਰਿਹਾ। ਆਪਣੇ ਸ਼ੁਰੂਆਤੀ ਪੱਧਰ ’ਤੇ ਹੀ ਖੜ੍ਹੀ ਰਹਿਣ ਵਾਲੀ ਮੁੜ ਪੈਦਾਵਾਰ ਦੀ ਇਸ ਪ੍ਰਕਿਰਿਆ ਨੂੰ ਸਧਾਰਨ ਮੁੜ ਪੈਦਾਵਾਰ ਕਿਹਾ ਜਾਂਦਾ ਹੈ।

ਸਧਾਰਨ ਪੂੰਜੀਵਾਦੀ ਮੁੜ-ਪੈਦਾਵਾਰ ਕੀ ਦਿਖਾਉਂਦੀ ਹੈ ?

ਸਭ ਤੋਂ ਪਹਿਲਾਂ ਇਹ ਕਿ ਅਸੀਂ ਹੁਣ ਸਪੱਸ਼ਟ ਦੇਖਦੇ ਹਾਂ ਕਿ ਪੂੰਜੀਵਾਦੀ ਸਮਾਜ ਵਿੱਚ ਕੌਣ ਕਿਸਦਾ ਭਾਰ ਉਠਾਉਂਦਾ ਹੈ ? ਜੇ ਅਸੀਂ ਇਸ ਨੂੰ ਇਕਹਰੀ ਪੈਦਾਵਾਰੀ ਪ੍ਰਕਿਰਿਆ ਵਜੋਂ ਦੇਖਾਂਗੇ ਤਾਂ ਇਵੇਂ ਲੱਗੇਗਾ ਜਿਵੇਂ ਕਿ ਪੂੰਜੀਪਤੀ ਆਪਣੀ ਪੂੰਜੀ ਦਾ ਇੱਕ ਹਿੱਸਾ ਮਜਦੂਰਾਂ ਦੀਆਂ ਤਨਖਾਹਾਂ ਲਈ ਖੈਰਾਤ ਵਜੋਂ ਦਿੰਦਾ ਹੋਵੇ। ਪੂੰਜੀਪਤੀ ਇਸਨੂੰ ਬਿਲਕੁਲ ਇਸੇ ਤਰ੍ਹਾਂ ਹੀ ਪੇਸ਼ ਕਰਦਾ ਹੈ। ਪਰ ਜੇ ਅਸੀਂ ਇਸ ਸਾਰੇ ਕਾਸੇ ਨੂੰ ਮੁੜ ਪੈਦਾਵਾਰ ਦੀ ਪ੍ਰਕਿਰਿਆ ਤੋਂ ਵੱਖ ਕਰ ਦੇਈਏ ਤਾਂ ਪੂੰਜੀਪਤੀ ਦਾ ਇਹ ਝੂਠ ਪੈਂਦੀ ਸੱਟੇ ਨੰਗਾ ਹੋ ਜਾਂਦਾ ਹੈ। ਤਨਖਾਹ, ਪੈਦਾਵਾਰੀ ਪ੍ਰਕਿਰਿਆ ਦੌਰਾਨ ਖੁਦ ਮਜ਼ਦੂਰ ਵਲੋਂ ਸਿਰਜੀ ਗਈ ਕਦਰ ਦਾ ਹੀ ਮਹਿਜ ਇੱਕ ਹਿੱਸਾ ਹੁੰਦੀ ਹੈ। ਮਜ਼ਦੂਰ ਵਲੋਂ ਸਿਰਜੀ ਗਈ ਇਸ ਨਵੀਂ ਕਦਰ ਅੰਦਰ ਨਾ ਸਿਰਫ ਖੁਦ ਮਜ਼ਦੂਰ ਦੇ ਗੁਜਾਰੇ ਲਈ ਅਤੇ ਕਿਰਤ ਸ਼ਕਤੀ ਦੀ ਮੁੜ ਪੈਦਾਵਾਰ ਲਈ ਲੋੜੀਂਦੀ ਕਦਰ ਹੀ ਹੁੰਦੀ ਹੈ ਸਗੋਂ ਪੂੰਜੀਪਤੀ ਦੇ ਪਾਲਣ ਪੋਸ਼ਣ ਅਤੇ ਉਸਦੇ ਖਰਚੀਲੇ ਜੀਵਨ ਲਈ ਲੋੜੀਂਦੀ ਵਾਧੂ ਕਦਰ ਵੀ ਹੁੰਦੀ ਹੈ। ਇਸ ਲਈ ਪੂੰਜੀਪਤੀ ਮਜ਼ਦੂਰ ਦਾ ਟੱਬਰ ਨਹੀਂ ਪਾਲਦਾ ਸਗੋਂ ਇਸਦੇ ਉਲਟ ਮਜ਼ਦੂਰ ਪੂੰਜੀਪਤੀ ਦਾ ਟੱਬਰ ਪਾਲਦਾ ਹੈ। ਦੂਸਰਾ, ਸਧਾਰਨ ਮੁੜ ਪੈਦਾਵਾਰ ਦੀ ਪ੍ਰਕਿਰਿਆ ਤੋਂ ਅਸੀਂ ਦੇਖ ਸਕਦੇ ਹਾਂ ਕਿ ਸਿਰਫ ਵਾਫ਼ਰ ਕਦਰ ਹੀ ਪੂੰਜੀ ਵਿੱਚ ਵਟਦੀ ਹੈ।ਆਪਣੀ ਪਹਿਲੀ ਉਦਾਹਰਣ ਨੂੰ ਹੀ ਮੁੜ ਦੇਖੀਏ ਜਿਸ ਵਿੱਚ ਇਸ ਪੂੰਜੀਪਤੀ ਨੇ 10,000 ਯੁਆਨ ਨਾਲ ਕੰਮ ਸ਼ੁਰੂ ਕੀਤਾ ਸੀ ਅਤੇ 2000 ਯੁਆਨ ਆਪਣੇ ਨਿੱਜੀ ਖਰਚੇ ਲਈ ਵਰਤ ਲਏ। ਇਸ ਤਰ੍ਹਾਂ ਪੰਜ ਸਾਲ ਬਾਅਦ ਉਸਦੀ ਸ਼ੁਰੂਆਤੀ ਪੂੰਜੀ ਖਤਮ ਹੋ ਚੁੱਕੀ ਹੋਣੀ ਚਾਹੀਦੀ ਸੀ। ਪਰ ਸਧਾਰਨ ਮੁੜ ਪੈਦਾਵਾਰ ਵਿੱਚ ਆਪਣੀ ਪੂੰਜੀ ਲਾਉਣ ਕਰਕੇ ਹੀ

ਉਸਦੇ ਕੋਲ ਪੰਜ ਸਾਲਾਂ ਬਾਅਦ ਵੀ 10000 ਯੁਆਨ ਪੂੰਜੀ ਬਚੀ ਰਹਿੰਦੀ ਹੈ। ਹੁਣ ਇਹ 10,000 ਯੁਆਨ ਉਹ ਨਹੀਂ ਹਨ ਜਿੰਨਾਂ ਨਾਲ ਉਸਨੇ ਆਪਣਾ ਕਾਰਖਾਨਾ ਲਗਾਇਆ ਸੀ ਸਗੋਂ ਇਹ ਉਸ ਵੱਲੋਂ ਲਗਾਤਾਰ ਪੰਜ ਸਾਲ ਹੜੱਪੀ ਗਈ ਵਾਫ਼ਰ ਕਦਰ ਦਾ ਹੀ ਜਮ੍ਹਾਂ ਜੋੜ ਹੈ। ਮਾਰਕਸ ਕਹਿੰਦੇ ਹਨ, *''ਪੂੰਜੀ ਸੰਗ੍ਰਹਿ ਨੂੰ ਬਿਲਕੁਲ ਹੀ ਛੱਡ ਦੇਈਏ, ਪੈਦਾਵਾਰੀ ਪ੍ਰਕਿਰਿਆ ਦੀ ਮਹਿਜ ਲਗਾਤਾਰਤਾ ਹੀ ਜਾਂ ਸਧਾਰਨ ਮੁੜ ਪੈਦਾਵਾਰ ਹੀ ਦੇਰ-ਸਵੇਰ ਕਿਸੇ ਵੀ ਸਰਮਾਏ ਨੂੰ ਸੰਗ੍ਰਹਿਤ ਪੂੰਜੀ ਵਿੱਚ ਜਾਂ ਪੂੰਜੀ ਵਿੱਚ ਵਟੀ ਹੋਈ ਵਾਫ਼ਰ ਕਦਰ ਵਿੱਚ ਤਬਦੀਲ ਕਰ ਦਿੰਦਾ ਹੈ''।*(1)

ਕਿਉਂਕਿ ਪੂੰਜੀਪਤੀ ਦੀ ਪੂੰਜੀ ਮਜ਼ਦੂਰ ਵਲੋਂ ਸਿਰਜੀ ਗਈ ਵਾਫ਼ਰ ਕਦਰ ਦਾ ਹੀ ਇੱਕ ਰੂਪ ਹੈ ਇਸ ਲਈ ਇਹ ਬਿਲਕੁਲ ਵਾਜਬ ਹੈ ਕਿ ਮਜ਼ਦੂਰ ਜਮਾਤ ਵਲੋਂ ਸਿਆਸੀ ਸੱਤ੍ਹਾ ਹਥਿਆ ਲਏ ਜਾਣ ਉਪਰੰਤ ਪੂੰਜੀਪਤੀਆਂ ਕੋਲੋਂ ਜਬਤ ਕੀਤੇ ਗਏ ਪੈਦਾਵਾਰ ਦੇ ਸਾਧਨਾਂ ਦੀ ਮਾਲਕ ਮਜ਼ਦੂਰਾਂ ਦੀ ਸਰਕਾਰ ਬਣੇ। ਇਹ ਮਹਿਜ ਮਜ਼ਦੂਰ ਜਮਾਤ ਦੇ ਪੁਰਖਿਆਂ ਦੀ ਕਿਰਤ ਨਾਲ ਸਿਰਜੀ ਗਈ ਧਨ-ਦੌਲਤ ਨੂੰ ਵਾਪਸ ਲੈਣਾ ਹੀ ਹੋਵੇਗਾ।

ਅਖੀਰ ਵਿੱਚ, ਸਧਾਰਨ ਮੁੜ-ਪੈਦਾਵਾਰ ਦੀ ਪ੍ਰਕਿਰਿਆ ਤੋਂ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਪੂੰਜੀਵਾਦੀ ਢੰਗ ਦੀ ਮੁੜ-ਪੈਦਾਵਾਰ ਨਾ ਸਿਰਫ ਅਲੱਗ ਅਲੱਗ ਕਿਸਮ ਦੀਆਂ ਜਿਣਸਾਂ ਦੀ ਹੀ ਮੁੜ-ਪੈਦਾਵਾਰ ਕਰਦੀ ਹੈ ਸਗੋਂ ਪੂੰਜੀਵਾਦੀ ਪੈਦਾਵਾਰੀ ਸਬੰਧ ਵੀ ਮੁੜ-ਮੁੜ ਪੈਦਾ ਕਰਦੀ ਰਹਿੰਦੀ ਹੈ। ਪੈਦਾਵਾਰੀ ਪ੍ਰਕਿਰਿਆ ਦੇ ਖਤਮ ਹੋਣ ਉਪਰੰਤ ਮਜ਼ਦੂਰ ਫਿਰ ਇੱਕ ਨੰਗ ਮਲੰਗ ਭਾੜੇ ਦਾ ਕਾਮਾ ਹੁੰਦਾ ਹੈ ਅਤੇ ਪੂੰਜੀਪਤੀ ਹੁਣ ਵੀ ਮਜ਼ਦੂਰਾਂ ਦੀ ਲੁੱਟ ਕਰਨ ਦੇ ਸਾਰੇ ਸੰਦਾਂ ਦਾ ਮਾਲਕ।

ਪੂੰਜੀਪਤੀ ਹੋਰ ਜਿਆਦਾ ਵਾਫ਼ਰ ਕਦਰ ਹੜੱਪਣ ਲਈ ਮੁੜ-ਪੈਦਾਵਾਰ ਨੂੰ ਹੋਰ ਵਿਸਤ੍ਰਿਤ ਕਰਦਾ ਜਾਂਦਾ ਹੈ

ਅਸੀਂ ਉੱਪਰ ਫਰਜ ਕੀਤਾ ਸੀ ਕਿ ਪੂੰਜੀਪਤੀ ਨੇ ਸਾਰੀ ਦੀ ਸਾਰੀ ਵਾਫਰ ਕਦਰ ਆਪਣੀਆਂ ਨਿੱਜੀ ਲੋੜਾਂ ਲਈ ਖਰਚ ਕਰ ਲਈ ਹੈ। ਇਸ ਕਰਕੇ, ਮੁੜ ਪੈਦਾਵਾਰ ਦਾ ਪੱਧਰ ਸਿਰਫ ਸ਼ੁਰੂਆਤੀ ਗੇੜ ਵਾਲਾ ਹੀ ਰਹੇਗਾ। ਪ੍ਰੰਤੂ, ਸਧਾਰਨ ਮੁੜ ਪੈਦਾਵਾਰ ਪੂੰਜੀਵਾਦੀ ਢੰਗ ਦੀ ਪੈਦਾਵਾਰ ਦਾ ਖਾਸਾ ਨਹੀਂ।

ਵਿਸਤ੍ਰਿਤ (Expanded) ਮੁੜ-ਪੈਦਾਵਾਰ ਹੀ ਇਸਦਾ ਖਾਸਾ ਹੈ। ਵਿਸਤ੍ਰਿਤ ਮੁੜ-ਪੈਦਾਵਾਰ ਨੂੰ ਜਾਰੀ ਰੱਖਣ ਲਈ ਪੂੰਜੀਪਤੀ ਹੜੱਪੀ ਗਈ ਸਾਰੀ ਦੀ ਸਾਰੀ ਵਾਫਰ ਕਦਰ ਨੂੰ ਸਿਰਫ ਆਪਣੇ ਉੱਪਰ ਹੀ ਖ਼ਰਚ ਨਹੀਂ ਕਰ ਸਕਦਾ। ਉਸਨੂੰ ਇਸਦਾ ਇੱਕ ਹਿੱਸਾ ਲਾਜ਼ਮੀ ਹੀ ਨਵੀਂਆਂ ਮਸ਼ੀਨਾਂ, ਸਾਜੋ ਸਮਾਨ ਅਤੇ ਹੋਰ ਵੱਧ ਮਜ਼ਦੂਰਾਂ ਨੂੰ ਭਾੜੇ ਤੇ ਰੱਖਣ ਲਈ ਬਚਾਉਣਾ ਪੈਂਦਾ ਹੈ ਤਾਂ ਕਿ ਉਹ ਵੱਡੇ ਪੈਮਾਨੇ 'ਤੇ ਕੰਮ ਚਲਾ ਸਕੇ ਅਤੇ ਵਿਸਤ੍ਰਿਤ ਮੁੜ-ਪੈਦਾਵਾਰ ਕਰ ਸਕੇ।

ਮੰਨ ਲਓ ਪੂੰਜੀ10,000 ਯੁਆਨ ਨਾਲ ਕੰਮ ਸ਼ੁਰੂ ਕਰਦਾ ਹੈ ਜਿੰਨ੍ਹਾਂ ਵਿੱਚੋਂ 8000 ਯੁਆਨ ਸਥਿਰ ਪੂੰਜੀ ਹੈ ਤੇ 2000 ਯੁਆਨ ਬਦਲਵੀਂ ਪੂੰਜੀ ਹੈ, ਵਾਫਰ ਕਦਰ

ਹੜੱਪਣ ਦੀ ਦਰ 100% ਹੈ। ਜਦੋਂ ਪੈਦਾਵਾਰੀ ਪ੍ਰਕਿਰਿਆ ਪੂਰੀ ਹੋਏਗੀ ਤਾਂ ਪੈਦਾਵਾਰ ਦੀ ਕੁੱਲ ਕਦਰ ਹੋਏਗੀ 8000C+2000V+2000M=12,000 ਯੁਆਨ। ਹੋਰ ਫਰਜ ਕਰੋ ਕਿ ਪੂੰਜੀਪਤੀ ਵਾਫ਼ਰ ਕਦਰ ਵਾਲੇ 2000 ਯੁਆਨ ਚੋਂ ਅੱਧੇ ਆਪਣੀਆਂ ਨਿੱਜੀ ਲੋੜਾਂ ਲਈ ਖਰਚ ਕਰ ਦਿੰਦਾ ਹੈ ਅਤੇ ਬਾਕੀ ਅੱਧੇ ਪੂੰਜੀ ਸੰਗ੍ਰਹਿ ਵਜੋਂ ਜੋੜ ਲੈਂਦਾ ਹੈ। ਹੁਣ ਜੇ ਸਥਿਰ ਅਤੇ ਬਦਲਵੀਂ ਪੂੰਜੀ ਦੇ ਹਿੱਸੇ ਪਹਿਲੇ ਅਨੁਪਾਤ ਵਿੱਚ ਹੀ ਰੱਖੇ ਜਾਣ ਤਾਂ ਨਵੀਂ ਪੈਦਾ ਹੋਈ ਇਸ 1000 ਯੁਆਨ ਦੀ ਪੂੰਜੀ ਵਿੱਚੋਂ 800 ਯੁਆਨ ਸਥਿਰ ਪੂੰਜੀ ਦਾ ਹਿੱਸਾ ਬਣ ਜਾਣਗੇ ਤੇ ਬਾਕੀ ਬਚਦੇ 200 ਯੁਆਨ ਬਦਲਵੀਂ ਪੂੰਜੀ ਦਾ। ਇਸ ਤਰਾਂ ਦੂਜੇ ਸਾਲ ਕੁੱਲ ਪੂੰਜੀ ਵਧ ਕੇ 11000 ਯੁਆਨ ਹੋ ਜਾਵੇਗੀ ਅਤੇ ਇਸਦੀ ਬਣਤਰ ਹੋਏਗੀ 8800C+2200V+2200M=13,200 ਯੁਆਨ। ਪਿਛਲੇ ਸਾਲ ਪੈਦਾ ਹੋਏ ਕੁੱਲ 1200 ਯੁਆਨ ਦੇ ਉਤਪਾਦਾਂ ਦੀ ਕਦਰ ਨਾਲ ਤੁਲਨਾ ਕਰਨ ਤੋਂ ਪਤਾ ਚਲਦਾ ਹੈ ਕਿ ਇਸ ਪੂੰਜੀ ਨੇ ਵਿਸਤ੍ਰਿਤ ਮੁੜ–ਪੈਦਾਵਾਰ ਨੂੰ ਅਪਣਾਇਆ ਹੈ।

ਪੂੰਜੀਵਾਦੀ ਢੰਗ ਦੀ ਮੁੜ–ਪੈਦਾਵਾਰ ਤੋਂ ਅਸੀਂ ਦੇਖ ਸਕਦੇ ਹਾਂ ਕਿ ਵਿਸਤ੍ਰਿਤ ਮੁੜ–ਪੈਦਾਵਾਰ ਵਾਫ਼ਰ ਕਦਰ ਦੇ ਇੱਕ ਹਿੱਸੇ ਨੂੰ ਪੂੰਜੀ ਵਿੱਚ ਵਟਾਉਣ ਨਾਲ ਹੀ ਕੀਤੀ ਜਾ ਸਕਦੀ ਹੈ ਉਸਤੋਂ ਬਿਨਾਂ ਨਹੀਂ। ਜੇ ਅਸੀਂ ਸਧਾਰਨ ਮੁੜ–ਪੈਦਾਵਾਰ ਦੀਆਂ ਹਾਲਤਾਂ ਅਧੀਨ ਪੂੰਜੀਪਤੀ ਵਲੋਂ ਨਿਵੇਸ਼ ਕੀਤੀ ਪੂੰਜੀ ਨੂੰ ਸਿਰਫ ਇੱਕ ਅਰਸੇ ਬਾਅਦ ਹੀ ਬਣੀ ਹੋਈ ਦੇਖ ਸਕਦੇ ਹਾਂ ਤਾਂ ਵਿਸਤ੍ਰਿਤ ਮੁੜ–ਪੈਦਾਵਾਰ ਦੀਆਂ ਹਾਲਤਾਂ ਅਧੀਨ ਤਾਂ ਅਸੀਂ ਸ਼ੁਰੂ ਵਿੱਚ ਹੀ ਇਸ ਵਧੀ ਹੋਈ ਪੂੰਜੀ ਨੂੰ ਵਾਫ਼ਰ ਕਦਰ ਤੋਂ ਬਣੀ ਹੋਈ ਦੇਖ ਸਕਦੇ ਹਾਂ।

ਪੂੰਜੀਪਤੀ ਪੂਰੀ ਦੀ ਪੂਰੀ ਵਾਫ਼ਰ ਕਦਰ ਨੂੰ ਆਪਣੇ ਆਪ ਉੱਪਰ ਹੀ ਖਰਚ ਕਰਨ ਦੀ ਬਜਾਏ ਵਿਸਤ੍ਰਿਤ ਮੁੜ–ਪੈਦਾਵਾਰ ਲਈ ਪੂੰਜੀ ਸੰਗ੍ਰਹਿ ਕਿਉਂ ਕਰਦਾ ਹੈ ? ਕੁੱਝ ਬੁਰਜੁਆ ਅਰਥਸ਼ਾਸਤਰੀ ਪੂੰਜੀ ਸੰਗ੍ਰਹਿ ਦੀ ਵਿਆਖਿਆ ਪੂੰਜੀਪਤੀ ਦੇ ਤਿਆਗੀ ਅਤੇ ਸੰਜਮੀ–ਸੰਤੋਖੀ ਹੋਣ ਦੇ ਗੁਣ ਵਜੋਂ ਕਰਦੇ ਹਨ। ਜਿਵੇਂ ਕਿਤੇ ਪੂੰਜੀਪਤੀ ਇਹ ਪੂੰਜੀ ਸੰਗ੍ਰਹਿ ਆਪਣੀਆਂ ਉਪਭੋਗੀ ਇੱਛਾਵਾਂ ਮਾਰ ਕੇ ਸਮਾਜ ਦੇ ਭਲੇ ਲਈ ਕਰਦਾ ਹੋਵੇ।

ਮਾਰਕਸ ਨੇ ਇਸ ਸਬਰ ਸੰਤੋਖ ਦੇ ਖਾਸੇ ਨੂੰ ਨੰਗਾ ਕੀਤਾ ਸੀ ਅਤੇ ਇਹ ਦੱਸਿਆ ਸੀ ਕਿ ਪੂੰਜੀਪਤੀ *"ਅਮੀਰ ਹੋਣ ਦੀ ਬੇਲਗਾਮ ਇੱਛਾ ਨਾਲ ਗ੍ਰਸਤ ਹੁੰਦਾ ਹੈ"*।[2] ਵਾਫ਼ਰ ਕਦਰ ਹੜੱਪਣ ਦਾ ਪੂੰਜੀਪਤੀ ਦਾ ਲਾਲਚ ਹੱਦੋਂ ਬਾਹਰਾ ਹੁੰਦਾ ਹੈ। ਵਾਫ਼ਰ ਕਦਰ ਲਗਾਤਾਰ ਸਿਰਫ ਤਾਂ ਹੀ ਵਧਾਈ ਜਾ ਸਕਦੀ ਹੈ ਜੇ ਪੂੰਜੀਪਤੀ ਲਗਾਤਾਰ ਪੂੰਜੀ ਸੰਗ੍ਰਹਿ ਕਰਦਾ ਰਹੇ, ਆਪਣੀ ਪੂੰਜੀ ਦੀ ਮਾਤਰਾ ਵਧਾਉਂਦਾ ਰਹੇ ਅਤੇ ਪੈਦਾਵਾਰ ਦੇ ਪੈਮਾਨੇ ਨੂੰ ਉਚਿਆਉਂਦਾ ਰਹੇ। ਉਸੇ ਸਮੇਂ ਪੂੰਜੀਵਾਦੀ ਮੁਕਾਬਲਾ ਵੀ ਉਸਨੂੰ ਪੂੰਜੀ ਸੰਗ੍ਰਹਿ ਕਰਨ ਲਈ ਮਜ਼ਬੂਰ ਕਰਦਾ ਹੈ। ਜਿਆਦਾ ਪੂੰਜੀ ਵਾਲਾ ਪੂੰਜੀਪਤੀ ਨਵਾਂ ਸਾਜੋ ਸਮਾਨ ਅਤੇ ਕੱਚਾ ਮਾਲ ਖਰੀਦਣ ਲਈ ਅਤੇ ਨਵੀਆਂ ਤਕਨੀਕਾਂ ਅਪਨਾਉਣ ਲਈ ਜਿਆਦਾ ਫਾਇਦੇਮੰਦ ਹਾਲਤ ਵਿੱਚ ਹੁੰਦਾ ਹੈ। ਮੁਕਾਬਲੇ 'ਚ ਜੇਤੂ ਰਹਿਣ ਲਈ ਕਿਰਤ ਦੀ ਉਤਪਾਦਕਤਾ ਵਧਾਉਣ ਦੀ ਅਤੇ ਕਿਸੇ ਜਿਣਸ ਪੈਦਾਵਾਰ ਲਈ ਲੋੜੀਂਦੇ ਵਿਅਕਤੀਗਤ ਕਿਰਤ ਸਮੇਂ ਨੂੰ ਸਮਾਜਿਕ ਤੌਰ 'ਤੇ ਲੋੜੀਂਦੇ ਕਿਰਤ ਸਮੇਂ ਨਾਲੋਂ ਘੱਟ ਕਰਨ ਦੀ ਉਸਦੀ ਸਮਰੱਥਾ ਵੀ ਵਧ ਜਾਂਦੀ ਹੈ। ਜੇ ਮਾਮਲਾ ਇਸ ਤੋਂ

ਉਲਟ ਹੋਵੇ ਉਹ ਮੁਕਾਬਲੇ ਵਿੱਚ ਹਾਰ ਜਾਵੇਗਾ ਅਤੇ ਵੱਡਾ ਪੂੰਜੀਪਤੀ ਉਸਨੂੰ ਡਕਾਰ ਜਾਵੇਗਾ। ਮੁਕਾਬਲਾ ਹਰ ਪੂੰਜੀਪਤੀ ਉੱਪਰ ਦਬਾਅ ਦਾ ਸਰੋਤ ਬਣ ਜਾਂਦਾ ਹੈ। ਮੁਕਾਬਲੇ ਵਿੱਚ ਹਾਰ ਜਾਣ ਅਤੇ ਕੰਗਾਲ ਹੋ ਜਾਣ ਦਾ ਡਰ ਪੂੰਜੀਪਤੀ ਨੂੰ ਆਪਣੀ ਮੁਕਾਬਲਾ ਸਮਰੱਥਾ ਨੂੰ ਸ਼ਕਤੀਸ਼ਾਲੀ ਬਣਾਉਣ ਵਾਸਤੇ ਪੂੰਜੀ ਸੰਗ੍ਰਹਿ ਕਰਦੇ ਰਹਿਣ ਲਈ ਮਜ਼ਬੂਰ ਕਰਦਾ ਹੈ। *"ਮੁਕਾਬਲਾ ਪੂੰਜੀਵਾਦੀ ਪੈਦਾਵਾਰ ਦੇ ਅੰਤਰਿਕ ਨਿਯਮ ਨੂੰ ਇੱਕ ਅਜਿਹੇ ਜਬਰੀ ਬਾਹਰਮੁਖੀ ਨਿਯਮ ਵਿੱਚ ਤਬਦੀਲ ਕਰ ਦਿੰਦਾ ਹੈ ਜੋ ਹਰ ਸਰਮਾਏਦਾਰ ਨੂੰ ਨਿਰਦੇਸ਼ਿਤ ਕਰਦਾ ਹੈ। ਮੁਕਾਬਲਾ, ਸਰਮਾਏਦਾਰ ਨੂੰ ਆਪਣੀ ਪੂੰਜੀ ਬਰਕਰਾਰ ਰੱਖਣ ਲਈ ਲਗਾਤਾਰ ਇਸਨੂੰ ਵਧਾਉਂਦੇ ਜਾਣ ਲਈ ਮਜ਼ਬੂਰ ਕਰਦਾ ਹੈ ਅਤੇ ਉਹ ਆਪਣੀ ਪੂੰਜੀ ਨੂੰ ਲਗਾਤਾਰ ਸੰਗ੍ਰਹਿਣ ਰਾਹੀਂ ਵਧਾਉਂਦਾ ਹੈ"।*(3)

ਇਹ ਦੇਖਿਆ ਜਾ ਸਕਦਾ ਹੈ ਕਿ ਮਜ਼ਦੂਰ ਤੋਂ ਹੜੱਪੀ ਗਈ ਵਾਫ਼ਰ ਕਦਰ ਦੇ ਇੱਕ ਹਿੱਸੇ ਨੂੰ ਪੂੰਜੀ ਵਿੱਚ ਬਦਲਣ ਦੀ ਪ੍ਰੇਰਨਾ ਪੂੰਜੀਪਤੀ ਨੂੰ ਕਿਸੇ ਸਬਰ-ਸੰਤੋਖ ਜਾਂ ਤਿਆਗ ਚੋਂ ਨਹੀਂ ਸਗੋਂ ਲਾਲਚ ਅਤੇ ਡਰ ਚੋਂ ਉਪਜਦੀ ਹੈ. ਜਿੰਨੀ ਜਿਆਦਾ ਪੂੰਜੀਪਤੀ ਲੁੱਟ ਕਰੇਗਾ ਉਨੀ ਹੀ ਉਸਦੀ ਸੰਗ੍ਰਿਹ ਹੋਈ ਪੂੰਜੀ ਵਧੇਰੇ ਹੋਵੇਗੀ। ਸੰਗ੍ਰਹਿ ਹੋਈ ਪੂੰਜੀ ਜਿੰਨੀ ਵੱਡੀ ਹੋਵੇਗੀ ਉਨੀ ਹੀ ਜਿਆਦਾ ਵਾਫ਼ਰ ਕਦਰ ਹੜੱਪੀ ਜਾ ਸਕੇਗੀ। ਇਸ ਲਈ, ਪੂੰਜੀ ਸੰਗ੍ਰਹਿ ਮਜ਼ਦੂਰਾਂ ਦੀ ਲੁੱਟ ਦਾ ਮਹਿਜ ਸਿੱਟਾ ਹੀ ਨਹੀਂ ਸਗੋਂ ਇੱਕ ਅਜਿਹਾ ਸਾਧਨ ਵੀ ਹੈ ਜਿਸ ਦੁਆਰਾ ਸਰਮਾਏਦਾਰ ਮਜ਼ਦੂਰ ਦੀ ਲੁੱਟ ਨੂੰ ਹੋਰ ਵਿਸਥਾਰਦਾ ਅਤੇ ਵਧਾਉਂਦਾ ਹੈ।

ਮਜ਼ਦੂਰਾਂ ਦੀ ਬੇਰੁਜ਼ਗਾਰੀ
ਪੂੰਜੀ ਸੰਗ੍ਰਹਿ ਦਾ ਅਟੱਲ ਨਤੀਜਾ ਹੈ

ਪੂੰਜੀ ਦੀ ਅਵੈਵੀ (Organic) ਬਣਤਰ ਵਿੱਚ ਵਾਧੇ ਦਾ ਨਤੀਜਾ ਹੁੰਦਾ ਹੈ ਮਸ਼ੀਨਾਂ ਦੁਆਰਾ ਮਜ਼ਦੂਰਾਂ ਦੀ ਬੇਦਖਲੀ

ਪੂੰਜੀ ਸੰਗ੍ਰਹਿ ਕਰਨ ਦੀ ਪ੍ਰਕਿਰਿਆ ਮਹਿਜ ਪੂੰਜੀ ਦੀ ਕੁੱਲ ਮਾਤਰਾ ਵਧਾਉਣ ਦੀ ਪ੍ਰਕਿਰਿਆ ਨਹੀਂ ਹੈ। ਇਸ ਪ੍ਰਕਿਰਿਆ ਵਿੱਚ ਪੂੰਜੀ ਦੀ ਬਣਤਰ ਵਿੱਚ ਵੀ ਤਬਦੀਲੀ ਹੁੰਦੀ ਹੈ ਜਿਸ ਦੇ ਸਿੱਟੇ ਵਜੋਂ ਮਜ਼ਦੂਰਾਂ 'ਤੇ ਮਾੜਾ ਅਸਰ ਪੈਂਦਾ ਹੈ।

ਸਾਧਨਾਂ ਦੀ ਦ੍ਰਿਸ਼ਟੀ ਤੋਂ, ਪੂੰਜੀ ਦੀ ਬਣਤਰ, ਪੈਦਾਵਾਰ ਦੇ ਸਾਧਨਾਂ (ਕਾਰਖਾਨਾ, ਮਸ਼ੀਨਾਂ, ਸਾਜੋ ਸਮਾਨ, ਕੱਚਾ ਮਾਲ) ਅਤੇ ਕਿਰਤ ਸ਼ਕਤੀ ਦੇ ਆਪਸੀ ਅਨੁਪਾਤ ਰਾਹੀਂ ਦਰਸਾਈ ਜਾਂਦੀ ਹੈ। ਖਰੀਦੇ ਗਏ ਪੈਦਾਵਾਰ ਦੇ ਸਾਧਨਾਂ ਦੀ ਮਾਤਰਾ ਅਤੇ ਕੰਮ 'ਤੇ ਲਗਾਏ ਗਏ ਮਜ਼ਦੂਰਾਂ ਦੀ ਗਿਣਤੀ ਵਿਚਕਾਰ ਇੱਕ ਨਿਸ਼ਚਿਤ ਸਬੰਧ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ, ਇੱਕ ਮਜ਼ਦੂਰ ਇੱਕ ਦਿਨ ਵਿੱਚ ਰੂੰ ਦੀ ਨਿਸ਼ਚਿਤ ਮਾਤਰਾ ਨੂੰ ਵਰਤਦੇ ਹੋਏ ਤੱਕਲਿਆਂ ਦੀ ਇੱਕ ਨਿਸ਼ਚਿਤ ਗਿਣਤੀ ਉੱਪਰ ਹੀ ਕੰਮ ਕਰ ਸਕਦਾ ਹੈ। ਇਸ ਅਨੁਪਾਤ ਦਾ ਪੱਧਰ ਸਮਾਜ ਵਿੱਚ ਪੈਦਾਵਾਰ ਦੇ ਤਕਨੀਕੀ ਪੱਧਰ, ਵੱਖੋ ਵੱਖਰੇ ਪੈਦਾਵਾਰੀ ਖੇਤਰਾਂ ਦੀਆਂ

ਵਿਸ਼ੇਸ਼ਤਾਵਾਂ ਅਤੇ ਹੋ ਚੁਕੇ ਮਸ਼ੀਨੀਕਰਨ ਦੇ ਦਰਜੇ 'ਤੇ ਨਿਰਭਰ ਕਰਦਾ ਹੈ। ਇਸ ਲਈ ਅਸੀਂ ਇਸ ਅਨੁਪਾਤ ਨੂੰ ਪੂੰਜੀ ਦੀ ਤਕਨੀਕੀ ਬਣਤਰ ਵੀ ਕਹਿ ਸਕਦੇ ਹਾਂ।

ਪੂੰਜੀ ਦੀ ਬਣਤਰ ਨੂੰ ਕਦਰ ਦੇ ਦ੍ਰਿਸ਼ਟੀਕੋਣ ਤੋਂ ਵੀ ਦੇਖਿਆ ਜਾ ਸਕਦਾ ਹੈ। ਪੈਦਾਵਾਰ ਦੇ ਸਾਧਨਾਂ ਦੀ ਕਦਰ ਸਥਿਰ ਪੂੰਜੀ ਦੇ ਰੂਪ ਵਿੱਚ ਅਤੇ ਕਿਰਤ ਸ਼ਕਤੀ ਦੀ ਕਦਰ ਬਦਲਵੀਂ ਪੂੰਜੀ ਦੇ ਰੂਪ ਵਿੱਚ ਦਰਸਾਈ ਜਾਂਦੀ ਹੈ। ਸਥਿਰ ਅਤੇ ਬਦਲਵੀਂ ਪੂੰਜੀ ਵਿਚਲੇ ਅਨੁਪਾਤ ਨੂੰ ਸਰਮਾਏ ਦੀ ਕਦਰੀ ਬਣਤਰ ਕਿਹਾ ਜਾਂਦਾ ਹੈ।

ਪੂੰਜੀ ਦੀ ਤਕਨੀਕੀ ਅਤੇ ਕਦਰੀ ਬਣਤਰ ਵਿਚਕਾਰ ਇੱਕ ਨੇੜਲਾ ਸਬੰਧ ਹੈ। ਆਮ ਤੌਰ 'ਤੇ ਪੂੰਜੀ ਦੀ ਕਦਰੀ ਬਣਤਰ ਇਸਦੀ ਤਕਨੀਕੀ ਬਣਤਰ ਦੇ ਨਾਲ ਨਾਲ ਬਦਲਦੀ ਰਹਿੰਦੀ ਹੈ। *"ਪੂੰਜੀ ਦੀ ਕਦਰੀ ਬਣਤਰ, ਜੋ ਕਿ ਇਸਦੀ ਤਕਨੀਕੀ ਬਣਤਰ ਤੋਂ ਤੈਅ ਹੁੰਦੀ ਹੈ ਅਤੇ ਜੋ ਇਸਦੇ ਬਦਲਾਵਾਂ ਨੂੰ ਪ੍ਰਤੀਬਿੰਬਤ ਕਰਦੀ ਹੈ, ਨੂੰ ਪੂੰਜੀ ਦੀ ਅੰਦਰੂਨੀ ਬਣਤਰ ਕਿਹਾ ਜਾਂਦਾ ਹੈ"*[(4)] ਸਰਮਾਏ ਦੀ ਅੰਦਰੂਨੀ ਬਣਤਰ ਵਿੱਚੋਂ 8000 ਯੁਆਨ ਸਥਿਰ ਸਰਮਾਏ ਅਤੇ 2000 **ਯੁਆਨ ਅਸਥਿਰ ਸਰਮਾਏ ਹੈ। ਹੁਣ ਪੂੰਜੀ ਦੀ ਅਵੈਵੀ ਬਣਤਰ ਹੋਏਗੀ 8000c: 2000v ਭਾਵ 4:1।**

ਪੂੰਜੀਵਾਦ ਦੇ ਵਿਕਾਸ ਦੌਰਾਨ, ਪੂੰਜੀ ਦੀ ਅਵੈਵੀ ਬਣਤਰ ਇੱਕੋ ਜਿਹੀ ਨਹੀਂ ਰਹਿੰਦੀ। ਹੋਰ ਵੱਧ ਵਾਫ਼ਰ ਕਦਰ ਹੜੱਪਣ ਅਤੇ ਮੁਕਾਬਲੇ ਵਿੱਚ ਮੋਹਰੀ ਰਹਿਣ ਲਈ ਪੂੰਜੀਪਤੀ ਨੂੰ ਲਾਜ਼ਮੀ ਹੀ ਹੱਥਾਂ ਨਾਲ ਕੀਤੇ ਜਾਣ ਵਾਲੇ ਕੰਮਾਂ ਵਾਸਤੇ ਮਸ਼ੀਨਾਂ ਲਗਾਉਣ ਰਾਹੀਂ ਜਾਂ ਪੁਰਾਣੀਆਂ ਮਸ਼ੀਨਾਂ ਦੀ ਜਗ੍ਹਾ 'ਤੇ ਨਵੀਆਂ ਮਸ਼ੀਨਾਂ ਲਿਆਉਣ ਰਾਹੀਂ ਆਪਣੇ ਕਾਰਖਾਨੇ ਦਾ ਤਕਨੀਕੀ ਪੱਧਰ ਲਗਾਤਾਰ ਸੁਧਾਰਨਾ ਪੈਂਦਾ ਹੈ। ਇਸ ਤਰਾਂ ਪੂੰਜੀਪਤੀ ਲਈ ਮਸ਼ੀਨੀ ਸਾਜੋ ਸਮਾਨ ਉੱਪਰ ਪੂੰਜੀ ਨਿਵੇਸ਼ ਵਧਾਉਣਾ ਜ਼ਰੂਰੀ ਹੁੰਦਾ ਹੈ। ਮਨੁੱਖੀ ਕਿਰਤ ਦੀ ਜਗ੍ਹਾ 'ਤੇ ਮਸ਼ੀਨਾਂ ਲਗਾਉਣ ਕਰਕੇ ਮਜ਼ਦੂਰ ਇੱਕ ਨਿਸ਼ਚਿਤ ਸਮੇਂ ਅੰਦਰ ਜਿਆਦਾ ਕੱਚੇ ਮਾਲ ਉੱਪਰ ਕੰਮ ਕਰਕੇ ਵੱਧ ਪੈਦਾਵਾਰ ਕਰ ਸਕਦਾ ਹੈ। ਪੂੰਜੀਪਤੀ ਨੂੰ ਹੋਰ ਕੱਚਾ ਮਾਲ ਖਰੀਦਣ ਲਈ ਵੀ ਇਸ ਤਰ੍ਹਾਂ ਲਗਾਤਾਰ ਪੂੰਜੀ ਸੰਗ੍ਰਹਿ ਦੇ ਨਾਲ ਕੁੱਲ ਪੂੰਜੀ ਵਿੱਚ ਬਦਲਵੀਂ ਪੂੰਜੀ ਦਾ ਹਿੱਸਾ ਹਮੇਸ਼ਾਂ ਵਧਦਾ ਰਹਿੰਦਾ ਹੈ। ਦੂਜੇ ਪਾਸੇ, ਅਸਥਿਰ ਪੂੰਜੀ ਦਾ ਹਿੱਸਾ ਹਮੇਸ਼ਾਂ ਲਗਾਤਾਰ ਘਟਦੇ ਜਾਣ ਕਰਕੇ ਪੂੰਜੀ ਦੀ ਅਵੈਵੀ ਬਣਤਰ ਹੋਰ ਉੱਚੀ ਹੋ ਜਾਂਦੀ ਹੈ।

ਆਮ ਤੌਰ 'ਤੇ, ਵਿਅਕਤੀਗਤ ਪੂੰਜੀ ਵਿੱਚ ਵਾਧਾ ਪੂੰਜੀ ਦੀ ਅੰਦਰੂਨੀ ਬਣਤਰ ਉੱਚੀ ਹੋਣ ਲਈ ਇੱਕ ਪੂਰਵ ਸ਼ਰਤ ਹੈ। ਪੂੰਜੀ ਵਿੱਚ ਵਾਧਾ ਦੋ ਰੂਪਾਂ ਵਿੱਚ ਹੋ ਸਕਦਾ ਹੈ। ਪਹਿਲਾ ਹੈ, ਪੂੰਜੀ ਸੰਗ੍ਰਹਿ ਕਰਨ ਰਾਹੀਂ ਭਾਵ ਵਿਅਕਤੀਗਤ ਪੂੰਜੀ ਸੰਗ੍ਰਹਿ ਕਰਨ ਦੁਆਰਾ ਪੂੰਜੀ ਦੀ ਕੁੱਲ ਮਾਤਰਾ ਵਿੱਚ ਵਾਧਾ। ਦੂਸਰਾ ਹੈ, ਪੂੰਜੀ ਸੰਕੇਂਦਰਣ ਰਾਹੀਂ, ਭਾਵ ਵੱਡੀ ਪੂੰਜੀ ਵਲੋਂ ਛੋਟੀ ਪੂੰਜੀ ਨੂੰ ਆਪਣੇ 'ਚ ਮਿਲਾ ਲੈਣ ਰਾਹੀਂ। ਅਜਿਹਾ ਮੁਕਾਬਲੇ ਰਾਹੀਂ ਜਾਂ ਕਈ ਕੰਪਨੀਆਂ ਦੇ ਇੱਕ ਸਾਝੀ ਸਟਾਕ ਕੰਪਨੀ ਬਣਾਉਣ ਰਾਹੀਂ ਹੁੰਦਾ ਹੈ ਤਾਂ ਕਿ ਖਿੰਡੀ ਹੋਈ ਪੂੰਜੀ ਇੱਕੋ ਜਗਾਹ ਵੱਡੀ ਪੂੰਜੀ ਦੇ ਰੂਪ ਵਿੱਚ ਸੰਕੇਂਦਰਿਤ ਹੋ ਜਾਵੇ। ਪੂੰਜੀ ਸੰਗ੍ਰਹਿ ਅਤੇ ਪੂੰਜੀ ਸੰਕੇਂਦਰਣ ਲਾਜ਼ਮੀ ਤੌਰ 'ਤੇ ਪੂੰਜੀ ਦੀ ਅੰਦਰੂਨੀ ਬਣਤਰ ਨੂੰ ਉੱਚਾ ਚੁੱਕਦੇ ਹਨ।

ਪੂੰਜੀ ਦੀ ਅਵੈਵੀ ਬਣਤਰ ਉੱਚੀ ਹੋਣ ਨਾਲ ਮਜ਼ਦੂਰ ਜਮਾਤ ਨੂੰ ਗੰਭੀਰ ਸਿੱਟੇ

ਭੁਗਤਣੇ ਪੈਂਦੇ ਹਨ। ਜੇ ਸਰਮਾਏ ਦੀ ਅਵੈਵੀ ਬਣਤਰ ਉਹੀ ਰਹੇ ਤਾਂ ਪੂੰਜੀ ਸੰਗ੍ਰਹਿ ਹੋਣ ਦੇ ਨਾਲ ਨਾਲ ਕਿਰਤ ਸ਼ਕਤੀ ਦੀ ਮੰਗ ਵਧਦੀ ਹੈ। ਭਾਵ ਮਜਦੂਰ ਲਈ ਰੁਜ਼ਗਾਰ ਦੇ ਮੌਕੇ ਵਧਦੇ ਹਨ ਪਰ ਪੂੰਜੀ ਦੀ ਅਵੈਵੀ ਬਣਤਰ ਉੱਚੀ ਹੋ ਜਾਣ ਨਾਲ ਪੂੰਜੀ ਸੰਗ੍ਰਹਿ ਦਾ ਸਿੱਟਾ ਉਹ ਨਹੀਂ ਨਿਕਲਦਾ। ਇਹ ਕਿਰਤ ਸ਼ਕਤੀ ਦੀ ਕੁੱਲ ਮੰਗ ਵਿੱਚ ਵਾਧਾ ਕਰ ਸਕਦਾ ਹੈ ਪਰ ਇਹ ਵਾਧਾ ਸਥਿਰ ਪੂੰਜੀ ਵਿੱਚ ਵਾਧੇ ਨਾਲੋਂ ਕਾਫੀ ਘੱਟ ਹੁੰਦਾ ਹੈ। ਕੁੱਝ ਖਾਸ ਹਾਲਤਾਂ ਵਿੱਚ ਤਾਂ ਕਿਰਤ ਦੀ ਕੁੱਲ ਮੰਗ ਪਹਿਲਾਂ ਨਾਲੋਂ ਵੀ ਘੱਟ ਹੋ ਸਕਦੀ ਹੈ। ਇਸ ਤਰ੍ਹਾਂ ਤਾਂ ਹੁੰਦਾ ਹੈ ਕਿਉਂਕਿ ਕਿਰਤ ਸ਼ਕਤੀ ਦੀ ਮੰਗ ਕੁੱਲ ਪੂੰਜੀ ਦੀ ਮਾਤਰਾ ਤੋਂ ਨਹੀਂ ਸਗੋਂ ਬਦਲਵੀਂ ਪੂੰਜੀ ਦੀ ਮਾਤਰਾ ਤੋਂ ਤੈਅ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ, ਜੇ ਪੂੰਜੀ ਦੀ ਅਵੈਵੀ ਬਣਤਰ 4:1ਹੈ ਤਾਂ ਇਸਦਾ ਮਤਲਬ ਇਹ ਹੋਇਆ ਕਿ ਕੁੱਲ ਪੂੰਜੀ ਦੇ ਹਰ 100 ਯੁਆਨ ਚੋਂ 20 ਯੁਆਨ ਮਜ਼ਦੂਰਾਂ ਉੱਪਰ ਖਰਚ ਕੀਤੇ ਜਾ ਸਕਦੇ ਹਨ। ਪਰ ਜੇ ਪੂੰਜੀ ਦੀ ਅੰਦਰੂਨੀ ਬਣਤਰ ਵਧ ਕੇ 9:1 ਹੋ ਜਾਵੇ ਤਾਂ ਫਿਰ ਹਰ 100 ਯੁਆਨ ਚੋਂ ਸਿਰਫ 10 ਯੁਆਨ ਹੀ ਮਜ਼ਦੂਰਾਂ ਲਈ ਹੋਣਗੇ। ਇਸ ਤਰਾਂ, ਜੇ ਕੁੱਲ ਪੂੰਜੀ 10,000 ਯੁਆਨ ਤੋਂ ਵੱਧ 15000 ਯੁਆਨ ਵੀ ਹੋ ਜਾਵੇ, ਤਾਂ ਵੀ ਬਦਲਵੀਂ ਪੂੰਜੀ ਦੀ ਮਾਤਰਾ 2000 ਤੋਂ ਘਟ ਕੇ 1500 ਯੁਆਨ ਹੋ ਜਾਏਗੀ। ਇਸ ਤੋਂ ਪਤਾ ਲਗਦਾ ਹੈ ਕਿ ਸਰਮਾਏ ਦੀ ਅਵੈਵੀ ਬਣਤਰ ਵਿੱਚ ਵਾਧਾ, ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕਿਆਂ 'ਚ ਘਾਟ ਪੈਦਾ ਕਰ ਦਿੰਦਾ ਹੈ। ਪੂੰਜੀਵਾਦੀ ਸਮਾਜ ਵਿੱਚ, ਮਜ਼ਦੂਰ ਜਮਾਤ ਮਸ਼ੀਨਾਂ ਬਣਾਉਂਦੀ ਹੈ। ਪਰ ਜਦੋਂ ਇਹ ਮਸ਼ੀਨਾਂ ਪੂੰਜੀਪਤੀ ਦੁਆਰਾ ਵਰਤੀਆਂ ਜਾਂਦੀਆਂ ਹਨ ਤਾਂ ਵੱਡੀ ਗਿਣਤੀ ਵਿੱਚ ਮਜ਼ਦੂਰ ਬੇਰੁਜਗਾਰ ਹੋ ਜਾਂਦੇ ਹਨ। ਪੂੰਜੀਪਤੀਆਂ ਵਲੋਂ ਸਿਲਾਈ ਮਸ਼ੀਨਾਂ ਲਗਾਉਣ ਨਾਲ ਬਹੁਤ ਸਾਰੇ ਮਜ਼ਦੂਰ ਬੇਰੁਜ਼ਗਾਰ ਹੋ ਗਏ। ਪੈਕਿੰਗ ਮਸ਼ੀਨਾਂ ਲਗਾਏ ਜਾਣ ਨਾਲ ਜਿਆਦਾਤਰ ਪੈਕਿੰਗ ਮਜ਼ਦੂਰ ਸੜਕਾਂ 'ਤੇ ਆ ਗਏ। ਟਾਈਪ ਸੈਟਿੰਗ ਮਸ਼ੀਨਾਂ ਨੇ ਬਹੁਤ ਸਾਰੇ ਟਾਈਪ ਸੈਟਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ। ਪੂੰਜੀਵਾਦ ਦੇ ਵਿਕਾਸ ਦੌਰਾਨ, ਤਕਨੀਕ ਵਿੱਚ ਸੁਧਾਰ ਅਤੇ ਪੂੰਜੀ ਦੀ ਅਵੈਵੀ ਬਣਤਰ ਉੱਚੀ ਹੋਣ ਦੇ ਨਾਲ ਨਾਲ ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕੇ ਘਟਦੇ ਜਾਂਦੇ ਹਨ ਅਤੇ ਬੇਰੁਜਗਾਰੀ ਵਧਦੀ ਜਾਂਦੀ ਹੈ। ਇਸ ਨੂੰ ਮਸ਼ੀਨਾਂ ਦੁਆਰਾ ਮਜ਼ਦੂਰਾਂ ਦੀ ਬੇਦਖਲੀ ਕਿਹਾ ਜਾਂਦਾ ਹੈ।

ਸਾਪੇਖਕ ਵਾਫ਼ਰ ਅਬਾਦੀ ਪੂੰਜੀ ਸੰਗ੍ਰਹਿ ਦਾ ਅਟੱਲ ਨਤੀਜਾ ਹੈ

ਪੂੰਜੀ ਦੀ ਅਵੈਵੀ ਬਣਤਰ 'ਚ ਵਾਧਾ ਕਿਰਤ ਸ਼ਕਤੀ ਦੀ ਮੰਗ 'ਚ ਸਾਪੇਖਿਕ ਘਾਟ ਲੈ ਆਉਂਦਾ ਹੈ। ਪਰ ਪੂੰਜੀ ਸੰਗ੍ਰਹਿ ਦੇ ਨਾਲ–ਨਾਲ ਕਿਰਤ ਸ਼ਕਤੀ ਦੀ ਪੂਰਤੀ ਨਿਰਪੇਖ ਰੂਪ 'ਚ ਵਧ ਜਾਂਦੀ ਹੈ। ਪੂੰਜੀਵਾਦੀ ਪੈਦਾਵਾਰੀ ਤਕਨੀਕ ਦੇ ਵਿਕਸਿਤ ਹੋਣ ਨਾਲ ਅਤੇ ਵੱਡੇ ਪੱਧਰ 'ਤੇ ਮਸ਼ੀਨੀਕਰਣ ਹੋਣ ਨਾਲ ਕਈ ਕੰਮ ਤਾਂ ਇੰਨੇ ਸੁਖਾਲੇ ਹੋ ਗਏ ਕਿ ਬਹੁਤ ਸਾਰੀਆਂ ਔਰਤਾਂ ਅਤੇ ਬੱਚੇ ਵੀ ਭਾੜੇ ਦੇ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਿਲ ਹੋ ਸਕਦੇ ਸਨ। ਇਸ ਨਾਲ ਹੀ, ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਦੌਰਾਨ ਬਹੁਤ ਛੋਟੇ ਜਿਣਸ

ਉਤਪਾਦਕਾਂ ਅਤੇ ਟਟਪੂੰਜੀਆਂ ਦਾ ਦਿਵਾਲਾ ਨਿੱਕਲ ਗਿਆ ਅਤੇ ਉਹ ਆਪਣੀ ਕਿਰਤ ਸ਼ਕਤੀ ਵੇਚਣ ਲਈ ਮਜ਼ਬੂਰ ਹੋ ਗਏ। ਪੇਂਡੂ ਖੇਤਰਾਂ ਵਿੱਚ ਪੂੰਜੀਵਾਦ ਦੇ ਵਿਕਾਸ ਨੇ ਵੱਡੀ ਗਿਣਤੀ ਕਿਸਾਨਾਂ ਨੂੰ ਵੀ ਕੰਗਾਲ ਕਰ ਦਿੱਤਾ ਜੋ ਆਪਣੀ ਰੋਜੀ ਰੋਟੀ ਕਮਾਉਣ ਲਈ ਸ਼ਹਿਰਾਂ ਵੱਲ ਨੂੰ ਧਾਅ ਪਏ। ਇਹ ਸਾਰੇ ਕਾਰਨਾਂ ਕਰਕੇ ਕਿਰਤ ਸ਼ਕਤੀ ਦੀ ਪੂਰਤੀ ਨਿਰਪੇਖ ਰੂਪ ਵਿੱਚ ਵਧ ਗਈ।

ਇਸ ਤਰਾਂ ਇੱਕ ਪਾਸੇ ਕਿਰਤ ਸ਼ਕਤੀ ਦੀ ਮੰਗ ਵਿੱਚ ਸਾਪੇਖਿਕ ਘਾਟ ਪੈਦਾ ਹੋਈ ਅਤੇ ਦੂਜੇ ਪਾਸੇ ਕਿਰਤ ਸ਼ਕਤੀ ਦੀ ਪੂਰਤੀ ਨਿਰਪੇਖ ਰੂਪ 'ਚ ਵਧ ਗਈ। ਜਿਸ ਦੇ ਸਿੱਟੇ ਵਜੋਂ ਪੂੰਜੀਵਾਦੀ ਸਮਾਜ ਅੰਦਰ ਹਰ ਸਮੇਂ ਬੇਰੁਜ਼ਗਾਰਾਂ ਦੀ ਇੱਕ ਵੱਡੀ ਫੌਜ ਮੌਜੂਦ ਰਹਿੰਦੀ ਹੈ। ਜਿਸ ਨੂੰ ਸਾਪੇਖਿਕ ਵਾਫ਼ਰ ਅਬਾਦੀ ਕਿਹਾ ਜਾਂਦਾ ਹੈ।

ਇਹ ਨਾਮ-ਨਿਹਾਦ ਸਾਪੇਖਿਕ ਵਾਫ਼ਰ ਅਬਾਦੀ ਮਹਿਜ ਇਸਦੀ ਪੂੰਜੀਵਾਦੀ ਮੰਗ ਦੇ ਸੰਦਰਭ ਵਿੱਚ ਹੀ 'ਵਾਫਰ' ਜਾਂ ਫਾਲਤੂ' ਹੁੰਦੀ ਹੈ। ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਹੁਣ ਅਬਾਦੀ ਨਿਰਪੇਖ ਰੂਪ 'ਚ ਇੰਨੀ ਜਿਆਦਾ ਹੋ ਗਈ ਹੈ ਕਿ ਸਮਾਜ ਦੁਆਰਾ ਪੈਦਾ ਕੀਤੇ ਜਾ ਰਹੇ ਉਪਜੀਵਕਾਂ ਦੇ ਸਾਧਨ ਉਸ ਜੋਗਰੇ ਨਹੀਂ ਰਹਿ ਗਏ। ਦਰਅਸਲ ਨਿਰਪੇਖ ਵਾਫ਼ਰ ਅਬਾਦੀ ਜਿਹੀ ਕੋਈ ਚੀਜ ਨਹੀਂ ਹੁੰਦੀ ਕਿਉਂਕਿ ਬੰਦੇ ਕੋਲ ਸਿਰਫ ਖਾਣ ਲਈ ਇੱਕ ਮੂੰਹ ਹੀ ਨਹੀਂ ਸਗੋਂ ਕਿਰਤ ਕਰਨ ਲਈ ਦੋ ਹੱਥ ਵੀ ਹਨ, ਜਿਹਨਾਂ ਨਾਲ ਉਹ ਕੁੱਝ ਨਿਸ਼ਚਿਤ ਭੌਤਿਕ ਪੈਦਾਵਾਰ ਕਰ ਸਕਦਾ ਹੈ। ਜਦੋਂ ਕਿਰਤੀ ਲੋਕ ਆਪਣੀ ਹੋਣੀ ਦੇ ਆਪ ਮਾਲਕ ਹੋਣਗੇ ਤਾਂ ਉਹ ਰੋਜੀ ਰੋਟੀ ਦੇ ਹੋਰ ਅਨੇਕਾਂ ਸਾਧਨ ਪੈਦਾ ਕਰਨ ਲਈ ਪੈਦਾਵਾਰ ਨੂੰ ਗਹਿਰਾਉਣ ਅਤੇ ਵਿਸਥਾਰਨ ਵਿੱਚ ਉੱਨਤੀ ਕਰਨਗੇ ਜਿਸ ਨਾਲ ਆਮ ਅਬਾਦੀ ਕਿਤੇ ਵੱਧ ਵੰਨ-ਸੁਵੰਨਤਾ ਭਰਿਆ ਜੀਵਨ ਜੀਅ ਸਕੇਗੀ। ਸਿਰਫ਼ ਪੂੰਜੀਵਾਦੀ ਸਮਾਜ, ਜਿੱਥੇ ਮਜ਼ਦੂਰਾਂ ਦੀ ਹੋਣੀ ਉਨਾਂ ਦੇ ਆਪਣੇ ਹੱਥਾਂ 'ਚ ਨਹੀਂ ਹੁੰਦੀ ਅਤੇ ਉਨਾਂ ਵਲੋਂ ਬਣਾਈਆਂ ਮਸ਼ੀਨਾਂ ਨੂੰ ਪੂੰਜੀ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ, ਵਿੱਚ ਹੀ, ਮਜਦੂਰਾਂ ਨੂੰ ਸਾਪੇਖਿਕ ਵਾਫਰ ਅਬਾਦੀ ਦੇ ਰੂਪ ਵਿੱਚ ਵਿਹਲਾ ਕਰ ਦਿੱਤਾ ਜਾਂਦਾ ਹੈ। ਇਸੇ ਲਈ ਮਾਰਕਸ ਨੇ ਸਾਪੇਖਕ ਵਾਫ਼ਰ ਅਬਾਦੀ ਨੂੰ *"ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਦੇ ਤਹਿਤ ਆਬਾਦੀ ਦੇ ਵਿਸ਼ੇਸ਼ ਨਿਯਮ ਦਾ ਨਤੀਜਾ"* ਦੱਸਿਆ ਸੀ। ਉਨ੍ਹਾਂ ਨੇ ਦੱਸਿਆ ਸੀ, *"ਵਾਫ਼ਰ ਮਜ਼ਦੂਰ ਅਬਾਦੀ ਪੂੰਜੀਵਾਦੀ ਅਧਾਰ 'ਤੇ ਧਨ-ਦੌਲਤ ਦੇ ਸੰਗ੍ਰਹਿ ਜਾਂ ਵਧਾਰੇ ਦਾ ਅਟੱਲ ਨਤੀਜਾ ਹੈ"*। (5)

ਪੂੰਜੀਵਾਦੀ ਸਮਾਜ ਅੰਦਰ ਵਾਫ਼ਰ ਅਬਾਦੀ ਦੇ ਤਿੰਨ ਬੁਨਿਆਦੀ ਰੂਪ ਹੁੰਦੇ ਹਨ।

ਪਹਿਲੀ ਹੈ, ਗਤੀਸ਼ੀਲ ਵਾਫ਼ਰ ਅਬਾਦੀ। ਇਹ ਉਹ ਬੇਰੁਜ਼ਗਾਰ ਅਬਾਦੀ ਹੁੰਦੀ ਹੈ ਜੋ ਪੈਦਾਵਾਰੀ ਪ੍ਰਕਿਰਿਆ ਦੌਰਾਨ ਅਸਥਾਈ ਤੌਰ 'ਤੇ ਵਿਹਲੀ ਹੋ ਗਈ ਹੁੰਦੀ ਹੈ। ਇਸ ਕਿਸਮ ਦੀ ਬੇਰੁਜ਼ਗਾਰ ਅਬਾਦੀ ਉਦਯੋਗਿਕ ਕੇਂਦਰਾਂ 'ਤੇ ਸਭ ਤੋਂ ਜਿਆਦਾ ਹੁੰਦੀ ਹੈ। ਆਰਥਿਕ ਸੰਕਟ ਦੇ ਦੌਰ ਸਮੇਂ ਜਾਂ ਨਵੀਆਂ ਮਸ਼ੀਨਾਂ ਆਉਣ ਨਾਲ ਕੁੱਝ ਮਜ਼ਦੂਰ ਵਿਹਲੇ ਹੋ ਜਾਂਦੇ ਹਨ। ਪਰ ਸੰਕਟ ਦੂਰ ਹੋਣ ਉਪਰੰਤ ਜਾਂ ਹੋਰ ਉਦਯੋਗਿਕ ਵਿਕਾਸ ਨਾਲ ਇਹਨਾਂ ਬੇਰੁਜ਼ਗਾਰਾਂ ਚੋਂ ਬਹੁਤਿਆਂ ਨੂੰ ਵਾਪਸ ਕਾਰਖਾਨਿਆਂ ਵਿੱਚ ਹੀ ਲੈ ਲਿਆ ਜਾਂਦਾ ਹੈ। ਪੂੰਜੀਵਾਦੀ ਦੇਸ਼ਾਂ ਅੰਦਰ ਅਜਿਹੇ ਬਹੁਤ ਘੱਟ ਮਜ਼ਦੂਰ ਹੋਣਗੇ ਜਿੰਨ੍ਹਾ ਨੂੰ ਕਦੇ ਨਾ ਕਦੇ ਬੇਰੁਜ਼ਗਾਰੀ ਦੀ

ਮਾਰ ਨਾ ਝੱਲਣੀ ਪਈ ਹੋਵੇ। ਬਹੁਤੇ ਲੋਕ ਅੱਜ ਰੁਜ਼ਗਾਰ 'ਤੇ ਹੁੰਦੇ ਹਨ ਤੇ ਭਲਕੇ ਸੜਕਾਂ 'ਤੇ।

ਦੂਸਰੀ ਹੈ, ਲੁਪਤ ਵਾਫ਼ਰ ਅਬਾਦੀ। ਭਾਵ ਪੇਂਡੂ ਵਾਫ਼ਰ ਅਬਾਦੀ। ਖੇਤੀ ਪੈਦਾਵਾਰ ਦੇ ਪੂੰਜੀਵਾਦੀ ਹੋ ਜਾਣ ਨਾਲ ਖੇਤ ਮਜ਼ਦੂਰਾਂ ਦੀ ਮੰਗ ਲਗਾਤਾਰ ਘਟਦੀ ਜਾਂਦੀ ਹੈ। ਇਸ ਤੋਂ ਵੀ ਅੱਗੇ ਖੇਤੀ ਖੇਤਰ ਵਿੱਚ ਕਿਰਤ ਸ਼ਕਤੀ ਦੀ ਇਹ ਬੇਕਾਰੀ ਨਿਰਪੇਖ ਹੁੰਦੀ ਹੈ। ਜਦੋਂ ਤੱਕ ਹੋਰ ਨਵੀਂ ਜਮੀਨ ਵਾਹੀਯੋਗ ਨਾ ਬਣਾਈ ਜਾਵੇ ਉਦੋਂ ਤੱਕ ਹੋਰ ਕਿਰਤ ਸ਼ਕਤੀ ਨਹੀਂ ਖਪ ਸਕਦੀ। ਪੂੰਜੀਵਾਦੀ ਖੇਤੀ ਦੁਆਰਾ ਬੇਕਾਰ ਕੀਤੇ ਹੋਏ ਕੁੱਝ ਮਜਦੂਰ ਸ਼ਹਿਰਾਂ ਵੱਲ ਆ ਜਾਂਦੇ ਹਨ। ਜਦੋਂ ਕਿ ਕੁੱਝ ਜਮੀਨ ਦੇ ਛੋਟੇ ਜਿਹੇ ਟੁਕੜੇ ਨਾਲ ਹੀ ਚਿਪਕੇ ਰਹਿੰਦੇ ਹਨ ਅਤੇ ਇੱਧਰ ਉੱਧਰ ਹੋਰ ਕੰਮ ਕਰਕੇ ਅਤੇ ਸੰਘਣੀ ਖੇਤੀ ਕਰਕੇ ਮਸੀਂ ਆਪਣਾ ਪੇਟ ਪਾਲਦੇ ਹਨ। ਉਹ ਦੇਖਣ ਨੂੰ ਭਾਵੇਂ ਬੇਰੁਜ਼ਗਾਰ ਨਹੀਂ ਲਗਦੇ ਪਰ ਖੇਤੀ ਪੈਦਾਵਾਰ ਲਈ ਤਾਂ ਉਹ ਫਾਲਤੂ ਹੀ ਹੁੰਦੇ ਹਨ। ਇਸ ਨੂੰ ਲੁਪਤ ਵਾਫ਼ਰ ਅਬਾਦੀ ਕਿਹਾ ਜਾਂਦਾ ਹੈ।

ਤੀਸਰੀ ਹੈ, ਗਤੀਹੀਣ ਵਾਫ਼ਰ ਅਬਾਦੀ। ਇਹ ਲੋਕ ਘਰੇਲੂ ਕੰਮ ਕਾਜ ਜਾਂ ਇੱਧਰ-ਉਧਰ ਦੇ ਛੋਟੇ-ਮੋਟੇ ਕੰਮ ਕਰਦੇ ਹਨ। ਉਪਲਭਧ ਕਿਰਤ ਸ਼ਕਤੀ ਦਾ ਹਿੱਸਾ ਹੁੰਦੇ ਹੋਏ ਵੀ ਉਹਨਾਂ ਦਾ ਕੋਈ ਪੱਕਾ ਰੁਜ਼ਗਾਰ ਨਹੀਂ ਹੁੰਦਾ। ਆਮ ਤੌਰ 'ਤੇ ਉਨਾਂ ਦੀ ਕੰਮ ਦਿਹਾੜੀ ਬਹੁਤ ਲੰਮੀ ਪਰ ਮਜ਼ਦੂਰੀ ਬਹੁਤ ਘੱਟ ਹੁੰਦੀ ਹੈ। ਇੰਨ੍ਹਾਂ ਦਾ ਜੀਵਨ ਪੱਧਰ ਮਜ਼ਦੂਰ ਜਮਾਤ ਦੇ ਔਸਤ ਜੀਵਨ ਪੱਧਰ ਨਾਲੋਂ ਵੀ ਕਾਫੀ ਹੇਠਾਂ ਹੁੰਦਾ ਹੈ।

ਪੂੰਜੀਵਾਦੀ ਸਮਾਜ ਵਿੱਚ, 'ਵਾਫ਼ਰ' ਅਬਾਦੀ ਦੇ ਇੰਨ੍ਹਾਂ ਰੂਪਾਂ ਤੋਂ ਇਲਾਵਾ, ਬੇਹੱਦ ਗਰੀਬ ਲੋਕਾਂ ਦੀ ਇੱਕ ਬਹੁਤ ਵੱਡੀ ਗਿਣਤੀ ਹੋਰ ਵੀ ਹੁੰਦੀ ਹੈ। ਜੋ ਆਪਣੀ ਰੋਜੀ ਰੋਟੀ ਲਈ ਦੂਜਿਆਂ ਦੀ ਦਯਾ ਉੱਪਰ ਨਿਰਭਰ ਕਰਦੀ ਹੈ ਅਤੇ ਭੀਖ ਮੰਗ ਕੇ ਗੁਜਾਰਾ ਕਰਦੀ ਹੈ। ਇਨ੍ਹਾਂ ਵਿੱਚ ਜਿਆਦਾਤਰ ਅਜਿਹੇ ਬਜ਼ੁਰਗ, ਕਮਜੋਰ, ਲੰਗੜੇ-ਲੂਲ੍ਹੇ, ਯਤੀਮ ਅਤੇ ਅਵਾਰਾ ਹੁੰਦੇ ਹਨ ਜੋ ਵੱਖ-ਵੱਖ ਕਾਰਨਾਂ ਕਰਕੇ ਕਿਰਤ ਕਰਨ ਦੀ ਸਮਰੱਥਾ ਤੋਂ ਵਿਰਵੇ ਹੁੰਦੇ ਹਨ। ਇਹ ਸਾਪੇਖਿਕ ਵਾਫ਼ਰ ਅਬਾਦੀ ਦੇ ਸਭ ਤੋਂ ਹੇਠਲੇ ਡੰਡੇ 'ਤੇ ਹੁੰਦੇ ਹਨ ਇਨ੍ਹਾ ਦੀ ਹਾਲਤ ਹੋਰ ਵੀ ਬਦਤਰ ਹੁੰਦੀ ਹੈ।

ਸਾਪੇਖਕ ਵਾਫ਼ਰ ਅਬਾਦੀ ਪੂੰਜੀ ਸੰਗ੍ਰਹਿ ਦਾ ਅਟੱਲ ਨਤੀਜਾ ਹੈ। ਪਰ ਇਸੇ ਸਮੇਂ ਇਹ ਲੋਕ ਪੂੰਜੀ ਸੰਗ੍ਰਹਿ ਦੇ ਸੰਦ, ਇੱਥੋਂ ਤੱਕ ਕਿ ਪੂੰਜੀਵਾਦੀ ਪੈਦਾਵਾਰੀ ਪ੍ਰਕਿਰਿਆ ਦੀ ਅਤੇ ਇਸਦੇ ਵਿਕਾਸ ਦੀ ਇੱਕ ਸ਼ਰਤ ਵੀ ਬਣ ਜਾਂਦੇ ਹਨ। ਪੂੰਜੀਪਤੀ ਕੰਮ 'ਤੇ ਲੱਗੇ ਹੋਏ ਮਜ਼ਦੂਰਾਂ ਦੀ ਲੁੱਟ-ਖਸੁੱਟ ਵਧਾਉਣ ਲਈ ਬੇਰੁਜਗਾਰ ਮਜ਼ਦੂਰਾਂ ਦੀ ਇਸ ਮੌਜੂਦਗੀ ਨੂੰ ਰੰਗ ਦੇ ਪੱਤੇ ਦੇ ਤੌਰ 'ਤੇ ਵੀ ਵਰਤਦਾ ਹੈ। ਪੂੰਜੀਪਤੀ ਦੇ ਮੂੰਹੋਂ ਅਜਿਹੇ ਨੀਚ ਸ਼ਬਦ ਅਕਸਰ ਸੁਣੇ ਜਾ ਸਕਦੇ ਹਨ "ਸੌ ਕੁੱਤਿਆਂ ਨੂੰ ਲੱਭਣਾ, ਸੌ ਮਜ਼ਦੂਰਾਂ ਦਾ ਇੰਤਜਾਮ ਕਰਨ ਨਾਲੋਂ ਕਿਤੇ ਔਖਾ ਹੈ"। ਪੂੰਜੀਪਤੀ ਇੰਨਾ ਖੂੰਖਾਰ ਕਿਉਂ ਹੁੰਦਾ ਹੈ ? ਕਿਉਂਕਿ ਕਾਰਖਾਨਾ ਗੇਟ ਦੇ ਬਾਹਰ ਹਜਾਰੋਂ ਹਜਾਰ ਮਜਦੂਰ ਮੌਜੂਦ ਹੁੰਦੇ ਹਨ। ਪੂੰਜੀਪਤੀ ਇਸ ਹਾਲਾਤ ਦੀ ਵਰਤੋਂ ਅੰਦਰ ਕੰਮ ਕਰਦੇ ਮਜ਼ਦੂਰਾਂ ਨੂੰ ਧਮਕਾਉਣ-ਯਰਕਾਉਣ ਅਤੇ ਉਹਨਾ ਦੀ ਦਿਹਾੜੀ ਘੱਟ ਕਰਨ ਲਈ ਕਰਦਾ ਹੈ। ਇਸਦੇ ਨਾਲ ਹੀ ਪੂੰਜੀਵਾਦ, ਅਰਾਜਕਤਾ ਅਤੇ ਮੁਕਾਬਲੇ ਦਰਮਿਆਨ ਵਿਕਸਿਤ ਹੁੰਦਾ

ਰਹਿੰਦਾ ਹੈ ਅਤੇ ਅਚਾਨਕ ਸੁੰਗੜਣ ਜਾਂ ਫੈਲਣ ਦੇ ਦੌਰ ਇਸਦੀ ਵਸਿਸ਼ਟਤਾ ਹੁੰਦੇ ਹਨ। ਜਦੋਂ ਪੈਦਾਵਾਰ ਅਚਾਨਕ ਵਿਸਤਾਰਤ ਹੋ ਜਾਂਦੀ ਹੈ ਤਾਂ ਪੂੰਜੀਪਤੀ ਵੱਲੋਂ ਕੀਤੀ ਕਿਰਤ ਦੀ ਮੰਗ ਕਿਰਤ ਸ਼ਕਤੀ ਵਿੱਚ ਸੁਭਾਵਿਕ ਤੌਰ 'ਤੇ ਹੋਣ ਵਾਲੇ ਵਾਧੇ ਨਾਲ ਪੂਰੀ ਨਹੀਂ ਹੁੰਦੀ। ਇਸ ਲਈ ਪੂੰਜੀਪਤੀ ਨੂੰ ਕਿਰਤ ਸ਼ਕਤੀ ਦੇ "ਸੁਰੱਖਿਅਤ ਭੰਡਾਰ" ਦੀ ਲੋੜ ਹੁੰਦੀ ਹੈ। ਸਾਪੇਖਿਕ ਵਾਫਰ ਅਬਾਦੀ ਇਸ "ਸੁਰੱਖਿਅਤ ਭੰਡਾਰ" ਦਾ ਕੰਮ ਕਰਦੀ ਹੈ। ਇਹਨਾਂ ਅਰਥਾਂ ਵਿੱਚ ਹੀ, ਪੂੰਜੀਵਾਦੀ ਸਮਾਜ ਵਿੱਚ ਬੇਰੁਜਗਾਰਾਂ ਦੀ ਵਿਸ਼ਾਲ ਫੌਜ ਨੂੰ ਉਦਯੋਗਿਕ ਰਾਖਵੀਂ ਫੌਜ ਕਿਹਾ ਜਾਂਦਾ ਹੈ। ਪੂੰਜੀਵਾਦੀ ਪੈਦਾਵਾਰੀ ਪ੍ਰਬੰਧ ਦੀ ਹੋਂਦ ਅਤੇ ਉੱਨਤੀ ਇਸ ਦੇ ਬਿਨਾਂ ਨਹੀਂ ਹੋ ਸਕਦੀ।

ਮਾਲਥਸ ਵੱਲੋਂ ਦਿੱਤਾ ਅਬਾਦੀ ਦਾ ਸਿਧਾਂਤ ਪੂੰਜੀਵਾਦ ਦੇ ਹੱਕ ਵਿੱਚ ਇੱਕ ਪਿਛਾਖੜੀ ਭੁਲਾਵਾ ਹੈ

ਪੂੰਜੀਵਾਦੀ ਸਮਾਜ ਵਿੱਚ ਬੇਰੁਜਗਾਰਾਂ ਦੀ ਫੌਜ ਦਾ ਹੋਣਾ ਪੂੰਜੀਪਤੀ ਲਈ "ਵਧੀਆ" ਗੱਲ ਹੈ ਕਿਉਂਕਿ ਇਹ ਲੁੱਟ ਕਰਨ ਵਿੱਚ ਸਹਾਈ ਹੁੰਦੀ ਹੈ। ਪਰ ਇਹ ਇੱਕ ਸ਼ਰਮਨਾਕ ਗੱਲ ਵੀ ਹੈ ਕਿਉਂਕਿ ਇਹਦੇ ਕਰਕੇ ਨਾਮ-ਨਿਹਾਦ ਸੱਭਿਆ ਦੇਸ਼ ਅਸੱਭਿਅਕ ਦਿਖਾਈ ਦਿੰਦਾ ਹੈ। ਇਸ ਮਰਜ ਦੇ ਇਲਾਜ ਲਈ, ਬੁਰਜੁਆਜ਼ੀ ਦੀ ਸੇਵਾ ਵਿੱਚ ਲੱਗੇ ਕੁੱਝ ਬੁੱਧੀਜੀਵੀਆਂ ਨੇ ਪੂਰਾ ਮੱਥਾ ਮਾਰ ਕੇ ਪੂੰਜੀਵਾਦੀ ਪ੍ਰਬੰਧ ਨੂੰ ਸਹੀ ਠਹਿਰਾਉਣ ਲਈ ਕਈ ਪੱਖਪਾਤੀ ਸਿਧਾਂਤ ਘੜੇ। 19ਵੀਂ ਸਦੀ ਦੇ ਸ਼ੁਰੂ ਵਿੱਚ ਇੱਕ ਅੰਗਰੇਜ ਉਜੱਡ ਅਰਥਸਾਸ਼ਤਰੀ ਮਾਲਥਸ ਵੱਲੋਂ ਪੇਸ਼ ਕੀਤਾ "**ਅਬਾਦੀ ਦੇ ਸਿਧਾਂਤ ਉੱਪਰ ਇੱਕ ਲੇਖ**" ਸਿਧਾਂਤ ਇੱਕ ਅਜਿਹਾ ਹੀ ਪੱਖਪਾਤੀ ਸਿਧਾਂਤ ਸੀ।

ਮਾਲਥਸ ਨੇ ਇੱਕ ਬਦਨਾਮ ਤਰਕ ਪੇਸ਼ ਕੀਤਾ। ਉਸਨੇ ਕਿਹਾ ਕਿ ਅਬਾਦੀ ਰੇਖਾ ਗਣਿਤਕ ਕ੍ਰਮ (ਜਿਵੇਂ 1,2,4,8.......) ਵਿੱਚ ਵਧਦੀ ਹੈ ਜਦੋਂ ਕਿ ਗੁਜਾਰੇ ਦੇ ਸਾਧਨ ਅੰਕ ਗਣਿਤਕ ਕ੍ਰਮ (ਜਿਵੇਂ 1,2,3,4,.......) ਵਿੱਚ ਵਧਦੇ ਹਨ। ਉਸਦੇ ਅਨੁਸਾਰ ਵਾਫ਼ਰ ਅਬਾਦੀ ਦੀ ਹੋਂਦ ਦਾ, ਬੇਰੁਜ਼ਗਾਰੀ ਅਤੇ ਲੋਕਾਂ ਦੀ ਗਰੀਬੀ ਦਾ ਇਹੋ ਇੱਕ ਬੁਨਿਆਦੀ ਕਾਰਨ ਹੈ। ਇਸ ਤਰਕ ਦਾ ਮਕਸਦ ਇਹ ਸਮਝਾਉਣਾ ਸੀ ਕਿ ਬੇਰੁਜ਼ਗਾਰੀ ਅਤੇ ਗਰੀਬੀ ਪੂੰਜੀਵਾਦੀ ਪ੍ਰਬੰਧ ਦੀਆਂ ਬੁਰਾਈਆਂ ਨਹੀਂ ਸਗੋਂ ਕੁਦਰਤ ਦੇ ਕਾਨੂੰਨ ਦਾ ਸਿੱਟਾ ਹਨ। ਮਾਲਥਸ ਦੇ ਸਿਧਾਂਤ ਅਨੁਸਾਰ, ਜੰਗਾਂ ਅਤੇ ਪਲੇਗ ਜਿਹੀਆਂ ਮਹਾਂਮਾਰੀਆਂ ਮਨੁੱਖ ਸਮਾਜ ਲਈ ਇੱਕ ਵਰਦਾਨ ਹਨ ਕਿਉਂਕਿ ਇਹਨਾਂ ਜੰਗਾਂ ਅਤੇ ਮਹਾਂਮਾਰੀਆਂ ਦੌਰਾਨ ਵੱਡੀ ਗਿਣਤੀ 'ਚ ਲੋਕ ਮਾਰੇ ਜਾਂਦੇ ਹਨ ਜਿਸ ਨਾਲ ਫਾਲਤੂ ਅਬਾਦੀ ਦੇ ਨਾਕਾਰਾਤਮਿਕ ਪ੍ਰਭਾਵ ਬੇ ਅਸਰ ਹੋ ਜਾਂਦੇ ਹਨ ਅਤੇ ਵਸੋਂ ਵਿੱਚ ਵਾਧਾ ਗੁਜਾਰੇ ਦੇ ਸਾਧਨਾਂ ਵਿੱਚ ਵਾਧੇ ਦੇ ਜਿਆਦਾ ਅਨੁਕੂਲ ਹੋ ਜਾਂਦਾ ਹੈ।

ਪਰ ਤੱਥ, ਤਰਕਾਂ ਨਾਲੋਂ ਜਿਆਦਾ ਤਾਕਤਵਰ ਹੁੰਦੇ ਹਨ। ਮਾਲਥਸ ਦੇ ਇਸ ਸਿਧਾਂਤ ਵਿੱਚ ਕੋਈ ਦਮ ਨਹੀਂ ਹੈ। ਅਬਾਦੀ ਵਿੱਚ ਰੇਖਾਗਣਿਤਕ ਵਾਧਾ ਪਰ ਗੁਜਾਰੇ ਦੇ ਸਾਧਨਾਂ ਵਿੱਚ ਅੰਕਗਣਿਤਕ ਵਾਧੇ ਦਾ ਦਾਅਵਾ ਕਰਨ ਵਾਲਾ ਇਹ ਨਕਲੀ ਵਿਗਿਆਨ

ਹੋਂਦ ਵਿੱਚ ਕਿਵੇਂ ਆਇਆ? ਦਰਅਸਲ ਹੋਇਆ ਇਹ ਕਿ ਮਾਲਥਸ ਨੇ ਇੱਕ ਖਾਸ ਦੌਰ ਅੰਦਰ ਅਮਰੀਕਾ ਦੀ ਅਬਾਦੀ ਵਿੱਚ ਹੋਏ ਵਾਧੇ ਨੂੰ ਅਬਾਦੀ ਵਧਣ ਦੀ ਦਰ ਮਿਥਣ ਦਾ ਅਧਾਰ ਬਣਾਇਆ। ਉਸਨੇ ਇੱਕ ਖਾਸ ਦੌਰ ਅੰਦਰ ਫਰਾਂਸ ਵਿੱਚ ਖਾਧ ਪਦਾਰਥਾਂ ਦੀ ਪੈਦਾਵਾਰ ਵਿੱਚ ਹੋਏ ਵਾਧੇ ਨੂੰ ਗੁਜ਼ਰੇ ਦੇ ਸਾਧਨ ਵਧਣ ਦੀ ਦਰ ਮਿਥਣ ਦਾ ਅਧਾਰ ਬਣਾਇਆ। ਉਸ ਵਕਤ ਅਮਰੀਕਾ ਦੀ ਅਬਾਦੀ ਵਿੱਚ ਹੋਏ ਤੇਜ ਵਾਧੇ ਦਾ ਕਾਰਨ ਅਬਾਦੀ ਦਾ ਸੁਭਾਵਿਕ ਵਧਾਰਾ ਨਹੀਂ ਸੀ ਸਗੋਂ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਦੇ ਬਾਹਰੋਂ ਆ ਜਾਣ ਜਿਹੇ ਕਾਰਨ ਇਸ ਲਈ ਜਿੰਮੇਵਾਰ ਸਨ। ਜਿੱਥੋਂ ਤੱਕ ਫਰਾਂਸ ਦੇ ਖਾਦ ਪਦਾਰਥਾਂ ਦੀ ਪੈਦਾਵਾਰ ਦਾ ਸੁਆਲ ਹੈ, ਜੇ ਇਸ ਦੀ ਤੁਲਨਾ ਉਸ ਸਮੇਂ ਫਰਾਂਸ ਦੀ ਅਬਾਦੀ ਵਿੱਚ ਹੋਏ ਵਾਧੇ ਨਾਲ ਕੀਤੀ ਜਾਵੇ ਨਾ ਕਿ ਅਮਰੀਕਾ ਦੀ ਅਬਾਦੀ ਵਿੱਚ ਹੋਏ ਵਾਧੇ ਦੇ ਨਾਲ, ਤਾਂ ਇਹ ਵਾਧਾ (ਖਾਧ ਪਦਾਰਥਾਂ ਦੀ ਪੈਦਾਵਾਰ ਦਾ) ਅਬਾਦੀ ਵਿੱਚ ਹੋਏ ਵਾਧੇ ਤੋਂ ਘੱਟ ਨਹੀਂ, ਸਗੋਂ ਜਿਆਦਾ ਹੀ ਸੀ। 1760 ਵਿੱਚ ਫਰਾਂਸ ਦੀ ਅਬਾਦੀ 21 ਲੱਖ ਸੀ। ਪ੍ਰਤੀ ਵਿਅਕਤੀ ਔਸਤ ਖਾਧ ਪਦਾਰਥਾਂ ਦੀ ਪੈਦਾਵਾਰ 450 ਲੀਟਰ ਸੀ। ਅੱਸੀ ਸਾਲਾਂ ਬਾਅਦ 1840 ਵਿੱਚ ਫਰਾਂਸ ਦੀ ਅਬਾਦੀ ਵਧ ਕੇ 34 ਲੱਖ ਹੋ ਗਈ, ਭਾਵ ਇਸ ਵਿੱਚ 62 ਪ੍ਰਤੀਸ਼ਤ ਦਾ ਵਾਧਾ ਹੋਇਆ। ਪਰ ਖਾਧ ਪਦਾਰਥਾਂ ਦੀ ਪੈਦਾਵਾਰ ਵਿੱਚ ਵਾਧਾ ਇਸ ਤੋਂ ਵੀ ਤੇਜ ਗਤੀ ਨਾਲ ਹੋਇਆ। ਕਈ ਹੋਰ ਪੂੰਜੀਵਾਦੀ ਦੇਸ਼ਾਂ ਦੇ ਸਬੰਧਤ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਅਬਾਦੀ ਵਿੱਚ ਵਾਧਾ ਗੁਜਾਰੇ ਦੇ ਸਾਧਨਾਂ 'ਚ ਹੋਏ ਵਾਧੇ ਤੋਂ ਜਿਆਦਾ ਨਹੀਂ ਸੀ। ਸਗੋਂ ਇਸਦੇ ਉਲਟ ਗੁਜਾਰੇ ਦੇ ਸਾਧਨਾਂ 'ਚ ਹੋਇਆ ਵਾਧਾ ਅਬਾਦੀ 'ਚ ਹੋਏ ਵਾਧੇ ਤੋਂ ਕਿਤੇ ਵੱਧ ਸੀ। ਪਰ ਫਿਰ ਵੀ ਕਿਰਤੀ ਲੋਕ ਬੇਹੱਦ ਗਰੀਬ ਸਨ ਅਤੇ ਉਹਨਾਂ ਦੀ ਦਸ਼ਾ ਦਰਦਨਾਕ ਸੀ। ਨਾਮ ਨਿਹਾਦ ਨਿਰਪੇਖ ਵਾਫਰ ਅਬਾਦੀ ਦੇ ਤਰਕ ਨਾਲ ਪੂੰਜੀਵਾਦੀ ਪ੍ਰਬੰਧ ਦੇ ਪਾਪਾਂ ਨੂੰ ਲੁਕਾਉਣ ਦੀ ਮਾਲਥਸ ਦੀ ਕੋਸ਼ਿਸ਼ ਇੱਕ ਅਸਫਲ ਯਤਨ ਸੀ।

ਪੁਰਾਣੇ ਚੀਨ ਵਿੱਚ ਮਾਲਥਸ ਦੇ ਇਸ ਸਿਧਾਂਤ ਦਾ ਵਿਆਪਕ ਪ੍ਰਭਾਵ ਸੀ। ਸਾਮਰਾਜਵਾਦੀ ਅਤੇ ਕਮਿਊਨਤਾਂਗ ਪਿਛਾਖੜੀ ਚੀਨੀ ਇਨਕਲਾਬ ਦਾ ਵਿਰੋਧ ਕਰਨ ਲਈ ਇਸ ਸਿਧਾਂਤ ਨੂੰ ਹਥਿਆਰ ਦੇ ਰੂਪ ਵਿੱਚ ਵਰਤਦੇ ਸਨ। ਉਹ ਇਹ ਬਕਵਾਸ ਕਰਦੇ ਸਨ ਕਿ ਚੀਨੀ ਜਨਤਾ ਇਸ ਲਈ ਗਰੀਬ ਹੈ ਕਿਉਂਕਿ ਉਸਦੀ ਗਿਣਤੀ ਬਹੁਤ ਜਿਆਦਾ ਹੈ ਇਸ ਤਰਾਂ ਉਹ ਸਾਮਰਾਜਵਾਦ, ਜਗੀਰਦਾਰੀ ਅਤੇ ਨੌਕਰਸ਼ਾਹ ਪੂੰਜੀਵਾਦ ਦੀਆਂ ਬੁਰਾਈਆਂ ਦਾ ਦੋਸ਼ ਕੁਦਰਤ ਉੱਪਰ ਥੋਪਣ ਦੀ ਕੋਸ਼ਿਸ਼ ਕਰਦੇ ਸਨ। ਕੌਮੀ ਮੁਕਤੀ ਤੋਂ ਠੀਕ ਪਹਿਲਾਂ ਫਿਰ ਉਹਨਾਂ ਨੇ ਅਜਿਹੀ ਬਕਵਾਸ ਮਾਰਨੀ ਸ਼ੁਰੂ ਕਰ ਦਿੱਤੀ ਕਿ ਚੀਨ ਦੀ ਅਬਾਦੀ ਬਹੁਤ ਜਿਆਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਰਕਾਰ ਖਾਧ ਪਦਾਰਥਾਂ ਦਾ ਸੰਕਟ ਹੱਲ ਨਹੀਂ ਕਰ ਸਕਦੀ ਅਤੇ ਇਹ ਕੁੱਝ ਮਹੀਨਿਆਂ ਤੋਂ ਵੱਧ ਨਹੀਂ ਚੱਲ ਸਕੇਗੀ। ਮਾਓ-ਜੇ-ਤੁੰਗ ਨੇ ਇਸ ਪਿਛਾਖੜੀ ਭੁਲਾਵੇ ਦਾ ਜੋਰਦਾਰ ਖੰਡਨ ਕੀਤਾ। ਉਹਨਾਂ ਨੇ ਕਿਹਾ ਕਿ, *"ਚੀਨ ਦੀ ਵਿਸ਼ਾਲ ਅਬਾਦੀ ਇੱਕ ਚੰਗੀ ਗੱਲ ਹੈ। ਅਸੀਂ ਇਸ ਤੋਂ ਵੀ ਵੱਡੀ ਅਬਾਦੀ ਨੂੰ ਪਾਲ ਪੋਸ ਸਕਦੇ ਹਨ। ਇਸ ਦਾ ਹੱਲ ਪੈਦਾਵਾਰ ਵਿੱਚ ਹੈ। ਇਨਕਲਾਬ ਅਤੇ ਪੈਦਾਵਾਰ ਮਿਲ ਕੇ ਖਾਧ-ਖੁਰਾਕ ਦੀ ਸਮੱਸਿਆ ਨੂੰ ਹੱਲ ਕਰ ਸਕਦੇ ਹੈ"।*[(6)] ਸਥਾਪਨਾ ਦੇ ਵੇਲੇ ਤੋਂ ਲੈਕੇ ਹੁਣ ਤੱਕ ਦੇ ਸਮਾਜਵਾਦੀ ਚੀਨ ਦੇ ਤਜਰਬੇ ਨੇ ਮਾਓ ਦੀ ਵਿਗਿਆਨਕ ਰਾਇ ਨੂੰ ਸਹੀ ਸਿੱਧ ਕੀਤਾ ਹੈ। ਮਾਓ ਦੀ ਇਨਕਲਾਬੀ

ਸੇਧ ਦੀ ਅਗਵਾਈ ਨੇ ਚੀਨ ਵਿੱਚ ਬੇਰੁਜ਼ਗਾਰੀ ਖਤਮ ਕਰ ਦਿੱਤੀ ਹੈ। ਸਮਾਜਵਾਦੀ ਅਰਥਚਾਰਾ ਵਿਕਾਸ ਕਰ ਰਿਹਾ ਹੈ ਅਤੇ ਲੋਕਾਂ ਦਾ ਜੀਵਨ ਪੱਧਰ ਲਗਾਤਾਰ ਉੱਪਰ ਉੱਠ ਰਿਹਾ ਹੈ। ਗਰੀਬ ਅਤੇ ਪਛੜੇ ਹੋਏ ਚੀਨ ਦੀ ਥਾਂ, ਹੁਣ ਖੁਸ਼ਹਾਲੀ ਅਤੇ ਵਿਕਾਸ ਦੇ ਰਾਹਾਂ ਤੇ ਅੱਗੇ ਵਧਦਾ ਇੱਕ ਸਮਾਜਵਾਦੀ ਦੇਸ਼ ਲੈ ਚੁੱਕਿਆ ਹੈ। ਸਾਮਰਾਜਵਾਦੀਆਂ ਵਲੋਂ ਖੜੇ ਕੀਤੇ ਭੁਲੇਖਿਆਂ ਦਾ ਦਿਵਾਲਾ ਨਿੱਕਲ ਚੁੱਕਾ ਹੈ।

ਪੂੰਜੀ ਸੰਗ੍ਰਹਿ ਮਜ਼ਦੂਰਾਂ ਨੂੰ ਕੰਗਾਲ ਕਰ ਦਿੰਦਾ ਹੈ

ਅਮੀਰ ਅਤੇ ਗਰੀਬ ਵਿਚਕਾਰ ਧਰੁਵੀਕਰਨ ਪੂੰਜੀ ਸੰਗ੍ਰਹਿ ਦਾ ਆਮ ਨਿਯਮ ਹੈ

ਪੂੰਜੀ ਸੰਗ੍ਰਹਿ ਦੇ, ਬੁਰਜੁਆਜ਼ੀ ਅਤੇ ਮਜ਼ਦੂਰ ਜਮਾਤ ਲਈ ਬਿਲਕੁਲ ਹੀ ਵੱਖੋ ਵੱਖਰੇ ਨਤੀਜੇ ਹੁੰਦੇ ਹਨ। ਬੁਰਜੁਆਜ਼ੀ ਲਈ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਉਸਦੀ ਪੂੰਜੀ ਵਿੱਚ ਵਾਧੇ ਅਤੇ ਸੰਕੇਂਦਰਣ ਤੇ ਉਸਦੀ ਧਨ ਦੌਲਤ ਦੇ ਵਿਸਥਾਰ ਦੀ ਪ੍ਰਕਿਰਿਆ ਹੁੰਦੀ ਹੈ। ਪਰ ਮਜ਼ਦੂਰ ਜਮਾਤ ਲਈ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ "ਮਸ਼ੀਨਾਂ ਮਜ਼ਦੂਰ ਨੂੰ ਖਦੇੜ ਦਿੰਦੀਆਂ ਹਨ"। ਇੱਕ ਅਜਿਹੀ ਪ੍ਰਕਿਰਿਆ ਜਿਸ ਵਿੱਚ ਬੇਰੁਜ਼ਗਾਰਾਂ ਦੀ ਫੌਜ ਲਗਾਤਾਰ ਵਧਦੀ ਜਾਂਦੀ ਹੈ, ਮਜ਼ਦੂਰਾਂ ਦੀ ਲੁੱਟ ਹੋਰ ਵਧਦੀ ਜਾਂਦੀ ਹੈ ਅਤੇ ਪੂਰੀ ਮਜ਼ਦੂਰ ਜਮਾਤ ਦੀਆਂ ਜਿਉਣ ਹਾਲਤਾਂ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀਆਂ ਜਾਂਦੀਆਂ ਹਨ। ਪੂੰਜੀਵਾਦੀ ਸਮਾਜ ਵਿੱਚ ਪੂੰਜੀ ਸੰਗ੍ਰਹਿ ਦੇ ਦੌਰਾਨ ਗਰੀਬ ਅਤੇ ਅਮੀਰ ਵਿਚਕਾਰ ਹੋ ਰਿਹਾ ਧਰੁਵੀਕਰਨ ਕਿਸੇ ਇੱਛਾ ਨਾਲ ਰੋਕਿਆ ਨਹੀਂ ਜਾ ਸਕਦਾ। ਸਮਾਜ ਦੇ ਇੱਕ ਸਿਰੇ 'ਤੇ ਧਨ ਦੌਲਤ ਇੱਕਠੀ ਹੁੰਦੀ ਜਾਂਦੀ ਹੈ ਤੇ ਦੂਸਰੇ ਸਿਰੇ 'ਤੇ ਗੁਰਬਤ। ਮਾਰਕਸ ਕਹਿੰਦੇ ਹਨ, *"ਇਹ ਪੂੰਜੀ ਸੰਗ੍ਰਹਿ ਦਾ ਨਿਰਪੇਖ ਅਤੇ ਆਮ ਨਿਯਮ ਹੈ"*।[7]

ਮਾਰਕਸ ਵੱਲੋਂ ਇਸ ਗੱਲ ਦਾ ਪਰਦਾ ਚਾਕ ਕਰਨਾ ਬਹੁਤ ਮਹੱਤਵਪੂਰਨ ਗੱਲ ਹੈ। ਇਹ ਸਾਨੂੰ ਦੱਸਦਾ ਹੈ ਕਿ ਮਜਦੂਰ ਜਮਾਤ ਦੀਆਂ ਕੰਮ ਹਾਲਤਾਂ ਅਤੇ ਜਿਉਣ-ਹਾਲਤਾਂ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਤੋਂ ਤੈਅ ਹੁੰਦੀਆਂ ਹਨ। ਪੂੰਜੀਵਾਦੀ ਪ੍ਰਬੰਧ ਅਧੀਨ ਪੈਦਾਵਾਰ ਦਾ ਵਿਕਾਸ ਮਜ਼ਦੂਰ ਜਮਾਤ ਦੀ ਗਰੀਬੀ ਦਾ ਕਾਰਨ ਬਣ ਜਾਂਦਾ ਹੈ

ਕੌਮੀ ਆਮਦਨ ਵਿੱਚੋਂ ਮਜ਼ਦੂਰ ਜਮਾਤ ਦਾ ਹਿੱਸਾ ਲਗਾਤਾਰ ਘਟਦੇ ਜਾਣਾ ਸਾਪੇਖਿਕ ਕੰਗਾਲੀ ਦਾ ਕਾਰਨ ਬਣਦਾ ਹੈ

ਕੌਮੀ ਆਮਦਨ ਇੱਕ ਸਾਲ ਦੌਰਾਨ ਪੂਰੇ ਸਮਾਜ ਦੀ ਨਵ-ਸਿਰਜਿਤ ਕਦਰ ਦਾ ਕੁੱਲ ਜੋੜ ਹੁੰਦੀ ਹੈ। ਪੂੰਜੀਵਾਦੀ ਸਮਾਜ ਅੰਦਰ ਇਸਨੂੰ ਦੋ ਹਿੱਸਿਆਂ 'ਚ ਵੰਡਿਆ ਜਾਂਦਾ ਹੈ। ਇੱਕ ਉਹ ਜੋ ਮਜਦੂਰਾਂ ਨੂੰ ਮਜ਼ਦੂਰੀ ਦੇ ਰੂਪ ਵਿੱਚ ਮਿਲਦੀ ਹੈ ਦੂਜੀ ਉਹ, ਜਿਸਨੂੰ ਵਾਫ਼ਰ ਕਦਰ ਦੇ ਰੂਪ ਵਿੱਚ ਪੂੰਜੀਪਤੀ ਲੁੱਟ ਲੈਂਦੇ ਹਨ। ਪੂੰਜੀਵਾਦ ਦੇ ਵਿਕਾਸ ਦੌਰਾਨ ਮਜ਼ਦੂਰਾਂ ਅਤੇ

ਪੂੰਜੀਪਤੀਆਂ ਨੂੰ ਮਿਲਣ ਵਾਲੇ ਹਿੱਸਿਆਂ ਨਾਲ ਕ੍ਰਮਵਾਰ ਕੀ ਵਾਪਰਦਾ ਹੈ ?

ਕੌਮੀ ਆਮਦਨ ਪੂਰੀ ਤਰ੍ਹਾਂ ਮਜਦੂਰਾਂ ਵੱਲੋਂ ਪੈਦਾ ਕੀਤੀ ਜਾਂਦੀ ਹੈ ਅਤੇ ਵਿਸਤ੍ਰਿਤ ਮੁੜ ਪੈਦਾਵਾਰ ਦੀ ਪ੍ਰਕਿਰਿਆ ਦੌਰਾਨ ਇਹ ਲਗਾਤਾਰ ਵਧਦੀ ਜਾਂਦੀ ਹੈ। ਪੂੰਜੀਵਾਦ ਵਿੱਚ ਮਜਦੂਰਾਂ ਨੂੰ ਮਿਲਣ ਵਾਲੀ ਮਜਦੂਰੀ ਦਾ ਹਿੱਸਾ ਲਗਾਤਾਰ ਘਟਦਾ ਰਹਿੰਦਾ ਹੈ ਅਤੇ ਬੁਰਜੂਆਜ਼ੀ ਨੂੰ ਮਿਲਣ ਵਾਲੀ ਵਾਫ਼ਰ ਕਦਰ ਦਾ ਹਿੱਸਾ ਲਗਾਤਾਰ ਵਧਦਾ ਜਾਂਦਾ ਹੈ ਇਸ ਵਰਤਾਰੇ ਨੂੰ ਮਜ਼ਦੂਰ ਜਮਾਤ ਦਾ ਸਾਪੇਖਿਕ ਕੰਗਾਲੀਕਰਨ ਕਿਹਾ ਜਾਂਦਾ ਹੈ। ਅਮਰੀਕੀ ਸਰਕਾਰ ਦੁਆਰਾ ਜਾਰੀ ਅੰਕੜਿਆਂ ਅਨੁਸਾਰ ਕੌਮੀ ਆਮਦਨ ਵਿੱਚ ਮਜ਼ਦੂਰਾਂ ਦੀ ਮਜ਼ਦੂਰੀ ਦਾ ਹਿੱਸਾ 1843 ਵਿੱਚ 45.8 % ਸੀ, 1886 ਵਿੱਚ 43.5 %, 1891 ਵਿੱਚ 42.7%, 1938 ਵਿੱਚ 37%, 1945 ਵਿੱਚ 33.3% ਅਤੇ 1956 ਵਿੱਚ 29.7% ਸੀ। ਇਹਨਾਂ ਅੰਕੜਿਆਂ ਤੋਂ ਅਸੀਂ ਦੇਖ ਸਕਦੇ ਹਾਂ ਕਿ ਪੂੰਜੀ ਸੰਗ੍ਰਹਿ ਨਾਲ ਮਜ਼ਦੂਰਾਂ ਦੀ ਆਮਦਨ ਸਾਪੇਖ ਰੂਪ 'ਚ ਲਗਾਤਾਰ ਘਟਦੀ ਗਈ ਜਦੋਂ ਕਿ ਬੁਰਜੁਆਜ਼ੀ ਦੁਆਰਾ ਹੜੱਪੀ ਗਈ ਧਨ-ਦੌਲਤ ਲਗਾਤਾਰ ਵਧਦੀ ਗਈ।

ਕੰਮ ਹਾਲਤਾਂ ਅਤੇ ਜਿਉਣ ਹਾਲਤਾਂ ਵਿੱਚ ਲਗਾਤਾਰ ਗਿਰਾਵਟ ਮਜ਼ਦੂਰ ਜਮਾਤ ਨੂੰ ਨਿਰਪੇਖ ਕੰਗਾਲੀ ਦੀ ਹਾਲਤ ਵਿੱਚ ਧੱਕ ਦਿੰਦੀ ਹੈ

ਪੂੰਜੀਵਾਦੀ ਸਮਾਜ ਵਿੱਚ ਮਜਦੂਰ ਜਮਾਤ ਦਾ ਸਾਪੇਖਕ ਕੰਗਾਲੀਕਰਨ ਹੀ ਨਹੀਂ ਸਗੋਂ ਨਿਰਪੇਖ ਕੰਗਾਲੀਕਰਨ ਵੀ ਹੁੰਦਾ ਹੈ। ਜਿਵੇਂ ਕਿ ਲੈਨਿਨ ਨੇ ਕਿਹਾ ਸੀ, *"ਮਜਦੂਰਾਂ ਦਾ ਨਿਰਪੇਖ ਕੰਗਾਲੀਕਰਨ ਹੋ ਜਾਂਦਾ ਹੈ ਭਾਵ ਉਹ ਬਦ ਤੋਂ ਬਦਤਰ ਹੋ ਜਾਂਦੇ ਹਨ ਉਹਨਾਂ ਦੀ ਜ਼ਿੰਦਗੀ ਹੋਰ ਤਰਸਯੋਗ ਹੋ ਜਾਂਦੀ ਹੈ, ਉਹਨਾਂ ਦਾ ਭੋਜਨ ਬੇ ਹੱਦ ਮਾੜਾ ਹੋ ਜਾਂਦਾ ਹੈ ਉਹ ਅਧ ਭੁੱਖੇ ਰਹਿੰਦੇ ਹਨ। ਉਹ ਤਹਿ ਖਾਨਿਆਂ ਅਤੇ ਪੜਛੱਤੀਆਂ ਅੰਦਰ ਤੁੰਨ੍ਹੇ ਰਹਿੰਦੇ ਹਨ।"* *(8)*

ਮਜ਼ਦੂਰ ਜਮਾਤ ਦੇ ਨਿਰਪੇਖ ਕੰਗਾਲੀ ਕਰਨ ਦੇ ਪ੍ਰਮੁੱਖ ਪ੍ਰਗਟਾਅ ਇਸ ਤਰ੍ਹਾਂ ਹਨ।

ਪਹਿਲਾ, ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਮਜ਼ਦੂਰਾਂ ਦੀ ਮੌਜੂਦਗੀ। ਪੂੰਜੀਵਾਦੀ ਦੇਸ਼ਾਂ ਵਿੱਚ ਬੇਰੁਜ਼ਗਾਰੀ ਦਾ ਖਤਰਾ ਮਜਦੂਰ ਸਿਰ ਹਮੇਸ਼ਾਂ ਮੰਡਰਾਂਉਂਦਾ ਰਹਿੰਦਾ ਹੈ। ਬੇਰੁਜ਼ਗਾਰ ਹੁੰਦੇ ਹੀ ਉਹ ਆਪਣੀ ਆਮਦਨ ਦਾ ਸ੍ਰੋਤ ਗੁਆ ਬਹਿੰਦਾ ਹੈ। ਗੁਜਾਰਾ ਕਰਨਾ ਉਸ ਲਈ ਇੱਕ ਗੰਭੀਰ ਸਮੱਸਿਆ ਬਣ ਜਾਂਦੀ ਹੈ। ਇਹ ਮਜ਼ਦੂਰ ਜਮਾਤ ਦੀਆਂ ਭੌਤਿਕ ਜੀਵਨ ਹਾਲਤਾਂ ਵਿੱਚ ਗਿਰਾਵਟ ਦਾ ਇੱਕ ਅਹਿਮ ਸੂਚਕ ਹੈ। ਅਮਰੀਕਾ ਅੰਦਰ 1945 ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਸੀ 11ਲੱਖ, 1955 ਵਿੱਚ 26.54 ਲੱਖ, 1968 ਵਿੱਚ 28 ਲੱਖ ਅਤੇ 1971ਵਿੱਚ ਇਹ ਵਧਦੀ ਵਧਦੀ 50 ਲੱਖ ਹੋ ਗਈ। ਇੰਗਲੈਂਡ ਵਿੱਚ ਵੀ ਬੇਰੁਜਗਾਰੀ ਦੀ ਹਾਲਤ ਬਹੁਤ ਗੰਭੀਰ ਸੀ। ਉੱਥੇ ਬੇਰੁਜ਼ਗਾਰ ਮਜ਼ਦੂਰਾਂ ਦੀ ਗਿਣਤੀ 1952

ਵਿੱਚ 5 ਲੱਖ ਸੀ ਜੋ ਫਰਵਰੀ 1972 ਤੱਕ ਵਧ ਕੇ 16 ਲੱਖ ਤੋਂ ਵੀ ਜਿਆਦਾ ਹੋ ਚੁੱਕੀ ਸੀ।

ਦੂਸਰਾ, ਅਸਲੀ ਉਜਰਤ ਵਿੱਚ ਗਿਰਾਵਟ। ਕਿਸੇ ਪੂੰਜੀਵਾਦੀ ਦੇਸ਼ ਅੰਦਰ ਰੁਜ਼ਗਾਰਸ਼ੁਦਾ ਮਜ਼ਦੂਰਾਂ ਦੀ ਹਾਲਤ ਵੀ ਇਸ ਤੋਂ ਵਧੀਆ ਨਹੀਂ ਹੁੰਦੀ। ਮਜਦੂਰ ਦੀ ਦਿਹਾੜੀ ਆਮ ਤੌਰ 'ਤੇ ਕਿਰਤ ਸ਼ਕਤੀ ਦੀ ਕਦਰ ਤੋਂ ਘੱਟ ਹੁੰਦੀ ਹੈ ਜਿਸ ਕਰਕੇ ਮਜਦੂਰ ਲਈ ਰੋਜੀ ਰੋਟੀ ਦਾ ਆਮ ਪੱਧਰ ਵੀ ਬਣਾਈ ਰੱਖ ਸਕਣਾ ਮੁਸ਼ਕਿਲ ਹੁੰਦਾ ਹੈ। ਕਦੇ ਕਦਾਈਂ ਪੂੰਜੀਪਤੀ ਨਾਲ ਕੀਤੇ ਸੰਘਰਸ਼ ਦੀ ਬਦੌਲਤ ਦਿਹਾੜੀ ਵਿੱਚ ਨਿਗੂਣਾ ਵਾਧਾ ਹੋ ਜਾਂਦਾ ਹੈ। ਪਰ ਪੂੰਜੀਵਾਦੀ ਦੇਸ਼ਾਂ ਅੰਦਰ ਵਿਆਪਕ ਮੁਦਰਾ ਸਫੀਤੀ ਦੇ ਕਾਰਨ ਮੁਦਰਾ ਦੇ ਰੂਪ ਵਿੱਚ ਦਿਹਾੜੀ 'ਚ ਹੋਇਆ ਵਾਧਾ ਆਮ ਤੌਰ 'ਤੇ ਵਧੀਆ ਕੀਮਤਾਂ ਤੋਂ ਪਿੱਛੇ ਹੀ ਰਹਿੰਦਾ ਹੈ। ਆਖਰ ਨੂੰ ਅਸਲ ਮਜ਼ਦੂਰੀ ਵਿੱਚ ਨਾ ਸਿਰਫ਼ ਕੋਈ ਵਾਧਾ ਨਹੀਂ ਹੁੰਦਾ ਸਗੋਂ ਅਕਸਰ ਇਹ ਪਹਿਲਾਂ ਤੋਂ ਵੀ ਘਟ ਜਾਂਦੀ ਹੈ। ਉਦਾਹਰਣ ਲਈ, ਅਮਰੀਕਾ ਸਰਕਾਰ ਦੇ ਅੰਕੜਿਆਂ ਮੁਤਾਬਕ ਦਸੰਬਰ 1969 ਤੋਂ ਦਸੰਬਰ 1970 ਦੇ ਦਰਮਿਆਨ ਨਿਰਮਾਣ (Manufacturing) ਦੇ ਖੇਤਰ 'ਚ ਲੱਗੇ ਕਾਮਿਆਂ ਦੀ ਦਿਹਾੜੀ 2.6 % ਵਧੀ। ਇਸੇ ਸਮੇਂ ਦੌਰਾਨ ਉਪਭੋਗਤਾ ਕੀਮਤ ਸੂਚਕ ਅੰਕ ਵਿੱਚ 5.5 % ਦਾ ਵਾਧਾ ਹੋਇਆ। ਇਸ ਤਰ੍ਹਾਂ ਇਹਨਾਂ ਕਾਮਿਆਂ ਦੀ ਅਸਲ ਉਜਰਤ ਸਗੋਂ 2.90 % ਘਟ ਗਈ। ਇਸ ਤੋਂ ਇਲਾਵਾ ਪੂੰਜੀਵਾਦੀ ਦੇਸ਼ਾਂ ਵਿੱਚ ਲੱਗਣ ਵਾਲੇ ਅਨੇਕਾਂ ਟੈਕਸ ਕਿਰਤੀ ਲੋਕਾਂ ਦੀ ਆਮਦਨੀ ਦਾ ਚੋਖਾ ਹਿੱਸਾ ਖਾ ਜਾਂਦੇ ਹਨ। ਅਮਰੀਕੀ ਸਰਕਾਰ ਦੇ ਅੰਕੜਿਆਂ ਅਨੁਸਾਰ 1940 ਤੋਂ 1970 ਤੱਕ ਦੇ ਤੀਹ ਸਾਲਾਂ ਵਿੱਚ ਟੈਕਸਾਂ ਦੀ ਰਕਮ 16 ਗੁਣਾ ਵਧ ਗਈ। 1940 ਵਿੱਚ ਅਮਰੀਕਾ ਅੰਦਰ ਕੁੱਲ ਕਰਜਾ (ਘਰ ਗਹਿਣੇ ਰੱਖਣ ਵਾਲੇ ਉਪਭੋਗਤਾ ਸਮੇਤ) 197.8 ਅਰਬ ਡਾਲਰ ਸੀ ਯਾਨੀ ਪ੍ਰਤੀਵਿਅਕਤੀ ਔਸਤਨ 1,133 ਡਾਲਰ। ਇਹ ਕਰਜਾ 1970 ਤੱਕ ਵਧ ਕੇ 577.9 ਅਰਬ ਡਾਲਰ ਯਾਨੀ ਪ੍ਰਤੀ ਵਿਅਕਤੀ ਔਸਤਨ 2,832 ਡਾਲਰ ਹੋ ਗਿਆ। 1970 ਵਿੱਚ ਕਰਜੇ ਅਤੇ ਵਿਆਜ ਦਾ ਭੁਗਤਾਨ ਅਮਰੀਕੀ ਲੋਕਾਂ ਦੀ ਸਲਾਨਾ ਆਮਦਨ ਦਾ 22.3 % ਛਕ ਜਾਂਦਾ ਸੀ। ਟੈਕਸ, ਕਰਜੇ ਅਤੇ ਵਿਆਜ ਦੇ ਭੁਗਤਾਨ ਵਿੱਚ ਹੀ ਅਮਰੀਕੀ ਲੋਕਾਂ ਦੀ ਸਲਾਨਾ ਆਮਦਨ ਦਾ ਲਗਭਗ ਅੱਧਾ ਹਿੱਸਾ ਰੁੜ੍ਹ ਜਾਂਦਾ ਸੀ।

ਤੀਸਰਾ, ਭੈੜੀਆਂ ਜਿਉਣ ਹਾਲਤਾਂ। ਅਸਲ ਮਜ਼ਦੂਰੀ ਘੱਟ ਹੋ ਜਾਣ ਕਰਕੇ ਪੂੰਜੀਵਾਦੀ ਦੇਸ਼ਾਂ ਦੇ ਮਜਦੂਰਾਂ ਨੂੰ ਭੈੜੀਆਂ ਜਿਉਣ ਹਾਲਤਾਂ ਵਿੱਚ ਗੁਜ਼ਾਰਾ ਕਰਨਾ ਪੈਂਦਾ ਹੈ। ਵਿਸ਼ੇਸ਼ ਤੌਰ 'ਤੇ ਰਹਾਇਸ਼ੀ ਹਾਲਤਾਂ ਹੋਰ ਵੀ ਮਾੜੀਆਂ ਹੋ ਜਾਂਦੀਆਂ ਹਨ। ਪੂੰਜੀਵਾਦੀ ਸਮਾਜ ਵਿੱਚ ਪੈਦਾਵਾਰ ਦੀ ਅਰਾਜਕਤਾ ਅਤੇ ਉਦਯੋਗਿਕ ਪੈਦਾਵਾਰ ਦੇ ਨਾਲ-ਨਾਲ ਅਬਾਦੀ ਦਾ ਅੰਨ੍ਹੇ-ਵਾਹ ਸੰਕੇਂਦਰਣ ਹੋ ਜਾਣ ਕਰਕੇ ਕੁੱਝ ਸ਼ਹਿਰਾਂ ਦਾ ਅਕਾਰ ਲਗਾਤਾਰ ਵਧਦਾ ਜਾਂਦਾ ਹੈ ਅਤੇ ਮਜਦੂਰਾਂ ਦੀਆਂ ਰਹਾਇਸ਼ੀ ਹਾਲਤਾਂ ਹੋਰ ਵੀ ਖਰਾਬ ਹੁੰਦੀਆਂ ਰਹਿੰਦੀਆਂ ਹਨ। ਮਾਰਕਸ ਨੇ ਕਿਹਾ ਸੀ, "*ਕਿਸੇ ਉਦਯੋਗਿਕ ਸ਼ਹਿਰਾਂ ਜਾਂ ਵਪਾਰਕ ਸ਼ਹਿਰਾਂ ਵਿੱਚ ਪੂੰਜੀ ਸੰਗ੍ਰਹਿ ਹੋਣ ਦੀ ਦਰ ਜਿੰਨੀ ਵੱਧ ਹੁੰਦੀ ਹੈ, ਲੁੱਟੇ-ਪੁੱਟੇ ਜਾਣ ਲਈ ਉਪਲਭਧ ਮਨੁੱਖੀ ਸਮੱਗਰੀ ਉਨੀ ਹੀ ਤੇਜੀ ਨਾਲ ਇਸ ਵੱਲ ਖਿੱਚੀ ਤੁਰੀ ਆਉਂਦੀ ਹੈ*"।(9) ਮਾਰਕਸ ਅਤੇ ਏਂਗਲਜ਼ ਨੇ ਆਪਣੀਆਂ ਲਿਖਤਾਂ ਵਿੱਚ ਪੂੰਜੀਵਾਦੀ ਸਮਾਜ ਅੰਦਰ ਮਜਦੂਰਾਂ ਦੀਆਂ

ਰਹਾਇਸ਼ੀ ਹਾਲਤਾਂ ਵਿੱਚ ਹੋਣ ਵਾਲੀ ਗਿਰਾਵਟ ਬਾਬਤ ਕਈ ਜਗ੍ਹਾ ਟਿੱਪਣੀਆਂ ਕੀਤੀਆਂ ਹਨ ਅਤੇ ਲੰਡਨ ਜਿਹੇ ਮਹਾਂਨਗਰਾਂ ਦੀਆਂ ਝੁੱਗੀ- ਝੌਂਪੜੀ ਵਾਲੀਆਂ ਬਸਤੀਆਂ ਦੀਆਂ ਬੇਹੱਦ ਭਿਆਨਕ ਹਾਲਤਾਂ ਦਾ ਵਰਨਣ ਕੀਤਾ ਹੈ। ਅੱਜ ਵੀ ਪੂੰਜੀਵਾਦੀ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿੱਚ ਅਜਿਹੀਆਂ ਬਸਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਨਿਊਯਾਰਕ ਵਿੱਚ 1950 ਵਿੱਚ 16.64 ਲੱਖ ਲੋਕ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਸਨ। 1957 ਵਿਚ ਦੀ ਗਿਣਤੀ ਲਗਾਤਾਰ ਵਧ ਕੇ 25.72 ਲੱਖ ਹੋ ਗਈ। 1959 ਵਿੱਚ ਅਮਰੀਕਾ ਦੀ ਕੁੱਲ ਅਬਾਦੀ ਲਗਭਗ 18 ਕਰੋੜ ਸੀ ਜਿਸ ਵਿਚੋਂ 2.2 ਕਰੋੜ ਲੋਕ ਸ਼ਹਿਰ ਦੀਆਂ ਗੰਦੀਆਂ ਬਸਤੀਆਂ ਵਿੱਚ ਅਤੇ 4.4 ਕਰੋੜ ਲੋਕ ਅਜਿਹੇ ਘਰਾਂ ਵਿੱਚ ਰਹਿੰਦੇ ਸਨ ਜਿੰਨਾ ਦੀ ਹਾਲਤ ਬਹੁਤ ਮਾੜੀ ਸੀ।

ਕਾਰਖਾਨਿਆਂ ਚੋਂ ਨਿੱਕਲਦੀਆਂ ਜ਼ਹਿਰੀਲੀਆਂ ਗੈਸਾਂ, ਕੂੜਾ ਕਰਕਟ ਅਤੇ ਪ੍ਰਦੂਸ਼ਿਤ ਪਾਣੀ ਮਜਦੂਰਾਂ ਦੀਆਂ ਰਿਹਾਇਸ਼ੀ ਹਾਲਤਾਂ ਨੂੰ ਹੋਰ ਵੀ ਬਦਤਰ ਬਣਾ ਦਿੰਦੇ ਹਨ ਅਤੇ ਉਨਾਂ ਦੀ ਸਿਹਤ ਉੱਪਰ ਬੁਰਾ ਅਸਰ ਪਾਉਂਦੇ ਹਨ। ਉਦਯੋਗ ਜਿੰਨਾ ਵੱਧ ਵਿਕਸਿਤ ਹੁੰਦਾ ਜਾਂਦਾ ਹੈ, ਪ੍ਰਦੂਸ਼ਣ ਵੀ ਉਸੇ ਹਿਸਾਬ ਨਾਲ ਵਧਦਾ ਜਾਂਦਾ ਹੈ। ਅਮੀਰ ਸਰਮਾਏਦਾਰ ਮਿਹਨਤਕਸ਼ ਅਬਾਦੀ ਨੂੰ ਸ਼ਹਿਰਾਂ ਵਿੱਚ ਦੋਜਖ ਭਰਨ ਲਈ ਛੱਡ ਕੇ ਸ਼ਹਿਰੋਂ ਬਾਹਰ, ਹਰਿਆਵਲ ਨਾਲ ਘਿਰੇ ਬੰਗਲਿਆਂ ਵਿੱਚ ਰਹਿੰਦੇ ਹਨ। ਪੂੰਜੀਵਾਦੀ ਦੇਸ਼ਾਂ ਦੇ ਕੁੱਝ ਵੱਡੇ ਸ਼ਹਿਰਾਂ ਵਿੱਚ ਜਿੱਥੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਜਿਆਦਾ ਗੰਭੀਰ ਹੈ, ਹਰ ਸ਼ਹਿਰੀ ਹਰ ਸਾਹ ਨਾਲ ਭਾਰੀ ਮਾਤਰਾ ਵਿੱਚ ਜ਼ਹਿਰੀਲੀਆਂ ਗੈਸਾਂ ਆਪਣੇ ਅੰਦਰ ਖਿਚਦਾ ਹੈ। ਇੰਨ੍ਹਾ ਸ਼ਹਿਰਾਂ ਵਿਚ ਸਾਹ ਨਾਲੀ ਦੀ ਸੋਜ, ਸਾਹ, ਦਮਾ ਅਤੇ ਫੇਫੜਿਆਂ ਨਾਲ ਸਬੰਧਤ ਹੋਰ ਬਿਮਾਰੀਆਂ ਨਾਲ ਗ੍ਰਸਤ ਲੋਕਾਂ ਦੀ ਗਿਣਤੀ ਬਹੁਤ ਜਿਆਦਾ ਹੈ ਅਤੇ ਇੰਨ੍ਹਾ ਬਿਮਾਰੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਵੀ ਉਨੀ ਹੀ ਜਿਆਦਾ ਹੈ। ਯੂਰਪ, ਅਮਰੀਕਾ ਅਤੇ ਜਪਾਨ ਵਿੱਚ ਅੰਗਾਂ ਅੰਦਰ ਹਵਾ ਭਰਨ ਦੀ ਬਿਮਾਰੀ ਦੇ ਕਾਰਨ ਕੰਮ ਤੋਂ ਹਟਾਏ ਜਾਣ ਵਾਲੇ ਮਜਦੂਰਾਂ ਦੀ ਗਿਣਤੀ ਵਧ ਰਹੀ ਹੈ।

ਅਮਰੀਕਾ ਵਿੱਚ ਜਿੱਥੋਂ ਤੱਕ ਸਿਹਤ ਸਹੂਲਤਾਂ ਦਾ ਸੁਆਲ ਹੈ, "ਹਸਪਤਾਲਾਂ ਦੇ ਦਰਵਾਜੇ ਚੌਪੱਟ ਖੁੱਲ੍ਹੇ ਰਹਿੰਦੇ ਹਨ ਪਰ ਉਨ੍ਹਾ ਲਈ ਨਹੀਂ ਜੋ ਇੰਨ੍ਹਾ ਹਸਪਤਾਲਾਂ ਦੀਆਂ ਮਹਿੰਗੀਆਂ ਫੀਸਾਂ ਨਹੀਂ ਭਰ ਸਕਦੇ"। ਇੱਕ ਵਾਰ ਦੀ ਰਜਿਸਟ੍ਰੇਸ਼ਨ ਫੀਸ ਦਰਮਿਆਨੀ ਆਮਦਨੀ ਵਾਲੇ ਮਜ਼ਦੂਰ ਦੀ ਇੱਕ ਦਿਹਾੜੀ ਦੇ ਤੀਜੇ ਹਿੱਸੇ ਦੇ ਬਰਾਬਰ ਹੁੰਦੀ ਹੈ। ਵਧੀ ਹੋਈ ਆਂਤ ਕੱਟਣ ਦੀ ਫੀਸ ਮਜ਼ਦੂਰ ਦੀ ਦੋ ਮਹੀਨਿਆਂ ਦੀ ਤਨਖਾਹ ਤੋਂ ਵੀ ਜਿਆਦਾ ਹੁੰਦੀ ਹੈ। ਇੱਕ ਸਧਾਰਨ ਮਜ਼ਦੂਰ ਨੂੰ ਜਣੇਪੇ ਦੀ ਫੀਸ ਜੋੜਨ ਲਈ ਕਈ ਮਹੀਨੇ ਪਹਿਲਾਂ ਤੋਂ ਹੀ ਬੱਚਤ ਕਰਨੀ ਪੈਂਦੀ ਹੈ। 1965 ਤੋਂ ਲੈਕੇ 1972 ਤੱਕ ਹਸਪਤਾਲਾਂ ਦੀ ਫੀਸ ਵਿੱਚ ਔਸਤਨ 12.3% ਦਾ ਸਲਾਨਾ ਵਾਧਾ ਹੋਇਆ। ਅਜਿਹੀਆਂ ਹਾਲਤਾਂ ਵਿੱਚ ਬਹੁਤ ਸਾਰੇ ਮਜਦੂਰ ਬਿਮਾਰ ਹੁੰਦੇ ਹੋਏ ਵੀ ਕੰਮ 'ਤੇ ਲੱਗੇ ਰਹਿੰਦੇ ਹਨ ਕਿਉਂਕਿ ਉਹ ਇਹ ਫੀਸਾਂ ਦਾ ਭਾਰ ਚੁੱਕਣ ਤੋਂ ਅਸਮਰੱਥ ਹੁੰਦੇ ਹਨ ਅਤੇ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਚੌਥਾ, ਬੇਹੱਦ ਸਖਤ ਕੰਮ ਅਤੇ ਘਟੀਆ ਕੰਮ ਹਾਲਤਾਂ।

ਕਾਰਖਾਨਿਆ ਵਿੱਚ ਮਸ਼ੀਨੀਕਰਨ ਅਤੇ ਸਵੈਚਾਲਤ ਮਸ਼ੀਨਰੀ ਦੇ ਵਿਕਾਸ ਨਾਲ

ਨਾ ਕੇਵਲ ਮਜਦੂਰ ਲੋਹੇ ਦੇ ਕਲ ਪੁਰਜਿਆਂ ਵਿੱਚ ਹੀ ਵਟਦੇ ਜਾ ਰਹੇ ਹਨ ਸਗੋਂ ਕਿਰਤ ਦੀ ਤੀਬਰਤਾ ਵੀ ਬਹੁਤ ਵਧ ਗਈ ਹੈ। ਇੱਕ ਅਮਰੀਕੀ ਆਟੋਮੋਬਾਇਲ ਉਦਯੋਗ ਦੇ ਮਜ਼ਦੂਰ ਦੇ ਸ਼ਬਦਾਂ ਵਿੱਚ, "ਪ੍ਰਾਚੀਨ ਯੂਨਾਨ ਅਤੇ ਰੋਮਨ ਸਾਮਰਾਜ ਵਿੱਚ ਅਭਾਗਾ ਮਲਾਹ ਵੀ ਹਵਾ ਦਾ ਰੁਖ ਅਨੁਕੂਲ ਹੋਣ 'ਤੇ ਕੁੱਝ ਦੇਰ ਚੱਪੂ ਰੱਖ ਕੇ ਸੁਸਤਾ ਸਕਦਾ ਸੀ। ਪਰ ਹੁਣ ਕਨਵੇਅਰ ਬੇਲਟ 'ਤੇ ਖੜ੍ਹੇ ਮਜਦੂਰ ਨੂੰ ਸਾਹ ਲੈਣ ਦੀ ਵੀ ਫੁਰਸਤ ਨਹੀਂ ਮਿਲਦੀ ਜਦੋਂ ਇੱਕ ਤੋਂ ਬਾਅਦ ਇੱਕ ਮਸ਼ੀਨ ਦੇ ਪੁਰਜੇ ਉਸਦੇ ਸਾਹਮਣੇ ਉਪਰੋਥੱਲੀ ਆਉਂਦੇ ਰਹਿੰਦੇ ਹਨ"। ਮਜਦੂਰਾਂ ਦੀ ਲੁੱਟ ਲਈ ਤੇਜ ਗਤੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਲਗਾਏ ਜਾਣ ਨਾਲ ਅਮਰੀਕੀ ਕਾਰਖਾਨਿਆਂ ਵਿੱਚ ਕੁੱਝ ਮਜਦੂਰ 8 ਤੋਂ 10 ਸਾਲ ਤੱਕ ਮਜਦੂਰੀ ਕਰਨ ਦੀ ਸਮਰੱਥਾ ਗੁਆ ਬਹਿੰਦੇ ਹਨ। ਬਹੁਤ ਸਾਰੇ ਮਜਦੂਰ 40 ਸਾਲ ਦੀ ਉਮਰ ਤੱਕ ਪਹੁੰਚ ਕੇ ਕੰਮ ਦੀ ਤੇਜ ਗਤੀਨਾਲ ਤਾਲਮੇਲ ਨਹੀਂ ਬਿਠਾ ਪਾਉਂਦੇ। ਕੰਮ ਦੀ ਤੇਜ਼ ਗਤੀ ਅਤੇ ਬਚਾਅ ਪ੍ਰਬੰਧਾਂ ਦੀ ਘਾਟ ਦੇ ਕਾਰਨ ਹਾਦਸੇ ਹੋਣਾ ਆਮ ਗੱਲ ਬਣ ਗਈ ਹੈ। ਅਮਰੀਕੀ ਸਰਕਾਰ ਨੂੰ ਮੰਨਣਾ ਪਿਆ ਹੈ ਕਿ 85% ਮਜ਼ਦੂਰ ਲਗਾਤਾਰ ਹਾਦਸਾ ਗ੍ਰਸਤ ਹੋ ਜਾਣ ਦੇ ਖਤਰੇ 'ਚ ਕੰਮ ਕਰਦੇ ਹਨ। ਹਰ ਸਾਲ ਅਮਰੀਕਾ ਵਿੱਚ 3 ਤੋਂ 5% ਮਜ਼ਦੂਰ ਉਦਯੋਗਿਕ ਹਾਦਸਿਆਂ 'ਚ ਮਰਦੇ ਜਾਂ ਜਖਮੀ ਹੁੰਦੇ ਹਨ। ਇਸ ਤਰਾਂ ਪੂੰਜੀਵਾਦੀ ਦੇਸ਼ਾਂ ਅੰਦਰ ਵਿਗਿਆਨ ਅਤੇ ਤਕਨੀਕ ਵਿੱਚ ਹੋਈ ਪ੍ਰਗਤੀ, ਮਜ਼ਦੂਰ ਜਮਾਤ ਦੀ ਲਗਾਤਾਰ ਵਧ ਰਹੀ ਗੁਰਬਤ ਅਤੇ ਬਦਹਾਲੀ ਦੀ ਕੀਮਤ 'ਤੇ ਹਾਸਿਲ ਹੁੰਦੀ ਹੈ।

ਜਿਵੇਂ ਕਿ ਉੱਪਰ ਦੱਸੇ ਗਏ ਤੱਥਾਂ ਤੋਂ ਸਪਸ਼ਟ ਹੈ ਕਿ ਇਹ ਨਿਰਵਿਵਾਦ ਹੈ ਕਿ ਪੂੰਜੀਵਾਦੀ ਦੇਸ਼ਾਂ ਅੰਦਰ ਕਿਰਤੀ ਲੋਕਾਈ ਦਾ ਕੰਗਾਲੀਕਰਨ ਹੁੰਦਾ ਹੈ। ਬੁਰਜੂਆਜ਼ੀ ਅਤੇ ਮਜ਼ਦੂਰਾਂ ਦੀਆਂ ਸਫ਼ਾਂ 'ਚ ਘੁਸੇ ਉਸਦੇ ਏਜੰਟ ਕੁੱਝ ਅਸਥਾਈ, ਸਥਾਨਕ ਅਤੇ ਅੰਸ਼ਕ ਬਿਹਤਰੀ ਦੀਆਂ ਗੱਲਾਂ ਕਰਕੇ ਮਜ਼ਦੂਰ ਜਮਾਤ ਦੇ ਕੰਗਾਲੀਕਰਨ ਦੀ ਸਚਾਈ ਨੂੰ ਝੁਠਲਾਉਣ ਦੀਆਂ ਅਸਫਲ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।

ਪਹਿਲਾਂ ਸਾਨੂੰ ਮਜ਼ਦੂਰ ਜਮਾਤ ਦੇ ਕੰਗਾਲੀਕਰਨ ਦੇ ਸੁਆਲ ਦਾ ਜਮਾਤੀ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਉਨ੍ਹਾ ਕੁਲੀਨ ਮਜ਼ਦੂਰਾਂ ਨੂੰ ਗਿਣਤੀ ਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ ਜੋ ਬੁਰਜੂਆਜ਼ੀ ਕੋਲ ਵਿਕ ਚੁੱਕੇ ਹਨ। ਮੁੱਠੀ ਭਰ ਕੁਲੀਨ ਮਜ਼ਦੂਰ ਬੁਰਜੂਆਜ਼ੀ ਦੇ ਟੁਕੜਿਆਂ 'ਤੇ ਪਲਦੇ ਹੋਏ ਸੱਚੀਓ ਹੀ ਉੱਚ ਪੱਧਰ ਦਾ ਜੀਵਨ ਜਿਉਂਦੇ ਹਨ। ਪਰ ਉਹ ਮਜ਼ਦੂਰ ਸਫਾਂ ਦੇ ਮੈਂਬਰ ਨਹੀਂ ਰਹਿ ਜਾਂਦੇ ਸਗੋਂ ਮਜ਼ਦੂਰ ਜਮਾਤ ਦੇ ਗੱਦਾਰ ਬਣ ਜਾਂਦੇ ਹਨ।

ਮਜ਼ਦੂਰ ਜਮਾਤ ਦੇ ਨਜ਼ਰੀਏ ਦੇ ਸੁਆਲ ਦਾ ਇਤਿਹਾਸਕ ਅਤੇ ਠੋਸ ਦ੍ਰਿਸ਼ਟੀਕੋਣ ਨਾਲ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਵੱਖੋ-ਵੱਖਰੇ ਸਮਿਆਂ ਵਿੱਚ ਵੱਖੋ ਵੱਖਰੇ ਦੇਸ਼ਾਂ ਅੰਦਰ ਲੋਕਾਂ ਦਾ ਜੀਵਨ ਪੱਧਰ ਇੱਕੋ ਜਿਹਾ ਨਹੀਂ ਹੁੰਦਾ ਇਸ ਲਈ ਅਤੀਤ ਦੀ ਵਰਤਮਾਨ ਨਾਲ ਤੁਲਨਾ ਉੱਕਾ ਹੀ ਠੀਕ ਨਹੀਂ। ਪਿਛਲੇ ਸਮਿਆਂ ਵਿੱਚ, ਰਾਜਿਆਂ ਨੂੰ ਤੇਲ ਦੇ ਲੈਂਪ ਨਾਲ ਕੰਮ ਚਲਾਉਣਾ ਪੈਂਦਾ ਸੀ ਪਰ ਅੱਜ ਕੱਲ੍ਹ ਪੂੰਜੀਵਾਦੀ ਦੇਸ਼ਾਂ ਦੇ ਜਿਆਦਾਤਰ ਮਜ਼ਦੂਰ ਬਿਜਲੀ ਦੀ ਰੌਸ਼ਨੀ ਦਾ ਪ੍ਰਯੋਗ ਕਰਦੇ ਹਨ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਕਿਉਂਕਿ ਮਜ਼ਦੂਰਾਂ ਕੋਲ ਹੁਣ ਬਿਜਲੀ ਦੇ ਬੱਲਬ ਹਨ ਇਸ ਲਈ ਉਹ ਗਰੀਬ ਨਹੀਂ ਰਹੇ। ਕੀ

ਇਹ ਦਾਅਵਾ ਕਰਨਾ ਹਾਸੋ ਨਹੀਂ ਹੀਣਾ ਹੋਏਗਾ ਕਿ ਅੱਜ ਇੱਕ ਮਜ਼ਦੂਰ ਦੀ ਜਿੰਦਗੀ ਰਾਜੇ ਤੋਂ ਬਿਹਤਰ ਹੈ।

ਮਜ਼ਦੂਰ ਜਮਾਤ ਦੇ ਨਜ਼ਰੀਏ ਦੇ ਸੁਆਲ ਨੂੰ ਸਮੁੱਚਤਾ ਵਿੱਚ ਦੇਖਣਾ ਚਾਹੀਦਾ ਹੈ। ਭਾਵ ਮਜ਼ਦੂਰਾਂ ਦੀਆਂ ਜਿਉਣ ਹਾਲਤਾਂ ਦਾ ਅੰਦਾਜਾ ਕਿਸੇ ਇੱਕ ਕਾਰਖਾਨੇ, ਕਿਸੇ ਇਲਾਕਾ-ਵਿਸ਼ੇਸ਼ ਜਾਂ ਵਿਸ਼ੇਸ਼ ਸਮੇਂ ਦੇ ਅਧਾਰ 'ਤੇ ਨਹੀਂ ਲਾਉਣਾ ਚਾਹੀਦਾ ਸਗੋਂ ਇਹ ਅੰਦਾਜਾ ਇੱਕ ਲੰਮੇਰੇ ਦੌਰ ਦੇ ਅਧਾਰ 'ਤੇ ਲਗਾਉਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ, ਮਹਿਜ ਰੁਜਗਾਰਸ਼ੁਦਾ ਮਜ਼ਦੂਰਾਂ ਦੀਆਂ ਜਿਉਣ-ਹਾਲਤਾਂ ਨੂੰ ਹੀ ਨਹੀਂ ਸਗੋਂ ਬੇਰੁਜਗਾਰ ਅਤੇ ਅਰਧ-ਬੇਰੁਜਗਾਰ ਮਜ਼ਦੂਰਾਂ ਦੀਆਂ ਜਿਉਣ ਹਾਲਤਾਂ ਨੂੰ ਵੀ ਧਿਆਨ 'ਚ ਰੱਖਿਆ ਜਾਣਾ ਚਾਹੀਦਾ ਹੈ। ਸਾਨੂੰ ਸਿਰਫ ਸਾਮਰਾਜਵਾਦੀ ਦੇਸ਼ਾਂ ਦੇ ਮਜ਼ਦੂਰਾਂ ਦੀਆਂ ਜਿਉਣ ਹਾਲਤਾਂ ਨੂੰ ਹੀ ਨਹੀਂ ਸਗੋਂ ਬਸਤੀਵਾਦੀ ਤੇ ਨਵ ਬਸਤੀਵਾਦੀ ਦੇਸ਼ਾਂ ਦੇ ਮਜਦੂਰਾਂ ਦੀਆਂ ਜਿਉਣ ਹਾਲਤਾਂ ਨੂੰ ਵੀ ਅਤੇ ਭੁਲੇਖਾ ਪਾਊ ਪੂੰਜੀਵਾਦੀ ਖੁਸ਼ਹਾਲੀ ਦੇ ਦੌਰ 'ਚ ਹੀ ਨਹੀਂ ਸਗੋਂ ਆਰਥਿਕ ਸੰਕਟਾਂ ਦੇ ਦੌਰ ਵੇਲੇ ਵੀ ਵੇਖਿਆ ਜਾਣਾ ਚਾਹੀਂਦਾ ਹੈ। ਫਿਰ ਇਹ ਦੇਖਣਾ ਮੁਸ਼ਕਿਲ ਨਹੀਂ ਹੋਵੇਗਾ ਕਿ ਅਲੱਗ-ਅਲੱਗ ਕਾਰਖਾਨਿਆਂ, ਇਲਾਕਿਆਂ ਜਾਂ ਕਿਸੇ ਖਾਸ ਦੌਰ ਅੰਦਰ ਮਜ਼ਦੂਰਾਂ ਦੀਆਂ ਜਿਉਣ ਹਾਲਤਾਂ ਭਾਵੇਂ ਕੁੱਝ ਸੁਧਰੀਆਂ ਹੀ ਕਿਉਂ ਨਾ ਹੋਣ, ਪਰ ਸਮੁੱਚੀ ਮਜਦੂਰ ਜਮਾਤ ਦੀ ਅਸਲ ਹਾਲਤ ਦਿਨ-ਬ-ਦਿਨ ਨਿੱਘਰਦੀ ਜਾ ਰਹੀ ਹੈ।

ਮਜ਼ਦੂਰ ਜਮਾਤ ਹੀ ਪੂੰਜੀਵਾਦ ਲਈ ਕਬਰ ਪੁੱਟਦੀ ਹੈ

ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਪੂੰਜੀਪਤੀ ਹੋਰ ਅਮੀਰ ਹੁੰਦਾ ਜਾਂਦਾ ਹੈ ਤੇ ਮਜਦੂਰ ਹੋਰ ਵੱਧ ਗਰੀਬ। ਇਹ ਇੱਕ ਅਜਿਹੀ ਪ੍ਰਕਿਰਿਆ ਵੀ ਹੁੰਦੀ ਹੈ ਜਿਸ ਵਿੱਚ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ ਵਿਚਲੀ ਵਿਰੋਧਤਾਈ ਆਏ ਦਿਨ ਹੋਰ ਤਿੱਖੀ ਹੁੰਦੀ ਚਲੀ ਜਾਂਦੀ ਹੈ। ਪੂੰਜੀਵਾਦੀ ਅਰਥਚਾਰੇ ਦੀ ਵਿਕਾਸ ਯਾਤਰਾ ਦੌਰਾਨ ਖਿੰਡੀ ਖੱਪਰੀ, ਅਲੱਗ-ਥਲੱਗ ਅਤੇ ਛੋਟੇ ਪੈਮਾਨੇ ਦੀ ਨਿੱਜੀ ਪੈਦਾਵਾਰ ਵੱਡੇ ਪੈਮਾਨੇ ਦੀ ਸਮਾਜਿਕ ਪੈਦਾਵਾਰ ਵਿੱਚ ਬਦਲ ਜਾਂਦੀ ਹੈ। ਪੂੰਜੀਵਾਦ ਵਿੱਚ ਸਮਾਜਿਕ ਪੈਦਾਵਾਰ ਦੇ ਦੋ ਪੱਖ ਹੁੰਦੇ ਹਨ— ਪਹਿਲਾ ਇਹ ਕਿ ਪੂੰਜੀਵਾਦੀ ਕਾਰਖਾਨਾ ਨਿੱਜੀ ਦਸਤਕਾਰ ਦੀ ਛੋਟੀ ਜਿਹੀ ਵਰਕਸ਼ਾਪ ਤੋਂ ਵੱਖਰਾ ਹੁੰਦਾ ਹੈ। ਦਸਤਕਾਰ ਇੱਕਲਾ ਹੀ ਆਪਣੀ ਪੈਦਾਵਾਰੀ ਪ੍ਰਕਿਰਿਆ ਪੂਰੀ ਕਰਦਾ ਹੈ। ਜਦੋਂ ਕਿ ਪੂੰਜੀਵਾਦੀ ਕਾਰਖਾਨੇ ਵਿੱਚ ਦਰਜਨਾਂ, ਸੈਂਕੜੇ ਅਤੇ ਹਜਾਰਾਂ ਮਜਦੂਰ ਵਿਭੰਨ ਵਰਕਸ਼ਾਪਾਂ ਅਤੇ ਵਿਭਾਗਾਂ ਵਿੱਚ ਵੰਡੇ ਹੁੰਦੇ ਹਨ। ਉਹ ਸਰਮਾਏਦਾਰ ਅਤੇ ਉਸਦੇ ਏਜੰਟਾਂ ਦੇ ਹੁਕਮਾਂ ਤਹਿਤ ਆਪਸੀ ਕਿਰਤ ਵੰਡ ਤੇ ਸਹਿਯੋਗ-ਸਹਿਕਾਰ ਰਾਹੀਂ ਜਿਣਸ ਪੈਦਾਵਾਰ ਕਰਦੇ ਹਨ। ਦੂਸਰਾ ਇਹ ਕਿ ਕਿਰਤ ਵੰਡ ਲਗਾਤਾਰ ਡੂੰਘੀ ਹੁੰਦੀ ਜਾਂਦੀ ਹੈ। ਪੈਦਾਵਾਰ ਜਿਆਦਾ ਤੋਂ ਜਿਆਦਾ ਵਿਸ਼ੇਸ਼ੀਕ੍ਰਿਤ ਹੁੰਦੀ ਜਾਂਦੀ ਹੈ। ਸਮਾਜਿਕ ਪੈਦਾਵਾਰ ਅੰਦਰ ਵਿਭੰਨ ਵਿਭਾਗ ਅਤੇ ਸਾਖਾਵਾਂ ਇੱਕ ਦੂਜੇ ਨਾਲ ਜੁੜੀਆਂ ਅਤੇ ਅੰਤਰ ਨਿਰਭਰ ਹੁੰਦੀਆਂ ਹਨ। ਕਿਰਤ ਦੀ ਸਮਾਜਿਕ ਵੰਡ ਅਤੇ ਇੱਕ ਕਾਰਖਾਨੇ ਅੰਦਰ ਇਸਦੀ ਵੰਡ ਹੋਣ ਨਾਲ ਪੈਦਾਵਾਰ, *''ਵਿਅਕਤੀਗਤ ਕੰਮਾਂ ਦੀ ਲੜੀ 'ਚੋਂ ਨਿੱਕਲ ਕੇ*

ਸਮਾਜਿਕ ਕੰਮਾਂ ਦੀ ਲੜੀ ਵਿੱਚ ਬਦਲ ਜਾਂਦੀ ਹੈ ਅਤੇ ਉਤਪਾਦ ਵਿਅਕਤੀਗਤ ਉਤਪਾਦ ਨਾ ਹੋ ਕੇ ਇੱਕ ਸਮਾਜਿਕ ਉਤਪਾਦ ਬਣ ਜਾਂਦੇ ਹਨ"।[10] ਖਰਾਦ ਮਸ਼ੀਨਾਂ, ਮੋਟਰਾਂ, ਸੂਤੀ ਕੱਪੜਾ ਅਤੇ ਚਮੜੇ ਦੇ ਜੁੱਤੇ ਬਹੁਤ ਸਾਰੇ ਮਜਦੂਰਾਂ ਦੀ ਸੰਯੁਕਤ ਕਿਰਤ ਦੇ ਉਤਪਾਦ ਹੁੰਦੇ ਹਨ। ਕੋਈ ਇਹ ਨਹੀਂ ਕਹਿ ਸਕਦਾ, "ਇਹ ਮੇਰਾ ਉਤਪਾਦ ਹੈ"।

ਪੈਦਾਵਾਰ ਦਾ ਖਾਸਾ ਸਮਾਜਿਕ ਹੋ ਜਾਂਦਾ ਹੈ। ਪਰ ਪੈਦਾਵਾਰ ਦੇ ਸਾਧਨਾਂ ਅਤੇ ਸਮਾਜਿਕ ਕਿਰਤ ਦੇ ਉਤਪਾਦਾਂ ਉੱਪਰ ਸਮਾਜ ਦੀ ਮਾਲਕੀ ਨਹੀਂ ਹੁੰਦੀ। ਉਹ ਪੂੰਜੀਪਤੀ ਦੀ ਹੀ ਮਾਲਕੀ ਹੁੰਦੇ ਹਨ। ਇਸ ਤਰ੍ਹਾਂ ਸਮਾਜਿਕ ਪੈਦਾਵਾਰ ਅਤੇ ਪੂੰਜੀਵਾਦੀ ਨਿੱਜੀ ਮਾਲਕੀ ਦੇ ਵਿਚਕਾਰ ਵਿਰੋਧਤਾਈ ਜਨਮ ਲੈਂਦੀ ਹੈ। ਇਹ ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਹੈ। ਪੂੰਜੀਵਾਦੀ ਨਿੱਜੀ ਮਾਲਕੀ ਵੱਡੇ ਪੈਮਾਨੇ ਦੀ ਸਮਾਜਿਕ ਪੈਦਾਵਾਰ ਦੇ ਰਾਹ ਵਿੱਚ ਰੁਕਾਵਟ ਬਣ ਜਾਂਦੀ ਹੈ। ਪੂੰਜੀਵਾਦੀ ਪੈਦਾਵਾਰੀ ਸਬੰਧ ਪੈਦਾਵਾਰ ਦੇ ਵਿਕਾਸ ਨੂੰ ਹੋਰ ਜਿਆਦਾ ਰੋਕਣ ਲੱਗ ਜਾਂਦੇ ਹਨ ਅਤੇ ਉਨਾਂ ਦੇ ਪੈਰਾਂ ਦੀਆਂ ਬੇੜੀਆਂ ਬਣ ਜਾਂਦੇ ਹਨ। ਸਿਰਫ ਨਿੱਜੀ ਮਾਲਕੀ ਨੂੰ ਤਬਾਹ ਕਰ ਦੇਣ ਨਾਲ ਅਤੇ ਸਮਾਜਵਾਦੀ ਸਮਾਜਿਕ ਮਾਲਕੀ ਦੀ ਸਥਾਪਨਾ ਕਰਨ ਨਾਲ ਅਤੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੀ ਜਗ੍ਹਾ ਤੇ ਸਮਾਜਵਾਦੀ ਪੈਦਾਵਾਰੀ ਸਬੰਧ ਸਥਾਪਤ ਕਰਨ ਨਾਲ ਹੀ ਇਸ ਬੁਨਿਆਦੀ ਵਿਰੋਧਤਾਈ ਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਲਈ ਪੂੰਜੀਵਾਦ ਦਾ ਖਾਤਮਾ ਅਤੇ ਸਮਾਜਵਾਦ ਦਾ ਉਦੈ ਇਤਿਹਾਸਕ ਵਿਕਾਸ ਦਾ ਇੱਕ ਲਾਜ਼ਮੀ ਰੁਖ ਹੈ ਜਿਸਨੂੰ ਕਿਸੇ ਦੀ ਇੱਛਾ ਨਾਲ ਮੋੜਿਆ ਨਹੀਂ ਜਾ ਸਕਦਾ।

ਪਰ ਪੂੰਜੀਵਾਦ ਨੂੰ ਹਟਾਕੇ ਸਮਾਜਵਾਦ ਦੀ ਸਥਾਪਨਾ ਦੀ ਇਤਿਹਾਸਕ ਪ੍ਰਕਿਰਿਆ ਆਪਣੇ ਆਪ ਹੀ ਨੇਪਰੇ ਨਹੀਂ ਚੜ੍ਹ ਸਕਦੀ। ਪੂੰਜੀਵਾਦੀ ਪ੍ਰਬੰਧ ਤੋਂ ਫਾਇਦਾ ਉਠਾਉਣ ਵਾਲੀ ਬੁਰਜੂਆਜ਼ੀ ਸਮਾਜਿਕ ਤਬਦੀਲੀ ਨੂੰ ਹਰ ਹੀਲੇ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਇਹ ਤਬਦੀਲੀ ਲਿਆਉਣ ਲਈ ਇੱਕ ਅਜਿਹੀ ਸਮਾਜਿਕ ਸ਼ਕਤੀ ਦਾ ਹੋਣਾ ਬਹੁਤ ਜਰੂਰੀ ਹੈ ਜੋ ਬੁਰਜੂਆਜ਼ੀ ਦੇ ਇਸ ਵਿਰੋਧ ਨੂੰ ਕੁਚਲ ਦੇਵੇ। ਇਹ ਸਮਾਜਿਕ ਸ਼ਕਤੀ ਹੈ ਮਜਦੂਰ ਜਮਾਤ। ਮਜਦੂਰ ਜਮਾਤ ਉੱਨਤ ਪੈਦਾਵਾਰੀ ਤਾਕਤਾਂ ਦੀ ਪ੍ਰਤੀਨਿਧ ਹੈ। ਇਹ ਲੁੱਟੀ-ਲਤਾੜੀ ਹੋਈ ਹੈ। ਪਰ ਇਹ ਇਤਿਹਾਸ ਦੀ ਸਭ ਤੋਂ ਵੱਧ ਚੇਤਨ ਅਤੇ ਸਭ ਤੋਂ ਵੱਧ ਇਨਕਲਾਬੀ ਜਮਾਤ ਹੈ। ਮਾਰਕਸਵਾਦ ਦੀ ਸਿੱਖਿਆ ਨਾਲ ਲੈਸ ਹੋ ਕੇ ਇਹ ਲਾਜ਼ਮੀ ਤੌਰ 'ਤੇ ਪੂੰਜੀਵਾਦੀ ਪ੍ਰਬੰਧ ਨੂੰ ਮਲੀਆ ਮੇਟ ਕਰਨ ਲਈ ਉਠ ਖੜ੍ਹੀ ਹੋਵੇਗੀ। *''ਸਮਾਜਿਕ ਪੈਦਾਵਾਰ ਅਤੇ ਪੂੰਜੀਵਾਦੀ ਮਾਲਕੀ ਵਿਚਲੀ ਵਿਰੋਧਤਾਈ ਮਜਦੂਰ ਜਮਾਤ ਅਤੇ ਬੁਰਜੂਆਜ਼ੀ ਵਿਚਲੀ ਵਿਰੋਧਤਾਈ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ"।*[11] ਪੂੰਜੀ ਸੰਗ੍ਰਹਿ ਹੁੰਦੇ ਜਾਣ ਨਾਲ ਮਜਦੂਰ ਜਮਾਤ ਤੇਜੀ ਨਾਲ ਵਿਕਸਿਤ ਅਤੇ ਵੱਡੀ ਹੁੰਦੀ ਜਾਂਦੀ ਹੈ।

ਪੂੰਜੀ ਸੰਗ੍ਰਹਿ ਅਤੇ ਵਿਸਤਰਿਤ ਮੁੜ ਪੈਦਾਵਾਰ ਦੀ ਪ੍ਰਕਿਰਿਆ ਗੁਜਾਰੇ ਦੇ ਭੌਤਿਕ ਸਾਧਨਾਂ ਦੀ ਹੀ ਵਿਸਤਾਰਿਤ ਮੁੜ ਪੈਦਾਵਾਰ ਨਹੀਂ ਸਗੋਂ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੀ ਵੀ ਵਿਸਤਾਰਿਤ ਮੁੜ ਪੈਦਾਵਾਰ ਹੈ। ਇਹ ਇੱਕ ਪਾਸੇ ਹੋਰ ਵੱਡੇ ਪੂੰਜੀਪਤੀ ਨੂੰ ਅਤੇ ਦੂਜੇ ਪਾਸੇ ਹੋਰ ਵੀ ਵੱਧ ਗਰੀਬ ਭਾੜੇ ਦੇ ਮਜਦੂਰਾਂ ਨੂੰ ਪੈਦਾ ਕਰਦੀ ਹੈ। ਇਸ ਤਰ੍ਹਾਂ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਨਾ ਸਿਰਫ ਪੂੰਜੀਵਾਦ ਦੇ ਵਿਕਾਸ ਦੀਆਂ ਹਾਲਤਾਂ ਨੂੰ ਹੀ, ਭਾਵ ਵੱਡੇ ਪੈਮਾਨੇ 'ਤੇ ਸਮਾਜਿਕ ਖਾਸੇ ਵਾਲੀ ਪੈਦਾਵਾਰ ਨੂੰ ਹੀ ਜਨਮ ਨਹੀਂ ਦਿੰਦੀ ਸਗੋਂ ਪੂੰਜੀਵਾਦ ਦੀ ਕਬਰ

ਪੁੱਟਣ ਵਾਲੀ ਨੂੰ ਮਜਦੂਰ ਜਮਾਤ ਨੂੰ ਵੀ ਜਨਮ ਦਿੰਦੀ ਹੈ। *"ਬੁਰਜੂਆਜ਼ੀ ਨੇ ਨਾ ਸਿਰਫ ਆਪਣੀ ਤਬਾਹੀ ਦੇ ਹਥਿਆਰ ਬਣਾਏ ਹਨ ਸਗੋਂ ਇਸਨੇ ਆਧੁਨਿਕ ਮਜਦੂਰਾਂ ਨੂੰ ਯਾਣੀ ਮਜਦੂਰ ਜਮਾਤ ਨੂੰ ਇੰਨ੍ਹਾ ਦੀ ਸਿਖਲਾਈ ਵੀ ਦੇ ਦਿੱਤੀ ਹੈ"।*[(12)] ਮਜਦੂਰ ਜਮਾਤ ਪੂੰਜੀਵਾਦ ਦੇ ਜਨਮ ਨਾਲ ਹੀ ਹੋਂਦ ਵਿੱਚ ਆਈ ਅਤੇ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਦੌਰਾਨ ਹੋਰ ਮਜਬੂਤ ਅਤੇ ਜਮਾਤੀ ਤੌਰ 'ਤੇ ਚੇਤਨ ਹੋਈ। ਪੂੰਜੀ ਸੰਗ੍ਰਹਿ ਦੇ ਵਿਕਾਸ ਨਾਲ ਮਜਦੂਰ ਜਮਾਤ ਲਗਾਤਾਰ ਵਧਦੀ ਰਹਿੰਦੀ ਹੈ ਵੱਡੇ ਪੈਮਾਨੇ ਦੀ ਸਮਾਜਿਕ ਪੈਦਾਵਾਰ ਦੇ ਨਾਲ ਨਾਲ ਇਹ ਜਥੇਬੰਦਕ ਜਾਬਤੇ ਵਿੱਚ ਬੰਨ੍ਹੀ ਜਾਂਦੀ ਹੈ ਅਤੇ ਮਜਦੂਰ ਜਮਾਤ ਦੇ ਕੰਗਾਲੀਕਰਨ ਨਾਲ ਮਜਦੂਰ ਜਮਾਤ ਅਤੇ ਬੁਰਜੂਆਜ਼ੀ ਵਿਚਲੀ ਵਿਰੋਧਤਾਈ ਹੋਰ ਡੂੰਘੀ ਹੁੰਦੀ ਜਾਂਦੀ ਹੈ। ਜਮਾਤੀ ਲੜਾਈ ਦੇ ਅਨੁਭਵਾਂ ਅਤੇ ਮਾਰਕਸਵਾਦ ਨਾਲ ਲੈਸ ਮਜਦੂਰ ਜਮਾਤ ਇਨਕਲਾਬੀ ਜੋਸ਼ ਨਾਲ ਦਗਦੀ ਇੱਕ ਨਿਰਸੁਆਰਥ ਤੇ ਆਗਾਂਹ ਵਧੂ ਜਮਾਤ ਬਣ ਜਾਂਦੀ ਹੈ।

ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਦੌਰਾਨ ਸਮਾਜਿਕ ਪੈਦਾਵਾਰ ਦੇ ਜਬਰਦਸਤ ਵਿਕਾਸ ਦਾ ਇੱਕ ਅਜਿਹੀ ਸਥਿਤੀ ਵਿੱਚ ਪਹੁੰਚ ਜਾਣਾ ਅਟੱਲ ਹੈ ਜਦੋਂ ਧਮਾਕਾਖੇਜ ਰੂਪ ਲੈ ਚੁੱਕੇ ਪੂੰਜੀਵਾਦੀ ਪੈਦਾਵਾਰੀ ਸਬੰਧ ਇਸ ਨੂੰ ਕਿਵੇਂ ਵੀ ਆਪਣੇ ਖੋਲ ਅੰਦਰ ਸਮਾ ਨਹੀਂ ਸਕਦੇ। ਮਾਰਕਸ ਨੇ ਪੂਰੇ ਯਕੀਨ ਨਾਲ ਕਿਹਾ ਸੀ *"ਇਹ ਬੰਬ ਫਟਣ ਵਾਲਾ ਹੈ। ਪੂੰਜੀਵਾਦੀ ਨਿੱਜੀ ਮਾਲਕੀ ਦੀ ਮੌਤ ਦੀ ਘੰਟੀ ਵੱਜਣ ਹੀ ਵਾਲੀ ਹੈ। ਲੁਟੇਰਿਆਂ ਨੂੰ ਲੁੱਟ ਲਿਆ ਜਾਵੇਗਾ"।* [(13)] ਪੂੰਜੀਵਾਦੀ ਦੀ ਮੌਤ ਅਟੱਲ ਹੈ ਅਤੇ ਸਮਾਜਵਾਦ ਦੀ ਜਿੱਤ ਵੀ। ਇਹੋ ਪੂੰਜੀ ਸੰਗ੍ਰਹਿ ਦਾ ਇਤਿਹਾਸਿਕ ਰੁਖ ਹੈ।

ਪ੍ਰਮੁੱਖ ਅਧਿਐਨ ਸਮੱਗਰੀ :

ਮਾਰਕਸ, ਪੂੰਜੀ, ਸੈਂਚੀ ਪਹਿਲੀ, ਭਾਗ-7.
ਮਾਰਕਸ, "ਪੂੰਜੀਵਾਦੀ ਸਮਾਜ ਦਾ ਕੰਗਾਲੀ ਕਰਨ"
ਮਾਓ-ਜੇ-ਤੁੰਗ, " ਇਤਿਹਾਸ ਦੇ ਵਿਚਾਰਵਾਦੀ ਸੰਕਲਪ ਦਾ ਦਿਵਾਲੀਆਪਣ"

ਪੜਚੋਲ ਲਈ ਪ੍ਰਸ਼ਨ :

1. ਸਧਾਰਨ ਮੁੜ ਪੈਦਾਵਾਰ ਤੇ ਵਿਸਤਰਿਤ ਮੁੜ-ਪੈਦਾਵਾਰ ਦੇ ਵਿਸ਼ਲੇਸ਼ਣ ਤੋਂ ਕਿਹੜੇ ਸਿੱਟੇ ਕੱਢੇ ਜਾ ਸਕਦੇ ਹਨ ?
2. ਪੂੰਜੀਵਾਦੀ ਸਮਾਜ ਅੰਦਰ ਮਜਦੂਰ ਜਮਾਤ ਦਾ ਕੰਗਾਲੀ ਕਰਨ ਅਤੇ ਮਜਦੂਰਾਂ ਦੀ ਬੇਰੁਜਗਾਰੀ ਦੇ ਕੀ ਕਾਰਨ ਹੁੰਦੇ ਹਨ ?
3. ਮਜਦੂਰ ਜਮਾਤ ਨੂੰ ਪੂੰਜੀਵਾਦੀ ਦੀ ਕਬਰ ਪੁੱਟਣ ਵਾਲੀ ਜਮਾਤ ਕਿਉਂ ਕਿਹਾ ਜਾਂਦਾ ਹੈ ?

ਨੋਟਸ :

1. ਮਾਰਕਸ, ਪੂੰਜੀ, ਸੈਂਚੀ ਪਹਿਲੀ, ਮਾਰਕਸ-ਏਂਗਲਜ਼ ਸਮੁੱਚੀਆਂ ਲਿਖਤਾਂ, ਸੈਂਚੀ 23, ਪੰਨਾ-625.
2. ਉਹੀ, ਪੰਨਾ-647.

3. ਉਹੀ, ਪੰਨਾ-649-650.

4. ਉਹੀ, ਪੰਨਾ-672.

5. ਉਹੀ, ਪੰਨਾ-692.

6. ਇਤਿਹਾਸ ਦੇ ਵਿਚਾਰਵਾਦੀ ਸੰਕਲਪ ਦਾ ਦਿਵਾਲੀਆਪਣ "ਮਾਓ-ਜੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਸੈਂਚੀ ਚੌਥੀ

7. ਮਾਰਕਸ, ਪੂੰਜੀ, ਸੈਂਚੀ ਪਹਿਲੀ , ਮਾਰਕਸ ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 23, ਪੰਨਾ-707.

8. "ਪੂੰਜੀਵਾਦੀ ਸਮਾਜ ਦਾ ਕੰਗਾਲੀਕਰਨ", "ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 18, ਪੰਨਾ-430.

9. ਮਾਰਕਸ ਪੂੰਜੀ, ਸੈਂਚੀ ਪਹਿਲੀ, ਮਾਰਕਸ ਏਂਗਲਜ਼ ਸਮੁੱਚੀਆਂ ਲਿਖਤਾਂ, ਸੈਂਚੀ 23,ਪੰਨਾ 725.

10. ਏਂਗਲਜ਼, ਡਿਉਰਿੰਗ ਵਿਰੁੱਧ, ਮਾਰਕਸ ਏਂਗਲਜ਼ ਚੋਣਵੀਆਂ ਲਿਖਤਾਂ, ਸੈਂਚੀ -3, ਚੀਨੀ ਐਡੀਸ਼ਨ 1972, ਪੰਨਾ257.

11. ਉਹੀ, ਪੰਨਾ-311.

12. ਕਮਿਊਨਿਸਟ ਮੈਨੀਫੈਸਟੋ, ਮਾਰਕਸ ਏਂਗਲਜ਼ ਚੋਣਵੀਆਂ ਲਿਖਤਾਂ, ਸੈਂਚੀ ਪਹਿਲੀ, ਚੀਨੀ ਐਡੀਸ਼ਨ 1972 ਪੰਨਾ-257.

13. ਮਾਰਕਸ, ਪੂੰਜੀ, ਸੈਂਚੀ ਪਹਿਲੀ, ਮਾਰਕਸ-ਏਂਗਲਜ਼ ਸਮੁੱਚੀਆਂ ਲਿਖਤਾਂ, ਸੈਂਚੀ 23, ਪੰਨਾ-831-832.

* * * * * * * * * * * *

6

ਪੂੰਜੀ ਦੇ ਆਵਾਗਮਨ ਦੀ ਪ੍ਰਕਿਰਿਆ ਵਾਫ਼ਰ ਕਦਰ ਹਥਿਆਉਣ ਅਤੇ ਇਸਨੂੰ ਸਕਾਰਨ ਦੀ ਪ੍ਰਕਿਰਿਆ ਹੈ

ਪੂੰਜੀ ਦਾ ਚੱਕਰਦਾਰ ਵਹਿਣ, ਇਸਦਾ ਕੁੱਲ ਕਾਰੋਬਾਰ ਅਤੇ ਸਮਾਜਿਕ ਪੂੰਜੀ ਦੀ ਮੁੜ-ਪੈਦਾਵਾਰ

ਸਰਮਾਏ ਨੂੰ ਸਰਮਾਇਆ ਬਣੇ ਰਹਿਣ ਲਈ ਨਿਰੰਤਰ ਗਤੀਸ਼ੀਲ ਹੋਣਾ ਲਾਜ਼ਮੀ ਹੈ। ਇਹ ਆਪਣੇ ਅਨੰਤ ਚੱਕਰਾਂ ਦੌਰਾਨ ਲਗਾਤਾਰ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਅਤੇ ਫਿਰ ਮੁੜ ਪੈਦਾਵਾਰੀ ਪ੍ਰਕਿਰਿਆ ਚੋਂ ਵਟਾਂਦਰੇ ਦੀ ਪ੍ਰਕਿਰਿਆ ਵਿੱਚ ਆਵਾਗਮਨ ਕਰਦੀ ਰਹਿੰਦੀ ਹੈ।

ਪਿਛਲੇ ਦੋ ਪਾਠਾਂ ਵਿੱਚ, ਅਸੀਂ ਵਟਾਂਦਰੇ ਦੀ ਪ੍ਰਕਿਰਿਆ ਨੂੰ ਕੁੱਝ ਦੇਰ ਲਈ ਲਾਂਭੇ ਰਖਦੇ ਹੋਏ ਪੈਦਾਵਾਰੀ ਪ੍ਰਕਿਰਿਆ ਵਿਚਲੇ ਪੂੰਜੀ ਉੱਪਰ ਨਜ਼ਰ ਮਾਰੀ ਸੀ। ਹੁਣ ਇਸ ਪਾਠ ਵਿੱਚ ਅਸੀਂ ਪੂੰਜੀ ਦੀ ਗਤੀ ਅਤੇ ਇਸਦੇ ਵਜੂਦ ਸਮੋਈਆਂ ਵਿਰੋਧਤਾਈਆਂ ਦਾ ਵਿਸ਼ਲੇਸ਼ਣ ਵਟਾਂਦਰੇ ਦੇ ਨਜ਼ਰੀਏ ਤੋਂ ਕਰਾਂਗੇ।

ਪੂੰਜੀ ਦਾ ਪਰਿਚਲਣ ਤਿੰਨ ਪੜਾਵੀ ਹੈ ਅਤੇ ਇਹ ਤਿੰਨ ਰੂਪ ਅਖਤਿਆਰ ਕਰਦਾ ਹੈ

ਪੂੰਜੀ ਦੇ ਪਰਿਚਲਣ ਦੇ ਤਿੰਨ ਪੜਾਅ ਪੈਦਾਵਾਰੀ ਪ੍ਰਕਿਰਿਆ ਅਤੇ ਵਟਾਂਦਰੇ ਦੀ ਪ੍ਰਕਿਰਿਆ ਦੀ ਆਪਸੀ ਏਕਤਾ ਨੂੰ ਉਜਾਗਰ ਕਰਦੇ ਹਨ

ਆਪਣੀ ਗਤੀ ਦੌਰਾਨ ਪੂੰਜੀ ਸਿਲਸਲੇਵਾਰ ਤਿੰਨ ਪੜਾਵਾਂ ਵਿੱਚੋਂ ਦੀ ਲੰਘਦਾ ਹੈ ਅਤੇ ਇਨ੍ਹਾਂ ਦੇ ਹੀ ਅਨੁਸਾਰੀ ਤਿੰਨ ਰੂਪ ਅਖਤਿਆਰ ਕਰਦਾ ਹੈ।

ਪੂੰਜੀ ਦੀ ਗਤੀ ਦੇ ਪਹਿਲੇ ਪੜਾਅ ਵਿੱਚ, ਪੂੰਜੀਪਤੀ ਨੂੰ ਬਜਾਰ ਚੋਂ ਪੈਦਾਵਾਰ ਦੇ ਸਾਧਨ ਅਤੇ ਕਿਰਤ ਸ਼ਕਤੀ ਖਰੀਦਣ ਲਈ ਮੁਦਰਾ ਦੀ ਇੱਕ ਨਿਸ਼ਚਿਤ ਮਾਤਰਾ ਰੱਖਣੀ

ਪੈਂਦੀ ਹੈ। ਜੇ ਅਸੀਂ ਹੁਣ ਮੁਦਰਾ ਨੂੰ G, ਜਿਣਸਾਂ ਨੂੰ W, ਕਿਰਤ ਸ਼ਕਤੀ ਨੂੰ A, ਅਤੇ ਪੈਦਾਵਾਰ ਦੇ ਸਾਧਨਾਂ ਨੂੰ Pm ਵਜੋਂ ਦਰਸਾਈਏ ਤਾਂ ਇਸ ਪ੍ਰਕਿਰਿਆ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ :



ਇਸ ਪੜਾਅ ਦੌਰਾਨ ਪੂੰਜੀਪਤੀ ਦੀ ਮੁਦਰਾ ਖਰੀਦਣ ਅਤੇ ਭੁਗਤਾਨ ਕਰਨ ਦੇ ਸਾਧਨ ਵਜੋਂ ਕੰਮ ਕਰਦੀ ਹੈ ਕਿਉਂਕਿ ਪੂੰਜੀਪਤੀ ਜੋ ਚੀਜ਼ ਖਰੀਦਦਾ ਹੈ ਉਹ ਹੈ, ਕਿਰਤ ਸ਼ਕਤੀ ਅਤੇ ਪੈਦਾਵਾਰ ਦੇ ਸਾਧਨ, ਜਿਨ੍ਹਾਂ ਦੀ ਵਰਤੋਂ ਮਜਦੂਰ ਤੋਂ ਵਾਫਰ ਕਦਰ ਹਥਿਆਉਣ ਲਈ ਕੀਤੀ ਜਾਂਦੀ ਹੈ। ਹੁਣ ਇੱਥੇ ਇਹ ਮੁਦਰਾ, ਮੁਦਰਾ ਪੂੰਜੀ (ਮੁਦਰਾ ਦੇ ਰੂਪ ਵਿੱਚ ਪੂੰਜੀ) ਬਣ ਜਾਂਦੀ ਹੈ। ਪੈਦਾਵਾਰ ਦੇ ਸਾਧਨਾਂ ਅਤੇ ਕਿਰਤ ਸ਼ਕਤੀ ਦੀ ਖਰੀਦ ਦੇ ਜਰੀਏ ਇਹ ਮੁਦਰਾ ਸਰਮਾਇਆ, ਪੈਦਾਵਾਰੀ ਪੂੰਜੀ ਬਣ ਜਾਂਦੀ ਹੈ। ਮੁਦਰਾ ਪੂੰਜੀ ਦਾ ਕੰਮ ਵਾਫ਼ਰ ਕਦਰ ਪੈਦਾ ਕਰਨ ਦੀ ਤਿਆਰੀ ਕਰਨਾ ਹੈ।

ਪੂੰਜੀ ਦੀ ਗਤੀ ਦੇ ਦੂਜੇ ਪੜਾਅ ਵਿੱਚ, ਪੂੰਜੀਪਤੀ ,ਪੈਦਾਵਾਰ ਦੇ ਸਾਧਨਾਂ ਅਤੇ ਕਿਰਤ ਸ਼ਕਤੀ ਦੇ ਸੁਮੇਲ ਨਾਲ ਪੈਦਾਵਾਰ ਸ਼ੁਰੂ ਕਰਦਾ ਹੈ। ਇਸ ਤਰਾਂ, ਪੂੰਜੀ ਦੀ ਵਟਾਂਦਰਾ ਪ੍ਰਕਿਰਿਆ ਖਤਮ ਹੋ ਜਾਂਦੀ ਹੈ। ਇਸ ਪ੍ਰਕਿਰਿਆ ਦੇ ਦੌਰਾਨ ਕਿਰਤ ਸ਼ਕਤੀ ਖਰਚ ਹੁੰਦੀ ਹੈ ਕੱਚਾ ਮਾਲ ਤਿਆਰ ਮਾਲ ਵਿੱਚ ਵਟਦਾ ਹੈ, ਮਸ਼ੀਨਰੀ ਘਸਦੀ ਹੈ ਅਤੇ ਇੱਕ ਨਿਸ਼ਚਿਤ ਮਾਤਰਾ ਵਿੱਚ ਜਿਣਸਾਂ ਬਣਦੀਆਂ ਹਨ। ਹੁਣ ਪੈਦਾਵਾਰੀ ਪੂੰਜੀ, ਜਿਣਸ ਸਰਮਾਏ ਵਿੱਚ ਬਦਲ ਜਾਂਦਾ ਹੈ।

ਇਸ ਪੜਾਅ ਦੌਰਾਨ, ਜਿਣਸ ਸਰਮਾਏ ਵਿੱਚ ਮਜ਼ਦੂਰ ਦੁਆਰਾ ਦਾਖਲ ਕੀਤੀ ਵਾਫ਼ਰ ਕਦਰ ਵੀ ਸ਼ਾਮਲ ਹੋ ਜਾਂਦੀ ਹੈ। ਇਹ ਸ਼ੁਰੂ ਵਿੱਚ ਖਰੀਦੀਆਂ ਗਈਆਂ ਜਿਣਸਾਂ ਨਾਲੋਂ ਨਾ ਸਿਰਫ ਦਿਸਣ ਵਿੱਚ ਹੀ ਵੱਖਰੀ ਪ੍ਰਤੀਤ ਹੁੰਦੀ ਹੈ ਸਗੋਂ ਇਸਦੀ ਕਦਰ ਵੀ ਸ਼ੁਰੂਆਤੀ ਪੂੰਜੀ ਤੋਂ ਜਿਆਦਾ ਹੁੰਦੀ ਹੈ।

ਇਸ ਪ੍ਰਕਿਰਿਆ ਨੂੰ ਇਸ ਤਰਾਂ ਦਰਸਾਇਆ ਜਾ ਸਕਦਾ ਹੈ।



ਇੱਥੇ P ਪੈਦਾਵਾਰੀ ਪ੍ਰਕਿਰਿਆ ਵਿੱਚ ਪੈਦਾਵਾਰੀ ਪੂੰਜੀ ਨੂੰ ਦਰਸਾਉਂਦੀ ਹੈ। P ਤੋਂ

ਪਹਿਲਾਂ ਅਤੇ ਬਾਅਦ ਵਾਲੀਆਂ ਬਿੰਦੀ ਰੇਖਾਵਾਂ ਕ੍ਰਮਵਾਰ ਵਟਾਂਦਰੇ ਦੀ ਸਮਾਪਤੀ ਅਤੇ ਪੈਦਾਵਾਰ ਦੀ ਸ਼ੁਰੂਆਤ ਨੂੰ ਦਰਸਾਉਂਦੀਆਂ ਹਨ। W^1 ਵਾਫਰ ਕਦਰ ਸਮੋ ਚੁੱਕੀਆਂ ਅਖੀਰੀ ਜਿਣਸਾਂ ਨੂੰ ਦਰਸਾਉਂਦਾ ਹੈ।

ਇਸ ਪੜਾਅ ਦੌਰਾਨ, ਕਿਰਤ ਸ਼ਕਤੀ ਅਤੇ ਪੈਦਾਵਾਰ ਦੇ ਸਾਧਨ, ਪੈਦਾਵਾਰ ਦੇ ਕਾਰਕਾਂ (Factors of Production) ਦੀ ਹੀ ਨਹੀਂ ਸਗੋਂ ਪੂੰਜੀ ਦੀ ਭੂਮਿਕਾ ਵੀ ਨਿਭਾਉਂਦੇ ਹਨ ਕਿਉਂਕਿ ਪੂੰਜੀਪਤੀ ਇਨ੍ਹਾਂ ਹੀ ਪੈਦਾਵਾਰ ਦੇ ਸਾਧਨਾਂ ਅਤੇ ਇਸੇ ਕਿਰਤ ਸ਼ਕਤੀ ਦੇ ਸੁਮੇਲ ਨਾਲ ਵਾਫ਼ਰ ਕਦਰ ਪੈਦਾ ਕਰਵਾਉਂਦਾ ਹੈ ਇਸ ਤਰਾਂ, ਪੈਦਾਵਾਰੀ ਪੂੰਜੀ ਦਾ ਕੰਮ ਵਾਫ਼ਰ ਕਦਰ ਪੈਦਾ ਕਰਨਾ ਹੈ।

ਪੂੰਜੀ ਦੀ ਗਤੀ ਦੇ ਤੀਜੇ ਪੜਾਅ ਵਿੱਚ, ਪੂੰਜੀਪਤੀ ਇੰਨ੍ਹਾਂ ਵਾਫ਼ਰ ਕਦਰ ਸਮੋਈਆਂ ਤਿਆਰ ਜਿਣਸਾਂ ਨੂੰ ਵੇਚਣ ਵਾਸਤੇ ਬਜਾਰ ਵਿੱਚ ਲੈ ਕੇ ਜਾਂਦਾ ਹੈ। ਇੰਨ੍ਹਾਂ ਜਿਣਸਾਂ ਨੂੰ ਵੇਚਣ ਦੇ ਜਰੀਏ ਜਿਣਸ ਸਰਮਾਇਆ, ਫਿਰ ਮੁਦਰਾ ਪੂੰਜੀ ਵਿੱਚ ਵਟ ਜਾਂਦਾ ਹੈ ਅਤੇ ਇਸ ਤਰਾਂ ਪੂੰਜੀ ਮੁਦਰਾ ਦੇ ਰੂਪ ਵਿੱਚ ਵਾਪਸ ਆ ਜਾਂਦਾ ਹੈ (ਪਰ ਆਪਣੇ ਵਧੇ ਹੋਏ ਰੂਪ ਵਿੱਚ–ਅਨੁਵਾਦਕ) ਇਸ ਪ੍ਰਕਿਰਿਆ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ।

$$W^1 —— G^1$$

ਇੱਥੇ G^1 ਵਧੇ ਹੋਏ ਮੁਦਰਾ ਸਰਮਾਏ ਨੂੰ ਦਰਸਾਉਂਦਾ ਹੈ। ਇਸ ਵਿੱਚ ਪੂੰਜੀਪਤੀ ਵਲੋਂ ਲੱਗਿਆ ਹੋਈ ਪੂੰਜੀ ਅਤੇ ਸਿਰਜੀ ਗਈ ਵਾਫ਼ਰ ਕਦਰ ਦੋਨੋ ਨਿਹਿਤ ਹੁੰਦੇ ਹਨ। ਇਸ ਤਰ੍ਹਾਂ W^1 G^1 ਨਾ ਸਿਰਫ ਜਿਣਸ ਅਤੇ ਮੁਦਰਾ ਵਿਚਕਾਰ ਆਪਸੀ ਰੂਪ ਬਦਲੀ ਦੀ ਹੀ ਪ੍ਰਕਿਰਿਆ ਹੈ ਪਰ ਇਸ ਤੋਂ ਵੀ ਵੱਧ ਅਹਿਮੀਅਤ ਵਾਲੀ ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਜਿਣਸਾਂ ਵਿੱਚ ਸਮੋਈ ਹੋਈ ਅਤੇ ਪੂੰਜੀਪਤੀ ਵਲੋਂ ਹਥਿਆਈ ਵਾਫ਼ਰ ਕਦਰ ਨੂੰ ਮੁਨਾਫੇ ਵਿੱਚ ਬਦਲਿਆ ਜਾਂਦਾ ਹੈ। ਜਿਣਸ ਸਰਮਾਏ ਦਾ ਕੰਮ ਵਾਫਰ ਕਦਰ ਨੂੰ ਮੁਨਾਫੇ ਵਿੱਚ ਵਟਾਉਣਾ ਹੈ।

ਪੂੰਜੀ ਦੇ ਇਹ ਤਿੰਨ ਪੜਾਅ ਅਤੇ ਤਿੰਨ ਰੂਪ ਇਹ ਦਿਖਾਉਂਦੇ ਹਨ ਕਿ ਪੂੰਜੀ ਆਪਣੇ ਹਰ ਪੜਾਅ ਅਤੇ ਹਰ ਰੂਪ ਵਿੱਚ ਇੱਕ ਅਜਾਦ ਕੰਮ ਨੂੰ ਨੇਪਰੇ ਚਾੜ੍ਹਦਾ ਹੈ। ਇੱਕ ਕੰਮ ਮੁਕਾ ਲੈਣ ਤੋਂ ਬਾਅਦ ਇਹ ਦੂਸਰੇ ਪੜਾਅ ਅਤੇ ਦੂਜੇ ਰੂਪ ਵਿੱਚ ਦਾਖਲ ਹੋ ਜਾਂਦਾ ਹੈ। ਇਹਨਾਂ ਸਿਲਸਲੇਵਾਰ ਰੂਪ ਬਦਲੀਆਂ ’ਚੋਂ ਲੰਘਣ ਵਾਲਾ ਇਹ ਪੂੰਜੀ ਉਦਯੋਗਿਕ ਪੂੰਜੀ ਅਖਵਾਉਂਦਾ ਹੈ। ਇਸ ਉਦਯੋਗਿਕ ਪੂੰਜੀ ਅੰਦਰ ਨਾ ਸਿਰਫ ਨਿਰਮਾਣ ਦੇ ਖੇਤਰ ਵਿੱਚ ਲੱਗੀ ਹੋਈ ਪੂੰਜੀ ਹੀ ਸਗੋਂ ਦੂਸਰੇ ਭੌਤਿਕ ਪੈਦਾਵਾਰੀ ਖੇਤਰਾਂ ਜਿਵੇਂ ਖੇਤੀ ਅਤੇ ਉਸਾਰੀ ਆਦਿ ਵਿੱਚ ਲੱਗੀ ਪੂੰਜੀ ਵੀ ਸ਼ਾਮਲ ਹੁੰਦੀ ਹੈ। ਇਹ ਪੂੰਜੀ ਕ੍ਰਮਵਾਰ ਆਪਣਾ ਰੂਪ ਬਦਲਦੀ ਰਹਿੰਦੀ ਹੈ ਅਤੇ ਤਿੰਨ ਪੜਾਵਾਂ ਵਿੱਚੋਂ ਦੀ ਲੰਘਦਿਆਂ ਆਪਣੀ ਕਦਰ ਵਧਾਉਂਦੀ ਰਹਿੰਦੀ ਹੈ, ਉਪਰੰਤ ਆਪਣੇ ਸ਼ੁਰੂਆਤੀ ਸਥਾਨ ’ਤੇ ਮੁੜ ਆਉਂਦੀ ਹੈ। ਇਹ ਗਤੀ ਹੀ ਪੂੰਜੀ ਦਾ ਪਰਿਚਲਣ ਹੈ। ਹੁਣ ਅਸੀਂ ਇਸ ਸਮੁੱਚੀ ਪ੍ਰਕਿਰਿਆ ਨੂੰ ਇਵੇਂ ਦਰਸਾ ਸਕਦੇ ਹਾਂ—



ਉਦਯੋਗਿਕ ਪੂੰਜੀ ਦੇ ਗੇੜ ਵਿੱਚ, ਪਹਿਲਾ ਅਤੇ ਤੀਜਾ ਪੜਾਅ ਵਟਾਂਦਰਾ ਪ੍ਰਕਿਰਿਆ ਦਾ ਹੁੰਦਾ ਹੈ ਜਦੋਂ ਕਿ ਦੂਜਾ ਪੜਾਅ ਪੈਦਾਵਾਰੀ ਪ੍ਰਕਿਰਿਆ ਦਾ। ਇਹਨਾਂ ਤਿੰਨਾਂ ਪੜਾਵਾਂ ਚੋਂ ਪੈਦਾਵਾਰੀ ਪ੍ਰਕਿਰਿਆ ਦੀ ਭੂਮਿਕਾ ਫੈਸਲਾਕੁਨ ਹੁੰਦੀ ਹੈ ਕਿਉਂਕਿ ਇਸੇ ਪ੍ਰਕਿਰਿਆ ਅੰਦਰ ਹੀ ਵਾਫ਼ਰ ਕਦਰ ਪੈਦਾ ਹੁੰਦੀ ਹੈ। ਪਹਿਲੇ ਅਤੇ ਤੀਜੇ ਪੜਾਅ ਵਿੱਚ ਪੂੰਜੀ ਦਾ ਕੇਵਲ ਰੂਪ ਹੀ ਬਦਲਦਾ ਹੈ ਜਦੋਂ ਕਿ ਉਸਦੀ ਕਦਰ ਸਥਿਰ ਰਹਿੰਦੀ ਹੈ। ਪਰ ਫਿਰ ਵੀ ਉਦਯੋਗਿਕ ਪੂੰਜੀ ਨੂੰ ਆਪਣਾ ਇੱਕ ਵਹਿਣ ਪੂਰਾ ਕਰਨ ਲਈ ਪਹਿਲਾ ਅਤੇ ਤੀਜਾ ਪੜਾਅ ਜ਼ਰੂਰੀ ਹੈ। ਇੰਨ੍ਹਾਂ ਪੜਾਵਾਂ (ਪਹਿਲੇ ਤੇ ਤੀਜੇ) ਦੀਆਂ ਵਟਾਂਦਰਾ ਪ੍ਰਕਿਰਿਆਵਾਂ ਤੋਂ ਬਿਨਾ ਪੂੰਜੀਪਤੀ ਵਾਫ਼ਰ ਕਦਰ ਦੀ ਪੈਦਾਇਸ਼ ਅਤੇ ਉਗਰਾਹੀ ਨਹੀਂ ਕਰ ਸਕਦਾ। ਇਸ ਲਈ ਉਦਯੋਗਿਕ ਪੂੰਜੀ ਦਾ ਚੱਕਰਦਾਰ ਗੇੜ, ਵਟਾਂਦਰਾ ਪ੍ਰਕਿਰਿਆਵਾਂ ਅਤੇ ਪੈਦਾਵਾਰੀ ਪ੍ਰਕਿਰਿਆ ਦਾ ਸੁਮੇਲ ਹੈ। ਇਸੇ ਕਰਕੇ ਉਦਯੋਗਿਕ ਪੂੰਜੀ ਦੇ ਤਿੰਨ ਪੜਾਅ ਅੰਤਰ ਸਬੰਧਿਤ ਹੋਣੇ ਲਾਜ਼ਮੀ ਹਨ ਅਤੇ ਪੂੰਜੀ ਦਾ ਇੱਕ ਪੜਾਅ ਤੋਂ ਦੂਜੇ ਪੜਾਅ ਵਿੱਚ ਦਾਖਲ ਹੋਣਾ ਵੀ ਲਾਜ਼ਮੀ ਹੈ। ਜੇ ਪੂੰਜੀ ਦੇ ਪਰਿਚਲਣ ਨੂੰ ਪਹਿਲੇ ਪੜਾਅ 'ਤੇ ਹੀ ਰੋਕ ਲਿਆ ਜਾਵੇ ਤਾਂ ਇਹ ਜਖੀਰੇਬਾਜ਼ੀ ਕਰਕੇ ਜਮ੍ਹਾਂ ਕੀਤੀ ਮੁਦਰਾ ਬਣ ਜਾਂਦੀ ਹੈ ਜੋ ਪੂੰਜੀ ਦੀ ਭੂਮਿਕਾ ਨਹੀਂ ਨਿਭਾ ਸਕਦੀ। ਜੇ ਇਸਦੇ ਗੇੜ ਨੂੰ ਦੂਜੇ ਪੜਾਅ 'ਤੇ ਰੋਕ ਲਈਏ ਤਾਂ ਵਾਫ਼ਰ ਕਦਰ ਦੀ ਕੋਈ ਸਿਰਜਣਾ ਨਹੀਂ ਹੋ ਸਕਦੀ। ਤੀਜੇ ਪੜਾਅ ਉੱਤੇ ਇਸਦੇ ਵਹਿਣ ਨੂੰ ਰੋਕਣ ਤੇ ਸਿਰਜਤ ਹੋਈ ਵਾਫ਼ਰ ਕਦਰ ਨੂੰ ਮੁਨਾਫੇ 'ਚ ਨਹੀਂ ਵਟਾਇਆ ਜਾ ਸਕਦਾ।

ਉਦਯੋਗਿਕ ਪੂੰਜੀ ਦਾ ਪਰਿਚਲਣ ਤਿੰਨ ਚੱਕਰਦਾਰ ਗੇੜਾਂ ਦੀ ਆਪਸੀ ਏਕਤਾ ਨੂੰ ਦਰਸਾਉਂਦਾ ਹੈ

ਲਗਾਤਾਰ ਵਾਫ਼ਰ ਕਦਰ ਨੂੰ ਹਥਿਆਉਣ ਲਈ, ਪੂੰਜੀਪਤੀ ਲਈ ਪੂੰਜੀ ਦਾ ਨਿਰੰਤਰ ਪਰਚਿਲਣ ਬਣਾਈ ਰੱਖਣਾ ਅਤਿਅੰਤ ਜ਼ਰੂਰੀ ਹੈ। ਇਸ ਲਈ, ਉਦਯੋਗਿਕ ਪੂੰਜੀ ਦੇ ਪਰਿਚਲਣ ਦਾ ਫਾਰਮੂਲਾ ਅਮੁੱਕ ਹੈ



ਉਪਰੋਕਤ ਸੂਤਰ ਇਹ ਦਰਸਾਉਂਦਾ ਹੈ ਕਿ ਉਦਯੋਗਿਕ ਸਰਮਾਏ ਦੀ ਲਗਾਤਾਰ ਗਤੀ ਇੱਕ ਨਹੀਂ ਸਗੋਂ ਤਿੰਨ ਚੱਕਰਦਾਰ ਗੇੜ ਹੁੰਦੇ ਹਨ ਜਿਵੇਂਕਿ : (1) ਮੁਦਰਾ ਸਰਮਾਏ ਦਾ ਪਰਿਚਲਣ : G...G[1]; (2) ਪੈਦਾਵਾਰੀ ਪੂੰਜੀ ਦਾ ਪਰਿਚਲਣ : P...P; (3) ਜਿਣਸ ਪੂੰਜੀ ਦਾ ਪਰਿਚਲਣ : ...W[1]....W[1]. ਪੂੰਜੀ ਦਾ ਪਰਿਚਲਣ ਨਿਰੰਤਰ ਬਣਾਈ ਰੱਖਣ ਵਾਸਤੇ ਪੂੰਜੀਪਤੀ ਨੂੰ ਇਹ ਸੁਨਿਸ਼ਚਿਤ ਕਰਨਾ ਪੈਂਦਾ ਹੈ ਕਿ ਉਸਦੀ ਪੂੰਜੀ ਹਰ ਵੇਲੇ ਆਪਣੇ ਤਿੰਨਾਂ ਰੂਪਾਂ ਵਿੱਚ ਬਣੀ ਰਹੇ ਅਤੇ ਉਸਦਾ ਚੱਕਰਦਾਰ ਗੇੜ ਲਗਾਤਾਰ ਜਾਰੀ ਰਹੇ। ਮੰਨ ਲਉ ਇੱਕ ਪੂੰਜੀਪਤੀ ਕੋਲ 60,000 ਯੁਆਨ ਦੀ ਪੂੰਜੀ ਹੈ। ਇਹ ਉਸਨੂੰ ਤਿੰਨ ਹਿੱਸਿਆਂ ਵਿੱਚ ਵੰਡਦਾ ਹੈ। ਉਹ 20,000 ਯੁਆਨ-ਮੁਦਰਾ ਪੂੰਜੀ, 20,000 ਯੁਆਨ ਪੈਦਾਵਾਰੀ ਪੂੰਜੀ ਅਤੇ 20,000 ਯੁਆਨ ਜਿਣਸ ਪੂੰਜੀ ਦੇ ਰੂਪ ਵਿੱਚ ਰਖਦਾ ਹੈ ਅਤੇ ਉਨ੍ਹਾਂ ਨੂੰ ਆਪੋ ਆਪਣੇ ਕਾਰਜ ਵਿੱਚ ਬਣਦੀ ਭੂਮਿਕਾ ਨਿਭਾਉਣ ਦੇ ਲੇਖੇ ਲਾਇਆ ਜਾਂਦਾ ਹੈ ਇਸ ਤਰਾਂ ਜਦੋਂ ਪੂੰਜੀ 20,000 ਯੁਆਨ ਦੇ ਜਿਣਸ ਪੂੰਜੀ ਨੂੰ ਮੁਦਰਾ ਪੂੰਜੀ ਵਿੱਚ ਬਦਲਦਾ ਹੈ, ਉਸੇ ਸਮੇਂ 20,000 ਯੁਆਨ ਦਾ ਪੈਦਾਵਾਰੀ ਪੂੰਜੀ ਜਿਣਸ ਪੂੰਜੀ ਵਿੱਚ ਅਤੇ 20,000 ਯੁਆਨ ਦਾ ਮੁਦਰਾ ਪੂੰਜੀ ਪੈਦਾਵਾਰੀ ਪੂੰਜੀ ਵਿੱਚ ਬਦਲ ਰਿਹਾ ਹੁੰਦਾ ਹੈ। ਹੁਣ ਜੇ 60,000 ਯੁਆਨ ਦਾ ਸਾਰੇ ਦਾ ਸਾਰੀ ਪੂੰਜੀ ਇੱਕੋ ਹੀ ਰੂਪ ਵਿੱਚ ਹੁੰਦਾ ਤਾਂ ਪੈਦਾਵਾਰ ਲਗਾਤਾਰ ਨਹੀਂ ਸਗੋਂ ਰੁਕ-ਰੁਕ ਕੇ ਹੀ ਕਰਨੀ ਪੈਂਦੀ। ਜੇ ਤਿੰਨਾਂ ਵਿੱਚੋਂ ਕਿਸੇ ਇੱਕ ਵੀ ਰੂਪ ਪੂੰਜੀ ਦੇ ਪਰਿਚਲਣਦੀ ਗਤੀ ਇਸ ਤਰਾਂ ਵਿੱਚ ਰੁਕਾਵਟ ਪੈਂਦੀ ਹੈ ਕਿ ਇਸਦੇ ਚੱਕਰਦਾਰ ਪਰਿਚਲਣ ਵਿੱਚ ਖਲਲ ਪੈ ਜਾਵੇ, ਜਿਵੇਂ ਕਿ ਜਿਣਸਾਂ ਮੰਡੀ ਵਿੱਚ ਨਾ ਵਿਕਣ ਭਾਵ ਜਿਣਸ ਪੂੰਜੀ ਨੂੰ ਮੁਦਰਾ ਪੂੰਜੀ ਵਿੱਚ ਬਦਲਿਆ ਨਾ ਜਾ ਸਕੇ ਤਾਂ ਸਮੁੱਚੀ ਪੂੰਜੀ ਪਰਿਚਲਣ ਦੇ ਬੰਦ ਹੋ ਜਾਂਦਾ ਹੈ ਅਤੇ ਇਸਦੀ ਗਤੀ ਵਿੱਚ ਖਲਲ ਪੈ ਜਾਂਦੀ ਹੈ। ਇਸ ਤਰਾਂ, ਪੂੰਜੀਪਤੀ ਨੂੰ ਮਜਬੂਰਨ ਪੈਦਾਵਾਰ ਬੰਦ ਕਰਨੀ ਪੈਂਦੀ ਹੈ।

ਪੂੰਜੀ ਦਾ ਕਾਰੋਬਾਰ ਵਾਫ਼ਰ ਕਦਰ ਨੂੰ ਨਿਰੰਤਰ ਉਪਜਾਉਣਾ ਅਤੇ ਇਸ ਨੂੰ ਸਕਾਰਨਾ ਹੀ ਹੈ

ਪੈਦਾਵਾਰ ਅਤੇ ਵਟਾਂਦਰੇ ਵਿੱਚ ਲੱਗਣ ਵਾਲਾ ਸਮਾਂ ਪੂੰਜੀ ਦੇ ਕਾਰੋਬਾਰ ਦੀ ਗਤੀ ਨੂੰ ਤਹਿ ਕਰਦਾ ਹੈ

ਪੂੰਜੀ ਦਾ ਆਵਾਗਮਨ ਅਨੰਤ ਚੱਕਰਾਂ ਦੇ ਦੁਹਰਾਅ ਵਿੱਚ ਪਿਆ ਰਹਿੰਦਾ ਹੈ। ਪੂੰਜੀ ਦੇ ਇਸ ਲਗਾਤਾਰ ਗੇੜ ਨੂੰ ਪੂੰਜੀ ਦਾ ਕੁੱਲ ਕਾਰੋਬਾਰ ਕਿਹਾ ਜਾਂਦਾ ਹੈ। ਮਾਰਕਸ ਦਸਦੇ ਹਨ, *"ਜਦੋਂ ਸਰਮਾਏ ਦੇ ਗੇੜ ਨੂੰ ਅਲੱਗ-ਅਲੱਗ ਨਿੱਖੜਵੀਆਂ ਘਟਨਾਵਾਂ ਵਜੋਂ ਨਹੀਂ ਸਗੋਂ ਨਿਯਮਤ ਰੂਪ ਵਿੱਚ ਵਾਰ-ਵਾਰ ਹੋਣ ਵਾਲੀ ਅਟੁੱਟ ਕਾਰਵਾਈ ਵਜੋਂ ਦੇਖਿਆ ਜਾਂਦਾ ਹੈ , ਤਾਂ ਇਸ ਨੂੰ ਪੂੰਜੀ ਦਾ ਕਾਰੋਬਾਰ ਕਹਿੰਦੇ ਹਨ"।*[(1)]

ਪੂੰਜੀ ਦੇ ਇਸ ਗੇੜ ਨੂੰ ਪੈਦਾਵਾਰੀ ਅਤੇ ਵਟਾਂਦਰੇ ਦੇ ਖੇਤਰਾਂ ਵਿੱਚੋਂ ਲੰਘਣਾ ਪੈਂਦਾ

ਹੈ। ਉਹ ਦੌਰ, ਜਦੋਂ ਪੂੰਜੀ ਪੈਦਾਵਾਰ ਦੇ ਖੇਤਰ ਵਿੱਚ ਹੁੰਦੀ ਹੈ, ਪੂੰਜੀ ਦਾ ਪੈਦਾਵਾਰੀ ਸਮਾਂ ਅਖਵਾਉਂਦਾ ਹੈ ਅਤੇ ਜਦੋਂ ਇਹ ਵਟਾਂਦਰੇ ਦੇ ਖੇਤਰ ਵਿੱਚ ਹੁੰਦਾ ਹੈ, ਇਸਨੂੰ ਸਰਮਾਏ ਦੇ ਵਟਾਂਦਰੇ ਦਾ ਸਮਾਂ ਕਿਹਾ ਜਾਂਦਾ ਹੈ। ਇਹਨਾਂ ਦੋਵਾਂ ਦੇ ਕੁੱਲ ਜੋੜ ਨੂੰ ਸਰਮਾਏ ਦੇ ਕਾਰੋਬਾਰ ਦਾ ਸਮਾਂ ਕਿਹਾ ਜਾਂਦਾ ਹੈ।

ਪੂੰਜੀ ਦੇ ਪੈਦਾਵਾਰੀ ਦੌਰ ਦੇ ਤਿੰਨ ਹਿੱਸੇ ਹੁੰਦੇ ਹਨ। **ਪਹਿਲਾ** ਉਹ ਦੌਰ ਜਦੋਂ ਪੈਦਾਵਾਰ ਦੇ ਸਾਧਨ ਪੈਦਾਵਾਰ ਦਾ ਕੰਮ ਕਰਦੇ ਹਨ। ਮੁੱਖ ਰੂਪ ਵਿੱਚ ਇਹ ਉਹ ਕਿਰਤ ਸਮਾਂ ਹੁੰਦਾ ਹੈ ਜਦੋਂ ਮਜਦੂਰ ਕੁੱਝ ਨਿਸ਼ਚਤ ਉਤਪਾਦ ਬਣਾਉਣ ਲਈ ਕੱਚੇ ਮਾਲ ’ਤੇ ਕੰਮ ਕਰਦੇ ਹਨ। ਕਿਰਤ ਸਮੇਂ ਦੀ ਲੰਬਾਈ ਨੂੰ ਦੋ ਗੱਲਾਂ ਤੈਅ ਕਰਦੀਆਂ ਹਨ। ਪਹਿਲੀ ਹੈ ਪੈਦਾਵਾਰੀ ਖੇਤਰ ਦੀ ਕਿਸਮ। ਉਦਾਹਰਣ ਦੇ ਤੌਰ ’ਤੇ ਇੱਕ ਕਤਾਈ ਮਿਲ ਇੱਕ ਦਿਨ ਵਿੱਚ ਰੂੰ ਦੀ ਇੱਕ ਨਿਸ਼ਚਿਤ ਮਾਤਰਾ ਹੀ ਕੱਤ ਸਕਦੀ ਹੈ ਜਦੋਂ ਕਿ ਸਮੁੰਦਰੀ ਜਹਾਜ ਬਣਾਉਣ ਵਾਲੇ ਕਾਰਖਾਨੇ ਨੂੰ ਇੱਕ ਸਮੁੰਦਰੀ ਜਹਾਜ਼ ਬਣਾਉਣ ਲਈ ਕਈ ਮਹੀਨੇ ਜਾਂ ਕਈ ਸਾਲ ਵੀ ਲੱਗ ਸਕਦੇ ਹਨ। ਇਸ ਲਈ ਜਹਾਜ਼ ਬਣਾਉਣ ਵਾਲੇ ਕਾਰਖਾਨੇ ਵਿੱਚ ਕਤਾਈ ਮਿੱਲ ਦੇ ਮੁਕਾਬਲੇ ਕਿਤੇ ਜਿਆਦਾ ਕਿਰਤ ਸਮੇਂ ਦੀ ਲੋੜ ਹੁੰਦੀ ਹੈ। ਦੂਜੀ ਹੈ ਉਸ ਕਾਰੋਬਾਰ ਵਿੱਚ ਕਿਰਤ ਦੀ ਉਤਪਾਦਕਤਾ। ਇੱਕੋ ਜਿਹੇ ਉਤਪਾਦ ਬਣਾਉਣ ਵਾਲੇ ਕਾਰਖਾਨਿਆਂ ਵਿੱਚ ਕਿਰਤ ਉੱਚੀ ਰੱਖਣ ਵਾਲਾ ਕਾਰਖਾਨਾ ਉਸੇ ਉਤਪਾਦ ਨੂੰ ਬਣਾਉਣ ਵਿੱਚ ਘੱਟ ਸਮਾਂ ਲਗਾਏਗਾ। ਜਦੋਂ ਕਿ ਕਿਰਤ ਦੀ ਨੀਵੀਂ ਉਤਪਾਦਕਤਾ ਰੱਖਣ ਵਾਲੇ ਕਾਰਖਾਨੇ ਵਿੱਚ ਉਸੇ ਉਤਪਾਦ ਨੂੰ ਬਣਾਉਣ ਲਈ ਵੱਧ ਸਮਾਂ ਲੱਗੇਗਾ। ਕੁੱਝ ਪੈਦਾਵਾਰੀ ਖੇਤਰਾਂ ਵਿੱਚ, ਜਦੋਂ ਪੈਦਾਵਾਰ ਦੇ ਸਾਧਨ ਪੈਦਾਵਾਰੀ ਪ੍ਰਕਿਰਿਆ ਵਿੱਚ ਆਪਣਾ ਕੰਮ ਕਰ ਰਹੇ ਹੁੰਦੇ ਹਨ, ਉੱਥੇ ਕਿਰਤ ਸਮੇਂ ਦੇ ਨਾਲ ਨਾਲ ਉਹ ਸਮਾਂ ਵੀ ਸ਼ਾਮਿਲ ਹੁੰਦਾ ਹੈ ਜਿਸ ਦੌਰਾਨ ਕੁਦਰਤ ਦੀਆਂ ਸ਼ਕਤੀਆਂ ਆਪਣਾ ਕੰਮ ਕਰਦੀਆਂ ਹਨ। ਉਦਾਹਰਣ ਲਈ, ਸ਼ਰਾਬ ਉਦਯੋਗ ਵਿੱਚ ਖਮੀਰੀਕਰਨ ਲਈ, ਇਮਾਰਤੀ ਲੱਕੜੀ ਸੁਕਾਉਣ ਲਈ ਅਤੇ ਫਸਲਾਂ ਦੇ ਪੱਕਣ ਲਈ ਇੱਕ ਨਿਸ਼ਚਿਤ ਸਮਾਂ ਚਾਹੀਦਾ ਹੁੰਦਾ ਹੈ।

ਦੂਸਰਾ, ਉਹ ਦੌਰ ਜਦੋਂ ਪੈਦਾਵਾਰ ਦੀ ਪ੍ਰਕਿਰਿਆ ਰੁਕ ਜਾਂਦੀ ਹੈ ਪਰ ਪੈਦਾਵਾਰ ਦੇ ਸਾਧਨ ਪੈਦਾ ਕਰਨ ਵਾਲੀ ਥਾਂ ’ਤੇ ਮੌਜੂਦ ਰਹਿੰਦੇ ਹਨ। ਜਿਵੇਂਕਿ ਮਸ਼ੀਨਰੀ ਰਾਤ ਨੂੰ ਜਾਂ ਕਿਸੇ ਖਰਾਬੀ ਕਾਰਨ ਬੰਦ ਕਰਨੀ ਪੈਂਦੀ ਹੈ।

ਤੀਜਾ, ਉਹ ਦੌਰ ਜਦੋਂ ਪੈਦਾਵਾਰ ਦੇ ਸਾਧਨ ਪੈਦਾਵਾਰ ਦੇ ਖੇਤਰ ਵਿੱਚ ਦਾਖਲ ਤਾਂ ਹੋ ਜਾਂਦੇ ਹਨ ਪਰ ਪੈਦਾਵਾਰੀ ਪ੍ਰਕਿਰਿਆ ਵਿੱਚ ਹਾਲੇ ਦਾਖਲ ਨਹੀਂ ਹੋਏ ਹੁੰਦੇ। ਜਿਵੇਂ ਕਿ, ਪੈਦਾਵਾਰ ਸ਼ੁਰੂ ਕਰਨ ਤੋਂ ਪਹਿਲਾਂ ਕੱਚੇ ਮਾਲ ਦਾ ਭੰਡਾਰ ਇੱਕਠਾ ਕੀਤਾ ਜਾਂਦਾ ਹੈ।

ਇਹਨਾਂ ਦੌਰਾਂ ਵਿੱਚੋਂ ਕਿਰਤ ਸਮਾਂ ਸਭ ਤੋਂ ਮਹੱਤਵ ਪੂਰਨ ਹੈ। ਸਿਰਫ ਇਸੇ ਦੌਰਾਨ ਹੀ ਮਜਦੂਰ ਕਦਰ ਅਤੇ ਵਾਫ਼ਰ ਕਦਰ ਸਿਰਜ ਸਕਦਾ ਹੈ ਇਸੇ ਲਈ ਪੂੰਜੀਪਤੀ ਹੋਰਨਾਂ ਦੌਰਾਂ ਨੂੰ ਹਰ ਸੰਭਵ ਤਰੀਕੇ ਨਾਲ ਛੋਟਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਪੈਦਾਵਾਰੀ ਸਮੇਂ ਨੂੰ ਕਿਰਤ ਸਮੇਂ ਦੇ ਨੇੜੇ-ਤੇੜੇ ਕਰ ਲਿਆ ਜਾਵੇ ਅਤੇ ਇੱਕ ਨਿਸ਼ਚਿਤ ਪੂੰਜੀ ਰਾਹੀਂ ਇੱਕ

ਨਿਸ਼ਚਿਤ ਸਮੇਂ ਅੰਦਰ ਵੱਧ ਤੋਂ ਵੱਧ ਵਾਫਰ ਕਦਰ ਉਪਜਾਈ ਜਾ ਸਕੇ।

ਪੂੰਜੀ ਦੇ ਵਟਾਂਦਰੇ ਦੇ ਸਮੇਂ ਵਿੱਚ ਮੁਦਰਾ ਪੂੰਜੀ ਦੇ ਪੈਦਾਵਾਰੀ ਪੂੰਜੀ ਵਿੱਚ ਬਦਲਣ ਦਾ ਸਮਾਂ, ਭਾਵ ਉਹ ਸਮਾਂ ਜਦੋਂ ਪੂੰਜੀਪਤੀ ਪੈਦਾਵਾਰ ਦੇ ਸਾਧਨ ਅਤੇ ਕਿਰਤ ਸ਼ਕਤੀ ਖਰੀਦਦਾ ਹੈ ਅਤੇ ਜਿਣਸ ਪੂੰਜੀ ਦੇ ਮੁਦਰਾ ਪੂੰਜੀ ਵਿੱਚ ਬਦਲਣ ਦਾ ਸਮਾਂ, ਭਾਵ ਉਹ ਸਮਾਂ ਜਿਸ ਦੌਰਾਨ ਪੂੰਜੀਪਤੀ ਆਪਣਾ ਮਾਲ ਵੇਚਦਾ ਹੈ –ਦੋਵੇਂ ਸਮੇਂ ਸ਼ਾਮਿਲ ਹੁੰਦੇ ਹਨ।

ਪੂੰਜੀ ਦੇ ਗੇੜ ਦੀ ਲੰਬਾਈ ਮੁੱਖ ਤੌਰ ’ਤੇ ਮੰਡੀ ਵਿੱਚ ਮੰਗ ਅਤੇ ਪੂਰਤੀ ਦੀਆਂ ਹਾਲਤਾਂ, ਪੈਦਾਵਾਰ ਦੇ ਟਿਕਾਣੇ ਤੋਂ ਬਜ਼ਾਰ ਦੀ ਦੂਰੀ ਅਤੇ ਢੋਆ ਢੁਆਈ ਦੀਆਂ ਹਾਲਤਾਂ ’ਤੇ ਨਿਰਭਰ ਕਰਦੀ ਹੈ।

ਵੱਖੋ-ਵੱਖਰੇ ਪੈਦਾਵਾਰੀ ਖੇਤਰਾਂ ਅਤੇ ਕਾਰੋਬਾਰਾਂ ਉੱਪਰ ਉਪਰੋਕਤ ਕਾਰਨਾਂ ਦੇ ਅਲੱਗ-ਅਲੱਗ ਪ੍ਰਭਾਵ ਪੈਣ ਦੇ ਕਾਰਨ ਪੂੰਜੀ ਦਾ ਪੈਦਾਵਾਰੀ ਸਮਾਂ ਅਤੇ ਇਸਦਾ ਵਟਾਂਦਰਾ ਸਮਾਂ ਬਦਲਦਾ ਰਹਿੰਦਾ ਹੈ ਜਿਸ ਕਰਕੇ ਪੂੰਜੀ ਦੇ ਕਾਰੋਬਾਰ ਦਾ ਸਮਾਂ ਇੱਕੋ ਜਿਹਾ ਨਹੀਂ ਰਹਿੰਦਾ।

ਪੂੰਜੀ ਦੇ ਕਾਰੋਬਾਰੀ ਸਮੇਂ ਵਿੱਚ ਵਖਰੇਵੇਂ ਦੇ ਕਾਰਨ ਕਾਰੋਬਾਰ ਦੀ ਚਾਲ ਵੀ ਵਧਦੀ ਘਟਦੀ ਰਹਿੰਦੀ ਹੈ (ਪੂੰਜੀ ਦੇ ਕਾਰੋਬਾਰ ਦੀ ਗਤੀ ਨੂੰ ਸਲਾਨਾਂ ਅਧਾਰ ਉਪਰ ਅੰਗਿਆ ਜਾਂਦਾ ਹੈ)। ਮੰਨ ਲਓ, ਕਿਸੇ ਪੂੰਜੀਪਤੀ ਦੀ ਪੂੰਜੀ, ਮੁਦਰਾ ਤੋਂ ਪੈਦਾਵਾਰੀ ਪੂੰਜੀ ਵਿੱਚ ਅਤੇ ਫਿਰ ਜਿਣਸ ਸਰਮਾਏ ਤੋਂ ਮੁਦਰਾ ਸਰਮਾਏ ਵਿੱਚ ਬਦਲਣ ਲਈ ਇੱਕ ਮਹੀਨੇ ਦਾ ਸਮਾਂ ਲੈਂਦਾ ਹੈ ਅਤੇ ਸਰਮਾਏ ਦਾ ਪੈਦਾਵਾਰੀ ਸਮਾਂ ਤਿੰਨ ਮਹੀਨੇ ਹੈ। ਤਾਂ ਫਿਰ ਪੂੰਜੀ ਦੇ ਕਾਰੋਬਾਰ ਦਾ ਇੱਕ ਗੇੜ ਚਾਰ ਮਹੀਨੇ ਵਿੱਚ ਪੂਰਾ ਹੋਇਆ। ਇਸ ਤਰ੍ਹਾਂ ਇੱਕ ਸਾਲ ਵਿੱਚ ਤਿੰਨ ਵਾਰ ਪੂੰਜੀ ਦਾ ਕਾਰੋਬਾਰ ਹੋਇਆ। ਹੁਣ ਮੰਨ ਲਓ ਕਿ ਕਿਸੇ ਹੋਰ ਪੂੰਜੀਪਤੀ ਦਾ ਪੂੰਜੀ 6 ਮਹੀਨੇ ਵਿੱਚ ਆਪਣਾ ਕਾਰੋਬਾਰ ਪੂਰਾ ਕਰਦੀ ਹੈ। ਇੱਥੇ ਪੂੰਜੀ ਦੇ ਕਾਰੋਬਾਰ ਦੀ ਸਲਾਨਾ ਦਰ ਦੋ ਹੋਈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਪੂੰਜੀ ਦੇ ਕਾਰੋਬਾਰ ਦੀ ਦਰ ਅੰਤ ਨੂੰ ਪੂੰਜੀ ਦੇ ਪੈਦਾਵਾਰੀ ਸਮੇਂ ਅਤੇ ਵਟਾਂਦਰੇ ਦੇ ਸਮੇਂ ਤੋਂ ਤੈਅ ਹੁੰਦੀ ਹੈ।

ਪੂੰਜੀ ਦੇ ਕਾਰੋਬਾਰ ਦੀ ਦਰ ’ਤੇ ਪੂੰਜੀ ਦੀ ਬਣਤਰ ਦੇ ਪ੍ਰਭਾਵ

ਉਪਰੋਕਤ ਵਿਸ਼ਲੇਸ਼ਣ ਵਿੱਚ ਅਸੀਂ ਇਹ ਮੰਨ ਕੇ ਚੱਲੇ ਸੀ ਕਿ ਸਾਰੇ ਦਾ ਸਾਰਾ ਪੈਦਾਵਾਰੀ ਪੂੰਜੀ ਇੱਕ ਵਾਰ ਦੀ ਪ੍ਰਕਿਰਿਆ ਉਪਰੰਤ ਹੀ ਜਿਣਸ ਪੂੰਜੀ ਵਿੱਚ ਬਦਲ ਜਾਂਦਾ ਹੈ। ਪਰ ਅਸਲ ਵਿੱਚ, ਪੈਦਾਵਾਰ ਦੇ ਸਾਧਨਾਂ ਦੇ ਅਲੱਗ-ਅਲੱਗ ਹਿੱਸਿਆਂ ਦੀ ਪ੍ਰਕਿਰਤੀ ਅਤੇ ਉਨ੍ਹਾਂ ਦੇ ਪਰਿਚਲਣ ਦਾ ਤਰੀਕਾ ਵੀ ਬਿਲਕੁਲ ਅਲੱਗ-ਅਲੱਗ ਹੁੰਦਾ ਹੈ। ਇਸ ਨਜ਼ਰੀਏ ਤੋਂ ਪੈਦਾਵਾਰੀ ਪੂੰਜੀ ਨੂੰ ਅਚੱਲ ਅਤੇ ਚੱਲ ਪੂੰਜੀ ਵਿੱਚ ਵੰਡ ਸਕਦੇ ਹਾਂ।

ਅਚੱਲ ਪੂੰਜੀ ਕਾਰਖਾਨੇ, ਮਸ਼ੀਨਾਂ ਅਤੇ ਹੋਰ ਸਾਜੋ ਸਮਾਨ ਦੇ ਰੂਪ ਵਿੱਚ ਹੁੰਦਾ ਹੈ।

ਇਸ ਦੀ ਕੀਮਤ ਦਾ ਇੱਕ ਵਾਰ 'ਚ ਹੀ ਭੁਗਤਾਨ ਕਰ ਦਿੱਤਾ ਜਾਂਦਾ ਹੈ। ਇਸਦੇ ਭੌਤਿਕ ਰੂਪ ਸਮੁੱਚੇ ਤੌਰ 'ਤੇ ਹੀ ਪੈਦਾਵਾਰੀ ਪ੍ਰਕਿਰਿਆ ਵਿੱਚ ਹਿੱਸਾ ਲੈਂਦੇ ਹਨ ਅਤੇ ਵਾਰ-ਵਾਰ ਵਰਤੋਂ ਵਿੱਚ ਆਉਂਦੇ ਹਨ। ਪਰ ਇੰਨ੍ਹਾਂ ਦੀ ਕਦਰ ਆਪਣੀ ਘਸਾਈ ਦੀ ਦਰ ਦੇ ਸਮਸੁਰ ਹੌਲੀ-ਹੌਲੀ ਲਗਾਤਾਰ ਨਵੇਂ ਉਤਪਾਦਾਂ ਵਿੱਚ ਦਾਖਲ ਹੁੰਦੀ ਰਹਿੰਦੀ ਹੈ। ਇਸ ਪੂੰਜੀ ਵੱਲੋਂ ਇਸ ਵਿਸ਼ੇਸ਼ ਢੰਗ ਨਾਲ ਆਪਣੀ ਕਦਰ ਹੌਲੀ-ਹੌਲੀ ਸਪੁਰਦ ਕਰਨ ਕਰਕੇ ਹੀ ਇਸਨੂੰ ਅਚੱਲ ਪੂੰਜੀ ਕਿਹਾ ਜਾਂਦਾ ਹੈ। ਉਦਾਹਰਣ ਲਈ, ਜੇ ਇੱਕ ਖਰਾਦ ਮਸ਼ੀਨ ਦੀ ਲਾਗਤ 4000 ਯੁਆਨ ਆਉਂਦੀ ਹੈ ਅਤੇ ਉਹ ਦਸ ਸਾਲ ਤੱਕ ਚਲਦੀ ਹੈ ਇਸ ਤਰ੍ਹਾਂ ਹਰ ਸਾਲ 400 ਯੁਆਨ ਮੁਦਰਾ ਸਰਮਾਏ ਦੀ ਕਦਰ ਉਤਪਾਦਤ ਵਸਤੂਆਂ ਵਿੱਚ ਦਾਖਲ ਹੋ ਜਾਂਦੀ ਹੈ। ਇਹਨਾਂ ਉਤਪਾਦਾਂ ਦੇ ਵਿਕਣ 'ਤੇ 400 ਯੁਆਨ ਦੇ ਪੂੰਜੀਪਤੀ ਦੀ ਕਦਰ ਇਸ ਸਲਾਨਾ ਘਸਾਈ ਦੇ ਇਵਜ ਵਜੋਂ ਪੂੰਜੀਪਤੀ ਕੋਲ ਵਾਪਸ ਆ ਜਾਂਦੀ ਹੈ। ਇਵੇਂ ਦਸ ਸਾਲਾਂ ਵਿੱਚ ਇਸ ਖਰਾਦ ਮਸ਼ੀਨ ਦੀ ਪੂਰੀ ਕੀਮਤ ਇਸ ਰਾਹੀਂ ਬਣਨ ਵਾਲੇ ਉਤਪਾਦਾਂ ਦੇ ਸਪੁਰਦ ਹੋ ਜਾਂਦੀ ਹੈ।

ਚੱਲ ਪੂੰਜੀ ਪੂੰਜੀ ਦਾ ਉਹ ਹਿੱਸਾ ਹੁੰਦਾ ਹੈ ਜੋ ਕੱਚੇ ਮਾਲ, ਬਾਲਣ ਜਾਂ ਸਹਾਇਕ ਸਾਜੋ ਸਮਾਨ ਦੇ ਰੂਪ ਵਿੱਚ ਹੁੰਦਾ ਹੈ ਅਤੇ ਜੋ ਕਿਰਤ ਸ਼ਕਤੀ ਖਰੀਦਣ ਦੇ ਕੰਮ ਵੀ ਆਉਂਦੀ ਹੈ। ਕੱਚਾ ਮਾਲ, ਬਾਲਣ ਅਤੇ ਹੋਰ ਸਾਜੋ ਸਮਾਨ ਇੱਕੋ ਵਾਰ ਦੀ ਪੈਦਾਵਾਰੀ ਪ੍ਰਕਿਰਿਆ ਵਿੱਚ ਹੀ ਸਮੁੱਚੇ ਰੂਪ ਵਿੱਚ ਆਪਣੀ ਕਦਰ ਪੈਦਾ ਕੀਤੇ ਉਤਪਾਦਾਂ ਨੂੰ ਦੇ ਦਿੰਦੇ ਹਨ ਅਤੇ ਭੌਤਿਕ ਰੂਪ ਗੁਆ ਦਿੰਦੇ ਹਨ। ਉਤਪਾਦਾਂ ਦੇ ਵਿਕਣ ਉਪਰੰਤ ਇਸ ਪੂੰਜੀ ਦੀ ਵੀ ਪੂਰੀ ਕਦਰ ਮੁਦਰਾ ਦੇ ਰੂਪ ਵਿੱਚ ਪੂੰਜੀਪਤੀ ਕੋਲ ਵਾਪਸ ਆ ਜਾਂਦੀ ਹੈ। ਇਸ ਲਈ ਕੱਚਾ ਮਾਲ, ਬਾਲਣ ਅਤੇ ਸਹਾਇਕ ਸਾਜੋ ਸਮਾਨ ਖਰੀਦਣ ਵਿੱਚ ਲਗਾਈ ਪੂੰਜੀ ਨੂੰ ਚੱਲ ਪੂੰਜੀ ਕਹਿੰਦੇ ਹਨ। ਕਿਰਤ ਸ਼ਕਤੀ ਖਰੀਦਣ ਲਈ ਵਰਤੀ ਗਈ ਚੱਲ ਪੂੰਜੀ ਦੇ ਹਿੱਸੇ ਦੀ ਕਦਰ ਨਵੇਂ ਬਣੇ ਉਤਪਾਦਾਂ ਦੇ ਸਪੁਰਦ ਨਹੀਂ ਹੁੰਦੀ ਸਗੋਂ ਮਜ਼ਦੂਰ ਦੀ ਕਿਰਤ ਇੰਨ੍ਹਾਂ ਨਵੇਂ ਉਤਪਾਦਾਂ ਵਿੱਚ ਇਸਦੇ ਬਰਾਬਰ ਦੀ ਨਵੀਂ ਕਦਰ ਦਾਖਲ ਕਰ ਦਿੰਦੀ ਹੈ। ਆਪਣੀ ਇਸ ਵਿਸ਼ੇਸ਼ਤਾ ਦੇ ਬਾਵਜੂਦ ਇਸਦੀ ਕਦਰ ਦੇ ਗੇੜ ਦਾ ਤਰੀਕਾ ਕੱਚੇ ਮਾਲ, ਬਾਲਣ ਤੇ ਹੋਰ ਸਾਜੋ ਸਮਾਨ ਖਰੀਦਣ ਲਈ ਵਰਤੇ ਗਏ ਚੱਲ ਸਰਮਾਏ ਦੇ ਪਰਿਚਲਣ ਜਿਹਾ ਹੀ ਹੈ। ਕਿਉਂਕਿ ਪੈਦਾਵਾਰੀ ਪ੍ਰਕਿਰਿਆ ਵਿੱਚ ਮਜ਼ਦੂਰ ਦੁਆਰਾ ਆਪਣੀ ਕਿਰਤ ਸ਼ਕਤੀ ਦੇ ਬਰਾਬਰ ਉਪਜਾਈ ਗਈ ਕਦਰ ਵੀ ਇੱਕ ਵਾਰ ਦੀ ਪ੍ਰਕਿਰਿਆ ਵਿੱਚ ਹੀ ਨਵੇਂ ਉਤਪਾਦਾਂ ਵਿੱਚ ਦਾਖਲ ਹੋ ਜਾਂਦੀ ਹੈ ਅਤੇ ਇੰਨ੍ਹਾਂ ਦੇ ਵਿਕਣ ਨਾਲ ਹੀ ਵਾਪਸ ਪੂੰਜੀਪਤੀ ਕੋਲ ਆ ਜਾਂਦੀ ਹੈ, ਇਸ ਲਈ ਕਿਰਤ ਸ਼ਕਤੀ ਖਰੀਦਣ ਲਈ ਵਰਤੀ ਗਈ ਪੂੰਜੀ ਵੀ ਚੱਲ ਪੂੰਜੀ ਅਖਵਾਉਂਦੀ ਹੈ।

ਅਸੀਂ ਜਾਣਦੇ ਹਾਂ ਕਿ ਮਾਰਕਸ ਨੇ ਪੂੰਜੀ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਹੈ। ਵਾਫ਼ਰ ਕਦਰ ਦੀ ਪੈਦਾਇਸ਼ ਵਾਲੇ ਪਾਠ (ਇਸ ਪੁਸਤਕ ਦੇ) ਵਿੱਚ ਅਸੀਂ ਵਾਫ਼ਰ ਕਦਰ ਉਪਜਾਉਣ ਵਿੱਚ ਪੂੰਜੀ ਦੀਆਂ ਅਲੱਗ-ਅਲੱਗ ਭੂਮਿਕਾਵਾਂ ਦੇ ਅਧਾਰ 'ਤੇ ਪੂੰਜੀ ਦੇ ਸਥਿਰ ਅਤੇ ਬਦਲਵੀਂ ਪੂੰਜੀ ਵਿੱਚ ਵਰਗੀਕਰਨ ਦੀ ਚਰਚਾ ਕੀਤੀ ਸੀ। ਇਹ ਵਰਗੀਕਰਨ ਸਪੱਸ਼ਟ

ਕਰਦਾ ਹੈ ਕਿ ਵਾਫਰ ਕਦਰ ਬਦਲਵੀਂ ਪੂੰਜੀ ਦੁਆਰਾ ਹੀ ਸਿਰਜਤ ਹੁੰਦੀ ਹੈ ਅਤੇ ਇਹ ਵਰਗੀਕਰਨ ਪੂੰਜੀਪਤੀ ਵੱਲੋਂ ਮਜ਼ਦੂਰ ਦੀ ਕੀਤੀ ਜਾਂਦੀ ਲੁੱਟ ਨੂੰ ਵੀ ਉਜਾਗਰ ਕਰਦਾ ਹੈ। ਇਸ ਪਾਠ ਵਿੱਚ ਪੂੰਜੀ ਦਾ ਅਚੱਲ ਅਤੇ ਚੱਲ ਪੂੰਜੀ ਵਿੱਚ ਵਰਗੀਕਰਨ, ਪੂੰਜੀ ਦੇ ਵਿਭਿੰਨ ਹਿੱਸਿਆਂ ਦੀ ਪ੍ਰਕਿਰਤੀ ਅਤੇ ਉਨ੍ਹਾ ਵੱਲੋਂ ਕਾਰੋਬਾਰ ਵਿੱਚ ਨਿਭਾਈ ਜਾਂਦੀ ਭੂਮਿਕਾ ਦੇ ਪੱਖ ਦੇ ਅਧਾਰ 'ਤੇ ਕੀਤਾ ਗਿਆ ਹੈ। ਇਹ ਵਰਗੀਕਰਨ ਸਾਨੂੰ ਪੂੰਜੀ ਦੇ ਕਾਰੋਬਾਰ ਦੀ ਗਤੀ ਨੂੰ ਪੂੰਜੀ ਦੀ ਬਣਤਰ ਦੇ ਪੱਖ ਤੋਂ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਕਾਰਕਾਂ ਨੂੰ ਸਮਝਣ ਦੇ ਯੋਗ ਬਣਾਉਂਦਾ ਹੈ।

ਸਰਮਾਏ ਦੇ ਇੰਨ੍ਹਾਂ ਦੋਵੇਂ ਵਰਗੀਕਰਨਾਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ –

ਵਾਫ਼ਰ ਕਦਰ ਸਿਰਜਣ ਵਿੱਚ ਨਿਭਾਈ ਭੂਮਿਕਾ ਦੇ ਅਧਾਰ 'ਤੇ		**ਕਾਰੋਬਾਰ ਦੀ ਪ੍ਰਕਿਰਤੀ ਅਤੇ ਪੂੰਜੀ ਦੇ ਵਿਭਿੰਨ ਹਿੱਸਿਆਂ ਵੱਲੋਂ ਨਿਭਾਈ ਭੂਮਿਕਾ ਦੇ ਅਧਾਰ 'ਤੇ**
ਸਥਿਰ ਪੂੰਜੀ =	ਕਾਰਖਾਨਾ, ਇਮਾਰਤ ਮਸ਼ੀਨਾਂ, ਹੋਰ ਸਾਜੋ ਸਮਾਨ	ਅਚੱਲ ਪੂੰਜੀ
	ਕੱਚਾ ਮਾਲ, ਬਾਲਣ ਤੇ ਸਹਾਇਕ ਪਦਾਰਥ	ਚੱਲ ਪੂੰਜੀ
ਬਦਲਵੀਂ ਪੂੰਜੀ =	ਉਜਰਤਾਂ	

ਅਸੀਂ ਉੱਪਰ ਚਰਚਾ ਕੀਤੀ ਹੈ ਕਿ ਅਚੱਲ ਸਰਮਾਏ ਦੀ ਕਦਰ ਆਪਣੀ ਘਸਾਈ ਦੀ ਦਰ ਦੇ ਸਮਸੁਰ ਹੌਲੀ ਹੌਲੀ ਨਵੇਂ ਬਣੇ ਉਤਪਾਦਾਂ ਵਿੱਚ ਦਾਖਲ ਹੋਈ ਜਾਂਦੀ ਹੈ। ਇਸ ਘਸਾਈ ਦਾ ਕਾਰੋਬਾਰ ਦੀ ਗਤੀ ਅਤੇ ਨਵੇਂ ਉਤਪਾਦਾਂ ਵਿੱਚ ਦਾਖਲ ਹੋਣ ਵਾਲੀ ਅਚੱਲ ਪੂੰਜੀ ਦੀ ਕਦਰ ਦੀ ਮਾਤਰਾ 'ਤੇ ਸਿੱਧਾ ਅਸਰ ਪੈਂਦਾ ਹੈ। ਅਚੱਲ ਪੂੰਜੀ ਦੇ ਕਾਰੋਬਾਰ ਦੀਆਂ ਵਿਸ਼ੇਸ਼ਤਾਵਾਂ ਨੂੰ ਹੋਰ ਡੂੰਘਾਈ ਵਿੱਚ ਸਮਝਣ ਵਾਸਤੇ ਸਾਨੂੰ ਅਚੱਲ ਪੂੰਜੀ ਦੀ ਘਸਾਈ ਦਾ ਵਿਸ਼ਲੇਸ਼ਣ ਵੀ ਲਾਜ਼ਮੀ ਕਰਨਾ ਚਾਹੀਦਾ ਹੈ।

ਅਚੱਲ ਪੂੰਜੀ ਦੀ ਘਸਾਈ ਲਈ ਜਿੰਮੇਵਾਰ, ਵੱਖੋ ਵੱਖਰੇ ਕਾਰਨਾਂ ਦੇ ਅਧਾਰ 'ਤੇ ਇਸਨੂੰ ਪ੍ਰਤੱਖ ਅਤੇ ਅਪ੍ਰਤੱਖ ਵਿੱਚ ਵੰਡਿਆ ਜਾ ਸਕਦਾ ਹੈ। ਪ੍ਰਤੱਖ ਘਸਾਈ ਮੁੱਖ ਤੌਰ 'ਤੇ ਪੈਦਾਵਾਰੀ ਪ੍ਰਕਿਰਿਆ ਵਿੱਚ ਵਰਤੋਂ ਹੋਣ ਨਾਲ ਪਰ ਨਾਲ ਹੀ ਲੋਹੇ ਦੇ ਜੰਗਾਲੇ ਜਾਣ ਅਤੇ ਲੱਕੜੀ ਦੇ ਬੋਦੇ ਪੈ ਜਾਣ ਜਿਹੇ ਕੁਦਰਤੀ ਕਾਰਨਾਂ ਕਰਕੇ ਵੀ ਹੁੰਦੀ ਹੈ। ਇਸ ਲਈ ਇਸ ਘਸਾਈ ਨੂੰ ਪਦਾਰਥਕ ਘਸਾਈ ਵੀ ਕਿਹਾ ਜਾਂਦਾ ਹੈ। ਅਪ੍ਰਤੱਖ ਘਸਾਈ ਦਾ ਕਾਰਨ ਪੈਦਾਵਾਰ ਦੀ ਤਕਨੀਕ ਵਿੱਚ ਹੋਇਆ ਸੁਧਾਰ ਹੁੰਦਾ ਹੈ ਜਿਸ ਕਾਰਨ ਉਨ੍ਹਾ ਹੀ ਮਸ਼ੀਨਾਂ ਦੀ ਪੈਦਾਵਾਰ ਵਿੱਚ ਲੱਗਣ ਵਾਲਾ ਸਮਾਜਿਕ ਤੌਰ 'ਤੇ ਜ਼ਰੂਰੀ ਕਿਰਤ ਸਮਾਂ ਘਟ ਜਾਂਦਾ ਹੈ ਅਤੇ ਇਸ ਅਰੰਭਿਕ ਅਚੱਲ ਪੂੰਜੀ ਦੀ ਕਦਰ ਘੱਟ ਰਹਿ ਜਾਂਦੀ ਹੈ। ਅਜਿਹਾ ਨਵੀਆਂ ਅਤੇ ਸੁਧਰੀਆਂ

ਹੋਈਆਂ ਮਸ਼ੀਨਾਂ ਦੇ ਆ ਜਾਣ ਕਰਕੇ ਵੀ ਹੁੰਦਾ ਹੈ ਜਿਸ ਨਾਲ ਪੁਰਾਣੀਆਂ ਮਸ਼ੀਨਾਂ ਦੀ ਕਦਰ ਘਟ ਜਾਂਦੀ ਹੈ। ਇਸ ਨੂੰ ਅਪ੍ਰਤੱਖ ਜਾਂ ਗੈਰ-ਪਦਾਰਥਕ ਘਸਾਈ ਕਿਹਾ ਜਾਂਦਾ ਹੈ। ਇਸ ਘਸਾਈ ਤੋਂ ਬਚਣ ਲਈ ਸਰਮਾਏਦਾਰ ਕੰਮ ਦੇ ਘੰਟੇ ਵਧਾਕੇ, ਕਿਰਤ ਦੀ ਤੀਬਰਤਾ ਵਧਾਕੇ ਅਤੇ ਸ਼ਿਫਟਾਂ ਵਿੱਚ ਕੰਮ ਕਰਵਾ ਕੇ ਪੂੰਜੀ ਦੇ ਕਾਰੋਬਾਰ ਦੀ ਚਾਲ ਤੇਜ ਕਰਨ ਅਤੇ ਮਜ਼ਦੂਰ ਦੀ ਲੁੱਟ ਵਧਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਅਚੱਲ ਪੂੰਜੀ ਦੀ ਕਦਰ ਛੇਤੀ ਤੋਂ ਛੇਤੀ ਵਸੂਲ ਕਰ ਲਈ ਜਾ ਸਕੇ।

ਅਚੱਲ ਅਤੇ ਚੱਲ ਸਰਮਾਏ ਦੇ ਕਾਰੋਬਾਰ ਦੀਆਂ ਚਾਲਾਂ ਵਿੱਚ ਫਰਕ ਹੋਣ ਕਰਕੇ ਸਰਮਾਏ ਦੇ ਕਾਰੋਬਾਰ ਦੀ ਚਾਲ ਤੋਂ ਮਤਲਬ ਆਮ ਤੌਰ 'ਤੇ ਔਸਤ ਚਾਲ ਤੋਂ ਹੁੰਦਾ ਹੈ। ਨਿਵੇਸ਼ ਕੀਤੀ ਪੂੰਜੀ ਦੇ ਕਾਰੋਬਾਰ ਦੀ ਆਮ ਚਾਲ, ਸਰਮਾਏ ਦੇ ਵੱਖ-ਵੱਖ ਹਿੱਸਿਆਂ ਦੇ ਕਾਰੋਬਾਰ ਦੀ ਔਸਤ ਚਾਲ ਤੋਂ ਤੈਅ ਹੁੰਦੀ ਹੈ। ਇਸ ਚਾਲ ਨੂੰ ਜਾਨਣ ਲਈ ਨਿਵੇਸ਼ ਕੀਤੀ ਕੁੱਲ ਪੂੰਜੀ ਨਾਲ, ਇੱਕ ਸਾਲ ਵਿੱਚ ਹੋਏ ਕਾਰੋਬਾਰਾਂ ਦੇ ਕੁੱਲ ਪੂੰਜੀ ਦੀ ਮਾਤਰਾ ਨੂੰ ਤਕਸੀਮ ਕੀਤਾ ਜਾਂਦਾ ਹੈ।

ਹੇਠਾਂ ਦਿੱਤੀ ਗਈ ਸਾਰਨੀ ਨਿਵੇਸ਼ ਕੀਤੀ ਪੂੰਜੀ ਦੇ ਕਾਰੋਬਾਰ ਦੀ ਆਮ ਚਾਲ ਨੂੰ ਦਰਸਾਉਂਦੀ ਹੈ। ਸਭ ਅੰਕੜੇ ਖਿਆਲੀ ਹਨ।

ਪੈਦਾਵਾਰੀ ਪੂੰਜੀ ਦੇ ਹਿੱਸੇ	ਕਦਰ (ਯੁਆਨਾਂ ਵਿੱਚ)	ਕਾਰੋਬਾਰਾਂ ਦੀ ਸਾਲਾਨਾਂ ਗਿਣਤੀ	ਪ੍ਰਤੀ ਸਾਲ ਕਾਰੋਬਾਰਾਂ ਦੇ ਕੁੱਲ ਪੂੰਜੀ ਦੀ ਮਾਤਰਾ (ਯੁਆਨਾਂ ਵਿੱਚ)
ਅਚੱਲ ਪੂੰਜੀ	100,000	1/10	10,000
ਕਾਰਖਾਨੇ	30,000	1/30	1000
ਮਸ਼ੀਨਾਂ	60,000	1/10	6000
ਛੋਟੇ ਸੰਦ	10,000	3/10	3000
ਚੱਲ ਪੂੰਜੀ	50,000	4	200,000
ਨਿਵੇਸ਼ ਕੀਤੀ ਕੁੱਲ ਪੂੰਜੀ	1,50,000	1.4	2,10,000

ਉਪਰੋਕਤ ਸਾਰਣੀ ਤੋਂ ਅਸੀਂ ਦੇਖ ਸਕਦੇ ਹਾਂ ਕਿ ਕਾਰੋਬਾਰਾਂ ਦੇ ਕੁੱਲ ਪੂੰਜੀ ਦੀ ਮਾਤਰਾ (2,10,000) ਨੂੰ ਨਿਵੇਸ਼ ਕੀਤੇ ਗਏ ਕੁੱਲ ਪੂੰਜੀ 1,50000 ਨਾਲ ਤਕਸੀਮ ਕਰਨ 'ਤੇ ਨਿਵੇਸ਼ ਕੀਤੇ ਕੁੱਲ ਪੂੰਜੀ ਦੇ ਕਾਰੋਬਾਰ ਦੀ ਚਾਲ ਪਤਾ ਲੱਗਦੀ ਹੈ ਜੋ ਕਿ 1.4 ਹੈ। ਅਸੀਂ ਇਸ ਤੋਂ ਇਹ ਵੀ ਦੇਖ ਸਕਦੇ ਹਾਂ ਕਿ ਪੈਦਾਵਾਰੀ ਸਰਮਾਏ ਦੀ ਬਣਤਰ ਦਾ ਸਰਮਾਏ ਦੇ ਕਾਰੋਬਾਰ ਦੀ ਚਾਲ 'ਤੇ ਅਸਰ ਪੈਂਦਾ ਹੈ। ਅਚੱਲ ਪੂੰਜੀ ਦੇ ਕਾਰੋਬਾਰ ਦੀ ਚਾਲ ਹੌਲੀ ਹੁੰਦੀ ਹੈ ਜਦੋਂ ਕਿ ਚੱਲ ਪੂੰਜੀ ਦੇ ਕਾਰੋਬਾਰ ਦੀ ਚਾਲ ਤੇਜ਼ ਹੁੰਦੀ ਹੈ। ਹੁਣ ਜੇ ਅਚੱਲ ਪੂੰਜੀ ਦਾ ਹਿੱਸਾ ਜਿਆਦਾ ਹੋਵੇ ਤਾਂ ਸਮੁੱਚੇ ਪੂੰਜੀ ਦੇ ਕਾਰੋਬਾਰ ਦੀ ਚਾਲ ਮੁਕਾਬਲਤਨ ਹੌਲੀ ਹੋਏਗੀ। ਪਰ ਜੇ ਚੱਲ ਪੂੰਜੀ ਦਾ ਹਿੱਸਾ ਜਿਆਦਾ ਹੋਵੇ ਤਾਂ ਇਹ ਚਾਲ ਮੁਕਾਬਲਤਨ ਤੇਜ਼ ਹੋਏਗੀ।

ਸਰਮਾਏ ਦੇ ਕਾਰੋਬਾਰ ਦੀ ਗਤੀ ਵਧਾਕੇ ਵੱਧ ਤੋਂ ਵੱਧ ਵਾਫ਼ਰ ਕਦਰ ਹਥਿਆਉਣ ਲਈ ਪੂੰਜੀਪਤੀ ਆਪਣੀ ਪੂਰੀ ਵਾਹ ਲਾਉਂਦਾ ਹੈ

ਪੂੰਜੀ ਦੇ ਕਾਰੋਬਾਰ ਦੀ ਚਾਲ ਦਾ ਸਿੱਧਾ ਅਸਰ ਵਾਫ਼ਰ ਕਦਰ ਦੀ ਪੈਦਾਵਾਰ ’ਤੇ ਪੈਂਦਾ ਹੈ। ਪੂੰਜੀ ਦੇ ਕਾਰੋਬਾਰ ਦੀ ਗਤੀ ਵਧਾਉਣ ਨਾਲ ਨਾ ਸਿਰਫ ਨਿਵੇਸ਼ ਕੀਤੇ ਸਰਮਾਏ ਦੀ ਮਾਤਰਾ ਘਟਾਈ ਜਾ ਸਕਦੀ ਹੈ ਸਗੋਂ ਇਸ ਨਾਲ ਚੱਲ ਸਰਮਾਏ ਵਿੱਚੋਂ ਬਦਲਵੀਂ ਪੂੰਜੀ ਦੇ ਕਾਰੋਬਾਰ ਦੀ ਚਾਲ ਵੀ ਵਧਾਈ ਜਾ ਸਕਦੀ ਹੈ। ਜਿਸ ਨਾਲ ਜਿਆਦਾ ਵਾਫ਼ਰ ਕਦਰ ਪੈਦਾ ਹੋ ਸਕਦੀ ਹੈ।

ਮੰਨ ਲਓ ਕਿ ਦੋ ਪੂੰਜੀਪਤੀਆਂ ਕੋਲ 2000 ਯੁਆਨ ਦਾ ਬਦਲਵੀਂ ਪੂੰਜੀ ਹੈ ਅਤੇ ਦੋਨਾਂ ਵੱਲੋਂ ਵਾਫ਼ਰ ਕਦਰ ਹੜੱਪਣ ਦੀ ਦਰ 100 ਪ੍ਰਤੀਸ਼ਤ ਹੈ। ਜੇ ‘ੳ’ ਸਰਮਾਏਦਾਰ ਦੇ ਸਰਮਾਏ ਦਾ ਕਾਰੋਬਾਰ ਇੱਕ ਮਹੀਨੇ ਵਿੱਚ ਪੂਰਾ ਹੁੰਦਾ ਹੈ ਅਤੇ ‘ਅ’ ਸਰਮਾਏਦਾਰ ਦੇ ਸਰਮਾਏ ਦਾ ਕਾਰੋਬਾਰ 6 ਮਹੀਨੇ ਵਿੱਚ ਪੂਰਾ ਹੁੰਦਾ ਹੈ ਤਾਂ ‘ੳ’ ਪੂੰਜੀਪਤੀ ਪ੍ਰਤੀ ਸਾਲ 24,000 ਯੁਆਨ ਵਾਫ਼ਰ ਕਦਰ ਹੜੱਪ ਕਰੇਗਾ ਜਦੋਂ ਕਿ ‘ਅ’ ਪੂੰਜੀਪਤੀ ਸਿਰਫ 4000 ਯੁਆਨ। ਭਾਵੇਂ ਕਿ ਉਨਾਂ ਵੱਲੋਂ ਵਾਫਰ ਕਦਰ ਹੜੱਪਣ ਦੀ ਦਰ ਇੱਕੋ ਜਿਹੀ ਹੈ ਪਰ ਵਾਫ਼ਰ ਕਦਰ ਹੜੱਪਣ ਦੀ ਸਲਾਨਾ ਦਰ (ਇੱਕ ਸਾਲ ਵਿੱਚ ਪੈਦਾ ਹੋਈ ਕੁੱਲ ਵਾਫ਼ਰ ਕਦਰ ਅਤੇ ਇੱਕ ਸਾਲ ਵਿੱਚ ਖਰਚ ਕੀਤੇ ਬਦਲਵੀਂ ਪੂੰਜੀ ਵਿਚਲਾ ਅਨੁਪਾਤ) ਦੋਵਾਂ ਲਈ ਵੱਖੋ ਵੱਖਰੀ ਹੈ।

$$\text{‘ੳ’} \quad \frac{\text{ਪੂੰਜੀਪਤੀ ਵੱਲੋਂ ਵਾਫ਼ਰ ਕਦਰ}}{\text{ਹੜੱਪਣ ਦੀ ਸਲਾਨਾ ਦਰ}} = \frac{\text{ਐਮ}}{\text{ਵੀ}} = \frac{24,000}{2000} = 1200\%$$

$$\text{‘ਅ’} \quad \frac{\text{ਪੂੰਜੀਪਤੀ ਵੱਲੋਂ ਵਾਫ਼ਰ}}{\text{ਕਦਰ ਹੜੱਪਣ ਦੀ ਸਾਲਾਨਾ ਦਰ}} = \frac{\text{ਅਮ}}{\text{ਵੀ}} = \frac{4,000}{2000} = 200\%$$

ਇਸ ਤਰਾਂ ਹਾਲਾਂਕਿ ਦੋਵੇਂ ਪੂੰਜੀਪਤੀਆਂ ਵੱਲੋਂ ਇੱਕ ਸਾਲ ਵਿੱਚ ਖਰਚੀ ਗਈ ਬਦਲਵੀਂ ਪੂੰਜੀ ਦੀ ਮਾਤਰਾ ਬਰਾਬਰ-ਬਰਾਬਰ ਹੈ, ਪਰ ‘ੳ’ ਪੂੰਜੀਪਤੀ ਦੀ ਪੂੰਜੀ ਦੇ ਕਾਰੋਬਾਰ ਦੀ ਚਾਲ ‘ਅ’ ਪੂੰਜੀਪਤੀ ਦੇ ਸਰਮਾਏ ਦੇ ਕਾਰੋਬਾਰ ਦੀ ਚਾਲ ਤੋਂ 6 ਗੁਣਾ ਵੱਧ ਹੈ। ਜਿਸ ਦੇ ਸਿੱਟੇ ਵਜੋਂ, ਉਸ ਵੱਲੋਂ ਹੜੱਪੀ ਗਈ ਵਾਫ਼ਰ ਕਦਰ ਵੀ 6 ਗੁਣਾ ਜਿਆਦਾ ਹੈ।

ਪੂੰਜੀਪਤੀ ਹੋਰ ਵੱਧ ਵਾਫ਼ਰ ਕਦਰ ਹੜੱਪਣ ਲਈ ਹਮੇਸ਼ਾਂ ਪੂੰਜੀ ਦੇ ਕਾਰੋਬਾਰ ਦਾ ਸਮਾਂ ਭਾਵ ਪੈਦਾਵਾਰੀ ਸਮਾਂ ਅਤੇ ਵਟਾਂਦਰੇ ਦਾ ਸਮਾਂ ਘਟਾਉਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ ਤਾਂ ਕਿ ਕਾਰੋਬਾਰ ਦੀ ਚਾਲ ਵਧਾਈ ਜਾ ਸਕੇ ਅਤੇ ਵੱਧ ਤੋਂ ਵੱਧ ਵਾਫ਼ਰ ਕਦਰ ਹੜੱਪੀ ਜਾ ਸਕੇ। ਇਸ ਮਕਸਦ ਲਈ ਪੂੰਜੀਪਤੀ, ਮਜ਼ਦੂਰ ਦੇ ਕੰਮ ਦੇ ਘੰਟੇ ਅਤੇ ਕਿਰਤ ਦੀ ਤੀਬਰਤਾ

ਵਧਾਉਂਦਾ ਹੈ ਅਤੇ ਪੈਦਾਵਾਰੀ ਸਮਾਂ ਘੱਟ ਕਰਨ ਲਈ ਪੈਦਾਵਾਰ ਦੇ ਢੰਗ ਵਿੱਚ ਸੁਧਾਰ ਕਰਦਾ ਰਹਿੰਦਾ ਹੈ।

ਵਟਾਂਦਰੇ ਦੇ ਖੇਤਰ ਵਿੱਚ ਉਹ ਢੋਆ-ਢੁਆਈ ਅਤੇ ਸੰਚਾਰ ਸੇਵਾਵਾਂ ਨੂੰ ਹੋਰ ਵਿਕਸਿਤ ਕਰਦਾ ਹੈ ਅਤੇ ਵਪਾਰ ਦੇ ਪ੍ਰਬੰਧ ਨੂੰ ਸੁਧਾਰਦਾ ਹੈ ਤਾਂ ਜੋ ਵਟਾਂਦਰੇ ਦਾ ਸਮਾਂ ਘਟਾਇਆ ਜਾ ਸਕੇ। ਪਰ, ਪੂੰਜੀਵਾਦ ਦੀਆਂ ਵਜੂਦ ਸਮੋਈਆਂ ਵਿਰੋਧਤਾਈਆਂ ਤਕਨੀਕ ਵਿੱਚ ਸੁਧਾਰ ਨੂੰ ਰੋਕਦੀਆਂ ਹਨ ਅਤੇ ਜਿਣਸਾਂ ਦੀ ਵਿੱਕਰੀ ਵਿੱਚ ਮੁਸ਼ਕਲਾਂ ਖੜੀਆਂ ਕਰਦੀਆਂ ਹਨ। ਇਸ ਲਈ, ਪੂੰਜੀ ਦੇ ਕਾਰੋਬਾਰ ਦੀ ਚਾਲ ਨੂੰ ਤੇਜ਼ ਕਰਨ ਲਈ ਪੂੰਜੀਪਤੀ ਵੱਲੋਂ ਕੀਤੇ ਯਤਨ ਹਮੇਸ਼ਾਂ ਕਾਮਯਾਬ ਨਹੀਂ ਹੁੰਦੇ।

ਪੂੰਜੀਵਾਦੀ ਮੁੜ-ਪੈਦਾਵਾਰ ਦੁਸ਼ਮਣਾਨਾ ਵਿਰੋਧਤਾਈਆਂ 'ਚ ਘਿਰੀ ਆਪ ਮੁਹਾਰੇ ਢੰਗ ਨਾਲ ਸਕਾਰੀ ਜਾਂਦੀ ਹੈ

ਸਮਾਜਿਕ ਪੂੰਜੀ ਵਿਅਕਤੀਗਤ ਪੂੰਜੀ ਦਾ ਕੁੱਲ ਜੋੜ ਹੈ

ਪੂੰਜੀਵਾਦੀ ਸਮਾਜ ਵਿੱਚ ਅਨੇਕਾਂ ਪੂੰਜੀਵਾਦੀ ਕਾਰੋਬਾਰ ਮੌਜੂਦ ਹੁੰਦੇ ਹਨ। ਹਰ ਇੱਕ ਕਾਰੋਬਾਰ ਦਾ ਵਿਅਕਤੀਗਤ ਪੂੰਜੀ ਆਪਣੀ ਕਦਰ ਵਿੱਚ ਵਾਧਾ ਕਰਨ ਲਈ ਹੋਰ ਪੂੰਜੀਆਂ ਨਾਲੋਂ ਅਜ਼ਾਦਾਨਾ ਤੌਰ 'ਤੇ ਵਿਚਰਦੀ ਰਹਿੰਦਾ ਹੈ। ਪਰ ਇਹ ਵਿਅਕਤੀਗਤ ਪੂੰਜੀ ਇੱਕ ਦੂਜੇ ਤੋਂ ਬਿਲਕੁਲ ਹੀ ਟੁੱਟਿਆ ਹੋਇਆ ਵੀ ਨਹੀਂ ਹੁੰਦਾ। ਇਹ ਅੰਤਰ ਸਬੰਧਤ ਅਤੇ ਅੰਤਰ ਨਿਰਭਰ ਹੁੰਦੀ ਹੈ ਕਿਉਂਕਿ ਆਪਣੀ ਕਦਰ ਵਿੱਚ ਵਾਧਾ ਕਰਨ ਲਈ ਹਰ ਇੱਕ ਸਰਮਾਏ ਨੂੰ ਵਟਾਂਦਰਾ ਪ੍ਰਕਿਰਿਆ ਦੇ ਜ਼ਰੀਏ ਦੂਸਰੇ ਸਰਮਾਇਆਂ ਨਾਲ ਮੇਲ ਜੋਲ ਕਰਨਾ ਪੈਂਦਾ ਹੈ। ਇੱਕ ਕਤਾਈ ਮਿੱਲ ਦੀ ਉਦਾਹਰਣ ਲਓ। ਇਸਨੂੰ ਕਤਾਈ ਮਸ਼ੀਨਾਂ ਬਣਾਉਣ ਵਾਲੇ ਅਤੇ ਕਪਾਹ ਪੈਦਾ ਕਰਨ ਵਾਲੇ ਕਾਰੋਬਾਰਾਂ ਨਾਲ ਮੇਲ ਜੋਲ ਕਰਨਾ ਪੈਂਦਾ ਹੈ। ਦੂਸਰੇ ਪਾਸੇ,ਇਸਨੂੰ ਆਪਣੇ ਉਤਪਾਦਾਂ ਦੀ ਖਪਤ ਕਰਨ ਵਾਲੇ ਉਪਭੋਗਤਾ ਕਾਰੋਬਾਰਾਂ ਜਿਵੇਂ ਕਿ ਕੱਪੜਾ ਮਿੱਲਾਂ ਨਾਲ ਵੀ ਮੇਲ ਜੋਲ ਕਰਨਾ ਪੈਂਦਾ ਹੈ। ਇਸ ਤਰ੍ਹਾਂ, ਵੱਖੋ-ਵੱਖਰੇ ਕਾਰੋਬਾਰਾਂ ਦੇ ਵਿਚਕਾਰ ਨੇੜਲੇ ਅਤੇ ਅੰਤਰ ਨਿਰਭਰ ਸਬੰਧ ਹੁੰਦੇ ਹਨ। ਇੰਨਾਂ ਸਬੰਧਾ ਰਾਹੀਂ ਹੀ ਵਿਅਕਤੀਗਤ ਪੂੰਜੀਆਂ ਦਾ ਕੁੱਲ ਜੋੜ ਸਮਾਜਿਕ ਪੂੰਜੀ ਦੇ ਇੱਕ ਸੰਗਠਿਤ ਸਮੁੱਚ ਨੂੰ ਜਨਮ ਦਿੰਦਾ ਹੈ। ਵਿਅਕਤੀਗਤ ਪੂੰਜੀਆਂ ਦੇ ਆਵਾਗਮਨ ਦਾ ਕੁੱਲ ਜੋੜ ਸਮਾਜਿਕ ਪੂੰਜੀਆਂ ਦਾ ਆਵਾਗਮਨ ਬਣਦਾ ਹੈ।

ਪੂੰਜੀ ਦੇ ਕਾਰੋਬਾਰ ਅਤੇ ਗੇੜ ਦਾ ਸਾਡਾ ਵਿਸ਼ਲੇਸ਼ਣ ਵਿਅਕਤੀਗਤ ਪੂੰਜੀ ਦੀ ਮੁੜ-ਪੈਦਾਵਾਰ ਦੇ ਨਜ਼ਰੀਏ ਤੋਂ ਹੀ ਕੀਤਾ ਗਿਆ ਸੀ। ਇਹ ਮੁੱਖ ਤੌਰ 'ਤੇ ਵਾਫ਼ਰ ਕਦਰ ਦੀ ਪੈਦਾਵਾਰ ਅਤੇ ਇਸਨੂੰ ਸਕਾਰਨ ਦੀ ਪ੍ਰਕਿਰਿਆ ਉੱਪਰ ਹੀ ਕੇਂਦਰਿਤ ਸੀ। ਅਸੀਂ ਹਾਲੇ ਤੀਕ ਇਸ ਗੱਲ ਦਾ ਵਿਸ਼ਲੇਸ਼ਣ ਨਹੀਂ ਕੀਤਾ ਕਿ ਪੂੰਜੀਪਤੀ ਆਪਣੀ ਜਿਣਸ ਕਿੱਥੇ ਵੇਚਦਾ ਹੈ, ਉਹ ਪੈਦਾਵਾਰ ਦੇ ਸਾਧਨ ਕਿੱਥੋਂ ਖਰੀਦਦਾ ਹੈ ਅਤੇ ਪੂੰਜੀਪਤੀ ਤੇ ਮਜ਼ਦੂਰ ਆਪਣੇ

ਗੁਜਾਰੇ ਦੇ ਸਾਧਨ ਕਿੱਥੋਂ ਖਰੀਦਦੇ ਹਨ ? ਪਰ ਫਿਰ ਵੀ, ਸਮਾਜਿਕ ਪੂੰਜੀ ਦੀ ਮੁੜ-ਪੈਦਾਵਾਰ ਦਾ ਵਿਸ਼ਲੇਸ਼ਣ ਕਰਨ ਸਮੇਂ ਸਥਿਤੀਆਂ ਹੋਰ ਹੁੰਦੀਆਂ ਹਨ। ਕਿਉਂਕਿ ਸਮਾਜਿਕ ਪੂੰਜੀ ਸਾਰੀਆਂ ਵਿਅਕਤੀਗਤ ਪੂੰਜੀਆਂ ਦੇ ਸੁਮੇਲ ਤੋਂ ਹੀ ਬਣੀ ਹੁੰਦੀ ਹੈ ਇਸ ਲਈ ਇਸ ਦੀ ਮੁੜ-ਪੈਦਾਵਾਰ ਵਿੱਚ ਖਪਤ ਹੋਏ ਭੌਤਿਕ ਸਾਧਨਾਂ ਦੀ ਘਾਟਾ ਪੂਰਤੀ ਵੀ ਸਿਰਫ ਕੁੱਲ ਸਮਾਜਿਕ ਉਤਪਾਦ ਵਿੱਚੋਂ ਹੀ ਹੋ ਸਕਦੀ ਹੈ। ਇਸ ਤਰਾਂ, ਸਮਾਜਿਕ ਪੂੰਜੀ ਦੀ ਮੁੜ-ਪੈਦਾਵਾਰ ਦੀ ਪ੍ਰਕਿਰਿਆ ਨਾਲ ਜੁੜਿਆ ਅਹਿਮ ਸੁਆਲ ਇਹ ਹੈ ਕਿ ਚਾਲੂ ਪੈਦਾਵਾਰ ਵਿੱਚ ਖਪਤ ਹੋਣ ਵਾਲੇ ਵਿਭਿੰਨ ਸਾਧਨਾਂ ਦੀ ਭੌਤਿਕ ਰੂਪ ਵਿੱਚ ਘਾਟਾ ਪੂਰਤੀ ਕੁੱਲ ਸਮਾਜਿਕ ਉਤਪਾਦ ਵਿੱਚੋਂ ਹੋ ਸਕਦੀ ਹੈ ਜਾਂ ਨਹੀਂ, ਜੇ ਹਾਂ, ਤਾਂ ਕਿਵੇਂ ? ਜਿਵੇਂ ਕਿ ਲੈਨਿਨ ਦਸਦੇ ਹਨ, *"ਸੁਆਲ ਇਹ ਹੈ ਕਿ ਮਜ਼ਦੂਰ ਅਤੇ ਪੂੰਜੀਪਤੀ ਆਪੋ ਆਪਣੇ ਉਪਭੋਗ ਦੀਆਂ ਚੀਜ਼ਾਂ ਕਿੱਥੋਂ ਪ੍ਰਾਪਤ ਕਰਦਾ ਹੈ ਅਤੇ ਉਤਪਾਦ ਕਿਵੇਂ ਇੰਨ੍ਹਾਂ ਲੋੜਾਂ ਦੀ ਪੂਰਤੀ ਕਰਕੇ ਵਿਸਤਰਿਤ ਮੁੜ-ਪੈਦਾਵਾਰ ਨੂੰ ਚਲਦਾ ਰਖਦੇ ਹਨ ? ਸੁਆਲ, ਇੱਥੇ ਮਹਿਜ ਕਦਰ ਦੀ ਘਾਟਾ ਪੂਰਤੀ ਦਾ ਨਹੀਂ, ਸਗੋਂ ਉਤਪਾਦਾਂ ਦੀ ਭੌਤਿਕ ਰੂਪ ਵਿੱਚ ਘਾਟਾ ਪੂਰਤੀ ਦਾ ਵੀ ਹੈ"।*[2] ਇਸ ਲਈ ਸਮਾਜਿਕ ਪੂੰਜੀ ਦੀ ਮੁੜ-ਪੈਦਾਵਾਰ ਨੂੰ ਲਾਜ਼ਮੀ ਹੀ ਕਦਰ ਦੇ ਰੂਪ ਵਿੱਚ ਘਾਟਾ ਪੂਰਤੀ ਦੇ ਨਾਲ-ਨਾਲ ਭੌਤਿਕ ਰੂਪ ਵਿੱਚ ਉਸਦੀ ਘਾਟਾ ਪੂਰਤੀ ਦੇ ਪੱਖ ਤੋਂ ਵੀ ਨਿਰਖਿਆ ਪਰਖਿਆ ਜਾਣਾ ਚਾਹੀਦਾ ਹੈ।

ਮਾਰਕਸ ਸਪੱਸ਼ਟ ਕਰਦੇ ਹਨ ਕਿ ਪੂੰਜੀਵਾਦ ਦੇ ਕੁੱਲ ਸਮਾਜਿਕ ਪੈਦਾਵਾਰ ਨੂੰ ਵਾਫ਼ਰ ਕਦਰ ਦੇ ਪੱਖ ਤੋਂ ਸਥਿਰ ਪੂੰਜੀ, ਬਦਲਵੀਂ ਪੂੰਜੀ ਅਤੇ ਵਾਫ਼ਰ ਕਦਰ ਵਿੱਚ ਵੰਡਿਆ ਜਾ ਸਕਦਾ ਹੈ। ਜਦੋਂ ਕਿ ਇਸਦੇ ਭੌਤਿਕ ਪੱਖ ਤੋਂ ਇਸਨੂੰ ਮੁੜ-ਪੈਦਾਵਾਰ ਦੀ ਪ੍ਰਕਿਰਿਆ ਵਿੱਚ ਨਿਭਾਈ ਗਈ ਭੂਮਿਕਾ ਦੇ ਅਧਾਰ 'ਤੇ ਪੈਦਾਵਾਰ ਦੇ ਸਾਧਨਾਂ ਅਤੇ ਉਪਭੋਗ ਦੇ ਸਾਧਨਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ

ਪੈਦਾਵਾਰ ਦੇ ਭੌਤਿਕ ਅਧਾਰ 'ਤੇ ਵਰਗੀਕਰਨ ਰਾਹੀਂ ਮਾਰਕਸ ਸਮੁੱਚੀ ਸਮਾਜਿਕ ਪੈਦਾਵਾਰ ਨੂੰ ਦੋ ਹਿੱਸਿਆਂ ਵਿੱਚ ਵੰਡਦੇ ਹਨ ਪਹਿਲਾ ਹੈ, ਪੈਦਾਵਾਰ ਦੇ ਸਾਧਨਾਂ ਦੀ ਪੈਦਾਵਾਰ I—ਜਿਵੇਂ ਕਿ ਮਸ਼ੀਨਾਂ, ਹੋਰ ਸਾਜੋ ਸਮਾਨ ਅਤੇ ਕੱਚੇ ਮਾਲ ਦੀ ਪੈਦਾਵਾਰ, ਦੂਜਾ ਹੈ, ਉਪਭੋਗ ਦੇ ਸਾਧਨਾਂ ਦੀ ਪੈਦਾਵਾਰ II—ਜਿਵੇਂ ਭੋਜਨ, ਕੱਪੜੇ ਅਤੇ ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਪੈਦਾਵਾਰ। ਇੰਨਾਂ ਦੋਵਾਂ ਵਰਗਾਂ ਵਿੱਚ ਪੈਦਾਵਾਰ ਦੇ ਕਈ ਵਿਭਾਗ ਸ਼ਾਮਲ ਹਨ।

ਸਧਾਰਨ ਮੁੜ-ਪੈਦਾਵਾਰ ਲਈ ਲੋੜੀਂਦੀਆਂ ਹਾਲਤਾਂ

ਮਸਲੇ ਨੂੰ ਸੌਖਾ ਬਣਾਉਣ ਲਈ, ਮੰਨ ਲਓ ਕਿ ਪੂੰਜੀਵਾਦੀ ਸਮਾਜ ਵਿੱਚ ਮਹਿਜ਼ ਪੂੰਜੀਪਤੀ ਅਤੇ ਮਜ਼ਦੂਰ ਹੀ ਰਹਿੰਦੇ ਹਨ ਅਤੇ ਸਧਾਰਨ ਮੁੜ-ਪੈਦਾਵਾਰ ਦੇ ਤਹਿਤ ਇੱਕ ਸਾਲ ਵਿੱਚ ਪੈਦਾਵਾਰ ਦਾ ਸਿਰਫ ਇੱਕ ਗੇੜ ਹੀ ਪੂਰਾ ਹੁੰਦਾ ਹੈ ਅਤੇ ਸਥਿਰ ਪੂੰਜੀ ਦੀ ਸਮੁੱਚੀ ਕਦਰ ਪੈਦਾਵਾਰ ਦੇ ਇੱਕੋ ਹੀ ਗੇੜ ਨਾਲ ਨਵੇਂ ਉਤਪਾਦਾਂ ਵਿੱਚ ਦਾਖਲ ਹੋ ਜਾਂਦੀ ਹੈ।

ਕਿਉਂਕਿ ਸਭ ਉਤਪਾਦ/ ਜਿਣਸਾਂ ਆਪੋ ਆਪਣੀ ਕਦਰ ਉੱਪਰ ਹੀ ਵੇਚੀਆਂ ਜਾਂਦੀਆਂ ਹਨ ਅਤੇ ਉਨਾਂ ਦੀਆਂ ਕਦਰਾਂ ਜਾਂ ਕੀਮਤਾਂ ਵਿੱਚ ਕੋਈ ਉਤਰਾਅ ਚੜਾਅ ਨਹੀਂ ਆਉਂਦਾ ਅਤੇ ਕੋਈ ਵਿਦੇਸ਼ੀ ਵਪਾਰ ਵੀ ਨਹੀਂ ਹੁੰਦਾ। ਇੰਨ੍ਹਾਂ ਮਨੌਤਾਂ ਤਹਿਤ, ਸਧਾਰਨ ਮੁੜ–ਪੈਦਾਵਾਰ ਰਾਹੀਂ ਸਮੁੱਚੇ ਸਮਾਜਿਕ ਉਤਪਾਦਾਂ ਦੇ ਸਾਕਾਰਨ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ :

I. 4000 ਸੀ + 1000 ਵੀ +1000ਐਮ = 6,000

II. 2000 ਸੀ +500ਵੀ + 500ਐਮ = 3,000

ਇੱਥੇ ਅਸੀਂ ਇਹ ਮੰਨ ਕੇ ਚੱਲੇ ਹਾਂ ਕਿ ਪਹਿਲੇ ਵਰਗ ਵਿੱਚ ਸਥਿਰ ਪੂੰਜੀ ਦਾ ਹਿੱਸਾ 4000, ਬਦਲਵੀਂ ਪੂੰਜੀ ਦਾ 1000 ਅਤੇ ਵਾਫ਼ਰ ਕਦਰ ਦਾ ਹਿੱਸਾ ਵੀ 1000 ਹੈ। ਉਤਪਾਦਾਂ ਦੀ ਕੁੱਲ ਕਦਰ 6000 ਹੈ। ਇਸਦੇ ਉਤਪਾਦ ਪੈਦਾਵਾਰ ਦੇ ਸਾਧਨ ਹਨ। ਦੂਜੇ ਵਰਗ ਵਿੱਚ, ਸਥਿਰ ਸਰਮਾਏ ਦਾ ਹਿੱਸਾ 2000, ਬਦਲਵੀਂ ਪੂੰਜੀ ਦਾ 500 ਅਤੇ ਵਾਫ਼ਰ ਕਦਰ ਦਾ ਹਿੱਸਾ ਵੀ 500 ਹੈ। ਉਤਪਾਦਾਂ ਦੀ ਕੁੱਲ ਕਦਰ 3000 ਹੈ। ਇਹ ਉਤਪਾਦ ਉਪਭੋਗ ਦੇ ਸਾਧਨ ਹਨ।

ਹੁਣ, ਮੁੜ–ਪੈਦਾਵਾਰ ਨੂੰ ਜਾਰੀ ਰੱਖਣ ਲਈ ਦੋਵਾਂ ਵਰਗਾਂ ਦੇ ਉਤਪਾਦਾਂ ਦਾ ਸਾਕਾਰਿਆ ਜਾਣਾ ਲਾਜ਼ਮੀ ਹੈ। ਉਤਪਾਦਾਂ ਦੇ ਸਾਕਾਰਨ ਤੋਂ ਕੀ ਭਾਵ ਹੈ ? ਇਸਦਾ ਭਾਵ ਹੈ ਕਿ ਖਪਤ ਹੋਈਆਂ ਚੀਜ਼ਾਂ ਦੀ, ਕਦਰ ਦੇ ਪੱਖ ਤੋਂ ਅਤੇ ਨਾਲ ਦੀ ਨਾਲ ਉਨ੍ਹਾਂ ਦੇ ਭੌਤਿਕ ਰੂਪ ਦੇ ਪੱਖ ਤੋਂ ਘਾਟਾ ਪੂਰਤੀ ਹੋਣੀ ਲਾਜ਼ਮੀ ਹੈ। ਸੌਖੀ ਭਾਸ਼ਾ 'ਚ ਕਹਿਣਾ ਹੋਵੇ ਤਾਂ ਇੰਨ੍ਹਾਂ ਉਤਪਾਦਾਂ ਨੂੰ ਵੇਚਣਾ ਅਤੇ ਇੰਨ੍ਹਾਂ ਦੀ ਮੁੜ–ਪੈਦਾਵਾਰ ਲਈ ਲੋੜੀਂਦੇ ਸਾਧਨ ਖਰੀਦਣਾ ਸੰਭਵ ਹੋਵੇ। ਅੱਗੇ ਚੱਲ ਕੇ ਅਸੀਂ ਦੇਖਾਂਗੇ ਕਿ ਇਨ੍ਹਾਂ ਦੋਵਾਂ ਵਰਗਾਂ ਦੇ ਉਤਪਾਦਾਂ ਨੂੰ ਕਿਵੇਂ ਸਾਕਾਰਿਆ ਜਾਂਦਾ ਹੈ।

ਪਹਿਲ ਪ੍ਰਥਮੇ, ਪਹਿਲੇ ਵਰਗ ਦੇ ਅੰਦਰੋਂ ਅੰਦਰ ਹੋਣ ਵਾਲੇ ਵਟਾਂਦਰੇ ਆਉਂਦੇ ਹਨ। ਸਾਲ ਦੇ ਸ਼ੁਰੂ ਵਿੱਚ ਜਦੋਂ ਪਹਿਲੇ ਵਰਗ ਵਿੱਚ ਪੈਦਾਵਾਰੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ ਤਾਂ 4000 ਕਦਰ ਦੇ ਪੈਦਾਵਾਰ ਦੇ ਸਾਧਨ ਮੌਜੂਦ ਹੁੰਦੇ ਹਨ। ਮੰਨ ਲਓ ਕਿ ਸਾਲ ਦੇ ਅਖੀਰ 'ਤੇ ਜਦੋਂ ਪੈਦਾਵਾਰੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ, ਇਹ ਸਾਰੇ ਖਪਤ ਹੋ ਜਾਂਦੇ ਹਨ। ਹੁਣ ਅਗਲੇ ਸਾਲ ਲਈ ਸਧਾਰਨ ਮੁੜ–ਪੈਦਾਵਾਰ ਜ਼ਾਰੀ ਰੱਖਣ ਵਾਸਤੇ, 4000 ਕਦਰ ਦੇ ਨਵੇਂ ਪੈਦਾਵਾਰ ਦੇ ਸਾਧਨਾਂ ਦੀ ਲਾਜ਼ਮੀ ਹੀ ਘਾਟਾ ਪੂਰਤੀ ਹੋਣੀ ਚਾਹੀਦੀ ਹੈ। ਪੂੰਜੀਪਤੀ ਇੰਨਾਂ ਸਾਧਨਾਂ ਨੂੰ ਕਿੱਥੋਂ ਪ੍ਰਾਪਤ ਕਰ ਸਕਦਾ ਹੈ ? ਇਹ ਸਾਧਨ ਸਿਰਫ ਪਹਿਲੇ ਵਰਗ ਨਾਲ ਜਿਣਸਾਂ ਦੇ ਵਟਾਂਦਰੇ ਉਪਰੰਤ ਹੀ ਪ੍ਰਾਪਤ ਹੋ ਸਕਦੇ ਹਨ ਕਿਉਂਕਿ ਇਹੋ ਵਿਭਾਗ ਹੀ ਪੈਦਾਵਾਰ ਦੇ ਸਾਧਨ ਬਣਾਉਂਦਾ ਹੈ। ਉਦਾਹਰਣ ਲਈ, ਮਸ਼ੀਨਾਂ ਬਣਾਉਣ ਵਾਲੇ ਕਾਰਖਾਨੇ ਦਾ ਪੂੰਜੀਪਤੀ ਲੋੜੀਂਦਾ ਇਸਪਾਤ ਅਤੇ ਲੋਹਾ, ਇਸਪਾਤ ਅਤੇ ਲੋਹਾ ਮਿੱਲ ਦੇ ਮਾਲਕ ਤੋਂ ਖਰੀਦਦਾ ਹੈ। ਹੁਣ ਕਿਉਂਕਿ ਇਸਪਾਤ ਤੇ ਲੋਹਾ ਮਿੱਲ ਦਾ ਪੂੰਜੀਪਤੀ ਕੋਲੇ ਦੀ ਮਿੱਲ ਦੇ ਮਾਲਕ ਤੋਂ ਕੋਲਾ ਅਤੇ ਮਸ਼ੀਨਾਂ ਬਣਾਉਣ ਵਾਲੇ ਕਾਰਖਾਨੇਦਾਰ ਤੋਂ ਮਸ਼ੀਨਾਂ ਖਰੀਦਦਾ ਹੈ। ਇਸ ਤਰਾਂ ਪਹਿਲੇ

ਵਰਗ ਦੇ ਅੰਦਰੋ ਅੰਦਰੀ ਵਟਾਂਦਰਿਆਂ ਦੇ ਜ਼ਰੀਏ 4000ਸੀ ਦੀ, ਕਦਰ ਦੇ ਪੱਖ ਤੋਂ ਅਤੇ ਨਾਲ ਹੀ ਭੌਤਿਕ ਪੱਖ ਤੋਂ ਭਾਵ ਦੋਵੇਂ ਹੀ ਤਰਾਂ ਘਾਟਾ ਪੂਰਤੀ ਪੂਰੀ ਹੋ ਸਕਦੀ ਹੈ। ਜਿਵੇਂ ਕਿ ਮਾਰਕਸ ਕਹਿੰਦੇ ਹਨ, *''ਇਹ ਇੱਕ ਕਿਸਮ ਦੀ ਸਥਿਰ ਪੂੰਜੀ ਦਾ ਦੂਜੀ ਕਿਸਮ ਦੀ ਸਥਿਰ ਪੂੰਜੀ ਨਾਲ ਭਾਵ ਇੱਕ ਕਿਸਮ ਦੇ ਪੈਦਾਵਾਰ ਦੇ ਸਾਧਨਾਂ ਦਾ ਦੂਜੀ ਕਿਸਮ ਦੇ ਪੈਦਾਵਾਰ ਦੇ ਸਾਧਨਾਂ ਨਾਲ ਵਟਾਂਦਰਾ ਹੀ ਹੈ''।*[(3)]

ਇਸਤੋਂ ਬਾਅਦ, ਦੂਜੇ ਵਰਗ ਵਿੱਚ ਹੋਣ ਵਾਲੇ ਅੰਦਰੂਨੀ ਵਟਾਂਦਰੇ ਆਉਂਦੇ ਹਨ। ਦੂਸਰੇ ਵਰਗ ਵਿੱਚ ਜਦੋਂ ਸਾਲ ਦੇ ਅਖੀਰ 'ਤੇ ਪੈਦਾਵਾਰੀ ਪ੍ਰਕਿਰਿਆ ਖਤਮ ਹੋ ਜਾਂਦੀ ਹੈ, ਮਜ਼ਦੂਰ ਨੂੰ ਆਪਣੇ ਗੁਜਾਰੇ ਵਾਸਤੇ ਖਰਚਣ ਲਈ 500 ਮਜ਼ਦੂਰੀ ਦੇ ਰੂਪ ਵਿੱਚ ਮਿਲਦੇ ਹਨ। ਪੂੰਜੀਪਤੀ ਨੂੰ 500 ਦੀ ਵਾਫ਼ਰ ਕਦਰ ਪ੍ਰਾਪਤ ਹੁੰਦੀ ਹੈ। ਸਧਾਰਨ ਮੁੜ-ਪੈਦਾਵਾਰ ਦੀ ਪ੍ਰਕਿਰਿਆ ਅੰਦਰ ਕਿਉਂਕਿ ਕੋਈ ਪੂੰਜੀ ਸੰਗ੍ਰਹਿ ਨਹੀਂ ਹੁੰਦਾ। ਇਸ ਲਈ ਪੂੰਜੀਪਤੀ ਕੋਲ ਵਾਫ਼ਰ ਕਦਰ ਦੇ ਰੂਪ ਵਿੱਚ ਗਿਆ 500 ਵੀ ਉਪਭੋਗ ਦੀਆਂ ਚੀਜ਼ਾਂ ਖਰੀਦਣ 'ਤੇ ਖਰਚ ਹੋ ਜਾਂਦਾ ਹੈ। ਹੁਣ ਪੂੰਜੀਪਤੀ ਆਪਣੀ ਜ਼ਰੂਰਤ ਲਈ ਉਪਭੋਗ ਦੇ ਸਾਧਨ ਕਿੱਥੋਂ ਖਰੀਦ ਸਕਦਾ ਹੈ ? ਸਿਰਫ ਦੂਜੇ ਵਰਗ ਦੇ ਅੰਦਰੋਂ ਹੀ; ਕਿਉਂਕਿ ਸਿਰਫ ਇਹ ਦੂਸਰਾ ਵਰਗ ਹੀ ਉਪਭੋਗ ਦੇ ਸਾਧਨ ਬਣਾਉਂਦਾ ਹੈ। ਇੱਥੇ 500ਵੀ ਅਤੇ 500ਐੱਮ ਦੇ ਰੂਪ ਵਿੱਚ ਦਿੱਤੇ ਗਏ ਉਤਪਾਦਾਂ ਦੀ, ਕਦਰ ਦੇ ਪੱਖ ਤੋਂ ਵੀ ਅਤੇ ਭੌਤਿਕ ਪੱਖ ਤੋਂ ਵੀ-ਦੋਵੇਂ ਤਰ੍ਹਾਂ ਨਾਲ ਘਾਟਾ ਪੂਰਤੀ ਦੂਸਰੇ ਵਰਗ ਵਿੱਚ ਅੰਦਰੂਨੀ ਵਟਾਂਦਰਿਆਂ ਦੇ ਜ਼ਰੀਏ ਹੀ ਪੂਰੀ ਹੋ ਸਕਦੀ ਹੈ।

ਅਖੀਰ ਵਿੱਚ,ਦੋਵਾਂ ਵਰਗਾਂ ਵਿਚਕਾਰ ਵਟਾਂਦਰੇ ਹੁੰਦੇ ਹਨ। ਉਪਰੋਕਤ ਦੋ ਕਿਸਮਾਂ ਦੇ ਵਟਾਂਦਰਿਆਂ ਤੋਂ ਬਾਅਦ ਪਹਿਲੇ ਵਰਗ ਵਿੱਚ (1000ਵੀਅਤੇ 1000ਐੱਮ) ਕਦਰ ਦੇ ਉਤਪਾਦ ਬਚੇ ਰਹਿੰਦੇ ਹਨ। ਇੰਨ੍ਹਾਂ ਬਚੇ ਹੋਏ ਉਤਪਾਦਾਂ ਨੂੰ ਉਨ੍ਹਾਂ ਦੇ ਆਪੋ ਆਪਣੇ ਵਰਗਾਂ ਅੰਦਰ ਸਾਕਾਰਿਆ ਨਹੀਂ ਜਾ ਸਕਦਾ ਕਿਉਂਕਿ ਪਹਿਲੇ ਵਰਗ ਵਿੱਚ 1000ਵੀ ਅਤੇ 1000ਐੱਮ (ਕਦਰ ਦੇ ਪੱਖ ਤੋਂ) ਉਤਪਾਦਾਂ ਦਾ ਉਪਭੋਗ ਮਜ਼ਦੂਰ ਅਤੇ ਪੂੰਜੀਪਤੀ ਵੱਲੋਂ ਵਿਅਕਤੀਗਤ ਲੋੜਾਂ ਲਈ ਕੀਤਾ ਜਾਣਾ ਚਾਹੀਦਾ ਹੈ। ਪਰ ਇਹ ਉਤਪਾਦ ਉਪਭੋਗ ਦੇ ਸਾਧਨ ਨਹੀਂ ਸਗੋਂ ਪੈਦਾਵਾਰ ਦੇ ਸਾਧਨ ਹਨ। ਦੂਸਰੇ ਵਰਗ ਵਿੱਚ 2000ਸੀ (ਕਦਰ ਦੇ ਪੱਖ ਤੋਂ) ਉਤਪਾਦਾਂ ਜਾ ਪੂੰਜੀਪਤੀ ਵੱਲੋਂ ਪੈਦਾਵਾਰ ਦੇ ਸਾਧਨਾਂ ਦੀ ਘਾਟਾ ਪੂਰਤੀ ਪੂਰੀ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ; ਪਰ ਇਹ ਉਤਪਾਦ ਪੈਦਾਵਾਰ ਦੇ ਸਾਧਨ ਨਹੀਂ ਸਗੋਂ ਉਪਭੋਗ ਦੇ ਸਾਧਨ ਹਨ। ਇਸ ਵਿਰੋਧਤਾਈ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ ? ਦੋਵੇਂ ਵਰਗਾਂ ਵਿਚਕਾਰ ਵਟਾਂਦਰੇ ਦੁਆਰਾ ਹੀ ਇਸਨੂੰ ਹੱਲ ਕੀਤਾ ਜਾ ਸਕਦਾ ਹੈ। ਇੰਨ੍ਹਾਂ ਵਟਾਂਦਰਿਆਂ ਸਦਕਾ, ਪਹਿਲੇ ਵਰਗ ਵਿੱਚ ਮਜ਼ਦੂਰ ਅਤੇ ਪੂੰਜੀਪਤੀ ਨੂੰ ਉਪਭੋਗ ਦੇ ਸਾਧਨ ਮਿਲ ਜਾਂਦੇ ਹਨ ਅਤੇ ਦੂਸਰੇ ਵਰਗ ਦੇ ਪੂੰਜੀਪਤੀ ਨੂੰ ਅਗਲੇ ਸਾਲ ਲਈ ਪੈਦਾਵਾਰ ਜਾਰੀ ਰੱਖਣ ਲਈ ਪੈਦਾਵਾਰ ਦੇ ਲੋੜੀਂਦੇ ਸਾਧਨ ਮਿਲ ਜਾਂਦੇ ਹਨ। ਇੰਨ੍ਹਾਂ ਦੋਵੇਂ ਵਰਗਾਂ ਵਿਚਕਾਰ ਵਟਾਂਦਰਿਆਂ ਨੂੰ ਇਸ ਤਰਾਂ ਦਰਸਾਇਆ ਜਾ ਸਕਦਾ ਹੈ:

I. 4000ਸੀ + 1000ਵੀ + 1000ਐਮ = 6000

II. 2000ਸੀ + 500ਵੀ + 500ਐਮ = 3000

ਸਮੁੱਚੇ ਵਟਾਂਦਰਿਆਂ ਦਾ ਨਤੀਜਾ ਇਹ ਦਰਸਾਉਂਦਾ ਹੈ ਕਿ ਪੂੰਜੀਵਾਦ ਸਾਧਾਰਨ ਮੁੜ-ਪੈਦਾਵਾਰ ਦੇ ਤਹਿਤ ਦੋਵੇਂ ਵਰਗਾਂ ਦਰਮਿਆਨ ਇੱਕ ਨਿਸ਼ਚਿਤ ਸਮਤੋਲਵਾਂ ਸਬੰਧ ਹੋਣਾ ਚਾਹੀਦਾ ਹੈ; ਭਾਵ ਪਹਿਲੇ ਵਰਗ ਦਾ ਬਦਲਵੀਂ ਪੂੰਜੀ ਅਤੇ ਵਾਫ਼ਰ ਕਦਰ ਦਾ ਜੋੜ ਕਦਰ ਦੇ ਪੱਖ ਤੋਂ ਦੂਸਰੇ ਵਰਗ ਦੀ ਸਥਿਰ ਪੂੰਜੀ ਦੇ ਬਰਾਬਰ ਹੋਣਾ ਚਾਹੀਦਾ ਹੈ। ਦੂਸਰੇ ਸ਼ਬਦਾਂ ਵਿੱਚ, I-(1000ਵੀ+100 ਐੱਮ) ਨੂੰ II (2000 ਸੀ) ਦੇ ਬਰਾਬਰ ਹੋਣਾ ਲਾਜ਼ਮੀ ਹੈ। ਅਜਿਹੇ ਸਮਤੋਲਵੇਂ ਸਬੰਧ ਨੂੰ ਬਰਕਰਾਰ ਰੱਖੇ ਜਾਣ ਨਾਲ ਹੀ ਪੂੰਜੀਵਾਦੀ ਸਧਾਰਨ ਮੁੜ-ਪੈਦਾਵਾਰ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਇਸ ਲਈ, ਪੂੰਜੀਵਾਦੀ ਸਧਾਰਨ ਮੁੜ-ਪੈਦਾਵਾਰ ਦੇ ਤਹਿਤ ਸਮਾਜਿਕ ਉਤਪਾਦ ਨੂੰ ਸਾਕਾਰਨ ਦੀ ਸ਼ਰਤ ਹੈ: I (ਵੀ+ਐੱਮ) = II ਸੀ।

ਵਿਸਤਰਿਤ ਮੁੜ-ਪੈਦਾਵਾਰ ਲਈ ਲੋੜੀਂਦੀਆਂ ਹਾਲਤਾਂ

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਵਿਸਤਰਿਤ ਮੁੜ-ਪੈਦਾਵਾਰ ਪੂੰਜੀਵਾਦੀ ਮੁੜ-ਪੈਦਾਵਾਰ ਦਾ ਖਾਸਾ ਹੈ। ਵਿਸਤਰਿਤ ਮੁੜ-ਪੈਦਾਵਾਰ ਜਾਰੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਪੂੰਜੀਪਤੀ ਹੜੱਪੀ ਹੋਈ ਸਮੁੱਚੀ ਵਾਫ਼ਰ ਕਦਰ ਦਾ ਉਪਭੋਗ ਨਾ ਕਰੇ। ਉਸਨੂੰ ਪੈਦਾਵਾਰ ਦੇ ਪੈਮਾਨੇ ਨੂੰ ਉੱਚਾ ਚੁੱਕਣ ਲਈ ਲਗਾਤਾਰ ਵਾਫ਼ਰ ਕਦਰ ਦੇ ਇੱਕ ਹਿੱਸੇ ਨੂੰ ਪੂੰਜੀ ਵਿੱਚ ਬਦਲਦੇ ਰਹਿਣਾ ਚਾਹੀਦਾ ਹੈ ਅਤੇ ਅਜਿਹਾ ਕਰਨ ਲਈ ਪੂੰਜੀਪਤੀ ਨੂੰ ਲਾਜ਼ਮੀ ਹੀ ਇਸ ਨਵੀਂ ਪੈਦਾ ਹੋਈ ਪੂੰਜੀ ਦੇ ਇੱਕ ਹਿੱਸੇ ਨੂੰ ਸਥਿਰ ਪੂੰਜੀ ਦੇ ਰੂਪ ਵਿੱਚ ਵਰਤਣਾ ਚਾਹੀਦਾ ਹੈ ਜਿਸ ਨਾਲ ਵਿਸਤਰਿਤ ਮੁੜ-ਪੈਦਾਵਾਰ ਲਈ ਲੋੜੀਂਦੀ ਮਸ਼ੀਨਰੀ ਅਤੇ ਕੱਚਾ ਮਾਲ ਖਰੀਦਿਆ ਜਾ ਸਕੇ। ਬਾਕੀ ਬਚਦੀ ਨਵੀਂ ਪੂੰਜੀ ਨੂੰ ਹੋਰ ਵਧੇਰੇ ਮਜ਼ਦੂਰਾਂ ਨੂੰ (ਵਧੀ ਹੋਈ ਲੋੜ ਦੇ ਸਨਮੁੱਖ-ਅਨੁਵਾਦਕ) ਭਾੜੇ 'ਤੇ ਲੈਣ ਲਈ ਬਦਲਵੀਂ ਪੂੰਜੀ ਵਿੱਚ ਬਦਲਿਆ ਜਾਂਦਾ ਹੈ। ਇਸ ਲਈ, ਪੂੰਜੀਵਾਦੀ ਵਿਸਤਰਿਤ ਮੁੜ-ਪੈਦਾਵਾਰ ਨੂੰ ਚਲਦਾ ਰੱਖਣ ਲਈ ਪਹਿਲੇ ਵਰਗ ਦੇ ਸਮੁੱਚੇ ਸਲਾਨਾ ਉਤਪਾਦਾਂ ਨੂੰ, ਪਹਿਲੇ ਅਤੇ ਦੂਸਰੇ ਵਰਗਾਂ ਵਿੱਚ ਇੱਕ ਸਾਲ ਵਿੱਚ ਖਪਤ ਹੋ ਚੁੱਕੇ ਪੈਦਾਵਾਰ ਦੇ ਸਾਧਨਾਂ ਦੀ ਘਾਟਾ ਪੂਰਤੀ ਕਰ ਸਕਣ ਦੇ ਸਮਰੱਥ ਹੋਣ ਤੋਂ ਇਲਾਵਾ ਪੈਦਾਵਾਰ ਦੇ ਹੋਰ ਵਧੇਰੇ ਸਾਧਨ ਮੁਹੱਈਆ ਕਰਾਉਣ ਦੇ ਸਮਰੱਥ ਵੀ ਹੋਣਾ ਚਾਹੀਦਾ ਹੈ। ਇਸ ਸਥਿਤੀ ਨੂੰ ਇਸ ਤਰਾਂ ਦਰਸਾਇਆ ਜਾ ਸਕਦਾ ਹੈ: I(ਸੀ+ਵੀ+ਐਮ) > I ਸੀ + II ਸੀ *। ਗੈਰ ਬਰਾਬਰੀ ਦੇ ਚਿੰਨ ਦੇ ਦੋਵੇਂ ਪਾਸੇ I ਸੀ ਮੌਜੂਦ ਹੈ, ਇਸ ਤੋਂ ਪਤਾ ਚਲਦਾ ਹੈ ਕਿ ਪਹਿਲੇ ਵਰਗ ਵਿੱਚ ਖਪਤ ਹੋ ਚੁੱਕੇ ਪੈਦਾਵਾਰ ਦੇ ਸਾਧਨਾਂ ਦੀ ਘਾਟਾ ਪੂਰਤੀ ਉਸੇ ਵਰਗ ਦੇ ਅੰਦਰੋਂ ਹੀ ਹੋ ਸਕਦੀ ਹੈ। ਜੇ ਅਸੀਂ ਅੰਦਰੋ ਅੰਦਰੀ ਹੋਣ ਵਾਲੀ ਇਸ ਘਾਟਾ ਪੂਰਤੀ ਨੂੰ ਛੱਡ ਦੇਈਏ ਅਤੇ ਪਹਿਲੇ ਅਤੇ ਦੂਸਰੇ ਵਰਗਾਂ ਦੇ ਆਪਸੀ ਸਬੰਧ ਉੱਪਰ ਕੇਂਦਰਿਤ ਹੋ ਜਾਈਏ ਤਾਂ

ਉਪਰੋਕਤ ਸੂਤਰ ਨੂੰ ਇਸ ਤਰਾਂ ਵੀ ਦਰਸਾਇਆ ਜਾ ਸਕਦਾ ਹੈ : I (ਵੀ+ਐਮ) > II ਸੀ। ਕਹਿਣ ਦਾ ਭਾਵ ਹੈ ਕਿ ਪਹਿਲੇ ਵਰਗ ਦੀ ਬਦਲਵੀਂ ਪੂੰਜੀ ਅਤੇ ਵਾਫ਼ਰ ਕਦਰ ਦਾ ਜੋੜ ਦੂਸਰੇ ਵਰਗ ਦੀ ਸਥਿਰ ਪੂੰਜੀ ਤੋਂ ਵੱਧ ਹੋਣਾ ਚਾਹੀਦਾ ਹੈ। ਇਹੋ ਪੂੰਜੀਵਾਦੀ ਵਿਸਤਰਿਤ ਮੁੜ–ਪੈਦਾਵਾਰ ਦੀ ਇੱਕ ਪੂਰਵ–ਸ਼ਰਤ ਹੈ।

ਅਗਲੀ ਸਾਰਣੀ ਇਹ ਦਿਖਾਉਣ ਲਈ ਹੈ ਕਿ ਪੂੰਜੀਵਾਦੀ ਵਿਸਤਰਿਤ ਮੁੜ–ਪੈਦਾਵਾਰ ਦੇ ਤਹਿਤ ਕੁੱਲ ਸਮਾਜਿਕ ਉਤਪਾਦ ਨੂੰ ਕਿਵੇਂ ਸਾਕਾਰਿਆ ਜਾਂਦਾ ਹੈ:

I. 4000ਸੀ + 1000ਵੀ + 1000ਐਮ = 6000

II. 1500ਸੀ + 750ਵੀ + 750ਐਮ = 3000

ਇਹ ਪਹਿਲੇ ਸਾਲ ਲਈ ਪੈਦਾਵਾਰ ਦੇ ਖਿਆਲੀ ਅੰਕੜੇ ਹਨ ਜੋ I (ਸੀ+ਵੀ+ਐਮ) > I ਸੀ + II ਸੀ ਜਾਂ I (ਵੀ+ਐਮ) > II ਸੀ ਦੇ ਅਨੁਰੂਪ ਹਨ। ਹੁਣ ਕਿਉਂਕਿ ਪੂੰਜੀਪਤੀ ਮੁੜ–ਪੈਦਾਵਾਰ ਨੂੰ ਵਿਸਤਾਰਣਾ ਚਾਹੁੰਦਾ ਹੈ ਇਸ ਲਈ ਉਹ ਹੜੱਪੀ ਗਈ ਸਮੁੱਚੀ ਵਾਫ਼ਰ ਕਦਰ ਨੂੰ ਆਪਣੇ ਹੀ ਉਪਭੋਗ 'ਤੇ ਖਰਚ ਨਹੀਂ ਕਰ ਸਕਦਾ। ਮੰਨ ਲਓ ਕਿ ਪਹਿਲੇ ਵਰਗ ਦਾ ਪੂੰਜੀਪਤੀ 1000 ਐਮ ਦੀ ਹੜੱਪੀ ਗਈ ਵਾਫ਼ਰ ਕਦਰ 'ਚੋਂ ਅੱਧੀ ਰਕਮ ਆਪਣੇ ਉਪਭੋਗ 'ਤੇ ਖਰਚ ਕਰਦਾ ਹੈ ਤੇ ਬਾਕੀ ਦੀ ਅੱਧੀ ਨੂੰ ਪੂੰਜੀ ਦੀ ਅਰੰਭਕ ਅੰਦਰੂਨੀ ਬਣਤਰ ਦੇ ਅਨੁਪਾਤ ਭਾਵ 4:1 (4000ਸੀ+1000ਵੀ) ਅਨੁਸਾਰ ਵਧੀ ਹੋਈ ਪੂੰਜੀ ਵਿੱਚ ਸ਼ਾਮਲ ਕਰ ਲੈਂਦਾ ਹੈ। ਹੁਣ 1000ਐਮ ਵਾਫ਼ਰ ਕਦਰ ਦਾ ਬਟਵਾਰਾ ਇਸ ਤਰਾਂ ਹੋਵੇਗਾ:



ਅਸੀਂ ਜਾਣਦੇ ਹਾਂ ਕਿ ਪਹਿਲੇ ਵਰਗ ਵਿੱਚ 400 ਦਾ ਵਾਧੂ ਸਥਿਰ ਪੂੰਜੀ ਪੈਦਾਵਾਰ ਦੇ ਸਾਧਨ ਖਰੀਦਣ ਉੱਪਰ ਖਰਚ ਹੁੰਦਾ ਹੈ। ਇਸ ਦੇ ਭੌਤਿਕ ਰੂਪ ਵੀ ਪੈਦਾਵਾਰ ਦੇ ਸਾਧਨ ਹੀ ਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਪਹਿਲੇ ਵਰਗ ਦੇ ਅੰਦਰੋ–ਅੰਦਰੀ ਹੋਣ ਵਾਲੇ ਵਟਾਂਦਰਿਆਂ ਦੇ ਜ਼ਰੀਏ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਦੂਜੇ ਪਾਸੇ ਪਹਿਲੇ ਵਰਗ ਵਿੱਚ 100 ਦੀ ਵਾਧੂ ਬਦਲਵੀਂ ਪੂੰਜੀ ਹੋਰ ਮਜ਼ਦੂਰਾਂ ਨੂੰ ਭਾੜੇ 'ਤੇ ਲੈਣ ਲਈ ਖਰਚ ਹੁੰਦਾ ਹੈ। ਇਸ ਲਈ ਉਪਭੋਗ ਦੇ ਸਾਧਨ ਪ੍ਰਾਪਤ ਕਰਨ ਲਈ ਇਸਦਾ ਦੂਸਰੇ ਵਰਗ ਦੇ ਉਤਪਾਦਾਂ ਨਾਲ ਵਟਾਂਦਰਾ ਹੋਣਾ ਲਾਜ਼ਮੀ ਹੈ।

ਕਿਉਂਕਿ ਪਹਿਲੇ ਵਰਗ ਵਿੱਚ 100 ਦੇ ਵਾਧੂ ਬਦਲਵੀਂ ਪੂੰਜੀ ਦਾ ਭੌਤਿਕ ਰੂਪ ਪੈਦਾਵਾਰ ਦੇ ਸਾਧਨ ਹੁੰਦੇ ਹਨ ਅਤੇ ਉਪਭੋਗ ਦੇ ਸਾਧਨ ਹਾਸਲ ਕਰਨ ਵਾਸਤੇ ਇਨ੍ਹਾਂ ਦਾ

ਦੂਸਰੇ ਵਰਗ ਦੇ ਉਤਪਾਦਾਂ ਨਾਲ ਵਟਾਂਦਰਾ ਹੋਣਾ ਲਾਜ਼ਮੀ ਹੈ— ਇਹ ਸਥਿਤੀ ਦੂਸਰੇ ਵਰਗ ਵਿੱਚ ਵਿਸਤਰਿਤ ਮੁੜ–ਪੈਦਾਵਾਰ ਦੀਆਂ ਹਾਲਤਾਂ ਨੂੰ ਜਨਮ ਦਿੰਦੀ ਹੈ। ਪਰ ਇਸ ਤਰ੍ਹਾਂ ਹੋਣ ਲਈ ਇਹ ਵੀ ਜ਼ਰੂਰੀ ਹੈ ਕਿ ਦੂਸਰਾ ਵਰਗ ਵੀ ਵਿਸਤਰਿਤ ਮੁੜ–ਪੈਦਾਵਾਰ ਲਈ, ਦੋਵੇਂ ਵਰਗਾਂ ਵਿੱਚ ਵਿਸਤਰਿਤ ਮੁੜ–ਪੈਦਾਵਾਰ ਦੇ ਸਿੱਟੇ ਵਜੋਂ ਉਪਭੋਗ ਦੇ ਸਾਧਨਾਂ ਦੀ ਵਧੀ ਹੋਈ ਮੰਗ ਦੇ ਸਮਸੁਰ, ਆਪਣਾ ਪੂੰਜੀ ਸੰਗ੍ਰਹਿ ਕਰਨਾ ਜ਼ਾਰੀ ਰੱਖੇ।

ਮੰਨ ਲਓ ਕਿ ਦੂਸਰੇ ਵਰਗ ਦਾ ਪੂੰਜੀਪਤੀ ਆਪਣੀ ਸਥਿਰ ਪੂੰਜੀ ਵਿੱਚ ਵਾਧੇ ਲਈ ਆਪਣੇ ਕੋਲ ਰੱਖੀ ਵਾਫ਼ਰ ਕਦਰ ਦੇ ਇੱਕ ਹਿੱਸੇ (100ਐਮ) ਦਾ ਪਹਿਲੇ ਵਰਗ ਵੱਲੋਂ ਉਤਪਾਦਿਤ ਪੈਦਾਵਾਰ ਦੇ ਸਾਧਨਾਂ ਨਾਲ ਵਟਾਂਦਰਾ ਕਰਦਾ ਹੈ ਅਤੇ 50ਐਮ ਨੂੰ ਵਧੀ ਹੋਈ ਬਦਲਵੀਂ ਪੂੰਜੀ ਵਜੋਂ ਵਰਤਦਾ ਹੈ ਤਾਂ ਜੋ ਦੂਸਰੇ ਵਰਗ ਦੀ ਸ਼ੁਰੂਆਤੀ ਪੂੰਜੀ ਦੀ ਅੰਦਰੂਨੀ ਬਣਤਰ ਨਾਲ ਅਨੁਰੂਪਤਾ 2:1 (1500ਸੀ:750ਵੀ) ਕਾਇਮ ਰੱਖੀ ਜਾ ਸਕੇ। ਹੁਣ 750ਐਮ ਹੇਠ ਲਿਖੇ ਅਨੁਸਾਰ ਵੰਡੇ ਜਾਣਗੇ:



ਉਪਰੋਕਤ ਪੂੰਜੀ ਸੰਗ੍ਰਹਿ ਦੇ ਜ਼ਰੀਏ, ਦੋਵੇਂ ਵਰਗਾਂ ਦੇ ਉਤਪਾਦਾਂ ਦੀ ਮੁੜ–ਤਰਤੀਬ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ:

I. (4000ਸੀ + 400ਸੀ) + (1000ਵੀ + 100ਵੀ) + 500ਐਮ = 6000

II. (1500ਸੀ + 100ਸੀ) + (750ਵੀ + 50ਵੀ) + 600ਐਮ = 3000

ਇਸ ਪ੍ਰਕਾਰ ਦੋਵੇਂ ਵਰਗਾਂ ਦਾ ਸਰਮਾਇਆ, ਸ਼ੁਰੂ ਵਿੱਚ ਨਿਵੇਸ਼ ਕੀਤੇ ਸਰਮਾਏ ਨਾਲੋਂ ਵੱਧ ਹੈ ਅਤੇ ਇਸ ਨਾਲ ਦੋਵੇਂ ਵਰਗਾਂ ਵਿੱਚ ਅਗਲੇ ਸਾਲ ਲਈ ਵਿਸਤਰਿਤ ਮੁੜ–ਪੈਦਾਵਾਰ ਲਈ ਲੋੜੀਂਦੀਆਂ ਹਾਲਤਾਂ ਦੀ ਜ਼ਾਮਨੀ ਹੋ ਗਈ ਹੈ।

ਪਰ ਫਿਰ, ਵਿਸਤਰਿਤ ਮੁੜ–ਪੈਦਾਵਾਰ ਦੀਆਂ ਹਾਲਤਾਂ ਦੇ ਤਹਿਤ ਦੋਵੇਂ ਵਰਗਾਂ ਦੇ ਉਤਪਾਦਾਂ ਨੂੰ ਕਿਵੇਂ ਸਾਕਾਰਿਆ ਜਾਂਦਾ ਹੈ ?

ਵਿਸਤਰਿਤ ਮੁੜ ਪੈਦਾਵਾਰ ਦੀਆਂ ਹਾਲਤਾਂ ਦੇ ਤਹਿਤ ਸਮਾਜਿਕ ਪੈਦਾਵਾਰ ਨੂੰ ਸਾਕਾਰਨ ਦੇ, ਸਧਾਰਨ ਮੁੜ ਪੈਦਾਵਾਰ ਦੀਆਂ ਪ੍ਰਸਥਿਤੀਆਂ ਤਹਿਤ ਇਸਨੂੰ ਸਾਕਾਰਨ ਵਾਂਗ ਹੀ, ਤਿੰਨ ਪੱਖ ਹੁੰਦੇ ਹਨ: ਪਹਿਲੇ ਵਰਗ ਵਿੱਚ ਅੰਦਰੂਨੀ ਵਟਾਂਦਰਾ, ਦੂਸਰੇ ਵਰਗ

ਵਿੱਚ ਅੰਦਰੂਨੀ ਵਟਾਂਦਰਾ ਅਤੇ ਦੋਵਾਂ ਵਰਗਾਂ ਦਰਮਿਆਨ ਆਪਸੀ ਵਟਾਂਦਰਾ। ਇਸਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ:

I. (4000ਸੀ + 400ਸੀ) + (1000ਵੀ + 100ਵੀ) + 500ਐਮ = 6000

II. (1500ਸੀ + 100ਸੀ) + (750ਵੀ + 50ਵੀ) + 600ਐਮ = 3000

ਉਪਰੋਕਤ ਵਟਾਂਦਰਿਆਂ ਦੇ ਜ਼ਰੀਏ ਹਰ ਇੱਕ ਵਰਗ ਦੀ ਪੂੰਜੀ ਸ਼ੁਰੂ ਵਿੱਚ ਨਿਵੇਸ਼ ਕੀਤੇ ਸਰਮਾਏ ਨਾਲੋਂ ਵਧ ਜਾਂਦੀ ਹੈ। ਦੂਸਰੇ ਸਾਲ, ਸਰਮਾਏ ਦੀ ਬਣਤਰ ਹੇਠ ਲਿਖੇ ਅਨੁਸਾਰ ਹੋ ਜਾਂਦੀ ਹੈ —

I. 4400ਸੀ + 1100ਵੀ = 5500

II. 1600ਸੀ + 800ਵੀ = 2400

ਜੇ ਲੁੱਟ ਦੀ ਦਰ ਅਗਲੇ ਸਾਲ ਵੀ ਉਹੀ ਭਾਵ 100 % ਰਹਿੰਦੀ ਹੈ, ਤਾਂ ਫਿਰ ਦੋਵੇਂ ਵਰਗਾਂ ਦੀ ਅਗਲੇ ਸਾਲ ਦੀ ਪੈਦਾਵਾਰ ਹੇਠ ਲਿਖੇ ਅਨੁਸਾਰ ਹੋਏਗੀ

I. 4400ਸੀ + 1100ਵੀ + 1100ਐਮ = 6600

II. 1600ਸੀ + 800ਵੀ + 800ਐਮ = 3200

ਇਹ ਪਿਛਲੇ ਸਾਲ ਦੀ ਤੁਲਨਾ ਵਿੱਚ ਵਿਸਤਰਿਤ ਮੁੜ-ਪੈਦਾਵਾਰ ਹੈ।

ਪੂੰਜੀਵਾਦੀ ਮੁੜ-ਪੈਦਾਵਾਰ ਦੀਆਂ ਵਿਰੋਧਤਾਈਆਂ ਦੁਸ਼ਮਣਾਨਾ ਹੁੰਦੀਆਂ ਹਨ

ਉਪਰੋਕਤ ਵਿਸ਼ਲੇਸ਼ਣ ਤੋਂ ਅਸੀਂ ਸਧਾਰਨ ਮੁੜ-ਪੈਦਾਵਾਰ ਅਤੇ ਵਿਸਤਰਿਤ ਮੁੜ-ਪੈਦਾਵਾਰ ਦੇ ਤਹਿਤ ਸਮਾਜਿਕ ਪੈਦਾਵਾਰ ਨੂੰ ਸਾਕਾਰਨ ਲਈ ਲੋੜੀਂਦੀਆਂ ਪ੍ਰਸਥਿਤੀਆਂ ਬਾਰੇ ਜਾਣਿਆ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਇਹ ਪ੍ਰਸਥਿਤੀਆਂ ਪੂੰਜੀਵਾਦੀ ਸਮਾਜ ਅੰਦਰ ਹਰ ਸਮੇਂ ਮੌਜੂਦ ਹੀ ਰਹਿੰਦੀਆਂ ਹਨ। ਅਸਲ ਵਿੱਚ, ਪੂੰਜੀਵਾਦੀ ਸਮਾਜ ਅੰਦਰ ਇੰਨ੍ਹਾਂ ਪ੍ਰਸਥਿਤੀਆਂ ਦੀ ਵਾਰ-ਵਾਰ ਉਲੰਘਣਾ ਹੁੰਦੀ ਹੈ। ਬਿਲਕੁਲ ਉਵੇਂ, ਜਿਵੇਂ ਲੈਨਿਨ ਕਹਿੰਦੇ ਹਨ, *"ਉਤਪਾਦਾਂ ਨੂੰ ਸਾਕਾਰਨ ਦਾ ਅਮੂਰਤ ਸਿਧਾਂਤ ਇਹ ਮੰਨ ਕੇ ਚਲਦਾ ਹੈ, ਜੋ ਇਸਨੂੰ ਮੰਨ ਕੇ ਚੱਲਣਾ ਵੀ ਚਾਹੀਦਾ ਹੈ ਕਿ ਪੂੰਜੀਵਾਦੀ ਪੈਦਾਵਾਰ ਦੇ ਵਿਭਿੰਨ ਵਿਭਾਗਾਂ ਵਿਚਕਾਰ ਉਤਪਾਦਾਂ ਦਾ ਸਮਤੋਲਵਾਂ ਬਟਵਾਰਾ ਹੁੰਦਾ ਹੈ।"*(4) ਇਹ ਇਸ ਕਰਕੇ ਹੁੰਦਾ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਪੈਦਾਵਾਰ ਦੇ ਸਾਧਨਾਂ ਅਤੇ ਉਤਪਾਦਾਂ ਉੱਪਰ ਪੂੰਜੀਪਤੀਆਂ ਦੀ ਨਿੱਜੀ ਮਾਲਕੀ ਹੁੰਦੀ ਹੈ ਅਤੇ ਸਮੁੱਚੀ ਸਮਾਜਿਕ ਪੈਦਾਵਾਰ ਆਪਸੀ ਮੁਕਾਬਲੇ ਅਤੇ ਪੈਦਾਵਾਰ ਦੀ ਹਨੇਰਗਰਦੀ ਰਾਹੀਂ ਨਿਯੰਤਰਿਤ ਹੁੰਦੀ ਹੈ। ਇਸ ਤਰ੍ਹਾਂ ਦੋਵੇਂ ਵਰਗਾਂ ਦਰਮਿਆਨ ਅਤੇ ਹਰ ਇੱਕ ਵਰਗ ਦੇ ਅੰਦਰ ਵੀ ਵਿਭਿੰਨ ਪੈਦਾਵਾਰੀ ਵਿਭਾਗਾਂ ਦੇ ਆਪਸੀ ਸਮਤੋਲਵੇਂ ਸਬੰਧ ਦੀ ਵਾਰ-ਵਾਰ ਅਵੱਗਿਆ ਹੁੰਦੀ ਰਹਿੰਦੀ ਹੈ। ਪੂੰਜੀਵਾਦੀ ਸਮਾਜ ਵਿੱਚ ਪੈਦਾਵਾਰੀ ਤਾਕਤਾਂ ਵਿੱਚ ਬੇਹੱਦ ਵਾਧਾ ਅਤੇ ਇਸਦੀ ਤੁਲਨਾ ਵਿੱਚ ਕਿਰਤੀ ਲੋਕਾਂ

ਵੱਲੋਂ ਅਸਰਦਾਰ ਮੰਗ ਵਿੱਚ ਕਮੀ ਦੇ ਕਾਰਨ ਪੈਦਾ ਹੋਈਆਂ ਦੁਸ਼ਮਾਣਾਨਾ ਵਿਰੋਧਤਾਈਆਂ ਦੇ ਚਲਦੇ ਦੋਵੇਂ ਵਰਗਾਂ (ਪੈਦਾਵਾਰ ਦੇ ਸਾਧਨ ਬਣਾਉਣ ਵਾਲੇ ਅਤੇ ਉਪਭੋਗ ਦੇ ਸਾਧਨ ਬਣਾਉਣ ਵਾਲੇ) ਵਿਚਕਾਰ ਲੋੜੀਂਦੇ ਸਮਤੋਲਵੇਂ ਸਬੰਧ ਨੂੰ ਹਮੇਸ਼ਾਂ ਕਾਇਮ ਨਹੀਂ ਰੱਖਿਆ ਜਾ ਸਕਦਾ। ਇਸ ਲਈ ਪੂੰਜੀਵਾਦੀ ਮੁੜ-ਪੈਦਾਵਾਰ ਹਰ ਕਿਸਮ ਦੀਆਂ ਪ੍ਰੇਸ਼ਾਨੀਆਂ ਅਤੇ ਦਿੱਕਤਾਂ ਦਾ ਸਾਹਮਣਾ ਕਰਨ ਤੋਂ ਬਚ ਨਹੀਂ ਸਕਦੀ।

ਪੂੰਜੀਵਾਦੀ ਮੁੜ-ਪੈਦਾਵਾਰ ਦੀ ਪ੍ਰਕਿਰਿਆ ਵਿੱਚ ਵਿਰੋਧਤਾਈਆਂ ਦੀ ਇੱਕ ਪੂਰੀ ਲੜੀ ਮੌਜੂਦ ਰਹਿੰਦੀ ਹੈ। ਇਹੀ ਵਿਰੋਧਤਾਈਆਂ ਵਿਕਸਿਤ ਹੋ ਕੇ ਅਟੱਲ ਰੂਪ ਵਿੱਚ ਆਰਥਿਕ ਸੰਕਟਾਂ ਨੂੰ ਜਨਮ ਦਿੰਦੀਆਂ ਹਨ।

ਪ੍ਰਮੁੱਖ ਅਧਿਐਨ ਸਮੱਗਰੀ:

ਮਾਰਕਸ, ਪੂੰਜੀ, ਸੈਂਚੀ ਦੂਜੀ, ਪਾਠ 1,2,3,7,8,20 ਅਤੇ 21

ਲੈਨਿਨ," ਬਾਜ਼ਾਰ ਦੀ ਅਖੌਤੀ ਸਮੱਸਿਆ ਬਾਰੇ, ਲੈਨਿਨ ਦੀਆਂ ਸਮੁੱਚੀਆਂ ਰਚਨਾਵਾਂ- ਸੈਂਚੀ ਪਹਿਲੀ

ਪੜਚੋਲ ਲਈ ਪ੍ਰਸ਼ਨ:

(1) ਪੂੰਜੀਪਤੀ, ਪੂੰਜੀ ਦੇ ਪਰਿਚਲਣ ਅਤੇ ਇਸਦੇ ਕਾਰੋਬਾਰ ਰਾਹੀਂ ਵਧੇਰੇ ਵਾਫ਼ਰ ਕਦਰ ਕਿਵੇਂ ਨਿਚੋੜਦਾ ਹੈ ?

(2) ਪੂੰਜੀਵਾਦੀ ਮੁੜ-ਪੈਦਾਵਾਰ ਦੇ ਸਾਕਾਰਨ ਵਾਸਤੇ ਕਿਹੜੀਆਂ ਹਾਲਤਾਂ ਲੋੜੀਂਦੀਆਂ ਹਨ ? ਕੀ ਇਹ ਹਾਲਤਾਂ ਪੂੰਜੀਵਾਦੀ ਸਮਾਜ ਅੰਦਰ ਹਮੇਸ਼ਾਂ ਮੌਜੂਦ ਰਹਿੰਦੀਆਂ ਹਨ ? ਕਿਉਂ ?

ਨੋਟਸ :

1. ਮਾਰਕਸ, ਪੂੰਜੀ, ਸੈਂਚੀ ਦੂਜੀ, ਮਾਰਕਸ-ਏਂਗਲਜ਼ ਦੀਆਂ ਸਮੁੱਚੀਆਂ ਕਿਰਤਾਂ, ਸੈਂਚੀ 24, ਪੰਨਾ 174

2. ਰੂਸ ਵਿੱਚ ਪੂੰਜੀਵਾਦ ਦਾ ਵਿਕਾਸ, " ਲੈਨਿਨ ਦੀਆਂ ਸਮੁੱਚੀਆਂ ਕਿਰਤਾਂ, ਸੈਂਚੀ ਤੀਜੀ, ਪੰਨਾ 31

3. ਮਾਰਕਸ, ਪੂੰਜੀ, ਸੈਂਚੀ ਦੂਜੀ, ਮਾਰਕਸ-ਏਂਗਲਜ਼ ਦੀਆਂ ਸਮੁੱਚੀਆਂ ਲਿਖਤਾਂ ਸੈਂਚੀ 24 ਪੰਨਾ 473

4. ਦ ਥਿਉਰੀ ਆਫ ਰੀਅਲਾਈਜ਼ੇਸ਼ਨ ਵੰਸ ਅਗੇਨ, ਲੈਨਿਨ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ ਚੌਥੀ, ਪੰਨਾ 61

* * * * * * * * * * * *

7

ਸਮੁੱਚੀ ਬੁਰਜੂਆਜ਼ੀ ਮਜ਼ਦੂਰਾਂ ਨੂੰ ਲੁੱਟਦੀ ਅਤੇ ਜ਼ਬਰ ਢਾਹੁੰਦੀ ਹੈ

ਵਾਫ਼ਰ ਕਦਰ ਦੀ ਵੰਡ

ਪੂੰਜੀਵਾਦੀ ਸਮਾਜ ਵਿੱਚ ਮਜ਼ਦੂਰਾਂ ਦੀ ਲੁੱਟ ਅਤੇ ਦਾਬੇ ਦਾ ਕੰਮ ਸਿਰਫ ਉਹੋ ਪੂੰਜੀਪਤੀ ਹੀ ਨਹੀਂ ਕਰ ਰਿਹਾ ਹੁੰਦਾ ਜਿਸਦੇ ਕੋਲ਼ ਉਹ ਕੰਮ ਕਰਦਾ ਹੈ। ਉਦਯੋਗਿਕ ਪੂੰਜੀਪਤੀ, ਵਪਾਰੀ ਸ਼ਾਹੂਕਾਰ ਅਤੇ ਜਿਮੀਂਦਾਰ ਜਮਾਤ ਸਹਿਤ ਸਮੁੱਚੀ ਬੁਰਜੂਆਜ਼ੀ ਮਿਲ ਕੇ ਉਸਨੂੰ ਲੁੱਟਦੀ ਹੈ। ਉਦਯੋਗਿਕ ਮੁਨਾਫਾ, ਵਪਾਰਕ ਮੁਨਾਫਾ, ਬੈਂਕਿੰਗ ਮੁਨਾਫਾ, ਵਿਆਜ ਅਤੇ ਜਮੀਨ ਦਾ ਠੇਕਾ ਇਹ ਸਭ ਮਜ਼ਦੂਰ ਦੀ ਕਿਰਤ ਰਾਹੀਂ ਹੀ ਹਥਿਆਏ ਜਾਂਦੇ ਹਨ ਅਤੇ ਇਹ ਕਦਰ ਦਾ ਹੀ ਬਦਲਿਆ ਹੋਇਆ ਰੂਪ ਹੁੰਦੇ ਹਨ। ਤਾਂ ਫਿਰ, ਵੱਖੋ-ਵੱਖਰੇ ਲੁਟੇਰੇ ਗੁੱਟਾਂ ਦੇ ਵਿਚਕਾਰ ਇਸ ਵਾਫ਼ਰ ਕਦਰ ਦਾ ਵਟਵਾਰਾ ਕਿਵੇਂ ਹੁੰਦਾ ਹੈ? ਵਾਫ਼ਰ ਕਦਰ ਮੁਨਾਫੇ, ਵਿਆਜ , ਭੌਂ ਲਗਾਨ ਅਤੇ ਹੋਰ ਠੋਸ ਰੂਪਾਂ ਵਿੱਚ ਕਿਵੇਂ ਬਦਲੀ ਜਾਂਦੀ ਹੈ? ਅਸੀਂ ਇਸ ਪਾਠ ਵਿੱਚ ਇੰਨ੍ਹਾਂ ਹੀ ਸੁਆਲਾਂ 'ਤੇ ਵਿਚਾਰ ਚਰਚਾ ਕਰਾਂਗੇ।

ਸੱਨਅਤੀ ਪੂੰਜੀਪਤੀਆਂ ਵਿਚਕਾਰ ਮੁਕਾਬਲਾ ਮੁਨਾਫੇ ਦੀ ਦਰ ਨੂੰ ਸਮਰੂਪ ਬਣਾਉਂਦਾ ਹੈ

ਮੁਨਾਫਾ, ਵਾਫ਼ਰ ਕਦਰ ਦਾ ਹੀ ਬਦਲਿਆ ਹੋਇਆ ਰੂਪ ਹੈ

ਵਾਫ਼ਰ ਕਦਰ ਲਈ ਪੂੰਜੀਪਤੀ ਦੀ ਅਬੁਝ ਪਿਆਸ ਉਸਦਾ ਸੁਭਾਅ ਹੈ। ਪੂੰਜੀਪਤੀ ਮਜ਼ਦੂਰ ਦੀ ਵਾਫ਼ਰ ਕਿਰਤ ਦੁਆਰਾ ਸਿਰਜਿਤ ਵਾਫ਼ਰ ਕਦਰ ਨੂੰ ਲੁੱਟਦਾ ਹੈ। ਪਰ, ਇਹ ਪੂੰਜੀਪਤੀ ਦੇ ਮੁਨਾਫੇ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਤਾਂ ਫਿਰ ਮੁਨਾਫੇ ਅਤੇ ਵਾਫ਼ਰ ਕਦਰ ਵਿੱਚ ਕੀ ਫਰਕ ਹੋਇਆ, ਫਿਰ ਇਹਨਾਂ ਦਾ ਆਪਸੀ ਸਬੰਧ ਕੀ ਹੈ?

ਅਸੀਂ ਜਾਣਦੇ ਹਾਂ ਕਿ ਮਜ਼ਦੂਰ ਦੁਆਰਾ ਸਿਰਜ਼ਿਤ ਵਾਫ਼ਰ ਕਦਰ ਨੂੰ ਹੜੱਪਣ ਲਈ ਪੂੰਜੀਪਤੀ ਨੂੰ ਕੁੱਝ ਪੂੰਜੀ ਨਿਵੇਸ਼ ਕਰਨਾ ਪੈਂਦਾ ਹੈ। ਇਸ ਪੂੰਜੀ ਦਾ ਇੱਕ ਹਿੱਸਾ ਪੈਦਾਵਾਰ

ਦੇ ਸਾਧਨ ਖਰੀਦਣ ਲਈ ਅਤੇ ਬਾਕੀ ਬਚਦਾ ਕਿਰਤ ਸ਼ਕਤੀ ਖਰੀਦਣ ਲਈ ਵਰਤਿਆ ਜਾਂਦਾ ਹੈ। ਚੌਥੇ ਪਾਠ ਵਿੱਚ ਇਹ ਦੱਸਿਆ ਗਿਆ ਸੀ ਕਿ ਪੂੰਜੀ ਦਾ ਉਹ ਹਿੱਸਾ ਜੋ ਪੈਦਾਵਾਰ ਦੇ ਸਾਧਨ ਖਰੀਦਣ ਵਿੱਚ ਖਰਚ ਹੁੰਦਾ ਹੈ ਅਤੇ ਜਿਸਦੀ ਕਦਰ ਪੈਦਾਵਾਰੀ ਪ੍ਰਕਿਰਿਆ ਦੌਰਾਨ ਅਬਦਲ ਰਹਿੰਦੀ ਹੈ, ਸਥਿਰ ਪੂੰਜੀ ਅਖਵਾਉਂਦਾ ਹੈ ਅਤੇ ਕਿਰਤ ਸ਼ਕਤੀ ਖਰੀਦਣ ਲਈ ਵਰਤਿਆ ਹਿੱਸਾ ਬਦਲਵੀਂ ਪੂੰਜੀ ਅਖਵਾਉਂਦਾ ਹੈ, ਕਿਉਂਕਿ ਪੈਦਾਵਾਰੀ ਪ੍ਰਕਿਰਿਆ ਦੌਰਾਨ ਇਸਦੀ ਕਦਰ ਵਿੱਚ ਵਾਧਾ ਹੁੰਦਾ ਹੈ ਅਤੇ ਇਸੇ ਤੋਂ ਪੂੰਜੀਪਤੀ ਨੂੰ ਵਾਫ਼ਰ ਕਦਰ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ,ਵਾਫ਼ਰ ਕਦਰ ਮਜ਼ਦੂਰ ਵੱਲੋਂ ਹੀ ਸਿਰਜੀ ਜਾਂਦੀ ਹੈ ਜੋ ਅਸਥਿਰ ਸਰਮਾਏ ਦੀ ਉਪਜ ਹੁੰਦੀ ਹੈ। ਪਰ ਜਦੋਂ ਸਰਮਾਏਦਾਰ ਆਪਣੇ ਮੁਨਾਫੇ ਦੀ ਦਰ ਕੱਢਦਾ ਹੈ ਤਾਂ ਉਹ ਵਾਫ਼ਰ ਕਦਰ ਦੀ ਤੁਲਨਾ ਆਪਣੇ ਕੁੱਲ ਨਿਵੇਸ਼ ਕੀਤੇ ਪੂੰਜੀ (ਸਥਿਰ+ਬਦਲਵੀਂ) ਨਾਲ ਹੀ ਕਰਦਾ ਹੈ, ਜਿਵੇਂ ਕਿ ਵਾਫ਼ਰ ਕਦਰ ਸਮੁੱਚੀ ਪੂੰਜੀ ਦੀ ਪੈਦਾਵਾਰ ਹੋਵੇ। ਇਸ ਤਰਾਂ, *''ਵਾਫ਼ਰ ਕਦਰ ਕੁੱਲ ਸਰਮਾਏ ਦੇ ਬਦਲੇ ਮਿਲੇ ਇਨਾਮ ਦੇ ਰੂਪ ਵਿੱਚ ਮੰਨੇ ਜਾਣ ਨਾਲ, ਮੁਨਾਫੇ ਵਿੱਚ ਤਬਦੀਲ ਹੋ ਜਾਂਦੀ ਹੈ''।*[1]

ਜਿਸ ਤਰਾਂ ਵਾਫ਼ਰ ਕਦਰ ਮੁਨਾਫੇ ਵਿੱਚ ਬਦਲ ਜਾਂਦੀ ਹੈ, ਬਿਲਕੁਲ ਉਵੇਂ ਵਾਫ਼ਰ ਕਦਰ ਦੀ ਦਰ, ਮੁਨਾਫੇ ਦੀ ਦਰ ਵਿੱਚ ਬਦਲ ਜਾਂਦੀ ਹੈ, ਵਾਫ਼ਰ ਕਦਰ ਅਤੇ ਬਦਲਵੀਂ ਪੂੰਜੀ ਦਾ ਆਪਸੀ ਅਨੁਪਾਤ ਵਾਫ਼ਰ ਕਦਰ ਦੀ ਦਰ ਅਖਵਾਉਂਦਾ ਹੈ। ਇਸਦਾ ਸੂਤਰ ਹੈ:

$$\text{ਮੁਨਾਫੇ ਦੀ ਦਰ} = \frac{\text{ਵਾਫ਼ਰ ਕਦਰ}}{\text{ਬਦਲਵੀਂ ਪੂੰਜੀ}} = \frac{\text{ਐਮ}}{\text{ਵੀ}}$$

ਵਾਫ਼ਰ ਕਦਰ ਅਤੇ ਕੁੱਲ ਪੂੰਜੀ ਦਾ ਆਪਸੀ ਅਨੁਪਾਤ, ਮੁਨਾਫੇ ਦੀ ਦਰ ਹੁੰਦਾ ਹੈ। ਇਸ ਦਾ ਸੂਤਰ ਹੈ:

$$\text{ਮੁਨਾਫੇ ਦੀ ਦਰ} = \frac{\text{ਵਾਫ਼ਰ ਕਦਰ}}{\text{ਕੁੱਲ ਪੂੰਜੀ ਨਿਵੇਸ਼}} = \frac{\text{ਐਮ}}{\text{ਸੀ+ਵੀ}}$$

ਵਾਫ਼ਰ ਕਦਰ ਦੇ ਮੁਨਾਫੇ ਵਿੱਚ ਤਬਦੀਲ ਹੋ ਜਾਣ ਉਪਰੰਤ ਇਸਦਾ ਅਸਲੀ ਸ੍ਰੋਤ ਛੁਪ ਜਾਂਦਾ ਹੈ, ਸਥਿਰ ਪੂੰਜੀ ਵੀ ਵਾਧੂ ਕਦਰ ਉਪਜਾਉਂਦਾ ਪ੍ਰਤੀਤ ਹੋਣ ਲੱਗ ਜਾਂਦਾ ਹੈ ਅਤੇ ਵਾਫ਼ਰ ਕਦਰ ਦੀ ਦਰ ਦੇ ਮੁਨਾਫੇ ਦੀ ਦਰ ਵਿੱਚ ਤਬਦੀਲ ਹੋ ਜਾਣ ਉਪਰੰਤ ਪੂੰਜੀਪਤੀ ਵੱਲੋਂ ਮਜ਼ਦੂਰ ਦੀ ਲੁੱਟ ਦੀ ਤੀਬਰਤਾ ਲੁਕ ਜਾਂਦੀ ਹੈ। ਉਦਾਹਰਣ ਲਈ, ਇੱਕ ਪੂੰਜੀਪਤੀ10000 ਯੁਆਨ ਦਾ ਪੂੰਜੀ ਨਿਵੇਸ਼ ਕਰਦਾ ਹੈ। ਜਿਸ ਵਿੱਚ 8000 ਯੁਆਨ ਸਥਿਰ ਅਤੇ 2000 ਯੁਆਨ ਬਦਲਵੀਂ ਪੂੰਜੀ ਹੈ। ਇੱਕ ਸਾਲ ਵਿੱਚ 2000 ਯੁਆਨ ਵਾਫ਼ਰ ਕਦਰ ਹੜੱਪੀ ਜਾਂਦੀ ਹੈ ਤਾਂ ਹੁਣ ਵਾਫ਼ਰ ਕਦਰ ਹੜੱਪਣ ਦੀ ਦਰ ਹੋਈ 2000/2000=100%, ਪਰ ਮੁਨਾਫੇ ਦੀ ਦਰ ਹੋਏਗੀ 2000/8000+2000=20%, ਜੋ ਵਾਫ਼ਰ ਕਦਰ ਦੀ ਦਰ ਤੋਂ ਬਹੁਤ ਘੱਟ ਹੈ।

ਇਸ ਲਈ ਵਾਫ਼ਰ ਕਦਰ ਨੂੰ, ਕੁੱਲ ਪੂੰਜੀ ਨਿਵੇਸ਼ ਦੇ ਉਤਪਾਦ ਵਜੋਂ ਪੇਸ਼ ਕਰਨ ਪਿੱਛ ਪੂੰਜੀਪਤੀ ਦਾ ਮੰਤਵ, ਵਾਫ਼ਰ ਕਦਰ ਦੇ ਅਸਲੀ ਸ੍ਰੋਤ ਅਤੇ ਮਜ਼ਦੂਰ ਦੀ ਲੁੱਟ ਦੀ ਤੀਬਰਤਾ ਨੂੰ ਛੁਪਾਉਣਾ ਹੀ ਹੁੰਦਾ ਹੈ।

ਵੱਖੋ-ਵੱਖਰੇ ਖੇਤਰਾਂ ਦੇ ਪੂੰਜੀਪਤੀਆਂ ਵਿਚਕਾਰ ਆਪਸੀ ਮੁਕਾਬਲਾ ਮੁਨਾਫੇ ਵਿੱਚ ਸਮਰੂਪਤਾ ਲਿਆਉਂਦਾ ਹੈ

ਹੋਰ ਵੱਧ ਮੁਨਾਫਾ ਕਮਾਉਣ ਦੀ ਹੋੜ੍ਹ ਪੂੰਜੀਪਤੀ ਦਾ ਜਮਾਤੀ ਸੁਭਾਅ ਹੁੰਦਾ ਹੈ। ਉਸਦੀ ਹਮੇਸ਼ਾਂ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਘੱਟ ਤੋਂ ਘੱਟ ਪੂੰਜੀ ਲਗਾ ਕੇ ਵੱਧ ਤੋਂ ਵੱਧ ਮੁਨਾਫਾ ਬਟੋਰਿਆ ਜਾਵੇ। ਪੂੰਜੀਪਤੀ ਮਹਿਜ ਮਜ਼ਦੂਰਾਂ ਦੀ ਹੀ ਬੇਤਰਸ ਲੁੱਟ ਨਹੀਂ ਕਰਦੇ ਸਗੋਂ ਉਨਾਂ ਦਾ ਆਪਸ ਵਿੱਚ ਵੀ ਸਖ਼ਤ ਮੁਕਾਬਲਾ ਚਲਦਾ ਰਹਿੰਦਾ ਹੈ। ਇਹ ਮੁਕਾਬਲਾ ਇੱਕ ਹੀ ਖੇਤਰ ਦੇ ਅਲੱਗ-ਅਲੱਗ ਉੱਦਮਾਂ ਦਰਮਿਆਨ ਅਤੇ ਅਲੱਗ-ਅਲੱਗ ਖੇਤਰਾਂ ਦਰਮਿਆਨ, ਦੋਵੇਂ ਹੀ ਪੱਧਰਾਂ ’ਤੇ ਚਲਦਾ ਰਹਿੰਦਾ ਹੈ। ਇੱਕ ਹੀ ਖੇਤਰ ਦੇ ਅਲੱਗ-ਅਲੱਗ ਉਦਮਾਂ ਦਰਮਿਆਨ ਮੁਕਾਬਲੇ ਅੰਦਰ ਨਵੀਂਆਂ ਤਕਨੀਕਾਂ ਅਪਣਾਉਣ ਵਾਲੇ ਪੂੰਜੀਪਤੀ ਜ਼ਿਆਦਾ ਫਾਇਦੇ ਵਿੱਚ ਰਹਿੰਦੇ ਹਨ। ਉਨਾਂ ਦੇ ਉੱਦਮਾਂ ਅੰਦਰ ਕਿਰਤ ਦੀ ਉਤਪਾਦਿਕਤਾ ਉੱਚੀ ਹੁੰਦੀ ਹੈ ਅਤੇ ਵਿਅਕਤੀਗਤ ਕਿਰਤ ਸਮਾਂ, ਸਮਾਜਿਕ ਤੌਰ ’ਤੇ ਲੋੜੀਂਦੇ ਕਿਰਤ ਸਮੇਂ ਨਾਲੋਂ ਘੱਟ ਹੁੰਦਾ ਹੈ, ਜਿਸ ਦੇ ਸਿੱਟੇ ਵਜੋਂ ਵਧੇਰੇ ਵਾਫ਼ਰ ਕਦਰ ਪ੍ਰਾਪਤ ਹੁੰਦੀ ਹੈ। ਇਹ ਵਧੇਰੇ ਵਾਫ਼ਰ ਕਦਰ ਵਾਧੂ ਮੁਨਾਫੇ ਵਿੱਚ ਬਦਲ ਜਾਂਦੀ ਹੈ ਜੋ ਨਵੀਆਂ ਤਕਨੀਕਾਂ ਅਪਨਾਉਣ ਵਾਲੇ ਪੂੰਜੀਪਤੀ ਦੀ ਜੇਬ੍ਹ ਵਿੱਚ ਚਲਾ ਜਾਂਦਾ ਹੈ। ਵਿਭਿੰਨ ਖੇਤਰਾਂ ਦਰਮਿਆਨ ਮੁਕਾਬਲੇ ਦਾ ਸਿੱਟਾ ਇਸ ਤੋਂ ਅਲੱਗ ਹੁੰਦਾ ਹੈ। ਇਹ ਵਿਭਿੰਨ ਖੇਤਰਾਂ ਅੰਦਰ ਮੁਨਾਫੇ ਦੀ ਦਰ ਨੂੰ ਬਰਾਬਰ ਕਰੀਂ ਰੱਖਦਾ ਹੈ। ਮਜ਼ਦੂਰਾਂ ਵੱਲੋਂ ਸਿਰਜਿਤ ਵਾਫ਼ਰ ਕਦਰ, ‘ਉਨੇ ਹੀ ਪੂੰਜੀ ਲਈ ਉਨਾਂ ਹੀ ਮੁਨਾਫਾ’ ਦੇ ਨਿਯਮ ਅਨੁਸਾਰ ਵਿਭਿੰਨ ਖੇਤਰਾਂ ਦੇ ਪੂੰਜੀਪਤੀਆਂ ਵਿਚਕਾਰ ਵੰਡੀ ਜਾਂਦੀ ਹੈ।

ਹੁਣ ਅਸੀਂ ਇਸ ਗੱਲ ਦੀ ਚੀਰ-ਫਾੜ ਕਰਾਂਗੇ ਕਿ ਵਿਭਿੰਨ ਖੇਤਰਾਂ ਦੇ ਪੂੰਜੀਪਤੀਆਂ ਦਰਮਿਆਨ ਮੁਕਾਬਲਾ, ਮੁਨਾਫੇ ਦੀ ਦਰ ਵਿੱਚ ਬਰਾਬਰਤਾ ਕਿਵੇਂ ਲਿਆਉਂਦਾ ਹੈ ?

ਪੂੰਜੀਵਾਦੀ ਸਮਾਜ ਅੰਦਰ ਵਿਭਿੰਨ ਪੈਦਾਵਾਰੀ ਖੇਤਰਾਂ ਅੰਦਰ ਮੁਨਾਫੇ ਦੀ ਦਰ ਉਨ੍ਹਾਂ ਵਿੱਚ ਨਿਵੇਸ਼ਿਤ ਪੂੰਜੀ ਦੀ ਅਵੈਵੀ ਬਣਤਰ ਅਨੁਸਾਰ ਵੱਖ-ਵੱਖ ਹੁੰਦੀ ਹੈ। ਜਿਵੇਂ ਸਾਨੂੰ ਪਤਾ ਹੈ ਕਿ ਪੂੰਜੀ ਦੀ ਅਵੈਵੀ ਬਣਤਰ ਸਥਿਰ ਅਤੇ ਬਦਲਵੀਂ ਪੂੰਜੀ ਦਾ ਆਪਸੀ ਅਨੁਪਾਤ ਹੀ ਹੁੰਦੀ ਹੈ ਅਤੇ ਇਹ ਵੀ ਕਿ ਵਾਫ਼ਰ ਕਦਰ, ਅਸਥਿਰ ਸਰਮਾਏ ਵੱਲੋਂ ਆਪਣੀ ਕਦਰ ਵਿੱਚ ਵਾਧਾ ਕੀਤੇ ਜਾਣ ਦੁਆਰਾ ਹੀ ਸਿਰਜੀ ਜਾਂਦੀ ਹੈ। ਇਸ ਲਈ, ਜੇ ਵਾਫ਼ਰ ਕਦਰ ਦੀ ਦਰ ਉਹੀ ਰਹੇ, ਤਾਂ ਸਰਮਾਏ ਦੀ ਅੰਦਰੂਨੀ ਬਣਤਰ ਜਿੰਨੀ ਵਧੇਰੇ ਉੱਚੀ ਹੋਏਗੀ ਭਾਵ ਬਦਲਵੀਂ ਪੂੰਜੀ ਦੇ ਮੁਕਾਬਲੇ ਸਥਿਰ ਪੂੰਜੀ ਦਾ ਹਿੱਸਾ ਜਿੰਨਾ ਵਧੇਰੇ ਜਿਆਦਾ ਹੋਏਗਾ, ਵਾਫ਼ਰ ਕਦਰ ਉਨੀ ਹੀ ਘੱਟ ਹੋਏਗੀ ਭਾਵੇਂ ਕਿ ਕੁੱਲ ਪੂੰਜੀ ਨਿਵੇਸ਼ ਬਰਾਬਰ ਹੋਵੇ। ਮੁਨਾਫੇ ਦੀ ਦਰ ਵੀ ਘੱਟ ਹੋਏਗੀ। ਦੂਜੇ ਪਾਸੇ, ਪੂੰਜੀ ਅਵੈਵੀ ਬਣਤਰ, ਜਿੰਨੀ ਵਧੇਰੇ ਨੀਵੀਂ ਹੋਏਗੀ, ਮੁਨਾਫੇ ਦੀ ਦਰ

ਉਨੀ ਹੀ ਉੱਚੀ ਹੋਏਗੀ। ਮੰਨ ਲਓ, ਜੁੱਤਾ ਉਦਯੋਗ, ਕਤਾਈ-ਬੁਣਾਈ ਅਤੇ ਮਸ਼ੀਨ ਨਿਰਮਾਣ, ਸਮਾਜ ਜੇ ਤਿੰਨ ਪੈਦਾਵਾਰੀ ਖੇਤਰ ਹਨ। ਜੁੱਤਾ ਉਦਯੋਗ ਵਿੱਚ ਪੂੰਜੀ ਦੀ ਅਵੈਵੀ ਬਣਤਰ 7:3, ਕਤਾਈ-ਬੁਣਾਈ ਉਦਯੋਗ ਵਿੱਚ 8:2 ਅਤੇ ਮਸ਼ੀਨ ਨਿਰਮਾਣ ਖੇਤਰ ਵਿੱਚ 9:1 ਹੈ। ਇੰਨ੍ਹਾਂ ਤਿੰਨੋਂ ਹੀ ਖੇਤਰਾਂ ਦੀ ਪੂੰਜੀ 10,000 ਹੈ ਅਤੇ ਵਾਫ਼ਰ ਕਦਰ ਦੀ ਦਰ 100% ਹੈ। ਉਦਾਹਰਣ ਨੂੰ ਹੋਰ ਸੌਖਾ ਬਣਾਉਣ ਲਈ ਇਹ ਵੀ ਮੰਨ ਲੈਂਦੇ ਹਾਂ ਕਿ ਇਨ੍ਹਾਂ ਤਿੰਨਾਂ ਖੇਤਰਾਂ ਵਿੱਚ ਪੂੰਜੀ ਦੇ ਕਾਰੋਬਾਰ ਦੀ ਦਰ ਸਲਾਨਾ ਇੱਕ ਹੈ। ਇੱਕ ਸਾਲ ਅੰਦਰ ਸਥਿਰ ਪੂੰਜੀ ਦੀ ਪੂਰੀ ਕਦਰ ਉਸ ਸਾਲ ਦੇ ਉਤਪਾਦਾਂ ਦੇ ਸਪੁਰਦ ਹੋ ਜਾਂਦੀ ਹੈ। ਇਸ ਤਰ੍ਹਾਂ ਵਾਫ਼ਰ ਕਦਰ ਦੀ 100% ਦਰ 'ਤੇ ਜੁੱਤਾ ਉਦਯੋਗ 3000 ਦਾ ਮੁਨਾਫਾ ਕਮਾਉਂਦਾ ਹੈ, ਕਤਾਈ-ਬੁਣਾਈ ਉਦਯੋਗ 2000 ਦਾ ਅਤੇ ਮਸ਼ੀਨ ਨਿਰਮਾਣ ਉਦਯੋਗ 1000 ਦਾ ਮੁਨਾਫਾ ਕਮਾਉਂਦਾ ਹੈ। ਪੂੰਜੀ ਦੀ ਅਵੈਵੀ ਬਣਤਰ ਜੁੱਤਾ ਉਦਯੋਗ ਵਿੱਚ ਸਭ ਤੋਂ ਨੀਵੀਂ ਹੈ। ਇਸ ਦੀ ਮੁਨਾਫੇ ਦੀ ਦਰ ਮਹਿਜ 30% ਹੈ। ਜਦੋਂ ਕਿ ਮਸ਼ੀਨ ਨਿਰਮਾਣ ਉਦਯੋਗ ਵਿੱਚ ਇਹ ਬਣਤਰ ਸੱਭ ਤੋਂ ਉੱਚੀ ਹੈ, ਇਸ ਲਈ ਇੱਥੇ ਮੁਨਾਫੇ ਦੀ ਦਰ ਮਹਿਜ 10% ਹੈ।

ਬਰਾਬਰ ਨਿਵੇਸ਼ 'ਤੇ ਗੈਰਬਰਾਬਰ ਮੁਨਾਫੇ ਦੀ ਇਹ ਸਥਿਤੀ, ਪੂੰਜੀਵਾਦੀ ਸਮਾਜ ਵਿੱਚ ਜਿਆਦਾ ਦਿਨਾਂ ਤੱਕ ਚਲਦੀ ਨਹੀਂ ਰਹਿ ਸਕਦੀ। ਪੂੰਜੀਪਤੀ ਹਮੇਸ਼ਾਂ ਉੱਚੀ ਮੁਨਾਫਾ ਦਰ ਦੇਣ ਵਾਲੇ ਪੈਦਾਵਾਰੀ ਖੇਤਰ ਵਿੱਚ ਨਿਵੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਸ ਕਰਕੇ ਉਪਰੋਕਤ ਸਥਿਤੀ ਵਿੱਚ ਬਦਲਾਅ ਲਾਜ਼ਮੀ ਹੈ। ਸਭ ਤੋਂ ਪਹਿਲਾਂ ਤਾਂ, ਮਸ਼ੀਨ ਨਿਰਮਾਣ ਖੇਤਰ ਦੇ ਕੁੱਝ ਪੂੰਜੀਪਤੀ ਪੈਦਾਵਾਰ ਬੰਦ ਕਰਕੇ, ਵੱਧ ਮੁਨਾਫਾ ਕਮਾਉਣ ਲਈ ਜੁੱਤਾ ਉਦਯੋਗ ਵਿੱਚ ਆਪਣਾ ਪੂੰਜੀ ਨਿਵੇਸ਼ ਕਰ ਦੇਣਗੇ। ਪੂੰਜੀ ਦੀ ਇਸ ਸਥਾਨ ਬਦਲੀ ਨਾਲ ਜੁੱਤਾ ਉਦਯੋਗ ਦੀ ਪੈਦਾਵਾਰ ਕਾਫੀ ਵਧ ਜਾਏਗੀ। ਹੌਲੀ-ਹੌਲੀ ਪੂਰਤੀ, ਮੰਗ ਤੋਂ ਜਿਆਦਾ ਹੋ ਜਾਣ ਕਾਰਨ, ਜੁੱਤੀਆਂ ਦੀਆਂ ਕੀਮਤਾਂ ਡਿੱਗ ਪੈਣਗੀਆਂ। ਦੂਜੇ ਪਾਸੇ, ਮਸ਼ੀਨ ਨਿਰਮਾਣ ਉਦਯੋਗ ਦੀ ਪੈਦਾਵਾਰ ਹੌਲੀ-ਹੌਲੀ ਬਹੁਤ ਘਟ ਜਾਵੇਗੀ। ਮਸ਼ੀਨਾਂ ਦੀ ਮੰਗ, ਪੂਰਤੀ ਤੋਂ ਜਿਆਦਾ ਹੋ ਜਾਏਗੀ ਇਸ ਤਰਾਂ ਮਸ਼ੀਨਾਂ ਦੀਆਂ ਕੀਮਤਾਂ ਚੜ੍ਹ ਜਾਣਗੀਆਂ। ਇਸ ਤਰਾਂ ਪੂੰਜੀ ਦੀ ਸਥਾਨ ਬਦਲੀ ਹੁੰਦੇ ਰਹਿਣ ਅਤੇ ਕੀਮਤਾਂ ਵਿੱਚ ਇਕਸਾਰਤਾ ਬਣੇ ਰਹਿਣ ਦੇ ਸੁਮੇਲ ਨਾਲ ਪੈਦਾ ਹੋਣ ਵਾਲੇ ਪ੍ਰਭਾਵ ਨਾਲ ਮੁਨਾਫੇ ਦੀ ਦਰ ਘਟ ਵੱਧ ਰੂਪ ਵਿੱਚ ਇਕਸਾਰ ਬਣੀ ਰਹਿੰਦੀ ਹੈ। ਇਹ ਮੁਨਾਫੇ ਦੀ ਔਸਤ ਦਰ ਹੁੰਦੀ ਹੈ। ਇਹ ਸਮਾਜ ਦੀ ਕੁੱਲ ਵਾਫ਼ਰ ਕਦਰ ਅਤੇ ਕੁੱਲ ਪੂੰਜੀ ਦੀ ਤੁਲਨਾ ਕਰਨ ਨਾਲ ਕੱਢੀ ਜਾਂਦੀ ਹੈ। ਜੇ ਅਸੀਂ ਇਹ ਮੰਨ ਲਈਏ ਕਿ ਉਪਰੋਕਤ ਤਿੰਨੇ ਖੇਤਰ ਹੀ ਸਮਾਜ ਦੀ ਕੁੱਲ ਪੈਦਾਵਾਰ ਕਰ ਰਹੇ ਹਨ ਤਾਂ ਸਮਾਜ ਦੀ ਕੁੱਲ ਵਾਫ਼ਰ ਕਦਰ ਹੋਏਗੀ 6000 ਅਤੇ ਕੁੱਲ ਪੂੰਜੀ ਹੋਏਗੀ 30,000। ਤਾਂ ਫਿਰ ਮੁਨਾਫੇ ਦੀ ਔਸਤ ਦਰ=6000/30000=20%। ਇਸ ਦਰ ਨਾਲ ਬਟੋਰੇ ਗਏ ਮੁਨਾਫੇ ਨੂੰ ਔਸਤ ਮੁਨਾਫਾ ਕਹਿੰਦੇ ਹਨ। ਮਾਰਕਸ ਲਿਖਦੇ ਹਨ, "*ਔਸਤ ਮੁਨਾਫਾ ਵਾਫ਼ਰ ਕਦਰ ਦੀ ਉਹ ਮਾਤਰਾ ਹੈ ਜੋ ਹਰ ਇੱਕ ਪੈਦਾਵਾਰੀ ਖੇਤਰ ਨੂੰ ਸਰਮਾਏ ਦੇ ਉਸਦੇ ਹਿੱਸੇ ਦੇ ਅਨੁਪਾਤ ਅਨੁਸਾਰ ਮਿਲ ਜਾਂਦਾ ਹੈ*"।(2) ਔਸਤ ਮੁਨਾਫਾ ਕਿਰਤੀ ਲੋਕਾਈ ਦੁਆਰਾ

ਸਿਰਜਿਤ ਵਾਫ਼ਰ ਕਦਰ ਦੀ ਵੰਡ-ਵੰਡਾਈ ਵਿੱਚ ਵੱਖੋ-ਵੱਖਰੇ ਖੇਤਰਾਂ ਨਾਲ ਸਬੰਧਿਤ ਪੂੰਜੀਪਤੀਆਂ ਦੇ ਆਪਸੀ ਸਬੰਧ ਨੂੰ ਦਰਸਾਉਂਦਾ ਹੈ।

ਔਸਤ ਮੁਨਾਫੇ ਦੀ ਇਹ ਬਣਾਵਟ ਪੂੰਜੀਵਾਦੀ ਲੋਟੂ ਸਬੰਧਾਂ ਨੂੰ ਹੋਰ ਵੀ ਛੁਪਾਉਂਦੀ ਹੈ। ਵਾਫ਼ਰ ਕਦਰ ਦੀ ਮੁਨਾਫੇ ਵਿੱਚ ਰੂਪ ਬਦਲੀ ਵਾਫ਼ਰ ਕਦਰ ਦੇ ਸ੍ਰੋਤ ਸਬੰਧੀ ਪਹਿਲਾਂ ਹੀ ਭੁਲੇਖਾ ਖੜ੍ਹਾ ਕਰ ਦਿੰਦੀ ਹੈ। ਪਰ ਵਿਭਿੰਨ ਪੈਦਾਵਾਰੀ ਖੇਤਰਾਂ ਦੇ ਪੂੰਜੀਪਤੀਆਂ ਵੱਲੋਂ ਬਟੋਰਿਆ ਮੁਨਾਫਾ ਉਸ ਸੈਕਟਰ ਵਿਸ਼ੇਸ਼ ਦੇ ਮਜ਼ਦੂਰਾਂ ਵੱਲੋਂ ਸਿਰਜਿਤ ਕੁੱਲ ਵਾਫ਼ਰ ਕਦਰ ਦੇ ਬਰਾਬਰ ਹੀ ਹੁੰਦਾ ਹੈ। ਔਸਤ ਮੁਨਾਫਾ ਬਣ ਜਾਣ ਤੋਂ ਬਾਅਦ ਵਿਭਿੰਨ ਖੇਤਰਾਂ ਦੇ ਪੂੰਜੀਪਤੀ ਵਾਫ਼ਰ ਕਦਰ ਨੂੰ ਆਪਸ ਵਿੱਚ ਵੰਡ ਲੈਂਦੇ ਹਨ ਜਿਸ ਨਾਲ ਵਿਭਿੰਨ ਖੇਤਰਾਂ ਵੱਲੋਂ ਬਟੋਰਿਆ ਮੁਨਾਫਾ ਅਲੱਗ-ਅਲੱਗ ਖੇਤਰਾਂ ਅੰਦਰ ਉਤਪਾਦਤ ਵਾਫ਼ਰ ਕਦਰ ਦੇ ਬਰਾਬਰ ਨਹੀਂ ਰਹਿ ਜਾਂਦਾ। ਜੇ ਹਰ ਇੱਕ ਖੇਤਰ ਦੇ ਪੂੰਜੀਪਤੀਆਂ ਕੋਲ ਬਰਾਬਰ ਪੂੰਜੀ ਹੋਵੇ ਤਾਂ ਬਰਾਬਰ ਵਾਫ਼ਰ ਕਦਰ ਨਿਚੋੜੀ ਜਾ ਸਕਦੀ ਹੈ। ਮੁਨਾਫੇ ਦੀ ਮਾਤਰਾ ਪੂੰਜੀ ਨਿਵੇਸ਼ ਦੀ ਮਾਤਰਾ 'ਤੇ ਪੂਰੀ ਤਰਾਂ ਨਿਰਭਰ ਕਰਦੀ ਹੈ। ਇਹ ਮੁਨਾਫੇ ਦੀ ਪ੍ਰਕਿਰਤੀ ਅਤੇ ਉਸ ਲੋਟੂ ਸਬੰਧ ਨੂੰ ਹੋਰ ਧੁੰਦਲਾ ਕਰ ਦਿੰਦਾ ਹੈ ਜਿਸਦੀ ਕਿ ਮੁਨਾਫਾ ਪ੍ਰਤੀਨਿਧਤਾ ਕਰਦਾ ਹੈ।

ਮੁਨਾਫੇ ਦੀ ਦਰ ਵਿੱਚ ਸਮਰੂਪਤਾ ਜਿਣਸਾਂ ਦੀਆਂ ਕਦਰਾਂ ਨੂੰ ਪੈਦਾਵਾਰੀ ਕੀਮਤਾਂ ਵਿੱਚ ਬਦਲ ਦਿੰਦੀ ਹੈ।

ਔਸਤ ਮੁਨਾਫੇ ਦੇ ਹੋਂਦ ਵਿੱਚ ਆ ਜਾਣ ਉਪਰੰਤ ਪੂੰਜੀਪਤੀ ਜਿਣਸਾਂ ਨੂੰ ਉਨਾਂ ਦੀਆਂ ਕਦਰਾਂ ਅਨੁਸਾਰ ਨਹੀਂ ਸਗੋਂ ਉਨਾਂ ਦੀਆਂ ਪੈਦਾਵਾਰੀ ਕੀਮਤਾਂ ਅਨੁਸਾਰ ਵੇਚਦਾ ਹੈ। ਪੈਦਾਵਾਰੀ ਦੀਆਂ ਕੀਮਤਾਂ, ਲਾਗਤ ਮੁੱਲ ਅਤੇ ਔਸਤ ਮੁਨਾਫੇ ਦੇ ਜੋੜ ਬਰਾਬਰ ਹੁੰਦੀ ਹੈ। ਉੱਪਰ ਲਈ ਗਈ ਉਦਾਹਰਣ ਅਨੁਸਾਰ ਪੈਦਾਵਾਰ ਦੀਆਂ ਕੀਮਤਾਂ ਕੱਢਣ ਦੀ ਪ੍ਰਕਿਰਿਆ ਅੱਗੇ ਸਾਰਨੀ ਵਿੱਚ ਦਰਸਾਈ ਗਈ ਹੈ।

ਇਸ ਸਾਰਣੀ ਤੋਂ ਦੇਖਿਆ ਜਾ ਸਕਦਾ ਹੈ ਕਿ ਮਸ਼ੀਨ ਨਿਰਮਾਣ ਖੇਤਰ ਅੰਦਰ ਜਿੱਥੇ ਪੂੰਜੀ ਦੀ ਅਵੈਵੀ ਬਣਤਰ ਉੱਚੀ ਹੈ, ਜਿੱਥੇ ਜਿਣਸ ਦੀ ਪੈਦਾਵਾਰ ਦੀ ਕੀਮਤ ਉਸਦੀ ਕਦਰ ਤੋਂ ਜਿਆਦਾ ਹੈ। ਜਦੋਂ ਕਿ ਜੁੱਤਾ ਉਦਯੋਗ ਖੇਤਰ ਅੰਦਰ ਜਿੱਥੇ ਪੂੰਜੀ ਦੀ ਅਵੈਵੀ ਬਣਤਰ ਨੀਵੀਂ ਹੈ, ਉੱਥੇ ਪੈਦਾਵਾਰ ਦੀ ਕੀਮਤ ਕਦਰ ਤੋਂ ਘੱਟ ਹੈ। ਸਿਰਫ ਕਤਾਈ-ਬੁਣਾਈ ਖੇਤਰ ਅੰਦਰ ਪੈਦਾਵਾਰ ਦੀ ਕੀਮਤ ਕਦਰ ਦੇ ਬਰਾਬਰ ਹੈ।

ਔਸਤ ਮੁਨਾਫੇ ਦੇ ਹੋਂਦ ਵਿੱਚ ਆਉਣ ਅਤੇ ਕਦਰ ਦੇ ਪੈਦਾਵਾਰੀ ਕੀਮਤ ਬਣ ਜਾਣ, ਤੋਂ ਬਾਅਦ ਮੰਡੀ ਕੀਮਤ ਦਾ ਉਤਰਾਅ ਚੜ੍ਹਾਅ ਕਦਰ ਦੁਆਲੇ ਨਹੀਂ ਸਗੋਂ ਪੈਦਾਵਾਰੀ ਦੀ ਕੀਮਤ ਦੁਆਲੇ ਡੋਲਦਾ ਹੈ। ਪੈਦਾਵਾਰ ਦੀਆਂ ਕੀਮਤਾਂ ਦੇ ਹੋਂਦ ਵਿੱਚ ਆ ਜਾਣ ਉਪਰੰਤ ਕੀ ਕਦਰ ਦੇ ਨਿਯਮ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ? ਨਹੀਂ, ਵਿਭਿੰਨ ਖੇਤਰਾਂ ਦੇ

	(1)	(2)	(3)	(4)	(5)	(6)	(7)	(8)
ਪੈਦਾਵਾਰੀ ਖੇਤਰ	ਸਥਿਰ ਪੂੰਜੀ	ਅਸਥਿਰ ਪੂੰਜੀ	ਵਾਫ਼ਰ ਕਦਰ	ਜਿਣਸਾਂ ਦੀ ਕਦਰ (1)+(2)+(3)	ਔਸਤ ਮੁਨਾਫੇ ਦੀ ਦਰ (%)	ਔਸਤ ਮੁਨਾਫਾ= [(1)+(2)]x (5)	ਜਿਣਸਾਂ ਦੀ ਪੈਦਾਵਾਰੀ ਕੀਮਤ (1)+(2)+(6)	ਪੈਦਾਵਾਰੀ ਕੀਮਤ ਅਤੇ ਕਦਰ ਵਿਚਕਾਰ ਅੰਤਰ =(7) − (4)
ਜੁੱਤਾ ਉਦਯੋਗ	7,000	3000	3000	13000	20	2000	12000	−1000
ਕਤਾਈ ਬੁਣਾਈ	8,000	2000	2000	12000	20	2000	12000	0
ਮਸ਼ੀਨ ਨਿਰਮਾਣ	9,000	1000	1000	11000	20	2000	12000	+1000
ਕੁੱਲ	24,000	6000	6000	30,000	20	6000	36,000	0

ਅਲੱਗ-ਅਲੱਗ ਪੂੰਜੀਪਤੀਆਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ, ਕੁੱਝ ਆਪਣੀਆਂ ਜਿਣਸਾਂ ਨੂੰ ਕਦਰ ਤੋਂ ਉੱਚੀਆਂ ਪੈਦਾਵਾਰ ਕੀਮਤਾਂ 'ਤੇ ਵੇਚ ਕੇ ਆਪਣੇ ਖੇਤਰ ਦੁਆਰਾ ਸਿਰਜਿਤ ਵਾਫ਼ਰ ਕਦਰ ਤੋਂ ਘੱਟ ਮੁਨਾਫਾ ਹੀ ਕਮਾ ਪਾਉਂਦੇ ਹਨ। ਪਰ , ਪੂਰੇ ਸਮਾਜ ਦੇ ਪੈਮਾਨੇ 'ਤੇ ਜਿਣਸਾਂ ਦੀ ਕੁੱਲ ਕਦਰ ਕੁੱਲ ਪੈਦਾਵਾਰੀ ਕੀਮਤ ਦੇ ਬਰਾਬਰ ਹੁੰਦੀ ਹੈ। ਉਦਯੋਗਿਕ ਪੂੰਜੀਪਤੀਆਂ ਵੱਲੋਂ ਕੁੱਲ ਮਿਲਾ ਕੇ ਬਟੋਰਿਆ ਔਸਤ ਮੁਨਾਫਾ, ਉਦਯੋਗਿਕ ਮਜ਼ਦੂਰਾਂ ਵੱਲੋਂ ਕੁੱਲ ਮਿਲਾ ਕੇ ਸਿਰਜੀ ਵਾਫ਼ਰ ਕਦਰ ਦੇ ਬਰਾਬਰ ਹੁੰਦਾ ਹੈ। ਇਸ ਲਈ, ਪੈਦਾਵਾਰੀ ਕੀਮਤ ਤਾਂ ਮਹਿਜ ਕਦਰ ਦੀ ਹੀ ਰੂਪ ਬਦਲੀ ਹੈ।

ਔਸਤ ਮੁਨਾਫੇ ਸਬੰਧੀ ਮਾਰਕਸ ਦਾ ਸਿਧਾਂਤ ਸਾਨੂੰ ਦੱਸਦਾ ਹੈ: ਪੂੰਜੀਵਾਦੀ ਸਮਾਜ ਵਿੱਚ ਮਜ਼ਦੂਰ ਮਹਿਜ ਆਪਣੇ ਖੇਤਰ ਦੇ ਪੂੰਜੀਪਤੀਆਂ ਵੱਲੋਂ ਲੁੱਟ ਅਤੇ ਦਾਬੇ ਦਾ ਸ਼ਿਕਾਰ ਨਹੀਂ ਹੁੰਦਾ ਸਗੋਂ ਸਮੁੱਚੇ ਉਦਯੋਗਿਕ ਸਰਮਾਏਦਾਰਾਂ ਵੱਲੋਂ ਵੀ ਲੁੱਟਿਆ ਅਤੇ ਦਬਾਇਆ ਜਾਂਦਾ ਹੈ।

ਜਿਣਸਾਂ ਦੇ ਵਪਾਰ ਰਾਹੀਂ ਵਪਾਰਕ ਪੂੰਜੀਪਤੀ ਵੀ, ਵਾਫ਼ਰ ਕਦਰ 'ਚੋਂ ਆਪਣਾ ਹਿੱਸਾ ਵੰਡਾਉਂਦੇ ਹਨ

ਵਪਾਰਕ ਪੂੰਜੀ ਦਾ ਕੰਮ ਵਾਫ਼ਰ ਕਦਰ ਸਕਾਰਨਾ ਹੈ

ਉਪਰੋਕਤ ਵਿਸ਼ਲੇਸ਼ਣ ਵਿੱਚ ਅਸੀਂ ਇਹ ਮੰਨ ਕੇ ਚੱਲੇ ਸੀ ਕਿ ਮਜ਼ਦੂਰ ਜਮਾਤ ਦੁਆਰਾ ਸਿਰਜੀ ਗਈ ਵਾਫ਼ਰ ਕਦਰ ਉੱਪਰ ਉਦਯੋਗਿਕ ਪੂੰਜੀਪਤੀ ਦਾ ਏਕਾ-ਅਧਿਕਾਰ ਹੁੰਦਾ ਹੈ। ਪਰ ਅਸਲ ਵਿੱਚ, ਉਦਯੋਗਿਕ ਪੂੰਜੀਪਤੀ ਅਜਿਹਾ ਨਹੀਂ ਕਰ ਸਕਦਾ। ਉਸਨੂੰ ਮਜ਼ਦੂਰ 'ਚੋਂ ਨਿਚੋੜੀ ਗਈ ਵਾਫ਼ਰ ਕਦਰ ਦਾ ਇੱਕ ਹਿੱਸਾ ਵਪਾਰਕ ਸਰਮਾਏ ਨੂੰ ਸੌਂਪਣਾ ਪੈਂਦਾ ਹੈ। ਵਪਾਰੀ ਕੋਈ ਜਿਣਸ ਪੈਦਾਵਾਰ ਨਹੀਂ ਕਰਦਾ ਉਹ ਸਿਰਫ ਆਪਣੇ ਸਰਮਾਏ ਨਾਲ ਉਦਯੋਗਿਕ ਪੂੰਜੀਪਤੀ ਤੋਂ ਥੋਕ ਵਿੱਚ ਮਾਲ ਖਰੀਦਦਾ ਹੈ ਅਤੇ ਇਸ ਮਾਲ ਨੂੰ ਵੇਚ ਕੇ ਵਾਫ਼ਰ ਕਦਰ ਹੜੱਪਣ ਵਿੱਚ ਉਦਯੋਗਿਕ ਸਰਮਾਏਦਾਰ ਦੀ ਮਦਦ ਕਰਦਾ ਹੈ। ਵਪਾਰਕ ਸਰਮਾਏਦਾਰ ਵੱਲੋਂ ਬਟੋਰੀ ਇਸ ਵਾਫ਼ਰ ਕਦਰ ਨੂੰ ਵਪਾਰਕ ਮੁਨਾਫਾ ਕਹਿੰਦੇ ਹਨ।

ਉਦਯੋਗਿਕ ਪੂੰਜੀਪਤੀ ਨੂੰ ਆਪਣਾ ਮਾਲ / ਜਿਣਸਾਂ ਵੇਚਣ ਲਈ ਵਪਾਰੀ ਦੀ ਜਰੂਰਤ ਕਿਉਂ ਪੈਂਦੀ ਹੈ ਅਤੇ ਉਹ ਵਾਫ਼ਰ ਕਦਰ ਨੂੰ ਉਹਦੇ ਨਾਲ ਵੰਡਣ ਲਈ ਕਿਉਂ ਤਿਆਰ ਹੋ ਜਾਂਦਾ ਹੈ ? ਕਿਉਂਕਿ ਪੂੰਜੀਵਾਦ ਦੇ ਵਿਕਾਸ ਨਾਲ ਉਦਯੋਗਿਕ ਪੂੰਜੀਪਤੀ ਵੱਲੋਂ ਉਤਪਾਦਤ ਕੀਤੀਆਂ ਜਿਣਸਾਂ ਦਾ ਵਿਸਤਾਰ ਲਗਾਤਾਰ ਵਧਦਾ ਜਾਂਦਾ ਹੈ। ਜਿਣਸਾਂ ਦਾ ਬਜਾਰ ਵੀ ਲਗਾ ਤਾਰ ਵਧਦਾ ਜਾਂਦਾ ਹੈ। ਜੇ ਹੁਣ ਉਦਯੋਗਿਕ ਪੂੰਜੀਪਤੀ ਨੂੰ ਜਿਣਸਾਂ ਦੀ ਵਿੱਕਰੀ ਦਾ ਕੰਮ ਵੀ ਸੰਭਾਲਣਾ ਪਵੇ ਤਾਂ ਉਸਨੂੰ ਵਪਾਰ ਨਾਲ ਸਬੰਧਿਤ ਇੱਕ ਵਿਆਪਕ

ਤਾਣਾ-ਬਾਣਾ ਖੜ੍ਹਾ ਕਰਨਾ ਪਵੇਗਾ ਅਤੇ ਵੱਡੀ ਗਿਣਤੀ ਵਿੱਚ ਸੇਲਜ਼ਮੈਨ ਆਦਿ ਰੱਖਣੇ ਪੈਣਗੇ। ਉਦਯੋਗਿਕ ਪੂੰਜੀਪਤੀ ਲਈ ਇਹ ਮੁਨਾਫਾਬਖ਼ਸ਼ ਨਹੀਂ ਹੋਵੇਗਾ ਕਿਉਂਕਿ ਪੂੰਜੀ ਦਾ ਇੱਕ ਵੱਡਾ ਹਿੱਸਾ ਵਟਾਂਦਰੇ ਦੇ ਖੇਤਰ ਵਿੱਚ ਖਪਤ ਹੋ ਜਾਵੇਗਾ ਜਿਸ ਨਾਲ ਉਸਦੀ ਪੈਦਾਵਾਰ ਦਾ ਪੱਧਰ ਅਤੇ ਮੁਕਾਬਲਾ ਸ਼ਕਤੀ ਪ੍ਰਭਾਵਿਤ ਹੋਏਗੀ। ਜਿਣਸਾਂ ਦੀ ਵੇਚ ਵੱਟ ਦਾ ਕੰਮ ਜਿਣਸਾਂ ਦੇ ਵਪਾਰ ਵਿੱਚ ਪੂਰੀ ਮੁਹਾਰਤ ਨਾਲ ਕੰਮ ਕਰ ਰਹੇ ਵਪਾਰੀ ਨੂੰ ਸੌਂਪ ਦੇਣ ਨਾਲ ਉਹ ਜਿਣਸਾਂ ਦੇ ਸੌਦੇ ਵਿੱਚ ਮੁਹਾਰਤ ਦਾ ਫਾਇਦਾ ਲਵੇਗਾ ਅਤੇ ਇਸ ਤਰਾਂ ਵਟਾਂਦਰੇ ਦੌਰਾਨ ਖਰਚ ਹੋਣ ਵਾਲੀ ਪੂੰਜੀ ਨੂੰ ਉਹ ਘਟ ਕਰ ਸਕਦਾ ਹੈ। ਇਸ ਤੋਂ ਇਲਾਵਾ, ਉਦਯੋਗਿਕ ਪੂੰਜੀਪਤੀ ਆਪਣੇ ਸਮੁੱਚੇ ਮਾਲ ਨੂੰ ਇੱਕੋ ਵਾਰ ਵਿੱਚ ਹੀ ਵਪਾਰੀ ਨੂੰ ਵੇਚ ਕੇ ਜਿਣਸ ਪੂੰਜੀ ਦੀ ਮੁਦਰਾ ਸਰਮਾਏ ਵਿੱਚ ਬਦਲੀ ਨੂੰ ਛੇਤੀ ਪੂਰਾ ਕਰ ਸਕਦਾ ਹੈ। ਜਿਸ ਦੇ ਸਿੱਟੇ ਵਜੋਂ ਉਸਦੀ ਪੂੰਜੀ ਜਿਆਦਾ ਸਮੇਂ ਲਈ ਪੈਦਾਵਾਰੀ ਪ੍ਰਕਿਰਿਆ ਅੰਦਰ ਕਾਰਜ਼ਸ਼ੀਲ ਰਹਿ ਸਕਦਾ ਹੈ ਅਤੇ ਹੋਰ ਵਧੇਰੇ ਵਾਫ਼ਰ ਕਦਰ ਨਿਚੋੜਨ ਲਈ ਜਿਆਦਾ ਸਮੇਂ ਤੱਕ ਪੈਦਾਵਾਰੀ ਸਰਮਾਏ ਦੀ ਭੂਮਿਕਾ ਨਿਭਾ ਸਕਦੀ ਹੈ। ਇਸ ਤਰਾਂ ਭਾਵੇਂ ਵਾਫ਼ਰ ਕਦਰ ਦਾ ਇੱਕ ਹਿੱਸਾ ਵਪਾਰੀ ਦੇ ਸਪੁਰਦ ਕਰਨਾ ਪੈਂਦਾ ਹੈ ਪਰ ਫਿਰ ਵੀ ਆਖਰ ਨੂੰ ਇਸ ਵਿੱਚ ਉਦਯੋਗਿਕ ਪੂੰਜੀਪਤੀ ਦਾ ਹੀ ਫਾਇਦਾ ਹੁੰਦਾ ਹੈ। ਇਸੇ ਲਈ, ਵਪਾਰਕ ਪੂੰਜੀ ਉਦਯੋਗਿਕ ਪੂੰਜੀ ਤੋਂ ਵੱਖ ਹੁੰਦਾ ਹੈ।

ਵਪਾਰਕ ਪੂੰਜੀ ਔਸਤ ਮੁਨਾਫੇ ਦੀ ਸਿਰਜਣਾ ਵਿੱਚ ਵੀ ਸ਼ਾਮਿਲ ਹੁੰਦੀ ਹੈ

ਵਪਾਰ ਵਿੱਚ ਨਿਵੇਸ਼ ਕਰਕੇ ਉਦਯੋਗਿਕ ਪੂੰਜੀਪਤੀ ਦੀ ਵਾਫ਼ਰ ਕਦਰ ਹੜੱਪਣ ਵਿੱਚ ਮਦਦ ਕਰਨ ਰਾਹੀਂ, ਵਪਾਰੀ ਨੂੰ ਨਾ ਸਿਰਫ ਵਪਾਰਕ ਮੁਨਾਫੇ ਦੀ ਝਾਕ ਹੁੰਦੀ ਹੈ ਸਗੋਂ ਉਹ ਇਹ ਵੀ ਚਾਹੁੰਦਾ ਹੈ ਕਿ ਇਹ ਮੁਨਾਫਾ ਉਦਯੋਗਿਕ ਪੂੰਜੀਪਤੀ ਦੇ ਔਸਤ ਮੁਨਾਫੇ ਤੋਂ ਘੱਟ ਨਾ ਹੋਵੇ। ਜੇ ਇਸ ਤਰ੍ਹਾਂ ਨਹੀਂ ਹੋਏਗਾ ਤਾਂ ਵਪਾਰੀ ਵੀ ਵਪਾਰ ਕਰਨ ਦੀ ਬਜਾਏ ਪੈਦਾਵਾਰੀ ਖੇਤਰ ਵਿੱਚ ਹੀ ਆਪਣਾ ਪੂੰਜੀ ਨਿਵੇਸ਼ ਕਰੇਗਾ।

ਵਪਾਰਕ ਮੁਨਾਫਾ ਆਉਂਦਾ ਕਿੱਥੋਂ ਹੈ ? ਉਪਰੋਂ ਦੇਖਣ ਨੂੰ ਅਜਿਹਾ ਲਗਦਾ ਹੈ ਕਿ ਇਹ ਚੀਜ਼ਾਂ ਨੂੰ ਉਹਨਾਂ ਦੀ ਕਦਰ ਤੋਂ ਉੱਪਰ ਵੇਚਣ ਕਰਕੇ ਆਉਂਦਾ ਹੈ। ਬੁਰਜੂਆਜ਼ੀ ਇਸ ਭੁਲੇਖੇ ਦਾ ਫਾਇਦਾ ਉਠਾ ਕੇ ਵਪਾਰਕ ਮੁਨਾਫੇ ਦੇ ਵਟਾਂਦਰੇ ਦੀ ਪ੍ਰਕਿਰਿਆ ਵਿੱਚੋਂ ਆਉਣ ਦੀ ਗੱਲ ਕਰਦੀ ਹੈ। ਅਜਿਹਾ ਕਰਕੇ ਇਹ ਵਪਾਰਕ ਮਸਲੇ ਦੇ ਅਸਲੀ ਸ੍ਰੋਤ ਨੂੰ ਝੁਠਲਾਉਂਦੀ ਹੈ ਅਤੇ ਲੁੱਟ ਦੀ ਪ੍ਰਕਿਰਿਆ ’ਤੇ ਪਰਦਾ ਪੋਸ਼ੀ ਕਰਦੀ ਹੈ। ਦਰਅਸਲ, ਵਪਾਰਕ ਮੁਨਾਫਾ ਵੀ ਉਦਯੋਗਿਕ ਪੂੰਜੀਪਤੀ ਵੱਲੋਂ ਮਜ਼ਦੂਰ ’ਚੋਂ ਨਿਚੋੜੀ ਗਈ ਵਾਫ਼ਰ ਕਦਰ ਦਾ ਹੀ ਇੱਕ ਹਿੱਸਾ ਮਾਤਰ ਹੁੰਦਾ ਹੈ, ਭਾਵ ਕਿਉਂਕਿ ਉਦਯੋਗਿਕ ਪੂੰਜੀਪਤੀ ਇਹ ਚਾਹੁੰਦਾ ਹੈ ਕਿ ਵਪਾਰੀ ਉਸ ਵਾਸਤੇ ਉਸਦਾ ਮਾਲ ਵੇਚੇ ਇਸ ਲਈ ਉਹ ਆਪਣਾ ਮਾਲ ਉਸਦੀ ਪੈਦਾਵਾਰੀ ਕੀਮਤ ਅਨੁਸਾਰ ਨਹੀਂ ਸਗੋਂ ਉਸਤੋਂ ਘੱਟ ਕੀਮਤ ’ਤੇ ਹੀ ਵੇਚ ਸਕਦਾ ਹੈ। ਇਸ ਤੋਂ ਬਾਅਦ ਵਪਾਰੀ ਜਿਣਸਾਂ ਨੂੰ ਉਨ੍ਹਾਂ ਦੀਆਂ ਪੈਦਾਵਾਰੀ ਕੀਮਤਾਂ ਅਨੁਸਾਰ ਖਪਤਕਾਰਾਂ ਨੂੰ ਵੇਚਦਾ ਹੈ। ਇਸ

ਤਰ੍ਹਾਂ,ਉਦਯੋਗਿਕ ਸਰਮਾਏਦਾਰ ਦੁਆਰਾ ਮਜ਼ਦੂਰ 'ਚੋਂ ਨਿਚੋੜੀ ਗਈ ਵਾਫ਼ਰ ਕਦਰ ਦਾ ਇੱਕ ਹਿੱਸਾ ਵਪਾਰੀ ਕੋਲ ਵਪਾਰਕ ਮੁਨਾਫੇ ਦੇ ਰੂਪ ਵਿੱਚ ਚਲਾ ਜਾਂਦਾ ਹੈ।

ਉਦਾਹਰਣ ਲਈ, ਮੰਨ ਲਓ ਕਿ ਪੂੰਜੀਵਾਦੀ ਸਮਾਜ ਵਿੱਚ ਉਦਯੋਗਿਕ ਪੂੰਜੀਪਤੀ ਇੱਕ ਸਾਲ ਵਿੱਚ ਕੁੱਲ 40 ਅਰਬ ਯੁਆਨ ਦਾ ਪੂੰਜੀ ਨਿਵੇਸ਼ ਕਰਦਾ ਹੈ ਜਿਸ ਵਿੱਚ 30 ਅਰਬ ਯੁਆਨ ਸਥਿਰ ਪੂੰਜੀ ਅਤੇ10 ਅਰਬ ਯੁਆਨ ਸਥਿਰ ਸਰਮਾਇਆ ਅਤੇ 10 ਅਰਬ ਵਾਫ਼ਰ ਕਦਰ ਹੈ।ਮੰਨ ਲਓ ਕਿ ਪੈਦਾਵਾਰ ਦਾ ਇੱਕ ਗੇੜ ਇੱਕ ਸਾਲ ਵਿੱਚ ਪੂਰਾ ਹੁੰਦਾ ਹੈ ਅਤੇ ਸਥਿਰ ਪੂੰਜੀ ਆਪਣੀ ਪੂਰੀ ਕਦਰ ਇੱਕ ਸਾਲ ਵਿੱਚ ਉਤਪਾਦਿਤ ਹੋਣ ਵਾਲੀ ਪੈਦਾਵਾਰ ਨੂੰ ਸੌਂਪ ਦਿੰਦਾ ਹੈ। ਇਸ ਤਰਾਂ ਜਿਣਸਾਂ ਦੀ ਕੁੱਲ ਕਦਰ ਜਾਂ ਕੁੱਲ ਪੈਦਾਵਾਰ ਦੀ ਕੀਮਤ ਹੋਈ 30 ਅਰਬ +10 ਅਰਬ+10 ਅਰਬ =50 ਅਰਬ ਯੁਆਨ, ਮੁਨਾਫੇ ਦੀ ਦਰ ਹੋਈ 10/40 =25 %। ਪਰ ਜਿਣਸਾਂ ਦਾ ਵਪਾਰ ਤਾਂ ਵਪਾਰੀ ਕਰਦਾ ਹੈ, ਹੁਣ ਮੰਨ ਲਓ ਕਿ ਵਪਾਰਕ ਸਰਮਾਏ ਦੀ ਕੁੱਲ ਕਦਰ 10 ਅਰਬ ਯੁਆਨ ਹੈ ਤਾਂ ਫਿਰ ਪੈਦਾਵਾਰ ਅਤੇ ਵਟਾਂਦਰੇ ਦੇ ਖੇਤਰ ਵਿੱਚ ਕੁੱਲ ਪੂੰਜੀ ਹੋਈ 50 ਅਰਬ ਯੁਆਨ। 10 ਅਰਬ ਦੀ ਵਾਫ਼ਰ ਕਦਰ 50 ਅਰਬ ਦੇ ਉਦਯੋਗਿਕ ਅਤੇ ਵਪਾਰਕ ਪੂੰਜੀ ਵਿਚਕਾਰ ਬਰਾਬਰ ਵੰਡੀ ਜਾਣੀ ਚਾਹੀਦੀ ਹੈ। ਹੁਣ ਔਸਤ ਮੁਨਾਫੇ ਦੀ ਦਰ 25 % ਦੀ ਬਜਾਏ 20% ਰਹਿ ਜਾਵੇਗੀ। 20% ਔਸਤ ਮੁਨਾਫੇ ਦੀ ਦਰ ਨਾਲ ਉਦਯੋਗਿਕ ਪੂੰਜੀਪਤੀ 8 ਅਰਬ ਯੁਆਨ ਅਤੇ ਵਪਾਰੀ 2 ਅਰਬ ਯੁਆਨ ਬਟੋਰਦੇ ਹਨ। ਵਪਾਰੀ ਇਹ 2 ਅਰਬ ਯੁਆਨ ਇਸ ਲਈ ਕਮਾ ਲੈਂਦਾ ਹੈ, ਕਿਉਂਕਿ ਉਦਯੋਗਿਕ ਪੂੰਜੀਪਤੀ ਉਸਨੂੰ ਆਪਣਾ ਮਾਲ ਪੈਦਾਵਾਰੀ ਕੀਮਤ ਤੋਂ ਘੱਟ ਕੀਮਤ ਭਾਵ 48 ਅਰਬ ਯੁਆਨ ਉੱਪਰ ਵੇਚਦਾ ਹੈ (40 ਅਰਬ ਯੁਆਨ ਲਾਗਤ+8 ਅਰਬ ਯੁਆਨ ਮੁਨਾਫਾ) ਵਪਾਰੀ ਮਾਲ ਨੂੰ 50 ਅਰਬ ਯੁਆਨ ਦੀ ਪੈਦਾਵਾਰੀ ਕੀਮਤ 'ਤੇ ਵੇਚਕੇ 2 ਅਰਬ ਯੁਆਨ ਮੁਨਾਫਾ ਕਮਾ ਲੈਂਦਾ ਹੈ। ਇਸ ਤਰਾਂ ਮਜ਼ਦੂਰਾਂ ਦੁਆਰਾ ਸਿਰਜੀ ਗਈ 10 ਅਰਬ ਯੁਆਨ ਦੀ ਵਾਫ਼ਰ ਕਦਰ ਉਦਯੋਗਿਕ ਅਤੇ ਵਪਾਰਕ ਪੂੰਜੀਪਤੀ ਦੇ ਵਿਚਕਾਰ ਉਨ੍ਹਾਂ ਵੱਲੋਂ ਕੀਤਾ ਪੂੰਜੀ ਨਿਵੇਸ਼ ਦੇ ਅਨੁਪਾਤ ਅਨੁਸਾਰ ਵੰਡੀ ਜਾਂਦੀ ਹੈ।

ਵਪਾਰਕ ਪੂੰਜੀਪਤੀ ਆਪਣੇ ਨੌਕਰਾਂ ਦੀ ਬੇਤਰਸ ਲੁੱਟ ਕਰਦਾ ਹੈ

ਵਪਾਰੀ ਕੋਲ ਕੰਮ ਕਰਨ ਵਾਲਾ ਮੁਲਾਜਮ ਵੀ ਉਦਯੋਗਿਕ ਮਜ਼ਦੂਰ ਦੀ ਤਰ੍ਹਾਂ ਹੁੰਦਾ ਹੈ। ਉਹ ਭਾੜੇ ਦਾ ਮਜ਼ਦੂਰ ਹੁੰਦਾ ਹੈ ਅਤੇ ਬੁਰਜੂਆਜ਼ੀ ਉਸਨੂੰ ਵੀ ਲੁੱਟਦੀ ਹੈ। ਪਰ (ਉਦਯੋਗਿਕ ਮਜ਼ਦੂਰ ਅਤੇ ਵਪਾਰੀ ਦੇ ਨੌਕਰ ਵਿੱਚਕਾਰ) ਫ਼ਰਕ ਸਿਰਫ਼ ਇਹੋ ਹੁੰਦਾ ਹੈ ਕਿ ਉਦਯੋਗਿਕ ਮਜ਼ਦੂਰ ਪੂੰਜੀਪਤੀ ਦੀ ਨਿਗਰਾਨੀ ਹੇਠ ਪੈਦਾਵਾਰੀ ਖੇਤਰ ਵਿੱਚ ਉਸ ਲਈ ਵਾਫ਼ਰ ਕਦਰ ਪੈਦਾ ਕਰਦਾ ਹੈ ਜਦੋਂ ਕਿ ਵਪਾਰਕ ਖੇਤਰ ਦਾ ਮੁਲਾਜਮ ਪੂੰਜੀਪਤੀ ਦੀ ਨਿਗਰਾਨੀ ਹੇਠ ਵਟਾਂਦਰਾ ਖੇਤਰ ਵਿੱਚ ਉਸ ਲਈ ਵਾਫ਼ਰ ਕਦਰ ਦੀ ਉਗਰਾਹੀ ਕਰਦਾ ਹੈ। ਵਪਾਰਕ

ਖੇਤਰ ਦਾ ਮੁਲਾਜ਼ਮ ਉਦਯੋਗਿਕ ਮਜ਼ਦੂਰ ਦੀ ਤਰ੍ਹਾਂ ਲੁੱਟ ਦਾ ਸ਼ਿਕਾਰ ਕਿਵੇਂ ਬਣਦਾ ਹੈ? ਕਿਉਂਕਿ ਦੋਵੇਂ ਹੀ ਆਪਣੀ ਕਿਰਤ ਸ਼ਕਤੀ ਵੇਚ ਕੇ ਗੁਜਾਰਾ ਕਰਦੇ ਹਨ। ਉਨ੍ਹਾਂ ਦੀ ਕਿਰਤ ਸ਼ਕਤੀ ਦੀ ਕਦਰ ਕਿਰਤ ਸ਼ਕਤੀ ਦੀ ਮੁੜ-ਪੈਦਾਵਾਰ ਲਈ ਜ਼ਰੂਰੀ ਕਿਰਤ ਸਮੇਂ ਤੋਂ ਤੈਅ ਹੁੰਦੀ ਹੈ। ਭਾਵੇਂ ਵਪਾਰਕ ਖੇਤਰ ਦਾ ਮੁਲਾਜਮ ਜਿਣਸਾਂ ਦੇ ਵਪਾਰ ਨਾਲ ਸਬੰਧਿਤ ਆਪਣੀ ਕਿਰਤ ਨਾਲ ਕੋਈ ਕਦਰ ਜਾਂ ਵਾਫ਼ਰ ਕਦਰ ਦੀ ਸਿਰਜਣਾ ਨਹੀਂ ਕਰਦਾ, ਪਰ ਜਿਣਸਾਂ ਦੀ ਕਦਰ ਅਤੇ ਉਨ੍ਹਾਂ ਅੰਦਰ ਸਮੋਈ ਵਾਫ਼ਰ ਕਦਰ ਉਸਦੀ ਕਿਰਤ ਰਾਹੀਂ ਹੀ ਉਗਰਾਹੀ ਜਾਂਦੀ ਹੈ। ਇਸ ਲਈ, ਇਸ ਮੁਲਾਜਮ ਦੇ ਕਿਰਤ ਸਮੇਂ ਦੇ ਵੀ ਦੋ ਹਿੱਸੇ ਹੁੰਦੇ ਹਨ : ਜ਼ਰੂਰੀ ਕਿਰਤ ਸਮਾਂ ਅਤੇ ਵਾਫ਼ਰ ਕਿਰਤ ਸਮਾਂ। ਮੁਲਾਜਮ ਦੁਆਰਾ ਜਿਣਸਾਂ ਦੀ ਵਿੱਕਰੀ ਦੇ ਜਰੀਏ ਜਰੂਰੀ ਕਿਰਤ ਸਮੇਂ ਦੌਰਾਨ ਉਗਰਾਹੀ ਗਈ ਵਾਫ਼ਰ ਕਦਰ ਤੋਂ ਉਸ ਅਸਥਿਰ ਸਰਮਾਏ ਦੀ ਘਾਟਾ ਪੂਰਤੀ ਹੋ ਜਾਂਦੀ ਹੈ ਜਿਸ ਨਾਲ ਵਪਾਰੀ ਆਪਣੇ ਮੁਲਾਜਮ ਦੀ ਕਿਰਤ ਸ਼ਕਤੀ ਖਰੀਦਦਾ ਹੈ ਅਤੇ ਵਾਧੂ ਕਿਰਤ ਸਮੇਂ ਦੌਰਾਨ ਮੁਲਾਜਮ ਬਿਲਕੁਲ ਮੁਫ਼ਤ ਕੰਮ ਕਰਦਾ ਹੈ, ਜਿਸ ਨਾਲ ਵਪਾਰੀ ਵਪਾਰਕ ਮੁਨਾਫੇ ਦੇ ਰੂਪ ਵਿੱਚ ਵਾਫ਼ਰ ਕਦਰ 'ਚੋਂ ਆਪਣਾ ਹਿੱਸਾ ਬਟੋਰਦਾ ਹੈ। ਇਸ ਲਈ, ਵਪਾਰਕ ਖੇਤਰ ਦਾ ਮੁਲਾਜਮ ਵੀ ਉਦਯੋਗਿਕ ਮਜ਼ਦੂਰ ਵਾਂਗ ਲੁੱਟ ਦਾ ਸ਼ਿਕਾਰ ਹੁੰਦਾ ਹੈ।

ਵਪਾਰਕ ਪੂੰਜੀਪਤੀ ਦੁਆਰਾ ਆਪਣੇ ਮੁਲਾਜਮ ਦੀ ਲੁੱਟ ਓਨੀ ਹੀ ਬੇਤਰਸ ਹੁੰਦੀ ਹੈ। ਜਿਆਦਾ ਵਪਾਰਕ ਮੁਨਾਫਾ ਕਮਾਉਣ ਲਈ ਵਪਾਰਕ ਪੂੰਜੀਪਤੀ ਹਰ ਸਮੇਂ ਕਿਰਤ ਸਮਾਂ ਲੰਮਾ ਕਰਕੇ ਅਤੇ ਕਿਰਤ ਦੀ ਤੀਬਰਤਾ ਵਧਾਕੇ ਕਿਰਤ ਦੀ ਉਤਪਾਦਕਤਾ ਵਧਾਉਣ ਦੇ ਚੱਕਰ ਵਿੱਚ ਰਹਿੰਦਾ ਹੈ। ਉਹ ਦਿਹਾੜੀ ਕੱਟਣ ਅਤੇ ਹੋਰ ਬੇਰਹਿਮ ਢੰਗ ਤਰੀਕੇ ਅਪਨਾਉਂਦਾ ਹੈ। ਉਦਾਹਰਣ ਲਈ, ਪੁਰਾਣੇ ਸੰਘਾਈ ਦੀ ਸੀਏਹ-ਤਾ-ਸਿਆਂਗ ਸਿਲਕ ਗੁੱਡਜ ਕੰਪਨੀ ਨੂੰ ਲਓ। ਇਸ ਨੇ ਆਪਣੇ ਮੁਲਾਜਮਾਂ ਦੀ ਲੁੱਟ ਵਧਾਉਣ ਲਈ 120 ਸ਼ਰਤਾਂ ਥੋਪ ਰੱਖੀਆਂ ਸਨ। ਮੁਲਾਜਮ ਨੂੰ ਹਰ ਰੋਜ਼ ਹੋਰ ਵੱਧ ਸਖਤ ਮਿਹਨਤ ਕਰਨੀ ਪੈਂਦੀ ਸੀ। ਉਨ੍ਹਾਂ ਦੀ ਤਨਖਾਹ 'ਚੋਂ ਇੰਨੇ ਤਰ੍ਹਾਂ ਦੀਆਂ ਕਟੌਤੀਆਂ ਹੁੰਦੀਆਂ ਸਨ ਕਿ ਗੁਜਾਰੇ ਦਾ ਘੱਟ ਤੋਂ ਘੱਟ ਪੱਧਰ ਬਰਕਰਾਰ ਰੱਖਣਾ ਵੀ ਬੜਾ ਮੁਸ਼ਕਿਲ ਹੁੰਦਾ ਸੀ। ਪੂੰਜੀਪਤੀ ਵੱਲੋਂ ਕੀਤੀ ਬੇਰਹਿਮ ਲੁੱਟ ਕਾਰਨ ਲੱਖਾਂ ਆਮ ਮੁਲਾਜਮ, ਉਦਯੋਗਿਕ ਮਜ਼ਦੂਰਾਂ ਦੀ ਤਰਾਂ ਆਪਣੀ ਕਿਰਤ ਹੀ ਨਹੀਂ ਸਗੋਂ ਆਪਣੀ ਜਿੰਦਗੀ ਵੇਚਣ ਲਈ ਮਜ਼ਬੂਰ ਹੁੰਦੇ ਹਨ।

ਵਿੱਤੀ ਪੂੰਜੀਪਤੀ ਕਰਜੇ ਅਤੇ ਉਧਾਰ ਦੇਣ ਜ਼ਰੀਏ ਵਾਫ਼ਰ ਕਦਰ 'ਚੋਂ ਹਿੱਸਾ ਵਟਾਉਂਦੇ ਹਨ

ਵਿਆਜ ਦਾ ਸ੍ਰੋਤ ਵੀ ਵਾਫ਼ਰ ਕਦਰ ਹੀ ਹੈ

ਪੂੰਜੀਵਾਦੀ ਸਮਾਜ ਵਿੱਚ ਉਦਯੋਗਿਕ ਪੂੰਜੀਪਤੀ ਅਤੇ ਵਪਾਰਕ ਪੂੰਜੀਪਤੀ ਦੇ

ਇਲਾਵਾ ਵਪਾਰਕ ਪੂੰਜੀਪਤੀ ਵੀ ਵਾਫ਼ਰ ਕਦਰ 'ਚੋਂ ਆਪਣਾ ਹਿੱਸਾ ਬਟੋਰਦਾ ਹੈ।

ਲਾਗਤ ਕਰਜੇ ਅਤੇ ਹੋਰ ਉਧਾਰ ਲੈਣ-ਦੇਣ ਦੀਆਂ ਕੁੱਝ ਬਾਹਰਮੁਖੀ ਲੋੜਾਂ ਹਨ ਕਿਉਂਕਿ ਪੂੰਜੀਵਾਦੀ ਮੁੜ-ਪੈਦਾਵਾਰ ਦੀ ਪ੍ਰਕਿਰਿਆ ਦੌਰਾਨ ਕਿਸੇ ਸਮੇਂ ਪੂੰਜੀ ਦੀ ਘਾਟ ਪੈਦਾ ਹੋ ਸਕਦੀ ਹੈ। ਉਦਹਰਣ ਲਈ ਉਦੋਂ, ਜਦੋਂ ਹਾਲੇ ਉਤਪਾਦ ਨਹੀਂ ਵਿਕੇ ਪਰ ਫਿਰ ਵੀ ਕੱਚਾ ਮਾਲ ਤੇ ਮਸ਼ੀਨਰੀ ਖਰੀਦਣਾ ਅਤੇ ਮਜ਼ਦੂਰਾਂ ਨੂੰ ਤਨਖਾਹ ਦੇਣਾ ਜ਼ਰੂਰੀ ਹੋ ਜਾਵੇ, ਤਾਂ ਅਜਿਹੇ ਸਮੇਂ ਮੁਦਰਾ ਪੂੰਜੀ ਕਰਜੇ'ਤੇ ਲੈਣਾ ਪੈ ਸਕਦਾ ਹੈ। ਕਦੇ-ਕਦੇ ਪੂੰਜੀਪਤੀ ਕੋਲ਼ ਬੇਕਾਰ ਮੁਦਰਾ ਪੂੰਜੀ ਇਕੱਠਾ ਹੋ ਜਾਂਦਾ ਹੈ। ਉਦਾਹਰਣ ਲਈ, ਅਚੱਲ ਸਰਮਾਏ ਦੀ ਥਾਂ-ਪੂਰਤੀ ਹੋਣ ਤੱਕ ਪੂੰਜੀਪਤੀ ਦੇ ਕੋਲ਼ ਘਸਾਈ ਦੀ ਰਕਮ ਇਕੱਠੀ ਹੋ ਸਕਦੀ ਹੈ। ਕਦੇ ਅਜਿਹਾ ਵੀ ਹੋ ਸਕਦਾ ਹੈ ਕਿ ਜਿਣਸਾਂ ਵਿਕ ਗਈਆਂ ਹੋਣ ਪਰ ਕੱਚਾ ਮਾਲ ਖਰੀਦਣਾ ਅਤੇ ਮਜ਼ਦੂਰਾਂ ਨੂੰ ਭੁਗਤਾਨ ਕਰਨ ਤੋਂ ਪਹਿਲਾਂ ਪੂੰਜੀ ਬੇਕਾਰ ਪਈ ਹੋਵੇ। ਅਜਿਹੀ ਹਾਲਤ ਵਿੱਚ, ਜਿੰਨ੍ਹਾਂ ਪੂੰਜੀਪਤੀਆਂ ਕੋਲ਼ ਮੁਦਰਾ ਪੂੰਜੀ ਹੈ ਉਹ ਫੌਰੀ ਤੌਰ 'ਤੇ ਬੇਕਾਰ ਇਸ ਸਰਮਾਏ ਨੂੰ ਉਨ੍ਹਾਂ ਪੂੰਜੀਪਤੀਆਂ ਨੂੰ ਉਧਾਰ ਦੇ ਸਕਦੇ ਹਨ, ਜਿਨ੍ਹਾਂ ਨੂੰ ਮੁਦਰਾ ਦੀ ਜ਼ਰੂਰਤ ਹੋਵੇ। ਇਸ ਮੁਦਰਾ ਸਰਮਾਏ ਨੂੰ ਉਧਾਰ ਲੈਣ ਵਾਲਾ ਪੂੰਜੀਪਤੀ ਇਸਦੀ ਵਰਤੋਂ ਵਾਫ਼ਰ ਕਦਰ ਹੜੱਪਣ ਲਈ ਇਸਨੂੰ ਜਿਣਸ ਪੈਦਾਵਾਰ ਵਿੱਚ ਜਾਂ ਵਟਾਂਦਰੇ ਦੇ ਖੇਤਰ 'ਚ ਖਰਚ ਕਰੇਗਾ। ਸਪਸ਼ੱਟ ਹੈ ਕਿ ਇਸ ਮੁਦਰਾ ਸਰਮਾਏ ਦੇ ਮਾਲਕ ਦੂਸਰੇ ਪੂੰਜੀਪਤੀਆਂ ਨੂੰ ਇਹ ਮੁਦਰਾ ਉਂਝ ਹੀ ਨਹੀਂ ਦੇ ਦੇਣਗੇ ਉਹ ਉਧਾਰ ਲੈਣ ਵਾਲੇ ਪੂੰਜੀ ਤੋਂ ਇਸ ਕਰਜ਼ੇ ਬਦਲੇ ਕੁੱਝ ਕੀਮਤ ਮੰਗਣਗੇ। ਉਧਾਰ ਲੈਣ ਵਾਲੇ ਪੂੰਜੀ ਨੂੰ ਆਪਣੇ ਵੱਲੋਂ ਨਿਚੋੜੀ ਗਈ ਵਾਫ਼ਰ ਕਦਰ ਦਾ ਇੱਕ ਹਿੱਸਾ ਕਰਜ਼ਾ ਦੇਣ ਵਾਲੇ ਪੂੰਜੀ ਨਾਲ ਵੰਡਣਾ ਪੈਂਦਾ ਹੈ। ਵਾਫ਼ਰ ਕਦਰ ਦੇ ਇਸ ਹਿੱਸੇ ਨੂੰ ਹੀ ਵਿਆਜ ਕਹਿੰਦੇ ਹਨ। ਵਿਆਜ ਵਾਸਤੇ ਉਧਾਰ ਦਿੱਤੇ ਗਏ ਮੁਦਰਾ ਪੂੰਜੀ ਨੂੰ ਕਰਜ਼ਾ ਪੂੰਜੀ ਕਹਿੰਦੇ ਹਨ। ਵਿਆਜ ਅਤੇ ਕਰਜਾ ਪੂੰਜੀ ਦੇ ਅਨੁਪਾਤ ਨੂੰ ਵਿਆਜ ਦਰ ਕਹਿੰਦੇ ਹਨ। ਵਿਆਜ ਦੀ ਉੱਚੀ ਤੋਂ ਉੱਚੀ ਦਰ ਵੀ ਔਸਤ ਮੁਨਾਫੇ ਦੀ ਦਰ ਤੋਂ ਵੱਧ ਨਹੀਂ ਹੋ ਸਕਦੀ। ਜੇ ਇਸ ਤਰ੍ਹਾਂ ਨਹੀਂ ਹੋਵੇਗਾ ਤਾਂ ਉਧਾਰ ਲੈਣ ਵਾਲੇ ਪੂੰਜੀਪਤੀ ਨੂੰ ਕਰਜ਼ਾ ਲੈਣ ਦਾ ਕੋਈ ਲਾਭ ਨਹੀਂ ਹੋਵੇਗਾ ਅਤੇ ਇਸ ਲਈ ਉਹ ਕਰਜਾ ਹੀ ਨਹੀਂ ਲਵੇਗਾ। ਵਿਆਜ ਦਾ ਸ੍ਰੋਤ ਵਾਫ਼ਰ ਕਦਰ ਹੀ ਹੁੰਦੀ ਹੈ। ਪਰ ਪੂੰਜੀਵਾਦੀ ਅਰਥਸ਼ਾਸਤਰੀ ਇਹ ਗਲਤ ਸਿਧਾਂਤ ਪੇਸ਼ ਕਰਦੇ ਹਨ ਕਿ "ਛੋਟੀ ਪੂੰਜੀ ਵੱਡੀ ਪੂੰਜੀ ਨੂੰ ਪਾਲਦੀ ਹੈ" ਅਤੇ ਕਿ "ਵਿਆਜ ਮੁਦਰਾ ਦੀ ਹੀ ਦੇਣ ਹੈ"। ਅਜਿਹਾ ਕਰਕੇ ਉਹ ਫਿਰ ਵਿਆਜ ਦੀ ਪ੍ਰਕਿਰਤੀ ਅਤੇ ਸ੍ਰੋਤ ਨੂੰ ਅਤੇ ਪੂੰਜੀਪਤੀਆਂ ਦੇ ਲੁਟੇਰੇ ਸਬੰਧਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ।

ਕਰਜ਼ਾ ਲੈਣ ਅਤੇ ਕਰਜ਼ਾ ਦੇਣ ਦੀਆਂ ਵਿਆਜ ਦਰਾਂ ਵਿਚਲੇ ਫ਼ਰਕ ਤੋਂ ਹੀ 'ਬੈਂਕ ਮੁਨਾਫਾ' ਕਮਾਇਆ ਜਾਂਦਾ ਹੈ

ਪੂੰਜੀਵਾਦੀ ਸਮਾਜ ਵਿੱਚ ਮੁਦਰਾ ਦਾ ਕਰਜੇ ਦੇ ਰੂਪ ਵਿੱਚ ਲੈਣ ਦੇਣ ਮੁੱਖ ਤੌਰ 'ਤੇ

ਬੈਂਕਾਂ ਰਾਹੀਂ ਹੁੰਦਾ ਹੈ। ਜਮ੍ਹਾਂ ਦੇ ਰੂਪ ਵਿੱਚ ਬੈਂਕ ਉਸ ਬੇਕਾਰ ਪੂੰਜੀ ਅਤੇ ਰਕਮਾਂ ਨੂੰ ਇਕੱਠਾ ਕਰਦਾ ਹੈ ਜਿੰਨ੍ਹਾਂ ਦੀ ਲੋਕਾਂ ਨੂੰ ਕੁੱਝ ਸਮੇਂ ਤੱਕ ਕੋਈ ਲੋੜ ਨਹੀਂ ਹੁੰਦੀ। ਫਿਰ ਬੈਂਕ ਇਸ ਮੁਦਰਾ ਨੂੰ ਸਰਗਰਮ ਪੂੰਜੀਪਤੀਆਂ ਨੂੰ ਉਧਾਰ ਦਿੰਦਾ ਹੈ। ਬੈਂਕ, ਅਜਿਹੀ ਮੁਦਰਾ ਨੂੰ ਖਿੱਚਣ ਲਈ ਵਿਆਜ ਦਾ ਭੁਗਤਾਨ ਕਰਦਾ ਹੈ ਅਤੇ ਫਿਰ ਦਿੱਤੇ ਗਏ ਕਰਜਿਆਂ ਉੱਪਰ ਵਿਆਜ ਵਸੂਲ ਕਰਦਾ ਹੈ। ਕਰਜ 'ਤੇ ਵਿਆਜ ਦਰ ਜਮ੍ਹਾਂ ਅਤੇ ਵਿਆਜ ਦਰ ਤੋਂ ਵਧੇਰੇ ਹੁੰਦੀ ਹੈ। ਲੈਣ-ਦੇਣ ਦੀਆਂ ਵਿਆਜ ਦਰਾਂ ਵਿੱਚ ਇਹ ਫਰਕ ਹੀ, ਬੈਂਕ ਨੂੰ ਚਲਾਉਣ ਦਾ ਖਰਚਾ ਕੱਢਣ ਤੋਂ ਬਾਅਦ, ਬੈਂਕ ਮੁਨਾਫਾ ਹੁੰਦਾ ਹੈ। ਵਿਆਜ ਦੀ ਤਰਾਂ, ਇਹ ਬੈਂਕ ਮੁਨਾਫਾ ਵੀ ਮਜ਼ਦੂਰ ਵੱਲੋਂ ਪੈਦਾਵਾਰੀ ਪ੍ਰਕਿਰਿਆ ਦੌਰਾਨ ਸਿਰਜੀ ਗਈ ਵਾਫ਼ਰ ਕਦਰ ਤੋਂ ਹੀ ਆਉਂਦਾ ਹੈ। ਇਸ ਤਰਾਂ, ਸ਼ਾਹੂਕਾਰ ਵੀ, ਲੈਣ-ਦੇਣ ਦੀਆਂ ਵਿਆਜ ਦਰਾਂ ਵਿੱਚਲੇ ਫਰਕ ਰਾਹੀਂ, ਮਜ਼ਦੂਰ ਦੁਆਰਾ ਸਿਰਜਿਤ ਵਾਫ਼ਰ ਕਦਰ 'ਚੋਂ ਆਪਣਾ ਹਿੱਸਾ ਬਟੋਰਦਾ ਹੈ।

ਬੈਂਕ ਚਲਾਉਣ ਲਈ, ਪੂੰਜੀਪਤੀ ਨਿਵੇਸ਼ ਕਰਨ ਦੇ ਪਿੱਛੇ ਬੈਂਕਿੰਗ ਪੂੰਜੀਪਤੀ ਦਾ ਮਕਸਦ ਮੁਨਾਫਾ ਕਮਾਉਣਾ ਹੀ ਹੁੰਦਾ ਹੈ। ਇਸ ਲਈ ਬੈਂਕ ਮੁਨਾਫਾ ਦੂਸਰੇ ਸਰਗਰਮ ਪੂੰਜੀਪਤੀਆਂ ਦੁਆਰਾ ਕਮਾਏ ਔਸਤ ਮੁਨਾਫੇ ਤੋਂ ਘੱਟ ਨਹੀਂ ਹੋ ਸਕਦਾ ਜੇ ਬੈਂਕ ਮੁਨਾਫਾ ਔਸਤ ਮੁਨਾਫੇ ਤੋਂ ਘੱਟ ਹੋਵੇਗਾ ਤਾਂ ਫਿਰ ਬੈਂਕਿੰਗ ਪੂੰਜੀਪਤੀ ਵੀ ਬੈਂਕ ਚਲਾਉਣ ਦੀ ਬਜਾਏ ਉਦਯੋਗਿਕ ਜਾਂ ਵਪਾਰਕ ਖੇਤਰਾਂ ਵਿੱਚ ਆਪਣਾ ਸਰਮਾਇਆ ਨਿਵੇਸ਼ ਕਰੇਗਾ।

ਸ਼ੇਅਰ ਬਜ਼ਾਰ ਪੂੰਜੀਵਾਦ ਦੇ ਪਰਜੀਵੀ ਸੁਭਾਅ ਦੇ ਵਧਦੇ ਜਾਣ ਦਾ ਸੂਚਕ ਹੈ

ਪੂੰਜੀਵਾਦੀ ਪੈਦਾਵਾਰ ਦੇ ਵਿਕਾਸ ਦੇ ਨਾਲ ਉਦਯੋਗਾਂ ਦਾ ਪੈਮਾਨਾ ਵਧ ਜਾਂਦਾ ਹੈ। ਵਿਸ਼ਾਲ ਉਦਯੋਗਾਂ ਨੂੰ ਚਲਾਉਣ ਲਈ ਲੋੜੀਂਦੀ ਇਹ ਵਿਸ਼ਾਲ ਪੂੰਜੀ ਜੁਟਾ ਸਕਣਾ ਇਕੱਲੇ ਪੂੰਜੀਪਤੀ ਲਈ ਸੰਭਵ ਨਹੀਂ ਹੁੰਦਾ। ਤਾਂ ਫਿਰ ਕਈ ਪੂੰਜੀਪਤੀਆਂ ਦੁਆਰਾ ਮਿਲਕੇ ਸਾਂਝੀ ਸਟਾਕ ਕਾਰਪੋਰੇਸ਼ਨ ਬਣਾਉਣ ਦੀ ਲੋੜ ਉਪਜਦੀ ਹੈ। ਸਾਂਝੀ ਸਟਾਕ ਕਾਰਪੋਰੇਸ਼ਨ ਇੱਕ ਅਜਿਹਾ ਧੰਦਾ ਹੁੰਦਾ ਹੈ ਜਿਸ ਵਿੱਚ ਕਈ ਪੂੰਜੀਪਤੀਆਂ ਦੀ ਪੂੰਜੀ ਸੰਯੁਕਤ ਰੂਪ ਵਿੱਚ ਲੱਗੀ ਹੁੰਦੀ ਹੈ। ਵੱਡੀ ਪੂੰਜੀ ਵੱਲੋਂ ਛੋਟੀ ਅਤੇ ਦਰਮਿਆਨੀ ਪੂੰਜੀ ਨੂੰ ਕੰਟਰੋਲ ਕਰਨ ਦਾ ਅਤੇ ਇਸ ਤਰਾਂ ਜਮਾਂ ਹੋਈ ਪੂੰਜੀ ਨੂੰ ਮਨ ਮਰਜ਼ੀ ਨਾਲ ਖਰਚ ਕਰਨ ਦਾ ਇਹ ਇੱਕ ਮਹੱਤਵਪੂਰਨ ਜਰੀਆ ਹੁੰਦੀ ਹੈ।

ਸਾਂਝੀ ਸਟਾਕ ਕੰਪਨੀ ਆਪਣੇ ਸਟਾਕ ਜਾਂ ਸ਼ੇਅਰ ਜ਼ਾਰੀ ਕਰਦੀ ਹੈ ਅਤੇ ਉਨ੍ਹਾਂ ਨੂੰ ਖਰੀਦਣ ਵਾਲੇ ਸ਼ੇਅਰ ਮਾਲਕ ਬਣ ਜਾਂਦੇ ਹਨ। ਸ਼ੇਅਰ ਮਾਲਕਾਂ ਨੂੰ ਆਪਣੇ ਸ਼ੇਅਰਾਂ ਦੇ ਅਨੁਪਾਤ ਅਨੁਸਾਰ, ਕੁੱਲ ਕਮਾਏ ਗਏ ਮੁਨਾਫੇ 'ਚੋਂ ਆਪਣਾ-ਆਪਣਾ ਹਿੱਸਾ ਲੈਣ ਦਾ ਅਧਿਕਾਰ ਹੁੰਦਾ ਹੈ। ਇਨ੍ਹਾਂ ਸ਼ੇਅਰਾਂ ਤੋਂ ਹੋਣ ਵਾਲੀ ਆਮਦਨ ਨੂੰ ਲਾਭ ਅੰਸ਼ ਕਹਿੰਦੇ ਹਨ।

ਸ਼ੇਅਰਾਂ ਦੇ ਮਾਲਕ ਪੂੰਜੀਪਤੀਆਂ ਨੂੰ ਕੋਈ ਕੰਮ ਕਰਨ ਦੀ ਜ਼ਰੂਰਤ ਨਹੀਂ ਹੁੰਦੀ।

ਉਹ ਸਾਰਾ ਦਿਨ ਮੌਜ਼–ਮਸਤੀਆਂ ਕਰ ਸਕਦਾ ਹੈ ਅਤੇ ਲਾਭ ਅੰਸ਼ ਦੇ ਸਹਾਰੇ ਐਸ਼ੋ–ਅਰਾਮ ਨਾਲ ਰਹਿ ਸਕਦਾ ਹੈ। ਸ਼ੇਅਰਾਂ ਦੇ ਮਾਲਕ ਅਕਸਰ ਸ਼ੇਅਰਾਂ ਦੀ ਸੱਟੇਬਾਜ਼ੀ ਵੀ ਕਰਦੇ ਹਨ। ਸ਼ੇਅਰ ਬਜ਼ਾਰ ਵਿੱਚ ਬੇਈਮਾਨੀ ਭਰੇ ਮੁਕਾਬਲੇ ਦਾ ਬੋਲਬਾਲਾ ਹੁੰਦਾ ਹੈ। ਵਿਆਜ ਦੀ ਪਰਚੀ ਕੱਟ ਕੇ ਦੇਣ ਨਾਲ ਅਤੇ ਸ਼ੇਅਰ ਬਜ਼ਾਰ ਦੀ ਸੱਟੇਬਾਜ਼ੀ ਕਰਕੇ ਪਲਣ ਵਾਲਿਆਂ ਦਾ ਪੈਦਾ ਹੋਣਾ ਪੂੰਜੀਵਾਦ ਦੇ ਪਰਜੀਵੀ ਸੁਭਾਅ ਦੇ ਵਧਦੇ ਜਾਣ ਦਾ ਸੂਚਕ ਹੈ।

ਭੂਮੀਪਤੀ ਬਿਨਾਂ ਬੀਜੇ ਫਸਲ ਵੱਢਦੇ ਹਨ

ਜ਼ਮੀਨ ਦੀ ਪੂੰਜੀਵਾਦੀ ਇਜ਼ਾਰੇਦਾਰਾਨਾ ਵਰਤੋਂ ਵਿਤਰੇਕੀ (Differential) ਲਗਾਨ ਨੂੰ ਜਨਮ ਦਿੰਦੀ ਹੈ

ਭੂ–ਸਵਾਮੀ ਪੂੰਜੀਵਾਦੀ ਸਮਾਜ ਦੀ ਇੱਕ ਹੋਰ ਲੁਟੇਰੀ ਜਮਾਤ ਹੁੰਦੀ ਹੈ। ਇਹ ਜਮੀਨ ਦੀ ਮਾਲਕ ਹੁੰਦੀ ਹੈ ਜੋ ਆਪਣੀ ਜ਼ਮੀਨ ਨੂੰ ਉਦਯੋਗਿਕ ਅਤੇ ਖੇਤੀ ਸਰਮਾਏਦਾਰ ਨੂੰ ਠੇਕੇ 'ਤੇ ਦੇਣ ਰਾਹੀਂ ਵਾਫ਼ਰ ਕਦਰ 'ਚੋਂ ਆਪਣਾ ਹਿੱਸਾ ਬਟੋਰਦੀ ਹੈ। ਪੂੰਜੀਵਾਦੀ ਜਮੀਨੀ ਲਗਾਨ ਨੂੰ ਉਜਾਗਰ ਕਰਨ ਲਈ ਅਸੀਂ ਇਸਦੇ ਦੋ ਰੂਪਾਂ —ਵਿਤਰੇਕੀ ਲਗਾਨ ਅਤੇ ਨਿਰਪੇਖ (Absolute) ਲਗਾਨ ਤੋਂ ਸ਼ੁਰੂ ਕਰਾਂਗੇ।

ਜਮੀਨ, ਖੇਤੀ ਪੈਦਾਵਾਰ ਲਈ ਪੈਦਾਵਾਰ ਦਾ ਬੁਨਿਆਦੀ ਸਾਧਨ ਹੈ। ਪਰ ਪੈਦਾਵਾਰ ਦੇ ਹੋਰ ਸਾਧਨਾਂ ਤੋਂ ਉਲਟ ਇਹ ਆਪਣੀ ਸੀਮਤ ਮਾਤਰਾ ਵਿੱਚ ਉਪਲਭਧ ਹੈ। ਇੱਥੇ ਵੀ ਉਤਪਾਦਕਤਾ ਦੇ ਲਿਹਾਜ ਨਾਲ ਅੱਵਲ, ਦਰਮਿਆਨੀ ਅਤੇ ਘਟੀਆ ਦਰਜੇ ਦੀ ਜ਼ਮੀਨ ਹੁੰਦੀ ਹੈ। ਪੂੰਜੀਵਾਦੀ ਸਮਾਜ ਵਿੱਚ ਜਮੀਨ ਦੇ ਸੀਮਤ ਹੋਣ ਕਾਰਨ, ਪੂੰਜੀਵਾਦੀ ਸਮਾਜ ਵਿੱਚ ਪੂੰਜੀਪਤੀ ਵੱਲੋਂ ਇਸਦੀ ਇਜ਼ਾਰੇਦਾਰਾਨਾ ਮਾਲਕੀ ਹੋਂਦ ਵਿੱਚ ਆਉਂਦੀ ਹੈ।

ਜ਼ਮੀਨ ਉੱਪਰ ਪੂੰਜੀਵਾਦੀ ਇਜਾਰੇਦਾਰੀ ਹੋਣ ਕਰਕੇ ਕੁੱਝ ਖੇਤੀ ਪੂੰਜੀਪਤੀ ਅੱਵਲ ਅਤੇ ਦਰਮਿਆਨੀ ਕਿਸਮ ਦੀ ਜਮੀਨ ਉਪਰ ਖੇਤੀ ਕਰਦੇ ਹਨ ਅਤੇ ਕੁੱਝ ਹੋਰ ਬਾਕੀ ਬਚਦੀ ਘਟੀਆ ਕਿਸਮ ਦੀ ਜਮੀਨ ਉੱਪਰ। ਕਿਉਂਕਿ ਇਕੱਲੀ ਅੱਵਲ ਅਤੇ ਦਰਮਿਆਨੀ ਕਿਸਮ ਦੀ ਜਮੀਨ ਉੱਪਰ ਹੋਣ ਵਾਲੀ ਖੇਤੀ ਪੈਦਾਵਾਰ ਮੰਡੀ ਦੀ ਮੰਗ ਨੂੰ ਪੂਰਾ ਨਹੀਂ ਕਰ ਸਕਦੀ ਇਸ ਲਈ ਖੇਤੀ ਪੈਦਾਵਾਰ ਦੀਆਂ ਕੀਮਤਾਂ ਚੜ੍ਹ ਜਾਂਦੀਆਂ ਹਨ। ਇਹ ਉਦੋਂ ਤੱਕ ਵਧਦੀਆਂ ਰਹਿੰਦੀਆਂ ਹਨ ਜਦੋਂ ਤੱਕ ਘਟੀਆ ਕਿਸਮ ਦੀ ਜ਼ਮੀਨ 'ਤੇ ਖੇਤੀ ਕਰਨ ਵਾਲੇ ਪੂੰਜੀਪਤੀ ਨੂੰ ਔਸਤ ਮੁਨਾਫਾ ਨਹੀਂ ਮਿਲ ਜਾਂਦਾ। ਮਾਰਕਸ ਲਿਖਦੇ ਹਨ, *"ਸਭ ਤੋਂ ਘਟੀਆ ਦਰਜੇ ਦੀ ਜਮੀਨ ਤੋਂ ਹੋਈ ਉਪਜ ਦੀ ਪੈਦਾਵਾਰੀ ਕੀਮਤ ਹੀ ਮੰਡੀ ਦੀਆਂ ਕੀਮਤਾਂ ਨੂੰ ਨਿਯੰਤ੍ਰਿਤ ਕਰਦੀ ਹੈ"।* (3) ਇਸ ਤਰ੍ਹਾਂ ਅੱਵਲ ਅਤੇ ਦਰਮਿਆਨੇ ਦਰਜੇ ਦੀ ਜਮੀਨ 'ਤੇ ਖੇਤੀ ਕਰਨ ਵਾਲੇ ਪੂੰਜੀਪਤੀ ਨੂੰ ਵਾਧੂ ਮੁਨਾਫਾ ਮਿਲ ਜਾਂਦਾ ਹੈ। ਇਹ ਵਾਧੂ ਮੁਨਾਫਾ ਹੀ ਫਰਕਵਾਂ ਲਗਾਨ ਹੁੰਦਾ ਹੈ।

ਵਿਤਰੇਕੀ ਲਗਾਨ ਦੋ ਕਿਸਮ ਦਾ ਹੁੰਦਾ ਹੈ। ਇੱਕ ਕਿਸਮ ਦਾ ਵਿਤਰੇਕੀ ਲਗਾਨ ਜ਼ਮੀਨ ਦੀ ਉਤਪਾਦਕਤਾ ਅਤੇ ਭੂਗੋਲਿਕ ਸਥਿਤੀਆਂ ਵਿੱਚ ਫਰਕ ਹੋਣ ਦੇ ਕਾਰਨ ਹੋਂਦ ਵਿੱਚ ਆਉਂਦਾ ਹੈ, ਜਿਸਨੂੰ ਵਿਤਰੇਕੀ ਲਗਾਨ–I ਕਹਿੰਦੇ ਹਨ, ਤੇ ਦੂਜੀ ਕਿਸਮ ਦਾ ਵਿਤਰੇਕੀ ਲਗਾਨ ਜ਼ਮੀਨ ਦੇ ਇੱਕੋ ਹੀ ਟੁਕੜੇ ਉੱਪਰ ਵਾਰ–ਵਾਰ ਨਿਵੇਸ਼ ਹੋਣ ਦੇ ਕਾਰਨ ਹੋਂਦ ਵਿੱਚ ਆਉਂਦਾ ਹੈ, ਜਿਸਨੂੰ ਵਿਤਰੇਕੀ ਲਗਾਨ–II ਕਹਿੰਦੇ ਹਨ।

ਇਸ ਗੱਲ ਨੂੰ ਸਮਝਣ ਲਈ, ਅਸੀਂ ਇੱਕੋ ਹੀ ਆਕਾਰ ਦੇ ਪਰ ਵੱਖੋ–ਵੱਖਰੀ ਉਤਪਾਦਕਤਾ ਵਾਲੇ ਜ਼ਮੀਨ ਦੇ ਤਿੰਨ ਟੁਕੜਿਆਂ ਦੀ ਉਦਾਹਰਣ ਲੈਂਦੇ ਹਾਂ (ਵੇਖੋ ਅੱਗੇ ਦਿੱਤੀ ਗਈ ਸਾਰਣੀ)

ਜ਼ਮੀਨ ਦੇ ਇੰਨ੍ਹਾਂ ਤਿੰਨੋ ਹੀ ਟੁਕੜਿਆਂ ’ਤੇ 200 ਯੁਆਨ ਦਾ ਪੂੰਜੀ ਨਿਵੇਸ਼ ਕੀਤਾ ਗਿਆ ਹੈ। ਮੰਨ ਲਓ ਇਹ ਸਮੁੱਚੀ ਪੂੰਜੀ ਇੰਨ੍ਹਾਂ ਟੁਕੜਿਆਂ ਤੋ ਹੋਈਂ ਪੈਦਾਵਾਰ ਵਿੱਚ ਤਬਦੀਲ ਹੋ ਜਾਂਦੀ ਹੈ ਤਾਂ ਫਿਰ ਤਿੰਨਾਂ ਹੀ ਕੇਸਾਂ ਵਿੱਚ ਪੈਦਾਵਾਰ ਦੀ ਲਾਗਤ 200 ਯੁਆਨ ਹੋਏਗੀ। ਪਰ ਵੱਖੋ–ਵੱਖਰੀ ਉਤਪਾਦਕਤਾ ਵਾਲੀ ਜ਼ਮੀਨ ਉੱਪਰ ਖੇਤ ਮਜ਼ਦੂਰ ਦੀ ਕਿਰਤ ਦੀ ਉਤਪਾਦਕਤਾ ਵੱਖੋ–ਵੱਖਰੀ ਹੁੰਦੀ ਹੈ। ਮੰਨ ਲਓ ਕਿ ਖੇਤੀ ਪੈਦਾਵਾਰ ਕ੍ਰਮਵਾਰ : 4000 ਚਿਨ (ਭਾਰ ਦੀ ਚੀਨੀ ਇਕਾਈ–ਅਨੁ:), 5000 ਚਿਨ ਅਤੇ 6000 ਚਿਨ ਹੁੰਦੀ ਹੈ। ਜੇ ਔਸਤ ਮੁਨਾਫਾ 20% ਹੋਵੇ ਤਾਂ ਫਿਰ ਜ਼ਮੀਨ ਦੇ ਹਰ ਇੱਕ ਟੁਕੜੇ ਤੋਂ ਹੋਈ ਖੇਤੀ ਉਪਜ ਦੀ ਪੈਦਾਵਾਰੀ ਕੀਮਤ (ਲਾਗਤ ਮੁੱਲ+ ਔਸਤ ਮੁਨਾਫਾ) 240 ਯੁਆਨ ਹੋਈ। ਹੁਣ ਕਿਉਂਕਿ ਅਲੱਗ–ਅਲੱਗ ਟੁਕੜਿਆਂ ਤੋਂ ਹੋਈ ਉਪਜ ਦੀ ਮਾਤਰਾ ਅਲੱਗ–ਅਲੱਗ ਹੈ ਇਸ ਲਈ ਤਿੰਨਾਂ ਕੇਸਾਂ ਵਿੱਚ ਇੱਕ ਇਕਾਈ ਉਪਜ ਦੀ ਪੈਦਾਵਾਰੀ ਕੀਮਤ ਵੀ ਅਲੱਗ –ਅਲੱਗ ਹੋਵੇਗੀ। ਘਟੀਆ ਜਮੀਨ ਤੇ ਇਹ 0.060 ਯੁਆਨ ਹੋਵੇਗੀ ਦਰਮਿਆਨੀ ਜ਼ਮੀਨ ’ਤੇ 0.048 ਯੁਆਨ ਅਤੇ ਅੱਵਲ ਦਰਜੇ ਦੀ ਜ਼ਮੀਨ ’ਤੇ 0.040 ਯੁਆਨ ਹੋਏਗੀ। ਮੰਡੀ ਵਿੱਚ ਸਮਾਜਿਕ ਪੈਦਾਵਾਰੀ ਕੀਮਤ ਘਟੀਆ ਕਿਸਮ ਦੀ ਜ਼ਮੀਨ ਦੀ ਇੱਕ ਇਕਾਈ ਪੈਦਾਵਾਰੀ ਕੀਮਤ ਤੋਂ ਤੈਅ ਹੋਏਗੀ ਜੋ 0.060 ਯੁਆਨ ਪ੍ਰਤੀ ਚਿਨ ਹੈ। ਇਸ ਪ੍ਰਕਾਰ ਘਟੀਆ ਕਿਸਮ ਦੀ ਜ਼ਮੀਨ ਉੱਪਰ ਖੇਤੀ ਕਰਨ ਵਾਲਾ ਖੇਤੀ ਪੂੰਜੀਪਤੀ 240 ਯੁਆਨ ਹਾਸਲ ਕਰਦਾ ਹੈ। 200 ਯੁਆਨ ਲਗਾਨ ਘਟਾਉਣ ਉਪਰੰਤ ਉਸਨੂੰ 40 ਯੁਆਨ ਦਾ ਔਸਤ ਮੁਨਾਫਾ ਬਚਦਾ ਹੈ। ਉਸਨੂੰ ਕੋਈ ਵਾਧੂ ਮੁਨਾਫਾ ਜਾਂ ਵਿਤਰੇਕੀ ਲਗਾਨ ਨਹੀਂ ਮਿਲਦਾ। ਦਰਮਿਆਨੇ ਅਤੇ ਅੱਵਲ ਦਰਜੇ ਦੀ ਜ਼ਮੀਨ ’ਤੇ ਖੇਤੀ ਕਰਨ ਵਾਲਿਆਂ ਨੂੰ ਕ੍ਰਮਵਾਰ: 300 ਯੁਆਨ ਅਤੇ 360 ਯੁਆਨ ਮਿਲਦੇ ਹਨ। 200 ਯੁਆਨ ਲਾਗਤ ਘਟਾਉਣ ਤੋਂ ਬਾਅਦ ਉਨ੍ਹਾਂ ਨੂੰ 40 ਯੁਆਨ ਔਸਤ ਮੁਨਾਫੇ ਤੋਂ ਇਲਾਵਾ ਕ੍ਰਮਵਾਰ 60 ਯੁਆਨ ਅਤੇ 120 ਯੁਆਨ ਦਾ ਵਾਧੂ ਮੁਨਾਫਾ ਮਿਲਦਾ ਹੈ। ਇਹ ਵਾਧੂ ਮੁਨਾਫਾ ਵਿਤਰੇਕੀ ਲਗਾਨ–I ਹੁੰਦਾ ਹੈ।

ਹੁਣ ਵਿਤਰੇਕੀ ਲਗਾਨ II ਨੂੰ ਸਮਝਣ ਲਈ ਜ਼ਮੀਨ ਦੇ ਇੱਕੋ ਹੀ ਟੁਕੜੇ ਉੱਪਰ ਵਾਰ–ਵਾਰ ਨਿਵੇਸ਼ ਦੀ ਉਦਾਹਰਣ ਲੈਂਦੇ ਹਾਂ। ਉਦਾਹਰਣ ਲਈ, ਘਟੀਆ ਕਿਸਮ ਦੀ ਜ਼ਮੀਨ ਉੱਪਰ ਪੂੰਜੀਪਤੀ ਵਾਰ–ਵਾਰ ਨਿਵੇਸ਼ ਕਰਦਾ ਹੈ। ਉਹ ਪਹਿਲੀ ਵਾਰ 200 ਯੁਆਨ

ਦਾ ਨਿਵੇਸ਼ ਕਰਦਾ ਹੈ। ਉਪਜ 4000 ਚਿਨ ਨਿੱਕਲਦੀ ਹੈ ਅਤੇ ਔਸਤ ਮੁਨਾਫਾ 40 ਯੁਆਨ ਹੁੰਦਾ ਹੈ। ਇਸ ਵਿੱਚ ਕੋਈ ਵਾਧੂ ਮੁਨਾਫਾ ਜਾਂ ਫਰਕਵਾਂ ਲਗਾਨ ਸ਼ਾਮਿਲ ਨਹੀਂ ਹੈ। ਹੁਣ ਜੇ ਇਹੀ ਪੂੰਜੀਪਤੀ ਅਗਲੀ ਵਾਰ ਸਿੰਜਾਈ ਸਹੂਲਤਾਂ 'ਚ ਸੁਧਾਰ, ਖਾਦ ਦੀ ਮਾਤਰਾ ਵਧਾਉਣ, ਨਵੀਂ ਖੇਤੀ ਮਸ਼ੀਨਰੀ ਖਰੀਦਣ, ਹੋਰ ਵੱਧ ਖੇਤ ਮਜ਼ਦੂਰਾਂ ਨੂੰ ਭਾੜੇ 'ਤੇ ਲੈਣ ਅਤੇ ਕਿਰਤ ਦੀ ਉਤਪਾਦਕਤਾ ਵਧਾਉਣ ਲਈ 200 ਯਆਨ ਹੋਰ ਵੱਧ ਨਿਵੇਸ਼ ਕਰਦਾ ਹੈ ਤਾਂ ਉਸਦੀ ਉਪਜ 5000 ਚਿਨ ਤੱਕ ਵਧ ਸਕਦੀ ਹੈ। (ਭਾਵ ਕਿ ਉਹ ਕੁੱਲ 400 ਯੁਆਨ ਨਿਵੇਸ਼ ਕਰਦਾ ਹੈ ਅਤੇ 9000 ਚਿਨ ਪ੍ਰਾਪਤ ਕਰਦਾ ਹੈ)।ਉਪਜ ਦੀ ਸਮਾਜਿਕ ਪੈਦਾਵਾਰੀ ਕੀਮਤ ਸਥਿਰ ਰਹਿਣ 'ਤੇ ਵਧੇ ਹੋਏ ਨਿਵੇਸ਼ ਰਾਹੀਂ ਪ੍ਰਾਪਤ 5000 ਚਿਨ ਉਪਜ ਦੀ ਕੁੱਲ ਕੀਮਤ 300 ਯੁਆਨ ਹੋਏਗੀ।200 ਯੁਆਨ ਲਾਗਤ ਅਤੇ 40 ਯੁਆਨ ਔਸਤ ਮੁਨਾਫਾ ਘਟਾਉਣ ਤੋਂ ਬਾਅਦ ਵੀ ਉਸਨੂੰ 60 ਯੁਆਨ ਵਾਧੂ ਮੁਨਾਫਾ ਮਿਲੇਗਾ। ਇਹ 60 ਯੁਆਨ ਹੀ ਵਿਤਰੇਕੀ ਲਗਾਨ–II ਹੈ।

ਇਕਾਈ=ਯੁਆਨ

	(1)	(2)	(3)	(4)	(5)	(6)	(7)	(8)
				ਵਿਅਕਤੀਗਤ ਪੈਦਾਵਾਰੀ ਕੀਮਤ		ਸਮਾਜੀਕ ਪੈਦਾਵਾਰੀ ਕੀਮਤ		
							ਕੁੱਲ ਉਪਜ (7)=(6) x (3)	
ਘਟੀਆ	200	40	4000	240	0.060	0.060	240	0
ਦਰਮਿਆਨੀ	200	40	5000	240	0.048	0.060	300	60
ਅੱਵਲ	200	40	6000	240	0.040	0.060	360	120

ਇੱਥੇ ਇਹ ਇਸ਼ਾਰਾ ਕਰ ਦੇਣਾ ਜ਼ਰੂਰੀ ਹੈ ਕਿ ਲਗਾਨ ਦੀ ਰਾਸ਼ੀ ਉਸੇ ਵਕਤ ਤੈਅ ਹੋ ਗਈ ਸੀ ਜਦੋਂ ਖੇਤੀ ਪੂੰਜੀਪਤੀ ਨੇ ਭੂਮੀਪਤੀ ਨਾਲ ਇਕਰਾਰਨਾਮਾ ਕੀਤਾ ਸੀ। ਇਸ ਲਈ ਇਕਰਾਰਨਾਮਾ ਜ਼ਾਰੀ ਰਹਿਣ ਤੱਕ ਵਾਰ-ਵਾਰ ਨਿਵੇਸ਼ ਤੋਂ ਹੋਣ ਵਾਲਾ ਵਾਧੂ ਮੁਨਾਫਾ

ਖੇਤੀ ਪੂੰਜੀਪਤੀ ਦੇ ਖਾਤੇ 'ਚ ਹੀ ਜਾਏਗਾ। ਪਰ ਇਕਰਾਰਨਾਮੇ ਦੀ ਮਿਆਦ ਖਤਮ ਹੋ ਜਾਣ ਤੋਂ ਬਾਅਦ, ਭੂਮੀਪਤੀ ਲਗਾਨ ਵਧਾ ਸਕਦਾ ਹੈ ਅਜਿਹੀ ਹਾਲਤ ਵਿੱਚ ਇਹ ਵਾਧੂ ਮੁਨਾਫਾ ਵਿਤਰੇਕੀ ਲਗਾਨ ਦੇ ਰੂਪ ਵਿੱਚ ਭੂਮੀਪਤੀ ਦੇ ਖਾਤੇ ਵਿੱਚ ਚਲਾ ਜਾਏਗਾ।

ਮਾਰਕਸ ਲਿਖਦੇ ਹਨ, "**ਵਿਤਰੇਕੀ ਲਗਾਨ ਦੀ ਇੱਕ ਖਾਸ ਵਿਸ਼ੇਸ਼ਤਾ ਹੁੰਦੀ ਹੈ: ਭੂਮੀਪਤੀ ਨੂੰ ਮਹਿਜ ਵਾਧੂ ਮੁਨਾਫਾ ਮਿਲਦਾ ਹੈ ਪਰ ਕਿਸੇ ਹੋਰ ਹਾਲਤ ਵਿੱਚ ਇਹ ਵਾਧੂ ਮੁਨਾਫਾ ਕਾਸ਼ਤਕਾਰ ਨੂੰ ਵੀ ਮਿਲ ਸਕਦਾ ਹੈ ਅਤੇ ਇਕਰਾਰਨਾਮਾ ਜ਼ਾਰੀ ਰਹਿਣ ਤੱਕ ਤਾਂ ਇਹ ਕਾਸ਼ਤਕਾਰ ਨੂੰ ਹੀ ਮਿਲਦਾ ਹੈ**"। [4] ਇਸ ਲਈ ਖੇਤੀ ਪੂੰਜੀਪਤੀ ਹਮੇਸ਼ਾਂ ਹੀ ਇਕਰਾਰਨਾਮੇ ਦੀ ਮਿਆਦ ਲੰਮੀ ਰੱਖਣੀ ਚਾਹੁੰਦਾ ਹੈ ਜਦੋਂ ਕਿ ਭੂਮੀਪਤੀ ਦਾ ਹਿਤ ਇਸਦੇ ਉਲਟ ਹੁੰਦਾ ਹੈ। ਖੇਤੀ ਪੂੰਜੀਪਤੀ ਅਤੇ ਭੂਮੀਪਤੀ ਵਿਚਕਾਰ ਇਸ ਵਿਰੋਧਤਾਈ ਕਾਰਨ ਖੇਤੀ ਪੂੰਜੀਪਤੀ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਇਕਰਾਰਨਾਮਾ ਖਤਮ ਹੋਣ ਤੋਂ ਪਹਿਲਾਂ ਹੀ ਜਮੀਨ ਦੀ ਉਤਪਾਦਕਤਾ ਨੂੰ ਦੋਵੇਂ ਹੱਥੀਂ ਲੁੱਟ ਲਵੇ।

ਜ਼ਮੀਨ ਦੀ ਇਜਾਰੇਦਾਰਾਨਾ ਨਿੱਜੀ ਮਾਲਕੀ ਨਿਰਪੇਖ ਲਗਾਨ ਨੂੰ ਜਨਮ ਦਿੰਦੀ ਹੈ

ਘਟੀਆ ਕਿਸਮ ਦੀ ਜਮੀਨ ਤੋਂ ਵਿਤਰੇਕੀ ਲਗਾਨ ਹਾਸਲ ਨਹੀਂ ਹੁੰਦਾ। ਪਰ ਜੇ ਇਸ ਜਮੀਨ ਦੇ ਮਾਲਕ ਨੂੰ ਕੋਈ ਲਗਾਨ ਨਾ ਮਿਲੇ ਤਾਂ ਉਹ ਇਸ ਜ਼ਮੀਨ ਨੂੰ ਕਿਸੇ ਹੋਰ ਦੇ ਜੋਤੇ ਜਾਣ ਦੇ ਮੁਕਾਬਲੇ ਇਸਨੂੰ ਖਾਲੀ ਰੱਖਣਾ ਵਧੇਰੇ ਪਸੰਦ ਕਰਦਾ ਹੈ। ਦਰਅਸਲ ਘਟੀਆ ਜ਼ਮੀਨ 'ਤੇ ਖੇਤੀ ਕਰਨ ਵਾਲੇ ਖੇਤੀ ਸਰਮਾਏਦਾਰ ਨੂੰ ਵੀ ਇਸਦੇ ਮਾਲਕ ਨੂੰ ਲਗਾਨ ਦੇਣਾ ਪੈਂਦਾ ਹੈ। ਜ਼ਮੀਨ ਦੀ ਇਜਾਰੇਦਾਰਾਨਾ ਨਿੱਜੀ ਮਾਲਕੀ ਤੋਂ ਪੈਦਾ ਹੋਣ ਵਾਲੇ ਇਸ ਲਗਾਨ ਨੂੰ ਨਿਰਪੇਖ ਲਗਾਨ ਕਹਿੰਦੇ ਹਨ।

ਹੁਣ ਘਟੀਆ ਜ਼ਮੀਨ 'ਤੇ ਖੇਤੀ ਕਰਨ ਵਾਲੇ ਖੇਤੀ ਪੂੰਜੀਪਤੀ ਨੂੰ ਔਸਤ ਮੁਨਾਫਾ ਵੀ ਚਾਹੀਦਾ ਹੈ, ਤਾਂ ਫਿਰ ਅਜਿਹੀ ਸਥਿਤੀ ਵਿੱਚ ਲਗਾਨ ਕਿੱਥੋਂ ਆਵੇਗਾ ?

ਪੂੰਜੀਵਾਦੀ ਸਮਾਜ ਵਿੱਚ ਖੇਤੀ ਤਕਨੀਕ, ਮੈਨੂਫੈਕਚਰਿੰਗ ਖੇਤਰ ਦੇ ਮੁਕਾਬਲੇ ਹਮੇਸ਼ਾਂ ਨੀਵੀਂ ਹੁੰਦੀ ਹੈ। ਅਸੀਂ ਪਿੱਛੇ ਇਹ ਜਾਣ ਚੁੱਕੇ ਹਾਂ ਕਿ ਵਾਫ਼ਰ ਕਦਰ ਬਦਲਵੀਂ ਪੂੰਜੀ ਤੋਂ ਆਉਂਦੀ ਹੈ। ਹੁਣ ਕਿਉਂਕਿ ਖੇਤੀ ਅੰਦਰ ਪੂੰਜੀ ਦੀ ਅਵੈਵੀ ਬਣਤਰ ਮੈਨੂਫੈਕਚਰਿੰਗ ਖੇਤਰ ਨਾਲੋਂ ਨੀਵੀਂ ਹੁੰਦੀ ਹੈ ਇਸ ਲਈ ਪੂੰਜੀ ਦੀ ਇੱਕੋ ਜਿੰਨੀ ਮਾਤਰਾ ਉਦਯੋਗ ਦੇ ਮੁਕਾਬਲੇ ਖੇਤੀ ਅੰਦਰ ਵਧੇਰੇ ਵਾਫ਼ਰ ਕਦਰ ਪੈਦਾ ਕਰ ਸਕਦੀ ਹੈ। ਮੰਨ ਲਓ ਕਿ ਮੈਨੂਫੈਕਚਰਿੰਗ ਖੇਤਰ ਅੰਦਰ ਪੂੰਜੀ ਦੀ ਅਵੈਵੀ ਬਣਤਰ 8:2 ਹੈ ਅਤੇ ਵਾਫ਼ਰ ਕਦਰ ਨਿਚੋੜਨ ਦੀ ਦਰ 100% ਹੈ। ਹੁਣ ਸਰਮਾਏ ਦੇ ਹਰ ਇੱਕ 100 ਯੁਆਨ ਪਿੱਛੇ 40 ਯੁਆਨ ਬਦਲਵੀਂ ਹੈ ਜੋ 40 ਯੁਆਨ ਦੀ ਵਾਫ਼ਰ ਕਦਰ ਪੈਦਾ ਕਰਦੀ ਹੈ। ਹੁਣ ਪੈਦਾਵਾਰ ਦੀ ਕਦਰ 140 ਯੁਆਨ ਅਤੇ ਮੁਨਾਫੇ ਦੀ ਦਰ 40% ਹੋਈ। ਪੂੰਜੀਵਾਦੀ ਸਮਾਜ ਵਿੱਚ ਖੇਤੀ ਉਪਜ ਆਪਣੀ ਕਦਰ (140 ਯੁਆਨ)

’ਤੇ ਵੇਚੀ ਜਾ ਸਕਦੀ ਹੈ। ਪਰ ਮੁਨਾਫੇ ਦੀ ਦਰ ਵਿੱਚ ਬਰਾਬਰਤਾ ਰਹਿਣ ਦੇ ਰੁਝਾਨ ਦੇ ਕਾਰਨ ਖੇਤੀ ਪੂੰਜੀਪਤੀ ਉਦਯੋਗਿਕ ਪੂੰਜੀਪਤੀ ਦੇ ਬਰਾਬਰ ਹੀ ਭਾਵ 20 ਯੁਆਨ ਦਾ ਔਸਤ ਮੁਨਾਫਾ ਹੀ ਬਟੋਰ ਸਕਦਾ ਹੈ। ਇਸ ਤਰ੍ਹਾਂ ਉਪਜ ਦੀ ਪੈਦਾਵਾਰੀ ਕੀਮਤ ਹੋਈ 120 ਯੁਆਨ। ਪਰ ਖੇਤੀ ਉਪਜ ਇਸਦੀ ਪੈਦਾਵਾਰੀ ਕੀਮਤ ਤੋਂ ਜਿਆਦਾ ਕੀਮਤ ’ਤੇ ਵੇਚੀ ਜਾਂਦੀ ਹੈ। ਇਸ ਲਈ 20 ਯੁਆਨ ਦੇ ਔਸਤ ਮੁਨਾਫੇ ਤੋਂ ਇਲਾਵਾ ਖੇਤੀ ਪੂੰਜੀਪਤੀ ਨੂੰ 20 ਯੁਆਨ ਹੋਰ ਵਧੇਰੇ ਮਿਲ ਜਾਂਦੇ ਹਨ ਜੋ ਕਿ ਖੇਤੀ ਉਪਜ ਦੀ ਕਦਰ ਅਤੇ ਉਸਦੀ ਪੈਦਾਵਾਰੀ ਕੀਮਤ ਵਿਚਲਾ ਅੰਤਰ ਹੁੰਦਾ ਹੈ। ਇਹ ਨਿਰਪੇਖ ਲਗਾਨ ਦੀ ਮੱਦ ਵਿੱਚ ਚਲਾ ਜਾਂਦਾ ਹੈ।

ਖੇਤੀ ਉਪਜ ਆਪਣੀ ਪੈਦਾਵਾਰੀ ਕੀਮਤ ਤੋਂ ਉੱਚੀ ਕੀਮਤ ’ਤੇ ਕਿਵੇਂ ਵੇਚੀ ਜਾ ਸਕਦੀ ਹੈ? ਅਜਿਹਾ ਜ਼ਮੀਨ ਦੀ ਇਜਾਰੇਦਾਰਾਨਾ ਨਿੱਜੀ ਮਾਲਕੀ ਦੇ ਕਾਰਨ ਹੁੰਦਾ ਹੈ। ਮੈਨੂਫੈਕਚਰਿੰਗ ਖੇਤਰ ਦੇ ਵਿਭਿੰਨ ਉਦਯੋਗਾਂ ਅੰਦਰ ਇੱਕੋ ਜਿਹੀ ਨਹੀਂ ਹੁੰਦੀ। ਸਰਮਾਏ ਦੀ ਮੁਕਾਬਲਤਨ ਨੀਵੀਂ ਅੰਦਰੂਨੀ ਬਣਤਰ ਵਾਲੇ ਉਦਯੋਗ ਆਮ ਤੌਰ ’ਤੇ ਜਿਆਦਾ ਵਾਫ਼ਰ ਕਦਰ ਉਪਜਾਉਂਦੇ ਹਨ। ਪਰ ਵੱਖ-ਵੱਖ ਵਰਗਾਂ ਵਿਚਕਾਰ ਮੁਕਾਬਲੇ ਅਤੇ ਸਰਮਾਏ ਦੀ ਥਾਂ-ਬਦਲੀ ਦੇ ਕਾਰਨ ਸਾਰੇ ਵਰਗਾਂ ਦੇ ਪੂੰਜੀਪਤੀ ਕੇਵਲ ਔਸਤ ਮੁਨਾਫਾ ਹੀ ਬਟੋਰ ਪਾਉਂਦੇ ਹਨ। ਇਸ ਲਈ ਉਦਯੋਗਿਕ ਉਤਪਾਦ ਸਿਰਫ ਪੈਦਾਵਾਰੀ ਕੀਮਤ ’ਤੇ ਹੀ ਵੇਚੇ ਜਾ ਸਕਦੇ ਹਨ। ਪਰ ਖੇਤੀ ਅੰਦਰ, ਇਜਾਰੇਦਾਰਾਨਾ ਨਿੱਜੀ ਮਾਲਕੀ ਇੱਕ ਅਜਿਹਾ ਅੜਿੱਕਾ ਹੁੰਦਾ ਹੈ ਜੋ ਪੂੰਜੀ ਨੂੰ ਦੇ ਉਦਯੋਗ ਵਿੱਚੋਂ ਖੇਤੀ ’ਚ ਆਉਣ ਨੂੰ ਰੋਕਦੀ ਹੈ। ਇਸ ਦੇ ਕਾਰਨ ਖੇਤੀ ਖੇਤਰ ਦੀ ਵਾਫ਼ਰ ਕਦਰ ਮੁਨਾਫੇ ਵਿੱਚ ਬਰਾਬਰੀ ਲਿਆਉਣ ਵਾਲੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੋ ਪਾਉਂਦੀ। ਇਸੇ ਲਈ ਖੇਤੀ ਉਪਜ ਇਸਦੀ ਪੈਦਾਵਾਰੀ ਕੀਮਤ ਤੋਂ ਉੱਚੀ ਕੀਮਤ ’ਤੇ ਵੇਚੀ ਜਾ ਸਕਦੀ ਹੈ।

ਇਸ ਲਈ, ਖੇਤੀ ਅੰਦਰ ਘਟੀਆ ਕਿਸਮ ਦੀ ਜਮੀਨ ਵੀ ਜਮੀਨ ਦੇ ਇੱਕੋ ਜਿੰਨੇ ਟੁਕੜੇ ਤੋਂ, ਵਾਧੂ ਵਾਫ਼ਰ ਕਦਰ ਹਾਸਿਲ ਕਰ ਸਕਦੀ ਹੈ। ਇਹ ਵਾਫ਼ਰ ਕਦਰ ਮੈਨੂਫੈਕਚਰਿੰਗ ਖੇਤਰ ਨਾਲ ਵੰਡੀ ਨਹੀਂ ਜਾਂਦੀ। ਸਗੋਂ ਇਹ ਖੇਤੀ ਖੇਤਰ ਅੰਦਰ ਹੀ ਰਹਿੰਦੀ ਹੈ ਅਤੇ ਭੂਮੀਪਤੀ ਲਈ ਨਿਰਪੇਖ ਲਗਾਨ ਵਿੱਚ ਵਟ ਜਾਂਦੀ ਹੈ।

ਪੂੰਜੀਵਾਦੀ ਲਗਾਨ ਵੀ ਵਾਫ਼ਰ ਕਦਰ ਦਾ ਹੀ ਇੱਕ ਹਿੱਸਾ ਹੈ

ਭਾਵੇਂ ਵਿਤਰੇਕੀ ਅਤੇ ਨਿਰਪੇਖ ਲਗਾਨ ਵਿੱਚ ਪੈਦਾ ਹੋਣ ਦੀਆਂ ਸਥਿਤੀਆਂ ਅਲੱਗ-ਅਲੱਗ ਹਨ ਪਰ ਉਨ੍ਹਾਂ ਦਾ ਤੱਤ ਅਤੇ ਸ੍ਰੋਤ ਇੱਕੋ ਹੀ ਹੈ। ਜ਼ਮੀਨ ਦੀ ਇਜ਼ਾਰੇਦਾਰਾਨਾ ਨਿੱਜੀ ਖੇਤੀ ਦੇ ਕਾਰਨ ਉਪਜ ਦੀ ਕੀਮਤ ਘਟੀਆ ਕਿਸਮ ਦੀ ਜ਼ਮੀਨ ਦੀ ਉਪਜ ਦੀ ਪੈਦਾਵਾਰੀ ਕੀਮਤ ਤੋਂ ਤੈਅ ਹੁੰਦੀ ਹੈ। ਇਸ ਤਰ੍ਹਾਂ, ਅੱਵਲ ਅਤੇ ਦਰਮਿਆਨੀ ਕਿਸਮ ਦੀ ਜਮੀਨ ’ਤੇ ਖੇਤੀ ਕਰਨ ਵਾਲਾ ਖੇਤੀ ਪੂੰਜੀਪਤੀ ਵਾਧੂ ਮੁਨਾਫਾ ਕਮਾਉਂਦਾ ਹੈ। ਜੇ ਜਮੀਨ ਦੀ ਨਿੱਜੀ ਮਾਲਕੀ ਨਾ ਵੀ ਹੋਵੇ ਤਾਂ ਵੀ ਅੱਵਲ ਅਤੇ ਦਰਮਿਆਨੀ ਜਮੀਨ ’ਤੇ ਖੇਤੀ ਕਰਨ

ਵਾਲਾ ਖੇਤੀ ਪੂੰਜੀਪਤੀ ਇਹ ਵਾਧੂ ਮੁਨਾਫਾ ਹਾਸਲ ਕਰ ਲਏਗਾ। ਜਿਵੇਂਕਿ ਮਾਰਕਸ ਲਿਖਦੇ ਹਨ, *''ਜਮੀਨ ਦੀ ਨਿੱਜੀ ਮਾਲਕੀ ਇਸ ਵਾਧੂ ਮੁਨਾਫੇ ਦਾ ਕਾਰਨ ਨਹੀਂ ਸਗੋਂ ਇਸਦੀ (ਵਾਧੂ ਮੁਨਾਫੇ ਦੀ) ਲਗਾਨ ਵਿੱਚ ਰੂਪ ਬਦਲੀ ਹੀ ਇਸਦਾ ਕਾਰਨ ਹੈ''।*(5) ਨਿੱਜੀ ਜਮੀਨ ਮਾਲਕੀ ਦੀ ਹੋਂਦ ਦੇ ਕਾਰਨ ਇਹ ਵਾਧੂ ਮੁਨਾਫਾ ਵਿਤਰਕੀ ਲਗਾਨ ਵਿੱਚ ਵਟ ਜਾਂਦਾ ਹੈ। ਇਸਦੇ ਨਾਲ ਹੀ ਜਮੀਨ ਦੀ ਇਜਾਰੇਦਾਰਾਨਾ ਨਿੱਜੀ ਮਾਲਕੀ ਦੇ ਕਾਰਨ ਖੇਤੀ ਉਪਜ ਦੀਆਂ ਕੀਮਤਾਂ ਇਸਦੀ ਪੈਦਾਵਾਰੀ ਕੀਮਤ ਤੋਂ ਉਪਰ ਰੱਖੀਆਂ ਜਾ ਸਕਦੀਆਂ ਹਨ। ਘਟੀਆ ਕਿਸਮ ਦੀ ਜਮੀਨ 'ਤੇ ਖੇਤੀ ਕਰਨ ਵਾਲਾ ਖੇਤੀ ਪੂੰਜੀਪਤੀ ਵੀ ਵਾਧੂ ਮੁਨਾਫਾ ਹਾਸਿਲ ਕਰ ਸਕਦਾ ਹੈ। ਜੋ ਭੂ-ਸਵਾਮੀ ਲਈ ਨਿਰਪੇਖ ਲਗਾਨ ਵਿੱਚ ਵਟ ਜਾਂਦਾ ਹੈ ਵਿਤਰੇਕੀ ਅਤੇ ਨਿਰਪੇਖ ਲਗਾਨ ਦਾ ਸ੍ਰੋਤ ਵਾਧੂ ਮੁਨਾਫਾ ਹੈ। ਇਹ ਵਾਧੂ ਮੁਨਾਫਾ ਖੇਤ-ਮਜ਼ਦੂਰ ਉਪਜਾਉਂਦਾ ਹੈ। ਠੀਕ ਉਵੇਂ ਹੀ, ਜਿਵੇਂ ਉਹ ਖੇਤੀ ਅੰਦਰ ਸਮੁੱਚੀ ਵਾਫ਼ਰ ਕਦਰ ਉਪਜਾਉਂਦਾ ਹੈ। ਖੇਤੀ ਪੂੰਜੀਪਤੀ ਭੂਮੀਪਤੀ ਤੋਂ ਠੇਕੇ 'ਤੇ ਜਮੀਨ ਲੈਂਦਾ ਹੈ, ਪੈਦਾਵਾਰ ਦੇ ਸਾਧਨ ਖਰੀਦਦਾ ਹੈ, ਖੇਤ-ਮਜ਼ਦੂਰਾਂ ਨੂੰ ਭਾੜੇ 'ਤੇ ਕੰਮ ਉੱਪਰ ਲਗਾਉਂਦਾ ਹੈ ਅਤੇ ਖੇਤ ਮਜ਼ਦੂਰਾਂ ਤੋਂ ਵਾਫ਼ਰ ਕਦਰ ਹੜੱਪਦਾ ਹੈ। ਇਸ ਵਾਫ਼ਰ ਕਦਰ ਤੋਂ ਹੀ ਖੇਤੀ ਪੂੰਜੀਪਤੀ ਔਸਤ ਮੁਨਾਫਾ ਬਟੋਰਦਾ ਹੈ। ਔਸਤ ਮੁਨਾਫੇ ਤੋਂ ਇਲਾਵਾ ਬਚੀ ਵਾਫ਼ਰ ਕਦਰ ਲਗਾਨ ਵਿੱਚ ਵਟ ਜਾਂਦੀ ਹੈ। ਇਸ ਲਈ, ਲਗਾਨ ਦੀ ਦਾ ਤੱਤ ਵੀ ਵਾਫ਼ਰ ਕਦਰ ਹੀ ਹੈ।

ਪਰ ਭੂਮੀਪਤੀ ਜਮਾਤ ਅਤੇ ਉਸਦੇ ਪੈਰੋਕਾਰ ਭੂਮੀਪਤੀ ਅਤੇ ਖੇਤੀ ਪੂੰਜੀਪਤੀ ਦੁਆਰਾ ਖੇਤ-ਮਜ਼ਦੂਰਾਂ ਦੀ ਲੁੱਟ ਨੂੰ ਲੁਕਾਉਣ ਲਈ ਅੱਵਲ ਅਤੇ ਘਟੀਆ ਦਰਜੇ ਦੀ ਜਮੀਨ ਦੀ ਉਪਜ ਵਿਚਲੇ ਫ਼ਰਕ ਉੱਪਰ ਜੋਰ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ " ਲਗਾਨ ਦਾ ਸ੍ਰੋਤ ਭੂਮੀ ਹੀ ਹੁੰਦੀ ਹੈ"। ਇਹ ਵਿਆਖਿਆ ਬਿਲਕੁਲ ਨਿਰਅਧਾਰ ਹੈ। ਵਧੀਆ ਤੇ ਅੱਵਲ ਦਰਜੇ ਦੀ ਜਮੀਨ ਸਿਰਫ ਕਿਰਤ ਦੀ ਉਤਪਾਦਕਤਾ ਵਿੱਚ ਵਾਧਾ ਕਰਨ ਲਈ ਅਨੁਕੂਲ ਸਥਿਤੀਆਂ ਅਤੇ ਵਾਧੂ ਮੁਨਾਫੇ ਦੇ ਪੈਦਾ ਹੋਣ ਦਾ ਕੁਦਰਤੀ ਅਧਾਰ ਮੁਹੱਈਆ ਕਰਦੀ ਹੈ। ਪਰ ਖੇਤ ਮਜ਼ਦੂਰ ਦੀ ਕਿਰਤ ਤੋਂ ਬਿਨਾਂ ਸਰਵਸ਼੍ਰੇਸ਼ਠ ਜਮੀਨ ਵੀ ਕਦਰ ਪੈਦਾ ਨਹੀਂ ਕਰ ਸਕਦੀ। ਮਾਰਕਸ ਲਿਖਦੇ ਹਨ, *"ਸਭ ਪ੍ਰਕਾਰ ਦਾ ਲਗਾਨ ਵਾਫ਼ਰ ਕਦਰ ਹੀ ਹੁੰਦੀ ਹੈ ਜੋ ਵਾਧੂ ਕਿਰਤ ਸਮੇਂ ਦੀ ਉਪਜ ਹੁੰਦੀ ਹੈ"*(6) ਮਾਰਕਸ ਦਾ ਲਗਾਨ ਦਾ ਸਿਧਾਂਤ ਭੂਮੀਪਤੀਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਭੁਲੇਖਾ ਪਾਊ ਵਿਆਖਿਆਵਾਂ ਦਾ ਪਰਦਾ ਚਾਕ ਕਰ ਦਿੰਦਾ ਹੈ।

ਪੂੰਜੀਵਾਦੀ ਲਗਾਨ ਅਤੇ ਜਗੀਰੂ ਲਗਾਨ ਨਿੱਜੀ ਜਮੀਨ ਮਾਲਕੀ ਦਾ ਸਿੱਟਾ ਹਨ, ਪਰ ਇਨ੍ਹਾਂ ਦੇ ਲੁਟੇਰੇ ਸਬੰਧਾਂ ਵਿੱਚ ਫ਼ਰਕ ਹੈ। ਜਗੀਰੂ ਲਗਾਨ ਉਹ ਕੁੱਲ ਵਾਧੂ ਕਿਰਤ ਜਾਂ ਵਾਧੂ ਉਪਜ ਹੈ ਜੋ ਜਗੀਰਦਾਰ ਮੁਜਾਰੇ ਤੋਂ ਹਾਸਲ ਕਰਦਾ ਹੈ। ਪੂੰਜੀਵਾਦੀ ਲਗਾਨ ਖੇਤੀ ਪੂੰਜੀਪਤੀ ਵੱਲੋਂ ਖੇਤ-ਮਜ਼ਦੂਰ ਤੋਂ ਹਾਸਲ ਔਸਤ ਮੁਨਾਫੇ ਦੇ ਇਲਾਵਾ ਬਚੀ ਹੋਈ ਵਾਫ਼ਰ ਕਦਰ ਹੁੰਦੀ ਹੈ। ਜਗੀਰੂ ਲਗਾਨ ਜਗੀਰਦਾਰ ਭੂਮੀਪਤੀ ਅਤੇ ਮੁਜਾਰੇ ਦੇ ਲੁਟੇਰੇ ਸਬੰਧਾਂ ਨੂੰ ਦਰਸਾਉਂਦਾ ਹੈ। ਪੂੰਜੀਵਾਦੀ ਲਗਾਨ ਭਮੀਪਤੀ ਅਤੇ ਸਰਮਾਏਦਾਰ ਦੇ ਗੱਠਜੋੜ ਅਤੇ ਖੇਤ-

ਮਜ਼ਦੂਰ ਦੇ ਵਿਚਕਾਰ ਲੁਟੇਰੇ ਸਬੰਧਾਂ ਨੂੰ ਦਰਸਾਉਂਦਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਬੁਰਜੂਆਜ਼ੀ ਅਲੱਗ-ਅਲੱਗ ਲੁੱਟੇਰਿਆਂ ਦੇ ਗ੍ਰੋਹਾਂ ਵਿੱਚ ਵੰਡੀ ਹੁੰਦੀ ਹੈ। ਜਿਸ ਵਿੱਚ ਮੈਨੂਫੈਕਚਰਿੰਗ, ਖੇਤੀਬਾੜੀ, ਵਪਾਰ ਅਤੇ ਬੈਂਕਿੰਗ ਖੇਤਰ ਦੇ ਪੂੰਜੀਪਤੀ ਹੁੰਦੇ ਹਨ। ਭੂਮੀਪਤੀ ਜਮਾਤ ਪੂੰਜੀਵਾਦੀ ਸਮਾਜ ਦੀ ਇੱਕ ਹੋਰ ਲੁਟੇਰੀ ਜਮਾਤ ਹੁੰਦੀ ਹੈ। ਇਹ ਸਭ ਇੱਕੋ ਹੀ ਨਸਲ ਦੇ ਭੇੜੀਏ ਹੁੰਦੇ ਹਨ ਜੋ ਮਜ਼ਦੂਰ ਵਲੋਂ ਸਿਰਜਿਤ ਵਾਫ਼ਰ ਕਦਰ ਦਾ ਆਪਸ ਵਿੱਚ ਬਟਵਾਰਾ ਕਰਦੇ ਹਨ ਅਤੇ ਮਿਲ ਜੁਲ ਕੇ ਉਸਨੂੰ ਲੁੱਟਦੇ ਅਤੇ ਜ਼ਬਰ ਢਾਹੁੰਦੇ ਹਨ। ਇਸ ਲਈ, ਪੂੰਜੀਵਾਦੀ ਸਮਾਜ ਵਿੱਚ ਬੁਰਜੂਆਜ਼ੀ ਮਜ਼ਦੂਰ ਜਮਾਤ ਉੱਪਰ ਭਾਰੂ ਰਹਿੰਦੀ ਹੈ। ਮਜ਼ਦੂਰ ਅਤੇ ਬੁਰਜੂਆਜ਼ੀ ਦੀ ਆਪਸੀ ਵਿਰੋਧਤਾਈ ਸਮੁੱਚੀ ਕਿਰਤੀ ਜਮਾਤ ਅਤੇ ਸਮੁੱਚੀ ਲੁਟੇਰੀ ਜਮਾਤ ਦੇ ਵਿਚਕਾਰ ਵਿਰੋਧਤਾਈ ਬਣ ਜਾਂਦੀ ਹੈ। ਇਹ ਪੂੰਜੀਵਾਦੀ ਸਮਾਜ ਦੀ ਬੁਨਿਆਦੀ ਵਿਰੋਧਤਾਈ ਹੈ। ਜੇ ਮਜ਼ਦੂਰ ਜਮਾਤ ਖੁਦ ਨੂੰ ਅਜ਼ਾਦ ਕਰਾਉਣਾ ਚਾਹੁੰਦੀ ਹੈ ਤਾਂ ਉਸਨੂੰ ਇੱਕ ਜਮਾਤ ਦੇ ਰੂਪ ਵਿੱਚ ਇੱਕ ਜੁੱਟ ਹੋਣਾ ਪਵੇਗਾ, ਇਨਕਲਾਬ ਕਰਨ ਲਈ ਹੱਥਾਂ ਵਿੱਚ ਹਥਿਆਰ ਫੜਨੇ ਹੋਣਗੇ ਅਤੇ ਪੂਰੀ ਬੁਰਜੂਆਜ਼ੀ ਨੂੰ ਜੜੋਂ ਉਖਾੜ ਸੁੱਟਣਾ ਹੋਵੇਗਾ ਅਤੇ ਪੂੰਜੀਵਾਦੀ ਲੁਟੇਰੇ ਸਬੰਧਾਂ ਦੇ ਤਾਣੇ ਬਾਣੇ ਨੂੰ ਤਬਾਹ ਕਰ ਦੇਣਾ ਹੋਵੇਗਾ।

ਪ੍ਰਮੁੱਖ ਅਧਿਐਨ ਸਮੱਗਰੀ:

ਮਾਰਕਸ, ਪੂੰਜੀ, ਸੈਂਚੀ ਤੀਜੀ, ਪਾਠ 1,2,9,17 ,21, 38,45

ਮਾਓ, "ਚੀਨੀ ਸਮਾਜ ਅੰਦਰ ਜਮਾਤਾਂ ਦਾ ਵਿਸ਼ਲੇਸ਼ਣ"

ਮਾਓ, "ਚੀਨੀ ਇਨਕਲਾਬ ਅਤੇ ਚੀਨ ਦੀ ਕਮਿਊਨਿਸਟ ਪਾਰਟੀ" ਪਾਠ 2, ਭਾਗ -2,4

ਪੜਚੋਲ ਲਈ ਪ੍ਰਸ਼ਨ:

(1) ਪੂੰਜੀਵਾਦੀ ਸਮਾਜ ਅੰਦਰ ਵਿਭਿੰਨ ਲੁਟੇਰੇ ਗਰੋਹ, ਮਜ਼ਦੂਰ ਦੁਆਰਾ ਸਿਰਜਿਤ ਵਾਫ਼ਰ ਕਦਰ ਦੀ ਲੁੱਟ ਕਿਵੇਂ ਕਰਦੇ ਹਨ ?

(2) ਵਾਫ਼ਰ ਕਦਰ ਦੇ ਬਟਵਾਰੇ ਬਾਰੇ ਮਾਰਕਸ ਦੇ ਸਿਧਾਂਤ ਦਾ ਕੀ ਮਹੱਤਵ ਹੈ ?

ਨੋਟਸ:

1. ਮਾਰਕਸ, ਪੂੰਜੀ, ਸੈਂਚੀ ਤੀਜੀ, ਚੀਨੀ ਐਡੀਸ਼ਨ 1966, ਪੰਨਾ 16
2. ਉਹੀ, ਪੰਨਾ 180
3. ਉਹੀ, ਪੰਨਾ 772
4. ਉਹੀ, ਪੰਨਾ 881
5. ਉਹੀ ਪੰਨਾ 759
6. ਉਹੀ ਪੰਨਾ 744

* * * * * * * * * *

8

ਪੂੰਜੀਵਾਦ ਦੇ ਅਸਾਧ ਰੋਗ

ਆਰਥਿਕ ਸੰਕਟ

ਆਰਥਿਕ ਸੰਕਟ ਪੂੰਜੀਵਾਦੀ ਆਰਥਿਕ ਵਿਕਾਸ ਦੀ ਸੁਭਾਵਿਕ ਪੈਦਾਵਾਰ ਹਨ। ਇਹ ਪੂੰਜੀਵਾਦੀ ਪੈਦਾਵਾਰ, ਵਟਾਂਦਰੇ, ਵੰਡ-ਵੰਡਾਈ ਅਤੇ ਮੁੜ-ਪੈਦਾਵਾਰ ਦੀਆਂ ਵਿਭਿੰਨ ਵਿਰੋਧਤਾਈਆਂ ਦੇ ਹੋਰ ਡੂੰਘੇ ਹੁੰਦੇ ਜਾਣ ਦਾ ਸਪੱਸ਼ਟ ਇਜ਼ਹਾਰ ਹੁੰਦੇ ਹਨ ਪੂੰਜੀਵਾਦੀ ਆਰਥਿਕ ਸੰਕਟ ਪੈਦਾ ਕਿਵੇਂ ਹੁੰਦੇ ਹਨ ? ਅਤੇ ਪੂੰਜੀਵਾਦੀ ਵਿਕਾਸ ਉੱਪਰ ਇੰਨ੍ਹਾਂ ਦਾ ਕੀ ਪ੍ਰਭਾਵ ਪੈਂਦਾ ਹੈ ? ਅਸੀਂ ਇਸ ਪਾਠ ਅੰਦਰ, ਇਨ੍ਹਾਂ ਹੀ ਸੁਆਲਾਂ 'ਤੇ ਵਿਚਾਰ-ਚਰਚਾ ਕਰਾਂਗੇ।

ਆਰਥਿਕ ਸੰਕਟ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਦੇ ਹੋਰ ਤਿੱਖੀਆਂ ਹੋਣ ਕਾਰਨ ਪੈਦਾ ਹੁੰਦੇ ਹਨ

ਪੂੰਜੀਵਾਦੀ ਆਰਥਿਕ ਸੰਕਟ ਵਾਧੂ ਪੈਦਾਵਾਰ ਦੇ ਸੰਕਟ ਹਨ

ਪੂੰਜੀਵਾਦ ਤੋਂ ਪਹਿਲਾਂ ਵੀ (ਉਦਾਹਰਣ ਲਈ, ਚੀਨ ਦੇ ਜਗੀਰੂ ਸਮਾਜ ਦੇ ਲੰਬੇ ਇਤਿਹਾਸ ਦੌਰਾਨ) ਅਨੇਕਾਂ ਸਮਾਜਿਕ, ਆਰਥਿਕ ਅਤੇ ਰੋਜ਼ੀ ਰੋਟੀ ਦੇ ਸੰਕਟ ਪੈਦਾ ਹੋਏ ਸਨ। ਭੂਮੀਪਤੀ ਜਮਾਤ ਦੁਆਰਾ ਕਿਸਾਨਾਂ ਦੀ ਬੇਤਰਸ ਲੁੱਟ, ਜੰਗਾਂ ਨਾਲ ਹੋਈ ਤਬਾਹੀ, ਹੜ੍ਹ , ਸੋਕਾ, ਮਹਾਂਮਾਰੀ, ਤਬਾਹੀ ਮਚਾਉਣ ਵਾਲੇ ਕੀੜੇ-ਮਕੌੜਿਆਂ ਦੇ ਹਮਲੇ,ਤੂਫਾਨ, ਗੜੇ ਮਾਰੀ ਆਦਿ ਜਿਹੀਆਂ ਕੁਦਰਤੀ ਆਫਤਾਂ ਕਾਰਨ ਖੇਤੀ ਪੈਦਾਵਾਰ ਨੂੰ ਭਾਰੀ ਨੁਕਸਾਨ ਹੁੰਦਾ ਸੀ। ਕਿਰਤੀ ਲੋਕ ਘਰੋਂ ਬੇਘਰ ਹੋ ਜਾਂਦੇ ਸਨ ਅਤੇ ਲੱਖਾਂ ਲੋਕ ਭੁੱਖ ਅਤੇ ਪਲੇਗ ਨਾਲ ਮਰ ਜਾਂਦੇ ਸਨ।ਉਸ ਸਮੇਂ ਖਾਧ-ਪਦਾਰਥਾਂ ਦੀ ਥੋੜੀ ਪੈਦਾਵਾਰ ਹੀ ਇਨ੍ਹਾਂ ਸਮਾਜਿਕ ਆਰਥਿਕ ਅਤੇ ਰੋਜੀ ਰੋਟੀ ਦੇ ਸੰਕਟਾਂ ਦੀ ਵਿਸ਼ੇਸ਼ਤਾ ਸੀ। ਪਰ ਪੂੰਜੀਵਾਦੀ ਆਰਥਿਕ ਸੰਕਟਾਂ ਦੀ ਵਿਸ਼ੇਸ਼ਤਾ ਖਾਧ-ਪਦਾਰਥਾਂ ਦੀ ਥੋੜੀ ਪੈਦਾਵਾਰ ਨਹੀਂ ਸਗੋਂ ਇਨ੍ਹਾਂ ਦੀ ਵਾਧੂ ਪੈਦਾਵਾਰ ਹੈ। ਪੂੰਜੀਵਾਦੀ ਆਰਥਿਕ ਸੰਕਟਾਂ ਨਾਲ ਜੁੜੇ ਮੁੱਖ ਲੱਛਣ ਹਨਃ ਭਾਰੀ ਮਾਤਰਾ ਵਿੱਚ ਜਿਣਸਾਂ ਅਣਵਿਕੀਆਂ ਪਈਆਂ ਰਹਿੰਦੀਆਂ ਹਨ, ਫੈਕਟਰੀਆਂ ਬੰਦ ਹੋ ਜਾਂਦੀਆਂ ਹਨ, ਬੈਂਕਾਂ ਦਾ ਕਾਰੋਬਾਰ ਠੱਪ ਹੋ ਜਾਂਦਾ ਹੈ, ਸ਼ੇਅਰਾਂ ਦੀਆਂ ਕੀਮਤਾਂ ਡਿੱਗਣ ਲੱਗ ਪੈਂਦੀਆਂ ਹਨ, ਬੇਰੁਜਗਾਰੀ

ਤੇਜੀ ਨਾਲ ਫੈਲਦੀ ਹੈ, ਪੈਦਾਵਾਰੀ ਤਾਕਤਾਂ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ ਅਤੇ ਪੂਰੇ ਦਾ ਪੂਰਾ ਅਰਥਚਾਰਾ ਅਧਰੰਗ ਮਾਰਿਆ ਤੇ ਬੇ ਤਰਤੀਬਾ ਹੋ ਜਾਂਦਾ ਹੈ।

ਪੂੰਜੀਵਾਦੀ ਆਰਥਿਕ ਸੰਕਟ ਵਾਧੂ-ਪੈਦਾਵਾਰ ਦੇ ਸੰਕਟ ਹੁੰਦੇ ਹਨ। ਪਰ ਇਹ ਅਖੌਤੀ ਵਾਧੂ ਪੈਦਾਵਾਰ, ਅਸਲ ਵਿੱਚ ਨਿਰਪੇਖ ਵਾਧੂ ਪੈਦਾਵਾਰ ਨਹੀਂ ਹੁੰਦੀ। ਇਸ ਵਾਧੂ ਪੈਦਾਵਾਰ ਤੋਂ ਇਹ ਮਤਲਬ ਨਹੀਂ ਹੁੰਦਾ ਕਿ ਸਮਾਜ ਵੱਲੋਂ ਉਪਜਾਈਆਂ ਉਪਭੋਗ ਦੀਆਂ ਵਸਤੂਆਂ ਦੀ ਮਾਤਰਾ ਇੰਨੀ ਵਧ ਗਈ ਹੈ ਕਿ ਲੋਕ ਇਨ੍ਹਾਂ ਨੂੰ ਖਪਤ ਹੀ ਨਹੀਂ ਕਰ ਸਕਦੇ। ਆਰਥਿਕ ਸੰਕਟਾਂ ਦੌਰਾਨ ਹੇਠਾਂ ਦਿੱਤੇ ਵਰਤਾਰੇ ਆਮ ਗੱਲ ਬਣ ਜਾਂਦੇ ਹਨ: ਕੱਪੜਾ ਉਦਯੋਗ ਦੇ ਮਜ਼ਦੂਰਾਂ ਨੂੰ ਇਹ ਕਹਿ ਕੇ ਛਾਂਟੀ ਦਾ ਨੋਟਿਸ ਫੜਾ ਦਿੱਤਾ ਜਾਂਦਾ ਹੈ ਕਿ ਸੂਤ ਅਤੇ ਕੱਪੜਿਆਂ ਦੀ ਪੈਦਾਵਾਰ ਇੰਨੀ ਜਿਆਦਾ ਹੋ ਗਈ ਹੈ ਕਿ ਉਨ੍ਹਾਂ ਦੀ ਵਿੱਕਰੀ ਨਹੀਂ ਹੋ ਰਹੀ ਇਸ ਲਈ ਪੈਦਾਵਾਰ ਵਿੱਚ ਕਟੌਤੀ ਅਤੇ ਮਜ਼ਦੂਰਾਂ ਦੀ ਛਾਂਟੀ ਕਰਨਾ ਜ਼ਰੂਰੀ ਹੋ ਗਿਆ ਹੈ। ਭਾਵੇਂ ਕਿ ਕੱਪੜਾ ਮਜ਼ਦੂਰ ਅਤੇ ਉਨ੍ਹਾਂ ਦੇ ਪਰਿਵਾਰ ਬੜੀ ਮੁਸ਼ਕਿਲ ਨਾਲ ਹੀ ਆਪਣਾ ਤਨ ਢਕਦੇ ਹਨ। ਕੱਪੜਾ ਪੈਦਾ ਕਰਨ ਵਾਲੇ ਉਸੇ ਹੀ ਕੱਪੜੇ ਨੂੰ ਖਰੀਦ ਨਹੀਂ ਸਕਦੇ। ਖਾਣ ਮਜ਼ਦੂਰਾਂ ਨੂੰ ਇਹ ਕਹਿ ਕੇ ਛਾਂਟੀ ਦਾ ਨੋਟਿਸ ਫੜਾ ਦਿੱਤਾ ਜਾਂਦਾ ਹੈ ਕਿ ਕੋਲਾ ਬਹੁਤ ਜਿਆਦਾ ਕੱਢ ਲਿਆ ਗਿਆ ਹੈ ਇਸ ਲਈ ਪੈਦਾਵਾਰ ਅਤੇ ਮਜ਼ਦੂਰਾਂ ਦੀ ਗਿਣਤੀ ਘਟਾਉਣੀ ਜ਼ਰੂਰੀ ਹੋ ਗਈ ਹੈ। ਪਰ ਦੂਜੇ ਪਾਸੇ, ਖਾਣ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕੋਲਾ ਖਰੀਦਣ ਲਈ ਪੈਸਾ ਨਾ ਹੋਣ ਕਾਰਨ ਸਿਆਲ਼ ਰਾਤਾਂ ਕੰਬਦੇ ਹੋਏ ਕੱਢਣੀਆਂ ਪੈਂਦੀਆਂ ਹਨ। ਇਸ ਲਈ ਪੂੰਜੀਵਾਦੀ ਵਾਧੂ ਪੈਦਾਵਾਰ ਮਹਿਜ਼ ਸਾਪੇਖ ਵਾਧੂ ਪੈਦਾਵਾਰ ਹੀ ਹੈ। ਦੂਜੇ ਸ਼ਬਦਾਂ ਵਿੱਚ, ਇਹ ਵਾਧੂ ਪੈਦਾਵਾਰ ਲੋਕਾਂ ਦੀ ਖਰੀਦ ਸ਼ਕਤੀ ਦੀ ਤੁਲਨਾ ਵਿੱਚ ਹੀ ਵਾਧੂ ਹੁੰਦੀ ਹੈ।ਆਰਥਿਕ ਸੰਕਟਾਂ ਦੌਰਾਨ, ਮੰਗ ਘਟਣ ਕਰਕੇ, ਪੂੰਜੀਪਤੀ ਦੇ ਗੋਦਾਮਾਂ ਵਿੱਚ ਮਾਲ ਦਾ ਭੰਡਾਰ ਜਮਾਂ ਹੁੰਦਾ ਜਾਂਦਾ ਹੈ।ਕਈ ਮਾਲ ਪਏ-ਪਏ ਗਲ਼ ਸੜ ਜਾਂਦੇ ਹਨ ਜਾਂ ਇੱਥੋਂ ਤੱਕ ਕਿ ਉਨ੍ਹਾਂ ਨੂੰ ਜਾਣ ਬੁੱਝ ਕੇ ਨਸ਼ਟ ਕਰ ਦਿੱਤਾ ਜਾਂਦਾ ਹੈ ਪਰ ਦੂਜੇ ਪਾਸੇ ਵਿਸ਼ਾਲ ਕਿਰਤੀ ਲੋਕਾਈ ਰੋਟੀ-ਕੱਪੜਾ ਖਰੀਦ ਸਕਣ ਤੋਂ ਵੀ ਅਸਮਰੱਥ ਹੋ ਜਾਂਦੀ ਹੈ ਅਤੇ ਫਾਕੇ ਕੱਟਦੀ ਰਹਿੰਦੀ ਹੈ।

ਵਾਧੂ ਪੈਦਾਵਾਰ ਦਾ ਆਰਥਿਕ ਸੰਕਟ ਪੂੰਜੀਵਾਦੀ ਅਰਥਚਾਰੇ ਦਾ ਵਿਸ਼ੇਸ਼ ਲੱਛਣ ਹੈ। ਭਾਵੇਂ ਕਿ ਜਿਣਸ ਅਰਥਚਾਰੇ ਦੀ ਵਿਕਾਸ ਪ੍ਰਕਿਰਿਆ ਦੇ ਸ਼ੁਰੂ ਵਿੱਚ ਹੀ ਆਰਥਿਕ ਸੰਕਟਾਂ ਦੀ ਸੰਭਾਵਨਾ ਛੁਪੀ ਹੁੰਦੀ ਹੈ। ਜਦੋਂ ਜਿਣਸ ਉਤਪਾਦਕ ਆਪਣੀਆਂ ਜਿਣਸਾਂ ਨੂੰ ਵੇਚਦਾ ਹੈ ਤਾਂ ਅਜਿਹਾ ਨਹੀਂ ਹੁੰਦਾ ਕਿ ਉਹ ਪ੍ਰਾਪਤ ਰਕਮ ਨਾਲ ਤੁਰੰਤ ਹੀ ਮੁੜ ਤੋਂ ਪੈਦਾਵਾਰ ਦੇ ਸਾਧਨ ਜਾਂ ਆਪਣੀ ਲੋੜ ਦੀਆਂ ਜਿਣਸਾਂ ਖਰੀਦ ਲਵੇ।ਹੁਣ ਜੇ ਉਹ ਖਰੀਦੇਗਾ ਹੀ ਨਹੀਂ ਤਾਂ ਉਸ ਨਾਲ ਵਪਾਰ ਕਰਨ ਵਾਲੇ ਦੂਸਰੇ ਜਿਣਸ ਉਤਪਾਦਕ ਆਪਣੀਆਂ ਜਿਣਸਾਂ ਨੂੰ ਵੇਚ ਹੀ ਨਹੀਂ ਸਕਣਗੇ।ਅਜਿਹੀ ਹਾਲਤ ਵਿੱਚ ਖਰੀਦ ਅਤੇ ਵੇਚ ਦਾ ਆਪਸੀ ਸੰਤੁਲਨ ਗੜਬੜਾ ਸਕਦਾ ਹੈ ਜੋ ਆਰਥਿਕ ਸੰਕਟ ਵਿੱਚ ਤਬਦੀਲ ਹੋ ਸਕਦਾ ਹੈ। ਪਰ ਜਦੋਂ ਜਿਣਸ ਉਤਪਾਦਨ ਛੋਟੇ ਜਿਣਸ ਉਤਪਾਦਕ ਵੱਲੋਂ ਕੀਤਾ ਜਾਂਦਾ ਸੀ ਅਤੇ ਉਹ

ਵਿਅਕਤੀਗਤ ਮਾਲਕੀ 'ਤੇ ਅਧਾਰਤ ਸੀ, ਉਦੋਂ ਪੈਦਾਵਾਰ ਦਾ ਉਦੇਸ਼ ਨਿੱਜੀ ਖਪਤ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਪੈਦਾਵਾਰ ਨੂੰ ਚਲਦਾ ਰੱਖਣ ਲਈ, ਦੂਸਰੀਆਂ ਜਿਣਸਾਂ ਨਾਲ ਵਪਾਰ ਕਰਨਾ ਸੀ। ਇਸ ਲਈ ਵੇਚ ਤੋਂ ਬਾਅਦ ਅਕਸਰ ਖਰੀਦ ਹੁੰਦੀ ਸੀ। ਨਾਲ ਹੀ, ਪੈਦਾਵਾਰੀ ਤਾਕਤਾਂ ਦਾ ਪੱਧਰ ਅਤੇ ਪੈਦਾਵਾਰੀ ਤਾਕਤਾਂ ਦਾ ਪੈਮਾਨਾ ਨੀਵਾਂ ਸੀ। ਸਮਾਜ ਵਿੱਚ ਕਿਰਤ ਵੰਡ ਇੰਨੀ ਉੱਘੜਵੀਂ ਨਹੀਂ ਸੀ। ਖਰੀਦ ਅਤੇ ਵੇਚ ਵਿਚਕਾਰ ਜੇ ਆਪਸੀ ਅਸੰਤੁਲਨ ਹੋ ਵੀ ਜਾਂਦਾ ਸੀ ਤਾਂ ਉਸਦਾ ਅਸਰ ਸਥਾਨਕ ਹੀ ਹੁੰਦਾ ਸੀ ਅਤੇ ਸਮੁੱਚੇ ਸਮਾਜ ਨੂੰ ਪ੍ਰਭਾਵਿਤ ਕਰ ਸਕਣ ਦੀ ਨੌਬਤ ਨਹੀਂ ਸੀ ਆਉਂਦੀ। ਇਸ ਲਈ ਭਾਵੇਂ ਕਿ ਆਰਥਿਕ ਸੰਕਟਾਂ ਦੀ ਸੰਭਾਵਨਾ ਜਿਣਸ ਪੈਦਾਵਾਰ ਦੀ ਪ੍ਰਕਿਰਿਆ ਵਿੱਚ ਹੀ ਨਹਿਤ ਹੁੰਦੀ ਹੈ, ਪਰ ਇਨ੍ਹਾਂ ਸੰਕਟਾਂ ਦੀ ਅਟੱਲਤਾ ਤਾਂ ਮਹਿਜ ਪੂੰਜੀਵਾਦੀ ਅਰਥਚਾਰੇ ਅੰਦਰ ਹੀ ਦੇਖੀ ਜਾ ਸਕਦੀ ਹੈ।

ਆਰਥਿਕ ਸੰਕਟਾਂ ਦਾ ਸ੍ਰੋਤ ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਅੰਦਰ ਹੀ ਹੈ

ਪੂੰਜੀਵਾਦੀ ਸਮਾਜ ਵਿੱਚ ਆਰਥਿਕ ਸੰਕਟ ਅਟੱਲ ਹੁੰਦੇ ਹਨ। ਇਹ ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਦੁਆਰਾ ਤੈਅ ਹੁੰਦੇ ਹਨ। ਜਿਵੇਂ ਕਿ ਸਟਾਲਿਨ ਕਹਿੰਦੇ ਹਨ, *"ਵਾਧੂ-ਪੈਦਾਵਾਰ ਦੇ ਆਰਥਿਕ ਸੰਕਟਾਂ ਦਾ ਸ੍ਰੋਤ ਅਤੇ ਕਾਰਨ ਖੁਦ ਪੂੰਜੀਵਾਦੀ ਪ੍ਰਬੰਧ ਦੇ ਅੰਦਰ ਹੀ ਹੁੰਦਾ ਹੈ। ਸੰਕਟ ਦਾ ਸ੍ਰੋਤ ਪੈਦਾਵਾਰ ਦੇ ਸਮਾਜਿਕ ਖਾਸੇ ਅਤੇ ਉਤਪਾਦਾਂ ਦੀ ਨਿੱਜੀ ਮਾਲਕੀ ਦੀ ਵਿਰੋਧਤਾਈ ਵਿੱਚ ਹੈ"।*[(1)]

ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਅਟੱਲ ਤੌਰ 'ਤੇ ਹੀ ਇਨ੍ਹਾਂ ਆਰਥਿਕ ਸੰਕਟਾਂ ਨੂੰ ਕਿਉਂ ਜਨਮ ਦਿੰਦੀ ਹੈ ?

ਸਭ ਤੋਂ ਪਹਿਲ ਪ੍ਰਿਥਮੇ, ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਅਟੱਲ ਤੌਰ 'ਤੇ ਹੀ ਇਸ ਵਿਰੋਧਤਾਈ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਪੈਦਾਵਾਰੀ ਤਾਕਤਾਂ ਵੱਡੇ ਪੱਧਰ 'ਤੇ ਵਧਦੀਆਂ ਜਾਂਦੀਆਂ ਹਨ ਜਦੋਂ ਕਿ ਕਿਰਤੀ ਲੋਕਾਈ ਦੀ ਖਰੀਦ ਸ਼ਕਤੀ ਸਾਪੇਖ ਤੌਰ 'ਤੇ ਘਟਦੀ ਜਾਂਦੀ ਹੈ। ਵੱਡੇ ਪੈਮਾਨੇ ਦੀ ਪੂੰਜੀਵਾਦੀ ਸਮਾਜਿਕ ਪੈਦਾਵਾਰ ਵਿਅਕਤੀਗਤ ਦਸਤਕਾਰੀ ਤਰੀਕੇ ਦੀ ਪੈਦਾਵਾਰ ਤੋਂ ਬਿਲਕੁਲ ਵੱਖਰੀ ਹੈ। ਸਾਧਾਰਨ ਮੁੜ-ਪੈਦਾਵਾਰ ਵਿਅਕਤੀਗਤ ਪੈਦਾਵਾਰ ਦੀ ਵਿਸ਼ੇਸ਼ਤਾਈ ਹੈ। ਮੰਡੀ ਦੀਆਂ ਬੇਹੱਦ ਮੁਆਫਕ ਹਾਲਤਾਂ ਵਿੱਚ ਵੀ, ਇਸਦੀ ਪੈਦਾਵਾਰ ਵਿੱਚ ਵਾਧੇ ਦੀ ਗਤੀ ਬਹੁਤ ਹੌਲੀ ਹੁੰਦੀ ਹੈ। ਜਦੋਂ ਕਿ ਪੂੰਜੀਵਾਦੀ ਪੈਦਾਵਾਰ ਵੱਡੀਆਂ ਮਸ਼ੀਨਾਂ ਨਾਲ ਹੁੰਦੀ ਹੈ ਅਤੇ ਇਸ ਲਈ ਪੈਦਾਵਾਰ ਤੇਜੀ ਨਾਲ ਵਧ ਜਾਂਦੀ ਹੈ। ਪੂੰਜੀਪਤੀ ਹੋਰ ਵੱਧ ਮੁਨਾਫਾ ਕਮਾਉਣ ਲਈ ਪੈਦਾਵਾਰ ਦਾ ਵਿਸਤਾਰ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ ਕਿਉਂਕਿ ਜਿੰਨੇ ਵੱਡੇ ਪੈਮਾਨੇ 'ਤੇ ਪੈਦਾਵਾਰ ਹੋਏਗੀ, ਉਨੀ ਹੀ ਵੱਧ ਵਾਫ਼ਰ ਕਦਰ ਉਹ ਨਿਚੋੜ ਸਕੇਗਾ। ਇਸਦੇ ਇਲਾਵਾ, ਪੂੰਜੀਪਤੀ ਲਈ ਆਪਣੀਆਂ

ਤਕਨੀਕਾਂ ਵਿੱਚ ਹੋਰ ਸੁਧਾਰ ਲਿਆਉਣਾ ਅਤੇ ਪੈਦਾਵਾਰ ਦੇ ਪੈਮਾਨੇ ਨੂੰ ਵਧਾਉਣਾ ਇਸ ਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਦੂਜੇ ਪੂੰਜੀਪਤੀ ਉਸ ਨੂੰ ਧੱਕ ਕੇ ਮੁਕਾਬਲੇ 'ਚੋਂ ਬਾਹਰ ਹੀ ਨਾ ਕੱਢ ਦੇਣ। ਪੈਦਾਵਾਰ ਦੇ ਪੈਮਾਨੇ ਦੇ ਨਾਲ –ਨਾਲ ਖਪਤ ਦਾ ਪੱਧਰ ਵੀ ਵਧਣਾ ਚਾਹੀਦਾ ਹੈ ਤਾਂ ਕਿ ਜੋ ਵਧੀ ਹੋਈ ਪੈਦਾਵਾਰ ਨੂੰ ਵੇਚਿਆ ਜਾ ਸਕੇ ਅਤੇ ਸਮਾਜਿਕ ਪੈਦਾਵਾਰ ਜ਼ਾਰੀ ਰਹਿ ਸਕੇ। ਪਰ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਤਹਿਤ ਪੂੰਜੀਪਤੀ ਹਮੇਸਾਂ ਮਜ਼ਦੂਰੀ ਨੂੰ ਘੱਟੋ–ਘੱਟ ਸੰਭਵ ਹੱਦ ਤੱਕ ਘਟਾਉਣ ਦੀ ਕੋਸ਼ਿਸ਼ ਕਰਦਾ ਹੈ। ਪੂੰਜੀਵਾਦੀ ਪੈਦਾਵਾਰ ਦਾ ਵਿਕਾਸ ਅਤੇ ਨਵੀਆਂ ਤਕਨੀਕਾਂ ਦਾ ਅਪਣਾਇਆ ਜਾਣਾ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਨੂੰ ਫੈਕਟਰੀਆਂ ਚੋਂ ਬਾਹਰ ਕੱਢ ਦਿੰਦਾ ਹੈ ਅਤੇ ਬੇਰੁਜ਼ਗਾਰੀ ਵਿੱਚ ਬੇਥਾਹ ਵਾਧਾ ਕਰ ਦਿੰਦਾ ਹੈ। ਪੂੰਜੀਵਾਦੀ ਮੁਕਾਬਲਾ ਹਰ ਹਾਲ ਕਿਸਾਨਾਂ ਅਤੇ ਦਸਤਕਾਰਾਂ ਦੀ ਵੱਡੀ ਗਿਣਤੀ ਨੂੰ ਕੰਗਾਲ ਬਣਾ ਦਿੰਦਾ ਹੈ ਜਿਸ ਰਾਹੀਂ ਛੋਟੀ ਪੂੰਜੀ ਨੂੰ ਵੱਡੀ ਪੂੰਜੀ ਨਿਗ਼ਲ ਜਾਂਦੀ ਹੈ। ਇਸ ਤਰ੍ਹਾਂ, ਇੱਕ ਪਾਸੇ ਪੈਦਾਵਾਰ ਦਾ ਜ਼ਬਰਦਸਤ ਵਿਸਤਾਰ ਹੁੰਦਾ ਹੈ ਪਰ ਦੂਜੇ ਪਾਸੇ ਕਿਰਤੀ ਲੋਕਾਂ ਦੀ ਖਰੀਦ ਸ਼ਕਤੀ ਸਾਪੇਖਕ ਰੂਪ ਵਿੱਚ ਲਗਾਤਾਰ ਘਟਦੀ ਜਾਂਦੀ ਹੈ। ਇਹੀ ਵਿਰੋਧਤਾਈ ਵਾਧੂ ਪੈਦਾਵਾਰ ਦੇ ਆਰਥਿਕ ਸੰਕਟ ਦਾ ਵਾਪਰਨਾ ਹਰ ਹਾਲ ਜ਼ਰੂਰੀ ਬਣਾ ਦਿੰਦੀ ਹੈ।

ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਹਰ ਹਾਲ ਆਰਥਿਕ ਸੰਕਟਾਂ ਨੂੰ ਜਨਮ ਇਸ ਲਈ ਵੀ ਦਿੰਦੀ ਹੈ ਕਿਉਂਕਿ ਇਹ ਵਿਰੋਧਤਾਈ ਅਟੱਲ ਰੂਪ ਵਿੱਚ ਇਸ ਵਿਰੋਧਤਾਈ ਵਿੱਚ ਪ੍ਰਗਟ ਹੁੰਦੀ ਹੈ ਕਿ ਅਲੱਗ ਅਲੱਗ ਕਾਰਖਾਨਿਆਂ ਵਿੱਚ ਤਾਂ ਪੈਦਾਵਾਰ ਜਥੇਬੰਦਕ ਰੂਪ ਵਿੱਚ ਚਲਦੀ ਰਹਿੰਦੀ ਹੈ ਪਰ ਸਮਾਜਿਕ ਪੈਦਾਵਾਰ ਵਿੱਚ ਅਰਾਜਕਤਾ ਦਾ ਹੀ ਬੋਲਬਾਲਾ ਹੁੰਦਾ ਹੈ। ਪੈਦਾਵਾਰ ਵਲੋਂ ਸਮਾਜਿਕ ਖਾਸਾ ਅਖਤਿਆਰ ਕਰਦੇ ਜਾਣ ਨਾਲ ਪੈਦਾਵਾਰੀ ਉਦਯੋਗਾਂ ਦੇ ਵਿਭਿੰਨ ਖੇਤਰਾਂ ਅਤੇ ਵੱਖ–ਵੱਖ ਉਦਯੋਗਾਂ ਦੇ ਆਪਸੀ ਸਬੰਧ ਅਤੇ ਅੰਤਰ ਨਿਰਭਰਤਾ ਵਧਦੀ ਜਾਂਦੀ ਹੈ। ਉਦਾਹਰਣ ਲਈ, ਕੱਪੜਾ ਉਦਯੋਗ ਦੀ ਸੂਤ ਦੀ ਮੰਗ ਖੇਤੀ ਖੇਤਰ 'ਚੋਂ ਪੂਰੀ ਹੁੰਦੀ ਹੈ ਜਦੋਂ ਕਿ ਕਤਾਈ ਅਤੇ ਬੁਣਾਈ ਦੀਆਂ ਮਸ਼ੀਨਾਂ ਮਸ਼ੀਨ ਉਦਯੋਗ 'ਚੋਂ ਆਉਂਦੀਆਂ ਹਨ। ਇਸ ਲਈ ਨਿਸ਼ਚਿਤ ਸਮੇਂ ਦੌਰਾਨ, ਸੂਤ ਕਤਾਈ–ਬੁਣਾਈ ਦੀਆਂ ਮਸ਼ੀਨਾਂ ਦੀ ਜ਼ਰੂਰਤ ਨੂੰ ਅੰਗਣ ਲਈ ਕੋਈ ਏਕੀਕ੍ਰਿਤ ਯੋਜਨਾ ਅਤੇ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਕਿ ਸਮਾਜਿਕ ਪੈਦਾਵਾਰ ਨਿਰਵਿਘਨ ਚਲਦੀ ਰਹੇ। ਪਰ ਪੈਦਾਵਾਰ ਦੇ ਸਾਧਨ ਦੀ ਪੂੰਜੀਵਾਦੀ ਨਿੱਜੀ ਮਾਲਕੀ ਸਮੁੱਚੇ ਸਮਾਜ ਨੂੰ ਵੱਖ–ਵੱਖ ਖੁਦ ਮੁਖਤਿਆਰ ਪੂੰਜੀਵਾਦੀ ਉਦਯੋਗਾਂ ਵਿੱਚ ਬਖੇਰ ਦਿੰਦੀ ਹੈ। ਕਿਸੇ ਇੱਕ ਉਦਯੋਗ ਦੇ ਨਜ਼ਰੀਏ ਤੋਂ ਦੇਖੀਏ ਤਾਂ, ਇਸਦੇ ਮਜ਼ਦੂਰ ਇੱਕੋ ਹੀ ਪੂੰਜੀ ਵੱਲੋਂ ਕੰਟਰੋਲ ਕੀਤੇ ਜਾਂਦੇ ਹਨ ਅਤੇ ਇਸਦੀ ਅੰਦਰੂਨੀ ਪੈਦਾਵਾਰ ਜਥੇਬੰਦਕ ਰੂਪ ਵਿੱਚ ਚਲਦੀ ਹੈ। ਪਰ ਸਮਾਜ ਦੇ ਨਜ਼ਰੀਏ ਤੋਂ, ਅਲੱਗ–ਅਲੱਗ ਸਰਮਾਏਦਾਰਾਂ ਦੇ ਆਪੋ ਆਪਣੇ ਉਦਯੋਗ ਕਿਹੜੀ ਅਤੇ ਕਿੰਨੀ ਪੈਦਾਵਾਰ ਕਰਦੇ ਹਨ, ਇਹ ਸਰਮਾਏਦਾਰ ਦਾ ਆਪਣਾ ਨਿੱਜੀ ਮਾਮਲਾ ਹੁੰਦਾ ਹੈ ਕਿਸੇ ਨੂੰ ਕੁੱਝ ਪਤਾ ਹੀ ਨਹੀਂ ਹੁੰਦਾ। ਉਸ ਲਈ ਸਮੁੱਚੇ ਸਮਾਜ ਦੀ ਪੈਦਾਵਾਰ ਆਪ ਹੁਦਰੇ ਢੰਗ ਨਾਲ ਚਲਦੀ ਰਹਿੰਦੀ ਹੈ। ਕਿਉਂਕਿ ਸਮਾਜਿਕ ਪੈਦਾਵਾਰ ਵਿੱਚ ਕੋਈ ਆਪਸੀ ਤਾਲਮੇਲ ਨਾ ਹੋਣ ਕਰਕੇ, ਵੱਖੋ–ਵੱਖਰੇ ਪੂੰਜੀਪਤੀਆਂ ਨੂੰ

ਕਿਸੇ ਜਿਣਸ ਵਿਸ਼ੇਸ਼ ਦੀ ਅਸਲੀ ਮੰਗ ਦੀ ਕੋਈ ਜਾਣਕਾਰੀ ਨਹੀਂ ਹੁੰਦੀ। ਬਸ ਮੁਨਾਫਾ ਹੋਣਾ ਚਾਹੀਦਾ ਹੈ, ਵੱਧ ਤੋਂ ਵੱਧ ਪੈਦਾਵਾਰ ਕਰਨ ਲਈ ਸਾਰੇ ਪੂੰਜੀਪਤੀ ਆਪਸੀ ਮੁਕਾਬਲੇ 'ਚ ਉੱਤਰ ਆਉਣਗੇ। ਇਸ ਤੋਂ ਇਲਾਵਾ, ਪੂੰਜੀਵਾਦੀ ਵਪਾਰਕ ਗਤੀਵਿਧੀਆਂ ਵੀ ਝੂਠੀ ਮੰਗ ਪੈਦਾ ਕਰ ਸਕਦੀਆਂ ਹਨ। ਜੋ ਸਮਾਜ ਦੀ ਅਸਲ ਖਰੀਦ ਸ਼ਕਤੀ ਨੂੰ ਲੁਕੋ ਲੈਂਦੀਆਂ ਹਨ। ਭਾਵੇਂ ਪੈਦਾਵਾਰ ਅਸਲ ਵਿੱਚ ਲੋਕਾਂ ਦੀ ਖਰੀਦ ਸ਼ਕਤੀ ਤੋਂ ਵੱਧ ਹੁੰਦੀ ਹੈ ਫਿਰ ਵੀ ਜਦੋਂ ਤੱਕ ਮੰਡੀ ਵਿੱਚ ਕੀਮਤਾਂ ਚੜ੍ਹਦੀਆਂ ਰਹਿੰਦੀਆਂ ਹਨ ਉਦੋਂ ਤੱਕ ਵਪਾਰਕ ਪੂੰਜੀਪਤੀ ਉਦਯੋਗਿਕ ਪੂੰਜੀਪਤੀ ਨੂੰ ਹੋਰ ਮਾਲ ਦਾ ਆਰਡਰ ਦਿੰਦੇ ਰਹਿੰਦੇ ਹਨ ਅਤੇ ਵਿੱਤੀ ਪੂੰਜੀਪਤੀ, ਵਪਾਰਕ ਪੂੰਜੀਪਤੀ ਤੇ ਉਦਯੋਗਿਕ ਪੂੰਜੀਪਤੀ ਨੂੰ ਕਰਜਾ ਦਿੰਦੇ ਰਹਿੰਦੇ ਹਨ ਤਾਂ ਕਿ ਉਦਯੋਗਿਕ ਸਰਮਾਏਦਾਰ ਪੈਦਾਵਾਰ ਦਾ ਵਿਸਤਾਰ ਕਰ ਸਕੇ। ਇਸ ਤਰਾਂ ਮੰਡੀ ਵਿੱਚ ਇੱਕ ਖੁਸ਼ਹਾਲੀ ਬਣੀ ਰਹਿੰਦੀ ਹੈ। ਇਹ ਝੂਠੀ ਖੁਸ਼ਹਾਲੀ ਵਾਧੂ ਪੈਦਾਵਾਰ ਦੀ ਮੌਜੂਦਗੀ ਅਤੇ ਇਸ ਦੀ ਵਧ ਰਹੀ ਗੰਭੀਰਤਾ 'ਤੇ ਪਰਦਾਪੋਸ਼ੀ ਕਰਨ ਦਾ ਕੰਮ ਕਰਦੀ ਹੈ। ਪਰ ਆਖਰ ਨੂੰ ਜਦੋਂ ਵਾਧੂ-ਪੈਦਾਵਾਰ ਤੋਂ ਪਰਦਾ ਹਟਦਾ ਹੈ ਤਾਂ ਇਹ ਤਾਬੜ ਤੋੜ ਆਰਥਿਕ ਸੰਕਟਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਆਰਥਿਕ ਸੰਕਟਾਂ ਦਾ ਸ੍ਰੋਤ ਖੁਦ ਪੂੰਜੀਵਾਦੀ ਪ੍ਰਬੰਧ ਅੰਦਰ ਅਤੇ ਪੂੰਜੀਵਾਦ ਦੀ ਇਸ ਬੁਨਿਆਦੀ ਵਿਰੋਧਤਾਈ ਵਿੱਚ ਨਹਿਤ ਹੈ ਕਿ ਪੈਦਾਵਾਰ ਤਾਂ ਸਮਾਜਿਕ ਹੁੰਦੀ ਹੈ ਪਰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਨਿੱਜੀ ਹੁੰਦੀ ਹੈ। ਜਦੋਂ ਤੱਕ ਪੂੰਜੀਵਾਦ ਰਹੇਗਾ, ਆਰਥਿਕ ਸੰਕਟ ਫੁਟਦੇ ਰਹਿਣਗੇ। ਸੰਕਟਾਂ ਦੇ ਖਾਤਮੇ ਲਈ, ਪਹਿਲਾਂ ਪੂੰਜੀਵਾਦੀ ਪ੍ਰਬੰਧ ਦਾ ਮਲੀਆ ਮੇਟ ਕਰਨਾ ਹੋਏਗਾ।

ਆਰਥਿਕ ਸੰਕਟਾਂ ਦਾ ਮਾਰਕਸਵਾਦੀ ਸਿਧਾਂਤ ਸੰਕਟਾਂ 'ਤੇ ਪਰਦਾਪੋਸ਼ੀ ਕਰਨ ਲਈ ਘੜੇ ਗਏ ਬੁਰਜੂਆਜ਼ੀ ਦੇ ਸਾਰੇ ਝੂਠੇ ਸਿਧਾਤਾਂ ਨੂੰ ਫਨ੍ਹਾ ਕਰਦਾ ਹੈ

ਬੁਰਜੂਆਜ਼ੀ ਅਤੇ ਉਸਦੇ ਪੈਰੋਕਾਰ ਪੂੰਜੀਵਾਦੀ ਆਰਥਿਕ ਸੰਕਟਾਂ ਬਾਰੇ ਮਾਰਕਸਵਾਦ ਦੇ ਵਿਗਿਆਨਕ ਸਿੱਟਿਆਂ ਤੋਂ ਬੁਰੀ ਤਰਾਂ ਤ੍ਰਹਿੰਦੇ ਅਤੇ ਉਨ੍ਹਾਂ ਨੂੰ ਨਫ਼ਰਤ ਕਰਦੇ ਹਨ। ਇਨ੍ਹਾਂ ਸੰਕਟਾਂ ਅਤੇ ਪੂੰਜੀਵਾਦੀ ਪ੍ਰਬੰਧ ਦਾ ਆਪਸ ਵਿੱਚ ਕੋਈ ਸਬੰਧ ਨਹੀਂ ਹੈ ਇਹ ਦਿਖਾਉਣ ਲਈ ਉਨ੍ਹਾਂ ਨੇ ਆਪਣੀ ਪੂਰੀ ਮਗਜ਼-ਖਪਾਈ ਤੋਂ ਬਾਅਦ ਅਨੇਕਾਂ ਕਿਸਮ ਦੇ ਝੂਠ ਘੜ ਲਏ ਹਨ ਤਾਂ ਕਿ ਕਿਰਤੀ ਲੋਕਾਈ ਨੂੰ ਧੋਖੇ 'ਚ ਰੱਖ ਕੇ ਇਸ ਲੁਟੇਰੇ ਪ੍ਰਬੰਧ ਨੂੰ ਕਾਇਮ ਰੱਖਿਆ ਜਾ ਸਕੇ। ਉਦਾਹਰਣ ਲਈ, ਉਨ੍ਹਾਂ ਚੋਂ ਕੁੱਝ ਤਾਂ ਇਨ੍ਹਾਂ ਸੰਕਟਾਂ ਨੂੰ 'ਘੱਟ ਖਪਤ' ਸਿਰ ਥੋਪਦੇ ਹਨ ਅਤੇ ਇਨ੍ਹਾਂ ਦੇ ਇਲਾਜ ਲਈ ਖਪਤ ਉਤਪ੍ਰੇਰਕ ਦੀ ਵਰਤੋਂ ਸਝਾਉਦੇ ਹਨ। ਦਰਅਸਲ, ਕਿਰਤੀ ਲੋਕਾਂ ਵੱਲੋਂ ਘੱਟ ਖਪਤ, ਮਹਿਜ ਪੂੰਜੀਵਾਦ ਦੇ ਆਗਮਨ ਨਾਲ ਹੀ ਸ਼ੁਰੂ ਨਹੀਂ ਹੋਈ, ਸਗੋਂ ਜਦੋਂ ਤੋਂ ਮਨੁੱਖੀ ਸਮਾਜ ਲੁਟੇਰੀਆਂ ਅਤੇ ਲੁੱਟੀਂਦੀਆਂ ਜਮਾਤਾਂ

ਵਿੱਚ ਵੰਡਿਆ ਗਿਆ ਉਦੋਂ ਤੋਂ ਹੀ ਇਹ ਮੌਜੂਦ ਹੈ ਪਰ ਵਾਧੂ-ਪੈਦਾਵਾਰ ਸਿਰਫ ਪੂੰਜੀਵਾਦ 'ਚ ਹੀ ਹੁੰਦੀ ਹੈ। ਇਸ ਤਰ੍ਹਾਂ, ਸਪੱਸ਼ਟ ਹੈ ਕਿ "ਘੱਟ-ਖਪਤ" ਦੇ ਜ਼ਰੀਏ ਵਾਧੂ-ਪੈਦਾਵਾਰ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।

ਦੂਜੀ ਸੰਸਾਰ ਜੰਗ ਤੋਂ ਬਾਅਦ, ਕੌਮੀ ਅਰਥਚਾਰੇ ਦੇ ਫੌਜੀਕਰਣ ਦੇ ਸਿੱਟੇ ਵਜੋਂ ਕੁੱਝ ਪੂੰਜੀਵਾਦੀ ਦੇਸ਼ਾਂ ਵਿੱਚ ਥੋੜਚਿਰੀ ਝੂਠੀ ਖੁਸ਼ਹਾਲੀ ਦਿਖਾਈ ਦਿੱਤੀ। ਬੁਰਜੂਆਜ਼ੀ ਦੇ ਪੈਰੋਕਾਰ ਨੂੰ ਜਿਵੇਂ ਡੁਬਦਿਆਂ ਨੂੰ ਤਿਣਕੇ ਦਾ ਸਹਾਰਾ ਮਿਲ ਗਿਆ ਹੋਵੇ। ਉਨ੍ਹਾਂ ਨੇ ਜਲਦਬਾਜ਼ੀ 'ਚ ਇਹ ਬੇਹੁਦਾ ਐਲਾਨ ਕਰ ਦਿੱਤਾ, "ਜਿਹੜੇ ਲੋਕ ਇਹ ਸੋਚਦੇ ਹਨ ਕਿ ਪੂੰਜੀਵਾਦੀ ਦੇਸ਼ ਅਟੱਲ ਤੌਰ 'ਤੇ ਹੀ ਆਰਥਿਕ ਮਹਾਂ ਮੰਦੀਆਂ ਦੇ ਸ਼ਿਕਾਰ ਹੋ ਜਾਣਗੇ, ਉਹ ਗਲਤ ਹਨ।" ਪੂੰਜੀਵਾਦੀ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਕੌਮੀ ਆਰਥਿਕ ਗਤੀਵਿਧੀਆਂ 'ਚ ਵਧ ਰਹੀ ਭਾਗੀਦਾਰੀ ਨੂੰ ਉਨ੍ਹਾਂ ਨੇ, "ਸਵੈ-ਨਿਯਾਮਕਾਂ" ਦੇ ਰੂਪ ਵਿੱਚ ਦੇਖਿਆ ਕਿ ਜਿਹੜੇ ਇੱਕ ਹੱਦ ਤੱਕ ਪੂੰਜੀਵਾਦੀ ਅਰਥਚਾਰੇ ਦੇ ਵਿਕਾਸ ਨੂੰ "ਆਟੋਮੈਟਿਕ ਸਥਿਰਤਾ ਵੱਲ ਵਧਣ" ਦੇਣ ਦਾ ਕੰਮ ਕਰਨਗੇ। ਇਹ ਵੀ ਝੂਠ ਹੈ। ਅਸੀਂ ਜਾਣਦੇ ਹਾਂ ਕਿ ਪੂੰਜੀਵਾਦੀ ਰਾਜਕੀ ਮਸ਼ੀਨਰੀ ਬੁਰਜੂਆਜ਼ੀ ਦੀ ਸੇਵਾ ਕਰਦੀ ਹੈ। ਬੁਰਜੂਆ ਰਾਜ ਸੱਤ੍ਹਾ ਕੌਮਾਂਤਰੀ ਅਰਥਚਾਰੇ ਦੇ ਫੌਜੀਕਰਨ ਜਾਂ ਆਰਥਿਕ ਜੀਵਨ ਨੂੰ ਕੰਟਰੋਲ ਕਰਨ ਲਈ ਜੋ ਕੁੱਝ ਵੀ ਕਰਦੀ ਹੈ, ਉਹ ਲੋਕਾਂ ਦੀ ਲੁੱਟ ਨੂੰ ਹੋਰ ਵਧਾਉਣ ਵਾਲੇ ਵੱਖ-ਵੱਖ ਉਪਾਵਾਂ ਦੇ ਜ਼ਰੀਏ ਹੀ ਹੁੰਦਾ ਹੈ। ਜਿਵੇਂ ਲੈਨਿਨ ਨੇ ਬਹੁਤ ਸਮਾਂ ਪਹਿਲਾਂ ਕਿਹਾ ਸੀ ਕਿ, *"ਸੰਯੁਕਤ ਰਾਜ ਅਮਰੀਕਾ 'ਚ ਹੋਵੇ ਜਾਂ ਜਰਮਨੀ ਵਿੱਚ, ਆਰਥਿਕ ਜੀਵਨ ਨੂੰ ਕੰਟਰੋਲ ਕਰਨ ਦਾ ਨਤੀਜਾ ਮਜ਼ਦੂਰਾਂ (ਅਤੇ ਕਿਸਾਨਾਂ ਦੇ ਇੱਕ ਹਿੱਸੇ ਲਈ ਵੀ ਕਰੜੀ ਮੁਸ਼ੱਕਤ ਦੀਆਂ ਫੌਜੀ ਛਾਉਣੀਆਂ ਬਣਾਉਣ ਅਤੇ ਹੋਰ ਸ਼ਾਹੂਕਾਰਾਂ ਤੇ ਹੋਰ ਪੂੰਜੀਪਤੀਆਂ ਲਈ ਸਵਰਗ ਦਾ ਪ੍ਰਬੰਧ ਕਰਨ 'ਚ ਹੀ ਨਿੱਕਲਦਾ ਹੈ। ਇਨ੍ਹਾਂ ਦੇਸ਼ਾਂ ਦੇ ਨਿਯੰਤ੍ਰਿਕ ਉਪਾਵਾਂ ਦਾ ਮਤਲਬ ਹੁੰਦਾ ਹੈ ਮਜ਼ਦੂਰ ਜਮਾਤ ਤੋਂ ਆਪਣੇ ਢਿੱਡ 'ਤੇ ਇਸ ਹੱਦ ਤੱਕ ਕੱਟ ਲਗਾਉਣ ਦੀ ਮੰਗ ਕਰਨਾ ਕਿ ਉਹ ਭੁੱਖਮਰੀ ਕਿਨਾਰੇ 'ਤੇ ਪਹੁੰਚ ਜਾਵੇ ਜਦੋਂ ਕਿ ਦੂਜੇ ਪਾਸੇ (ਖੁਫੀਆ ਅਤੇ ਪਿਛਾਖੜੀ ਨੌਕਰਸ਼ਾਹਨਾ ਤਰੀਕਿਆਂ ਨਾਲ) ਇਸ ਗੱਲ ਦੀ ਜਾਮਨੀ ਕਰਨੀ ਕਿ ਪੂੰਜੀਪਤੀ ਦਾ ਮੁਨਾਫਾ ਜੰਗ ਤੋਂ ਪਹਿਲਾਂ ਨਾਲੋਂ ਵੀ ਵਧ ਜਾਵੇ"*।[2] ਪੂੰਜੀਵਾਦੀ ਦੇਸ਼ਾਂ ਵਿੱਚ ਆਰਥਿਕ ਜੀਵਨ ਨੂੰ ਕੰਟਰੋਲ ਕਰਨ ਨਾਲ ਪੂੰਜੀਵਾਦੀ ਅਰਥਚਾਰੇ ਦੇ " ਆਟੋਮੈਟਿਕ ਸਥਿਰਤਾ ਵੱਲ ਵਧਣ" ਜਿਹੀ ਕੋਈ ਗੱਲ ਨਹੀਂ; ਸਗੋਂ ਇਸਤੋਂ ਉਲਟ ਇਸਨੇ ਮੰਡੀ ਨੂੰ ਸੀਮਤ ਕੀਤਾ ਹੈ, ਕਿਰਤੀ ਲੋਕਾਂ ਨੂੰ ਕੰਗਾਲ ਅਤੇ ਪੂੰਜੀਪਤੀਆਂ ਨੂੰ ਖੁਸ਼ਹਾਲ ਕੀਤਾ ਹੈ। ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਲਗਾਤਾਰ ਹੋਰ ਡੂੰਘੀ ਹੁੰਦੀ ਗਈ ਹੈ ਅਤੇ ਪੂੰਜੀਵਾਦ ਦੇ ਆਰਥਿਕ ਸੰਕਟ ਹੋਰ ਗੰਭੀਰ ਹੋ ਗਏ ਹਨ।

ਪੂੰਜੀਵਾਦੀ ਆਰਥਿਕ ਸੰਕਟਾਂ ਦੇ ਗੰਭੀਰ ਹੁੰਦੇ ਜਾਣ ਦੀ ਪ੍ਰਵਿਰਤੀ

ਪੂੰਜੀਵਾਦੀ ਆਰਥਿਕ ਸੰਕਟ ਮਿਆਦੀ ਹਨ

ਜਦੋਂ ਤੱਕ ਪੂੰਜੀਵਾਦੀ ਪ੍ਰਬੰਧ ਰਹੇਗਾ, ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਆਪਣਾ ਰੰਗ ਦਿਖਾਉਂਦੀ ਰਹੇਗੀ। ਪੂੰਜੀਵਾਦੀ ਆਰਥਿਕ ਸੰਕਟ ਕੋਈ ਅਜਿਹੀ ਸਮੱਸਿਆ ਨਹੀਂ ਜੋ ਇੱਕ ਦੋ ਵਾਰ ਆ ਕੇ ਹਟ ਜਾਵੇ, ਇਹ ਤਾਂ ਅਟੱਲ ਰੂਪ ਵਿੱਚ ਵਾਰ-ਵਾਰ ਆਉਂਦੀ ਰਹਿੰਦੀ ਹੈ। ਜਰਾ ਪਿੱਛੇ ਮੁੜ-ਕੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਵੱਡੇ ਪੈਮਾਨੇ 'ਤੇ ਪਹਿਲਾਂ ਆਰਥਿਕ ਸੰਕਟ ਇੰਗਲੈਂਡ ਵਿੱਚ 1825 ਈਸਵੀ 'ਚ ਆਇਆ ਉਸਦੇ ਬਾਅਦ 1836, 1848, 1857 ਅਤੇ 1867 ਵਿੱਚ ਫਿਰ ਆਰਥਿਕ ਸੰਕਟਾਂ ਨੇ ਦਸਤਕ ਦਿੱਤੀ। ਇਹ ਔਸਤਨ ਹਰ ਦਸੀਂ ਸਾਲੀਂ ਆਉਂਦੇ ਰਹੇ। ਇੰਨ੍ਹਾਂ ਤੋਂ ਬਾਅਦ ਤਾਂ ਹੋਰ ਵੀ ਗੰਭੀਰ ਸੰਕਟ ਸਮੇਂ-ਸਮੇਂ 'ਤੇ ਆਉਂਦੇ ਰਹੇ ਹਨ।

ਆਰਥਿਕ ਸੰਕਟ ਦਾ ਚੱਕਰ ਦੋ ਜੁੜਵੇਂ ਸੰਕਟਾਂ ਦੇ ਵਿਚਕਾਰਲਾ ਸਮਾਂ ਹੁੰਦਾ ਹੈ। ਇਸ ਵਿੱਚ ਆਮ ਤੌਰ 'ਤੇ ਸੰਕਟ, ਮੰਦੀ, ਉਭਾਰ ਅਤੇ ਚੜ੍ਹਤ ਦੇ ਚਾਰ ਦੌਰ ਹੁੰਦੇ ਹਨ। ਇਸ ਵਿੱਚ ਸੰਕਟ ਦਾ ਦੌਰ ਬੁਨਿਆਦੀ ਹੈ। ਇਹ ਪਿਛਲੇ ਚੱਕਰ ਦਾ ਅੰਤ ਅਤੇ ਨਵੇਂ ਚੱਕਰ ਦਾ ਆਗਾਜ਼ ਹੁੰਦਾ ਹੈ।

ਸੰਕਟ ਦਾ ਦੌਰ: ਸੰਕਟ ਅਚਾਨਕ ਹੀ ਆਉਂਦੇ ਹਨ। ਇਹਨਾਂ ਦੇ ਆਉਣ ਤੋਂ ਪਹਿਲਾਂ ਮੰਡੀ ਵਿੱਚ ਵਿਆਪਕ ਤੌਰ 'ਤੇ ਝੂਠੀ ਖੁਸ਼ਹਾਲੀ ਦਿਖਾਈ ਦਿੰਦੀ ਹੈ ਅਤੇ ਵਿਭਿੰਨ ਉਦਯੋਗਾਂ ਦਾ "ਕਾਰੋਬਾਰ ਵਧਦਾ ਫੁਲਦਾ" ਹੈ। ਭਾਵੇਂ ਕਿ ਪੈਦਾਵਾਰ ਤਾਂ ਪਹਿਲੋਂ ਹੀ ਅਸਲੀ ਲੋੜਾਂ ਨਾਲੋਂ ਵਾਧੂ ਹੋ ਚੁੱਕੀ ਹੁੰਦੀ ਹੈ ਪਰ ਕਰਜਾ ਪ੍ਰਬੰਧ ਅਤੇ ਸੱਟਾਬਜ਼ਾਰੀ ਗਤੀਵਿਧੀਆਂ ਦੇ ਪੂਰੇ ਜਲੌਅ 'ਚ ਹੋਣ ਕਰਕੇ ਆਰਡਰ ਪੂਰੇ ਕਰਨ ਅਤੇ ਗੋਦਾਮਾਂ ਨੂੰ ਭਰਨ ਲਈ ਕਾਰਖਾਨੇ ਪੂਰੀ ਸਰਗਰਮੀ ਨਾਲ ਚਲਦੇ ਰਹਿੰਦੇ ਹਨ। ਪੂੰਜੀਵਾਦੀ ਅਰਥਚਾਰੇ ਦੀ ਲੜੀ ਵਿਚਲੀ ਕਿਸੇ ਇੱਕ ਕੜੀ ਵਿੱਚ ਖਲਲ ਪੈਣ ਨਾਲ ਅਚਾਨਕ ਹੀ ਆਰਥਿਕ ਸੰਕਟ ਆ ਧਮਕਦਾ ਹੈ। ਇੱਕ ਵਾਰ ਕਿਸੇ ਇੱਕ ਖੇਤਰ ਅੰਦਰ ਵਾਧੂ-ਪੈਦਾਵਾਰ ਦਾ ਪਤਾ ਲੱਗ ਜਾਂਦਾ ਹੈ ਅਤੇ ਵਿੱਕਰੀ ਮੁਸ਼ਕਿਲ ਹੋ ਜਾਂਦੀ ਹੈ। ਉਦਾਹਰਣ ਲਈ, ਆਟੋਮੋਬਾਈਲ ਉਦਯੋਗ ਵਿੱਚ ਪੈਦਾਵਾਰ ਦੀ ਕਟੌਤੀ ਜਾਂ ਪੈਦਾਵਾਰ ਵਿੱਚ ਅਸਥਾਈ ਰੋਕ ਅਟੱਲ ਤੌਰ 'ਤੇ ਕੋਲਾ, ਬਿਜਲੀ ਅਤੇ ਢੋਆ-ਢੁਆਈ ਦੇ ਉਦਯੋਗਾਂ ਨੂੰ ਪ੍ਰਭਾਵਿਤ ਕਰੇਗੀ। ਸ਼ੁਰੂ ਵਿੱਚ ਝੂਠੀ ਖੁਸ਼ਹਾਲੀ ਨੂੰ ਫੈਲਾਉਣ ਵਿੱਚ ਮਦਦ ਕਰਨ ਵਾਲੇ ਸੱਟੇਬਾਜ਼ ਵਪਾਰੀ ਹੁਣ ਘਟੀਆਂ ਕੀਮਤਾਂ 'ਤੇ ਆਪਣੇ ਮਾਲ ਨੂੰ ਧੜਾਧੜ ਵੇਚਣ ਲਗਦੇ ਹਨ ਜਿਸ ਨਾਲ ਹਾਲਾਤ ਹੋਰ ਵਿਗੜ ਜਾਂਦੇ ਹਨ। ਹੁਣ ਗੋਦਾਮ ਆਪਣੀ ਸਮਰੱਥਾ ਤੋਂ ਵੱਧ ਤੁੰਨੇ ਪਏ ਹੁੰਦੇ ਹਨ ਤੇ ਉੱਪਰੋਂ ਮਾਲ ਵਿਕਣਾ ਮੁਸ਼ਕਿਲ ਹੋ ਗਿਆ ਹੁੰਦਾ ਹੈ ਸਿੱਟੇ ਵਜੋਂ ਕੀਮਤਾਂ ਤੇਜੀ ਨਾਲ ਗਿਰਦੀਆਂ ਹਨ। ਕੀਮਤਾਂ ਵਿੱਚ ਗਿਰਾਵਟ ਰੋਕਣ ਲਈ

ਪੂੰਜੀਪਤੀ ਨੂੰ ਭਾਰੀ ਮਾਤਰਾ ਵਿੱਚ ਮਾਲ ਨੂੰ ਨਸ਼ਟ ਕਰਨ ਦਾ ਵੀ ਸਹਾਰਾ ਲੈਣਾ ਪੈਂਦਾ ਹੈ। ਸੁਸਤ ਵਿੱਕਰੀ ਅਤੇ ਗਿਰ ਰਹੀਆਂ ਕੀਮਤਾਂ ਦੀ ਮਾਰ ਨਾਲ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਉਦਯੋਗ ਇੱਕ ਦਮ ਦਿਵਾਲੀਆ ਹੋ ਜਾਂਦੇ ਹਨ ਤੇ ਕਈ ਬੈਂਕ ਬੰਦ ਹੋ ਜਾਂਦੇ ਹਨ। ਜੋ ਕਾਰਖਾਨੇ ਚਲਦੇ ਰਹਿੰਦੇ ਹਨ। ਉਹ ਵੀ ਆਪਣੀ ਪੈਦਾਵਾਰ ਦਾ ਪੈਮਾਨਾ ਘੱਟ ਕਰ ਦਿੰਦੇ ਹਨ। ਇਸ ਸਮੇਂ ਸਾਰੇ ਉਦਯੋਗਾਂ ਦੇ ਬੇਰੁਜਗਾਰ ਮਜ਼ਦੂਰਾਂ ਦੀ ਗਿਣਤੀ ਬਹੁਤ ਤੇਜੀ ਨਾਲ ਵਧਦੀ ਹੈ ਅਤੇ ਇਸ ਤਰਾਂ ਪੂਰੇ ਆਰਥਿਕ ਹਾਲਾਤ ਤੇਜੀ ਨਾਲ ਵਿਗੜਦੇ ਚਲੇ ਜਾਂਦੇ ਹਨ।

ਮੰਦੀ ਦਾ ਦੌਰ: ਸੰਕਟ ਦੇ ਦੌਰ ਦੇ ਤੂਫਾਨੀ ਧਾਵਿਆਂ ਤੋਂ ਬਾਅਦ ਉਦਯੋਗਿਕ ਅਤੇ ਵਪਾਰਕ ਕਾਰੋਬਾਰਾਂ ਦੇ ਦਿਵਾਲੀਆ ਹੋਣ ਦਾ ਵਹਾਅ ਮੱਧਮ ਪੈ ਜਾਂਦਾ ਹੈ। ਸੰਕਟ ਦੀ ਮਾਰ ਝੱਲ ਕੇ ਵੀ ਬਚੇ ਕਾਰੋਬਾਰ ਆਪਣੀਆਂ ਗਤੀਵਿਧੀਆਂ ਪਹਿਲਾਂ ਨਾਲੋਂ ਹੇਠਲੇ ਪੈਮਾਨੇ ’ਤੇ ਹੀ ਚਲਾਉਂਦੇ ਹਨ। ਭਾਵੇਂ ਬਜਾਰ, ਚਮਕ ਦਮਕ ਨਾਲ ਖਿੜੇ ਦਿਸਦੇ ਹਨ ਅਤੇ ਸੇਲਜ਼ਮੈਨ ਜੋਰ-ਜੋਰ ਦੀ ਚੀਕਦੇ ਹਨ ਪਰ ਵਪਾਰ ਨਿਰਾਸ਼ਾਜਨਕ ਹੀ ਰਹਿੰਦਾ ਹੈ। ਵੱਡੀ ਗਿਣਤੀ ਮਜ਼ਦੂਰ ਹੁਣ ਵੀ ਬੇਰੁਜਗਾਰ ਹੀ ਰਹਿੰਦੇ ਹਨ ਉਹਨਾਂ ਕੋਲ ਆਪਣੀ ਰੋਜੀ ਰੋਟੀ ਕਮਾਉਣ ਦਾ ਕੋਈ ਹੀਲਾ ਵਸੀਲਾ ਨਹੀਂ ਹੁੰਦਾ। ਪੂੰਜੀਵਾਦੀ ਉਦਯੋਗ, ਵਪਾਰ ਅਤੇ ਵਿੱਤੀ ਕਾਰੋਬਾਰ ਨਿਰਾਸ਼ਤਾ ਦੇ ਆਲਮ ’ਚ ਰਹਿੰਦੇ ਹਨ। ਪਰ ਇਸ ਦੌਰ ਵਿੱਚ ਸਮਾਜਿਕ ਖਪਤ ਜਾਰੀ ਰਹਿੰਦੀ ਹੈ । ਭਾਰੀ ਘਾਟਾ ਝੱਲਣ ਤੋਂ ਬਾਅਦ ਮਾਲ ਦੇ ਭੰਡਾਰ ਹੌਲੀ-ਹੌਲੀ ਬਹੁਤ ਘੱਟ ਕੀਮਤ ’ਤੇ ਵਿਕਦੇ ਹਨ। ਨਿਰਾਸ਼ਾਮਈ ਹਾਲਤ ਦੀ ਸਤ੍ਹਾ ਦੇ ਹੇਠਾਂ ਪੈਦਾਵਾਰ ਨੂੰ ਸੰਕਟ ਚੋਂ ਉਭਾਰਣ ਲਈ ਪ੍ਰੋਤਸਾਹਿਤ ਕਰਨ ਵਾਲੇ ਕਾਰਕ ਹੌਲੀ-ਹੌਲੀ ਇਕੱਠੇ ਹੁੰਦੇ ਰਹਿੰਦੇ ਹਨ।

ਉਭਾਰ ਦਾ ਦੌਰ: ਜਮਾਂ ਹੋ ਚੁੱਕੇ ਮਾਲ ਦੇ ਭੰਡਾਰਾਂ ’ਚ ਘਾਟ ਦੇ ਨਾਲ ਨਾਲ ਕੀਮਤਾਂ ਹੌਲੀ-ਹੌਲੀ ਚੜ੍ਹਨ ਲੱਗਦੀਆਂ ਹਨ ਅਤੇ ਮੁਨਾਫਾ ਹੌਲ਼ੀ-ਹੌਲ਼ੀ ਵਧਣ ਲਗ ਪੈਂਦਾ ਹੈ। ਪੂੰਜੀਪਤੀ ਇੱਕ ਪਾਸੇ ਮਜ਼ਦੂਰ ਦੀ ਲੁੱਟ ਵਧਾ ਦਿੰਦੇ ਹਨ ਅਤੇ ਦੂਜੇ ਪਾਸੇ ਤਕਨੀਕੀ ਸੁਧਾਰ ਕਰਦੇ ਹਨ ਅਤੇ ਨਵੀਂ ਮਸ਼ੀਨਰੀ ਖਰੀਦਦੇ ਹਨ। ਇਸ ਤਰਾਂ ਪਹਿਲੀ ਸ਼੍ਰੇਣੀ ਦੇ ਉਦਯੋਗ ਹੀ ਜਿਵੇਂ ਬਿਜਲੀ, ਲੋਹਾ, ਇਸਪਾਤ ਅਤੇ ਮਸ਼ੀਨ ਨਿਰਮਾਣ ਉਦਯੋਗ ਸਭ ਤੋਂ ਪਹਿਲਾਂ ਕਦਮ-ਬ-ਕਦਮ ਵਧਦੇ ਹਨ। ਇਸ ਸ਼੍ਰੇਣੀ ਵਿੱਚ ਰੁਜਗਾਰ ਹੌਲੀ-ਹੌਲੀ ਵਧਣ ਲਗਦਾ ਹੈ ਅਤੇ ਰੁਜਗਾਰ ਵਿੱਚ ਵਾਧੇ ਨਾਲ ਖਪਤ ਦੀਆਂ ਵਸਤੂਆਂ ਦੀ ਮੰਗ ਵਿੱਚ ਵੀ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ ਜੋ ਦੂਸਰੀ ਸ਼੍ਰੇਣੀ ਦੀ ਪੈਦਾਵਾਰ ਨੂੰ ਹੁਲਾਰਾ ਦਿੰਦਾ ਹੈ। ਇਸ ਤਰਾਂ ਪੈਦਾਵਾਰ ਹੌਲੀ-ਹੌਲੀ ਵਧਦੀ ਹੈ ਅਤੇ ਬੇਰੁਜਗਾਰਾਂ ਦੀ ਗਿਣਤੀ ਘਟ ਹੁੰਦੀ ਜਾਂਦੀ ਹੈ। ਮੰਦੀਗ੍ਰਸਤ ਪੂੰਜੀਵਾਦੀ ਅਰਥਚਾਰਾ ਫਿਰ ਤੋਂ ਉਭਰਣ ਦੇ ਰਸਤੇ ’ਤੇ ਚੱਲ ਪੈਂਦਾ ਹੈ।

ਚੜ੍ਹਤ ਦਾ ਦੌਰ: ਇਸ ਦੌਰ ਦੀਆਂ ਬੁਨਿਆਦੀ ਵਿਸ਼ੇਸ਼ਤਾਈਆਂ ਹਨ : ਮੰਡੀ ਵਿੱਚ ਜਿਣਸਾਂ ਦੀ ਤੇਜੀ ਨਾਲ ਵਿੱਕਰੀ, ਵਧੇਰੇ ਮੁਨਾਫਾ, ਪੈਦਾਵਾਰੀ ਅਤੇ ਵਪਾਰਕ ਗਤੀਵਿਧੀਆਂ ਦਾ ਤੇਜ ਹੋਣਾ ਅਤੇ ਕਰਜਾ ਪ੍ਰਬੰਧ ਅਤੇ ਸੱਟੇ ਬਜਾਰੀ ਦਾ ਫਿਰ ਤੋਂ ਸ਼ੁਰੂ ਹੋ ਜਾਣਾ। ਮੰਡੀ ਵਿੱਚ ਚਾਰੇ ਪਾਸੇ ‘ਖੁਸ਼ਹਾਲੀ’ ਹੁੰਦੀ ਹੈ ਸਾਰੇ ਹੀ ਸਰਮਾਏਦਾਰ ਪੈਦਾਵਾਰ ਦਾ ਵਿਸਤਾਰ ਕਰਨ ਲਈ ਆਪਣਾ ਪੂਰਾ ਜੋਰ ਲਗਾਉਂਦੇ ਹਨ। ਇਸ ਤਰਾਂ ਵਿਆਪਕ ਖੁਸ਼ਹਾਲੀ

ਦੀ ਸੱਤ੍ਹਾ ਦੇ ਹੇਠਾਂ ਇੱਕ ਹੋਰ ਸੰਕਟ ਦੇ ਕਾਰਕ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਏਂਗਲਜ਼ ਨੇ ਪੂੰਜੀਵਾਦੀ ਅਰਥਚਾਰੇ ਦੇ ਇਸ ਜੀਵੰਤ ਵਰਤਾਰੇ ਦਾ ਇਸ ਤਰਾਂ ਵਰਨਣ ਕੀਤਾ ਹੈ: *"ਚਾਲ ਤੇਜ ਹੋ ਜਾਂਦੀ ਹੈ, ਧੀਮੇ ਕਦਮ ਛੋਹਲੇ ਕਦਮਾਂ ਵਿੱਚ ਬਦਲ ਜਾਂਦੇ ਹਨ। ਉਦਯੋਗਿਕ ਛੋਹਲੇ ਕਦਮ ਸਰਪਟ ਦੌੜ ਵਿੱਚ ਤਬਦੀਲ ਹੋ ਜਾਂਦੇ ਹਨ। ਇਹ ਸਰਪਟ ਚਾਲ ਉਦਯੋਗ, ਵਪਾਰ, ਕਰਜੇ ਦੇ ਲੈਣ ਦੇਣ ਅਤੇ ਸੱਟਾਬਜਾਰੀ ਦੀ ਲੰਗੜੀ ਦੌੜ ਵਿੱਚ ਫਰਾਟਾ ਦੌੜ ਬਣ ਜਾਂਦੀ ਹੈ। ਅਖੀਰ ਨੂੰ, ਕਈ ਅੰਤਮ ਮਾਯੂਸ ਛਾਲ਼ਾਂ ਤੋਂ ਬਾਅਦ ਇਹ ਧੜੰਮ ਕਰਕੇ ਖਾਈ 'ਚ ਗਿਰ ਜਾਂਦਾ ਹੈ"।*(3)

ਸੰਕਟ-ਮੰਦੀ-ਉਭਾਰ-ਚੜ੍ਹਤ-ਸੰਕਟ ਇਹ ਆਰਥਿਕ ਸੰਕਟਾਂ ਦੀ ਚੱਕਰ ਵਰਤੀ ਪ੍ਰਵਿਰਤੀ ਦੀ ਖਾਸੀਅਤ ਹੈ। ਇਹ ਪੂੰਜੀਵਾਦੀ ਪੈਦਾਵਾਰ ਦੀ ਚੱਕਰਵਰਤੀ ਪ੍ਰਵਿਰਤੀ ਨੂੰ ਵੀ ਦਰਸਾਉਂਦਾ ਹੈ। ਇਸ ਤੋਂ ਸਾਨੂੰ ਪਤਾ ਚਲਦਾ ਹੈ ਕਿ ਪੂੰਜੀਵਾਦੀ ਪੈਦਾਵਰ ਨਿਰੰਤਰ ਵਿਕਾਸ ਨਹੀਂ ਕਰ ਸਕਦੀ, ਸਗੋਂ ਇਹ ਟੇਢੇ-ਮੇਢੇ ਰਸਤਿਆਂ ਵਿੱਚੋਂ ਹੋ ਕੇ ਹੀ ਲੰਘਦੀ ਹੈ।

ਪੂੰਜੀਵਾਦੀ ਆਰਥਿਕ ਸੰਕਟ ਲਗਾਤਾਰ ਵਿਗੜਦੇ ਜਾਂਦੇ ਹਨ

ਪੂੰਜੀਵਾਦੀ ਪੈਦਾਵਾਰ ਦੀ ਵਿਕਾਸ ਪ੍ਰਕਿਰਿਆ ਦੌਰਾਨ ਆਰਥਿਕ ਸੰਕਟ ਵਾਰ-ਵਾਰ ਆਉਂਦੇ ਰਹਿੰਦੇ ਹਨ। ਪਰ ਹਰ ਸੰਕਟ ਪਿਛਲੇ ਸੰਕਟ ਦਾ ਮਹਿਜ ਸਧਾਰਨ ਦੁਹਰਾਓ ਨਹੀਂ ਹੁੰਦਾ। ਪੂੰਜੀਵਾਦੀ ਆਰਥਿਕ ਸੰਕਟਾਂ ਵਿੱਚ ਲਗਾਤਾਰ ਗੰਭੀਰ ਹੁੰਦੇ ਜਾਣ ਦੀ ਪ੍ਰਵਿਰਤੀ ਹੁੰਦੀ ਹੈ। ਵਿਸ਼ੇਸ਼ ਤੌਰ 'ਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਇਨ੍ਹਾਂ ਸੰਕਟਾਂ ਦਾ ਦੁਹਰਾਅ ਅਤੇ ਗੰਭੀਰਤਾ ਹੋਰ ਵੀ ਵਧ ਗਈ ਹੈ। ਹੇਠਾਂ ਬਿਆਨ ਕੀਤੀਆਂ ਸਥਿਤੀਆਂ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ:

ਪਹਿਲਾ, ਆਰਥਿਕ ਸੰਕਟ ਦਾ ਚੱਕਰ ਛੋਟਾ ਹੋ ਗਿਆ ਹੈ ਅਤੇ ਇਹ ਛੇਤੀ ਛੇਤੀ ਆਉਣ ਲੱਗ ਪਏ ਹਨ। ਦੂਜੀ ਸੰਸਾਰ ਜੰਗ ਤੋਂ ਪਹਿਲਾਂ, ਆਰਥਿਕ ਸੰਕਟ ਇੱਕ ਦਹਾਕੇ ਬਾਅਦ ਆਉਂਦੇ ਸਨ ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਲਗਭਗ 20 ਸਾਲਾਂ ਵਿੱਚ ਆਰਥਿਕ ਸੰਕਟਾਂ ਦਾ ਚੱਕਰ ਜਾਹਰਾ ਤੌਰ 'ਤੇ ਛੋਟਾ ਹੁੰਦਾ ਗਿਆ ਹੈ।

ਅੱਗੇ ਦਿੱਤੀਆਂ ਹੋਈਆਂ ਸਾਰਨੀਆਂ ਤੋਂ ਅਸੀਂ ਦੇਖ ਸਕਦੇ ਹਾਂ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ (1970ਤੱਕ) ਅਮਰੀਕਾ ਅੰਦਰ ਪੰਜ ਆਰਥਿਕ ਸੰਕਟ ਆਏ। ਪਹਿਲੇ ਅਤੇ ਪੰਜਵੇਂ ਸੰਕਟ ਵਿਚਕਾਰ ਔਸਤ ਸਮਾਂ ਅਮਰੀਕਾ ਵਿੱਚ ਪੰਜ ਸਾਲ ਤੋਂ ਘੱਟ ਤੇ ਜਪਾਨ ਵਿੱਚ 4 ਸਾਲ ਤੋਂ ਵੀ ਘੱਟ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਆਰਥਿਕ ਸੰਕਟਾਂ ਦਾ ਚੱਕਰ ਜਿਕਰਯੋਗ ਹੱਦ ਤੱਕ ਛੋਟਾ ਹੋ ਗਿਆ ਕਿਉਂਕਿ ਇਜਾਰੇਦਾਰਾਨਾ ਪੂੰਜੀ ਦੇ ਰਾਜ ਵਿੱਚ ਕਿਰਤੀ ਲੋਕਾਂ ਦੀ ਲੁੱਟ ਵਧਦੀ ਹੀ ਜਾਂਦੀ ਹੈ, ਉਨ੍ਹਾਂ ਦੀ ਖਰੀਦ ਸ਼ਕਤੀ ਸਾਪੇਖਕ ਰੂਪ ਵਿੱਚ ਘਟ ਜਾਂਦੀ ਹੈ ਅਤੇ ਘਰੇਲੂ ਮੰਡੀ ਦੇ ਸੰਕਟ ਗਹਿਰਾ ਜਾਂਦੇ ਹਨ। ਇਸ ਤੋਂ ਅੱਗੇ, ਬਾਹਰੀ ਦਬਾਅ ਅਤੇ ਵਿਭਿੰਨ ਸਾਮਰਾਜੀ ਦੇਸ਼ਾਂ ਦੇ ਵਿਸਤਾਰਵਾਦ ਕਰਕੇ ਸਾਮਰਾਜਵਾਦ ਅਤੇ

ਬਸਤੀਆਂ 'ਤੇ ਨਵ-ਬਸਤੀਆਂ ਦੇ ਲੋਕਾਂ ਦਰਮਿਆਨ ਵਿਰੋਧਤਾਈਆਂ ਹੋਰ ਵੀ ਤਿੱਖੀਆਂ ਹੋ ਜਾਂਦੀਆਂ ਹਨ। ਇਹ ਬਸਤੀਆਂ ਤੇ ਨਵ-ਬਸਤੀਆਂ ਅੰਦਰ ਕੌਮੀ ਇਨਕਲਾਬਾਂ ਨੂੰ ਅੱਡੀ ਲਾਉਂਦੀਆਂ ਹਨ ਅਤੇ ਸਿੱਟੇ ਵਜੋਂ ਵਿਦੇਸ਼ੀ ਮੰਡੀਆਂ ਦਾ ਆਕਾਰ ਘਟ ਜਾਂਦਾ ਹੈ। ਵਿੱਕਰੀ ਇੱਕ ਸਥਾਈ ਸਮੱਸਿਆ ਬਣ ਜਾਂਦੀ ਹੈ। ਇਸ ਤਰਾਂ ਪੈਦਾਵਾਰ ਅਤੇ ਖਪਤ ਵਿਚਕਾਰ ਵਿਰੋਧਤਾਈ ਲਗਾਤਾਰ ਤਿੱਖੀ ਹੁੰਦੀ ਜਾਂਦੀ ਹੈ। ਇਹ ਸਭ ਤੋਂ ਸਾਨੂੰ ਸਪਸ਼ਟ ਹੋ ਜਾਂਦਾ ਹੈ ਕਿ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਹੋਰ ਤਿੱਖੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਪੂੰਜੀਵਾਦੀ ਪੈਦਾਵਾਰੀ ਸਬੰਧ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਰਾਹ ਵਿੱਚ ਪਹਿਲਾਂ ਨਾਲੋਂ ਵੀ ਵੱਡਾ ਅੜਿੱਕਾ ਬਣ ਗਏ ਹਨ।

ਦੂਸਰਾ, ਅਚੱਲ ਪੂੰਜੀ ਦੀ ਅੰਧਾ ਧੁੰਦ ਥਾਂ ਬਦਲੀ ਪੂੰਜੀਵਾਦੀ ਮੁੜ-ਪੈਦਾਵਾਰ ਦੇ ਅਨੁਪਾਤ ਨੂੰ ਹੋਰ ਵੱਧ ਅਸੰਤੁਲਿਤ ਕਰ ਦਿੰਦੀ ਹੈ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਜਦੋਂ ਵੀ ਆਰਥਿਕ ਸੰਕਟ ਆਉਂਦਾ ਸੀ,ਆਮ ਤੌਰ 'ਤੇ, ਅਚੱਲ ਪੂੰਜੀ ਵਿੱਚ ਨਿਵੇਸ਼ ਤੇਜੀ ਨਾਲ ਘਟਣ ਲਗਦੇ ਸਨ। ਪਰ ਦੂਜੀ ਸੰਸਾਰ ਜੰਗ ਤੋਂ ਬਾਅਦ, ਅਚੱਲ ਪੂੰਜੀ ਵਿੱਚ ਨਿਵੇਸ਼ ਆਮ ਤੌਰ 'ਤੇ ਜੰਗ ਤੋਂ ਪਹਿਲਾਂ ਦੇ ਮੁਕਾਬਲੇ ਜਿਆਦਾ ਸੀ। ਸੰਕਟਾਂ ਦੌਰਾਨ ਵੀ ਨਿਵੇਸ਼ ਦਾ ਪੱਧਰ ਸਾਪੇਖਕ ਰੂਪ ਵਿੱਚ ਉੱਚਾ ਹੀ ਰਿਹਾ। ਜੰਗ ਤੋਂ ਬਾਅਦ ਅਮਰੀਕਾ ਵਿੱਚ ਅਚੱਲ ਸਰਮਾਏ ਵਿਚਲਾ ਨਿਵੇਸ਼ ਨਾ ਸਿਰਫ ਉਹੋ ਰਿਹਾ ਸਗੋਂ ਇਹ ਹੋਰ ਵਧ ਗਿਆ। 1969 ਤੇ 1970 ਦੇ ਵਿਚਕਾਰ ਇਸ ਵਿੱਚ 3.5% ਦਾ ਵਾਧਾ ਹੋਇਆ। ਜਪਾਨ ਅੰਦਰ ਜੰਗ ਤੋਂ ਪਿੱਛੋਂ ਦੇ ਪੰਜਵੇਂ ਸੰਕਟ ਦੌਰਾਨ 1971 ਵਿੱਚ ਅਚੱਲ ਪੂੰਜੀ ਵਿੱਚ ਨਿਵੇਸ਼ 1970 ਦੇ ਮੁਕਾਬਲੇ 3.2% ਵੱਧ ਸੀ।

ਜੰਗ ਤੋਂ ਬਾਅਦ ਅਚੱਲ ਪੂੰਜੀ ਵਿੱਚ ਨਿਵੇਸ਼ ਦਾ ਵਧਿਆ ਪੱਧਰ ਇੱਕ ਪਾਸੇ ਤਾਂ ਇਹ ਦਿਖਾਉਂਦਾ ਹੈ ਕਿ ਇਜਾਰੇਦਾਰ ਬੁਰਜੂਆਜ਼ੀ ਕਿਰਤੀ ਲੋਕਾਂ ਦੀ ਲੁੱਟ ਵਧਾਉਣ ਲਈ ਰਾਜਕੀ ਮਸ਼ੀਨਰੀ ਦੀ ਵਰਤੋਂ ਕਰਦੀ ਹੈ ਅਤੇ ਮਜ਼ਦੂਰਾਂ ਚੋਂ ਨਿਚੋੜੀ ਗਈ ਵਾਫ਼ਰ ਕਦਰ ਨੂੰ ਆਪਣੇ ਸਰਮਾਏ ਵਿੱਚ ਤਬਦੀਲ ਕਰਦੀ ਹੈ। ਇਹ ਵਰਤਾਰਾ ਪੂੰਜੀ ਸੰਗ੍ਰਹਿ ਨੂੰ ਤਾਂ ਤੇਜ ਕਰ ਦਿੰਦਾ ਹੈ ਪਰ ਨਾਲ ਹੀ ਮਜ਼ਦੂਰ ਜਮਾਤ ਦੇ ਕੰਗਾਲੀਕਰਨ ਨੂੰ ਵੀ ਤੇਜ ਕਰ ਦਿੰਦਾ ਹੈ ਅਤੇ ਲੋਕਾਂ ਦੀ ਖਰੀਦ ਸ਼ਕਤੀ ਨੂੰ ਹੋਰ ਘਟਾ ਦਿੰਦਾ ਹੈ। ਦੂਜੇ ਪਾਸੇ, ਇਹ ਦਿਖਾਉਂਦਾ ਹੈ ਕਿ ਜੰਗ ਤੋਂ ਬਾਅਦ ਅਮਰੀਕਾ ਵਿੱਚ ਅਚੱਲ ਪੂੰਜੀ ਵਿੱਚ ਨਿਵੇਸ਼ ਜਿਆਦਾਤਰ ਫੌਜੀ ਸਾਜੋਸਮਾਨ ਅਤੇ ਅਸਲਾ ਉਦਯੋਗ ਵਿੱਚ ਸੀ। ਨਾ ਸਿਰਫ ਭਾਰੀ ਮਾਤਰਾ ਵਿੱਚ ਸਮਾਜਿਕ ਸ੍ਰੋਤਾਂ ਨੂੰ ਤਬਾਹ ਕੀਤਾ ਗਿਆ, ਸਗੋਂ ਪਹਿਲੀ
ਸ਼੍ਰੇਣੀ ਦੇ ਉਦਯੋਗਾਂ ਦਾ ਆਪ ਮੁਹਾਰਾ ਵਿਸਤਾਰ ਹੋਇਆ। ਸਿੱਟੇ ਵਜੋਂ ਸਮਾਜਿਕ ਮੁੜ-ਪੈਦਾਵਾਰ ਦਾ ਅਨੁਪਾਤ ਹੋਰ ਵੱਧ ਅਸੰਤੁਲਿਤ ਹੋ ਗਿਆ ਅਤੇ ਪੂੰਜੀਵਾਦੀ ਮੁੜ-ਪੈਦਾਵਾਰ ਦੀਆਂ ਵਿਰੋਧਤਾਈਆਂ ਹੋਰ ਵੀ ਤਿੱਖੀਆਂ ਹੋ ਗਈਆਂ। ਇਸ ਤਰਾਂ ਪੂੰਜੀਵਾਦੀ ਆਰਥਿਕ ਸੰਕਟਾਂ ਦਾ ਦੁਹਰਾਅ ਅਤੇ ਗੰਭੀਰਤਾ ਹੋਰ ਵਧਦੀ ਗਈ।

ਜੰਗ ਤੋਂ ਬਾਅਦ ਦਾ ਆਰਥਿਕ ਸੰਕਟ —ਅਮਰੀਕਾ

ਸੰਕਟ ਦਾ ਸਮਾਂ	ਸੰਕਟ ਤੋਂ ਪਹਿਲਾਂ ਵੱਧੋ-ਵੱਧ	ਉਦਯੋਗਿਕ ਪੈਦਾਵਾਰ: ਸੰਕਟ ਦੌਰਾਨ ਘੱਟੋ-ਘੱਟ	ਉਦਯੋਗਿਕ ਪੈਦਾਵਾਰ: ਗਿਰਾਵਟ (ਪ੍ਰਤੀਸ਼ਤ)	ਉਦਯੋਗਿਕ ਪੈਦਾਵਾਰ: ਗਿਰਾਵਟ ਦੇ ਮਹੀਨੇ	ਵੱਧ ਤੋਂ ਵੱਧ ਬੇਰੁਜਗਾਰੀ (ਵਿਅਕਤੀ ਲੱਖਾਂ 'ਚ)	ਉਦਯੋਗਿਕ ਪੈਦਾਵਾਰ ਵਿੱਚ ਗਿਰਾਵਟ ਦੌਰਾਨ ਦਿਵਾਲੀਆ ਹੋਈਆਂ ਇਕਾਈਆਂ
ਪਹਿਲਾ 1948-49	ਅਗਸਤ 1948	ਜੁਲਾਈ 1949	8.6	11	41	9,246
ਦੂਸਰਾ 1953-54	ਜੁਲਾਈ 1953	ਅਪ੍ਰੈਲ 1954	9.9	9	37	7,724
ਤੀਸਰਾ 1957-58	ਮਾਰਚ 1957	ਅਪ੍ਰੈਲ 1958	14.8	13	52	15,579
ਚੌਥਾ 1960-61	ਜਨਵਰੀ 1960	ਜਨਵਰੀ 1961	7.5	12	57.1	15,668
ਪੰਜਵਾਂ 1969-70	ਸਤੰਬਰ 1969	ਨਵੰਬਰ 1970	8.1	14	55	13,629

ਜੰਗ ਤੋਂ ਬਾਅਦ ਦਾ ਆਰਥਿਕ ਸੰਕਟ —ਜਪਾਨ						
ਸੰਕਟ ਦਾ ਸਮਾਂ	ਸੰਕਟ ਤੋਂ ਪਹਿਲਾਂ ਵੱਧੋ-ਵੱਧ	ਉਦਯੋਗਿਕ ਪੈਦਾਵਾਰ			ਵੱਧ ਤੋਂ ਵੱਧ ਬੇਰੁਜਗਾਰੀ (ਵਿਅਕਤੀ ਲੱਖਾਂ 'ਚ)	ਉਦਯੋਗਿਕ ਪੈਦਾਵਾਰ ਵਿੱਚ ਗਿਰਾਵਟ ਦੌਰਾਨ ਦਿਵਾਲੀਆ ਹੋਈਆਂ ਇਕਾਈਆਂ
		ਸੰਕਟ ਦੌਰਾਨ ਘੱਟੋ-ਘੱਟ	ਗਿਰਾਵਟ (ਪ੍ਰਤੀਸ਼ਤ)	ਗਿਰਾਵਟ ਦੇ ਮਹੀਨੇ		
	ਪਹਿਲਾ	ਦਿਸੰਬਰ	ਅਗਸਤ			
1953-54	1953	1954	5.0	8	6.8	565
ਦੂਸਰਾ	ਜੁਲਾਈ	ਜੂਨ				
1957-58	1957	1958	10.7	11	9.2	1565
ਤੀਸਰਾ	ਜਨਵਰੀ	ਦਿਸੰਬਰ				
1962	1962	1962	2.7	11	6.2	1652
ਚੌਥਾ	ਦਿਸੰਬਰ	ਮਈ				
1964-65	1964	1965	2.0	5	5.4	2464
ਪੰਜਵਾਂ	ਜੁਲਾਈ	ਮਈ				
1970-71	1970	1971	5.7	10	8	8427

ਤੀਸਰਾ, ਮੈਨੂਫੈਕਚਰਿੰਗ ਖੇਤਰ ਅਤੇ ਖੇਤੀ ਖੇਤਰ ਦੇ ਸੰਕਟ ਆਪਸ ਵਿੱਚ ਗੁੰਦੇ ਹੋਏ ਹੁੰਦੇ ਹਨ ਜੋ ਆਪਸ ਵਿੱਚ ਅੰਤਰ ਕਿਰਿਆ ਕਰਦੇ ਹਨ ਜਿਸ ਨਾਲ ਸਮੁੱਚਾ ਆਰਥਿਕ ਸੰਕਟ ਹੋਰ ਗਹਿਰਾ ਹੋ ਜਾਂਦਾ ਹੈ। ਪੂੰਜੀਵਾਦੀ ਪ੍ਰਬੰਧ ਅੰਦਰ ਆਰਥਿਕ ਸੰਕਟ ਮਹਿਜ ਮੈਨੂਫੈਕਚਰਿੰਗ ਖੇਤਰ 'ਚ ਹੀ ਨਹੀਂ ਸਗੋਂ ਖੇਤੀ ਖੇਤਰ ਅੰਦਰ ਵੀ ਉਪਜਦੇ ਹਨ। ਖੇਤੀ ਖੇਤਰ ਦਾ ਸੰਕਟ, ਖੇਤੀ ਸਰਮਾਏਦਾਰ ਦੇ ਗੋਦਾਮਾਂ ਵਿੱਚ ਇਕੱਠੇ ਹੁੰਦੇ ਭੰਡਾਰ, ਥੋਕ ਕੀਮਤਾਂ ਵਿੱਚ ਗਿਰਾਵਟ, ਖੇਤੀ ਅਧੀਨ ਘਟਦੇ ਰਕਬੇ, ਖੇਤ ਮਜ਼ਦੂਰਾਂ ਅੰਦਰ ਵਧਦੀ ਬੇਰੁਜਗਾਰੀ, ਘਟਦੀ ਦਿਹਾੜੀ ਅਤੇ ਕਿਸਾਨਾਂ ਦੇ ਵੱਡੀ ਪੱਧਰ 'ਤੇ ਦਿਵਾਲੀਆ ਹੋ ਜਾਣ ਵਿੱਚ ਪ੍ਰਗਟ ਹੁੰਦਾ ਹੈ। ਮੈਨੂਫੈਕਚਰਿੰਗ ਖੇਤਰ ਦੀ ਤਰਾਂ ਹੀ ਖੇਤੀ ਖੇਤਰ ਅੰਦਰਲੇ ਆਰਥਿਕ ਸੰਕਟ ਵੀ ਵਾਧੂ-ਪੈਦਾਵਾਰ ਕਰਕੇ ਹੀ ਉਪਜਦੇ ਹਨ ਅਤੇ ਇਨ੍ਹਾਂ ਦੀ ਸਤ੍ਹਾ ਹੇਠ ਵੀ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਹੀ ਕੰਮ ਕਰ ਰਹੀਆਂ ਹੁੰਦੀਆਂ ਹਨ। ਜਦੋਂ ਤੱਕ ਪੂੰਜੀਵਾਦੀ ਪ੍ਰਬੰਧ ਕਾਇਮ ਹੈ, ਖੇਤੀ ਅੰਦਰ ਵਾਧੂ ਪੈਦਾਵਾਰ ਦੇ ਸੰਕਟ ਮੈਨੂਫੈਕਚਰਿੰਗ ਖੇਤਰ ਅੰਦਰ ਵਾਧੂ ਪੈਦਾਵਾਰ ਦੇ ਸੰਕਟਾਂ ਦੀ ਤਰਾਂ ਹੀ ਅਟੱਲ ਹਨ।

ਪਰ, ਮੈਨੂਫੈਕਚਰਿੰਗ ਖੇਤਰ ਦੇ ਸੰਕਟਾਂ ਦੇ ਮੁਕਾਬਲੇ ਖੇਤੀ ਖੇਤਰ ਦੇ ਸੰਕਟ ਜਿਆਦਾ ਲੰਮਾ ਸਮਾਂ ਚਲਦੇ ਹਨ। 1948 ਵਿੱਚ ਮੈਨੂਫੈਰਚਰਿੰਗ ਖੇਤਰ ਅੰਦਰ ਸੰਕਟ ਦੇ ਨਾਲ ਨਾਲ ਹੀ ਪਹਿਲੀ ਵਾਰ ਖੇਤੀ ਸੰਕਟ ਦੇ ਫੁੱਟ ਪੈਣ ਦੇ 23 ਸਾਲਾਂ ਤੱਕ ਖੇਤੀ ਕਦੇ ਵੀ ਵਾਧੂ ਪੈਦਾਵਾਰ ਦੇ ਸੰਕਟ ਤੋਂ ਮੁਕਤ ਨਹੀਂ ਹੋਈ।

ਉਦਯੋਗਿਕ ਅਤੇ ਖੇਤੀ ਖੇਤਰ ਦੇ ਸੰਕਟਾਂ ਦਾ ਇੱਕ ਦੂਜੇ ਵਿੱਚ ਗੁੰਦੇ ਹੋਣਾ ਅਤੇ ਅੰਤਰ ਕਿਰਿਆਸ਼ੀਲ ਹੋਣਾ ਜੰਗ ਤੋਂ ਬਾਅਦ ਦੇ ਅਮਰੀਕੀ ਅਰਥਚਾਰੇ ਲਈ ਇੱਕ ਗੰਭੀਰ ਚੁਣੌਤੀ ਬਣ ਗਿਆ ਹੈ। ਉਦਯੋਗਿਕ ਸੰਕਟ ਵੱਡੀ ਗਿਣਤੀ ਕਾਰੋਬਾਰਾਂ ਦੇ ਦਿਵਾਲੀਆ ਹੋ ਜਾਣ, ਪੈਦਾਵਾਰ ਵਿੱਚ ਕਟੌਤੀ, ਬੇਰੁਜਗਾਰੀ ਤੇ ਤਨਖਾਹਾਂ ਵਿੱਚ ਕਮੀ ਨੂੰ ਜਨਮ ਦਿੰਦਾ ਹੈ। ਜਿਸਦੇ ਸਿੱਟੇ ਵਜੋਂ ਖੇਤੀ ਪੈਦਾਵਾਰ ਦੀ ਮੰਗ ਘਟ ਜਾਂਦੀ ਹੈ ਜਿਸ ਨਾਲ ਖੇਤੀ ਵਿੱਚ ਵਾਧੂ ਪੈਦਾਵਾਰ ਦੀ ਸਮੱਸਿਆ ਹੋਰ ਵਿਗੜ ਜਾਂਦੀ ਹੈ। ਇਸੇ ਸਮੇਂ, ਖੇਤੀ ਦਾ ਸੰਕਟ ਖੇਤੀ ਪੈਦਾਵਾਰ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ ਅਤੇ ਖੇਤ ਮਜ਼ਦੂਰ ਨੂੰ ਹੋਰ ਵੱਧ ਗਰੀਬੀ ਵਿੱਚ ਧੱਕ ਦਿੰਦਾ ਹੈ। ਨਤੀਜੇ ਵਜੋਂ, ਖੇਤੀ ਵਿੱਚ ਪੈਦਾਵਾਰ ਦੇ ਸਾਧਨਾਂ ਅਤੇ ਮੈਨੂਫੈਕਚਰਿੰਗ ਖੇਤਰ ਦੇ ਉਤਪਾਦਾਂ ਦੀ ਮੰਗ ਘਟ ਜਾਂਦੀ ਹੈ ਅਤੇ ਉਦਯੋਗਿਕ ਵਾਧੂ ਪੈਦਾਵਾਰ ਦਾ ਸੰਕਟ ਹੋਰ ਗਹਿਰਾ ਜਾਂਦਾ ਹੈ। ਉਦਯੋਗਿਕ ਅਤੇ ਖੇਤੀ ਸੰਕਟਾਂ ਦੇ ਅਸਰ ਅਧੀਨ ਪੂੰਜੀਵਾਦੀ ਆਰਥਿਕ ਸੰਕਟ ਅਟੱਲ ਤੌਰ 'ਤੇ ਡੂੰਘੇ ਹੁੰਦੇ ਜਾਂਦੇ ਹਨ।

ਚੌਥਾ, ਪੂੰਜੀਵਾਦੀ ਵਾਧੂ ਪੈਦਾਵਾਰ ਦਾ ਸੰਕਟ ਮਾਲੀ ਅਤੇ ਵਿੱਤੀ ਘਾਟਿਆਂ ਦੇ ਨਾਲ ਅਟੁੱਟ ਰੂਪ ਵਿੱਚ ਜੁੜਿਆ ਹੁੰਦਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ, ਜਿੱਥੇ ਪੂੰਜੀਵਾਦੀ ਆਰਥਿਕ ਸੰਕਟਾਂ ਦਾ ਚੱਕਰ ਛੋਟਾ ਹੋ ਗਿਆ ਉੱਥੇ ਮਾਲੀ ਅਤੇ ਵਿੱਤੀ ਘਾਟਿਆਂ ਦਾ ਦੁਹਰਾਅ ਵੀ ਵਧ ਗਿਆ। ਅਕਸਰ, ਮਾਲੀ ਤੇ ਵਿੱਤੀ ਸੰਕਟ ਆਰਥਿਕ ਸੰਕਟ ਦੀ ਤਰਾਂ ਹੀ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਦੇ ਹੋਰ ਤਿੱਖੇ ਹੁੰਦੇ ਜਾਣ ਦਾ ਹੀ ਅਟੱਲ

ਨਤੀਜਾ ਹੁੰਦੇ ਹਨ। ਇੰਨ੍ਹਾਂ ਦੇ ਮੁੱਖ ਲੱਛਣ ਹਨ —ਬਜਟ ਘਾਟਾ, ਮੁਦਰਾ ਦਾ ਅੰਨ੍ਹੇ ਵਾਹ ਪਸਾਰ, ਵਧਦੀਆਂ ਕੀਮਤਾਂ, ਭੁਗਤਾਨ ਅੰਸਤੁਲਨ, ਸੋਨਾ ਭੰਡਾਰ 'ਚ ਕਮੀ ਅਤੇ ਮੁਦਰਾ ਦੀ ਕਦਰ ਘਟਾਈ।

ਦੂਜੀ ਸੰਸਾਰ ਜੰਗ ਤੋਂ ਬਾਅਦ, ਸਾਮਰਾਜਵਾਦੀ ਤਾਕਤਾਂ ਨੇ ਕੌਮੀ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਫੌਜੀ ਤਿਆਰੀ ਅਤੇ ਗੋਲਾ ਬਰੂਦ ਇੱਕਠਾ ਕਰਨ ਰਾਹੀਂ, ਲਗਾਤਾਰ ਵਿਗੜਦੇ ਜਾਂਦੇ ਆਰਥਿਕ ਸੰਕਟਾਂ ਤੋਂ ਮੁਕਤ ਹੋਣ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ। ਪਰ ਫੌਜੀ ਖਰਚੇ ਅਤੇ ਆਰਥਿਕ ਸੁਰੱਖਿਆ ਉਦਯੋਗ ਦੇ ਪੈਦਾਵਾਰੀ ਖਰਚਿਆਂ 'ਚ ਲਗਾਤਾਰ ਵਾਧੇ ਨੇ ਲਾਇਲਾਜ ਬਜਟ ਘਾਟੇ ਨੂੰ ਜਨਮ ਦਿੱਤਾ। ਭਾਰੀ ਭਰਕਮ ਸੁਰੱਖਿਆ ਖਰਚਿਆਂ ਨੂੰ ਪੂਰਾ ਕਰਨ ਲਈ ਸਾਮਰਾਜਵਾਦੀ ਦੇਸ਼ਾਂ ਨੇ ਕਰ ਵਧਾਉਣ, ਵਿਦੇਸ਼ੀ ਕਰਜਾ ਵਧਾਉਣ, ਨਵੇਂ ਨੋਟ ਛਾਪਣ ਅਤੇ ਮੁਦਰਾ ਸਫੀਤੀ ਦਾ ਸਹਾਰਾ ਲਿਆ ਜਿਸ ਨਾਲ ਮਾਲੀ ਸੰਕਟ ਇੱਕ ਸਥਾਈ ਵਰਤਾਰਾ ਬਣ ਗਏ ਹਨ। 1946 ਤੋਂ 1971 ਦੇ ਮਾਲੀ ਵਰਿਆਂ ਦੌਰਾਨ ਅਮਰੀਕਾ ਦਾ ਬਜਟ ਘਾਟਾ 137.9 ਅਰਬ ਡਾਲਰ ਤੱਕ ਪਹੁੰਚ ਗਿਆ। ਜਨਤਕ ਕਰਜਾ 424.1ਅਰਬ ਡਾਲਰ ਹੋ ਗਿਆ। ਖੁਦ ਅਮਰੀਕਾ ਸਰਕਾਰ ਦੇ ਅਧਿਕਾਰੀਆਂ ਨੂੰ ਇਹ ਮੰਨਣਾ ਪਿਆ ਕਿ, "ਅਮਰੀਕਾ ਦਾ ਜਨਤਕ ਕਰਜਾ ਹੋਰ ਸਭ ਦੇਸ਼ਾਂ ਦੇ ਜਨਤਕ ਕਰਜੇ ਦੇ ਕੁੱਲ ਜੋੜ ਦੇ ਬਰਾਬਰ ਹੋ ਗਿਆ ਹੈ, ਜੇ ਇਸ ਜਨਤਕ ਕਰਜੇ ਨੂੰ ਇੱਕ ਡਾਲਰ ਦੇ ਨੋਟਾਂ ਵਿੱਚ ਬਦਲ ਲਿਆ ਜਾਵੇ ਤਾਂ ਉਨ੍ਹਾਂ ਨਾਲ ਬਣੀ 35 ਫੁੱਟ ਚੌੜੀ ਸੜਕ ਨਾਲ ਪੂਰੀ ਧਰਤੀ ਦੁਆਲੇ 1520 ਵਾਰ ਘੇਰਾ ਘੱਤਿਆ ਜਾ ਸਕਦਾ ਹੈ"।

ਮੁਦਰਾ ਸਫੀਤੀ ਦੀ ਸਥਿਤੀ ਵਿਗਾੜਨ ਦੇ ਨਾਲ ਮੁਦਰਾ ਦੀ ਕਦਰ ਘਟਣ ਲੱਗ ਜਾਂਦੀ ਹੈ। ਜਿਸਦੇ ਸਿੱਟੇ ਵਜੋਂ ਕੀਮਤਾਂ ਅਸਮਾਨ ਨੂੰ ਛੂਹਣ ਲਗਦੀਆਂ ਹਨ। ਅਤੀਤ ਵਿੱਚ, ਆਰਥਿਕ ਸੰਕਟ ਫੁੱਟਣ ਤੋਂ ਪਹਿਲਾਂ, ਆਮ ਤੌਰ 'ਤੇ ਕੀਮਤਾਂ ਗਿਰਦੀਆਂ ਸਨ। ਪਰ ਦੂਜੀ ਸੰਸਾਰ ਜੰਗ ਤੋਂ ਬਾਅਦ ਪੂੰਜੀਵਾਦੀ ਦੇਸ਼ ਕੌਮੀ ਅਰਥਚਾਰੇ ਦੇ ਫੌਜੀਕਰਨ ਉੱਪਰ ਜੋਰ ਦਿੰਦੇ ਰਹੇ ਹਨ ਅਤੇ ਸਾਰਿਆਂ ਨੇ ਮੁਦਰਾ ਸਫ਼ੀਤੀ ਦੀ ਨੀਤੀ ਅਪਣਾਈ ਹੈ। ਸਿੱਟੇ ਵਜੋਂ ਸੰਕਟ ਦੌਰਾਨ ਨਾ ਸਿਰਫ ਕੀਮਤਾਂ ਘਟੀਆਂ ਨਹੀਂ ਸਗੋਂ ਚੜ੍ਹਦੀਆਂ ਹੀ ਰਹੀਆਂ। ਉਦਾਹਰਣ ਲਈ, ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਅੰਦਰ ਪੰਜ ਆਰਥਿਕ ਸੰਕਟ ਆਏ ਹਨ। 1948-49 ਦੇ ਆਰਥਿਕ ਸੰਕਟ ਤੋਂ ਇਲਾਵਾ ਬਾਕੀ ਚਾਰੇ ਸੰਕਟਾਂ ਦੇ ਦੌਰਾਨ ਕੀਮਤਾਂ ਵਧੀਆਂ ਹਨ। ਇਸ ਤੋਂ ਸਪੱਸ਼ਟ ਹੈ ਕਿ ਖਰੀਦ ਸ਼ਕਤੀ ਵਿੱਚ ਕਮੀ ਆਈ ਹੈ। ਦੇਸ਼ ਦੇ ਅੰਦਰ ਮੁਦਰਾ ਦੀ ਕਦਰ ਘਟਾਈ ਆਮ ਤੌਰ 'ਤੇ ਹੀ ਵਿਸ਼ਵ ਮੰਡੀ ਅੰਦਰ ਦੇਸ਼ ਦੀ ਸਾਖ ਨੂੰ ਉਲਟੇ ਰੁਖ ਪ੍ਰਭਾਵਿਤ ਕਰਦੀ ਹੈ। ਅਮਰੀਕੀ ਸਾਮਰਾਜਵਾਦ ਨੇ ਇੱਕ ਤੋਂ ਬਾਅਦ ਇੱਕ ਹਮਲਾਵਰ ਜੰਗਾਂ ਵਿੱਢੀਆਂ। ਦੂਜੇ ਦੇਸ਼ਾਂ ਅੰਦਰ ਤਾਇਨਾਤ ਫੌਜ ਅਤੇ ਕੁੱਲ ਫੌਜੀ ਖਰਚਿਆਂ ਵਿੱਚ ਹੋਏ ਭਾਰੀ ਵਾਧੇ ਦੇ ਕਰਕੇ ਵੱਡੀ ਮਾਤਰਾ ਵਿੱਚ ਅਮਰੀਕੀ ਡਾਲਰ ਦੇ ਦੇਸ਼ ਤੋਂ ਬਾਹਰ ਜਾਣ ਕਾਰਨ, ਇਸਦੀ ਕੌਮਾਂਤਰੀ ਸਾਖ਼ ਤੇਜੀ ਨਾਲ ਗਿਰੀ। ਦੂਜੀ ਸੰਸਾਰ ਜੰਗ ਤੋਂ ਬਾਅਦ ਪੂੰਜੀਵਾਦੀ ਸੰਸਾਰ ਦੀ ਵਿੱਤੀ ਮੰਡੀ ਅੰਦਰ ਵਿੱਤੀ ਸੰਕਟ ਵਾਰ-ਵਾਰ ਪੈਦਾ ਹੁੰਦੇ ਰਹੇ ਹਨ। ਅਮਰੀਕੀ

ਡਾਲਰਾਂ ਦੀ ਭਾਰੀ ਵਿੱਕਰੀ ਅਤੇ ਸੋਨੇ ਦੀ ਵਧਦੀ ਮੰਗ ਨਾਲ ਅਮਰੀਕੀ ਸਰਕਾਰ ਨੂੰ ਦੋ ਵਾਰ ਡਾਲਰ ਦੀ ਕਦਰ ਘਟਾਈ ਕਰਨ 'ਤੇ ਮਜ਼ਬੂਰ ਹੋਣਾ ਪਿਆ— ਇੱਕ ਵਾਰ 1971 ਦੇ ਅੰਤ ਵਿੱਚ ਅਤੇ ਫਿਰ ਫਰਵਰੀ 1973 'ਚ। ਪੂੰਜੀਵਾਦੀ ਸੰਸਾਰ ਵਿੱਚ ਅਮਰੀਕੀ ਡਾਲਰ ਦੀ ਸਰਦਾਰੀ ਖਤਮ ਹੋ ਚੁੱਕੀ ਹੈ।

ਆਰਥਿਕ ਅਤੇ ਵਿੱਤੀ ਸੰਕਟ ਨਾਲੋਂ ਨਾਲ ਪੈਦਾ ਹੋਣ ਕਰਕੇ ਪੂੰਜੀਵਾਦੀ ਅਰਥਚਾਰਾ ਇੱਕ ਡੂੰਘੀ ਦਲਦਲ 'ਚ ਫਸ ਗਿਆ ਹੈ। ਇੱਕ ਪਾਸੇ ਆਰਥਿਕ ਸੰਕਟ ਦੇ ਕਾਰਨ ਪੈਦਾਵਾਰ ਵਿੱਚ ਗਿਰਾਵਟ ਆਈ ਹੈ। ਕਿਰਤੀ ਲੋਕ ਹੋਰ ਗਰੀਬ ਹੋਏ ਹਨ ਅਤੇ ਪੂੰਜੀਵਾਦੀ ਦੇਸ਼ਾਂ ਦਾ ਮਾਲੀਆ ਘਟਿਆ ਹੈ ਜਿਸ ਦੇ ਸਿੱਟੇ ਵਜੋਂ ਸੰਘੀ ਬਜਟਾਂ ਦਾ ਘਾਟਾ ਅਤੇ ਭੁਗਤਾਨ ਅਸੰਤੁਲਨ ਪੈਦਾ ਹੋ ਗਿਆ ਹੈ, ਜਿਸ ਨਾਲ ਮਾਲੀ ਤੇ ਵਿੱਤੀ ਸੰਕਟ ਹੋਰ ਗੰਭੀਰ ਹੋ ਗਏ ਹਨ। ਦੂਜੇ ਪਾਸੇ, ਮਾਲੀ ਤੇ ਵਿੱਤੀ ਸੰਕਟਾਂ ਦੇ ਹੋਰ ਵਿਗੜਦੇ ਜਾਣ ਤੋਂ ਇਲਾਵਾ, ਮੁਦਰਾ ਸਫ਼ੀਤੀ, ਉੱਚੇ ਕਰ, ਅਸਲੀ ਤਨਖਾਹਾਂ ਵਿੱਚ ਗਿਰਾਵਟ ਅਤੇ ਲੋਕਾਂ ਦੀ ਖਰੀਦ ਸ਼ਕਤੀ 'ਚ ਸਾਪੇਖਿਕ ਕਮੀ ਨੇ ਵਾਧੂ ਪੈਦਾਵਾਰ ਦੇ ਆਰਥਿਕ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਪੂੰਜੀਵਾਦੀ ਆਰਥਿਕ ਸੰਕਟਾਂ ਦੀ ਚੱਕਰਵਰਤੀ ਪ੍ਰਵਿਰਤੀ ਇੱਕ ਅਜਿਹੇ ਵਿਹੁਲੇ ਤੇ ਅਰੁਕ ਚੱਕਰ ਨੂੰ ਜਨਮ ਦਿੰਦੀ ਹੈ ਜੋ ਦਿਨ-ਬ-ਦਿਨ ਪਹਿਲਾਂ ਨਾਲੋਂ ਹੋਰ ਜਿਆਦਾ ਵਿਗੜਦਾ ਜਾਂਦਾ ਹੈ। ਪੂੰਜੀਵਾਦ ਦੇ ਵਜੂਦ ਸਮੋਈ ਦੁਸ਼ਮਣਾਨਾ ਵਿਰੋਧਤਾਈ ਹੋਰ ਤਿੱਖੀ ਹੁੰਦੀ ਜਾਂਦੀ ਹੈ। ਉੱਪਰੋ ਥੱਲੀ ਆਉਣ ਵਾਲੇ ਸੰਕਟਾਂ ਨੇ ਪੂੰਜੀਵਾਦੀ ਸੰਸਾਰ ਨੂੰ ਤੁਫਾਨੀ ਝੱਖੜਾਂ ਨਾਲ ਕੰਬਾ ਕੇ ਰੱਖ ਦਿੱਤਾ ਹੈ।

ਆਰਥਿਕ ਸੰਕਟ ਪੂੰਜੀਵਾਦੀ ਹਕੂਮਤ ਦੀ ਲੀਹ ਨੂੰ ਅੰਦਰੋਂ ਖੋਖਲਾ ਕਰਦੇ ਹਨ

ਆਰਥਿਕ ਸੰਕਟ ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਨੂੰ ਹੋਰ ਤਿੱਖਾ ਕਰ ਦਿੰਦੇ ਹਨ। ਸੰਕਟਾਂ ਦੌਰਾਨ ਪੂੰਜੀਪਤੀ ਵਿਚਕਾਰ ਆਪਸੀ ਮੁਕਾਬਲਾ ਹੋਰ ਤੇਜ ਹੋ ਜਾਂਦਾ ਹੈ, ਵੱਡੇ ਕਾਰੋਬਾਰਾਂ ਨਾਲ ਮੁਕਾਬਲੇ ਦੀ ਦੌੜ ਵਿੱਚ ਹਾਰ ਜਾਣ ਵਾਲੇ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਉਦਯੋਗ ਨਿਲਾਮ ਹੋ ਜਾਂਦੇ ਹਨ ਜਿੰਨ੍ਹਾਂ ਨੂੰ ਕੁੱਝ ਵੱਡੇ ਕਾਰੋਬਾਰੀ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸਸਤੇ ਭਾਅ ਖਰੀਦ ਲੈਂਦੇ ਹਨ। ਇਸ ਤਰਾਂ ਪੂੰਜੀਵਾਦੀ ਸਮਾਜ ਵਿੱਚ, ਹਰ ਸੰਕਟ ਬਾਅਦ ਪੂੰਜੀ ਕੁੱਝ ਪੂੰਜੀਪਤੀਆਂ ਦੇ ਹੱਥਾਂ ਵਿੱਚ ਹੋਰ ਸੰਕੇਂਦਰਿਤ ਹੋ ਜਾਂਦਾ ਹੈ। ਇਸ ਨਾਲ ਪੈਦਾਵਾਰ ਅਤੇ ਪੂੰਜੀ ਦਾ ਸੰਕੇਂਦਰਨ ਤੇਜ ਹੋ ਜਾਂਦਾ ਹੈ। ਪੈਦਾਵਾਰ ਦੇ ਵਧ ਰਹੇ ਸੰਕੇਂਦਰਣ ਦਾ ਸਿੱਧਾ ਮਤਲਬ ਇਹ ਹੁੰਦਾ ਹੈ ਕਿ ਪੂੰਜੀਵਾਦ ਦੀ ਬੁਨਿਆਦੀ ਵਿਰੋਧਤਾਈ ਭਾਵ ਪੈਦਾਵਾਰ ਦੇ ਸਮਾਜਿਕ ਰੂਪ ਪਰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦੇ ਨਿੱਜੀ ਰੂਪ ਵਿਚਕਾਰ ਵਿਰੋਧਤਾਈ ਹੋਰ ਵਧੇਰੇ ਤਿੱਖੀ ਹੁੰਦੀ ਜਾ ਰਹੀ ਹੈ।

ਆਰਥਿਕ ਸੰਕਟ ਪੂੰਜੀਵਾਦੀ ਸਮਾਜ ਅੰਦਰ ਜਮਾਤੀ ਵਿਰੋਧਾਂ ਨੂੰ ਹੋਰ ਤਿੱਖਾ ਕਰ ਦਿੰਦੇ ਹਨ। ਸੰਕਟਾਂ ਦੌਰਾਨ ਪਏ ਘਾਟੇ ਨੂੰ ਪੂਰਾ ਕਰਨ ਲਈ ਪੂੰਜੀਪਤੀ ਸਿੱਧੇ ਹੀ ਲੋਕਾਂ 'ਤੇ ਧਾਵਾ ਬੋਲਦੇ ਹਨ। ਉਹ ਮਜ਼ਦੂਰਾਂ ਦੀ ਵੱਡੇ ਪੈਮਾਨੇ 'ਤੇ ਛਾਂਟੀ ਕਰਦੇ ਹਨ, ਦਿਹਾੜੀ ਘਟਾਉਂਦੇ ਹਨ, ਮੁਦਰਾ ਸਫ਼ੀਤੀ ਦਾ ਸਹਾਰਾ ਲੈਂਦੇ ਹਨ, ਕਰਾਂ ਵਿੱਚ ਵਾਧਾ ਕਰਦੇ ਹਨ ਅਤੇ ਸਾਰੇ ਦਾ ਸਾਰਾ ਬੋਝ ਮਜ਼ਦੂਰ ਜਮਾਤ ਦੀ ਪਿੱਠ 'ਤੇ ਉਲੱਦਣ ਦੀ ਕੋਸ਼ਿਸ਼ ਕਰਦੇ ਹਨ। ਇਹਦੇ ਨਾਲ ਹੀ ਸੰਕਟਾਂ ਦੇ ਦੌਰਾਨ ਪੂੰਜੀਵਾਦੀ ਉਦਯੋਗਾਂ ਵੱਲੋਂ ਖੇਤੀ ਦੀ ਅਤੇ ਸ਼ਹਿਰੀ ਖੇਤਰਾਂ ਵੱਲੋਂ ਪੇਂਡੂ ਖੇਤਰਾਂ ਦੀ ਲੁੱਟ ਵੀ ਵਧ ਜਾਂਦੀ ਹੈ ਜਿਸ ਨਾਲ ਵੱਡੇ ਪੈਮਾਨੇ 'ਤੇ ਕਿਸਾਨ ਤਬਾਹ ਹੋ ਜਾਂਦੇ ਹਨ। ਇਸ ਤਰਾਂ, ਪੂੰਜੀਵਾਦੀ ਆਰਥਿਕ ਸੰਕਟ ਮਜ਼ਦੂਰ ਜਮਾਤ ਅਤੇ ਦੂਸਰੇ ਕਿਰਤੀ ਲੋਕਾਂ ਲਈ ਭਾਰੀ ਦਿੱਕਤਾਂ ਖੜੀਆਂ ਕਰਦੇ ਹਨ। ਇਹ ਮਜ਼ਦੂਰਾਂ-ਕਿਸਾਨਾਂ ਅਤੇ ਪੂੰਜੀਪਤੀਆਂ ਤੇ ਵੱਡੇ ਭੂਮੀਪਤੀਆਂ ਦੇ ਵਿਚਕਾਰਲੀ ਵਿਰੋਧਤਾਈ ਨੂੰ ਹੋਰ ਤਿੱਖਾ ਕਰਕੇ ਬੁਰਜੂਆਜ਼ੀ ਵਿਰੁੱਧ ਮਜ਼ਦੂਰ ਜਮਾਤ ਦੀ ਲੜਾਈ ਦੀ ਜਵਾਲਾ ਨੂੰ ਹੋਰ ਭੜਕਾਉਣ ਦੀਆਂ ਸਥਿਤੀਆਂ ਪੈਦਾ ਕਰਦੇ ਹਨ। ਇਸ ਤਰਾਂ, ਪੂੰਜੀਵਾਦੀ ਹਕੂਮਤ ਲਗਾਤਾਰ ਹਮਲਿਆਂ ਦੀ ਮਾਰ ਹੇਠ ਵਿਚਰਦੀ ਹੈ।

ਆਰਥਿਕ ਸੰਕਟ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਅਤੇ ਪੈਦਾਵਾਰੀ ਤਾਕਤਾਂ ਵਿਚਲੀ ਦੁਸ਼ਮਣਾਨਾ ਵਿਰੋਧਤਾਈ ਨੂੰ ਪੂਰੀ ਤਰਾਂ ਉਜਾਗਰ ਕਰਕੇ ਇਹ ਸਪੱਸ਼ਟ ਕਰ ਦਿੰਦੇ ਹਨ ਕਿ ਪੂੰਜੀਵਾਦ, ਮਨੁੱਖੀ ਇਤਿਹਾਸ ਦਾ ਇੱਕ ਛੋਟਾ ਦੌਰ ਹੈ, ਨਾ ਕਿ ਕੋਈ ਚਿਰਸਥਾਈ ਪ੍ਰਬੰਧ। ਪੂੰਜੀਵਾਦੀ ਪੈਦਾਵਾਰੀ ਸਬੰਧ ਵਿਰਾਟ ਪੈਦਾਵਾਰੀ ਤਾਕਤਾਂ ਦੇ ਸਾਹਮਣੇ ਬਹੁਤ ਨਿਗੂਣੇ ਰਹਿ ਜਾਂਦੇ ਹਨ ਜੋ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਲਗਾਤਾਰ ਰੋਕਦੇ ਹਨ। ਸੰਕਟਾਂ ਦੇ ਦੌਰਾਨ ਪੈਦਾਵਾਰੀ ਤਾਕਤਾਂ ਦੀ ਵੱਡੇ ਪੈਮਾਨੇ 'ਤੇ ਤਬਾਹੀ ਅਤੇ ਪੈਦਾਵਾਰ ਵਿੱਚ ਭਾਰੀ ਕਟੌਤੀ ਤੋਂ ਬਾਅਦ ਪੈਦਾਵਾਰ ਅਤੇ ਖ਼ਪਤ ਵਿਚਕਾਰ ਵਿਰੋਧਤਾਈ ਧੱਕੇ ਨਾਲ ਤੇ ਅਸਥਾਈ ਤੌਰ 'ਤੇ ਹੱਲ ਕੀਤੀ ਜਾਂਦੀ ਹੈ। ਪਰ, ਠੀਕ ਉਸੇ ਸਮੇਂ, ਇੱਕ ਹੋਰ ਆਰਥਿਕ ਸੰਕਟ ਨੂੰ ਜਨਮ ਦੇਣ ਵਾਲੇ ਕਾਰਕ ਇਕੱਠਾ ਹੋਣਾ ਸ਼ੁਰੂ ਕਰ ਦਿੰਦੇ ਹਨ। ਆਰਥਿਕ ਸੰਕਟਾਂ ਦੇ ਗੰਭੀਰ ਹੁੰਦੇ ਜਾਣ ਦੀ ਪ੍ਰਵਿਰਤੀ ਪੂੰਜੀਵਾਦੀ ਅਰਥਚਾਰੇ ਦੀ ਵਿਕਾਸ ਪ੍ਰਕਿਰਿਆ ਅੰਦਰ ਨਿਹਿਤ ਹੈ। ਇਸ ਤੋਂ ਸਪੱਸ਼ਟ ਹੈ ਕਿ ਪੂੰਜੀਵਾਦੀ ਪੈਦਾਵਾਰੀ ਸਬੰਧ ਮਰ ਮੁੱਕ ਰਹੇ ਹਨ ਅਤੇ ਇਨ੍ਹਾਂ ਨੂੰ ਦਫ਼ਨਾ ਕੇ ਅਜਿਹੇ ਸਬੰਧਾਂ ਦਾ ਸਿਰਜਿਆ ਜਾਣਾ ਬਹੁਤ ਜ਼ਰੂਰੀ ਹੈ ਜੋ ਨਵੀਆਂ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੀਆਂ ਲੋੜਾਂ ਨੂੰ ਪੂਰ ਸਕਣ। ਅਜਿਹੇ ਪੈਦਾਵਾਰੀ ਸਬੰਧ ਹਨ, ਸਮਾਜਵਾਦੀ ਪੈਦਾਵਾਰੀ ਸਬੰਧ।

ਪ੍ਰਮੁੱਖ ਅਧਿਐਨ ਸਮੱਗਰੀ :

ਏਂਗਲਜ਼, "ਡੂਹਰਿੰਗ ਵਿਰੁੱਧ", ਭਾਗ -3, ਪਾਠ ਦੂਜਾ

ਲੈਨਿਨ " ਸੰਕਟਾਂ ਦੇ ਸਬਕ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 5

ਪੜਚੋਲ ਲਈ ਪ੍ਰਸ਼ਨ :

(1) ਪੂੰਜੀਵਾਦੀ ਆਰਥਿਕ ਸੰਕਟਾਂ ਦਾ ਸ੍ਰੋਤ ਕੀ ਹੈ ?

(2) ਆਰਥਿਕ ਸੰਕਟ ਪੂੰਜੀਵਾਦ ਦੇ ਪਤਨ ਨੂੰ ਕਿਵੇਂ ਤੇਜ਼ ਕਰਦੇ ਹਨ ?

ਨੋਟਸ :

1. "ਸੋਵੀਅਤ ਸੰਘ ਦੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦੀ 16 ਵੀਂ ਕਾਂਗਰਸ ਵਿੱਚ ਪੇਸ਼ ਸਿਆਸੀ ਰਿਪੋਰਟ", ਸਟਾਲਿਨ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 12, ਪੰਨਾ 214

2. "ਸਿਰ 'ਤੇ ਮੰਡਰਾ ਰਹੀ ਬਿਪਤਾ ਤੋਂ ਬਚਣ ਦਾ ਕੀ ਰਾਹ ਹੈ"? ਲੈਨਿਨ ਸਮੁੱਚੀਆਂ ਲਿਖਤਾਂ ਸੈਂਚੀ 25 ਪੰਨਾ 324

3. ਏਂਗਲਜ਼, "ਡੂਹਰਿੰਗ ਵਿਰੁੱਧ", ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਲਿਖਤਾਂ ਸੈਂਚੀ 3, ਚੀਨੀ ਐਡੀਸ਼ਨ 1972 ਪੰਨਾ 316

* * * * * * * * * * * *

9

ਸਾਮਰਾਜਵਾਦ ਦਾ ਸੁਭਾਅ ਨਹੀਂ ਬਦਲਦਾ

ਸਾਮਰਾਜਵਾਦ ਇਜਾਰੇਦਾਰ ਪੂੰਜੀਵਾਦ ਹੈ

1870 ਤੋਂ ਪਹਿਲਾਂ, ਪੂੰਜੀਵਾਦ ਖੁੱਲ੍ਹੇ ਮੁਕਾਬਲੇ ਦੇ ਪੜਾਅ ਵਿੱਚ ਸੀ। 1870 ਤੋਂ ਪਿੱਛੋਂ, ਖੁੱਲ੍ਹੇ ਮੁਕਾਬਲੇ ਦੇ ਨਿਰੰਤਰ ਵਿਕਾਸ ਨਾਲ ਪੂੰਜੀਵਾਦ, ਇਜਾਰੇਦਾਰ ਪੂੰਜੀਵਾਦ ਵਿੱਚ ਵਿਕਸਿਤ ਹੋ ਗਿਆ। ਉੱਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ 'ਚ ਪੂੰਜੀਵਾਦ ਨੇ ਖੁੱਲ੍ਹੇ ਮੁਕਾਬਲੇ ਤੋਂ ਇਜਾਰੇਦਾਰੀ ਵਿੱਚ ਆਪਣੀ ਸੰਗਰਾਂਦੀ ਤਬਦੀਲੀ ਨੂੰ ਪੂਰਾ ਕਰ ਲਿਆ ਅਤੇ ਸਾਮਰਾਜਵਾਦ ਦੇ ਰੂਪ ਵਿੱਚ ਵਿਕਸਿਤ ਹੋ ਗਿਆ। ਲੈਨਿਨ ਨੇ ਸਾਮਰਾਜਵਾਦ ਦੀ ਮੁਕੰਮਲ ਅਤੇ ਸੰਖੇਪ ਪਰਿਭਾਸ਼ਾ ਦਿੱਤੀ ਹੈ," ਸਾਮਰਾਜਵਾਦ ਸਰਮਾਏਦਾਰੀ ਦਾ ਵਿਸ਼ੇਸ਼ ਪੜਾਅ ਹੈ। ਇਹ ਵਿਸ਼ੇਸ਼ ਸੁਭਾਅ ਤਿੰਨ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ:(1) ਸਾਮਰਾਜਵਾਦ ਇਜਾਰੇਦਾਰ ਪੂੰਜੀਵਾਦ ਹੈ, (2) ਸਾਮਰਾਜਵਾਦ ਪਰਜੀਵੀ ਅਤੇ ਨਿਘਾਰ ਮੁਖੀ ਪੂੰਜੀਵਾਦ ਹੈ ਅਤੇ (3) ਸਾਮਰਾਜਵਾਦ ਮਰ ਰਿਹਾ ਪੂੰਜੀਵਾਦ ਹੈ"। ਇਸ ਪਾਠ ਵਿੱਚ ਸਭ ਤੋਂ ਪਹਿਲਾਂ ਇਜਾਰੇਦਾਰ ਪੂੰਜੀਵਾਦ ਦੇ ਰੂਪ ਵਿੱਚ ਸਾਮਰਾਜਵਾਦ ਦੇ ਬੁਨਿਆਦੀ ਲੱਛਣਾ ਦੀ ਚਰਚਾ ਕੀਤੀ ਜਾਵੇਗੀ।

ਲੈਨਿਨ ਨੇ ਨਿਸ਼ਾਨਦੇਹੀ ਕੀਤੀ ਸੀ ਕਿ ਸਾਮਰਾਜਵਾਦ ਦੇ ਆਰਥਿਕ ਪੱਖ ਵਿੱਚ ਪੰਜ ਬੁਨਿਆਦੀ ਵਿਸ਼ੇਸ਼ਤਾਈਆਂ ਹਨ। ਇਹ ਇਸ ਤਰਾਂ ਹਨ : " (1) ਪੈਦਾਵਾਰ ਅਤੇ ਪੂੰਜੀ ਦਾ ਕੇਂਦਰੀ ਕਰਨ ਇਸ ਹੱਦ ਤੱਕ ਵਿਕਸਿਤ ਹੋ ਗਿਆ ਕਿ ਆਰਥਿਕ ਜੀਵਨ ਉੱਪਰ ਇਜਾਰੇਦਾਰੀ ਸੰਗਠਨਾ ਦਾ ਦਾਬਾ ਹੈ; (2) ਬੈਂਕਿੰਗ ਪੂੰਜੀ ਅਤੇ ਸਨਅਤੀ ਪੂੰਜੀ ਘੁਲ ਮਿਲ ਗਏ ਹਨ ਅਤੇ ਇਸ ਵਿੱਤੀ ਪੂੰਜੀ ਦੇ ਅਧਾਰ 'ਤੇ ਇੱਕ ਵਿੱਤੀ ਜੁੰਡੀ ਪੈਦਾ ਹੋ ਗਈ ਹੈ, (3) ਜਿਣਸਾਂ ਦੇ ਨਿਰਯਾਤ ਤੋਂ ਪੂਰਨ ਤੌਰ 'ਤੇ ਵੱਖ, ਪੂੰਜੀ ਦਾ ਨਿਰਯਾਤ ਇੱਕ ਵਿਸ਼ੇਸ਼ ਮਹੱਤਵ ਗ੍ਰਹਿਣ ਕਰ ਲੈਂਦਾ ਹੈ, (4) ਕੌਮਾਂਤਰੀ ਇਜਾਰੇਦਾਰ ਗਠਜੋੜ ਬਣਾ ਲਿਆ ਗਿਆ ਹੈ ਅਤੇ (5) ਸਭ ਤੋਂ ਵੱਧ ਸ਼ਕਤੀਸ਼ਾਲੀ ਸਰਮਾਏਦਾਰੀ ਤਾਕਤਾਂ ਨੇ ਦੁਨੀਆਂ ਦੀ ਵੰਡ ਕਰ ਲਈ ਹੈ।"[2] ਲੈਨਿਨ ਦਾ ਸਾਮਰਾਜਵਾਦ ਸਬੰਧੀ ਸਿਧਾਂਤ ਸਾਮਰਾਜਵਾਦ ਦੇ ਪਿਛਾਖੜੀ ਸੁਭਾਅ ਨੂੰ ਸਮਝਣ ਸਬੰਧੀ ਸਾਡੀ ਦੂਰਬੀਨ ਅਤੇ ਖੁਰਦਬੀਨ ਹੈ।

ਇਜਾਰੇਦਾਰੀ, ਸਾਮਰਾਜਵਾਦ ਦੀ ਆਰਥਕ ਬੁਨਿਆਦ ਹੈ

ਇਜਾਰੇਦਾਰੀ, ਪੂੰਜੀਵਾਦ ਦਾ ਅਟੱਲ ਵਿਕਾਸ ਹੈ

ਖੁੱਲ੍ਹੇ ਮੁਕਾਬਲੇ ਤੋਂ ਇਜਾਰੇਦਾਰੀ ਵਿੱਚ ਤਬਦੀਲੀ ਪੂੰਜੀਵਾਦ ਤੋਂ ਸਾਮਰਾਜਵਾਦ ਵਿੱਚ ਵਿਕਾਸ ਦਾ ਸਭ ਤੋਂ ਵਰਨਣਯੋਗ ਆਰਥਿਕ ਵਰਤਾਰਾ ਹੈ। ਸਾਮਰਾਜਵਾਦ ਦੀਆਂ ਹੋਰ ਸਾਰੀਆਂ ਵਿਸ਼ੇਸ਼ਤਾਈਆਂ ਇਜਾਰੇਦਾਰੀ ਨਾਲ ਸਬੰਧਤ ਹਨ। ਇਸ ਲਈ, ਸਾਮਰਾਜਵਾਦ ਨੂੰ ਅਕਸਰ ਇਜਾਰੇਦਾਰਾ ਪੂੰਜੀਵਾਦ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਜਾਰੇਦਾਰ ਪੂੰਜੀਵਾਦ ਦਾ ਜਨਮ ਤਿੰਨ ਬੁਨਿਆਦੀ ਪੜਾਵਾਂ ਵਿੱਚੋਂ ਹੋ ਕੇ ਗੁਜ਼ਰਦਾ ਹੈ।

ਉੱਨੀਵੀਂ ਸਦੀ ਦੇ ਸੱਤਵੇਂ ਅਤੇ ਅੱਠਵੇਂ ਦਹਾਕੇ ਦੇ ਪਹਿਲੇ ਪੜਾਅ ਵਿੱਚ, ਪੂੰਜੀਵਾਦ ਅੰਦਰ ਖੁੱਲ੍ਹਾ ਮੁਕਾਬਲਾ ਆਪਣੇ ਵਿਕਾਸ ਦੇ ਸਿਖ਼ਰ ਉੱਤੇ ਪਹੁੰਚ ਗਿਆ। ਪੈਦਾਵਾਰ ਦੇ ਖੇਤਰ ਵਿੱਚ, ਬਿਜਲੀ ਮੋਟਰ, ਅੰਦਰੂਨੀ ਬਲਣਸ਼ੀਲ ਇੰਜਣ ਅਤੇ ਇਸਪਾਤ ਸੋਧ ਦੀ ਇੱਕ ਵਿਧੀ ਦੀ ਖੋਜ ਹੋਈ। ਪੈਦਾਵਾਰੀ ਤਾਕਤਾਂ ਦੇ ਵਿਕਾਸ ਨੇ ਛੋਟੀਆਂ ਤੇ ਭਾਰੀਆਂ ਸਨਅਤਾਂ ਦੀ ਮੁਕਾਬਲਤਨ ਹਿੱਸੇਦਾਰੀ ਨੂੰ ਵੀ ਭਾਰੀ ਸੱਨਅਤਾਂ ਦੇ ਪੱਖ ਵਿੱਚ ਬਦਲ ਦਿੱਤਾ। ਪੂੰਜੀ ਦੀ ਉਚੇਰੀ ਅਵੈਵੀ ਬਣਤਰ ਦੀ ਵਿਸ਼ੇਸ਼ਤਾ ਲਈ ਭਾਰੀ ਸੱਨਅਤ ਦੇ ਵਿਕਾਸ ਨਾਲ ਪੂੰਜੀ ਦਾ ਕੇਂਦਰੀਕਰਨ ਤੇਜ਼ ਹੋਇਆ। ਇਜਾਰੇਦਾਰਾ ਸੰਗਠਨ ਹੋਂਦ ਵਿੱਚ ਆਉਣ ਲੱਗੇ।

1873 ਵਿੱਚ ਉੱਨੀਵੀਂ ਸਦੀ ਦੇ ਸਭ ਤੋਂ ਭਿਅੰਕਰ ਆਰਥਿਕ ਸੰਕਟ ਦੇ ਵਿਸਫੋਟ ਤੋਂ ਬਾਅਦ ਦੂਸਰੇ ਪੜਾਅ ਵਿੱਚ, ਉੱਦਮਾਂ ਵਿਚਕਾਰ ਮੁਕਾਬਲਾ ਫੇਰ ਤੇਜ ਹੋ ਗਿਆ। ਸਾਰੇ ਦਰਮਿਆਨੇ ਅਤੇ ਛੋਟੇ ਉੱਦਮ ਬੰਦ ਹੋ ਗਏ। ਜਿਸ ਨਾਲ ਇਜਾਰੇਦਾਰ ਜਥੇਬੰਦੀਆਂ ਦੇ ਵਿਕਾਸ ਦਾ ਰਾਹ ਸਾਫ ਹੋ ਗਿਆ। 1879 ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ ਰਾਕਫੈਲਰ ਨੇ (ਸਟੈਂਡਰਡ ਆਇਲ ਕੰਪਨੀ ਨਾਮੀ) ਪਹਿਲਾਂ ਟਰੱਸਟ ਸਥਾਪਤ ਕੀਤਾ। 1880 ਵਿੱਚ ਸਖ਼ਤ (ਬਿਨਾਂ ਲਾਟ ਜਾਂ ਧੂੰਏਂ ਦੇ ਬਾਲਣ ਵਾਲੇ – ਅਨੁ:) ਕੋਇਲੇ ਦੀ ਸਮੁੱਚੀ ਪੈਦਾਵਾਰ ਉੱਤੇ ਸੱਤ ਕੰਪਨੀਆਂ ਨੇ ਇਜਾਰੇਦਾਰੀ ਕਾਇਮ ਕਰ ਲਈ। ਫੇਰ ਵੀ, ਇਜਾਰੇਦਾਰੀ ਨੇ ਅਜੇ ਭਾਰੂ ਹੈਸੀਅਤ ਹਾਸਲ ਨਹੀਂ ਸੀ ਕੀਤੀ। ਇਜਾਰੇਦਾਰੀ ਦੇ ਜਿਆਦਾਤਰ ਸਮਝੌਤੇ ਘੱਟ-ਮਿਆਦ ਵਾਲੇ ਅਤੇ ਅਸਥਾਈ ਸਨ। ਉੱਨੀਵੀਂ ਸਦੀ ਦੇ ਆਖਰੀ ਤੀਹ ਸਾਲਾਂ ਵਿੱਚ, ਇੱਕ ਦੇ ਬਾਅਦ ਇੱਕ, ਭਾਫ਼ ਟਰਬਾਈਨ, ਆਟੋਮੋਬਾਈਲ ਅਤੇ ਡੀਜਲ ਈਂਜਣ ਦੀ ਖੋਜ ਹੋਈ। ਪੈਦਾਵਾਰੀ ਤਾਕਤਾਂ ਦਾ ਵਿਕਾਸ ਕਾਫੀ ਤਰੱਕੀ ਕਰ ਗਿਆ। ਇਸ ਨਾਲ ਭਾਰੀ ਸੱਨਅਤਾਂ ਦੀ ਹਿੱਸੇਦਾਰੀ ਹੋਰ ਵਧੀ। ਇਸ ਤਰਾਂ ਇਜਾਰੇਦਾਰੀ ਦੇ ਪੜਾਅ ਵਿੱਚ ਤਬਦੀਲੀ ਦੀਆਂ ਸ਼ਰਤਾਂ ਬੁਨਿਆਦੀ ਤੌਰ ’ਤੇ ਪੂਰੀਆਂ ਹੋ ਚੁੱਕੀਆਂ ਸਨ।

ਉੱਨੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿੱਚ ਤੀਸਰੇ ਪੜਾਅ ਵਿੱਚ, ਪੂੰਜੀ ਦੇ ਸੰਗ੍ਰਹਿ ਅਤੇ ਕੇਂਦਰੀਕਰਨ ਦੀ ਗਤੀ ਕਾਫੀ ਤੇਜ਼ ਹੋ ਗਈ। ਪੂੰਜੀ ਦਾ

ਕੇਂਦਰੀਕਰਣ ਵੱਡੇ ਉੱਦਮਾਂ ਦੇ ਹੱਥਾਂ ਵਿੱਚ ਵੱਧ ਤੋਂ ਵੱਧ ਹੁੰਦਾ ਗਿਆ। ਵੱਡੇ ਪੈਦਾਵਾਰ ਦੇ ਖੇਤਰਾਂ ਉੱਪਰ ਆਪਣਾ ਕੰਟਰੋਲ ਕਾਇਮ ਕਰਨ ਦੀ ਨੀਤੀ ਨਾਲ ਇਜਾਰੇਦਾਰਾ ਸੰਗਠਨ ਤੇਜੀ ਨਾਲ ਵਿਕਸਿਤ ਹੁੰਦੇ ਗਏ। ਵੀਹਵੀਂ ਸਦੀ ਦੇ ਸ਼ੁਰੂ ਵਿੱਚ, ਸੰਯੁਕਤ ਰਾਜ ਅਮਰੀਕਾ ਦੇ ਇਜਾਰੇਦਾਰਾ ਸੰਗਠਨ 70% ਧਾਤ ਸਨਅਤਾਂ, 66% ਲੋਹਾ ਅਤੇ ਇਸਪਾਤ ਸਨਅਤਾਂ, 61% ਰਸਾਇਣ ਸਨਅਤਾਂ, 85% ਐਲੂਮੀਨੀਅਮ ਪੈਦਾਵਾਰ, 80% ਤੰਬਾਕੂ ਅਤੇ ਖੰਡ ਸੋਧ ਸਨਅਤਾਂ ਅਤੇ 95% ਕੋਲਾ ਅਤੇ ਤੇਲ ਪੈਦਾਵਾਰ ਨੂੰ ਆਪਣੇ ਕੰਟਰੋਲ ਵਿੱਚ ਲੈ ਚੁੱਕੇ ਸਨ। ਇਸ ਸਮੇਂ ਤੋਂ ਖੁੱਲ੍ਹੇ ਮੁਕਾਬਲੇ ਵਾਲਾ ਪੂੰਜੀਵਾਦ ਇਜਾਰੇਦਾਰ ਪੂੰਜੀਵਾਦ ਵਿੱਚ ਵਿਕਸਿਤ ਹੋ ਗਿਆ ਅਤੇ ਪੂੰਜੀਵਾਦ ਸਾਮਰਾਜਵਾਦ ਵਿੱਚ ਤਬਦੀਲ ਹੋ ਗਿਆ। ਇਸੇ ਲਈ ਲੈਨਿਨ ਨੇ ਕਿਹਾ ਸੀ, *"ਇਜਾਰੇਦਾਰੀ ਸਾਮਰਾਜਵਾਦ ਦੀ ਡੂੰਘਾਈ ਤੱਕ ਜੰਮੀ ਹੋਈ ਬੁਨਿਆਦ ਹੈ"।*(3)

ਖੁੱਲ੍ਹੇ ਮੁਕਾਬਲੇ ਵਾਲੇ ਪੂੰਜੀਵਾਦ ਤੋਂ ਸਾਮਰਾਜਵਾਦ ਵਿੱਚ ਤਬਦੀਲੀ ਨੇ ਪੂੰਜੀਵਾਦ ਦੇ ਬੁਨਿਆਦੀ ਸੁਭਾਅ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਹੈ। ਹੁਣ ਵੀ ਇਸਦਾ ਆਰਥਿਕ ਆਧਾਰ ਪੈਦਾਵਾਰ ਦੇ ਸਾਧਨਾਂ ਉੱਪਰ ਸਰਮਾਏਦਾਰਾ ਨਿੱਜੀ ਮਾਲਕੀਅਤ ਹੀ ਹੈ। ਹੁਣ ਵੀ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧਤਾਈ ਹੀ ਇਸਦੀ ਜਮਾਤੀ ਵਿਰੋਧਤਾਈ ਹੈ। ਪੈਦਾਵਾਰ ਦੀ ਅਰਾਜਕਤਾ ਜਿਹੇ ਲੰਬੇ ਸਮੇਂ ਤੋਂ ਮੌਜੂਦ ਆਰਥਿਕ ਨਿਯਮ ਅਜੇ ਵੀ ਆਪਣੀ ਸਰਗਰਮ ਭੂਮਿਕਾ ਨਿਭਾ ਰਹੇ ਹਨ। ਮਾਓ-ਜੇ-ਤੁੰਗ ਨੇ ਧਿਆਨ ਦਿਵਾਇਆ ਸੀ *"ਪੂੰਜੀਵਾਦ ਦਾ ਜਦੋਂ ਖੁੱਲ੍ਹੇ ਮੁਕਾਬਲੇ ਦੇ ਪੜਾਅ ਤੋਂ ਸਾਮਰਾਜਵਾਦ ਵਿੱਚ ਵਿਕਾਸ ਹੋਇਆ ਤਾਂ ਮਜ਼ਦੂਰ ਜਮਾਤ ਤੇ ਬੁਰਜੁਆਜ਼ੀ ਵਿਚਕਾਰ ਬੁਨਿਆਦੀ ਵਿਰੋਧਤਾਈਆਂ ਅਤੇ ਪੂੰਜੀਵਾਦ ਦੇ ਸੁਭਾਅ 'ਚ ਕੋਈ ਕਮੀ ਨਹੀਂ ਹੋਈ।"*(4) ਸਾਮਰਾਜਵਾਦ ਦੇ ਪੜਾਅ ਵਿੱਚ, ਕੁੱਝ ਨਵੀਂਆਂ ਵਿਸ਼ੇਸ਼ਤਾਵਾਂ ਪ੍ਰਗਟ ਹੋਈਆਂ ਜਿਹਨਾਂ ਨੇ ਪੂੰਜੀਵਾਦ ਦੀਆਂ ਪਹਿਲਾਂ ਤੋਂ ਮੌਜੂਦ ਵਿਰੋਧਤਾਈਆਂ ਨੂੰ ਤਿੱਖਾ ਕਰ ਦਿੱਤਾ ਅਤੇ ਵਧਾ ਦਿੱਤਾ।

ਇਜਾਰੇਦਾਰ ਸੰਗਠਨ ਉੱਚ ਇਜਾਰੇਦਾਰ ਮੁਨਾਫਿਆਂ ਨੂੰ ਨਿਚੋੜਨ ਦੀ ਗਰੰਟੀ ਕਰਦੇ ਹਨ

ਇਜਾਰੇਦਾਰ ਸੰਗਠਨ ਜਾਂ ਤਾਂ ਸਭ ਤੋਂ ਵੱਡੇ ਪੂੰਜੀਵਾਦੀ ਉੱਦਮ ਹੁੰਦੇ ਹਨ ਜਾਂ ਕਈ ਪੂੰਜੀਵਾਦੀ ਉੱਦਮਾ ਨੂੰ ਮਿਲਾ ਕੇ ਬਣਦੇ ਹਨ। ਉਹ ਕੁੱਝ ਨਿਸ਼ਚਿਤ ਉਤਪਾਦਾਂ ਦੀ ਪੈਦਾਵਾਰ ਅਤੇ ਵੰਡ ਨੂੰ ਕੰਟਰੋਲ ਕਰਦੇ ਹਨ ਅਤੇ ਉੱਚ ਇਜਾਰੇਦਾਰਾ ਮੁਨਾਫਿਆਂ ਨੂੰ ਨਿਚੋੜਨ ਲਈ ਆਪਣੀ ਇਜਾਰੇਦਾਰਾ ਹੈਸੀਅਤ ਦੇ ਸਦਕੇ ਇਜਾਰੇਦਾਰ ਕੀਮਤਾਂ ਤੈਅ ਕਰਦੇ ਹਨ। ਪੂੰਜੀਵਾਦੀ ਦੇਸ਼ਾਂ ਦੀ ਆਰਥਿਕ ਨਬਜ਼ ਉਹਨਾਂ ਦੇ ਜੋੜ-ਤੋੜਾਂ ਦੇ ਦਾਇਰੇ ਵਿੱਚ ਆ ਜਾਂਦੀ ਹੈ।

ਇਜਾਰੇਦਾਰੀ ਸੰਗਠਨ ਕਈ ਤਰਾਂ ਦੀਆਂ ਸ਼ਕਲਾਂ ਧਾਰਨ ਕਰਦੇ ਹਨ। ਕੁੱਝ "ਥੋੜੀ ਮਿਆਦ ਵਾਲੇ ਕੀਮਤ ਸਮਝੌਤੇ" ਦੇ ਰੂਪ ਵਿੱਚ ਹੁੰਦੇ ਹਨ। ਜਿਸ ਦੇ ਤਹਿਤ ਕਈ

ਉੱਦਮ ਮਿਲ ਕੇ ਕੀਮਤਾਂ ਤੈਅ ਕਰਦੇ ਹਨ। ਕੁੱਝ "ਕਾਰਟਲਾਂ" ਦੇ ਰੂਪ ਵਿੱਚ ਹੁੰਦੇ ਹਨ, ਜਿਸ ਦੇ ਤਹਿਤ ਉੱਦਮ ਪੈਦਾਵਾਰ ਦੇ ਖੇਤਰ ਵਿੱਚ ਸੁਤੰਤਰ ਹੁੰਦੇ ਹਨ ਪਰ ਬਜਾਰ ਵਿੱਚ ਹਿੱਸੇਦਾਰੀ ਕਰਨ ਲਈ ਅਤੇ ਕੋਟੇ ਤੇ ਕੀਮਤਾਂ ਤੈਅ ਕਰਨ ਲਈ ਸਮਝੌਤੇ ਕਰਦੇ ਹਨ। ਕੁੱਝ ਹੋਰ "ਸਿੰਡੀਕੇਟਾਂ" (ਵਪਾਰਕ ਸੰਘ) ਦੇ ਰੂਪ ਵਿੱਚ ਹੁੰਦੇ ਹਨ, ਜਿਹਨਾਂ ਵਿੱਚ ਉੱਦਮ, ਪੈਦਾਵਾਰ ਤਾਂ ਸੁਤੰਤਰ ਕਰਦੇ ਹਨ, ਪਰ ਲਾਗਤਾਂ ਦੀ ਖਰੀਦ ਅਤੇ ਉਤਪਾਦਾਂ ਦੀ ਵਿੱਕਰੀ ਰਲ ਕੇ ਕਰਦੇ ਹਨ। ਕੁੱਝ ਹੋਰ "ਟਰੱਸਟਾਂ" ਦੇ ਰੂਪ ਵਿੱਚ ਹੁੰਦੇ ਹਨ ਜੋ ਇੱਕ ਹੀ ਚੀਜ਼ ਪੈਦਾ ਕਰਨ ਵਾਲੇ ਉੱਦਮ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਕੁੱਝ ਹੋਰ "ਕੰਨਸੋਰਟੀਅਮ" ਜਾਂ ਸਾਂਝੀਦਾਰ ਸੰਘ ਹੁੰਦੇ ਹਨ ਜਿਸ ਦੇ ਤਹਿਤ ਵੱਖ-ਵੱਖ ਕਾਰੋਬਾਰ ਵਾਲੇ ਉੱਦਮ ਸ਼ਾਮਲ ਹੁੰਦੇ ਹਨ (ਜਿਵੇਂ ਪੈਦਾਵਾਰ ਕਰਨੀ, ਖਾਣਾਂ, ਵਪਾਰਕ ਕੰਪਨੀਆਂ, ਟਰਾਂਸਪੋਰਟ ਜਾਂ ਜਹਾਜ਼ਰਾਨੀ ਅਤੇ ਬੈਂਕ ਆਦਿ)। ਵੱਖ-ਵੱਖ ਕਿਸਮ ਦੇ ਇਜਾਰੇਦਾਰ ਸੰਗਠਨ ਵਿਕਸਿਤ ਹੋ ਕੇ ਹੌਲੀ-ਹੌਲੀ ਪੂੰਜੀਵਾਦੀ ਦੇਸ਼ਾਂ ਦੇ ਸਾਰੇ ਆਰਥਿਕ ਖੇਤਰਾਂ ਅਤੇ ਆਰਥਿਕ ਨਬਜ਼ ਉੱਪਰ ਕੰਟਰੋਲ ਕਾਇਮ ਕਰ ਲੈਂਦੇ ਹਨ। ਖਾਸ ਕਰਕੇ ਦੂਸਰੀ ਸੰਸਾਰ ਜੰਗ ਦੇ ਖਤਮ ਹੋਣ ਤੋਂ ਬਾਅਦ, ਸਮਾਜਿਕ ਪੈਦਾਵਾਰ ਅਤੇ ਸਮਾਜਿਕ ਦੌਲਤ ਲਗਾਤਾਰ ਮੁੱਠੀਭਰ ਇਜਾਰੇਦਾਰ ਪੂੰਜੀਪਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੁੰਦੀ ਚਲੀ ਗਈ ਹੈ। ਇਹ ਇਹਨਾਂ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ:

(1) ਉੱਦਮਾਂ ਦੇ ਅਕਾਰ ਵਿੱਚ ਨਿਰੰਤਰ ਵਿਸਥਾਰ ਅਤੇ ਇਜਾਰੇਦਾਰੀਕਰਨ ਦਾ ਲਗਾਤਾਰ ਵਿਕਾਸ : ਸੰਯੁਕਤ ਰਾਜ ਅਮਰੀਕਾ ਦੀ ਉਦਾਹਰਣ ਲਓ, ਉੱਥੇ 1901 ਵਿੱਚ ਇੱਕ ਅਰਬ ਤੋਂ ਜਿਆਦਾ ਪੂੰਜੀ-ਸੰਪਤੀ ਵਾਲੀ ਸਿਰਫ ਇੱਕ ਕੰਪਨੀ ਸੀ। 1960 ਵਿੱਚ ਇਹ ਸੰਖਿਆ ਵਧ ਕੇ 96 ਤੱਕ ਪਹੁੰਚ ਗਈ ਅਤੇ 1970 ਵਿੱਚ ਇਹ ਹੋਰ ਵਧ ਕੇ 282 ਤੱਕ ਜਾ ਪਹੁੰਚੀ।

(2) ਸਮੁੱਚੇ ਸਨਅਤੀ ਖੇਤਰ ਉੱਪਰ ਮੁੱਠੀ ਭਰ ਇਜਾਰੇਦਾਰ ਸਰਮਾਏਦਾਰਾਂ ਦਾ ਵਧਦਾ ਗਲਬਾ : ਕਈ ਸੱਨਅਤੀ ਖੇਤਰਾਂ ਵਿੱਚ, ਮੁੱਠੀ ਭਰ ਵੱਡੀਆਂ ਕੰਪਨੀਆਂ ਨੇ ਦੇਸ਼ ਦੀ ਸਮੁੱਚੀ ਆਟੋਮੋਬਾਈਲ ਪੈਦਾਵਾਰ ਦੇ ਵੱਡੇ ਹਿੱਸੇ, ਇੱਥੋਂ ਤੱਕ ਕਿ ਸੰਪੂਰਣ ਪੈਦਾਵਾਰ ਉੱਪਰ ਕੰਟਰੋਲ ਕਰਦੀਆਂ ਹਨ। ਸੰਯੁਕਤ ਰਾਜ ਅਮਰੀਕਾ ਵਿੱਚ 1969 ਵਿੱਚ ਦਿਓ-ਕੱਦ ਆਟੋਮੋਬਾਈਲ ਕੰਪਨੀਆਂ ਨੇ ਦੇਸ਼ ਦੀ ਸਮੁੱਚੀ ਆਟੋਮੋਬਾਈਲ ਪੈਦਾਵਰ ਦੇ 78.1% ਉੱਪਰ ਇਜਾਰੇਦਾਰੀ ਕਾਇਮ ਕਰ ਰੱਖੀ ਸੀ। ਇੰਗਲੈਂਡ ਵਿੱਚ 1970 ਵਿੱਚ ਇੱਕ ਲੋਹਾ ਇਸਪਾਤ ਕੰਪਨੀ ਦੀ ਸਮੁੱਚੀ ਪੈਦਾਵਾਰ ਦੇ 93% ਉੱਪਰ ਇਜਾਰੇਦਾਰੀ ਸੀ। 1970 ਵਿੱਚ ਜਪਾਨ ਵਿੱਚ ਸੱਤ ਇਜਾਰੇਦਾਰ ਸੰਗਠਨ ਦੇਸ਼ ਦੇ ਸਮੁੱਚੇ ਸਮੁੰਦਰੀ ਜਹਾਜ ਨਿਰਮਾਣ ਦੇ 95.5% ਉੱਪਰ ਆਪਣੀ ਇਜਾਰੇਦਾਰੀ ਕਾਇਮ ਕਰ ਚੁੱਕੇ ਸੀ। ਫਰਾਂਸ ਵਿੱਚ 1968 ਵਿੱਚ ਇੱਕ ਬਿਜਲਈ ਊਰਜਾ ਕੰਪਨੀ ਨੇ ਸਾਰੇ ਦੇਸ਼ ਦੀ ਬਿਜਲੀ ਪੈਦਾਵਾਰ ਉੱਪਰ ਆਪਣਾ ਕਬਜਾ ਜਮਾ ਲਿਆ ਸੀ।

(3) ਖੇਤੀ ਪੈਦਾਵਾਰ ਦੇ ਖੇਤਰ ਵਿੱਚ ਵਧਦਾ ਕੇਂਦਰੀਕਰਣ ਅਤੇ ਇਜਾਰੇਦਾਰੀਕਰਣ : 1939 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਕੁੱਲ 60 ਲੱਖ 97 ਹਜ਼ਾਰ ਫਾਰਮ ਸਨ।

1959 ਵਿੱਚ ਇਹ ਘਟ ਕੇ 37 ਲੱਖ 1 ਹਜ਼ਾਰ ਰਹਿ ਗਏ ਅਤੇ 1971 ਵਿੱਚ ਸਿਰਫ 28 ਲੱਖ ਫਾਰਮ ਹੀ ਬਾਕੀ ਰਹਿ ਗਏ। ਹਰ ਸਾਲ ਔਸਤਨ 90 ਹਜ਼ਾਰ ਫਾਰਮ ਦਿਵਾਲੀਆ ਹੁੰਦੇ ਗਏ। ਅਸਲ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ 50 ਹਜ਼ਾਰ ਤੋਂ ਘੱਟ ਸੰਖਿਆ ਵਿੱਚ ਵੱਡੇ ਇਜਾਰੇਦਾਰਾ ਫਾਰਮ, ਜੋ ਗਿਣਤੀ ਵਿੱਚ ਕੁੱਲ ਫਾਰਮਾਂ ਦਾ 2% ਦੇ ਬਰਾਬਰ ਸਨ, ਕੁੱਲ ਅਮਰੀਕੀ ਖੇਤੀ ਪੈਦਾਵਾਰ ਦੀ 80% ਪੈਦਾਵਾਰ ਅਤੇ ਖਰੀਦ-ਵਿੱਕਰੀ ਕਰਦੇ ਸਨ।

(4) ਇਜਾਰੇਦਾਰੀ ਦੀ ਵਧਦੀ ਵੰਨ ਸੁਵੰਨਤਾ : ਬੀਤੇ ਸਮੇਂ ਵਿੱਚ, ਜਿਆਦਾਤਰ ਕੰਪਨੀਆਂ ਸਿਰਫ ਇੱਕ ਜਾਂ ਦੋ ਚੀਜ਼ਾਂ ਦੀ ਪੈਦਾਵਾਰ ਕਰਦੀਆਂ ਸਨ। ਪਰ 1960 ਦੇ ਦਹਾਕੇ ਦੇ ਅੰਤ ਤੱਕ, ਉਹਨਾਂ ਦਾ ਕੰਮ ਖੇਤਰ ਹੋਰ ਖੇਤਰਾਂ ਤੱਕ ਫੈਲਦਾ ਗਿਆ। ਉਦਾਹਰਣ ਦੇ ਤੌਰ 'ਤੇ ਯੂਨਾਇਟੇਡ ਸਟੇਟਸ ਇੰਟਰਨੈਸ਼ਨਲ ਟੈਲੀਫੋ ਨ ਅਤੇ ਟੈਲੀਗਰਾਫ ਕੰਪਨੀ 1920 ਵਿੱਚ ਸਥਾਪਤ ਕੀਤੀ ਗਈ ਸੀ। ਆਰੰਭਿਕ ਚਾਲ਼ੀ ਸਾਲਾਂ ਦੌਰਾਨ, ਇਹ ਮੁੱਖ ਤੌਰ 'ਤੇ ਦੂਰ ਸੰਚਾਰ ਸਾਜੋ-ਸਮਾਨ ਦਾ ਨਿਰਮਾਣ ਕਰਦੀ ਸੀ। ਪਰ ਇਸ ਦਾ ਦਾਇਰਾ ਵਧ ਕੇ ਡਬਲਰੋਟੀ ਦੀ ਪੈਦਾਵਾਰ, ਬਨਾਵਟੀ ਰੇਸ਼ਾ, ਭਵਨ ਉਸਾਰੀ, ਹੋਟਲਾਂ ਅਤੇ ਬੀਮਾਂ ਖੇਤਰ ਤੱਕ ਜਾ ਪਹੁੰਚਾ। ਇਹ ਦੁਨੀਆਂ ਦੀਆਂ 150 ਕੰਪਨੀਆਂ ਨੂੰ ਕੰਟਰੋਲ ਕਰਦੀ ਹੈ ਅਤੇ ਇਸ ਦੀ ਵੰਡ ਦਾ ਤਾਣਾ ਬਾਣਾ, ਸੌ ਤੋਂ ਜਿਆਦਾ ਦੇਸ਼ਾਂ ਅਤੇ ਖੇਤਰਾਂ ਵਿੱਚ ਫੈਲਿਆ ਹੋਇਆ ਹੈ।

ਬੇਸ਼ੱਕ ਇਜਾਰੇਦਾਰਾ ਸੰਗਠਨਾਂ ਦੇ ਵੰਨ ਸੁਵੰਨੇ ਰੂਪਾਂ ਵਿੱਚ ਵਖਰੇਵੇਂ ਹਨ ਅਤੇ ਇਨ੍ਹਾਂ ਵਿੱਚ ਅੱਗੇ ਹੋਰ ਤਬਦੀਲੀਆਂ ਵੀ ਹੋ ਸਕਦੀਆਂ ਹਨ ਪਰ ਉਹਨਾਂ ਦਾ ਸੁਭਾਅ ਉਹੀ ਬਣਿਆਂ ਰਹਿੰਦਾ ਹੈ। ਉਹ ਪੈਦਾਵਾਰ ਅਤੇ ਬਜ਼ਾਰ ਉੱਪਰ ਇਜਾਰੇਦਾਰੀ ਕਾਇਮ ਕਰਕੇ ਇਜਾਰੇਦਾਰ ਸਰਮਾਏਦਾਰਾਂ ਲਈ ਉੱਚ ਇਜਾਰੇਦਾਰ ਮੁਨਾਫਿਆਂ ਦੀ ਗਰੰਟੀ ਹਾਸਲ ਕਰਨਾ ਚਾਹੁੰਦੇ ਹਨ।

ਉੱਚ ਇਜਾਰੇਦਾਰ ਮੁਨਾਫਾ ਔਸਤ ਮੁਨਾਫੇ ਤੋਂ ਬੇਜਾਂ ਵਾਧੂ ਮੁਨਾਫਾ ਹੈ ਜੋ ਇਜਾਰੇਦਾਰ ਪੂੰਜੀਪਤੀਆਂ ਵੱਲੋਂ ਆਪਣੀ ਇਜਾਰੇਦਾਰ ਹੈਸੀਅਤ ਦੇ ਕਾਰਨ ਹਾਸਲ ਕੀਤਾ ਜਾਂਦਾ ਹੈ। ਇਹ ਉੱਚ ਇਜਾਰੇਦਾਰ ਮੁਨਾਫਾ ਕਿੱਥੋਂ ਆਉਂਦਾ ਹੈ ? ਇਹ ਹੁਣ ਵੀ ਇਜਾਰੇਦਾਰ ਉਦਮਾਂ ਦੇ ਮਜ਼ਦੂਰਾਂ ਵੱਲੋਂ ਪੈਦਾ ਵਾਫ਼ਰ ਕਦਰ ਚੋਂ ਹੀ ਆਉਂਦਾ ਹੈ। ਇਜਾਰੇਦਾਰ ਸੰਗਠਨ ਕਿਰਤ ਸਮਾਂ ਵਧਾਉਣ ਅਤੇ ਮਜ਼ਦੂਰਾਂ ਦੀ ਲੁੱਟ ਕਰਨ ਲਈ ਖੂਨ ਪਸੀਨਾ ਨਿਚੋੜਨ ਦੇ ਵੱਖ-ਵੱਖ ਪ੍ਰਬੰਧ ਅਪਨਾਉਂਦੇ ਹਨ। ਇਸ ਤੋਂ ਅੱਗੇ ਇਜਾਰੇਦਾਰ ਪੂੰਜੀਪਤੀ ਉਪਭੋਗਤਾ ਵਸਤੂਆਂ ਦੀਆਂ ਕੀਮਤਾਂ ਵਧਾ ਕੇ ਮਜ਼ਦੂਰਾਂ ਅਤੇ ਹੋਰ ਲੋਕਾਂ ਦੀ ਆਮਦਨ ਦਾ ਇੱਕ ਹਿੱਸਾ ਵੀ ਹੜੱਪ ਲੈਂਦੇ ਹਨ। ਆਪਣੀ ਇਜਾਰੇਦਾਰ ਹੈਸੀਅਤ ਦਾ ਫਾਇਦਾ ਉਠਾ ਕੇ, ਪੂੰਜੀਪਤੀ ਖੇਤੀ ਪੈਦਾਵਾਰ ਦੀਆਂ ਖਰੀਦ ਕੀਮਤਾਂ ਘਟਾ ਕੇ ਅਤੇ ਆਪਣੇ ਵੱਲੋ ਤਿਆਰ ਉਤਪਾਦਾਂ ਦੀਆਂ ਕੀਮਤਾਂ ਵਧਾ ਕੇ ਕਿਸਾਨਾਂ ਵੱਲੋਂ ਪੈਦਾ ਕੀਤੀ ਗਈ ਕਦਰ ਦੇ ਇੱਕ ਹਿੱਸੇ ਨੂੰ ਵੀ ਨਿਚੋੜ ਲੈਂਦੇ ਹਨ। ਇਜਾਰੇਦਾਰ ਕੀਮਤਾਂ ਦੇ ਜ਼ਰੀਏ, ਇਜਾਰੇਦਾਰ ਸੰਗਠਨ ਤੋਂ ਬਾਹਰ ਦੇ ਪੂੰਜੀਪਤੀਆਂ ਦੇ ਮੁਨਾਫੇ ਦਾ ਇੱਕ ਹਿੱਸਾ ਵੀ ਉਹ ਹੜੱਪ ਲੈਂਦੇ ਹਨ। ਅਸਾਵੇਂ ਵਟਾਂਦਰੇ ਰਾਹੀਂ ਇਜਾਰੇਦਾਰ ਪੂੰਜੀਪਤੀਆਂ, ਬਸਤੀਆਂ, ਪਿਛਲੱਗ ਦੇਸ਼ਾਂ ਅਤੇ ਹੋਰ ਦੇਸ਼ਾਂ ਦੀ ਜਨਤਾ ਨੂੰ

ਲੁਟਦੇ ਹਨ। ਇਹ ਦਰਸਾਉਂਦਾ ਹੈ ਕਿ ਉੱਚ ਇਦਾਰੇਦਾਰ ਮੁਨਾਫੇ ਦੇ ਰੂਪ ਵਿੱਚ ਇਜਾਰੇਦਾਰ ਸੰਗਠਨ ਉਹ ਚੀਜ਼ ਹਾਸਲ ਕਰਦੇ ਹਨ ਜੋ ਮਜ਼ਦੂਰ, ਛੋਟੇ ਉਤਪਾਦਕ, ਬਸਤੀਆਂ ਅਤੇ ਨਿਰਭਰ ਦੇਸ਼ਾਂ ਦੀ ਜਨਤਾ ਗੁਆਉਂਦੀ ਹੈ। ਇੱਕ ਛੋਟਾ ਹਿੱਸਾ ਗੈਰ-ਇਜਾਰੇਦਾਰ ਦਰਮਿਆਨੇ ਅਤੇ ਛੋਟੇ ਪੂੰਜੀਪਤੀਆਂ ਤੋਂ ਵੀ ਨਿਚੋੜਿਆ ਜਾਂਦਾ ਹੈ। ਇਸ ਲਈ ਸਮੁੱਚੇ ਪੂੰਜੀਵਾਦੀ ਸੰਸਾਰ ਨਜ਼ਰੀਏ ਤੋਂ ਦੇਖਿਆ ਜਾਏ ਤਾਂ ਇਜਾਰੇਦਾਰ ਕੀਮਤਾਂ ਨਾ ਤਾਂ ਕਦਰ ਦੇ ਜੋੜ ਨੂੰ ਬਦਲਦੀਆਂ ਹਨ ਅਤੇ ਨਾ ਹੀ ਪੂੰਜੀਵਾਦੀ ਦੁਨੀਆਂ ਵੱਲੋਂ ਸਿਰਜੀ ਵਾਫ਼ਰ ਕਦਰ ਨੂੰ। ਦੂਸਰੇ ਸ਼ਬਦਾਂ ਵਿੱਚ, ਇਜਾਰੇਦਾਰ ਕੀਮਤ ਕਦਰ ਦੇ ਸਿਧਾਂਤ ਦੇ ਘੇਰੇ ਵਿੱਚ ਹੀ ਕੰਮ ਕਰਦੀ ਹੈ। ਬੱਸ ਇਸ ਨੇ, ਨਿਯਮ ਦੇ ਪ੍ਰਗਟ ਹੋਣ ਦੇ ਰੂਪ ਨੂੰ ਬਦਲ ਦਿੱਤਾ ਹੈ। ਇਸ ਤਰਾਂ ਪੂੰਜੀਵਾਦ ਦਾ ਬੁਨਿਆਦੀ ਆਰਥਿਕ ਸਿਧਾਂਤ—ਵਾਫ਼ਰ ਕਦਰ ਦਾ ਸਿਧਾਂਤ —ਇਜਾਰੇਦਾਰੀ ਪੜਾਅ ਵਿੱਚ ਕੰਮ ਕਰਦਾ ਹੈ। ਬੱਸ ਇਸ ਦਾ ਪ੍ਰਭਾਵ ਅਤੇ ਰੂਪ ਬਦਲ ਗਏ ਹਨ। ਇਜਾਰੇਦਾਰੀ ਪੜਾਅ ਤੋਂ ਪਹਿਲਾਂ, ਇਹ ਔਸਤ ਮੁਨਾਫੇ ਦੇ ਜ਼ਰੀਏ ਪ੍ਰਗਟ ਹੁੰਦਾ ਸੀ ਅਤੇ ਇਜਾਰੇਦਾਰੀ ਪੜਾਅ ਵਿੱਚ, ਇਹ ਉੱਚ ਮੁਨਾਫੇ ਦੇ ਜ਼ਰੀਏ ਪ੍ਰਗਟ ਹੁੰਦਾ ਹੈ।

ਇਜਾਰੇਦਾਰਾ ਮੁਨਾਫਿਆਂ ਦੇ ਵਧਦੇ ਜਾਣ ਵਿੱਚ ਇਹ ਭਾਵ ਅਰਥ ਮੌਜੂਦ ਹੈ ਕਿ ਮਜ਼ਦੂਰ ਜਮਾਤ ਅਤੇ ਕਿਰਤੀ ਲੋਕ ਲਗਾਤਾਰ ਵਧਦੀ ਭਾਰੀ ਲੁੱਟ ਦੀ ਚੱਕੀ ਵਿੱਚ ਪਿਸਦੇ ਜਾਂਦੇ ਹਨ ਅਤੇ ਇਜਾਰੇਦਾਰ ਪੂੰਜੀਪਤੀਆਂ ਦੇ ਲੁੱਟ ਦੇ ਤਰੀਕੇ ਪਹਿਲਾਂ ਦੇ ਮੁਕਾਬਲੇ ਜਿਆਦਾ ਨਿਰਦਈ ਹੋ ਜਾਂਦੇ ਹਨ। 1940 ਤੋਂ1949 ਦਰਮਿਆਨ, ਅਮਰੀਕੀ ਇਜਾਰੇਦਾਰ ਕੰਪਨੀਆਂ ਨੇ ਹਰ ਸਾਲ ਔਸਤਨ 24. 356 ਅਰਬ ਡਾਲਰ ਉੱਚ ਇਜਾਰੇਦਾਰ ਮੁਨਾਫਾ ਹਾਸਲ ਕੀਤਾ। 1960 ਤੋਂ 1969 ਦੇ ਦਰਮਿਆਨ,ਇਹ ਵਧ ਕੇ 67.47 ਅਰਬ ਡਾਲਰ ਤੱਕ ਪਹੁੰਚ ਗਿਆ। ਜਪਾਨ ਵਿੱਚ 1930 ਵਿੱਚ ਵਾਫ਼ਰ ਮੁੱਲ ਦੀ ਦਰ 182.2% ਦੇ ਬਰਾਬਰ ਸੀ। 1954 ਵਿੱਚ ਇਹ ਵਧ ਕੇ 31.3% ਹੋ ਗਈ ਅਤੇ 1960 ਵਿੱਚ 34.5%। ਅੰਕੜਿਆਂ ਦੇ ਇਹਨਾਂ ਦੋ ਪੂਰਾਂ ਦੇ ਅਧਾਰ ਉੱਪਰ ਅਸੀਂ ਪੂੰਜੀਵਾਦੀ ਦੇਸ਼ਾਂ ਵਿੱਚ ਅਮੀਰ ਅਤੇ ਗਰੀਬ ਵਿਚਕਾਰ ਤਿੱਖੇ ਹੋ ਰਹੇ ਧਰੂਵੀਕਰਣ ਨੂੰ ਦੇਖ ਸਕਦੇ ਹਾਂ।

ਇਜਾਰੇਦਾਰੀ ਮੁਕਾਬਲੇ ਨੂੰ ਹੋਰ ਤਿੱਖਾ ਕਰਦੀ ਹੈ

ਖੁੱਲ੍ਹੇ ਮੁਕਾਬਲੇ ਤੋਂ ਇਜਾਰੇਦਾਰੀ ਪੈਦਾ ਹੁੰਦੀ ਹੈ, ਪਰ ਇਜਾਰੇਦਾਰੀ ਮੁਕਾਬਲੇ ਨੂੰ ਖਤਮ ਨਹੀਂ ਕਰ ਸਕਦੀ। ਇਸ ਦੇ ਉਲਟ ਇਹ ਮੁਕਾਬਲੇ ਨੂੰ ਹੋਰ ਤਿੱਖਾ ਕਰਦੀ ਹੈ, ਕਿਉਂਕਿ ਮੁਕਾਬਲੇਬਾਜੀ ਪੂੰਜੀਵਾਦੀ ਨਿੱਜੀ ਮਾਲਕੀ ਦੀ ਪੈਦਇਸ਼ ਹੈ। ਇਜਾਰੇਦਾਰੀ ਨੇ ਪੂੰਜੀਵਾਦੀ ਨਿੱਜੀ ਮਾਲਕੀ ਦੇ ਸੁਭਾਅ ਵਿੱਚ ਤਬਦੀਲੀ ਨਹੀਂ ਕੀਤੀ। ਇਸ ਲਈ ਇਹ ਮੁਕਾਬਲੇ ਨੂੰ ਖ਼ਤਮ ਨਹੀਂ ਕਰ ਸਕਦੀ। ਇਹ ਖਾਸ ਤੌਰ ’ਤੇ ਸੱਚ ਹੈ ਕਿਉਂਕਿ ਪੈਦਾਵਾਰ ਦੇ ਸਾਧਨ ਲਗਾਤਾਰ ਮੁੱਠੀਭਰ ਇਜਾਰੇਦਾਰ ਘਰਾਣਿਆਂ ਦੇ ਹੱਥਾਂ ਵਿੱਚ ਕੇਂਦਰਤ ਹੁੰਦੇ ਜਾਂਦੇ ਹਨ। ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ, ਇਜਾਰੇਦਾਰ ਸੰਗਠਨ ਹਰ ਸੰਭਵ ਉਪਾਵਾਂ ਦਾ

ਸਹਾਰਾ ਲੈਂਦੇ ਹਨ ਤਾਂ ਕਿ ਆਪਣੇ ਵਿਰੋਧੀਆਂ ਨੂੰ ਪਿੱਛੇ ਧੱਕ ਸਕਣ। ਮੁਕਾਬਲਾ ਹੋਰ ਜਿਆਦਾ ਤਿੱਖਾ ਅਤੇ ਬੇਰਹਿਮ ਹੋ ਜਾਂਦਾ ਹੈ। ਸਾਮਰਾਜਵਾਦ ਦੇ ਪੜਾਅ ਵਿੱਚ, ਪੂੰਜੀਪਤੀਆਂ ਅਤੇ ਪੂੰਜੀਵਾਦੀ ਗਰੋਹਾਂ ਦਰਮਿਆਨ ਜ਼ਿੰਦਗੀ ਅਤੇ ਮੌਤ ਦਾ ਸੰਘਰਸ਼ ਹੇਠਲੇ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ।

ਇਜਾਰੇਦਾਰ ਅਤੇ ਗੈਰ ਇਜਾਰੇਦਾਰ ਸੰਗਠਨਾਂ ਵਿਚਕਾਰ ਮੁਕਾਬਲਾ। ਪੂੰਜੀਵਾਦੀ ਹਾਲਤਾਂ ਅਧੀਨ ਪੈਦਾਵਾਰ ਦਾ ਜਿੰਨਾ ਵੀ ਕੇਂਦਰੀਕਰਣ ਹੋ ਗਿਆ ਹੋਵੇ, ਨਿਰਪੇਖ ਇਜਾਰੇਦਾਰੀ ਹਾਸਲ ਕਰਨਾ ਅਸੰਭਵ ਹੈ। ਇੱਕ ਨਿਸ਼ਚਿਤ ਤਾਦਾਦ ਵਿੱਚ ਗੈਰ ਇਜਾਰੇਦਾਰ ਸੰਗਠਨ ਹਮੇਸ਼ਾਂ ਮੌਜੂਦ ਰਹਿੰਦੇ ਹਨ। ਇੱਥੋਂ ਤੱਕ ਕਿ ਉਹਨਾਂ ਦੇਸ਼ਾਂ ਵਿੱਚ ਵੀ ਜਿੱਥੇ ਇਜਾਰੇਦਾਰ ਪੂੰਜੀਵਾਦ ਸਭ ਤੋਂ ਵੱਧ ਵਿਕਸਿਤ ਹੈ, ਵੱਡੀ ਸੰਖਿਆ ਵਿੱਚ ਦਰਮਿਆਨੇ ਅਤੇ ਛੋਟੇ ਉੱਦਮ ਹੁਣ ਵੀ ਮੌਜੂਦ ਹਨ। ਉਦਾਹਰਣ ਲਈ, ਸੰਯੁਕਤ ਰਾਜ ਅਮਰੀਕਾ ਵਿੱਚ 40 ਲੱਖ ਉੱਦਮਾਂ ਵਿੱਚ, ਦਰਮਿਆਨੇ ਅਤੇ ਛੋਟੇ ਉੱਦਮਾਂ ਦੀ ਸੰਖਿਆ 30 ਲੱਖ ਤੋਂ ਜਿਆਦਾ ਹੈ। ਇਸ ਲਈ ਇਜਾਰੇਦਾਰ ਅਤੇ ਗੈਰ ਇਜਾਰੇਦਾਰ ਉੱਦਮਾਂ ਵਿੱਚ ਮੁਕਾਬਲਾ ਅਟੱਲ ਹੈ।

ਇਜਾਰੇਦਾਰ ਸੰਗਠਨਾਂ ਦਰਮਿਆਨ ਆਪਸ ਵਿੱਚ ਵੀ ਕੱਚੇ ਮਾਲ ਦੇ ਸਰੋਤਾਂ, ਬਾਜ਼ਾਰ ਅਤੇ ਟਰਾਂਸਪੋਰਟ ਸਹੂਲਤਾਂ ਲਈ ਤਿੱਖਾ ਮੁਕਾਬਲਾ ਮੌਜੂਦ ਰਹਿੰਦਾ ਹੈ।

ਇੱਕ ਹੀ ਇਜਾਰੇਦਾਰ ਸੰਗਠਨ ਦੇ ਵੱਖ-ਵੱਖ ਉੱਦਮਾਂ ਦਰਮਿਆਨ ਵੀ ਬਜ਼ਾਰ, ਉਚੇਰੀ ਪੈਦਾਵਾਰ ਅਤੇ ਵਿੱਕਰੀ ਕੋਟੇ ਲਈ ਮੁਕਾਬਲਾ ਚੱਲਦਾ ਰਹਿੰਦਾ ਹੈ। ਇੱਥੋਂ ਤੱਕ ਕਿ ਇਸ ਤਰਾਂ ਦਾ ਮੁਕਾਬਲਾ ਕੁੱਝ ਇਜਾਰੇਦਾਰੀ ਸੰਗਠਨਾਂ ਦੇ ਖੇਰੂੰ-ਖੇਰੂੰ ਹੋਣ ਦਾ ਸਬੱਬ ਵੀ ਬਣ ਸਕਦਾ ਹੈ ਅਤੇ ਨਵੇਂ ਸਿਰੇ ਤੋਂ ਮੁਕਾਬਲੇ ਨੂੰ ਜਨਮ ਦੇ ਸਕਦਾ ਹੈ। ਟਰਸਟਾਂ ਅਤੇ ਸਾਝੇ ਸੰਘਾਂ ਅੰਦਰ ਚੌਧਰ ਲਈ, ਸਟਾਕ ਕੰਟਰੋਲ ਲਈ ਅਤੇ ਮੁਨਾਫਿਆਂ ਦੀ ਵੰਡ ਲਈ ਮੁਕਾਬਲਾ ਕਦੇ ਵੀ ਨਹੀਂ ਰੁਕਦਾ।

ਇਸ ਲਈ ਇਜਾਰੇਦਾਰ ਪੂੰਜੀਵਾਦ "ਸੰਗਠਿਤ ਪੂੰਜੀਵਾਦ" ਨਹੀਂ ਹੈ ਜਿਵੇਂ ਕਿ ਬੁਰਜੁਆਜ਼ੀ ਅਤੇ ਸੋਧਵਾਦੀ ਦਾਅਵਾ ਕਰਦੇ ਹਨ। ਉਲਟਾ,ਇਜਾਰੇਦਾਰੀ ਮੁਕਾਬਲੇ ਨੂੰ ਤਿੱਖਾ ਕਰਦੀ ਹੈ ਅਤੇ ਸਮਾਜਿਕ ਪੈਦਾਵਾਰ ਅਤੇ ਨਿੱਜੀ ਮਾਲਕੀ ਦਰਮਿਆਨ ਵਿਰੋਧਤਾਈ ਅਤੇ ਅੱਡ-ਅੱਡ ਉੱਦਮਾਂ ਦੀ ਸੰਗਠਿਤ ਪੈਦਾਵਾਰ ਅਤੇ ਸਮਾਜਿਕ ਪੈਦਾਵਾਰ ਦੀਆਂ ਅਰਾਜਕ ਹਾਲਤਾਂ ਦਰਮਿਆਨ ਵਿਰੋਧਤਾਈ ਨੂੰ ਵਧਾ ਦਿੰਦੀ ਹੈ। ਲੈਨਿਨ ਨੇ ਬਹੁਤ ਪਹਿਲਾਂ ਧਿਆਨ ਦਿਵਾਇਆ ਸੀ, *"ਖੁੱਲ੍ਹੇ ਮੁਕਾਬਲੇ ਤੋਂ ਪੈਦਾ ਹੋਈ ਇਜਾਰੇਦਾਰੀ ਮੁਕਾਬਲੇ ਨੂੰ ਖ਼ਤਮ ਨਹੀਂ ਕਰ ਸਕਦੀ। ਇਜਾਰੇਦਾਰੀ ਮੁਕਾਬਲੇ ਉੱਪਰ ਥੋਪੀ ਗਈ ਹੈ ਅਤੇ ਮੁਕਾਬਲੇ ਨਾਲ ਸਹਿ ਹੋਂਦ ਵਿੱਚ ਰਹਿੰਦੀ ਹੈ, ਨਤੀਜੇ ਵਜੋਂ ਕਈ ਬਹੁਤ ਤਿੱਖੀਆਂ ਵਿਰੋਧਤਾਈਆਂ, ਖਿਚੋਤਾਣਾਂ ਅਤੇ ਟਕਰਾਵਾਂ ਨੂੰ ਜਨਮ ਦਿੰਦੀ ਹੈ"।*[5] *"ਮੁਕਾਬਲੇ ਅਤੇ ਇਜਾਰੇਦਾਰੀ ਦੇ ਦੋ ਪਰਸਪਰ ਵਿਰੋਧੀ ਸਿਧਾਤਾਂ ਦਾ ਜੋੜਮੇਲ ਪੂੰਜੀਵਾਦ ਦੇ ਹਕੀਕੀ ਸੁਭਾਅ ਦੀ ਤਰਜ਼ਮਾਨੀ ਕਰਦਾ ਹੈ। ਠੀਕ ਇਹੀ ਜੋੜਮੇਲ ਇਸ ਦੇ ਖਿੰਡਾਅ, ਯਾਣੀ ਸਮਾਜਵਾਦੀ ਇਨਕਲਾਬ ਵੱਲ ਲੈ ਜਾਂਦਾ ਹੈ"।*[6]

ਵਿੱਤੀ ਪੂੰਜੀ ਇੱਕ ਸਰਵ-ਸ਼ਕਤੀਮਾਨ ਇਜਾਰੇਦਾਰੀ ਹੈ

ਵਿੱਤੀ ਪੂੰਜੀ ਦਾ ਨਿਰਮਾਣ ਬੈਂਕਿੰਗ ਪੂੰਜੀ ਅਤੇ ਸੱਨਅਤੀ ਪੂੰਜੀ ਦੇ ਰਲੇਵੇਂ ਨਾਲ ਹੁੰਦਾ ਹੈ

ਸਾਮਰਾਜਵਾਦ ਦੀ ਪਹਿਲੀ ਆਰਥਿਕ ਵਿਸ਼ੇਸ਼ਤਾ ਇਜਾਰੇਦਾਰੀ ਹੈ। ਦੂਜੀ ਵਿਸ਼ੇਸ਼ਤਾ ਹੈ ਵਿੱਤੀ ਪੂੰਜੀ ਦਾ ਨਿਰਮਾਣ ਅਤੇ ਵਿੱਤੀ "ਅਲਪਤੰਤਰ" ਦਾ ਰਾਜ। ਪੈਦਾਵਾਰ ਦੇ ਖੇਤਰ ਵਿੱਚ ਇਜਾਰੇਦਾਰੀ ਦੇ ਉਭਰਣ ਨਾਲ ਇਹ ਬੈਂਕਿੰਗ ਸਨਅਤ ਵਿੱਚ ਪ੍ਰਗਟ ਹੁੰਦੀ ਹੈ। ਜਦੋਂ ਖੁੱਲ੍ਹਾ ਮੁਕਾਬਲਾ ਭਾਰੂ ਸੀ ਤਾਂ ਬੈਂਕ ਵਿਚੋਲੇ ਦੀ ਭੂਮਿਕਾ ਨਿਭਾਉਂਦਾ ਸੀ। ਇਹ ਸਮਾਜ ਵਿੱਚ ਬੇਕਾਰ ਪਏ ਹੋਏ ਧਨ ਨੂੰ ਛੋਟੀ ਮਿਆਦ ਦੇ ਕਰਜਿਆਂ ਵਜੋਂ ਇਕੱਠਾ ਕਰਕੇ ਵਪਾਰਕ ਸਰਮਾਏਦਾਰਾਂ ਨੂੰ ਜਿਣਸੀ ਪੈਦਾਵਾਰ ਲਈ ਵਰਤੋਂ ਕਰਨ ਵਾਸਤੇ ਦਿੰਦਾ ਹੈ। ਸਾਮਰਾਜਵਾਦ ਦਾ ਪੜਾਅ ਆਉਣ ਨਾਲ ਬੈਂਕ ਵਿਚੋਲੇ ਤੋਂ ਅੱਗੇ ਵਧ ਕੇ ਇੱਕ ਸਰਵ-ਸ਼ਕਤੀਮਾਨ ਇਜਾਰੇਦਾਰ ਵਿੱਚ ਤਬਦੀਲ ਹੋ ਗਿਆ। ਬੈਂਕਿੰਗ ਸੱਨਅਤ ਵਿੱਚ ਇਜਾਰੇਦਾਰੀ ਵਿਕਸਿਤ ਹੋਣ ਨਾਲ ਬੈਂਕਾਂ ਨੇ ਜਿਣਸ ਪੈਦਾ ਕਰਨ ਵਾਲੀ ਸੱਨਅਤ ਦੇ ਰਿਸ਼ਤਿਆਂ ਵਿੱਚ ਤਬਦੀਲੀ ਲਿਆ ਦਿੱਤੀ। ਵੱਡੇ ਬੈਂਕ ਜਿਣਸੀ ਪੈਦਾਵਾਰੀ ਸਟਾਕ ਨੂੰ ਖਰੀਦ ਕੇ ਪੈਦਾਵਾਰੀ ਸੱਨਅਤ ਵਿੱਚ ਘੁਸਪੈਠ ਕਰਨ ਲੱਗੇ ਨਤੀਜੇ ਵਜੋਂ ਇਜਾਰੇਦਾਰ ਬੈਂਕ ਪੂੰਜੀ ਅਤੇ ਇਜਾਰੇਦਾਰ ਜਿਣਸੀ ਪੈਦਾਵਾਰੀ ਪੂੰਜੀ ਹੌਲੀ-ਹੌਲੀ ਇੱਕ ਦੂਸਰੇ ਵਿੱਚ ਮਿਲ ਗਏ ਅਤੇ ਇਸ ਤਰਾਂ ਵਿੱਤੀ ਪੂੰਜੀ ਹੋਂਦ ਵਿੱਚ ਆਈ। *"ਪੂੰਜੀ ਦੇ ਕੇਂਦਰੀਕਰਨ ਤੋਂ ਇਜਾਰੇਦਾਰੀਆਂ ਦਾ ਵਿਕਾਸ, ਬੈਂਕਿੰਗ ਅਤੇ ਜਿਣਸੀ ਪੈਦਾਵਾਰੀ ਸੱਨਅਤ ਦਾ ਰਲੇਵਾਂ ਅਤੇ ਉਹਨਾਂ ਦਾ ਗਲਿਆ-ਮਿਲਿਆ ਵਿਕਾਸ ਇਹ ਵਿੱਤੀ ਪੂੰਜੀ ਦੀ ਉਤਪਤੀ ਦੇ ਬੁਨਿਆਦੀ ਅਧਾਰ ਹਨ ਅਤੇ ਇਸ ਸੰਕਲਪ ਦਾ ਤੱਤ ਹਨ"।*(7) *"ਸਾਮਰਾਜਵਾਦ ਦਾ ਲੱਛਣ, ਜਿਣਸੀ ਪੈਦਾਵਾਰੀ ਪੂੰਜੀ ਨਹੀਂ ਸਗੋਂ ਵਿੱਤੀ ਪੂੰਜੀ ਹੈ"।*(8) ਮੁੱਠੀ ਭਰ ਸਭ ਤੋਂ ਵੱਡੇ ਪੂੰਜੀਪਤੀ, ਜੋ ਬੇਸ਼ੁਮਾਰ ਵਿੱਤੀ ਪੂੰਜੀ ਦੇ ਮਾਲਕ ਹੁੰਦੇ ਹਨ, ਵਿੱਤੀ ਸਮਰਾਟ ਬਣ ਜਾਂਦੇ ਹਨ। "ਹਿੱਸੇਦਾਰੀ ਸਿਸਟਮ" ਉਹ ਪ੍ਰਮੁੱਖ ਹੱਥ ਕੰਡਾ ਹੈ ਜਿਸ ਦੇ ਜ਼ਰੀਏ ਵਿੱਤੀ ਪੂੰਜੀ ਕੌਮੀ ਅਰਥਚਾਰੇ ਨੂੰ ਕੰਟਰੋਲ ਕਰਦੀ ਹੈ। ਵਿੱਤੀ ਪੂੰਜੀ ਦੇ ਕੰਟਰੋਲ ਹੇਠ ਕਿਸੇ ਵੱਡੀ ਜੁਆਇੰਟ ਸਟਾਕ ਕੰਪਨੀ (ਮਾਂ-ਕੰਪਨੀ) ਰਾਹੀਂ ਹੋਰ ਜੁਆਇੰਟ ਕੰਪਨੀਆਂ ਦੇ ਸਟਾਕ (ਸ਼ੇਅਰ) ਖਰੀਦ ਲਏ ਜਾਂਦੇ ਹਨ। ਇੱਕ ਵਾਰ ਜਦੋਂ ਉਹਨਾਂ ਦਾ ਸਟਾਕ ਕੰਟਰੋਲ ਹੇਠ ਆ ਜਾਂਦਾ ਹੈ ਤਾਂ ਉਹ "ਪੁੱਤਰ ਕੰਪਨੀਆਂ" ਬਣ ਜਾਂਦੀਆਂ ਹਨ। ਇਹ 'ਪੁੱਤਰ ਕੰਪਨੀਆਂ' ਉਹਨਾਂ ਦੇ ਹੱਥ ਕੰਡਿਆਂ ਰਾਹੀਂ ਹੋਰ 'ਪੋਤਰਾ ਕੰਪਨੀਆਂ' ਉੱਤੇ ਆਪਣਾ ਕਬਜ਼ਾ ਜਮਾਉਂਦੀਆਂ ਹਨ। ਇਸ ਤਰੀਕੇ ਨਾਲ ਪੂੰਜੀ ਦੀ ਮੁਕਾਬਲਤਨ ਛੋਟੀ ਰਾਸ਼ੀ ਮੂਲ ਪੂੰਜੀ ਤੋਂ ਕਈ ਗੁਣਾ ਜਿਆਦਾ ਪੂੰਜੀ ਕੰਟਰੋਲ ਕਰ ਸਕਦੀ ਹੈ ਅਤੇ ਵਰਤ ਸਕਦੀ ਹੈ। ਕੌਮੀ ਅਰਥਚਾਰੇ ਅਤੇ ਕਿਰਤੀ ਜਨਤਾ ਵੱਲੋਂ ਸਿਰਜਿਤ ਦੌਲਤ ਦਾ ਵੱਡਾ ਹਿੱਸਾ ਮੁੱਠੀਭਰ ਵਿੱਤੀ ਜੁੰਡੀਆਂ ਦੇ ਕਬਜ਼ੇ ਵਿੱਚ ਆ ਜਾਂਦਾ ਹੈ। 1969 ਵਿੱਚ ਸਿਰਫ 18 ਅਮਰੀਕੀ ਵਿੱਤੀ ਗਰੁੱਪ 678.4 ਅਰਬ

ਡਾਲਰ ਦੇ ਪੂੰਜੀ ਅਸਾਸਿਆਂ ਨੂੰ ਕੰਟਰੋਲ ਕਰਦੇ ਸਨ। ਇਹਨਾਂ ਵਿੱਚੋਂ ਮਾਰਗਨ ਅਤੇ ਰਾਕਫੈਲਰ ਗਰੁੱਪ ਦੋ ਸਭ ਤੋਂ ਵੱਡੇ ਵਿੱਤੀ ਇਜਾਰੇਦਾਰ ਸੰਗਠਨ ਸਨ। ਉਹਨਾਂ ਕੋਲ ਸਭ ਤੋਂ ਵੱਧ ਆਰਥਿਕ ਸ਼ਕਤੀ ਸੀ ਅਤੇ ਉਹਨਾਂ ਦਾ ਪ੍ਰਭਾਵ ਸਮੁੱਚੀ ਪੂੰਜੀਵਾਦੀ ਦੁਨੀਆਂ ਵਿੱਚ ਵਿਆਪਤ ਸੀ। 1970 ਤੱਕ ਇਹ ਵਿੱਤੀ ਗਰੁੱਪ ਕੁੱਲ 330.4 ਅਰਬ ਡਾਲਰ ਸਰਮਾਏ ਅਸਾਸਿਆਂ ਨੂੰ ਕੰਟਰੋਲ ਕਰਦੇ ਸਨ ਜੋ ਅਮਰੀਕਾ ਦੇ 13 ਵੱਡੇ ਇਜਾਰੇਦਾਰ ਸੰਗਠਨਾਂ ਵੱਲੋਂ ਕੰਟਰੋਲ ਕੀਤੇ ਜਾ ਰਹੇ ਪੂੰਜੀ ਅਸਾਸਿਆਂ ਦੇ ਅੱਧ ਦੇ ਬਰਾਬਰ ਸਨ ਅਤੇ ਇੰਗਲੈਂਡ, ਫਰਾਂਸ, ਜਪਾਨ ਅਤੇ ਪੱਛਮੀ ਜਰਮਨੀ ਦੇ ਸਾਰੇ ਵਿੱਤੀ ਇਜਾਰੇਦਾਰ ਦੇ ਕੁੱਲ ਅਸਾਸਿਆਂ ਤੋਂ ਜਿਆਦਾ ਹਨ। ਮਾਰਗਨ ਗਰੁੱਪ ਵੱਲੋਂ ਕੰਟਰੋਲ ਕੀਤੇ ਉੱਦਮ ਕੌਮੀ ਅਰਥਚਾਰੇ ਦੇ ਵੱਖ-ਵੱਖ ਖੇਤਰਾਂ ਤੱਕ ਫੈਲ ਗਏ ਸਨ, ਖਾਸ ਤੌਰ 'ਤੇ ਲੋਹਾ ਅਤੇ ਇਸਪਾਤ, ਬਿਜਲੀ ਅਤੇ ਗੈਸ, ਇਲੈਕਟਰਾਨਿਕ ਅਤੇ ਰਸਾਇਣ ਵਰਗੇ ਬੁਨਿਆਦੀ ਖੇਤਰਾਂ ਤੱਕ। ਜਨਤਕ ਸੇਵਾਵਾਂ ਅਤੇ ਟਰਾਂਸਪੋਰਟ ਦੇ ਖੇਤਰਾਂ ਵਿੱਚ ਮਾਰਗਨ ਗਰੁੱਪ ਦੀ ਸਥਿਤੀ ਹੋਰ ਵੀ ਮਜ਼ਬੂਤ ਸੀ ਅਤੇ ਉਹ ਅਮਰੀਕੀ ਅਰਥਚਾਰੇ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਸੀ। ਰਾਕਫੈਲਰ ਵੱਲੋਂ ਕੰਟਰੋਲ ਕੀਤੇ ਜਾ ਰਹੇ ਉੱਦਮ ਹੋਰ ਵੀ ਕੇਂਦਰੀਕ੍ਰਿਤ ਸਨ। 1967 ਵਿੱਚ ਇਸ ਦੀਆਂ ਪੰਜ ਪ੍ਰਮੁੱਖ ਤੇਲ ਕੰਪਨੀਆਂ ਸਮੁੱਚੇ ਅਮਰੀਕਾ ਦੀ ਤੇਲ ਪੈਦਾਵਾਰ ਦੇ 94.1% ਭਾਗ ਨੂੰ ਕੰਟਰੋਲ ਕਰਦੀਆਂ ਸਨ। ਇਹ ਦੋ ਗਰੁੱਪ ਅਮਰੀਕੀ ਅਰਥਚਾਰੇ ਉੱਤੇ ਫੈਸਲਾਕੁਨ ਪ੍ਰਭਾਵ ਪਾਉਂਦੇ ਸਨ।

ਵਿੱਤੀ ਪੂੰਜੀ ਸਿਆਸੀ ਸੱਤ੍ਹਾ ਅਤੇ ਦੂਸਰੇ ਉੱਚ ਉਸਾਰ ਨੂੰ ਸਿੱਧਾ ਕੰਟਰੋਲ ਕਰਦੀ ਹੈ

ਲੈਨਿਨ ਨੇ ਕਿਹਾ ਸੀ, *"ਜਦੋਂ ਇੱਕ ਵਾਰ ਇਜਾਰੇਦਾਰੀ ਬਣ ਜਾਂਦੀ ਹੈ ਅਤੇ ਉਹ ਸਰਮਾਏ ਦੀ ਭਾਰੀ ਮਾਤਰਾ ਨੂੰ ਕੰਟਰੋਲ ਕਰਦੀ ਹੈ ਤਾਂ ਸਮਾਜ ਦੇ ਜੀਵਨ ਦੇ ਵੱਖ-ਵੱਖ ਖੇਤਰਾਂ 'ਚ ਅਟੱਲ ਤੌਰ 'ਤੇ ਘੁਸਪੈਠ ਕਰਦੀ ਹੈ"।*(9) ਉੱਚ ਇਜਾਰੇਦਾਰ ਮੁਨਾਫ਼ਾ ਜੋੜਨ ਦੀ ਗਰਜ਼ ਨਾਲ ਕਿਰਤੀ ਲੋਕਾਈ ਦੀ ਹੋਰ ਜਿਆਦਾ ਲੁੱਟ ਕਰਨ ਅਤੇ ਦਬਾਉਣ ਲਈ, ਵਿੱਤੀ ਪੂੰਜੀ ਰਾਜ ਦੀ ਆਰਥਿਕ ਪ੍ਰਾਣ-ਸ਼ਕਤੀ ਉੱਪਰ ਹੀ ਨਹੀਂ ਸਗੋਂ ਸਿਆਸੀ ਸ਼ਕਤੀ ਨੂੰ ਕੰਟਰੋਲ ਕਰਨ ਲਈ ਵੀ ਹੱਥ ਪੈਰ ਮਾਰਦੀ ਹੈ। ਵਿੱਤੀ ਗਰੁੱਪ ਉੱਚ -ਪੱਧਰੇ ਅਧਿਕਾਰੀਆਂ ਅਤੇ ਰਾਜ ਵਿਧਾਇਕਾਂ ਨੂੰ ਰਿਸ਼ਵਤ ਦਿੰਦੇ ਹਨ ਜਿਸ ਨਾਲ ਉਹ ਰਾਜ ਮਸ਼ੀਨਰੀ ਨੂੰ ਕੰਟਰੋਲ ਕਰਨ ਲਈ ਉਹਨਾਂ ਦੇ ਧੂਤੂ ਦੇ ਰੂਪ ਵਿੱਚ ਕੰਮ ਕਰਨ। ਕਦੀ ਕਦੀ ਉਹ ਵਿਅਕਤੀਗਤ ਰੂਪ ਵਿੱਚ ਵੀ ਆਗੂ ਪੁਜ਼ੀਸ਼ਨਾਂ ਹਥਿਆ ਲੈਂਦੇ ਹਨ। ਜੰਗ ਤੋਂ ਬਾਅਦ, ਆਈਜਨਆਵਰ ਪ੍ਰਸ਼ਾਸ਼ਨ ਦੀ ਉਦਾਹਰਣ ਲਓ। ਆਈਜਨਆਵਰ, ਰਾਕਫੈਲਰ ਅਤੇ ਮਾਰਗਨ ਗਰੁੱਪ ਦੀ ਹਮਾਇਤ ਨਾਲ ਸੱਤ੍ਹਾ ਵਿੱਚ ਆਇਆ। ਉਸ ਦੇ ਪ੍ਰਸ਼ਾਸ਼ਨ ਦੇ 272 ਉੱਚ ਦਰਜੇ ਦੇ ਅਧਕਾਰੀਆਂ ਵਿੱਚੋਂ 150 ਵੱਡੇ ਸਰਮਾਏਦਾਰ ਸਨ। ਉਹਨਾਂ ਵਿੱਚੋਂ, ਗ੍ਰਹਿ ਸਕੱਤਰ ਡੱਲੇਸ, ਰਾਕਫੈਲਰ ਫਾਉਂਡੇਸ਼ਨ ਦਾ ਇੱਕ ਟਰੱਸਟੀ ਸੀ। ਰੱਖਿਆ ਸਕੱਤਰ ਵਿਸਲਨ ਜਨਰਲ ਮੋਟਰਜ਼ ਕੰਪਨੀ ਦਾ ਜਨਰਲ ਮੈਨੇਜ਼ਰ ਸੀ। ਇੱਕ ਹੋਰ ਰਖਿਆ ਸਕੱਤਰ ਗੇਟਸ ਮਾਰਗਨ ਟੋਲੇ ਵਿੱਚ ਮਹੱਤਵਪੂਰਨ ਵਿਅਕਤੀ

ਸੀ ਜਿਸਨੇ 1965 ਵਿੱਚ ਮਾਰਗਨ ਗਰੰਟੀ ਟਰੱਸਟ ਕੰਪਨੀ ਦੇ ਨਿਰਦੇਸ਼ਕ ਦੇ ਰੂਪ ਵਿੱਚ ਕੰਮ ਕੀਤਾ ਸੀ ਅਤੇ ਵਿੱਤ ਸਕੱਤਰ, ਹੰਫਰੀ, ਕਲੀਵਲੈਂਡ ਗਰੁੱਪ ਦੇ ਇੱਕ ਪ੍ਰਮੁੱਖ ਉਦਮ ਹਾਨ-ਨਾ ਮਾਈਨਿੰਗ ਕੰਪਨੀ ਦਾ ਇੱਕ ਆਹਲਾ ਅਧਿਕਾਰੀ ਸੀ। ਵਿੱਤੀ ਜੁੰਡੀ ਰਾਜ ਦੀ ਸਿਆਸੀ ਤਾਕਤ ਨੂੰ ਹੀ ਕੰਟਰੋਲ ਨਹੀਂ ਕਰਦੀ ਸਗੋਂ ਉਹ ਉੱਚ ਉਸਾਰ ਦੇ ਹੋਰ ਖੇਤਰਾਂ ਉੱਪਰ ਵੀ ਕਬਜ਼ਾ ਜਮਾ ਲੈਂਦੀ ਹੈ।

ਅਖ਼ਬਾਰ, ਪ੍ਰਕਾਸ਼ਨ, ਪ੍ਰਸਾਰਣ, ਦੂਰਦਰਸ਼ਣ ਅਤੇ ਫਿਲਮ ਸੱਨਅਤ ਸਾਰੀ ਇਜਾਰੇਦਾਰ ਪੂੰਜੀ ਅਤੇ ਵਿੱਤੀ ਜੁੰਡੀਆਂ ਦੇ ਦਬਦਬੇ ਅਧੀਨ ਸਨ। ਰਾਕਫੈਲਰ ਟੋਲੀ ਸਭ ਤੋਂ ਵੱਡੇ "ਲੋਕ-ਹਿਤੈਸ਼ੀ ਉੱਦਮਾਂ"—ਫਾਉਂਡੇਸ਼ਨਾਂ, ਵਿਦਵਾਨ ਸਭਾਵਾਂ, ਮਿਉਜ਼ੀਅਮਾਂ, ਹਸਪਤਾਲਾਂ, "ਕਲਿਆਣਕਾਰੀ ਸੰਗਠਨਾਂ" ਅਤੇ "ਸਭਿਆਚਾਰਕ ਕੇਂਦਰਾਂ" ਦੀ ਵੀ ਮਾਲਕ ਹੈ। ਇਹ ਸਾਰੀਆਂ ਸੰਸਥਾਵਾਂ ਰਾਕਫੈਲਰ ਵਿੱਤੀ ਗਰੁੱਪ ਵੱਲੋਂ ਸਮਾਜਿਕ ਜੀਵਨ ਦੇ ਵੱਖ-ਵੱਖ ਖੇਤਰਾਂ ਅੰਦਰ ਘੁਸਪੈਠ ਬਣਾਉਣ ਦੇ ਸੰਦ ਹਨ।

ਰਾਜਕੀ ਇਜਾਰੇਦਾਰ ਪੂੰਜੀਵਾਦ ਕਿਰਤ ਅਤੇ ਪੂੰਜੀ ਦੇ ਸਬੰਧਾਂ ਨੂੰ ਸਿਰੇ ਲਾ ਦਿੰਦਾ ਹੈ

ਏਂਗਲਜ਼ ਨੇ ਇੱਕ ਵਾਰ ਭਵਿੱਖਬਾਣੀ ਕੀਤੀ ਸੀ ਕਿ ਜਦ ਪੂੰਜੀਵਾਦ ਇੱਕ ਨਿਸ਼ਚਿਤ ਪੜਾਅ 'ਤੇ ਪੁੱਜ ਜਾਂਦਾ ਹੈ ਤਾਂ *"ਪੂੰਜੀਵਾਦ ਦੇ ਅਸਲੀ ਏਜੰਟ ਰਾਜ ਨੂੰ ਪੈਦਾਵਾਰ ਦੇ ਪ੍ਰਬੰਧ ਦਾ ਜ਼ਿੰਮਾਂ ਜ਼ਰੂਰ ਹੀ ਓਟ ਲੈਣਾ ਚਾਹੀਦਾ ਹੈ"।*[10] ਸਾਮਰਾਜਵਾਦੀ ਪੜਾਅ ਵਿੱਚ, ਜਦੋਂ ਪੈਦਾਵਾਰੀ ਤਾਕਤਾਂ ਦਾ ਜਬਰਦਸਤ ਵਿਕਾਸ ਹੋ ਜਾਂਦਾ ਹੈ ਤਾਂ ਕੁੱਝ ਇਜਾਰੇਦਾਰ ਪੂੰਜੀ ਗਰੁੱਪ ਪੈਦਾਵਾਰੀ ਤਾਕਤਾਂ ਨੂੰ ਕੰਟਰੋਲ ਕਰਨ ਵਿੱਚ ਦਿਨੋ ਦਿਨ ਅਸਮਰੱਥ ਹੋਣ ਲਗਦੇ ਹਨ। ਸਿੱਟੇ ਵਜੋਂ ਇੱਕ ਅਜਿਹਾ ਵਰਤਾਰਾ ਫਿਰ ਜਨਮ ਲੈਂਦਾ ਹੈ ਜਿਸ ਦੇ ਤਹਿਤ, *"ਰਾਜ ਅਥਾਹ ਰੂਪਾਂ 'ਚ ਤਾਕਤਵਰ ਪੂੰਜੀਪਤੀਆਂ ਦੇ ਗੱਠਜੋੜ ਨਾਲ ਹੋਰ ਜਿਆਦਾ ਘੁਲ ਮਿਲ ਜਾਂਦਾ ਹੈ। ਇਸ ਵੱਲੋਂ ਕਿਰਤੀ ਜਨਤਾ 'ਤੇ ਤਿਕੜਮਬਾਜ਼ ਦਾਬਾ ਹੋਰ ਅਸਿਹ ਹੋ ਜਾਂਦਾ ਹੈ"।*[11] ਇਹ ਰਾਜਕੀ ਇਜਾਰੇਦਾਰ ਪੂੰਜੀਵਾਦ ਹੈ। ਇਹ ਰਾਜਕੀ ਇਜਾਰੇਦਾਰ ਪੂੰਜੀ ਅਤੇ ਸਿਆਸੀ ਸੱਤ੍ਹਾ ਦੇ ਸੁਮੇਲ ਉੱਪਰ ਟਿਕਿਆ ਹੋਇਆ ਹੈ।

ਰਾਜਕੀ ਇਜਾਰੇਦਾਰ ਪੂੰਜੀਵਾਦ ਦਾ ਤੇਜ਼ ਵਿਕਾਸ ਸਮਕਾਲੀ ਸਾਮਰਾਜਵਾਦ ਦਾ ਇੱਕ ਉੱਭਰਵਾਂ ਲੱਛਣ ਹੈ। ਦੂਸਰੀ ਸੰਸਾਰ ਜੰਗ ਦੇ ਸਮੇਂ ਤੋਂ ਸਾਮਰਾਜਵਾਦੀਆਂ ਨੇ ਅਖੌਤੀ ਕੌਮੀਕਰਣ ਦੀਆਂ ਨੀਤੀਆਂ ਲਾਗੂ ਕੀਤੀਆਂ ਜਿਸ ਦੇ ਤਹਿਤ ਰਾਜ ਨੇ ਨਿੱਜੀ ਉੱਦਮਾਂ ਨੂੰ ਖਰੀਦਿਆ ਜਾਂ ਅਖੌਤੀ, "ਸਰਕਾਰੀ ਉੱਦਮਾਂ" ਵਿੱਚ ਸਿੱਧਾ ਨਿਵੇਸ਼ ਕੀਤਾ। ਕੁੱਲ ਪੂੰਜੀਵਾਦੀ ਉੱਦਮਾਂ ਵਿੱਚ ਇਹਨਾਂ ਰਾਜਕੀ ਇਜਾਰੇਦਾਰ ਪੂੰਜੀਵਾਦੀ ਉਦੱਮਾਂ ਦਾ ਕਾਫੀ ਵੱਡਾ ਹਿੱਸਾ ਸ਼ਾਮਲ ਹੈ। 1968 ਵਿੱਚ ਪੱਛਮੀ ਯੂਰਪ ਦੇ ਚਾਰ ਵੱਡੇ ਦੇਸ਼ਾਂ ਵਿੱਚ ਰਾਜਕੀ ਇਜਾਰੇਦਾਰ ਪੂੰਜੀਵਾਦੀ ਉੱਦਮਾਂ ਦੀ ਹਿੱਸੇਦਾਰੀ ਇਸ ਤਰਾਂ ਸੀ (ਦੇਖੋ ਹੇਠਾਂ ਦਿੱਤੀ ਗਈ ਸਾਰਣੀ) ਅਮਰੀਕੀ

ਰਾਜਕੀ ਇਜਾਰੇਦਾਰ ਪੂੰਜੀਵਾਦ ਦੇ ਵਿਕਾਸ ਦੀਆਂ ਆਪਣੀਆਂ ਵਿਸ਼ੇਸ਼ਤਾਈਆਂ ਸਨ। ਦੂਸਰੀ ਸੰਸਾਰ ਜੰਗ ਦੌਰਾਨ, ਅਮਰੀਕੀ ਸਰਕਾਰ ਨੇ ਵੱਡੀ ਤਾਦਾਦ ਵਿੱਚ "ਰਾਜਕੀ ਉੱਦਮਾਂ" ਦੀ ਸਥਾਪਨਾ ਕੀਤੀ। ਜੰਗ ਤੋਂ ਬਾਅਦ ਉਹਨਾਂ ਨੂੰ ਇਜਾਰੇਦਾਰ ਪੂੰਜੀਵਾਦੀ ਧੜਿਆਂ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਗਿਆ। ਨਾਲ ਦੀ ਨਾਲ, ਅਮਰੀਕੀ ਸਰਕਾਰ ਨੇ ਲੋਕਾਂ ਤੋਂ ਟੈਕਸਾਂ ਦੀ ਉਗਰਾਹੀ ਦੇ ਜ਼ਰੀਏ ਇਜਾਰੇਦਾਰ ਪੂੰਜੀਵਾਦੀ ਧੜਿਆਂ ਨੂੰ ਸਹਾਰਾ ਦੇਣ ਲਈ "ਖੂਨ ਦੇਣ" ਦੀ ਤਕਨੀਕ ਅਖਤਿਆਰ ਕੀਤੀ।

ਦੇਸ਼	ਮੁਲਾਜਮਾਂ ਅਤੇ ਮਜ਼ਦੂਰਾਂ ਦੀ ਪ੍ਰਤੀਸ਼ਤ ਹਿਸੇਦਾਰੀ	ਅਸਾਸਿਆਂ ਵਿੱਚ ਪ੍ਰਤੀਸ਼ਤ ਹਿਸੇਦਾਰੀ
ਫਰਾਂਸ	11.2	33.5
ਪੱਛਮੀ ਜਰਮਨੀ	8.7	22.7
ਇਟਲੀ	11.6	28.0
ਬਰਤਾਨੀਆ	8.5	17.7

"ਕੌਮੀਕਰਣ" ਅਤੇ " ਰਾਜਕੀ ਉੱਦਮਾਂ" ਤੋਂ ਇਲਾਵਾ ਸਾਮਰਾਜੀ ਦੇਸ਼ਾਂ ਨੇ ਇਜਾਰੇਦਾਰ ਧੜਿਆਂ ਦੇ ਇਜਾਰੇਦਾਰਾਨਾ ਮੁਨਾਫਿਆਂਨੂੰ ਯਕੀਨੀ ਬਣਾਉਣ ਲਈ ਇਜਾਰੇਦਾਰ ਪੂੰਜੀਪਤੀ ਜਮਾਤ ਨੂੰ ਜੋ ਸੇਵਾਵਾਂ ਪ੍ਰਦਾਨ ਕੀਤੀਆਂ, ਉਹ ਇਸ ਪ੍ਰਕਾਰ ਸਨ:

(1) ਨਿਵੇਸ਼ ਦਾ ਜੋਖਮ ਉਠਾਉਂਦੇ ਸਮੇਂ ਸਰਮਾਏਦਾਰਾਂ ਨੂੰ ਸਬਸਿਡੀ ਦੇਣ ਲਈ ਰਾਜਕੀ ਖਜ਼ਾਨੇ ਅਤੇ ਲੋਕਾਂ ਦੇ ਟੈਕਸ ਦੀ ਵਰਤੋਂ ਕਰਨੀ (2) ਕਨੂੰਨ ਬਣਾ ਕੇ ਅਤੇ ਬਜਟ ਸਹੂਲਤਾਂ ਜ਼ਰੀਏ ਇਜਾਰੇਦਾਰ ਪੂੰਜੀ ਸੰਗਠਨਾਂ ਦੇ ਪੱਖ ਵਿੱਚ ਕੌਮੀ ਆਮਦਨ ਦੇ ਵੱਡੇ ਹਿੱਸੇ ਦੀ ਮੁੜ ਵੰਡ(3) ਇਜਾਰੇਦਾਰ ਪੂੰਜੀਪਤੀਆਂ ਦੀ ਪੂੰਜੀ ਦੇ ਕੇਂਦਰੀਕਰਣ ਅਤੇ ਇਕੱਤਰੀਕਰਣ ਅਤੇ ਉਹਨਾਂ ਵੱਲੋਂ ਦਰਮਿਆਨੇ ਅਤੇ ਛੋਟੇ ਉਦੱਮਾਂ ਨੂੰ ਹੜੱਪਣ ਨੂੰ ਸੌਖਾ ਬਣਾਉਣ ਲਈ ਮੁਆਫਕ ਹਾਲਤਾਂ ਤਿਆਰ ਕਰਨੀਆਂ ਅਤੇ (4) ਬੇਸ਼ੱਕ ਸਾਮਰਾਜੀ ਦੇਸ਼ਾਂ ਵੱਲੋਂ ਇਜਾਰੇਦਾਰ ਸਰਮਾਏਦਾਰਾਂ ਦੀ ਸੇਵਾ ਕਰਨ ਦੇ ਤਰੀਕੇ ਵੱਖ-ਵੱਖ ਹਨ ਪਰ ਉਹਨਾਂ ਦਾ ਮਕਸਦ ਹਮੇਸਾਂ ਇੱਕ ਹੀ ਹੁੰਦਾ ਹੈ—ਪ੍ਰੋਲੇਤਾਰੀ ਜਮਾਤ ਦੀ ਪੂੰਜੀਵਾਦੀ ਗੁਲਾਮੀ ਨੂੰ ਮਜ਼ਬੂਤ ਬਣਾਉਣਾ। *"ਬੁਰਜੂਆ ਰਾਜ ਪੈਦਵਾਰੀ ਤਾਕਤਾਂ ਨੂੰ ਜਿੰਨਾ ਜਿਆਦਾ ਆਪਣੇ ਕਬਜੇ ਵਿੱਚ ਲੈਂਦਾ ਜਾਂਦਾ ਹੈ, ਇਹ ਉਨਾ ਹੀ ਮੁਕੰਮਲ ਅਸਲ ਸਰਮਾਏਦਾਰ ਬਣਦਾ ਜਾਂਦਾ ਹੈ ਅਤੇ ਜਨਤਾ ਦੀ ਓਨੀ ਹੀ ਜਿਆਦਾ ਲੁੱਟ ਕਰਦਾ ਹੈ। ਮਜ਼ਦੂਰ ਫਿਰ ਵੀ ਭਾੜੇ ਦਾ ਕਾਮਾ ਅਤੇ ਮਜ਼ਦੂਰ ਬਣਿਆ ਰਹਿੰਦਾ ਹੈ। ਪੂੰਜੀਵਾਦੀ ਸਬੰਧ ਨਾ ਸਿਰਫ ਬਰਕਰਾਰ ਰਹਿੰਦੇ ਹਨ ਸਗੋਂ ਉਹ ਆਪਣੇ ਸਿਖਰ 'ਤੇ ਪਹੁੰਚ ਜਾਂਦੇ ਹਨ"।*[12]

ਬੁਰਜੂਆਜ਼ੀ ਦੇ ਪੈਰੋਕਾਰਾਂ ਅਤੇ ਆਧੁਨਿਕ ਸੋਧਵਾਦੀਆਂ ਦੇ ਦਾਅਵਿਆਂ ਦੇ ਉਲਟ, ਰਾਜਕੀ ਇਜਾਰੇਦਾਰ ਪੂੰਜੀਵਾਦ ਅੰਦਰ ਕਿਸੇ ਵੀ ਕਿਸਮ ਦੇ "ਸਮਾਜਵਾਦੀ ਤੱਤ"

ਮੌਜੂਦ ਨਹੀਂ ਹੁੰਦੇ ਜੋ ਕੌਮੀ ਅਰਥਚਾਰੇ ਦੀ ਕੋਈ ਵਿਉਂਤਵੱਧ ਅਗਵਾਈ ਕਰ ਸਕਣ ਸਗੋਂ ਇਸਦੇ ਉਲਟ ਰਾਜਕੀ ਇਜਾਰੇਦਾਰ ਪੂੰਜੀਵਾਦ ਨੇ ਪੈਦਾਵਾਰੀ ਸਬੰਧਾਂ ਦੇ ਪੂੰਜੀਵਾਦੀ ਸੁਭਾਅ ਨੂੰ ਅੰਸ਼ ਮਾਤਰ ਵੀ ਤਬਦੀਲ ਨਹੀਂ ਕੀਤਾ ਹੈ। ਇਹ ਸਾਮਰਾਜੀ ਦੇਸ਼ਾਂ ਵੱਲੋ ਇਜਾਰੇਦਾਰਾ ਸੰਗਠਨਾਂ ਦੀ ਸੇਵਾ ਕਰਨ ਅਤੇ ਵਿੱਤੀ ਜੁੰਡਲੀ ਦੇ ਰਾਜ ਨੂੰ ਮਜ਼ਬੂਤ ਕਰਨ ਦਾ ਇੱਕ ਸੰਦ ਮਾਤਰ ਹੈ। ਰਾਜਕੀ ਇਜਾਰੇਦਾਰ ਪੂੰਜੀਵਾਦ ਇਜਾਰੇਦਾਰ ਪੂੰਜੀ ਵੱਲੋਂ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਈ ਦੀ ਲੁੱਟ ਨੂੰ ਪੁਖਤਾ ਬਣਾਉਂਦਾ ਹੈ, ਬਸਤੀਆਂ ਦੀ ਲੁੱਟ ਨੂੰ ਪੱਕਾ ਕਰਦਾ ਹੈ। ਹਥਿਆਰਸਾਜ਼ੀ ਅਤੇ ਜੰਗੀ ਤਿਆਰੀਆਂ ਦੀ ਗਤੀ ਤੇਜ਼ ਕਰਦਾ ਹੈ ਅਤੇ ਮੁਕਾਬਲੇ ਅਤੇ ਅਰਾਜਕਤਾ ਨੂੰ ਤਿੱਖਾ ਕਰਦਾ ਹੈ। ਜਿਸ ਨਾਲ ਪੂੰਜੀਵਾਦੀ ਸਮਾਜ ਦੇ ਅੰਦਰ ਇਸ ਨੂੰ ਮਜ਼ਦੂਰ ਜਮਾਤ ਅਤੇ ਵਿਆਪਕ ਕਿਰਤੀ ਲੋਕਾਈ ਦੇ ਲਗਾਤਾਰ ਵਧਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਨਾਲ ਹੀ ਇਹ ਮਜ਼ਦੂਰ ਇਨਕਲਾਬ ਦੀਆਂ ਪਦਾਰਥਕ ਹਾਲਤਾਂ ਤਿਆਰ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਹੋਰ ਅੱਗੇ ਵਧ ਜਾਂਦਾ ਹੈ।

ਪੂੰਜੀ ਦੀ ਬਰਾਮਦ ਵਿੱਤੀ ਪੂੰਜੀ ਦੇ ਸੰਸਾਰ ਗ਼ਲਬੇ ਨੂੰ ਜਨਮ ਦਿੰਦੀ ਹੈ

ਪੂੰਜੀ ਦੀ ਬਰਾਮਦ ਪੂੰਜੀ ਦੇ ਸਾਪੇਖਕ ਫਾਲਤੂ ਹੋਣ ਦਾ ਇੱਕ ਸੰਕੇਤ ਹੈ

"ਖੁੱਲ੍ਹੇ ਮੁਕਾਬਲੇ ਦੀ ਭਾਰੂ ਹਾਲਤ ਵਾਲੇ ਪੁਰਾਣੇ ਪੂੰਜੀਵਾਦ ਦੀ ਵਿਸ਼ੇਸ਼ਤਾਈ ਜਿਣਸਾਂ ਦੀ ਬਰਾਮਦ ਸੀ। ਇਜਾਰੇਦਾਰੀ ਦੀ ਭਾਰੂ ਹਾਲਤ ਵਾਲੇ ਨਵੇਂ ਪੂੰਜੀਵਾਦ ਦੀ ਵਿਸ਼ੇਸ਼ਤਾਈ ਪੂੰਜੀ ਦੀ ਬਰਾਮਦ ਹੈ"।[13] ਪੂੰਜੀ ਦੀ ਬਰਾਮਦ ਇਜਾਰੇਦਾਰੀ ਤੋਂ ਪਹਿਲਾਂ ਦੇ ਪੂੰਜੀਵਾਦੀ ਪੜਾਅ ਵਿੱਚ ਵੀ ਮੌਜੂਦ ਰਹਿੰਦਾ ਹੈ, ਪਰ ਇਜਾਰੇਦਾਰੀ ਪੂੰਜੀਵਾਦ ਦੇ ਪੜਾਅ ਵਿੱਚ ਪਹੁੰਚ ਕੇ ਇਸ ਦੀ ਵਿਆਪਕ ਅਤੇ ਅਹਿਮ ਭੂਮਿਕਾ ਬਣ ਜਾਂਦੀ ਹੈ। ਇਸ ਦਾ ਕਾਰਣ ਇਹ ਹੈ ਕਿ ਸਾਮਰਾਜਵਾਦੀ ਦੇਸ਼ਾਂ ਵਿੱਚ ਇਜਾਰੇਦਾਰ ਸੰਗਠਨਾਂ ਵੱਲੋਂ ਕਿਰਤੀ ਲੋਕਾਈ ਦੀ ਬੇਤਰਸ ਲੁੱਟ ਭਾਰੀ ਮਾਤਰਾ ਵਿੱਚ ਪੂੰਜੀ ਦੇ ਇਕੱਤਰੀਕਰਣ ਵਿੱਚ ਮਦਦਗਾਰ ਹੁੰਦੀ ਹੈ ਅਤੇ ਕਿਉਂਕਿ ਦੇਸ਼ ਅੰਦਰ ਸਾਰੇ ਮੁਨਾਫੇ ਵਾਲੇ ਕਾਰੋਬਾਰਾਂ ਉੱਪਰ ਪਹਿਲਾਂ ਹੀ ਇਜਾਰੇਦਾਰੀ ਕਾਇਮ ਹੋ ਚੁੱਕੀ ਹੁੰਦੀ ਹੈ ਅਤੇ ਹੋਰ ਘੱਟ ਵਿਕਸਿਤ ਘਰੇਲੂ ਖੇਤਰਾਂ ਵਿੱਚ ਉੱਚ ਇਜਾਰੇਦਾਰ ਮੁਨਾਫਿਆਂ ਦੀ ਜਾਮਨੀ ਨਹੀਂ ਹੋ ਸਕਦੀ, ਇਸ ਲਈ ਭਾਰੀ ਮਾਤਰਾ ਵਿੱਚ ਇਕੱਠੀ ਹੋਈ ਪੂੰਜੀ "ਵਾਫ਼ਰ ਪੂੰਜੀ" ਬਣ ਜਾਂਦੀ ਹੈ। ਇਸ "ਵਾਫ਼ਰ ਪੂੰਜੀ" ਲਈ ਲਾਭਦਾਇਕ ਨਿਕਾਸ ਕਿਥੇ ਮਿਲ ਸਕਦਾ ਹੈ ? ਜਾਹਿਰ ਹੈ ਉਹਨਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਵੀ ਪੂੰਜੀ ਦੀ ਘਾਟ ਹੋਵੇ, ਮਜ਼ਦੂਰੀ ਘੱਟ ਹੋਵੇ, ਜਮੀਨ ਅਤੇ ਕੱਚਾ ਮਾਲ ਸਸਤੇ ਹੋਣ ਅਤੇ ਉੱਚ ਮੁਨਾਫਿਆਂ ਨੂੰ ਹਾਸਲ ਕਰਨ ਲਈ ਪੂੰਜੀ ਦੀ ਬਰਾਮਦ ਕੀਤੀ ਜਾਂਦੀ ਹੈ ਅਤੇ ਇਸ ਤਰਾਂ ਵਿਕਾਸਸ਼ੀਲ ਦੇਸ਼ਾਂ ਦੀ ਵਿਆਪਕ ਕਿਰਤੀ ਲੋਕਾਈ ਦੀ ਬੇਤਰਸ ਲੁੱਟ ਕੀਤੀ ਜਾਂਦੀ ਹੈ। ਪੂੰਜੀ ਦੀ ਬਰਾਮਦ ਵੀਹਵੀਂ ਸਦੀ ਦੇ ਆਰੰਭ ਵਿੱਚ ਆ ਕੇ ਹੀ ਤੇਜੀ ਨਾਲ ਵਿਕਸਿਤ ਹੋ ਸਕੀ। 1970 ਵਿੱਚ, ਪ੍ਰਮੁੱਖ

ਪੂੰਜੀਵਾਦੀ ਦੇਸ਼ਾਂ ਦਾ ਕੁੱਲ ਬਰਾਮਦ ਸਰਮਾਇਆ 300 ਅਰਬ ਡਾਲਰ ਤੋਂ ਵੀ ਜਿਆਦਾ ਹੋ ਗਿਆ ਜੋ 1914 ਦੀ ਤੁਲਨਾ ਵਿੱਚ ਪੰਜ ਗੁਣਾਂ ਜਿਆਦਾ ਹੈ।

ਪੂੰਜੀ ਦੀ ਬਰਾਮਦ ਵੱਖ-ਵੱਖ ਦੇਸ਼ਾਂ ਦੀ ਜਨਤਾ ਦੀ ਲੁੱਟ ਅਤੇ ਦਾਬੇ ਦਾ ਇੱਕ ਸਾਮਰਾਜਵਾਦੀ ਸੰਦ ਹੈ

ਇਜਾਰੇਦਾਰੀ ਮੁਨਾਫਿਆਂ ਅਤੇ ਬਾਹਰੀ ਲੁੱਟ ਦੇ ਖੇਤਰਾਂ ਦੀ ਤਲਾਸ਼ ਵਿੱਚ ਸਰਮਾਏ ਦੀ ਬਰਾਮਦ ਇਜਾਰੇਦਾਰ ਸਰਮਾਏਦਾਰ ਜਮਾਤ ਵੱਲੋਂ ਵਰਤਿਆ ਜਾਣ ਵਾਲਾ ਇੱਕ ਮਹੱਤਵਪੂਰਨ ਸੰਦ ਹੈ। ਇਸ ਦੇ ਜ਼ਰੀਏ ਉਹ ਵੱਖ-ਵੱਖ ਦੇਸ਼ਾਂ ਖਾਸ ਕਰਕੇ, ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਦੀ ਜਨਤਾ ਨੂੰ ਲੁਟਦੇ ਹਨ। ਪੁਰਾਣੇ ਚੀਨ ਦੀ ਉਦਾਹਰਣ ਲਓ। ਜਪਾਨ ਵਿਰੋਧੀ ਯੁੱਧ ਦੇ ਸ਼ੁਰੂਆਤੀ ਸਮੇਂ ਵਿੱਚ ਚੀਨ ਵਿੱਚ ਕੁੱਲ 4.3 ਅਰਬ ਡਾਲਰ ਵਿਦੇਸ਼ੀ ਪੂੰਜੀ ਲੱਗੀ ਸੀ। ਯੁੱਧ ਦੇ ਲਗਭੱਗ ਖਤਮ ਹੋਣ ਦੇ ਸਮੇਂ ਇਹ ਵਧ ਕੇ 9.8 ਅਰਬ ਡਾਲਰ ਹੋ ਗਈ, ਜਿਸ ਵਿੱਚੋਂ ਜਪਾਨੀ ਸਾਮਰਾਜਵਾਦੀਆਂ ਵੱਲੋਂ ਕੀਤੇ ਨਿਵੇਸ਼ ਦਾ ਹਿੱਸਾ ਸਭ ਤੋਂ ਵੱਧ 6 ਅਰਬ ਡਾਲਰ ਸੀ। ਇਹ ਵਿਦੇਸ਼ੀ ਪੂੰਜੀ ਚੀਨ ਦੇ 70% ਆਧੁਨਿਕ ਉਦਯੋਗ ਅਤੇ ਟਰਾਂਸਪੋਰਟ, ਲੋਹਾ, ਇਸਪਾਤ, ਅਤੇ ਪੈਟਰੋਲੀਅਮ ਉਦਯੋਗ ਅਤੇ 75% ਬਿਜਲੀ ਸ਼ਕਤੀ ਅਤੇ ਕੋਇਲਾ ਉਦਯੋਗ ਨੂੰ ਕੰਟਰੋਲ ਕਰਦਾ ਸੀ। ਅੱਧੇ ਤੋਂ ਵੱਧ ਭੋਜਨ ਤਿਆਰ ਕਰਨ ਵਾਲੇ ਉਦਯੋਗ ਵਿਦੇਸ਼ੀ ਪੂੰਜੀ ਅਧੀਨ ਸਨ। 1945 ਵਿੱਚ ਜਪਾਨੀ ਸਾਮਰਾਜਵਾਦ ਵੱਲੋਂ ਗੋਡੇ ਟੇਕਣ ਤੋਂ ਬਾਅਦ ਅਮਰੀਕੀ ਸਾਮਰਾਜਵਾਦ ਨੇ ਇੱਕ ਭਾਰੂ ਸ਼ਕਤੀ ਵਜੋਂ ਚੀਨ ਵਿੱਚ ਜਪਾਨੀ ਸਾਮਰਾਜਵਾਦ ਦੀ ਥਾਂ ਲੈ ਲਈ। 1948 ਵਿੱਚ ਅਮਰੀਕੀ ਸਾਮਰਾਜਵਾਦ ਦਾ ਚੀਨ ਵਿੱਚ ਨਿਵੇਸ਼ (ਅਖੌਤੀ "ਅਮਰੀਕੀ ਮਦਦ" ਨੂੰ ਮਿਲਾ ਕੇ) ਚੀਨ ਵਿੱਚ ਕੁੱਲ ਵਿਦੇਸ਼ੀ ਪੂੰਜੀ ਨਿਵੇਸ਼ ਦਾ 80% ਸੀ। ਵਿਦੇਸ਼ੀ ਪੂੰਜੀਵਾਦ ਦੇ ਹਮਲੇ ਨੇ *" ਨਾ ਕੇਵਲ ਚੀਨ ਦੇ ਜਗੀਰੂ ਆਰਥਿਕ ਅਧਾਰ ਦੇ ਜੜ੍ਹੀਂ ਤੇਲ ਦੇਣ ਦਾ ਰੋਲ ਨਿਭਾਇਆ ਸਗੋਂ ਇਸ ਨੇ ਚੀਨ ਵਿੱਚ ਪੂੰਜੀਵਾਦੀ ਵਿਕਾਸ ਲਈ ਕੁੱਝ ਬਾਹਰਮੁਖੀ ਹਾਲਤਾਂ ਅਤੇ ਸੰਭਾਵਨਾਵਾਂ ਨੂੰ ਸਿਰਜਿਆ"।* [14] *"ਸਾਮਰਾਜਵਾਦੀ ਤਾਕਤਾਂ ਵੱਲੋਂ ਚੀਨ ਉੱਪਰ ਹਮਲੇ ਦਾ ਉਦੇਸ਼, ਨਿਰਸੰਦੇਹ, ਜਗੀਰੂ ਚੀਨ ਦੀ ਪੂੰਜੀਵਾਦੀ ਚੀਨ ਵਿੱਚ ਤਬਦੀਲੀ ਕਰਨਾ ਨਹੀਂ ਸੀ। ਉਹਨਾਂ ਦਾ ਉਦੇਸ਼ ਠੀਕ ਇਸਦੇ ਉਲਟ ਸੀ। ਉਹ ਚੀਨ ਨੂੰ ਆਪਣੀ ਅਰਧ ਬਸਤੀ ਜਾਂ ਬਸਤੀ ਵਿੱਚ ਤਬਦੀਲ ਕਰਨਾ ਚਾਹੁੰਦੇ ਸਨ"।*[15] ਲੰਮੇ ਸਮੇਂ ਲਈ ਭਾਰੀ ਮਾਤਰਾ ਵਿੱਚ ਵਿਦੇਸ਼ੀ ਪੂੰਜੀ ਦੇ ਵਹਿਣ ਨੇ ਚੀਨ ਦੀਆਂ ਸਮਾਜਿਕ ਪੈਦਾਵਾਰੀ ਤਾਕਤਾਂ ਦੇ ਜੜ੍ਹੀਂ ਤੇਲ ਦਿੱਤਾ। ਇਸ ਨੇ ਚੀਨੀ ਲੋਕਾਂ ਦੀ ਜਿੰਦਗੀ ਨੂੰ ਭਿਆਨਕ ਗਰੀਬੀ ਵਿੱਚ ਜਕੜ ਦਿੱਤਾ ਅਤੇ ਚੀਨ ਨੂੰ ਅਰਧ-ਜਗੀਰੂ ਅਰਧ ਬਸਤੀਵਾਦੀ ਸਥਿਤੀ ਵਿੱਚ ਪਹੁੰਚਾ ਦਿੱਤਾ।

ਦੂਜੀ ਸੰਸਾਰ ਜੰਗ ਤੋਂ ਬਾਅਦ, ਪੂੰਜੀਵਾਦ ਵੱਲੋਂ ਪੂੰਜੀ ਦੀ ਬਰਾਮਦ ਵਿੱਚ ਭਾਰੀ ਵਾਧਾ ਹੋਇਆ ਅਤੇ ਅਮਰੀਕਾ ਸਭ ਤੋਂ ਵੱਡਾ ਪੂੰਜੀ ਬਰਾਮਦਕਾਰ ਦੇਸ਼ ਬਣ ਗਿਆ। 1914

ਵਿੱਚ ਅਮਰੀਕਾ ਨੇ ਸਿਰਫ3.5 ਅਰਬ ਡਾਲਰ ਸਰਮਾਇਆ ਬਰਾਮਦ ਕੀਤਾ ਸੀ। 1970 ਵਿੱਚ ਇਹ ਛਾਲ਼ਾਂ ਮਾਰਦਿਆਂ 155.5 ਅਰਬ ਡਾਲਰ ਤੱਕ ਜਾ ਪਹੁੰਚਿਆ। ਯਾਣੀ ਕਿ, 56 ਸਾਲਾਂ ਵਿੱਚ 43 ਗੁਣਾ ਤੋਂ ਵੀ ਜਿਆਦਾ ਵਾਧਾ ਹੋ ਗਿਆ। ਸਰਮਾਏ ਦੀ ਬਰਾਮਦ ਵਿੱਚ ਤਿੱਖੇ ਵਾਧੇ ਨਾਲ ਇਜਾਰੇਦਾਰ ਪੂੰਜੀਪਤੀਆਂ ਦੇ ਉੱਚ ਇਜਾਰੇਦਾਰ ਮੁਨਾਫਿਆਂ ਵਿੱਚ ਭਾਰੀ ਵਾਧਾ ਹੋਇਆ। 1950 ਤੋਂ 1970 ਦਰਮਿਆਨ, ਵਿਦੇਸ਼ਾਂ ਵਿੱਚ ਅਮਰੀਕੀ ਨਿੱਜੀ ਸਿੱਧੇ ਪੂੰਜੀ ਨਿਵੇਸ਼ ਤੋਂ ਹੋਣ ਵਾਲਾ ਮੁਨਾਫਾ 88.77 ਅਰਬ ਡਾਲਰ ਦੇ ਬਰਾਬਰ ਸੀ ਅਤੇ 1970 ਦੇ ਅੰਤ ਤੱਕ ਇਹ ਮੁਨਾਫਾ ਵਿਦੇਸ਼ਾਂ ਵਿੱਚ ਕੁੱਲ ਨਿੱਜੀ ਨਿਵੇਸ਼ ਦੀ ਮਾਤਰਾ ਤੋਂ 14% ਜਿਆਦਾ ਤੱਕ ਪਹੁੰਚ ਚੁੱਕਾ ਸੀ। ਸਾਮਰਾਜਵਾਦ ਵੱਲੋਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਨਿਵੇਸ਼ ਹੋਣ ਵਾਲਾ ਮੁਨਾਫਾ ਹੈਰਾਨੀਜਨਕ ਰੂਪ ਨਾਲ ਬੇਹਿਸਾਬ ਸੀ। ਉਦਾਹਰਣ ਲਈ, 1970 ਵਿੱਚ ਅਮਰੀਕਾ ਦਾ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਸਿੱਧਾ ਨਿਵੇਸ਼ ਉਸਦੇ ਕੁੱਲ ਸਿੱਧੇ ਵਿਦੇਸ਼ੀ ਨਿਵੇਸ਼ ਦਾ 27.3% ਬਣਦਾ ਸੀ। ਇਸੇ ਸਾਲ ਵਿੱਚ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਤੋਂ ਨਿਚੋੜਿਆ ਜਾਣ ਵਾਲਾ ਮੁਨਾਫਾ, ਕੁੱਲ ਵਿਦੇਸ਼ੀ ਸਿੱਧੇ ਨਿਵੇਸ਼ ਤੋਂ ਹੋਣ ਵਾਲੇ ਮੁਨਾਫੇ ਦਾ 43.5% ਬਣਦਾ ਸੀ। ਮੌਜੂਦਾ ਸਮੇਂ ਸਾਮਰਾਜਵਾਦ ਦੁਨੀਆਂ ਦੇ ਵਿਸ਼ਾਲ ਭੂ-ਭਾਗ ਦੀ ਜਨਤਾ ਦਾ ਸਭ ਤੋਂ ਵੱਧ ਲਾਲਚੀ ਖੂਨ ਚੂਸਣ ਵਾਲਾ ਬਣ ਚੁੱਕਾ ਹੈ।

ਦੂਸਰੀ ਸੰਸਾਰ ਜੰਗ ਤੋਂ ਬਾਅਦ, ਨਿੱਜੀ ਪੂੰਜੀ ਨਿਵੇਸ਼ ਦੀ ਮਾਤਰਾ ਵਿੱਚ ਨਿਰੰਤਰ ਹੋ ਰਹੇ ਵਾਧੇ ਦੇ ਇਲਾਵਾ, ਸਾਮਰਾਜਵਾਦੀ ਦੇਸ਼ਾਂ ਦੇ ਰਾਜਕੀ ਪੂੰਜੀ ਨਿਵੇਸ਼ ਦਾ ਪ੍ਰਮੁੱਖ ਰੂਪ ਵਿਦੇਸ਼ੀ "ਮਦਦ" ਹੈ। 1945 ਦੇ ਅੱਧ ਤੋਂ 1971 ਦੇ ਅੱਧ ਤੱਕ ਅਮਰੀਕੀ ਵਿਦੇਸ਼ੀ "ਸਹਾਇਤਾ" ਦੀ ਕੁੱਲ ਮਾਤਰਾ 152.6 ਅਰਬ ਡਾਲਰ ਤੱਕ ਪਹੁੰਚ ਗਈ ਹੈ। ਇਸ ਵਿਦੇਸ਼ੀ "ਮਦਦ" ਨੂੰ ਅਖੌਤੀ "ਸਰਕਾਰੀ ਸਹਾਇਤਾ" ਅਤੇ "ਕਰਜਿਆਂ" ਵਿੱਚ ਵੰਡਿਆ ਗਿਆ ਸੀ। "ਸਰਕਾਰੀ ਸਹਾਇਤਾ" ਕਹਿਣ ਲਈ ਤਾਂ ਮੁਫ਼ਤ ਕੀਤੀ ਜਾਂਦੀ ਹੈ ਪਰ ਅਸਲ ਵਿੱਚ ਉਹਨਾਂ ਦੇ ਨਾਲ ਸ਼ਰਤਾਂ ਜੁੜੀਆਂ ਹੁੰਦੀਆਂ ਹਨ, ਜਿਹਨਾਂ ਰਾਹੀਂ ਸਹਾਇਤਾ ਲੈਣ ਵਾਲੇ ਦੇਸ਼ਾਂ ਨੂੰ ਕਟਰੋਲ ਕੀਤਾ ਜਾਂਦਾ ਹੈ। ਮਾਓ-ਜ਼ੇ-ਤੁੰਗ ਨੇ ਕਾਫ਼ੀ ਅਰਸਾ ਪਹਿਲਾਂ ਅਮਰੀਕੀ ਸਾਮਰਾਜਵਾਦੀ "ਮਦਦ" ਦੇ ਪਿਛਾਖੜੀ ਰਾਜਨੀਤਕ ਉਦੇਸ਼ਾਂ ਦਾ ਪਰਦਾਚਾਕ ਕੀਤਾ ਸੀ। *"ਸਹਾਇਤਾ ਚਾਹੀਦੀ ਐ, ਖ਼ੁਸ਼ੀ ਨਾਲ ਲੈ ਲਓ, ਪਰ ਕੁੱਝ ਸ਼ਰਤਾਂ ਨਾਲ। ਕਿਹੜੀਆਂ ਸ਼ਰਤਾਂ? ਤੁਹਾਨੂੰ ਮੇਰੇ ਪਿੱਛੇ-ਪਿੱਛੇ ਚੱਲਣਾ ਹੋਵੇਗਾ।"*(16) ਹੁਣ ਦੇ ਸਾਲਾਂ ਵਿੱਚ, ਸਾਮਰਾਜਵਾਦੀ ਦੇਸ਼ਾਂ ਤੋਂ ਮਿਲਣ ਵਾਲੇ ਕਰਜਿਆਂ ਦਾ ਅਨੁਪਾਤ ਲਗਾਤਾਰ ਵਧਦਾ ਜਾ ਰਿਹਾ ਹੈ। ਇਹ ਅਖੌਤੀ ਕਰਜੇ 5% ਤੋਂ ਜਿਆਦਾ ਵਿਆਜ ਦਰ ਉੱਪਰ ਦਿੱਤੇ ਜਾਂਦੇ ਹਨ। ਵਿਆਜ ਦੀ ਉੱਚਤਮ ਦਰ 8% ਤੱਕ ਪਹੁੰਚ ਚੁੱਕੀ ਹੈ। ਨਾਲ ਹੀ ਕਈ ਆਰਥਿਕ, ਰਾਜਨੀਤਕ ਅਤੇ ਫੌਜੀ ਜੰਗੀ ਸ਼ਰਤਾਂ ਥੋਪ ਦਿੱਤੀਆਂ ਜਾਂਦੀਆਂ ਹਨ। ਇਹ ਸਿਰਫ ਇੱਕ ਖੂਨ ਪੀਣ ਵਾਲੀ ਨਾਲੀ ਹੀ ਨਹੀਂ ਹੈ ਸਗੋਂ ਸਾਮਰਾਜਵਾਦ ਦੀਆਂ ਹਮਲਾਵਰ ਅਤੇ ਵਿਸਥਾਰਵਾਦੀ ਨੀਤੀਆਂ ਦੀ ਅਮਲਦਾਰੀ ਅਤੇ ਸੰਸਾਰ ਵਿਆਪੀ ਗਲਬੇ ਲਈ ਹੋਣ ਵਾਲੀ ਕੱਟ-ਵੱਢ ਵਿੱਚ ਲਾਗੂ ਹੋਣ

ਵਾਲਾ ਇੱਕ ਮਹੱਤਵਪੂਰਨ ਸੰਦ ਵੀ ਹੈ।

ਸਾਮਰਾਜਵਾਦੀ ਦੇਸ਼ਾਂ ਤੋਂ ਪੂੰਜੀ ਦਾ ਨਿਰਯਾਤ ਬਸਤੀਵਾਦੀ ਅਤੇ ਅਰਧ-ਬਸਤੀਵਾਦੀ ਦੇਸ਼ਾਂ ਅਤੇ ਉਹਨਾਂ ਦੀ ਜਨਤਾ ਲਈ ਅਸਹਿ ਮੁਸ਼ਕਲਾਂ ਲੈ ਕੇ ਆਉਂਦਾ ਹੈ। ਜਦ ਕਿ ਸਾਮਰਾਜਵਾਦੀ ਅਤੇ ਸੋਧਵਾਦੀ ਇਹਨਾਂ ਹਮਲਾਵਰ ਕਾਰਨਾਮਿਆਂ ਨੂੰ ਸਹੀ ਠਹਿਰਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰਦੇ ਹਨ। ਉਹ ਦਾਅਵਾ ਕਰਦੇ ਹਨ ਕਿ ਪੂੰਜੀ ਦੀ ਬਰਾਮਦ ਆਰਥਿਕ ਪੱਖੋਂ ਘੱਟ ਵਿਕਸਿਤ ਦੇਸ਼ਾਂ ਨੂੰ ਆਰਥਿਕ ਖੁਸ਼ਹਾਲੀ ਹਾਸਿਲ ਕਰਨ ਵਿੱਚ "ਮਦਦਗਾਰ" ਹੋ ਸਕਦੀ ਹੈ। ਸੋਵੀਅਤ ਸੋਧਵਾਦੀ ਗਦਾਰਾਂ ਨੇ ਇੱਥੋਂ ਤੱਕ ਬੇਸ਼ਰਮੀ ਨਾਲ ਸੁਝਾਅ ਦਿੱਤਾ ਹੈ ਕਿ ਸਾਮਰਾਜ ਸੰਪੂਰਨ ਨਿਸ਼ਸਤਰੀਕਰਨ ਤੋਂ ਬਚਾਏ ਸਾਰੇ ਧਨ ਨੂੰ ਆਰਥਿਕ ਪੱਖੋਂ ਘੱਟ ਵਿਕਸਿਤ ਦੇਸ਼ਾਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਖ਼ਰਚ ਕਰਕੇ ਇੱਕ ਨਵਾਂ ਯੁੱਗ ਸਿਰਜ ਸਕਦਾ ਹੈ। ਗੁਲਾਮੀ ਅਤੇ ਲੁੱਟ ਦੀ ਚੱਕੀ ਵਿੱਚ ਪਿਸਦੇ ਰਹੇ ਸਭ ਕੌਮਾਂ ਅਤੇ ਦੁਨੀਆਂ ਭਰ ਦੇ ਲੋਕ ਸਾਮਰਾਜ ਦੀ ਇਸ ਅਖੌਤੀ "ਮਦਦ" ਵੱਲੋਂ ਲਿਆਦੀਆਂ ਤੰਗੀਆਂ-ਤੁਰਸ਼ੀਆਂ ਮੁਸ਼ਕਲਾਂ ਦਾ ਆਪਣੇ ਹਿੱਸੇ ਦਾ ਤਜਰਬਾ ਹੰਢਾ ਚੁੱਕੇ ਹਨ। ਸੋਵੀਅਤ ਸੋਧਵਾਦੀ ਗਦਾਰਾਂ ਦੀਆਂ ਅਜਿਹੀਆਂ ਦਲੀਲਾਂ ਉੱਪਰ ਕੰਨ ਧਰਨ ਵਾਲਿਆਂ ਦੀ ਸੰਖਿਆ ਦਿਨ-ਬ-ਦਿਨ ਘੱਟ ਹੁੰਦੀ ਜਾ ਰਹੀ ਹੈ।

ਕੌਮਾਂਤਰੀ ਇਜਾਰੇਦਾਰ ਗੱਠਜੋੜ ਵੱਲੋਂ ਦੁਨੀਆਂ ਦੀ ਆਰਥਕ ਰੂਪ ਵਿੱਚ ਵੰਡ

ਕੌਮਾਂਤਰੀ ਇਜਾਰੇਦਾਰ ਗੱਠਜੋੜ ਇੱਕ ਉੱਚ (Super) ਇਜਾਰੇਦਾਰੀ ਹੈ

ਕਿਸੇ ਦੇਸ਼ ਦੇ ਇਜਾਰੇਦਾਰ ਸੰਗਠਨ ਸਭ ਤੋਂ ਪਹਿਲਾਂ ਘਰੇਲੂ ਮੰਡੀ ਦੀ ਵੰਡ ਕਰਦੇ ਹਨ। ਪੂੰਜਵਾਦ ਅਧੀਨ ਘਰੇਲੂ ਮੰਡੀ ਵਿਦੇਸ਼ੀ ਮੰਡੀ ਨਾਲ ਨੇੜਿਓਂ ਜੁੜੀ ਹੁੰਦੀ ਹੈ। ਪੂੰਜੀ ਦੀ ਦਰਾਮਦ ਵਧਣ ਨਾਲ ਕੌਮਾਂਤਰੀ ਸਹਿਯੋਗ ਅਤੇ ਸਭ ਤੋਂ ਵੱਡੇ ਇਜਾਰੇਦਾਰ ਗੱਠਜੋੜ ਦੇ ਪ੍ਰਭਾਵ ਖੇਤਰ ਦੇ ਵਿਸਥਾਰ ਹੋਣ ਨਾਲ ਕਈ ਦੇਸ਼ਾਂ ਦੇ ਮੁੱਠੀਭਰ ਇਜਾਰੇਦਾਰ ਸੰਗਠਨ ਮਿਲ ਕੇ ਦੁਨੀਆਂ ਦੀਆਂ ਕੁੱਲ ਜਿਣਸਾਂ ਦੀ ਬਹੁਤੀ ਪੈਦਾਵਾਰ ਅਤੇ ਵੰਡ ਉੱਪਰ ਕਬਜਾ ਕਰ ਸਕਦੇ ਹਨ। ਇਹਨਾਂ ਵੱਡੇ ਇਜਾਰੇਦਾਰ ਸੰਗਠਨਾਂ ਦੀ ਤਾਕਤ ਮੁਕਾਬਲਤਨ ਇੱਕੋ ਜਿਹੀ ਹੁੰਦੀ ਹੈ ਅਤੇ ਇਹ ਆਪਣੇ ਸਵਾਰਥੀ ਹਿਤਾਂ ਲਈ ਕੁੱਝ ਖਾਸ ਹਾਲਤਾਂ ਹੇਠ ਇਜਾਰੇਦਾਰ ਕੀਮਤਾਂ ਤੈਅ ਕਰਨ ਲਈ ਵਕਤੀ ਕੌਮਾਂਤਰੀ ਸਮਝੌਤੇ ਕਰ ਸਕਦੇ ਹਨ ਅਤੇ ਗੱਠਜੋੜ ਬਣਾ ਸਕਦੇ ਹਨ ਅਤੇ ਇਸ ਤਰਾਂ ਇੱਕ ਕੌਮਾਂਤਰੀ ਇਜਾਰੇਦਾਰ ਸੰਗਠਨ ਬਣਾ ਸਕਦੇ ਹਨ। ਇਹ ਇਜਾਰੇਦਾਰ ਸੰਗਠਨ ਪਹਿਲਾਂ ਹੀ ਇੱਕ ਦੇਸ਼ ਦੀਆਂ ਹੱਦਾਂ ਪਾਰ ਕਰ ਚੁੱਕੇ ਹਨ। ਲੈਨਿਨ ਨੇ ਇਹਨਾਂ ਨੂੰ "ਉੱਚ ਇਜਾਰੇਦਾਰੀਆਂ" ਦਾ ਨਾਂ ਦਿੱਤਾ ਸੀ।

ਇਹ ਉੱਚ ਇਜਾਰੇਦਾਰ ਸੰਗਠਨ 1870 ਦੇ ਦਹਾਕੇ ਦੇ ਆਸ ਪਾਸ ਹੋਂਦ ਵਿੱਚ ਆਏ ਅਤੇ ਵੀਹਵੀਂ ਸਦੀ ਵਿੱਚ ਤੇਜ਼ੀ ਨਾਲ ਵਿਕਸਿਤ ਹੋਏ। ਦੂਸਰੀ ਸੰਸਾਰ ਜੰਗ ਤੋਂ ਬਾਅਦ, ਨਵੇਂ ਕੌਮਾਂਤਰੀ ਇਜਾਰੇਦਾਰ ਸੰਗਠਨ ਬਣਦੇ ਆਏ ਅਤੇ ਕੁੱਝ ਪੁਰਾਣੇ ਖਿੰਡ-ਪੁੰਡ ਗਏ। ਅੰਕੜੇ ਦਸਦੇ ਹਨ ਕਿ 1968 ਤੱਕ, ਕੌਮਾਂਤਰੀ ਇਜਾਰੇਦਾਰ ਕੰਪਨੀਆਂ ਦੇ ਕੁੱਲ ਪੂੰਜੀ ਅਸਾਸੇ (ਖਾਤਾ ਮੁੱਲ) 94 ਅਰਬ ਡਾਲਰ ਸੀ। ਉਹਨਾਂ ਦੀਆਂ ਵਿਦੇਸ਼ੀ ਸਹਾਇਕ ਕੰਪਨੀਆਂ ਦੀ ਸਲਾਨਾਂ ਪੈਦਾਵਾਰ 240 ਅਰਬ ਡਾਲਰ ਸੀ। ਪੰਜ ਸਭ ਤੋਂ ਵੱਡੇ ਕੌਮਾਂਤਰੀ ਇਜਾਰੇਦਾਰ ਸੰਗਠਨ ਸਨ। ਜਨਰਲ ਮੋਟਰਜ਼ ਕੰਪਨੀ, ਨਿਊ ਜਰਸੀ ਸਟੈਂਡਰਡ ਆਇਲ ਕੰਪਨੀ, ਫੋਰਡ ਮੋਟਰ ਕੰਪਨੀ ਅਤੇ ਜਨਰਲ ਇਲੈਕਟਰਿਕ ਕੰਪਨੀ। ਕੌਮਾਂਤਰੀ ਇਜਾਰੇਦਾਰ ਕੰਪਨੀਆਂ ਦੇ ਵਿਕਾਸ ਦੇ ਫਲਸਰੂਪ ਇਜਾਰੇਦਾਰ ਵਿੱਤੀ ਜੁੰਡੀਆਂ ਦੀ ਸੰਸਾਰ ਪੈਦਾਵਾਦਰ ਅਤੇ ਵਪਾਰ ਉੱਪਰ ਇਜਾਰੇਦਾਰੀ ਮਜ਼ਬੂਤ ਹੁੰਦੀ ਹੈ। ਪੂੰਜੀਵਾਦੀ ਦੁਨੀਆਂ ਦੇ ਰਬੜ, ਤੇਲ, ਟਾਇਰ, ਤੰਬਾਕੂ, ਫਾਰਮਸਿਉਟੀਕਲ ਅਤੇ ਆਟੋਮੋਬਾਇਲ ਜਿਹੇ ਕੁੱਝ ਜਿਣਸੀ ਪੈਦਾਵਾਰੀ ਨਿਰਮਾਣ ਖੇਤਰ ਲੱਗਭਗ ਪੂਰੀ ਤਰਾਂ ਕੌਮਾਂਤਰੀ ਇਜਾਰੇਦਾਰ ਸੰਗਠਨਾਂ ਦੇ ਕਬਜੇ ਵਿੱਚ ਸਨ। ਹਾਲ ਦੇ ਸਾਲਾਂ ਵਿੱਚ ਖੇਤਰੀ ਪੈਮਾਨੇ ਉੱਪਰ ਕੌਮਾਂਤਰੀ ਇਜਾਰੇਦਾਰ ਗੱਠਜੋੜਾਂ ਦੇ ਵਿਕਾਸ ਦੀਆਂ ਨਵੀਆਂ ਗੱਲਾਂ ਸਾਹਮਣੇ ਆਈਆਂ ਹਨ। ਪੱਛਮੀ ਯੂਰਪ ਦਾ ਸਾਂਝਾ ਬਜ਼ਾਰ ਅਤੇ ਪੱਛਮੀ ਯੂਰਪ ਦਾ ਮੁਕਤ ਬਜ਼ਾਰ ਖੇਤਰ, ਆਰਥਿਕ ਖੇਤਰ ਵਿੱਚ ਖੇਤਰੀ ਕੌਮਾਂਤਰੀ ਇਜਾਰੇਦਾਰ ਗੱਠਜੋੜਾਂ ਦੇ ਨਵੇਂ ਉਦਾਹਰਣ ਹਨ। ਉਹਨਾਂ ਦਾ ਵਿਕਾਸ ਅਤੇ ਵਿਸਥਾਰ ਅਮਰੀਕਾ ਅਤੇ ਸੋਵੀਅਤ ਯੂਨੀਅਨ ਵੱਲੋਂ ਦੁਨੀਆਂ ਨੂੰ ਵੰਡਣ ਦੀਆਂ ਮਗਰੂਰ ਕੋਸ਼ਿਸ਼ਾਂ ਨੂੰ ਬੇਲਗਾਮ ਹੋਣ ਤੋਂ ਰੋਕਦਾ ਹੈ।

ਕੌਮਾਂਤਰੀ ਇਜਾਰੇਦਾਰ ਗੱਠਜੋੜਾਂ ਦਰਮਿਆਨ ਸੰਘਰਸ਼ ਤਿੱਖਾ ਹੋ ਰਿਹਾ ਹੈ

ਸਾਮਰਾਜਵਾਦ ਦੇ ਪੜਾਅ ਵਿੱਚ, ਇਜਾਰੇਦਾਰ ਸੰਗਠਨਾਂ ਦਾ ਵਸੀਹ ਵਿਕਾਸ, ਵਸੀਲਿਆਂ ਦੀ ਹੋਰ ਜ਼ਿਆਦਾ ਪੂਰਤੀ, ਜਿਣਸਾਂ ਲਈ ਨਵੇਂ ਬਜ਼ਾਰਾਂ ਅਤੇ ਪੂੰਜੀ ਨਿਵੇਸ਼ਾਂ ਦੇ ਵੱਧ ਤੋਂ ਵੱਧ ਨਵੇਂ ਖੇਤਰਾਂ ਦੀ ਜ਼ਰੂਰਤ ਪੈਦਾ ਕਰਦਾ ਹੈ। ਸਾਲ 1969 ਦੀ ਉਦਾਹਰਣ ਲਓ, ਅਮਰੀਕਾ ਵੱਲੋਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਤੋਂ ਕੱਚੇ ਮਾਲ ਦੇ ਆਯਾਤ ਦਾ ਅਨੁਪਾਤ ਇਸ ਪ੍ਰਕਾਰ ਹੈ—ਕਲੀ ਕੱਚੀ ਧਾਤ ਲਗਭਗ 100%, ਮੈਗਨੀਜ਼ ਕੱਚੀ ਧਾਤ 91.0%, ਤਾਂਬਾ ਕੱਚੀ ਧਾਤ 78.2%, ਪੈਟਰੋਲੀਅਮ 62.9%, ਕਰੋਮੀਅਮ ਅਤੇ ਹੋਰ 41.6%। ਜਪਾਨ, ਪੱਛਮੀ ਜਰਮਨੀ ਅਤੇ ਇੰਗਲੈਂਡ ਵੱਲੋਂ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਤੋਂ ਕੱਚੇ ਮਾਲ ਦੀ ਦਰਾਮਦ ਦਾ ਪ੍ਰਤੀਸ਼ਤ ਵੀ ਉੱਚਾ ਸੀ। ਇਸ ਕਾਰਨ ਕੌਮਾਂਤਰੀ ਇਜਾਰੇਦਾਰ ਸੰਗਠਨਾਂ ਦਰਮਿਆਨ ਕੱਚੇ ਮਾਲ ਦੇ ਸਰੋਤਾਂ ਦੀ ਪੂਰਤੀ ਲਈ ਹੋਣ ਵਾਲਾ ਸੰਘਰਸ਼ ਲਗਾਤਾਰ ਪ੍ਰਚੰਡ ਹੁੰਦਾ ਗਿਆ ਹੈ।

ਕਈ ਦੇਸ਼ਾਂ ਦੇ ਇਜਾਰਦਾਰ ਸਰਮਾਏਦਾਰਾਂ ਨੇ ਮੱਧ ਪੂਰਬ ਵਿੱਚ ਤੇਲ ਖਾਤਰ

ਲੜਾਈ ਲਈ ਇਸ ਖੇਤਰ ਵਿੱਚ ਘੁਸਪੈਠ ਦੀਆਂ ਸਿਰਤੋੜ ਕੋਸ਼ਿਸ਼ਾਂ ਕੀਤੀਆਂ। ਨਤੀਜਨ ਇੱਥੇ ਸੰਘਰਸ਼ ਖਾਸ ਤੌਰ 'ਤੇ ਤਿੱਖਾ ਅਤੇ ਗੁੰਝਲਦਾਰ ਸੀ। ਵੱਖ-ਵੱਖ ਦੇਸ਼ਾਂ ਦੇ ਇਜਾਰੇਦਾਰ ਸੰਗਠਨਾਂ ਦਰਮਿਆਨ ਜਿਣਸਾਂ ਨੂੰ ਵੇਚਣ ਲਈ ਮੰਡੀਆਂ ਖਾਤਰ ਲੜਾਈ ਕਾਫੀ ਤਿੱਖੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ, ਅਮਰੀਕਾ ਦਾ ਕੁੱਝ ਸਮੇਂ ਲਈ ਪੂੰਜੀਵਾਦੀ ਸੰਸਾਰ ਮੰਡੀ ਉੱਪਰ ਦਬਦਬਾ ਕਾਇਮ ਸੀ। ਉਸ ਦੀਆਂ ਕੁੱਲ ਬਰਾਮਦਾਂ ਦਾ ਆਕਾਰ ਪੂੰਜੀਵਾਦੀ ਸੰਸਾਰ ਦੀਆਂ ਬਰਾਮਦਾਂ ਦਾ ਇੱਕ ਤਿਹਾਈ ਸੀ। ਪਰ ਪੱਛਮੀ ਯੂਰਪ ਅਤੇ ਜਪਾਨ ਦੀ ਆਰਥਿਕ ਤਾਕਤ ਵਧਣ ਨਾਲ ਅਮਰੀਕਾ ਦੀ ਭਾਰੂ ਹੈਸੀਅਤ ਘਟਣ ਲੱਗ ਪਈ। 1971 ਵਿੱਚ ਪੂੰਜੀਵਾਦੀ ਸੰਸਾਰ ਦੀਆਂ ਕੁੱਲ ਬਰਾਮਦ ਵਿੱਚ ਅਮਰੀਕੀ ਹਿੱਸਾ ਘਟ ਕੇ 14.2% ਹੋ ਗਿਆ। ਪੱਛਮੀ ਯੂਰਪ, ਉੱਤਰੀ ਅਮਰੀਕਾ ਅਤੇ ਆਸਟਰੇਲੀਆ ਦੇ ਇਜਾਰੇਦਾਰ ਸੰਗਠਨ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਅੰਦਰ ਮੰਡੀਆਂ ਲਈ ਵਾਰ-ਵਾਰ ਤਿੱਖੀਆਂ ਲੜਾਈਆਂ ਵਿੱਚ ਲੱਗੇ ਰਹੇ ਹਨ। ਅਮਰੀਕਾ ਦੇ ਪੱਛਮੀ ਤਟ ਉੱਪਰ ਜਪਾਨੀ ਆਟੋਮੋਬਾਇਲਾਂ ਦੇ ਹੜ੍ਹ ਤੋਂ ਘਬਰਾ ਕੇ ਫੋਰਡ ਮੋਟਰ ਕੰਪਨੀ ਦੇ ਪ੍ਰਧਾਨ ਹੇਨਰੀ ਫੋਰਡ ਦੂਸਰੇ ਨੇ ਰੋਣਾ ਰੋਇਆ ਸੀ, "ਇਹ ਤਾਂ ਮਹਿਜ ਸ਼ੁਰੂਆਤ ਹੈ। ਇਹ ਜਪਾਨੀ ਜਲਦੀ ਹੀ ਅਮਰੀਕਾ ਦੇ ਦਿਲ ਵਿੱਚ ਧਸਦੇ ਚਲੇ ਆਉਣਗੇ" ਲੈਨਿਨ ਨੇ ਕਿਹਾ ਸੀ *"ਸਰਮਾਏਦਰਾਂ ਦਰਮਿਆਨ ਦੁਨੀਆਂ ਦੀ ਵੰਡ ਦੀ ਵਜ੍ਹਾ ਇਹ ਨਹੀਂ ਸੀ ਕਿ ਉਹ ਨੀਚ ਹਨ। ਗੱਲ ਇਹ ਹੈ ਕਿ ਪੂੰਜੀ ਦਾ ਕੇਂਦਰੀਕਰਣ ਉਸ ਪੜਾਅ ਵਿੱਚ ਪਹੁੰਚ ਚੁੱਕਾ ਹੈ ਕਿ ਮੁਨਾਫਾ ਕਮਾਉਣ ਲਈ ਉਹਨਾਂ ਕੋਲ਼ ਹੁਣ ਕੋਈ ਹੋਰ ਚਾਰਾ ਨਹੀਂ ਬਚਿਆ"।*[17] ਕੌਮਾਂਤਰੀ ਇਜਾਰੇਦਾਰ ਗੱਠਜੋੜ ਬੁਨਿਆਦੀ ਤੌਰ 'ਤੇ ਇੱਕ ਕੌਮਾਂਤਰੀ ਇਜਾਰੇਦਾਰ ਸੰਗਠਨ ਹੈ, ਜਿਸ ਨੂੰ ਵੱਖ-ਵੱਖ ਦੇਸ਼ਾਂ ਦੇ ਪੂੰਜੀਪਤੀਆਂ ਨੇ ਉੱਚ ਇਜਾਰੇਦਾਰ ਮੁਨਾਫਿਆਂ ਲਈ ਸੰਸਾਰ ਬਜ਼ਾਰ ਨੂੰ ਵੰਡਣ ਖਾਤਰ ਬਣਾਇਆ ਸੀ। ਪਰ ਦੁਨੀਆਂ ਨੂੰ ਵੰਡਣ ਲਈ ਵੱਖ-ਵੱਖ ਦੇਸ਼ਾਂ ਦੇ ਇਜਾਰੇਦਾਰ ਪੂੰਜੀਪਤੀਆਂ ਦੇ ਆਪਸੀ ਇਕਰਾਰਨਾਮੇ ਅਤੇ ਗੱਠਜੋੜ ਵਕਤੀ ਅਤੇ ਅੰਸ਼ਕ ਹੀ ਹੋ ਸਕਦੇ ਹਨ। ਉਹਨਾਂ ਵੱਲੋਂ ਉੱਚ ਇਜਾਰੇਦਾਰ ਮੁਨਾਫਿਆਂ ਪਿੱਛੇ ਭੱਜਣਾ ਇਹ ਗਰੰਟੀ ਕਰ ਦਿੰਦਾ ਹੈ ਕਿ ਉਹਨਾਂ ਦਾ ਸੰਘਰਸ਼ ਸਦੀਵੀ ਹੈ। ਸਾਮਰਾਜਵਾਦ ਅਤੇ ਸੋਧਵਾਦ ਦਾ ਇਹ ਮੱਤ ਹੈ ਕਿ ਪੂੰਜੀ ਦਾ ਕੌਮਾਂਤਰੀਕਰਣ, ਕੌਮਾਂ ਲਈ ਸ਼ਾਂਤੀ ਲਿਆਏਗਾ ਇਸ ਖਸ਼ਫਹਿਮੀ ਦੀ ਲੈਨਿਨ ਨੇ ਤਿੱਖੀ ਅਲੋਚਨਾ ਕੀਤੀ ਸੀ। ਉਹਨਾਂ ਨੇ ਸ਼ਪੱਸ਼ਟ ਕੀਤਾ ਸੀ, *"ਮੁਕਾਬਲਤਨ ਭਿੰਨ-ਭਿੰਨ ਸਥਾਨਕ ਅਤੇ ਫੌਰੀ ਕਾਰਣਾਂ ਕਰਕੇ ਕੌਮਾਂਤਰੀ ਇਜਾਰੇਦਾਰ ਸੰਗਠਨਾਂ ਵਿਚਕਾਰ ਸੰਘਰਸ਼ ਦਾ ਰੂਪ ਵਾਰ-ਵਾਰ ਬਦਲ ਸਕਦਾ ਹੈ। ਪਰ ਜਦੋਂ ਤੱਕ ਜਮਾਤਾਂ ਦੀ ਹੋਂਦ ਹੈ, ਲੜਾਈ ਦਾ ਸੁਭਾਅ ਅਤੇ ਲੜਾਈ ਦਾ ਜਮਾਤੀ ਤੱਤ ਕਦੇ ਨਹੀਂ ਬਦਲੇਗਾ"।*[18] ਪਿਛਲੀ ਲੱਗਭੱਗ ਅੱਧੀ ਸਦੀ ਦੇ ਇਤਿਹਾਸ ਨੇ ਲੈਨਿਨ ਦੇ ਇਸ ਵਿਗਿਆਨਕ ਨਿਰਣੇ ਨੂੰ ਪੂਰੀ ਤਰਾਂ ਸਹੀ ਸਾਬਤ ਕੀਤਾ ਹੈ।

ਦੁਨੀਆਂ ਦੀ ਵੰਡ ਅਤੇ ਮੁੜ ਵੰਡ ਲਈ ਸਾਮਰਾਜਵਾਦੀ ਤਾਕਤਾਂ ਵਿੱਚ ਮੁਕਾਬਲਾ

ਸਾਮਰਾਜਵਾਦ ਦੀ ਹੋਂਦ ਲਈ ਬਸਤੀਆਂ ਮਹੱਤਵਪੂਰਨ ਸ਼ਰਤ ਹਨ

ਸਾਮਰਾਜਵਾਦ ਦੇ ਯੁੱਗ ਵਿੱਚ, ਇਜਾਰੇਦਾਰ ਪੂੰਜੀ ਵੱਲੋਂ ਦੁਨੀਆਂ ਦੀ ਆਰਥਿਕ ਵੰਡ ਅਟੱਲ ਤੌਰ 'ਤੇ ਬਸਤੀਆਂ ਦੇ ਰੂਪ ਵਿੱਚ ਦੁਨੀਆਂ ਦੀ ਖੇਤਰੀ ਵੰਡ ਨੂੰ ਜਨਮ ਦਿੰਦੀ ਹੈ। ਬਸਤੀਵਾਦੀ ਨੀਤੀ ਦੀ ਅਮਲਦਾਰੀ ਅਤੇ ਬਸਤੀਆਂ 'ਤੇ ਕਬਜ਼ੇ ਕਰਨਾ ਮੁਢਲੇ ਪੂੰਜੀ ਸੰਗ੍ਰਹਿ ਦੇ ਪੜਾਅ ਵਿੱਚ ਹੀ ਸ਼ੁਰੂ ਹੋ ਗਿਆ ਸੀ। ਪਰ ਬਸਤੀਆਂ ਵਾਸਤੇ ਸੰਘਰਸ਼ ਆਪਣੇ "ਸਿਖਰ" ਉੱਪਰ ਸਾਮਰਾਜਵਾਦ ਦੇ ਪੜਾਅ ਵਿੱਚ ਹੀ ਪਹੁੰਚ ਸਕਿਆ ਅਤੇ ਸਾਮਰਾਜਵਾਦੀ ਦੇਸ਼ਾਂ ਵਿਚਕਾਰ ਦੁਨੀਆਂ ਦੀ ਖੇਤਰੀ ਵੰਡ ਲਈ ਸੰਘਰਸ਼ ਤਿੱਖਾ ਹੋ ਗਿਆ। ਇਸ ਦੇ ਕਾਰਣ ਇਸ ਤਰਾਂ ਹਨ:

ਪਹਿਲਾ, ਬਸਤੀਆਂ ਸਾਮਰਾਜਵਾਦ ਲਈ ਕੱਚੇ ਮਾਲ ਦੇ ਸਭ ਤੋਂ ਵੱਧ ਮਹੱਤਵਪੂਰਨ ਸ੍ਰੋਤ ਹਨ। ਇਜਾਰੇਦਾਰੀ ਵੱਡੇ ਪੈਮਾਨੇ ਦੀ ਪੈਦਾਵਾਰ ਨੂੰ ਜਨਮ ਦਿੰਦੀ ਹੈ। ਪੈਦਾਵਾਰ ਦਾ ਪੈਮਾਨਾ ਜਿੰਨਾ ਵੱਡਾ ਹੁੰਦਾ ਜਾਵੇਗਾ, ਕੱਚੇ ਮਾਲ ਦੀ ਉਨੀ ਹੀ ਜਿਆਦਾ ਜ਼ਰੂਰਤ ਹੋਵੇਗੀ ਅਤੇ ਕੱਚੇ ਮਾਲ ਦੇ ਸਰੋਤਾਂ ਉੱਪਰ ਕਬਜਾ ਕਰਨਾ ਓਨਾ ਹੀ ਮਹੱਤਵਪੂਰਨ ਹੋਵੇਗਾ। ਲੈਨਿਨ ਨੇ ਸਪੱਸ਼ਟ ਕੀਤਾ ਸੀ, *"ਪੂੰਜੀਵਾਦ ਜਿੰਨਾ ਵਿਕਸਿਤ ਹੋਵੇਗਾ, ਕੱਚੇ ਮਾਲ ਦੀ ਜਿਆਦਾ ਕਮੀ ਹੋਵੇਗੀ, ਅਤੇ ਇਸਦੇ ਨਾਲ ਹੀ ਦੁਨੀਆਂ ਦੇ ਕੱਚੇ ਮਾਲ ਦੇ ਸ੍ਰੋਤਾਂ ਲਈ ਲੜਾਈ ਹੋਰ ਤਿੱਖੀ ਹੋਵੇਗੀ। ਬਸਤੀਆਂ ਤੇ ਕਬਜੇ ਲਈ ਸੰਘਰਸ਼ ਵੀ ਹੋਰ ਤਿੱਖਾ ਹੋਵੇਗਾ"।*[19]

ਦੂਸਰਾ, ਬਸਤੀਆਂ ਸਾਮਰਾਜਵਾਦ ਦੇ ਪੂੰਜੀ ਬਰਾਮਦ ਲਈ ਸਭ ਤੋਂ ਵੱਧ ਲਾਭਦਾਇਕ ਨਿਕਾਸ-ਮੂੰਹੇ (outlets) ਹਨ। ਬਸਤੀਆਂ ਵਿੱਚ, ਸਾਮਰਾਜਵਾਦੀ ਦੇਸ਼ਾਂ ਦੇ ਇਜਾਰੇਦਾਰਾ ਸੰਗਠਨ ਕਿਰਤ ਦੀ ਜਿਆਦਾ ਬੇਰਹਿਮ ਲੁੱਟ ਅਤੇ ਜਬਰ ਕਰ ਸਕਦੇ ਹਨ। ਇੱਥੇ ਉਹ ਇਜਾਰੇਦਾਰ ਹੱਥਕੰਡਿਆਂ ਨਾਲ ਆਪਣੇ ਵਿਰੋਧੀਆਂ ਨੂੰ ਅਸਾਨੀ ਨਾਲ ਖਤਮ ਕਰ ਸਕਦੇ ਹਨ ਅਤੇ ਆਪਣੇ ਬਰਾਮਦ ਕੀਤੇ ਸਰਮਾਏ ਲਈ ਉੱਚ ਇਜਾਰੇਦਾਰ ਮੁਨਾਫਿਆਂ ਦੀ ਜਾਮਨੀ ਕਰ ਸਕਦੇ ਹਨ।

ਤੀਸਰਾ, ਇਜਾਰੇਦਾਰ ਸੰਗਠਨਾਂ ਲਈ ਬਸਤੀਆਂ ਸਭ ਤੋਂ ਲਾਭਦਾਇਕ ਮੰਡੀ ਹਨ। ਇੱਥੇ ਆਪਣੀ ਇਜਾਰੇਦਾਰਾ ਹੈਸੀਅਤ ਨੂੰ ਬਣਾਈ ਰੱਖਣ ਲਈ ਸਾਮਰਾਜਵਾਦੀ ਸੁਰੱਖਿਆਤਮਕ ਹੱਥਕੰਡਿਆਂ ਦਾ ਸਹਾਰਾ ਲੈ ਸਕਦੇ ਹਨ।

ਚੌਥਾ, ਸੰਸਾਰ ਗ਼ਲਬੇ ਦੇ ਸੰਘਰਸ਼ ਵਿੱਚ ਬਸਤੀਆਂ ਸਾਮਰਾਜਵਾਦ ਦੇਸ਼ਾਂ ਲਈ ਮਹੱਤਵਪੂਰਨ ਯੁੱਧਨੀਤਕ ਅਧਾਰ ਖੇਤਰ ਹਨ। ਕਾਬਜ਼ ਸਾਮਰਾਜਵਾਦੀ ਦੇਸ਼ ਵੱਡੀ ਸੰਖਿਆ ਵਿੱਚ ਆਪਣੇ ਫੌਜੀ ਅੱਡੇ ਸਥਾਪਿਤ ਕਰ ਸਕਦੇ ਹਨ। ਯੁੱਧਨੀਤਕ ਨਜ਼ਰੀਏ ਤੋਂ ਮਹੱਤਵਪੂਰਨ

ਸਮੱਗਰੀਆਂ ਭਾਰੀ ਮਾਤਰਾ ਵਿੱਚ ਲੁੱਟ ਸਕਦੇ ਹਨ ਅਤੇ ਆਪਣੀਆਂ ਸਾਮਰਾਜਵਾਦੀ ਨੀਤੀਆਂ ਦੀ ਸੇਵਾ ਲਈ ਵੱਡੀ ਸੰਖਿਆ ਵਿੱਚ ਫੌਜੀਆਂ ਦੀ ਭਰਤੀ ਕਰ ਸਕਦੇ ਹਨ।

ਕੁੱਲ ਮਿਲਾ ਕੇ ਬਸਤੀਆਂ ਸਾਮਰਾਜਵਾਦ ਦੀ ਹੋਂਦ ਦੀਆਂ ਮਹੱਤਵਪੂਰਨ ਸ਼ਰਤਾਂ ਹਨ। *"ਬਸਤੀਆਂ ਉੱਪਰ ਕਬਜ਼ਾ ਕਰਕੇ ਹੀ ਇਜਾਰੇਦਾਰ ਸੰਗਠਨਾਂ ਦੀ ਜਿੱਤ ਸੁਰੱਖਿਅਤ ਕੀਤੀ ਜਾ ਸਕਦੀ ਹੈ"।*[20] ਇਸ ਲਈ, ਸਾਮਰਾਜੀ ਦੇਸ਼ ਬਸਤੀਆਂ ਨੂੰ ਵਧਾਉਣ ਲਈ ਹਮੇਸ਼ਾਂ ਲੜਦੇ ਰਹਿੰਦੇ ਹਨ। 1870 ਦੇ ਦਹਾਕੇ ਪਿੱਛੋਂ ਸਾਮਰਾਜਵਾਦੀ ਤਾਕਤਾਂ ਦਰਮਿਆਨ ਦੁਨੀਆਂ ਦੀ ਖੇਤਰੀ ਵੰਡ ਲਈ ਸੰਘਰਸ਼ ਤਿੱਖੇ ਹੋ ਗਏ। 1914 ਤੱਕ ਰੂਸ, ਇੰਗਲੈਂਡ, ਫਰਾਂਸ, ਜਰਮਨੀ ਅਤੇ ਅਮਰੀਕਾ ਅਤੇ ਜਪਾਨ 6 ਕਰੋੜ 50 ਲੱਖ ਵਰਗ ਕਿਲੋਮੀਟਰ ਖੇਤਰ ਨੂੰ ਆਪਣੇ ਕਬਜੇ ਵਿੱਚ ਕਰ ਚੁੱਕੇ ਸਨ ਅਤੇ 52 ਕਰੋੜ 30 ਲੱਖ ਲੋਕਾਂ ਉੱਪਰ ਹਕੂਮਤ ਕਰਦੇ ਸਨ। ਇਹਨਾਂ ਵਿੱਚ ਇੰਗਲੈਂਡ ਤੋਂ ਬਾਅਦ ਸਭ ਤੋਂ ਜਿਆਦਾ ਰੂਸ ਨੇ ਕਬਜਾ ਜਮਾ ਰੱਖਿਆ ਸੀ। ਉਸ ਸਮੇ, ਰੂਸ ਦੇ ਕੁੱਲ 2 ਕਰੋੜ 80 ਲੱਖ ਵਰਗ ਕਿਲੋਮੀਟਰ ਖੇਤਰ ਵਿੱਚ 1 ਕਰੋੜ 74 ਲੱਖ ਵਰਗ ਕਿਲੋਮੀਟਰ ਬਸਤੀਆਂ ਦਾ ਸੀ। ਲੈਨਿਨ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ — *"ਜ਼ਾਰਸ਼ਾਹੀ ਸਰਕਾਰ ਨੇ ਹੋਰ ਕੌਮੀ ਸਰਕਾਰਾਂ ਦੀ ਤੁਲਨਾ ਵਿੱਚ ਜਿਆਦਾ ਸਪੱਸ਼ਟਤਾ ਨਾਲ ਜਨਤਾ ਨੂੰ ਲੁੱਟਣ, ਗੁਲਾਮ ਬਣਾਉਣ ਅਤੇ ਯੁੱਧ ਦੇ ਪਿਛਾਖੜੀ ਸੁਭਾਅ ਦਾ ਇਜ਼ਹਾਰ ਕੀਤਾ"।*[21] *'ਜ਼ਾਰਸ਼ਾਹੀ ਰੂਸ', "ਵੱਖ-ਵੱਖ ਕੌਮਾਂ ਦਾ ਜੇਲ੍ਹਖਾਨਾ ਸੀ"।*[22]

ਚੀਨ ਨੂੰ ਲੰਮੇ ਸਮੇਂ ਤੱਕ ਸਾਮਰਾਜਵਾਦੀ ਤਾਕਤਾਂ ਨੇ ਵੰਡੀ ਰੱਖਿਆ ਸੀ। ਉੱਨੀਵੀਂ ਸਦੀ ਦੇ ਪਿਛਲੇ ਹਿੱਸੇ ਵਿੱਚ, ਚੀਨ ਉਪਰ ਹਮਲਾ ਕਰਨ ਵਾਲੀਆਂ, ਸਾਮਰਾਜੀ ਸ਼ਕਤੀਆਂ ਨੇ ਆਪਣੀ ਆਪਣੀ ਆਰਥਿਕ ਅਤੇ ਫੌਜੀ ਸ਼ਕਤੀ ਦੇ ਅਨੁਪਾਤ ਵਿੱਚ ਆਪਣੇ ਆਪਣੇ ਪ੍ਰਭਾਵ ਖੇਤਰਾਂ ਦੀ ਵੰਡ ਕਰਕੇ ਉਸ ਨੂੰ ਇੱਕ ਅਰਧ ਬਸਤੀ ਵਿੱਚ ਤਬਦੀਲ ਕਰ ਦਿੱਤਾ ਸੀ। ਉਦਾਹਰਣ ਲਈ, ਯਾਂਗਤਸੇ ਨਦੀ ਵਿਚਕਾਰ ਅਤੇ ਹੇਠਲੇ ਖੇਤਰਾਂ ਵਿੱਚ ਆਉਣ ਵਾਲੇ ਸੂਬੇ ਬਰਤਾਨਵੀ ਪ੍ਰਭਾਵ ਅਧੀਨ ਸਨ, ਯੂਨਾਨ ਕਵਾਂਗਤੁੰਗ ਅਤੇ ਕਵਾਂਗਸੀ ਪ੍ਰਾਂਤ ਫਰਾਂਸੀਸੀਆਂ ਦੇ ਪ੍ਰਭਾਵ ਖੇਤਰ ਸਨ। 1905 ਵਿੱਚ ਰੂਸ-ਜਪਾਨ ਯੁੱਧ ਪਿੱਛੋਂ, ਉੱਤਰ-ਪੱਛਮੀ ਚੀਨ ਦਾ ਦੱਖਣੀ ਭਾਗ ਜਪਾਨੀ ਪ੍ਰਭਾਵ ਅਧੀਨ ਹੋ ਗਿਆ। ਸਾਮਰਾਜਵਾਦੀਆਂ ਵੱਲੋਂ ਚੀਨ ਦੀ ਵੱਢ ਟੁੱਕ ਦੇ ਅਮਲ ਅੰਦਰ *"ਆਪਣੇ ਖ਼ੂੰਖਾਰ ਪੰਜਿਆਂ ਨੂੰ ਫੈਲਾਉਣ ਵਾਲਾ"*[23] ਪਹਿਲਾ ਦੇਸ਼ ਜ਼ਾਰਸ਼ਾਹੀ ਰੂਸ ਸੀ। ਪੁਰਾਣੇ ਜ਼ਾਰ ਨੇ ਚੀਨ ਉੱਪਰ *"ਚੋਰ ਦੀ ਤਰਾਂ"*[24] ਹਮਲਾ ਕੀਤਾ ਅਤੇ ਇੱਕ ਕਰੋੜ ਪੰਜਾਹ ਲੱਖ ਵਰਗ ਕਿਲੋਮੀਟਰ ਚੀਨੀ ਜਮੀਨ ਉੱਪਰ ਕਬਜ਼ਾ ਕਰ ਲਿਆ, ਜੋ ਫਰਾਂਸ ਦੇ ਖੇਤਰਫਲ ਦਾ ਤਿੰਨ ਗੁਣਾਂ ਅਤੇ ਚੈਕੋਸਲੋਵਾਕੀਆ ਦੇ ਖੇਤਰਫਲ ਦਾ ਬਾਰਾਂ ਗੁਣਾਂ ਸੀ।

ਬਸਤੀਆਂ ਦੀ ਵੰਡ ਅਤੇ ਮੁੜ-ਵੰਡ ਅਟੱਲ ਤੌਰ 'ਤੇ ਜੰਗਾਂ ਨੂੰ ਜਨਮ ਦਿੰਦੀ ਹੈ

ਉੱਚ ਇਜਾਰੇਦਾਰ ਮੁਨਾਫੇ ਕਮਾਉਣ ਲਈ ਸਾਮਰਾਜਵਾਦ ਲਾਜ਼ਮੀ ਰੂਪ ਵਿੱਚ ਹਮਲਾਵਰ ਅਤੇ ਵਿਸਥਾਰਵਾਦੀ ਰੁਖ ਅਖਤਿਆਰ ਕਰਦਾ ਹੈ ਅਤੇ ਦੁਨੀਆਂ ਦੀ ਖੇਤਰੀ ਵੰਡ ਨੂੰ ਮੁੜ ਵੰਡਣ ਲਈ ਲੜਾਈਆਂ ਕਰਦਾ ਹੈ। ਇਸ ਮੁਕਾਬਲੇ ਦੇ ਨਤੀਜੇ ਨੂੰ ਸਾਮਰਾਜਵਾਦੀ ਦੇਸ਼ਾਂ ਦੀ ਤੁਲਨਾਤਮਕ ਤਾਕਤ ਤੈਅ ਕਰਦੀ ਹੈ। ਸਰਵ-ਸ਼ਕਤੀਮਾਨ ਦੇਸ਼ ਦਾ ਸੰਸਾਰ ਗਲਬਾ ਕਾਇਮ ਹੁੰਦਾ ਹੈ। ਕਲੇਸ਼ਾਂ ਨੂੰ ਹੱਲ ਕਰਨ ਦੀ ਸਭ ਤੋਂ ਉੱਚੀ ਸ਼ਕਲ ਜੰਗ ਹੈ। ਜਦੋਂ ਤੱਕ ਸਾਮਰਾਜਵਾਦ ਹੈ, ਉਹ ਯੁੱਧ ਰਾਹੀਂ ਉੱਚ ਇਜਾਰੇਦਾਰ ਮੁਨਾਫਾ ਹਾਸਲ ਕਰਦਾ ਹੈ। ਲੈਨਿਨ ਨੇ ਇਸ਼ਾਰਾ ਕੀਤਾ ਸੀ— *"ਆਧੁਨਿਕ ਜੰਗ ਸਾਮਰਾਜਵਾਦ ਦੀ ਦੇਣ ਹਨ"*।(25) ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੋਈਆਂ ਦੋ ਸੰਸਾਰ ਜੰਗਾਂ, ਦੁਨੀਆਂ ਦੀ ਵੰਡ ਅਤੇ ਮੁੜ ਵੰਡ ਅਤੇ ਸੰਸਾਰ ਚੌਧਰ ਲਈ ਸਾਮਰਾਜਵਾਦੀ ਸ਼ਕਤੀਆਂ ਦੇ ਆਪਸੀ ਕਲੇਸ਼ਾਂ ਦੇ ਕਾਰਨ ਹੋਈਆਂ ਸਨ। ਆਰਥਿਕ ਇਜਾਰੇਦਾਰੀ ਨੇ ਸਾਮਰਾਜਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਨੂੰ ਅਟੱਲ ਤੌਰ 'ਤੇ ਤਿੱਖਾ ਕੀਤਾ ਹੈ। ਸਿਆਸੀ ਅਤੇ ਆਰਥਿਕ ਸੰਕਟਾਂ ਤੋਂ ਛੁਟਕਾਰਾ ਪਾਉਣ ਲਈ, ਦੇਸ਼ ਅੰਦਰ ਜਮਾਤੀ ਵਿਰੋਧਤਾਈਆਂ ਨੂੰ ਘਟਾਉਣ ਲਈ ਅਤੇ ਪੂੰਜੀਵਾਦੀ ਪ੍ਰਬੰਧ ਨੂੰ ਬਚਾਉਣ ਲਈ ਸਾਮਰਾਜਵਾਦੀ ਸ਼ਕਤੀਆਂ ਨੇ ਯੁੱਧ ਦਾ ਜੋਖਮ ਉਠਾਇਆ ਅਤੇ ਮਰਨਊ ਸੰਘਰਸ਼ਾਂ ਵਿੱਚ ਕੁੱਦ ਪਈਆਂ ਹਨ। ਮਾਓ-ਜੇ-ਤੁੰਗ ਨੇ ਇਸ਼ਾਰਾ ਕੀਤਾ ਸੀ— *"ਸਾਮਰਾਜਵਾਦੀ ਸੰਸਾਰ ਜੰਗਾਂ ਦਾ ਫੁੱਟਣਾ ਸਾਮਰਾਜਵਾਦੀ ਦੇਸ਼ਾਂ ਵੱਲੋਂ ਖੁਦ ਦੇ ਆਰਥਿਕ ਅਤੇ ਸਿਆਸੀ ਸੰਕਟਾਂ ਤੋਂ ਨਿਜਾਤ ਪਾਉਣ ਦੀਆਂ ਕੋਸ਼ਿਸ਼ਾਂ ਦੀ ਨਤੀਜਾ ਸੀ"।*(26)

ਜਦੋਂ ਇੱਕ ਵਾਰ ਅਸੀਂ ਸਾਮਰਾਜਵਾਦ ਦੀ ਆਰਥਿਕ ਹਕੀਕਤ ਨੂੰ ਸਮਝ ਜਾਵਾਂਗੇ ਤਾਂ ਅਸੀਂ ਲੈਨਿਨ ਦੇ ਇਸ ਮਹੱਤਵ ਪੂਰਨ ਕਥਨ ਨੂੰ ਵੀ ਸਮਝ ਜਾਵਾਂਗੇ ਕਿ *"ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਦੇ ਆਰਥਿਕ ਅਧਾਰ ਉਪਰ ਸਾਮਰਾਜਵਾਦੀ ਯੁੱਧਾਂ ਦਾ ਹੋਣਾ ਲਾਜ਼ਮੀ ਹੈ"*।(27) ਅਮਰੀਕੀ ਸਾਮਰਾਜਵਾਦ ਯੁੱਧਾਂ ਨਾਲ ਹੀ ਖੁਸ਼ਹਾਲ ਹੋਇਆ ਹੈ। ਦੋਵਾਂ ਸੰਸਾਰ ਜੰਗਾਂ ਵਿੱਚ, ਅਮਰੀਕੀ ਇਜਾਰੇਦਾਰ ਸੰਗਠਨ ਵੱਡੇ ਪੈਮਾਨੇ 'ਤੇ ਹਥਿਆਰਾਂ ਦੇ ਕਾਰੋਬਾਰ ਵਿੱਚ ਲੱਗੇ ਰਹੇ ਅਤੇ ਯੁੱਧਾਂ ਤੋਂ ਬੇਸ਼ੁਮਾਰ ਚਾਣਚੱਕ ਮੁਨਾਫਾ ਕਮਾਇਆ। ਪਹਿਲੀ ਸੰਸਾਰ ਜੰਗ ਵਿੱਚ, ਅਮਰੀਕੀ ਇਜਾਰੇਦਾਰ ਪੂੰਜੀਪਤੀ ਵਰਗ ਰਾਤੋ ਰਾਤ ਅਮੀਰ ਬਣ ਜਾਣ ਦੇ ਸੌਖੇ ਰਸਤੇ ਦੇ ਰੂਪ ਵਿੱਚ ਯੁੱਧਾਂ ਨੂੰ ਵੇਖਣ ਲੱਗਾ ਅਤੇ ਨਿਰੰਤਰ ਹਮਲਾਵਰ ਯੁੱਧਾਂ ਵਿੱਚ ਲੱਗਾ ਰਿਹਾ। ਅੰਕੜਿਆਂ ਅਨੁਸਾਰ, ਕੋਰੀਆ ਦੇ ਹਮਲਾਵਰ ਯੁੱਧ ਵਿੱਚ, ਇਜਾਰੇਦਾਰ ਪੂੰਜੀ ਨੇ 115.4 ਅਰਬ ਡਾਲਰ ਦਾ ਛੱਪੜ ਫਾੜ ਮੁਨਾਫਾ ਕਮਾਇਆ। ਇਕੱਠੇ 1964 ਅਤੇ 1965 ਵਿੱਚ ਵੀਅਤਨਾਮ ਦੇ ਹਮਲਾਵਰ ਯੁੱਧ ਵਿੱਚ ਬਟੋਰੇ ਗਏ ਅਣਚਿਤਵੇ ਮੁਨਾਫੇ ਦਾ ਆਕਾਰ 76 ਅਰਬ ਡਾਲਰ ਸੀ। ਅਮਰੀਕੀ ਅਰਬਪਤੀਆਂ ਦੀ ਜੇਬ੍ਹ ਵਿੱਚ ਜਾਣ ਵਾਲਾ ਹਰ ਡਾਲਰ ਕਿਰਤੀ ਲੋਕਾਂ ਦੇ ਖੂਨ ਨਾਲ ਲਿਬੜਿਆ ਹੋਇਆ ਸੀ। ਜਦੋਂ ਤੱਕ ਸਾਮਰਾਜਵਾਦ ਦੀ ਹੋਂਦ ਹੈ, ਆਧੁਨਿਕ ਜੰਗਾਂ ਦਾ ਸਰੋਤ ਵੀ ਮੌਜੂਦ ਹੈ। ਯੁੱਧਾਂ ਦਾ ਸਰਬਨਾਸ਼ ਕਰਨ ਲਈ ਸਾਨੂੰ ਅਟੱਲ ਤੌਰ 'ਤੇ ਸਾਮਰਾਜਵਾਦ ਦਾ ਸਰਬਨਾਸ਼ ਕਰਨਾ ਪਵੇਗਾ।

ਫੇਰ ਵੀ, ਸਾਮਰਾਜਵਾਦੀ ਪ੍ਰਬੰਧ ਦੀ ਹਿਫਾਜਤ ਕਰਨ ਲਈ ਲੋਕਾਂ ਨੂੰ ਧੋਖਾ ਦੇਣ

ਵਾਸਤੇ ਸਾਮਰਾਜਵਾਦੀ ਅਤੇ ਸੋਧਵਾਦੀ ਹਰ ਮੁਮਕਿਨ ਬੇਸਿਰ ਪੈਰ ਦੀਆਂ ਗੱਲਾਂ ਘੜਦੇ ਹਨ। ਇਸ ਤਰਾਂ ਦੀ ਇੱਕ ਅਨੋਖੀ ਬਕਵਾਸ '**ਮਹਾਂ ਸਾਮਰਾਜਵਾਦ ਬਾਰੇ**' ਨਾਮੀ ਸਿਧਾਂਤ ਵਿੱਚ ਮੌਜੂਦ ਹੈ, ਜਿਸ ਨੂੰ ਪਹਿਲੇ ਸੰਸਾਰ ਯੁੱਧ ਦੇ ਦੌਰਾਨ ਦੂਜੀ ਕੌਮਾਂਤਰੀ ਦੇ ਮੁਖੀਏ ਕਾਉਟਸਕੀ ਨੇ ਘੜਿਆ ਸੀ। ਉਸ ਨੇ ਇਸ ਤੱਥ ਨੂੰ ਜਾਣ ਬੁੱਝ ਕੇ ਅਣਦੇਖਿਆ ਕੀਤਾ ਕਿ ਸਾਮਰਾਜਵਾਦ ਵੱਲੋਂ ਬਾਹਰ ਵਿਸਥਾਰ ਅਤੇ ਹਮਲਾ ਇਜਾਰੇਦਾਰ ਪੂੰਜੀਵਾਦ ਦੇ ਤੱਤ ਤੋਂ ਤੈਅ ਹੁੰਦਾ ਹੈ, ਉਸਨੇ ਜੋਰ ਦਾਰ ਢੰਗ ਨਾਲ ਇਹ ਵਕਾਲਤ ਕੀਤੀ ਕਿ ਸਭ ਸਾਮਰਾਜਵਾਦ ਦੀਆਂ ਸੁਚੇਤ ਨੀਤੀਆਂ ਹਨ। ਇਸ ਲਈ, ਉਸ ਨੇ ਦੋਸ਼ ਲਾਇਆ ਕਿ "ਨਵ ਮਹਾਂ-ਸਾਮਰਾਜਵਾਦ" ਦੀਆਂ ਇਹ ਨੀਤੀਆਂ ਦੁਨੀਆਂ ਦੀ ਲੁੱਟ ਕਰਨ ਲਈ ਕੌਮਾਂਤਰੀ ਵਿੱਤੀ ਸੰਘਰਸ਼ਾਂ ਦੀ ਥਾਂ, ਕੌਮਾਂਤਰੀ ਸਹਿਯੋਗ ਨੂੰ ਸਥਾਪਿਤ ਕਰਨਗੀਆਂ"। ਨਤੀਜੇ ਵਜੋਂ ਇੱਕ ਸਥਾਈ ਸ਼ਾਂਤੀ ਆਵੇਗੀ। ਇਸ ਭੁਲੇਖਾ ਪਾਊ ਧਾਰਨਾ ਦਾ ਪਰਦਾ ਚਾਕ ਕਰਦੇ ਹੋਏ ਲੈਨਿਨ ਨੇ ਜੋਰ ਦੇ ਕੇ ਕਿਹਾ ਸੀ ਕਿ *" ਕਾਉਟਸਕੀ ਦੀ "ਮਹਾਂ ਸਾਮਰਾਜਵਾਦ ਬਾਰੇ" ਲਿਖਤ ਦਾ ਮਕਸਦ ਇਹ ਭਰਮ ਪੈਦਾ ਕਰਨਾ ਹੈ ਕਿ ਪੂੰਜੀਵਾਦ ਅਧੀਨ ਸਥਾਈ ਸ਼ਾਂਤੀ ਹਾਸਲ ਕੀਤੀ ਜਾ ਸਕਦੀ ਹੈ। ਇਹ ਲੋਕਾਂ ਨੂੰ ਉੱਲੂ ਬਣਾਉਣ ਵਾਲਾ ਘੋਰ ਪਿਛਾਖੜੀ ਵਿਚਾਰ ਹੈ। ਇਹ ਸਮਕਾਲੀ ਤਿੱਖੀਆਂ ਵਿਰੋਧਤਾਈਆਂ ਅਤੇ ਉੱਭਰਵੀਆਂ ਸਮੱਸਿਆਵਾਂ ਤੋਂ ਲੋਕਾਂ ਦਾ ਧਿਆਨ ਹਟਾ ਕੇ ਅਖੌਤੀ "ਨਵ ਮਹਾਂ-ਸਾਮਰਾਜਵਾਦ" ਦੇ ਭੁਲੇਖਾ ਪਾਊ ਭਵਿੱਖ 'ਤੇ ਲਾਉਣ ਦਾ ਇੱਕ ਹੱਥਕੰਡਾ ਹੈ"।*(28) ਕਾਉਟਸਕੀ ਵੱਲੋਂ ਘੜੇ "ਮਹਾਂ-ਸਾਮਰਾਜਵਾਦ ਬਾਰੇ" ਸਿਧਾਂਤ ਨੂੰ ਸਭ ਕਿਸਮ ਦੇ ਸੋਧਵਾਦੀਆਂ ਨੇ ਇਸ ਨੂੰ ਬਹੁਮੁੱਲੇ ਖਜ਼ਾਨੇ ਦੇ ਰੂਪ ਵਿੱਚ ਦੇਖਿਆ ਹੈ। ਉਹਨਾਂ ਨੇ ਵੱਖ-ਵੱਖ ਭੇਸਾਂ ਅਤੇ ਹਾਲਤਾਂ ਵਿੱਚ ਇਸ "ਸਿਧਾਂਤ" ਨੂੰ ਵਾਰ-ਵਾਰ ਪ੍ਰਚਾਰਿਆ ਹੈ। ਬਰੈਜ਼ਨੇਵ ਦੀ ਅਗਵਾਈ ਵਿੱਚ ਆਧੁਨਿਕ ਰੂਸੀ ਸੋਧਵਾਦੀਆਂ ਨੇ ਕੰਮ ਚਲਾਉ ਸਮਝੌਤਿਆਂ ਨੂੰ "ਸਥਾਈ ਸ਼ਾਂਤੀ ਦੇ ਢਾਂਚੇ" ਦੇ ਰੂਪ ਵਿੱਚ ਦੱਸਿਆ ਹੈ। ਉਹ ਇਹਨਾਂ ਵਿਚਲੇ ਵਿਰੋਧਤਾਈਆਂ ਉੱਤੇ ਪਰਦਾ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਲੋਕਾਂ ਨੂੰ ਧੋਖਾ ਦਿੱਤਾ ਜਾ ਸਕੇ, ਵਿਰੋਧੀ ਪੱਖ ਨੂੰ ਸ਼ਾਂਤ ਕੀਤਾ ਜਾ ਸਕੇ ਅਤੇ ਆਪਣੇ ਸਾਮਰਾਜਵਾਦੀ ਵਿਸਥਾਰ ਨੂੰ ਸੌਖਾ ਬਣਾਇਆ ਜਾ ਸਕੇ। ਸਾਮਰਾਜਵਾਦ ਦੇ ਅੰਦਰ ਮੁਕਾਬਲਾ ਅਤੇ ਸਮਝੋਤੇ ਦੋਵੇਂ ਹਨ। ਸਮਝੌਤੇ ਭਵਿੱਖ ਵਿੱਚ ਵੱਡਾ ਮੁਕਾਬਲਾ ਕਰਨ ਲਈ ਕੀਤੇ ਜਾਂਦੇ ਹਨ। ਮੁਕਾਬਲਾ ਨਿਰਪੇਖ ਅਤੇ ਲੰਮੇ ਸਮੇਂ ਲਈ ਹੈ ਅਤੇ ਸਮਝੌਤਾ ਸਾਪੇਖਿਕ ਅਤੇ ਥੋੜ੍ਹ ਚਿਰਾ ਹੈ। ਅੱਜ ਦੇ ਵਕਤੀ ਸਮਝੌਤੇ ਕੱਲ੍ਹ ਦੇ ਵੱਡੇ ਮੁਕਾਬਲੇ ਲਈ ਮੰਚ ਤਿਆਰ ਕਰਦੇ ਹਨ।

ਇਜਾਰੇਦਾਰੀ ਸਾਮਰਾਜਵਾਦ ਦੀ ਸਭ ਤੋਂ ਡੂੰਘੀ ਆਰਥਿਕ ਬੁਨਿਆਦ ਹੈ। ਇਹ ਸਾਮਰਾਜਵਾਦ ਦੇ ਹਮਲਾਵਰ ਅਤੇ ਲੋਟੂ ਖਾਸੇ ਨੂੰ ਤੈਅ ਕਰਦੀ ਹੈ ਅਤੇ ਇਹ ਬਦਲੇਗੀ ਨਹੀਂ। ਮਾਓ-ਜੇ-ਤੁੰਗ ਨੇ ਬਿਲਕੁਲ ਢੁਕਵੇਂ ਢੰਗ ਨਾਲ ਸਪੱਸ਼ਟ ਕੀਤਾ ਹੈ— *"ਜਦੋਂ ਅਸੀਂ ਕਹਿੰਦੇ ਹਾਂ ਕਿ ਸਾਮਰਾਜਵਾਦ ਬਹੁਤ ਖਤਰਨਾਕ ਹੈ, ਸਾਡਾ ਭਾਵ ਇਹ ਹੈ ਕਿ ਇਸ ਦਾ ਸੁਭਾਅ ਨਹੀਂ ਬਦਲ ਸਕਦਾ। ਸਾਮਰਾਜਵਾਦੀ ਫਨਾਹ ਹੋਣ ਤੱਕ ਨਾ ਤਾਂ ਹਥਿਆਰ ਰੱਖਣਗੇ ਅਤੇ ਨਾ ਹੀ ਸਵੈ-ਇੱਛਾ ਨਾਲ ਬੋਧੀ ਬਣ ਜਾਣਗੇ"।*(29)

ਪ੍ਰਮੁੱਖ ਅਧਿਐਨ ਸਮੱਗਰੀ :

ਲੈਨਿਨ, "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ", ਅਧਿਆਇ1-6

ਮਾਓ, "ਨਵ-ਜਮਹੂਰੀਅਤ ਬਾਰੇ"

ਮਾਓ, "ਭਰਮਾਂ ਨੂੰ ਤਿਆਗੋ ਅਤੇ ਸੰਘਰਸ਼ਾਂ ਦੀ ਤਿਆਰੀ ਕਰੋ"

ਪੜਚੋਲ ਲਈ ਪ੍ਰਸ਼ਨ:

1. ਸਾਮਰਾਜਵਾਦ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਕੀ ਹਨ ? ਅਸੀਂ ਅਜਿਹਾ ਕਿਉਂ ਕਹਿੰਦੇ ਹਾਂ ਕਿ ਇਜਾਰੇਦਾਰੀ ਸਾਮਰਾਜਵਾਦ ਦੀ ਸਭ ਤੋਂ ਡੂੰਘੀ ਆਰਥਿਕ ਬੁਨਿਆਦ ਹੈ ?

2.ਅਸੀਂ ਅਜਿਹਾ ਕਿਉਂ ਕਹਿੰਦੇ ਹਾਂ ਕਿ ਸਾਮਰਾਜਵਾਦ ਦਾ ਸੁਭਾਅ ਬਦਲੇਗਾ ਨਹੀਂ ? " ਮਹਾਂ ਸਾਮਰਾਜਵਾਦ ਬਾਰੇ" ਅਤੇ ਇਸ ਦੇ ਹੋਰ ਨਕਲੀ ਭੇਖਾਂ ਦੀ ਵਿਸ਼ਲੇਸ਼ਣਾਤਮਿਕ ਅਲੋਚਨਾ ਕਰੋ।

ਨੋਟਸ :

1. "ਸਾਮਰਾਜਵਾਦ ਅਤੇ ਸਮਾਜਵਾਦੀ ਅੰਦੋਲਨ ਵਿੱਚ ਫੁੱਟ " ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ 2 ਚੀਨੀ ਐਡੀਸ਼ਨ, 1972, ਪੰਨਾ 883

2. ਉਪਰੋਕਤ ਪੰਨਾ 808

3. ਉਪਰੋਕਤ ਪੰਨਾ 817

4. "ਵਿਰੋਧਤਾਈਆਂ ਬਾਰੇ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ ਭਾਗ 1, ਚੀਨੀ ਐਡੀਸ਼ਨ 1968, ਪੰਨਾ 289

5. "ਸਾਮਰਾਜਵਾਦ, ਸਰਮਾਏਦਾਰੀ ਦੀ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ, ਭਾਗ 2, ਚੀਨੀ ਜਿਲਦ 1972, ਪੰਨਾ 807,808

6. "ਪਾਰਟੀ ਚਾਰਟਰ ਵਿੱਚ ਸੁਧਾਰ ਲਈ ਸਮੱਗਰੀ" ਲੈਨਿਨ ਦੀਆਂ ਸਮੁੱਚੀਆਂ ਰਚਨਾਵਾਂ, ਭਾਗ 24,ਪੰਨਾ 431-32

7. "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ, ਭਾਗ 2, ਚੀਨੀ ਐਡੀਸ਼ਨ 1972, ਪੰਨਾ 769

8. ਉਪਰੋਕਤ ਪੰਨਾ 810

9. ਉਪਰੋਕਤ ਪੰਨਾ 779

10. ਏਂਗਲਜ਼ "ਡੂਹ ਰਿੰਗ ਵਿਰੁੱਧ" ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਰਚਨਾਵਾਂ ਭਾਗ3, ਚੀਨੀ ਐਡੀਸ਼ਨ, ਪੰਨਾ 1972, ਪੰਨਾ 317

11. "ਰਾਜ ਅਤੇ ਇਨਕਲਾਬ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ3, ਚੀਨੀ ਐਡੀਸ਼ਨ 1972 ਪੰਨਾ 171

12. ਏਂਗਲਜ਼ "ਡੂਹ ਰਿੰਗ ਵਿਰੁੱਧ" ਮਾਰਕਸ ਏਂਗਲਜ਼ ਦੀਆਂ ਚੋਣਵੀਆਂ

ਰਚਨਾਵਾਂ ਭਾਗ3, ਚੀਨੀ ਐਡੀਸ਼ਨ, ਪੰਨਾ 1972, ਪੰਨਾ 318

13. "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ, ਭਾਗ 2, ਚੀਨੀ ਐਡੀਸ਼ਨ 1972, ਪੰਨਾ 782

14. "ਚੀਨੀ ਇਨਕਲਾਬ ਅਤੇ ਚੀਨੀ ਕਮਿਊਨਿਸਟ ਪਾਰਟੀ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਚੀਨੀ ਐਡੀਸ਼ਨ 1968 , ਭਾਗ 2, ਪੰਨਾ 589

15. ਉਪਰੋਕਤ ਪੰਨਾ 591

16 "ਅਲਵਿਦਾ, ਲੀਟਨ ਸਟੂਅਰਟ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 4, ਚੀਨੀ ਐਡੀਸ਼ਨ 1968, ਪੰਨਾ 1384

17. ਲੈਨਿਨ, "ਸਾਮਰਾਜਵਾਦ, ਸਰਮਾਏਦਾਰੀ ਦਾ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ, ਭਾਗ 2, ਚੀਨੀ ਐਡੀਸ਼ਨ 1972, ਪੰਨਾ 795

18. ਉਪਰੋਕਤ, ਪੰਨਾ 795

19. ਉਪਰੋਕਤ, ਪੰਨਾ 802-03

20. ਉਪਰੋਕਤ, ਪੰਨਾ 802

21. "ਸਮਾਜਵਾਦ ਅਤੇ ਜੰਗ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਭਾਗ 24, ਪੰਨਾ 313-14

22. "ਇਨਕਲਾਬੀ ਪ੍ਰੋਲੇਤਾਰੀ ਅਤੇ ਕੌਮੀ ਸਵੈਨਿਰਣਾ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਭਾਗ 21, ਪੰਨਾ 392

23. "ਚੀਨੀ ਯੁੱਧ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਭਾਗ4 ਪੰਨਾ 335

24. ਉਪਰੋਕਤ, ਪੰਨਾ 336

25. "ਖੱਬੇ ਪੱਖੀ ਜਿਮਰਵਾਲਡਿਸਟਾਂ ਦੇ ਫੈਸਲਿਆਂ ਦਾ ਖਰੜਾ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਭਾਗ 21, ਪੰਨਾ 324

26. "ਅਜੋਕੀ ਸਥਿਤੀ ਅਤੇ ਪਾਰਟੀ ਦੇ ਕਾਰਜ਼" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ ਭਾਗ 2, ਚੀਨੀ ਐਡੀਸ਼ਨ 1965, ਪੰਨਾ 568

27. "ਸਾਮਰਾਜਵਾਦ ਸਰਮਾਏਦਾਰੀ ਦਾ ਸਰਵਉੱਚ ਪੜਾਅ" ਦੇ ਫਰਾਂਸੀਸੀ ਅਤੇ ਜਰਮਨ ਐਡੀਸ਼ਨਾਂ ਦੀ ਭੂਮਿਕਾ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ 2, ਚੀਨੀ ਐਡੀਸ਼ਨ 1972 , ਪੰਨਾ 733

28 "ਸਾਮਰਾਜਵਾਦ ਸਰਮਾਏਦਾਰੀ ਦ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ2, ਚੀਨੀ ਐਡੀਸ਼ਨ 1972 ਪੰਨਾ 836

29. "ਭਰਮਾਂ ਨੂੰ ਤਿਆਗੋ ਅਤੇ ਸੰਘਰਸ਼ਾਂ ਲਈ ਤਿਆਰ ਹੋ ਜਾਓ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ ਭਾਗ 4, ਚੀਨੀ ਐਡੀਸ਼ਨ 1968, ਪੰਨਾ 1375-76

* * * * * * * * * * *

10

ਸਾਮਰਾਜਵਾਦ ਪ੍ਰੋਲੇਤਾਰੀ ਸਮਾਜਵਾਦੀ ਇਨਕਲਾਬ ਦਾ ਪਹੁ-ਫੁਟਾਲਾ ਹੈ

ਸਾਮਰਾਜਵਾਦ ਮੁਰਝਾ ਰਿਹਾ ਅਤੇ ਮਰਨ ਕਿਨਾਰੇ ਪੂੰਜੀਵਾਦ ਹੈ

ਜਦੋਂ ਪੂੰਜੀਵਾਦ ਖੁੱਲ੍ਹੇ ਮੁਕਾਬਲੇ ਤੋਂ ਇਜਾਰੇਦਾਰਾ ਪੜਾਅ ਵੱਲ ਵਿਕਾਸ ਕਰਦਾ ਹੈ, ਤਾਂ ਇਸਦੀਆਂ ਵੱਖ–ਵੱਖ ਵਿਰੋਧਤਾਈਆਂ ਤਿੱਖੀਆਂ ਹੋ ਜਾਂਦੀਆਂ ਹਨ ਜਵਾਲਾ ਮੁਖੀ ਦੀ ਤਰਾਂ, ਇਹ ਵਿਰੋਧਤਾਈਆਂ ਸਾਮਰਾਜਵਾਦ ਦੀ ਹੋਂਦ ਲਈ ਹੀ ਖਤਰਾ ਬਣ ਜਾਂਦੀਆਂ ਹਨ। ਤਦ ਸਾਮਰਾਜਵਾਦ ਦਾ ਜੀਵਨ ਸੀਮਤ ਹੋ ਜਾਂਦਾ ਹੈ। ਸਾਮਰਾਜਵਾਦ ਆਪਣੇ ਵੱਡੇ ਮੁਖੌਟੇ ਦੇ ਬਾਵਜੂਦ ਇੱਕ ਕਾਗਜ਼ੀ ਸ਼ੇਰ ਹੀ ਹੈ। ਸਾਮਰਾਜਵਾਦ ਸਮਾਜਵਾਦੀ ਇਨਕਲਾਬ ਦਾ ਪਹੁ–ਫੁਟਾਲਾ ਹੈ।

ਸਾਮਰਾਜਵਾਦ ਪਰਜੀਵੀ ਹੈ

ਪੈਦਾਵਾਰ ਅਤੇ ਤਕਨੀਕ ਦੇ ਵਿਕਾਸ ਦੀ ਖੜੋਤ-ਗ੍ਰਸਤ ਰੁਚੀ

ਜਦੋਂ ਪੂੰਜੀਵਾਦ ਸਾਮਰਾਜਵਾਦ ‘ਚ ਵਿਕਾਸ ਕਰਦਾ ਹੈ ਤਾਂ ਇਹ ਮੁਰਝਾਉਣਾ ਅਤੇ ਨਿਘਰਨਾ ਸ਼ੁਰੂ ਹੋ ਜਾਂਦਾ ਹੈ। ਸਾਮਰਾਜਵਾਦ ਪਰਜੀਵੀ ਜਾਂ ਮੁਰਝਾ ਰਿਹਾ ਪੂੰਜੀਵਾਦ ਹੈ। ਇਜਾਰੇਦਾਰੀ ਪ੍ਰਬੰਧ ਸਾਮਰਾਜਵਾਦ ਦੇ ਮਰਨਊ ਸੁਭਾਅ ਨੂੰ ਜਨਮ ਦਿੰਦਾ ਹੈ। ਇਜਾਰੇਦਾਰੀ ਹੀ ਸਾਮਰਾਜਵਾਦ ਦੇ ਮਰਨਊ ਸੁਭਾਅ ਦਾ ਆਰਥਿਕ ਅਧਾਰ ਹੈ।

ਸਾਮਰਾਜਵਾਦ ਦਾ ਮਰਨਊ ਸੁਭਾਅ ਪਹਿਲ ਪ੍ਰਿਥਮੇ ਇਜਾਰੇਦਾਰੀ ਪ੍ਰਬੰਧ ਵਜੋਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿੱਚ ਗੰਭੀਰ ਅੜਿੱਕਾ ਖੜ੍ਹਾ ਕਰਨ ਦੇ ਰੂਪ ਵਿੱਚ ਜਾਹਰ ਹੁੰਦਾ ਹੈ। ਇਹ ਤਕਨੀਕੀ ਤਰੱਕੀ ਨੂੰ ਬਣਾਉਟੀ ਰੂਪ ਨਾਲ ਰੋਕ ਦਿੰਦੀ ਹੈ ਅਤੇ ਪੈਦਾਵਾਰ ਅਤੇ ਤਕਨੀਕ ਦੇ ਵਿਕਾਸ ਵਿੱਚ ਖੜੋਤ ਦੀ ਰੁਚੀ ਪੈਦਾ ਕਰ ਦਿੰਦਾ ਹੈ। ਇਜਾਰੇਦਾਰੀ ਤੋਂ ਪਹਿਲਾਂ, ਸਰਮਾਏਦਾਰ ਆਪਣੇ ਮੁਕਾਬਲਾਕਾਰਾਂ ਦੀ ਕੀਮਤ ਉੱਪਰ ਵੱਧ ਤੋਂ ਵੱਧ ਮੁਨਾਫਾ

ਕਮਾਉਣ ਦੇ ਚੱਕਰ ਵਿੱਚ ਤਕਨੀਕੀ ਤਰੱਕੀ ਨੂੰ ਨਜ਼ਰ ਅੰਦਾਜ ਨਹੀਂ ਕਰ ਸਕਦਾ ਸੀ। ਇਜਾਰੇਦਾਰੀ ਪ੍ਰਬੰਧ ਵਿੱਚ ਆ ਕੇ ਇਜਾਰੇਦਾਰ ਪੂੰਜੀਪਤੀ ਕਿਉਂਕਿ ਪੈਦਾਵਾਰ ਦੇ ਕੁੱਝ ਖੇਤਰਾਂ ਉੱਪਰ ਆਪਣਾ ਅੱਤ ਦਾ ਕੰਟਰੋਲ ਕਾਇਮ ਕਰ ਲੈਂਦਾ ਹੈ, ਇਸ ਲਈ ਉਹ ਇਜਾਰੇਦਾਰ ਕੀਮਤਾਂ ਤੈਅ ਕਰਕੇ ਉੱਚ ਇਜਾਰੇਦਾਰ ਮੁਨਾਫੇ ਹਾਸਲ ਕਰ ਸਕਦਾ ਹੈ। ਇਸ ਤਰਾਂ ਵਿਕਸਤ ਤਕਨੀਕ ਅਪਨਾਉਣ ਦੀ ਪ੍ਰੇਰਨਾ ਕਿਸੇ ਹੱਦ ਤੱਕ ਕਮਜ਼ੋਰ ਪੈ ਜਾਂਦੀ ਹੈ। ਇਜਾਰੇਦਾਰ ਪ੍ਰਬੰਧ ਤਹਿਤ ਪੂੰਜੀਪਤੀ ਨੂੰ ਇਹ ਡਰ ਸਤਾਉਂਦਾ ਰਹਿੰਦਾ ਹੈ ਕਿ ਕਿਤੇ ਵਿਕਸਿਤ ਤਕਨੀਕ ਉਸਦੀ ਇਜਾਰੇਦਾਰ ਹੈਸੀਅਤ ਨੂੰ ਕਮਜ਼ੋਰ ਨਾ ਕਰ ਦੇਵੇ। ਇਸ ਲਈ ਉਹ ਅਕਸਰ ਨਵੀਂ ਤਕਨੀਕ ਦੇ ਵਿਕਾਸ ਵਿੱਚ ਬਨਾਉਟੀ ਰੁਕਾਵਟਾਂ ਖੜ੍ਹੀਆਂ ਕਰਦਾ ਹੈ।

ਇਜਾਰੇਦਾਰ ਪੂੰਜੀਪਤੀ ਵਿਕਸਿਤ ਤਕਨੀਕ ਤੋਂ ਐਨਾ ਤ੍ਰਹਿੰਦਾ ਕਿਉਂ ਹੈ ? ਅਤੇ ਕਿਉਂ ਇਸ ਵਿੱਚ ਰੁਕਾਵਟਾਂ ਖੜ੍ਹੀਆਂ ਕਰਦਾ ਹੈ ? ਪਹਿਲੀ ਗੱਲ ਤਾਂ ਇਹ ਹੈ ਕਿ ਨਵੀਂ ਤਕਨੀਕ ਅਤੇ ਨਵੇਂ ਸਾਜੋ ਸਮਾਨ ਦੀ ਵਿਸਥਾਰੀ ਵਰਤੋਂ ਨਾਲ਼ ਨਿਸ਼ਚਿਤ ਹੀ ਉਤਪਾਦਾਂ ਦੀਆਂ ਲਾਗਤਾਂ ਘੱਟ ਹੋ ਜਾਂਦੀਆਂ ਹਨ ਅਤੇ ਪੈਦਾਵਾਰ ਵਧ ਜਾਂਦੀ ਹੈ। ਪਰ ਇਸਦਾ ਸਿੱਟਾ ਇਹ ਵੀ ਹੋਵੇਗਾ ਕਿ ਪੂੰਜੀ ਦਾ ਨੁਕਸਾਨ ਹੋਵੇਗਾ ਜਾਂ ਉਸਦੀਆਂ ਪਹਿਲਾਂ ਵਾਲੀਆਂ ਮਸ਼ੀਨਾਂ ਅਤੇ ਉਪਕਰਣ ਪੁਰਾਣੇ ਪੈ ਜਾਣਗੇ ਅਤੇ ਉਹਨਾਂ ਵਿੱਚ ਅਦਿੱਖ ਕਦਰ ਘਟਾਈ ਹੋ ਜਾਵੇਗੀ। ਦੂਸਰੀ ਗੱਲ ਇਹ ਹੈ ਕਿ ਨਵੀਂ ਤਕਨੀਕ ਅਤੇ ਨਵੇਂ ਉਪਕਰਣਾ ਦੀ ਵਰਤੋਂ ਕਰਨ ਨਾਲ ਉਸੇ ਤਰਾਂ ਦੀਆਂ ਹੋਰ ਜਿਣਸਾਂ ਦੇ ਨਾਲ ਮੁਕਾਬਲਾ ਵੀ ਵਧ ਜਾਵੇਗਾ, ਜਿਸ ਨਾਲ ਉਸ ਦੀ ਇਜਾਰੇਦਾਰੀ ਦੀ ਹੈਸੀਅਤ ਨੂੰ ਖਤਰਾ ਹੋ ਸਕਦਾ ਹੈ।

ਇਸ ਲਈ ਇਜਾਰੇਦਾਰ ਪੂੰਜੀਪਤੀ ਇਜਾਰੇਦਾਰ ਕੀਮਤਾਂ ਬਣਾਈ ਰੱਖਣ ਲਈ ਅਕਸਰ ਪੈਦਾਵਾਰ ਦੇ ਵਿਕਾਸ ਲਈ ਲਾਭਦਾਇਕ ਸਾਰੀਆਂ ਨਵੀਆਂ ਤਕਨੀਕਾਂ ਅਤੇ ਖੋਜਾਂ ਨੂੰ ਖਰੀਦ ਲੈਂਦਾ ਹੈ ਅਤੇ ਨੁੱਕਰੇ ਲਾ ਦਿੰਦਾ ਹੈ। ਉਦਾਹਰਣ ਲਈ, ਬਨਾਉਟੀ ਪੈਟਰੋਲੀਅਮ ਦੀ ਤਕਨੀਕ ਪੈਟਰੋਲੀਅਮ ਕੰਪਨੀਆਂ ਦੀ ਇਜਾਰੇਦਾਰੀ ਲਈ ਇੱਕ ਖਤਰਾ ਹੈ ਅਤੇ ਇਸ ਵਾਸਤੇ ਇਸ ਨੂੰ ਉਹਨਾਂ ਨੇ ਪੂਰੇ ਵੀਹ ਸਾਲ ਨੁੱਕਰੇ ਲਾਈਂ ਰੱਖਿਆ ਹੈ। ਪ੍ਰਮਾਣੂ ਉਰਜਾ ਦੀ ਕਾਢ ਇੱਕ ਮਹਾਨ ਵਿਗਿਆਨਕ ਪ੍ਰਾਪਤੀ ਹੈ, ਪਰ ਸਾਮਰਾਜਵਾਦ ਇਸ ਦਾ ਇਸਤੇਮਾਲ ਪੂਰੀ ਤਰਾਂ ਇੱਕ ਸੱਨਅਤ ਦੀ ਇੱਕ ਪ੍ਰੇਰਕ ਸ਼ਕਤੀ ਦੇ ਰੂਪ ਵਿੱਚ ਨਾ ਕਰਕੇ, ਹਮਲੇ ਕਰਨ ਲਈ ਪ੍ਰਮਾਣੂ ਹਥਿਆਰਾਂ ਦਾ ਨਿਰਮਾਣ ਕਰਨ ਲਈ ਕਰਦਾ ਹੈ।

ਇਜਾਰੇਦਾਰ ਵੱਲੋਂ ਪੈਦਾਵਾਰ ਅਤੇ ਤਕਨੀਕ ਦੇ ਰਾਹ ਵਿੱਚ ਖੜ੍ਹੀਆਂ ਕੀਤੀਆਂ ਜਾਣ ਵਾਲੀਆਂ ਰੁਕਾਵਟਾਂ ਕਾਰਨ ਪੂੰਜੀਵਾਦ ਵੱਲੋਂ ਵਿਸਤ੍ਰਿਤ ਮੁੜ–ਪੈਦਾਵਾਰ ਦੀ ਦਰ ਵਿਚ ਗਿਰਾਵਟ ਆਉਣ ਲਗਦੀ ਹੈ। ਸੰਯੁਕਤ ਰਾਜ ਅਮਰੀਕਾ ਦੀ ਉਦਾਹਰਣ ਲਓ। 1871 ਤੋਂ1900 ਤੱਕ ਤੀਹ ਸਾਲਾਂ ਦੌਰਾਨ, ਇਸਦੀ ਸਨਅਤੀ ਪੈਦਾਵਾਰ ਲੱਗਭਗ 3.9 ਗੁਣਾਂ ਵਧੀ, ਪਰ 1901 ਤੋਂ 1929 ਤੱਕ ਦੇ ਤੀਹ ਸਾਲਾਂ ਦੌਰਾਨ 2.7 ਗੁਣਾਂ (ਲਾਹਨਤ ਹੈ) ਹੀ ਰਹੀ, ਅਤੇ 1930 ਤੋਂ 1959 ਤੱਕ ਦੇ ਤੀਹ ਸਾਲਾਂ ਦੌਰਾਨ ਤਾਂ ਸੱਨਅਤੀ ਪੈਦਵਾਰ ਵਿੱਚ ਵਾਧੇ ਦੀ ਔਸਤ (ਸਲਾਨਾ) ਦਰ ਸਿਰਫ 4.4% ਹੀ ਰਹੀ। ਇਸ ਤਰਾਂ ਅਸੀਂ ਦੇਖਦੇ ਹਾਂ

ਕਿ ਸੰਯੁਕਤ ਰਾਜ ਅਮਰੀਕਾ ਵਿੱਚ ਵਿਕਾਸ ਦੀ ਘਟਦੀ ਹੋਈ ਦਰ ਸਾਮਰਾਜਵਾਦ ਦੇ ਮਰਨਊ ਸੁਭਾਅ ਨੂੰ ਪੂਰੀ ਤਰਾਂ ਉਜਾਗਰ ਕਰਦੀ ਹੈ।

ਸਾਮਰਾਜਵਾਦੀ ਪੜਾਅ ਵਿੱਚ ਪੈਦਾਵਾਰ ਅਤੇ ਤਕਨੀਕ ਦੇ ਵਿਕਾਸ ਵਿੱਚ ਖੜੋਤ ਦੀ ਜੋ ਰੁਚੀ ਦਿਖਾਈ ਦੇ ਰਹੀ ਹੈ, ਉਸਦਾ ਇਹ ਮਤਲਬ ਨਹੀਂ ਹੈ ਕਿ ਸਾਮਰਾਜਵਾਦੀ ਦੇਸ਼ਾਂ ਵਿੱਚ ਪੈਦਵਾਰੀ ਤਕਨੀਕ ਦਾ ਵਿਕਾਸ ਇੱਕਦਮ ਠੱਪ ਹੋ ਗਿਆ ਹੈ। ਲੈਨਿਨ ਨੇ ਕਿਹਾ ਹੈ, *" ਜੇਕਰ ਅਸੀਂ ਇਹ ਸੋਚ ਲਈਏ ਕਿ ਇਹ ਮੁਰਝਾਊ ਰੁਚੀ ਪੂੰਜੀਵਾਦ ਦੇ ਕਿਸੇ ਵੀ ਤੇਜ਼ ਵਿਕਾਸ ਨੂੰ ਰੋਕ ਦਿੰਦੀ ਹੈ, ਤਾਂ ਅਸੀਂ ਗਲਤ ਹੋਵਾਂਗੇ। ਨਹੀਂ, ਸਾਮਰਾਜਵਾਦੀ ਦੌਰ ਵਿੱਚ, ਵਿਅਕਤੀਗਤ ਸਨਅਤੀ ਖੇਤਰ, ਵਿਅਕਤੀਗਤ ਬੁਰਜੂਆਜ਼ੀ ਜਾਂ ਤਬਕੇ ਅਤੇ ਅੱਡ-ਅੱਡ ਦੇਸ਼ ਭਿੰਨ-ਭਿੰਨ ਮਿਕਦਾਰ ਵਿੱਚ ਕਦੀ ਇਹ ਰੁਚੀ ਤਾਂ ਕਦੀ ਉਹ ਰੁਚੀ ਜਾਹਰ ਕਰਦੇ ਰਹਿਣਗੇ"।*[1]

ਇਸਦਾ ਕਾਰਨ ਇਹ ਹੈ ਕਿ ਖੁੱਲ੍ਹਾ ਮੁਕਾਬਲਾ ਇਜਾਰੇਦਾਰੀ ਨੂੰ ਜਨਮ ਦਿੰਦਾ ਹੈ ਪਰ ਇਜਾਰੇਦਾਰੀ ਮੁਕਾਬਲੇ ਨੂੰ ਕਿਸੇ ਵੀ ਤਰਾਂ ਖਤਮ ਨਹੀਂ ਕਰਦੀ। ਉਹ ਸਿਰਫ ਇਹ ਕਰਦੀ ਹੈ ਕਿ ਮੁਕਾਬਲੇ ਨੂੰ ਹੋਰ ਜਿਆਦਾ ਤਿੱਖਾ ਅਤੇ ਬੇਰਹਿਮ ਬਣਾ ਦਿੰਦੀ ਹੈ। ਮੁਕਾਬਲੇ ਵਿੱਚ, ਵੱਖ-ਵੱਖ ਇਜਾਰੇਦਾਰ ਪੂੰਜੀਪਤੀਆਂ ਦੀਆਂ ਜੁੰਡੀਆਂ ਆਪਣੇ ਮੁਕਾਬਲੇਕਾਰਾਂ ਨੂੰ ਖਤਮ ਕਰਨ ਲਈ ਹਿੰਸਾ, ਰਿਸ਼ਵਤ, ਧੋਖਾਧੜੀ ਅਤੇ ਫਰੇਬ ਦਾ ਸਹਾਰਾ ਲੈਂਦੀਆਂ ਹਨ, ਇਸ ਦੇ ਨਾਲ ਹੀ ਵੱਡੇ ਪੂੰਜੀਵਾਦੀ ਦੇਸ਼ਾਂ ਵਿਚਕਾਰ ਸਾਪੇਖਿਕ ਆਰਥਿਕ ਸ਼ਕਤੀਆਂ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ। ਪੈਦਾਵਾਰੀ ਤਾਕਤਾਂ ਦੇ ਨਿਸਫਲ ਵਿਕਾਸ ਦੀ ਇਸ ਆਮ ਰੁਚੀ ਦੇ ਤਹਿਤ ਕੁੱਝ ਪੂੰਜੀਵਾਦੀ ਦੇਸ਼ਾਂ ਦੀ ਹਾਲਤ ਖਰਾਬ ਹੋ ਸਕਦੀ ਹੈ, ਅਤੇ ਕੁੱਝ ਦੀ ਬਿਹਤਰ। ਇਸ ਲਈ ਇਜ਼ਾਰੇਦਾਰ ਪ੍ਰਬੰਧ ਵਿੱਚ, ਸਾਮਰਾਜਵਾਦੀ ਦੇਸ਼ਾਂ ਵਿੱਚ ਪੈਦਾਵਾਰ ਅਤੇ ਤਕਨੀਕ ਦਾ ਵਿਕਾਸ ਇੱਕ ਆਮ ਖੜੋਤ ਦੀ ਰੁਚੀ ਦਾ ਸ਼ਿਕਾਰ ਹੁੰਦਾ ਹੈ। ਪਰ ਇਸ ਦਾ ਮਤਲਬ ਇਹ ਕਦੀ ਨਹੀਂ ਕਿ ਕਿਸੇ ਵਿਸ਼ੇਸ਼ ਅਰਸੇ ਦੌਰਾਨ ਕਿਸੇ ਵਿਅਕਤੀਗਤ ਖੇਤਰ ਵਿਸ਼ੇਸ਼ ਦੀ ਪੈਦਾਵਾਰ ਤਕਨੀਕ ਦੇ ਹੋਰ ਜਿਆਦਾ ਤਿੱਖੇ ਵਿਕਾਸ ਦੀ ਸੰਭਾਵਨਾ ਨਹੀਂ ਰਹਿ ਜਾਂਦੀ।

ਸਾਮਰਾਜਵਾਦੀ ਦੌਰ ਵਿੱਚ, ਵਿਅਕਤੀਗਤ ਦੇਸ਼ਾਂ ਵਿੱਚ ਪੈਦਾਵਾਰੀ ਤਕਨੀਕ ਜਿਆਦਾ ਤੇਜ਼ ਵਿਕਾਸ ਵੀ ਕਰ ਸਕਦੀ ਹੈ। ਪਰ ਅਕਸਰ ਇਹ ਅਸਥਾਈ ਜਾਂ ਅਪਵਾਦ ਹੀ ਹੁੰਦੀ ਹੈ। ਜਪਾਨ ਦੀ ਉਦਾਹਰਣ ਲਓ। 1950 ਤੋਂ 1971 ਦੇ ਅਰਸੇ ਵਿੱਚ, ਜਪਾਨ ਦੀ ਕੌਮੀ ਪੈਦਾਵਾਰ ਹਰ ਸਾਲ ਔਸਤਨ 10% ਤੋਂ ਵੀ ਜਿਆਦਾ ਦਰ ਨਾਲ ਵਧਦੀ ਰਹੀ। ਪਰ ਇਸ ਰੁਝਾਨ ਨੂੰ ਲੰਮਾਂ ਸਮਾਂ ਨਹੀਂ ਰੱਖਿਆ ਜਾ ਸਕਿਆ। ਦਰਅਸਲ, ਜਪਾਨ ਦੀ ਪੈਦਾਵਾਰ ਦਾ ਤਿੱਖਾ ਵਿਕਾਸ ਅਮਰੀਕੀ ਸਾਮਰਾਜਵਾਦ ਵੱਲੋਂ ਜਪਾਨ ਦੀ ਇਜਾਰੇਦਾਰ ਪੂੰਜੀ ਨੂੰ ਦਿੱਤੀ ਜਾਣ ਵਾਲੀ ਭਾਰੀ ਸਹਾਇਤਾ ਦਾ ਨਤੀਜਾ ਸੀ। ਕੋਰੀਆ ਅਤੇ ਵੀਅਤਨਾਮ ਵਿਰੁਧ ਅਮਰੀਕੀ ਸਾਮਰਾਜਵਾਦ ਵੱਲੋਂ ਹਮਲਾਵਰ ਯੁੱਧਾਂ ਨੇ ਜਪਾਨ ਦੇ ਇਜਾਰੇਦਾਰ ਸਰਮਾਏਦਾਰਾਂ ਨੂੰ ਛੱਪਰ ਫਾੜ ਮੁਨਾਫਾ ਦਿਵਾਇਆ। 1950-53 ਦੌਰਾਨ ਕੋਰੀਆ ਵਿਰੁੱਧ ਹਮਲਾਵਰ ਜੰਗ ਛੇੜ ਕੇ

ਅਮਰੀਕੀ ਸਾਮਰਾਜਵਾਦ ਨੇ ਆਪਣੀਆਂ ਫੌਜੀ ਵਿਸ਼ੇਸ਼ ਲੋੜਾਂ ਵਾਲੇ ਆਰਡਰਾਂ ਤਹਿਤ ਘੱਟ ਤੋਂ ਘੱਟ ਦੋ ਅਰਬ ਡਾਲਰ ਦਾ ਭੁਗਤਾਨ ਜਪਾਨ ਨੂੰ ਕੀਤਾ। ਇਸੇ ਤਰਾਂ ਵੀਅਤਨਾਮ ਵਿਰੁੱਧ ਹਮਲਾਵਰ ਜੰਗ ਦੌਰਾਨ, ਆਪਣੀਆਂ ਵਿਸ਼ੇਸ਼ ਲੋੜਾਂ ਤਹਿਤ ਅਮਰੀਕੀ ਸਾਮਰਾਜਵਾਦ ਨੇ ਜਪਾਨ ਨੂੰ 1960 ਵਿਆਂ ਦੇ ਪਹਿਲੇ ਅੱਧ ਵਿੱਚ 30-40 ਕਰੋੜ ਡਾਲਰ (ਹਰ ਸਾਲ) ਦਾ ਭੁਗਤਾਨ ਕੀਤਾ। 1965 ਤੋਂ ਬਾਅਦ ਇਹ ਹਰ ਸਾਲ 50-60 ਕਰੋੜ ਦੇ ਹਿਸਾਬ ਨਾਲ ਵਧਦਾ ਹੀ ਗਿਆ। ਅਮਰੀਕੀ ਸਾਮਰਾਜਵਾਦ ਨੇ ਜਪਾਨ ਦੇ ਇਜਾਰੇਦਾਰ ਸਰਮਾਏ ਲਈ ਭਾਰੀ ਮਾਤਰਾ ਵਿੱਚ ਕਰਜ਼ਾ ਵੀ ਦਿੱਤਾ, ਜਪਾਨ ਦੀ ਭਾਰੀ ਸੱਨਅਤ ਵਿੱਚ ਸਿੱਧਾ ਨਿਵੇਸ਼ ਕੀਤਾ ਅਤੇ ਢੇਰ ਸਾਰੇ ਤਕਨੀਕੀ ਪੈਟੈਂਟ ਵੀ ਜਪਾਨ ਨੂੰ ਬਰਾਮਦ ਕੀਤੇ। ਇਸੇ ਹੀ ਸਮੇਂ, ਜਪਾਨੀ ਇਜਾਰੇਦਾਰ ਸਰਮਾਏ ਨੇ ਜਪਾਨ ਦੀ ਮਿਹਨਤਕਸ਼ ਜਨਤਾ ਦੀ ਬੇਰਹਿਮ ਲੁੱਟ ਕੀਤੀ ਅਤੇ ਰਾਜਕੀ ਬੱਜਟ ਤੋਂ ਭਾਰੀ ਮਾਤਰਾ ਵਿੱਚ ਸਬਸਿਡੀਆਂ ਵੀ ਪ੍ਰਾਪਤ ਕੀਤੀਆਂ। ਇਹਨਾਂ ਸਾਰੇ ਕਾਰਕਾਂ ਨੇ ਜਪਾਨ ਦੇ ਤਿੱਖੇ ਸਨਅਤੀ ਵਿਕਾਸ ਵਿੱਚ ਯੋਗਦਾਨ ਪਾਇਆ। ਜਪਾਨੀ ਯੈਨ ਦੀ ਕਦਰ ਘਟਾਈ ਨੇ ਜਪਾਨੀ ਜਿਣਸਾਂ ਨੂੰ ਸੰਸਾਰ ਬਜ਼ਾਰ ਵਿੱਚ ਬਹੁਤ ਮੁਕਾਬਲੇ ਯੋਗ ਬਣਾ ਦਿੱਤਾ। ਇਹ ਦਰਸਾਉਂਦਾ ਹੈ ਕਿ ਜਿਨਾਂ ਕਾਰਨਾਂ ਨੇ ਜਪਾਨ ਦੇ ਸਨਅਤੀ ਵਿਕਾਸ ਨੂੰ ਅੱਗੇ ਵਧਾਇਆ ਉਹ ਲੰਮੇ ਸਮੇਂ ਤੱਕ ਨਹੀਂ ਰਹਿ ਸਕਦੇ ਸਨ। ਜਪਾਨੀ ਅਰਥਚਾਰੇ ਦਾ ਤੇਜ ਵਿਕਾਸ ਸਿਰਫ ਥੋੜ੍ਹ ਚਿਰਾ ਹੀ ਨਹੀਂ ਸਗੋਂ ਅਸਾਧਾਰਨ ਅਤੇ ਅਧਾਰ ਰਹਿਤ ਵੀ ਸੀ। ਇਸ ਵਿੱਚ ਪਹਿਲੀ ਗੱਲ ਤਾਂ ਇਹ ਹੈ ਕਿ ਜਪਾਨੀ ਸਨਅਤ ਦੇ ਅੰਨ੍ਹੇਵਾਹ ਵਿਕਾਸ ਕਾਰਨ ਖੇਤੀ ਪੈਦਵਾਰ ਤੇਜੀ ਨਾਲ ਘਟੀ ਹੈ। ਦੂਜੇ ਸੰਸਾਰ ਯੁੱਧ ਤੋਂ ਪਿੱਛੋਂ ਜਪਾਨ ਵਿੱਚ ਕਣਕ ਦੀ ਪੈਦਾਵਾਰ ਇੱਕਦਮ ਗੋਤਾ ਖਾ ਗਈ, ਲੋਬੀਏ (beans) ਦੀ ਪੈਦਾਵਾਰ ਤੇਜੀ ਨਾਲ ਘਟੀ ਅਤੇ ਚਾਵਲਾਂ ਦੀ ਪੈਦਾਵਾਰ ਵੀ 1968 ਤੋਂ ਡਿਗਦੀ ਗਈ ਹੈ। 1960 ਤੋਂ 70 ਤੱਕ, ਜਪਾਨ ਦੇ ਖਾਸ ਉਤਪਾਦਾਂ ਵਿੱਚ ਆਤਮ ਨਿਰਭਰਤਾ ਦੀ ਦਰ 90% ਤੋਂ ਘੱਟ ਕੇ 73% ਰਹਿ ਗਈ। ਦੂਸਰੀ ਗੱਲ ਇਹ ਹੈ ਕਿ ਉਸਨੂੰ ਕੱਚਾ ਮਾਲ ਭਾਰੀ ਮਾਤਰਾ ਵਿੱਚ ਦਰਾਮਦ ਕਰਨਾ ਪੈਂਦਾ ਹੈ ਅਤੇ ਤਿਆਰ ਮਾਲ ਬਰਾਮਦ ਬਾਜਾਰ ਉੱਪਰ ਹੀ ਨਿਰਭਰ ਹੈ। ਤਾਂਬਾ, ਐਲੂਮੀਨੀਅਮ. ਲੋਹਾ, ਕੱਚੀ ਧਾਤ, ਪੈਟਰੋਲੀਅਮ ਅਤੇ ਕੋਇਲਾ ਵਰਗੇ ਕੱਚੇ ਮਾਲਾਂ ਵਿੱਚੋਂ ਦਸ ਪ੍ਰਮੁੱਖ ਮਾਲਾਂ ਦਾ ਆਯਾਤ ਅਨੁਪਾਤ, ਜੋ 1960 ਵਿੱਚ 71% ਸੀ ਵਧ ਕੇ 1970 ਵਿੱਚ 90% ਹੋ ਗਿਆ। ਦੂਸਰੇ ਪਾਸੇ ਜਪਾਨੀ ਸੱਨਅਤੀ ਉਤਪਾਦਾਂ ਦਾ ਨਿਰਯਾਤ ਅਨੁਪਾਤ ਜੋ 1950 ਵਿੱਚ 18.3% ਸੀ ਵਧ ਕੇ 1969 ਵਿੱਚ 38.1% ਹੋ ਗਿਆ ਜਿਸ ਦੇ ਤਹਿਤ ਬਣਾਉਟੀ ਧਾਗੇ ਤੋਂ ਬੁਣੀਆਂ ਹੋਈਆਂ ਜਿਣਸਾਂ ਦਾ ਬਰਾਮਦ ਅਨੁਪਾਤ 46.4%, ਸਿਲਾਈ ਮਸ਼ੀਨਾਂ ਦਾ ਬਰਾਮਦ ਅਨਪਾਤ 67.4 ਅਤੇ ਪਾਣੀ ਦੇ ਜਹਾਜ਼ਾਂ ਦਾ ਬਰਾਮਦ ਅਨੁਪਾਤ 68.9% ਸੀ। ਇਹ ਤੱਥ ਜਾਹਿਰ ਕਰਦੇ ਹਨ ਕਿ ਜਪਾਨੀ ਆਰਥਿਕ ਵਿਕਾਸ ਦਾ ਆਧਾਰ ਬਹੁਤ ਹੀ ਡਾਵਾਂ ਡੋਲ ਹੈ। ਇਸ ਲਈ ਵਰਤਮਾਨ ਦਰਾਂ ਉੱਪਰ ਲੰਮੇ ਸਮੇਂ ਲਈ ਇਸ ਵਿਕਾਸ ਨੂੰ ਬਣਾਈ ਰੱਖਣਾ ਅਸੰਭਵ ਹੈ, ਖੜੋਤ ਪ੍ਰਵਿਰਤੀ ਦਾ ਹਾਵੀ ਹੋ ਜਾਣਾ ਅਟੱਲ ਹੈ।

ਕੌਮੀ ਅਰਥਚਾਰੇ ਦਾ ਫੌਜੀਕਰਨ ਸਮਾਜਿਕ ਪੈਦਾਵਾਰ ਦੀ ਸ਼ਕਤੀ ਨੂੰ ਅੰਦਰੋਂ ਖੋਖਲਾ ਬਣਾ ਦਿੰਦਾ ਹੈ

ਕੌਮੀ ਅਰਥਚਾਰੇ ਦਾ ਫੌਜੀਕਰਨ ਉਸਨੂੰ ਅਜਿਹੀ ਹਨੇਰੀ ਗਲੀ ਵਿੱਚ ਪਹੁੰਚਾ ਦਿੰਦਾ ਹੈ ਜਿੱਥੇ ਆਖਰਕਾਰ ਪਹੁੰਚ ਜਾਣਾ ਸਾਮਰਾਜਵਾਦੀ ਆਰਥਿਕ ਵਿਕਾਸ ਦਾ ਇੱਕ ਅਟੱਲ ਸਿੱਟਾ ਹੈ ਅਤੇ ਨਾਲ ਹੀ ਇਹ ਸਾਮਰਾਜਵਾਦ ਦੇ ਵਧ ਰਹੇ ਮਰਨਊ ਸੁਭਾਅ ਦਾ ਇੱਕ ਠੋਸ ਇਜ਼ਹਾਰ ਵੀ ਹੈ। ਪੂੰਜੀਵਾਦੀ ਪੈਦਾਵਾਰੀ ਤਾਕਤਾਂ ਦੇ ਵਾਧੇ ਅਤੇ ਕਿਰਤੀ ਲੋਕਾਂ ਸਮੂਹਾਂ ਦੀ ਨਾਕਾਫੀ ਪ੍ਰਭਾਵੀ ਮੰਗ ਦੇ ਦਰਮਿਆਨ ਮੁਨਾਫੇ ਕਮਾਉਣ ਦੀ ਗਰਜ਼ ਨਾਲ ਦੁਨੀਆਂ ਦੀ ਫਿਰ ਤੋਂ ਵੰਡ ਕਰਨ ਲਈ, ਸਾਮਰਾਜਵਾਦ ਪਾਗਲਾਨਾ ਰੂਪ ਵਿੱਚ ਜੰਗ ਦੀਆਂ ਤਿਆਰੀਆਂ ਵਾਸਤੇ ਵੱਧ ਤੋਂ ਵੱਧ ਹਥਿਆਰਾਂ ਦਾ ਵਿਸਥਾਰ ਕਰਦਾ ਹੈ। ਕੌਮੀ ਆਮਦਨ ਦਾ ਜਿਆਦਾ ਤੋਂ ਜਿਆਦਾ ਹਿੱਸਾ ਫੌਜ ਉੱਪਰ ਖਰਚ ਕਰਨ, ਹਥਿਆਰ ਬਣਾਉਣ, ਯੁੱਧ ਨਾਲ ਸਬੰਧਤ ਖੋਜ਼ ਉੱਪਰ ਖ਼ਰਚ ਕਰਨ ਅਤੇ ਸਾਮਰਾਜਵਾਦੀ ਹਮਲਾਵਰ ਜੰਗਾਂ ਵਿੱਚ ਲਾਉਣ ਲਈ ਵਰਤਿਆ ਜਾਣ ਲਗਦਾ ਹੈ।

ਸਾਮਰਾਜਵਾਦੀ ਦੇਸ਼ਾਂ ਵਿੱਚ ਕੌਮੀ ਅਰਥਚਾਰੇ ਦਾ ਫੌਜੀਕਰਨ ਸਭ ਤੋਂ ਪਹਿਲਾਂ ਫੌਜੀ ਖਰਚਿਆਂ ਵਿੱਚ ਵਾਧੇ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਦੂਸਰੇ ਯੁੱਧ ਤੋਂ ਬਾਅਦ ਅਮਰੀਕੀ ਬਜ਼ਟ ਵਿੱਚ ਫੌਜੀ ਸੁਰੱਖਿਆ ਖਰਚ ਦਾ ਹਿੱਸਾ ਤੇਜ਼ੀ ਨਾਲ ਵਧਿਆ। 1946 ਤੋਂ 1970 ਤੱਕ ਅਮਰੀਕਾ ਦਾ ਕੁੱਲ ਸਿੱਧਾ ਫੌਜੀ ਖ਼ਰਚ 1100 ਅਰਬ ਡਾਲਰ ਸੀ,ਯਾਣੀ ਹਰ ਸਾਲ ਔਸਤਨ 45 ਅਰਬ ਡਾਲਰ। 1972-73 ਦੇ ਮਾਲੀ ਸਾਲ ਵਿੱਚ, ਸਿੱਧਾ ਫੌਜੀ ਖ਼ਰਚ 78.3 ਅਰਬ ਡਾਲਰ ਦੇ ਜੋੜ ਬਰਾਬਰ ਸੀ। ਇਸ ਵਿੱਚ ਸਾਬਕਾ ਫੌਜੀਆਂ ਨੂੰ ਦਿੱਤੀਆਂ ਜਾਣ ਵਾਲੀਆਂ 11.7 ਅਰਬ ਡਾਲਰ ਦੀਆਂ ਸਬਸਿਡੀਆਂ ਅਤੇ ਪੁਲਾੜ ਪ੍ਰੋਗਰਾਮ ਲਈ 3.2 ਅਰਬ ਡਾਲਰ ਹੋਰ ਜੋੜਕੇ ਇਹਨਾਂ ਤਿੰਨਾਂ ਵੰਨਗੀਆਂ ਦਾ ਖਰਚ 93.2 ਅਰਬ ਡਾਲਰ ਤੱਕ ਜਾ ਪਹੁੰਚਿਆ। ਇਹ ਰੁਚੀ ਫੌਜੀ ਸੱਨਅਤਾਂ ਅਤੇ ਫੌਜੀ ਵਿਗਿਆਨ ਸਬੰਧੀ ਖੋਜਾਂ ਦੇ ਖੇਤਰ ਵਿੱਚ ਵੱਧ ਤੋਂ ਵੱਧ ਵਧਦੇ ਖਰਚ ਦੇ ਰੂਪ ਵਿੱਚ ਪ੍ਰਗਟ ਹੋਈ। ਸਮਾਜਿਕ ਦੌਲਤ ਦੇ ਪੈਦਾਵਾਰੀ ਖੇਤਰ ਤੋਂ ਇੱਕ ਭਾਰੀ ਹਥਿਆਰਸਾਜ਼ੀ ਦੇ ਤਹਿਤ ਰੁਜ਼ਗਾਰ ਦਾ ਪੱਧਰ ਅਤੇ ਕੁੱਲ ਕਿਰਤ ਸ਼ਕਤੀ ਦੇ ਮੁਕਾਬਲੇ ਅਨੁਪਾਤ ਕ੍ਰਮਵਾਰ: ਇਲੈਕਟਰਾਨਿਕ ਉਪਕਰਣ ਦੇ ਖੇਤਰ ਵਿੱਚ 126,900 ਅਤੇ 38.6%, ਰੇਡੀਓ ਉਪਕਰਣ, ਟੈਲੀਵਿਜ਼ਨ ਸੈਟਾਂ ਅਤੇ ਦੂਰਸੰਚਾਰ ਉਪਕਰਣਾ ਦੇ ਖੇਤਰ ਵਿੱਚ 256.900 ਅਤੇ 72.4% ਸੀ। ਅਮਰੀਕਾ ਦੀ ਕੁੱਲ ਵਿਗਿਆਨਕ ਅਤੇ ਤਕਨੀਕੀ ਕਿਰਤ ਸ਼ਕਤੀ ਦਾ ਦੋ ਤਿਹਾਈ ਹਿੱਸਾ ਹਥਿਆਰ ਨਿਰਮਾਣ ਅਤੇ ਪੁਲਾੜ ਖੋਜ ਵਿੱਚ ਹੀ ਲੱਗਾ ਹੋਇਆ ਹੈ। ਅਮਰੀਕਾ ਦੀ ਸੱਤ ਕਰੋੜ ਸੱਤਰ ਲੱਖ ਕਿਰਤ ਸ਼ਕਤੀ (ਹਥਿਆਰ ਬੰਦ ਫੌਜਾਂ ਨੂੰ ਛੱਡ ਕੇ) ਦਾ ਲੱਗਭਗ 20% ਸੁਰੱਖਿਆ ਵਿਭਾਗ ਤੋਂ ਮਿਲਣ ਵਾਲੇ ਹਥਿਆਰਾਂ ਦੇ ਆਰਡਰਾਂ ਉੱਪਰ ਹੀ ਨਿਰਭਰ ਹੈ।

ਸਾਮਰਾਜਵਾਦੀ ਦੇਸ਼ਾਂ ਦਾ ਕੌਮੀ ਅਰਥਚਾਰੇ ਦੇ ਆਮ ਫੌਜੀ ਕਰਨ ਦੇ ਗੰਭੀਰ

ਉਲਟ ਨਤੀਜੇ ਵੀ ਸਾਹਮਣੇ ਆ ਚੁੱਕੇ ਹਨ। ਹਾਲੀਆ ਸਾਲਾਂ ਵਿੱਚ, ਅਮਰੀਕਾ ਨੇ ਹਥਿਆਰ ਨਿਰਮਾਣ ਅਤੇ ਹਮਲਿਆਂ ਉੱਪਰ ਕਰੀਬ 100 ਅਰਬ ਡਾਲਰ ਖਰਚ ਕੀਤੇ ਹਨ। ਇਹ ਉਤਪਾਦ ਜਾਂ ਤਾਂ ਯੁੱਧ ਖੇਤਰ ਵਿੱਚ ਲੋਕਾਂ ਦਾ ਕਤਲੇਆਮ ਕਰਨ ਲਈ ਅਤੇ ਸਮਾਜਿਕ ਦੌਲਤ ਨੂੰ ਨਸ਼ਟ ਕਰਨ ਲਈ ਇਸਤੇਮਾਲ ਕੀਤੇ ਜਾ ਰਹੇ ਹਨ ਜਾਂ ਫਿਰ ਗੁਦਾਮਾਂ ਵਿੱਚ ਸੜਦਾ ਹੋਇਆ ਕਬਾੜ ਬਣ ਰਹੇ ਹਨ। ਉਹ ਕਾਰਖਾਨੇ 'ਚੋਂ ਨਿਕਲਣ ਤੋਂ ਪਹਿਲਾਂ ਹੀ "ਪੁਰਾਣੇ" ਹੋ ਸਕਦੇ ਹਨ, ਕਿਉਂਕਿ ਨਵੇਂ-ਨਵੇਂ ਹਥਿਆਰ ਖੋਜੇ ਜਾਂਦੇ ਹਨ। ਇਸ ਤਰਾਂ ਕੌਮੀ ਅਰਥਚਾਰੇ ਦੇ ਫੌਜੀਕਰਨ ਨੇ ਬੜੇ ਅਜੀਬੋ-ਗਰੀਬ ਨਤੀਜੇ ਪੈਦਾ ਕੀਤੇ ਹਨ: ਜਿਵੇਂ ਹਥਿਆਰ ਸੱਨਅਤ ਦਾ ਪਰਸਾਰਕਾਰੀ ਵਧਾਰਾ ਅਤੇ ਨਾਗਰਿਕ ਸੱਨਅਤਾਂ ਦਾ ਅਪਰਸਾਰਕਾਰੀ ਸੁੰਗੜਾਓ। ਬੀਤੇ ਸਾਲਾਂ ਦੌਰਾਨ, ਅਮਰੀਕਾ ਦੇ ਹਵਾਈ ਅਤੇ ਪੁਲਾੜ ਖੋਜ਼ ਨਾਲ ਸਬੰਧਿਤ ਸੱਨਅਤਾਂ ਵਿੱਚ ਗਾਈਡਡ ਮਿਜਾਈਲਾਂ, ਜਹਾਜ਼, ਅਤੇ ਪੁਲਾੜ ਵਾਹਨ ਦੀ ਪੈਦਾਵਾਰ, ਆਪਣੇ ਮੁੱਲ ਵਿੱਚ 6 ਗੁਣਾਂ ਤੱਕ ਵਧ ਗਈ। ਦੂਸਰੇ ਪਾਸੇ ਇਸ ਦਾ ਨਤੀਜਾ ਇਹ ਹੋਇਆ ਕਿ ਨਾਗਰਿਕ ਸੱਨਅਤਾਂ ਦਾ ਵਿਕਾਸ ਮੱਠਾ ਰਿਹਾ। ਕੁੱਝ ਸੱਨਅਤਾਂ ਨੂੰ ਤਾਂ ਆਪਣੀ ਪੈਦਾਵਾਰ ਘਟਾ ਵੀ ਦੇਣੀ ਪਈ ਹੈ। ਕੱਪੜਾ ਸੱਨਅਤਾਂ ਦੀ ਹੀ ਉਦਾਹਰਣ ਲਓ। 1970 ਵਿੱਚ ਕੱਪੜੇ ਦੀ ਪੈਦਾਵਾਰ 1950 ਦੇ ਮੁਕਾਬਲੇ ਸਿਰਫ 88% ਹੀ ਰਹਿ ਗਈ। ਸਾਮਰਾਜਵਾਦ ਵੱਲੋਂ ਹਮਲਿਆਂ ਅਤੇ ਯੁੱਧਾਂ ਦੀ ਨੀਤੀ ਅਤੇ ਕੌਮੀ ਅਰਥਚਾਰੇ ਦੇ ਫੌਜੀਕਰਨ ਨੇ ਕਿਰਤ ਸ਼ਕਤੀ, ਜਿਣਸਾਂ ਅਤੇ ਦੌਲਤ ਜਾਂ ਸਮਾਜਿਕ ਦੌਲਤ ਦਾ ਭਾਰੀ ਪੈਮਾਨੇ ਉੱਪਰ ਵਿਨਾਸ਼ ਕੀਤਾ ਹੈ। ਇਹ ਸਾਮਰਾਜਵਾਦ ਦੇ ਮਰਨਊ ਸੁਭਾਅ ਦੀ ਇੱਕ ਵਰਨਣਯੋਗ ਵਿਸ਼ੇਸ਼ਤਾ ਹੈ।

ਬੁਰਜੁਆਜ਼ੀ ਇੱਕ ਅਜਿਹਾ ਤਬਕਾ ਬਣਦੀ ਹੈ ਜੋ ਪੂਰੀ ਤਰਾਂ ਸੂਦਖੋਰੀ ਉੱਪਰ ਹੀ ਵਧਦੀ-ਫੁਲਦੀ ਹੈ

ਸਾਮਰਾਜਵਾਦ ਦਾ ਪਰਜੀਵੀ ਅਤੇ ਮਰਨਊ ਸੁਭਾਅ ਇਸ ਰੂਪ ਵਿੱਚ ਹੋਰ ਵੀ ਉਜਾਗਰ ਹੁੰਦਾ ਹੈ ਕਿ ਬੁਰਜੁਆਜ਼ੀ ਲਗਾਤਾਰ ਇੱਕ ਅਜਿਹਾ ਤਬਕਾ ਬਣਦੀ ਜਾ ਰਹੀ ਹੈ, ਜੋ ਪੂਰੀ ਤਰਾਂ ਸੂਦਖੋਰੀ ਉੱਪਰ ਪਲਦੀ ਹੈ। ਇਹ ਅਖੌਤੀ ਤਬਕਾ ਉਹਨਾਂ ਦਾ ਹੈ ਜੋ ਪੈਦਾਵਾਰੀ ਅਮਲ ਤੋਂ ਪੂਰੀ ਤਰਾਂ ਕੱਟ ਚੁੱਕਿਆ ਹੈ ਅਤੇ "ਸੂਦਖੋਰੀ ਉੱਪਰ ਹੀ ਜਿਊਂਦਾ ਹੈ।" ਬੁਰਜੁਆਜ਼ੀ ਪੈਦਾਵਾਰੀ ਕਿਰਤ ਵਿੱਚ ਕਦੇ ਵੀ ਸ਼ਾਮਿਲ ਨਹੀਂ ਹੋਈ ਇਹ ਮਜ਼ਦੂਰਾਂ ਦੀ ਲੁੱਟ ਕਰਕੇ ਅੱਯਾਸ਼ੀ ਭਰੀ ਜਿੰਦਗੀ ਜਿਉਂਦੀ ਆਈ ਹੈ। ਸਾਮਰਾਜਵਾਦ ਦੇ ਪੜਾਅ ਵਿੱਚ, ਬੁਰਜੂਆਜ਼ੀ ਦਾ ਪਰਜੀਵੀ ਸੁਭਾਅ ਹੋਰ ਵੀ ਵਧ ਜਾਂਦਾ ਹੈ। ਹੁਣ ਪੂੰਜੀਵਾਦੀ ਉੱਦਮ ਨਿਪੁੰਨ ਮੈਨੇਜਰਾਂ ਵੱਲੋਂ ਸੰਭਾਲੇ ਜਾਂਦੇ ਹਨ। ਬੁਰਜੁਆਜ਼ੀ, ਖਾਸ ਤੌਰ 'ਤੇ ਇਜਾਰੇਦਾਰਾ ਬੁਰਜੁਆਜ਼ੀ ਪੈਦਾਵਾਰੀ ਅਮਲ ਤੋਂ ਪੂਰੀ ਤਰਾਂ ਕੱਟ ਚੁੱਕੀ ਹੈ ਅਤੇ ਸਿਰਫ ਸਟਾਕ ਅਤੇ ਸ਼ੇਅਰਾਂ ਤੋਂ ਹੋਣ ਵਾਲੀ ਆਮਦਨ ਉੱਪਰ ਹੀ ਜੋਕ ਦੀ ਤਰਾਂ ਜਿਉਂ ਰਹੀ ਹੈ। ਲੈਨਿਨ ਨੇ ਬਹੁਤ ਪਹਿਲਾਂ ਹੀ ਕਿਹਾ ਸੀ, *"ਸਾਮਰਾਜਵਾਦ ਮਹਿਜ ਕੁੱਝ ਇੱਕ ਦੇਸ਼ਾਂ ਵਿੱਚ ਮੁਦਰਾ ਸਰਮਾਏ ਦਾ ਇੱਕ ਭਾਰੀ*

ਕੇਂਦਰੀਕਰਣ ਮਾਤਰ ਹੈ ਅਤੇ ਇਸ ਪ੍ਰਕਾਰ ਅਜਿਹੇ ਤਬਕੇ ਵਿੱਚ ਜਿਉਣ ਵਾਲੇ ਲੋਕ, ਜੋ ਸਿਰਫ ਸੂਦਖੋਰੀ ਉੱਪਰ ਹੀ ਨਿਰਭਰ ਹਨ ਅਤੇ ਕੋਈ ਕੰਮ ਨਹੀਂ ਕਰਦੇ, ਤੇਜ਼ੀ ਨਾਲ ਵਧਦੇ ਜਾਂਦੇ ਹਨ"।[(2)] ਉਦਾਹਰਣ ਲਈ 1950 ਵਿੱਚ ਲਾਭ ਅੰਸ਼ ਅਤੇ ਵਿਅਕਤੀਗਤ ਸੂਦ ਤੋਂ ਅਮਰੀਕਾ ਵਿੱਚ ਪ੍ਰਾਪਤ ਹੋਣ ਵਾਲੀ ਕੁੱਲ ਆਮਦਨ 19.5 ਅਰਬ ਡਾਲਰ ਸੀ। ਪਰ 1963 ਵਿੱਚ ਵਧ ਕੇ 50.3 ਅਰਬ ਡਾਲਰ ਹੋ ਗਈ ਯਾਣੀ 159% ਦਾ ਵਾਧਾ। ਇਸ ਸਮੇਂ ਵਿੱਚ ਕੌਮੀ ਆਮਦਨ ਸਿਰਫ 102% ਹੀ ਵਧੀ। 1970 ਵਿੱਚ ਅਮਰੀਕਾ ਨੂੰ ਲਾਭ ਅੰਸ਼ਾਂ ਅਤੇ ਵਿਅਕਤੀਗਤ ਸੂਦ ਤੋਂ ਪ੍ਰਾਪਤ ਹੋਣ ਵਾਲੀ ਆਮਦਨ 89.7 ਅਰਬ ਡਾਲਰ ਤੱਕ ਜਾ ਪਹੁੰਚੀ। ਅਮਰੀਕਾ ਦੇ ਇਜਾਰੇਦਾਰਾ ਮਾਲਿਕ ਲੁੱਟ ਤੋਂ ਪ੍ਰਾਪਤ ਇਸ ਆਮਦਨ ਨਾਲ ਅੱਯਾਸ਼ੀ ਭਰੀ ਜਿੰਦਗੀ ਜਿਉਂਦੇ ਹਨ। ਵਿੱਤੀ ਜੁੰਡੀਆਂ ਦੇ ਅਜਿਹੇ ਕੁੱਝ ਚੌਧਰੀਆਂ ਨੇ ਆਪਣੀ ਮਸਤੀ ਲਈ ਵਿਸ਼ਾਲ ਇਲਾਕਿਆਂ ਉੱਪਰ ਵੱਡੇ-ਵੱਡੇ ਭਵਨ, ਗੋਲਫ ਦੇ ਮੈਦਾਨ ਅਤੇ ਸ਼ਿਕਾਰਗਾਹ ਹੀ ਨਹੀਂ ਬਣਾਏ ਹਨ, ਸਗੋਂ ਇੱਕ ਦੂਜੇ ਨੂੰ ਆਪਣੀ ਦੌਲਤ ਦਾ ਦਿਖਾਵਾ ਵੀ ਕਰਦੇ ਹਨ। 1964 ਵਿੱਚ ਅਮਰੀਕਾ ਦੇ ਇੱਕ ਵੱਡੇ ਇਜਾਰੇਦਾਰ ਪੂੰਜੀਪਤੀ ਫੋਰਡ ਨੇ ਆਪਣੀ ਹੀ ਧੀ ਦੇ ਜਨਮ ਦਿਨ 'ਤੇ ਦਿੱਤੀ ਪਾਰਟੀ ਉੱਪਰ ਪੰਜ ਲੱਖ ਡਾਲਰ ਖਰਚ ਕੀਤੇ। ਉਸ ਦੇ ਕੁੱਝ ਚਿਰ ਪਿੱਛੋਂ ਇੱਕ ਦੂਜੇ ਇਜਾਰੇਦਾਰ ਪੂੰਜੀਪਤੀ ਮੇਲੋਨ ਨੇ ਫੋਰਡ ਨੂੰ ਪ੍ਰਭਾਵਿਤ ਕਰਨ ਲਈ "ਸਮਾਜ" ਨਾਲ ਆਪਣੀ ਧੀ ਦੀ ਜਾਣ ਪਛਾਣ ਕਰਾਉਣ ਲਈ ਦਿੱਤੀ ਗਈ ਪਾਰਟੀ ਉੱਪਰ ਦਸ ਲੱਖ ਡਾਲਰ ਖਰਚ ਕੀਤੇ। ਇਹ ਘਟਨਾਵਾਂ ਇਜਾਰੇਦਾਰ ਪੂੰਜੀਪਤੀ ਜਮਾਤ ਦੇ ਪਰਜੀਵੀ ਸੁਭਾਅ ਨੂੰ ਬੇਨਕਾਬ ਕਰਦੀਆਂ ਹਨ।

ਸਾਮਰਾਜਵਾਦ ਦਾ ਇੱਕ ਹੋਰ ਲੱਛਣ ਇਹ ਹੈ ਕਿ ਇਸਦੇ ਤਹਿਤ ਸਰਮਾਏ ਦਾ ਬਰਾਮਦ ਤੇਜੀ ਨਾਲ ਵਧ ਜਾਂਦੀ ਹੈ। ਸਰਮਾਏ ਦੀ ਬਰਾਮਦ ਵਧਣ ਨਾਲ ਥੋੜ੍ਹੇ ਜਿਹੇ ਧਨੀ ਦੇਸ਼ ਸੂਦਖੋਰ ਬਣ ਜਾਂਦੇ ਹਨ ਅਤੇ ਆਰਥਿਕ ਰੂਪ ਤੋਂ ਘੱਟ ਵਿਕਸਿਤ ਸਾਰੇ ਦੇਸ਼ਾਂ ਉੱਪਰ ਪਰਜੀਵੀ ਦੀ ਤਰਾਂ ਨਿਰਭਰ ਹੋ ਕੇ ਆਪਣੀਆਂ ਬਸਤੀਆਂ ਅਤੇ ਪਿੱਛਲੱਗੂ ਦੇਸ਼ਾਂ ਦੀ ਜਨਤਾ ਦੀ ਲੁੱਟ ਵਿੱਚ ਮੁਹਾਰਤ ਹਾਸਲ ਕਰ ਲੈਂਦੇ ਹਨ। ਅੰਕੜਿਆਂ ਅਨੁਸਾਰ, 1950 ਤੋਂ 1970 ਤੱਕ, ਅਮਰੀਕਾ ਦੇ ਪ੍ਰਤੱਖ ਨਿੱਜੀ ਨਿਵੇਸ਼ ਤੋਂ ਪ੍ਰਾਪਤ ਹੋਣ ਵਾਲੀ ਸੂਦ ਦੀ ਰਾਸ਼ੀ 88.77 ਅਰਬ ਡਾਲਰ ਤੱਕ ਜਾ ਪਹੁੰਚੀ ਜੋ 1970 ਦੇ ਅੰਤ ਤੱਕ ਕੁੱਲ ਪ੍ਰਤੱਖ ਨਿੱਜੀ ਨਿਵੇਸ਼ ਤੋਂ 14% ਜਿਆਦਾ ਸੀ। 1946 ਵਿੱਚ ਲਾਤੀਨੀ ਅਮਰੀਕਾ ਵਿੱਚ ਸੰਯੁਕਤ ਰਾਜ ਅਮਰੀਕਾ ਦੁਆਰਾ ਕੀਤੇ ਗਏ ਪ੍ਰਤੱਖ ਨਿਵੇਸ਼ ਦਾ 3 ਅਰਬ ਡਾਲਰ ਸੀ ਜੋ 1969 ਵਿੱਚ ਵਧ ਕੇ 11.7 ਅਰਬ ਡਾਲਰ ਹੋ ਗਿਆ। ਪਰ ਇਹਨਾਂ 24 ਸਾਲਾਂ ਵਿੱਚ, ਇਕੱਲੇ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਸੰਯੁਕਤ ਰਾਜ ਅਮਰੀਕਾ ਦੁਆਰਾ ਕੀਤੇ ਗਏ ਪ੍ਰਤੱਖ ਨਿਵੇਸ਼ ਉੱਪਰ ਉਸਨੂੰ 23.49 ਅਰਬ ਡਾਲਰ ਸੂਦ ਵਿੱਚ ਪ੍ਰਾਪਤ ਹੋਏ। ਇਹ ਰਾਸ਼ੀ ਅਮਰੀਕਾ ਦੁਆਰਾ ਕੀਤੇ ਗਏ ਸ਼ੁੱਧ ਪ੍ਰਤੱਖ ਨਿਵੇਸ਼ ਤੋਂ ਕਾਫੀ ਜਿਆਦਾ ਸੀ।

ਅਮਰੀਕਾ ਦੁਆਰਾ ਵਿਦੇਸ਼ਾਂ ਵਿੱਚ ਕੀਤੇ ਗਏ ਪ੍ਰਤੱਖ ਨਿਵੇਸ਼ ਤੋਂ ਸੂਦ ਦਾ ਭਾਰੀ ਹਿੱਸਾ ਹਰ ਸਾਲ ਅਮਰੀਕਾ ਨੂੰ ਪ੍ਰਾਪਤ ਹੁੰਦਾ ਹੈ ਜੋ ਉੱਥੋਂ ਦੇ ਮੁੱਠੀਭਰ ਇਜਾਰੇਦਾਰ ਬੁਰਜੂਆਜ਼ੀ

ਦੀ ਜੇਬ ਵਿੱਚ ਜਾਂਦਾ ਹੈ। 1960-70 ਦਰਮਿਆਨ ਸੂਦ ਦੇ ਰੂਪ ਵਿੱਚ ਅਮਰੀਕਾ ਨੂੰ ਪ੍ਰਾਪਤ ਹੋਣ ਵਾਲੀ ਰਕਮ 43.4 ਅਰਬ ਡਾਲਰ ਤੱਕ ਜਾ ਪਹੁੰਚੀ ਅਤੇ ਇਸੇ ਦਰਮਿਆਨ ਸੂਦ ਦੇ ਰੂਪ ਵਿੱਚ ਪ੍ਰਾਪਤ 19 ਅਰਬ ਡਾਲਰ ਦੀ ਵਾਧੂ ਧਨ ਰਾਸ਼ੀ ਜੋ ਅਮਰੀਕਾ ਨਹੀਂ ਭੇਜੀ ਗਈ, ਮੁੜ ਨਿਵੇਸ਼ ਕਰ ਦਿੱਤੀ ਗਈ, ਤਾਂ ਜੋ ਵਿਦੇਸ਼ੀ ਲੁੱਟ ਨੂੰ ਹੋਰ ਜਿਆਦਾ ਵਧਾਇਆ ਜਾ ਸਕੇ। ਇਸ ਤਰਾਂ ਅਮਰੀਕੀ ਸਾਮਰਾਜਵਾਦ ਵੱਲੋਂ ਹਰ ਸਾਲ ਵਿਦੇਸ਼ੀ ਲੁੱਟ ਅਤੇ ਸੂਦ ਵਿੱਚ ਕੀਤੇ ਜਾ ਰਹੇ ਵਾਧੇ ਨਾਲ ਉਸਦਾ ਪਰਜੀਵੀ ਸੁਭਾਅ ਹਰ ਸਾਲ ਹੋਰ ਵੀ ਵਧ ਗਿਆ ਹੈ।

ਕੁਲੀਨ ਮਜ਼ਦੂਰਾਂ ਦਾ ਪ੍ਰਗਟ ਹੋਣਾ ਪੂੰਜੀਵਾਦ ਦੇ ਪਰਜੀਵੀ ਸੁਭਾਅ ਦਾ ਇੱਕ ਹੋਰ ਪ੍ਰਗਟਾਵਾ ਹੈ

ਸਾਮਰਾਜਵਾਦ ਦਾ ਪਰਜੀਵੀ ਸੁਭਾਅ ਲਾਜ਼ਮੀ ਤੌਰ 'ਤੇ ਮਜ਼ਦੂਰ ਲਹਿਰ ਵਿੱਚ ਝਲਕਦਾ ਹੈ। ਮਜ਼ਦੂਰਾਂ ਦੇ ਕੁਲੀਨ ਤਬਕੇ ਦਾ ਪੈਦਾ ਹੋਣਾ ਅਤੇ ਸੋਧਵਾਦ ਦਾ ਪ੍ਰਗਟ ਹੋਣਾ ਮਜ਼ਦੂਰ ਲਹਿਰ ਵਿੱਚ ਸਾਮਰਾਜਵਾਦ ਦੇ ਪਰਜੀਵੀ ਸੁਭਾਅ ਦੇ ਹੀ ਝਲਕਾਰੇ ਹਨ। ਲੈਨਿਨ ਨੇ ਕਿਹਾ ਸੀ, *"ਸੂਦਖੋਰ ਦੇਸ਼ ਪਰਜੀਵੀ ਅਤੇ ਮੁਰਝਾਉ ਪੂੰਜੀਵਾਦੀ ਦੇਸ਼ ਹਨ। ਇਹ ਹਾਲਤ ਇਹਨਾਂ ਦੇਸ਼ਾਂ ਦੀਆਂ ਸਾਰੀਆਂ ਸਿਆਸੀ ਅਤੇ ਸਮਾਜਿਕ ਪ੍ਰਸਥਿਤੀਆਂ ਅਤੇ ਖਾਸ ਤੌਰ 'ਤੇ ਮਜ਼ਦੂਰ ਲਹਿਰ ਵਿੱਚ ਦੋ ਬੁਨਿਆਦੀ ਗੁੱਟਾਂ ਉੱਪਰ ਪਾਏ ਬਿਨਾ ਨਹੀਂ ਰਹਿ ਸਕਦੀਆਂ"*।[3] ਇਜਾਰੇਦਾਰ ਬੁਰਜੂਆਜ਼ੀ ਉੱਚ ਇਜਾਰੇਦਾਰਾ ਮੁਨਾਫਾ ਕਮਾਉਣ ਲਈ, ਆਪਣੀਆਂ ਬਸਤੀਆਂ, ਪਿੱਛਲੱਗੂ ਦੇਸ਼ਾਂ ਅਤੇ ਖੁਦ ਆਪਣੇ ਦੇਸ਼ਾਂ ਦੀ ਮਜ਼ਦੂਰ ਜਮਾਤ ਨੂੰ ਲੁੱਟਦੀ ਹੈ। ਕਿਰਤੀ ਲੋਕਾਂ ਦੇ ਵਿਰੋਧ ਨੂੰ ਦਬਾਉਣ ਲਈ ਉਹ ਆਪਣੇ ਵਿਸ਼ਾਲ ਇਜਾਰੇਦਾਰ ਮੁਨਾਫਿਆਂ ਦਾ ਇੱਕ ਛੋਟਾ ਹਿੱਸਾ ਮਜ਼ਦੂਰਾਂ ਦੇ ਇੱਕ ਉੱਪਰਲੇ ਹਿੱਸੇ ਨੂੰ ਰਿਸ਼ਵਤ ਦੇ ਰੂਪ ਵਿੱਚ ਦੇ ਕੇ ਉਹਨਾਂ ਨੂੰ ਇਜਾਰੇਦਾਰਾ ਬੁਰਜੂਆਜ਼ੀ ਦਾ ਏਜੰਟ ਬਣਾ ਲੈਂਦੇ ਹਨ। ਇਹ ਹੀ ਮਜ਼ਦੂਰਾਂ ਦਾ ਸਹੂਲਤ-ਯਾਫਤਾ ਤਬਕਾ ਹੈ, ਜੋ ਉੱਚੀਆਂ ਤਨਖਾਹਾਂ ਲੈ ਕੇ ਬੁਰਜੂਆਜ਼ੀ ਦੀ ਸੇਵਾ ਕਰਦਾ ਹੈ। ਉਹ ਮਜ਼ਦੂਰਾਂ ਵਿੱਚ ਘੁਲ਼ ਮਿਲ ਕੇ ਮਜ਼ਦੂਰ ਜਮਾਤ ਦੇ ਹਿੱਤਾਂ ਦਾ ਸੌਦਾ ਕਰਨ ਵਿੱਚ ਮੁਹਾਰਤ ਹਾਸਲ ਕਰ ਲੈਂਦੇ ਹਨ ਅਤੇ ਮਜ਼ਦੂਰ ਲਹਿਰ ਨੂੰ ਉਸ ਦੇ ਮਕਸਦ ਤੋਂ ਭਟਕਾ ਦਿੰਦੇ ਹਨ। ਮਜ਼ਦੂਰਾਂ ਦੇ ਕੁਲੀਨ ਇਹ ਤਬਕੇ ਸਾਮਰਾਜਵਾਦੀ ਦੇਸ਼ਾਂ ਦੀ ਇਜਾਰੇਦਾਰ ਬੁਰਜੂਆਜ਼ੀ ਦੇ ਵਫ਼ਾਦਾਰ ਕੁੱਤੇ ਹੁੰਦੇ ਹਨ।

ਇਜਾਰੇਦਾਰ ਪੂੰਜੀ ਤੋਂ ਹੋਣ ਵਾਲਾ ਵੱਧ ਤੋਂ ਵੱਧ ਮੁਨਾਫਾ ਹੀ ਮਜ਼ਦੂਰ ਲਹਿਰ ਵਿੱਚ ਸੋਧਵਾਦ ਦਾ ਆਰਥਿਕ ਅਧਾਰ ਹੈ। ਸਾਮਰਾਜਵਾਦੀ ਹਾਲਤਾਂ ਅਧੀਨ ਅਤੇ ਮਜ਼ਦੂਰਾਂ ਦੇ ਕੁਲੀਨ ਤਬਕੇ ਦੇ ਹੋਂਦ ਵਿੱਚ ਆ ਜਾਣ ਕਾਰਨ ਸਾਮਰਾਜੀ ਹਕੂਮਤ ਦੀ ਰੱਖਿਆ ਕਰਨ ਲਈ ਇੱਕ ਸੋਧਵਾਦੀ ਸਿਧਾਂਤ ਅਤੇ ਲੀਹ ਉੱਭਰਦੀ ਹੈ। ਮਜ਼ਦੂਰਾਂ ਦੇ ਇਹ ਸਹੂਲਤ ਯਾਫਤਾ ਬੰਦੇ ਬੁਰਜੂਆ ਤੱਤ ਹੀ ਹੁੰਦੇ ਹਨ ਜੋ ਮਜ਼ਦੂਰਾਂ ਦਾ ਨਕਲੀ ਭੇਸ਼ ਧਾਰੀ ਰਖਦੇ ਹਨ। ਸੋਧਵਾਦ ਮਾਰਕਸਵਾਦ ਦੇ ਬੁਰਕੇ ਵਾਲਾ ਇੱਕ ਬੁਰਜੁਆ ਜਮਾਤੀ ਸਿਧਾਂਤ ਹੀ ਹੈ। ਮਜ਼ਦੂਰਾਂ ਦਾ

ਕੁਲੀਨ ਤਬਕਾ ਅਤੇ ਸੋਧਵਾਦੀ ਮਜ਼ਦੂਰ ਲਹਿਰ ਅੰਦਰ ਸਭ ਤੋਂ ਵੱਧ ਧੋਖੇਬਾਜ਼ ਛੁਪੇ ਦੁਸ਼ਮਣ ਹੁੰਦੇ ਹਨ ਅਤੇ ਉਹਨਾਂ ਨੂੰ ਜਿਸਮ ਦਾ ਗੜ੍ਹ (ਫੋੜਾ) ਸਮਝਣਾ ਚਾਹੀਂਦਾ ਹੈ। ਜੇਕਰ ਇਹਨਾਂ ਗੜ੍ਹਾਂ ਨੂੰ ਪੂਰੀ ਤਰਾਂ ਖਤਮ ਨਹੀਂ ਕੀਤਾ ਜਾਂਦਾ ਤਾਂ ਸਾਮਰਾਜਵਾਦ ਆਪਣੀ ਮੁਰਝਾਉ ਹਾਲਤ ਨੂੰ ਲੰਮੇ ਸਮੇਂ ਤੱਕ ਬਣਾਈ ਰੱਖ ਸਕਦਾ ਹੈ। ਪਰ ਜਿਵੇਂ ਲੈਨਿਨ ਨੇ ਕਿਹਾ ਸੀ, *"ਮੌਕਾਪ੍ਰਸਤੀ ਦਾ ਤੇਜ਼ ਨਿਰਆਧਾਰ ਵਿਕਾਸ ਇਸ ਦੀ ਜਿੱਤ ਨੂੰ ਯਕੀਨੀ ਨਹੀਂ ਬਣਾਉਂਦਾ"।*[4] ਲੈਨਿਨ ਨੇ ਹੋਰ ਅੱਗੇ ਕਿਹਾ ਹੈ ਕਿ *"ਜੇਕਰ ਸਾਮਰਾਜਵਾਦ ਵਿਰੁੱਧ ਸੰਘਰਸ਼ ਨਹੀਂ ਜੁੜਦਾ ਤਾਂ ਇਹ ਬੱਸ ਖੋਖਲੀ ਲੱਫਾਜ਼ੀ ਬਣ ਕੇ ਰਹਿ ਜਾਂਦਾ ਹੈ"।*

ਸੰਪੂਰਣ ਸਿਆਸੀ ਪਿਛਾਖੜ ਅਤੇ ਸਮਾਜਿਕ ਸੰਕਟਾਂ ਦੀ ਪਰਚੰਡਤਾ ਵਿੱਚ ਤੇਜ਼ੀ ਨਾਲ ਵਾਧੇ ਦਾ ਰੁਖ

ਪੂੰਜੀਵਾਦ ਖੁੱਲ੍ਹੇ ਮੁਕਾਬਲੇ ਦੇ ਪੜਾਅ ਵਿੱਚ ਬੁਰਜੂਆਜ਼ੀ ਆਪਣੀ ਬੁਰਜੁਆ ਤਾਨਾਸ਼ਾਹੀ ਦੀ ਅਸਲੀਅਤ ਉੱਪਰ ਪਰਦਾ ਪਾਉਣ ਲਈ "ਜਮਹੂਰੀਅਤ", "ਅਜ਼ਾਦੀ", "ਬਰਾਬਰੀ" ਅਤੇ "ਸਰਬ-ਵਿਆਪੀ ਪ੍ਰੇਮ" ਦਾ ਰਾਗ ਅਲਾਪਦੀ ਰਹਿੰਦੀ ਹੈ। ਸਾਮਰਾਜਵਾਦ ਦੇ ਪੜਾਅ ਵਿੱਚ, ਇਹ ਪਤਲੇ "ਮੁਖੌਟੇ" ਵੀ ਤੇਜੀ ਨਾਲ ਉੱਤਰ ਜਾਂਦੇ ਹਨ। ਜੋ ਕੋਈ ਵੀ ਲੁੱਟ ਅਤੇ ਜਬਰ ਦਾ ਵਿਰੋਧ ਕਰਦਾ ਹੈ ਉਸ ਨੂੰ ਬੇਰਹਿਮੀ ਨਾਲ ਦਬਾ ਦਿੱਤਾ ਜਾਂਦਾ ਹੈ। ਲੈਨਿਨ ਨੇ ਕਿਹਾ ਸੀ, *"ਇਸ ਨਵੀਂ ਆਰਥਿਕ ਵਿਵਸਥਾ ਯਾਨਿ ਇਜਾਰੇਦਾਰ ਪੂੰਜੀਵਾਦ (ਸਾਮਰਾਜਵਾਦ ਇਜਾਰੇਦਾਰ ਪੂੰਜੀਵਾਦ ਦਾ ਸਿਆਸੀ ਉਸਾਰ) ਜਮਹੂਰੀਅਤ ਤੋਂ ਬਦਲ ਕੇ ਸਿਆਸੀ ਪਿਛਾਖੜ ਦਾ ਰੂਪ ਧਾਰ ਲੈਂਦੀ ਹੈ। ਖੁੱਲ੍ਹੇ ਮੁਕਾਬਲੇ ਨੂੰ ਜਮਹੂਰੀਅਤ ਦੀ ਜ਼ਰੂਰਤ ਹੁੰਦੀ ਹੈ, ਪਰ ਇਜਾਰੇਦਾਰੀ ਨੂੰ ਸਿਆਸੀ ਪਿਛਾਖੜ ਦੀ ਲੋੜ ਹੁੰਦੀ ਹੈ"।*[6] ਸੰਯੁਕਤ ਰਾਜ ਅਮਰੀਕਾ ਵਿੱਚ ਸਿਰਫ ਹਿੰਸਾ ਦਾ ਵਿਰੋਧ ਕਰਨ ਵਾਲਿਆਂ ਨੂੰ ਹੀ ਨਹੀਂ ਕੁਚਲਿਆ ਗਿਆ ਸਗੋਂ ਜਿਹਨਾਂ ਲੋਕਾਂ ਨੇ ਅਹਿੰਸਾ ਦੀ ਮੁਹਿੰਮ ਚਲਾਈ, ਉਹਨਾਂ ਦਾ ਵੀ ਕਤਲੇਆਮ ਕੀਤਾ ਗਿਆ ਹੈ। 1968 ਵਿੱਚ, ਮਾਰਟਨ ਲੂਥਰ ਕਿੰਗ ਨਾਮੀ ਕਾਲ਼ੇ ਅਮਰੀਕੀ ਮੰਤਰੀ ਦੀ ਹੱਤਿਆ ਅਮਰੀਕੀ ਸਾਮਰਾਜਵਾਦੀਆਂ ਨੇ ਇਸ ਲਈ ਕਰ ਦਿੱਤੀ ਸੀ ਕਿ ਉਹ ਨਸਲੀ ਭੇਦ ਭਾਵ ਦਾ ਵਿਰੋਧ ਕਰਦੇ ਸਨ ਅਤੇ ਨਾਗਰਿਕ ਅਧਿਕਾਰਾਂ ਲਈ ਲੜਦੇ ਸਨ। ਇਸ ਤਰਾਂ ਸੰਪੂਰਨ ਪਿਛਾਖੜ ਦੀ ਨੀਤੀ ਉੱਪਰ ਚਲਦੇ ਹੋਏ, ਸਾਮਰਾਜਵਾਦ ਆਪਣੀ ਵਿਚਾਰਧਾਰਾ ਅਤੇ ਸੱਭਿਆਚਾਰ ਪੱਖੋਂ ਵੀ ਨਿੱਘਰ ਚੁੱਕਾ ਹੈ। ਸਾਮਰਾਜਵਾਦੀ ਦੇਸ਼ਾਂ ਵਿੱਚ, ਹਿੰਸਾ ਅਤੇ ਸੈਕਸ ਨਾਲ ਭਰੇ ਪ੍ਰਕਾਸ਼ਨਾਂ ਅਤੇ ਫਿਲਮਾਂ ਦਾ ਬਜ਼ਾਰਾਂ ਵਿੱਚ ਹੜ੍ਹ ਆਇਆ ਹੋਇਆ ਹੈ। ਕੈਲੀਫੋਰਨੀਆਂ ਵਿੱਚ ਅਜਿਹੀਆਂ ਕੰਪਨੀਆਂ ਹਨ ਜੋ ਸੈਕਸ ਫਿਲਮਾਂ ਹੀ ਬਣਾਉਂਦੀਆਂ ਹਨ। ਪੂੰਜੀਵਾਦੀ ਦੁਨੀਆਂ ਵਿੱਚ, ਅਜੀਬੋ-ਗਰੀਬ ਪਹਿਰਾਵੇ, ਆਧੁਨਿਕ ਨਾਚ ਅਤੇ ਸੰਗੀਤ ਹੁਣ ਆਮ ਹੋ ਚੁੱਕੇ ਹਨ। ਬਾਂਦਰਾਂ ਵੱਲੋਂ ਤਿਆਰ ਕੀਤੀਆਂ ਪ੍ਰਭਾਵਸ਼ਾਲੀ ਕਲਾ ਕਿਰਤਾਂ ਦੀਆਂ ਨੁਮਾਇਸ਼ਾਂ ਆਮ ਹਨ। ਔਰਤਾਂ ਦੇ "ਰੋਣ" ਦੇ ਅਤੇ ਇੱਕ ਸਾਲ ਤੋਂ ਘੱਟ ਉਮਰ ਦੇ

ਬੱਚਿਆਂ ਦੀ ਗੋਡਿਆਂ ਭਾਰ ਦੌੜ ਦੇ ਕੌਮਾਂਤਰੀ ਮੁਕਾਬਲਿਆਂ ਦੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ। ਸਾਮਰਾਜਵਾਦ ਅਧੀਨ ਕਲਾ ਅਤੇ ਸਭਿਆਚਾਰ ਧੁਰ ਅੰਦਰ ਤੱਕ ਗਲ਼-ਸੜ ਚੁੱਕੇ ਹਨ। ਚੋਰੀ, ਡਕੈਤੀ, ਗੁੰਡਾ ਗਰਦੀ ਅਤੇ ਨਸ਼ਾ ਖੋਰੀ ਸੰਕਟਮਈ ਹਾਲਤ ਤੱਕ ਪਹੁੰਚ ਗਈ ਹੈ।

ਅਜਿਹੇ ਗਲ਼ੇ-ਸੜੇ ਹੋਏ ਸਮਾਜ ਨੂੰ ਵੇਖ ਕੇ ਬਥੇਰੇ ਨੌਜਵਾਨ ਇੱਕ ਰੂਹਾਨੀ ਖਲਾਅ ਦੀ ਸਥਿਤੀ ਮਹਿਸੂਸ ਕਰ ਰਹੇ ਹਨ ਅਤੇ ਮੰਨਣ ਲੱਗੇ ਹਨ ਕਿ ਜੀਵਨ ਖੋਖਲਾ ਅਤੇ ਬੇਅਰਥ ਹੈ ਉਸਦਾ ਕੋਈ ਭਵਿੱਖ ਨਹੀਂ ਹੈ। ਕੁੱਝ ਅਮਰੀਕੀ ਇਤਿਹਾਸਕਾਰ ਇਹ ਸੋਚਦੇ ਹਨ ਕਿ ਸੰਯੁਕਤ ਰਾਜ ਅਮਰੀਕਾ "ਅਜਿਹੀ ਸਥਿਤੀ ਵਿੱਚ ਪਹੁੰਚ ਗਿਆ ਹੈ ਕਿ ਲੋਕਾਂ ਦਾ ਆਪਣੇ ਆਦਰਸ਼ਾਂ, ਆਪਣੇ ਪ੍ਰਬੰਧ ਅਤੇ ਆਪਣੇ ਭਵਿੱਖ ਉਪਰੋ ਹੀ ਵਿਸ਼ਵਾਸ਼ ਉੱਠਣ ਲੱਗਾ ਹੈ।" ਅਤੇ ਉਹ "ਅਣਗਿਣਤ ਸੰਕਟਾਂ ਨਾਲ ਘਿਰ ਗਏ ਹਨ।" ਕੁੱਝ ਤਾਂ ਹੋਰ ਵੀ ਸਿੱਧੇ ਰੂਪ ਵਿੱਚ ਕਹਿ ਰਹੇ ਹਨ, "ਸਾਡੇ ਸੰਕਟਾਂ ਦਾ ਸੁਭਾਅ ਰੂਹਾਨੀ ਹੈ ਅਤੇ ਇਸ ਦੀਆਂ ਜੜ੍ਹਾਂ ਸਪੱਸ਼ਟ ਰੂਪ ਵਿੱਚ ਸਾਨੂੰ ਸਾਡੀ ਆਪਣੇ ਆਪ ਫੈਲਦੀ ਜਾ ਰਹੀ ਪੂੰਜੀਵਾਦੀ ਪ੍ਰਣਾਲੀ ਵਿੱਚ ਹੀ ਖੋਜਣੀਆਂ ਹੋਣਗੀਆਂ"। (ਨਿਉਯਾਰਕ, 6 ਜੁਲਾਈ 1970) ਸਾਮਰਾਜਵਾਦ ਦੀਆਂ ਡੂੰਘੀਆਂ ਵਿਰੋਧਤਾਈਆਂ ਦੇ ਦਰਮਿਆਨ ਥੋੜ੍ਹੇ ਜਿਹੇ ਅਗਾਂਹਵਧੂ ਤੱਤ ਹੌਲੀ-ਹੌਲੀ ਉੱਠ ਖੜ੍ਹੇ ਹੋ ਰਹੇ ਹਨ, ਮਾਰਕਸਵਾਦ ਨੂੰ ਪ੍ਰਵਾਨ ਕਰ ਰਹੇ ਹਨ ਅਤੇ ਮਾਰਕਸਵਾਦੀ ਪਾਰਟੀ ਅਤੇ ਜਥੇਬੰਦੀ ਨੂੰ ਮੁੜ ਸਥਾਪਿਤ ਕਰਦੇ ਹੋਏ ਲੋਕਾਂ ਨੂੰ ਜਥੇਬੰਦ ਕਰ ਰਹੇ ਹਨ ਅਤੇ ਸਾਮਰਾਜਵਾਦੀ ਪ੍ਰਬੰਧ ਦੇ ਵਿਰੁੱਧ ਤਿੱਖਾ ਸੰਘਰਸ਼ ਛੇੜ ਰਹੇ ਹਨ।

ਸਾਮਰਾਜਵਾਦ ਦਾ ਇਹ ਪਰਜੀਵੀ ਮੁਰਝਾਊ ਸੁਭਾਅ, ਜੋ ਸਾਮਰਾਜਵਾਦ ਦਾ ਬੁਨਿਆਦੀ ਲੱਛਣ ਭਾਵ ਇਜਾਰੇਦਾਰੀ ਤੋਂ ਪੈਦਾ ਹੁੰਦਾ ਹੈ, ਇਹੋ ਜਾਹਿਰ ਕਰਦਾ ਹੈ ਕਿ ਸਾਮਰਾਜਵਾਦ ਮਹਿਜ ਇੱਕ ਕਾਗਜ਼ੀ ਸ਼ੇਰ ਹੀ ਹੈ। ਇਹ ਵੇਖਣ ਵਿੱਚ ਖੂੰਖਾਰੂ ਲਗਦਾ ਹੈ ਪਰ ਅਸਲ ਵਿੱਚ ਇਸ ਵਿੱਚ ਕੋਈ ਬਹੁਤਾ ਦਮ ਨਹੀਂ ਹੈ। ਹਕੀਕੀ ਤਾਕਤ ਤਾਂ ਲੋਕਾਈ ਕੋਲ ਹੈ, ਨਾ ਕਿ ਸਾਮਰਾਜਵਾਦ ਜਾਂ ਪਿਛਾਖੜੀਆਂ ਕੋਲ਼। ਜਿਵੇਂ ਮਾਓ-ਜ਼ੇ-ਤੁੰਗ ਨੇ ਠੀਕ ਹੀ ਕਿਹਾ ਹੈ, *" ਯੁੱਧਨੀਤਕ ਜਾਂ ਦੂਰ ਰਸ ਨਜ਼ਰੀਏ ਤੋਂ ਜਾਂ ਇਸ ਤੱਤ ਨੂੰ ਵੇਖਦੇ ਹੋਏ, ਸਾਨੂੰ ਲਾਜ਼ਮੀ ਹੀ ਸਾਮਰਾਜਵਾਦ ਅਤੇ ਹੋਰ ਸਭ ਪਿਛਾਖੜੀਆਂ ਨੂੰ ਕਾਗਜ਼ੀ ਸ਼ੇਰ ਸਮਝਣਾ ਚਾਹੀਦਾ ਹੈ"*। (7)

ਸਾਮਰਾਜਵਾਦ ਦਮ ਤੋੜ ਰਿਹਾ ਪੂੰਜੀਵਾਦ ਹੈ

ਸਾਮਰਾਜੀ ਦੇਸ਼ਾਂ ਅੰਦਰ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧਤਾਈਆਂ ਦਾ ਤਿੱਖਾ ਹੋਣਾ

ਸਟਾਲਿਨ ਨੇ ਕਿਹਾ ਸੀ, *"ਲੈਨਿਨ ਨੇ ਸਾਮਰਾਜਵਾਦ ਨੂੰ ਮਰਨ ਕਿਨਾਰੇ ਪੂੰਜੀਵਾਦ*

ਕਿਹਾ। ਕਿਉਂ ? ਕਿਉਂਕਿ ਸਾਮਰਾਜਵਾਦ ਪੂੰਜੀਵਾਦ ਦੀਆਂ ਵਿਰੋਧਤਾਈਆਂ ਨੂੰ ਸਿਰੇ ਲਾ ਦਿੰਦਾ ਹੈ। ਇਹਨਾਂ ਵਿੱਚ ਇਨਕਲਾਬਾਂ ਦੀ ਸ਼ੁਰੂਆਤ ਹੁੰਦੀ ਹੈ"।[8] ਜਦ ਪੂੰਜੀਵਾਦ ਇਜਾਰੇਦਾਰ ਪੜਾਅ ਤੱਕ ਵਿਕਾਸ ਕਰ ਲੈਂਦਾ ਹੈ, ਤਦ ਵੀ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਦੇ ਵਿਚਕਾਰ ਬੁਨਿਆਦੀ ਵਿਰੋਧਤਾਈਆਂ ਅਤੇ ਸਮਾਜ ਦੇ ਪੂੰਜੀਵਾਦੀ ਸੁਭਾਅ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ। ਸਗੋਂ ਇਸ ਪੜਾਅ ਵਿੱਚ ਇਜਾਰੇਦਾਰੀ ਨੇ, ਨਾ ਸਿਰਫ ਸਮਾਜਿਕ ਪੈਦਾਵਾਰ ਨੂੰ ਪਹਿਲੇ ਤੋਂ ਜਿਆਦਾ ਵਿਆਪਕ ਪੈਮਾਨੇ ਉੱਪਰ ਪਹੁੰਚਾ ਦਿੱਤਾ ਹੈ ਸਗੋਂ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਨੂੰ ਹੋਰ ਵੀ ਜਿਆਦਾ ਕੇਂਦਰਤ ਕਰ ਦਿੱਤਾ ਹੈ। ਪੂੰਜੀਵਾਦ ਦੀਆਂ ਬੁਨਿਆਦੀ ਵਿਰੋਧਤਾਈਆਂ ਦਾ ਵਿਕਾਸ ਸਾਮਰਾਜਵਾਦ ਦੀਆਂ ਸਾਰੀਆਂ ਬਾਹਰੀ ਅਤੇ ਅੰਦਰੂਨੀ ਵਿਰੋਧਤਾਈਆਂ ਨੂੰ ਤਿੱਖਾ ਕਰਦਾ ਹੈ। ਮਾਓ-ਜ਼ੇ-ਤੁੰਗ ਨੇ ਕਿਹਾ ਹੈ, *"ਇਹਨਾਂ ਦੋ ਜਮਾਤਾਂ (ਮਜ਼ਦੂਰ ਅਤੇ ਸਰਮਾਏਦਾਰ) ਦੇ ਵਿਚਕਾਰ ਵਿਰੋਧਤਾਈਆਂ ਦਾ ਤਿੱਖਾ ਹੋਣਾ ਇਜਾਰੇਦਾਰੀ ਅਤੇ ਮੁਕਾਬਲਾਕਾਰ ਪੂੰਜੀ ਵਿਚਕਾਰ ਵਿਰੋਧ ਦਾ ਵਿਕਾਸ, ਬਸਤੀਵਾਦੀ ਮਾਲਕਾਂ ਅਤੇ ਬਸਤੀਆਂ ਵਿਚਕਾਰ ਵਿਰੋਧਤਾਈ ਦਾ ਤਿੱਖਾ ਹੋਣਾ ਅਤੇ ਸਾਮਰਾਜਵਾਦੀ ਦੇਸ਼ਾਂ ਦੇ ਅਣਸਾਵੇਂ ਵਿਕਾਸ ਕਾਰਨ ਉਹਨਾਂ ਦਰਮਿਆਨ ਵਿਰੋਧਤਾਈ ਦਾ ਇਜ਼ਹਾਰ ਹੋਣਾ, ਇਹ ਪੂੰਜੀਵਾਦ ਨੂੰ ਇੱਕ ਵਿਸ਼ੇਸ਼ ਪੜਾਅ ਯਾਨੀ ਸਾਮਰਾਜਵਾਦ ਵਿੱਚ ਲੈ ਜਾਂਦੇ ਹਨ"*।[9] ਸਾਮਰਾਜਵਾਦੀ ਦੇਸ਼ਾਂ ਵਿੱਚ ਸਾਰੀਆਂ ਬਾਹਰੀ ਅਤੇ ਅੰਦਰੂਨੀ ਵਿਰੋਧਤਾਈਆਂ ਦੇ ਗੰਭੀਰ ਰੂਪ ਨਾਲ ਤਿੱਖੇ ਹੁੰਦੇ ਚਲੇ ਜਾਣ ਦੇ ਕਾਰਨ ਹੀ, ਸਾਮਰਾਜਵਾਦ ਮਰਨ ਕੰਢੇ ਪੁੱਜਾ ਪੂੰਜੀਵਾਦ ਬਣ ਜਾਂਦਾ ਹੈ ਅਤੇ ਮਜ਼ਦੂਰ ਦੇ ਸਮਾਜਵਾਦੀ ਇਨਕਲਾਬ ਦਾ ਪਹੁ-ਫੁਟਾਲਾ ਨੇੜੇ ਆ ਜਾਂਦਾ ਹੈ।

ਉੱਚੇ ਇਜਾਰੇਦਾਰਾ ਮੁਨਾਫੇ ਕਮਾਉਣ ਵਾਸਤੇ ਇਜਾਰੇਦਾਰ ਬੁਰਜੁਆਜ਼ੀ ਮਜ਼ਦੂਰਾਂ ਨੂੰ ਲੁੱਟਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਦੁੱਗਣਾ ਕਰਦੀ ਹੈ। ਲੱਖਾਂ ਕਰੋੜਾਂ ਕਿਰਤੀ ਲੋਕਾਂ ਨੂੰ ਭੁਖਮਰੀ ਦੇ ਕੰਢੇ ਧੱਕਦੀ ਹੈ। ਇਜਾਰੇਦਾਰ ਬੁਰਜੁਆਜ਼ੀ ਤਰਾਂ-ਤਰਾਂ ਦੀਆਂ ਹੱਡ ਭੰਨਵੀਆਂ ਕਿਰਤ ਪ੍ਰਣਾਲੀਆਂ ਖੋਜਦੀ ਹੈ, ਸੰਘਣੀ ਕਿਰਤ ਨੂੰ ਵਧਾਉਂਦੀ ਹੈ, ਕੰਮ ਹਾਲਤਾਂ ਨੂੰ ਵਿਗਾੜਦੀ ਹੈ ਅਤੇ ਮਜ਼ਦੂਰਾਂ ਦੀ ਲੁੱਟ ਨੂੰ ਬੇਝਿਜਕ ਅਤੇ ਬੇਰੋਕ ਟੋਕ ਵਧਾਉਂਦੀ ਹੈ। ਬੁਰਜੂਆਜ਼ੀ ਅਸਲ ਮਜ਼ਦੂਰੀ ਨੂੰ ਘਟਾਉਣ ਅਤੇ ਖਰੀਦ ਸ਼ਕਤੀ ਨੂੰ ਘੱਟ ਤੋਂ ਘੱਟ ਕਰਦੇ ਜਾਣ ਦੀ ਗਰਜ਼ ਨਾਲ ਸੁਚੇਤ ਤੌਰ 'ਤੇ ਮੁਦਰਾ ਪ੍ਰਸਾਰ ਦਾ ਵੀ ਸਹਾਰਾ ਲੈਂਦੀ ਹੈ। ਉਦਾਹਰਣ ਦੇ ਤੌਰ 'ਤੇ, 1963-1970 ਦੌਰਾਨ, ਮੁਦਰਾ ਪ੍ਰਸਾਰ ਕਰਕੇ, ਜਿਆਦਾਤਰ ਪੂੰਜੀਵਾਦੀ ਦੇਸ਼ਾਂ ਵਿੱਚ ਕੀਮਤਾਂ ਅਤੇ ਜਿਉਣ ਦੇ ਖਰਚਿਆਂ ਵਿੱਚ ਹਰ ਸਾਲ ਵਾਧਾ ਹੁੰਦਾ ਰਿਹਾ ਇਸ ਸਮੇਂ ਵਿੱਚ, ਸੰਯੁਕਤ ਰਾਜ ਅਮਰੀਕਾ ਵਿੱਚ ਜਿਉਣ ਦਾ ਖਰਚਾ 26.8 ਵਧ ਗਿਆ। ਬਰਤਾਨੀਆਂ ਵਿੱਚ ਇਹ ਵਾਧਾ 25.3% ਹੋਇਆ, ਫਰਾਂਸ ਵਿੱਚ 30.9%, ਪੱਛਮੀ ਜਰਮਨੀ ਵਿੱਚ 20.6 ਅਤੇ ਜਪਾਨ ਵਿੱਚ 44.4%। ਪਰ ਮਜ਼ਦੂਰੀ ਇੰਨੀ ਜਿਆਦਾ ਨਹੀਂ ਵਧੀ ਕਿ ਮੁਦਰਾ ਪ੍ਰਸਾਰ ਅਤੇ ਵਧਦੇ ਜੀਵਨ ਖਰਚਿਆਂ ਨੂੰ ਪੂਰਾ ਕਰ ਸਕੇ। ਕਿਰਤੀ ਲੋਕਾਂ ਦਾ ਜੀਵਨ ਪੱਧਰ ਹੋਰ ਵੀ ਬਦਤਰ ਹੋ ਗਿਆ। ਇਜਾਰੇਦਾਰਾ ਪੂੰਜੀ ਨੇ, ਸਰਕਾਰ ਰਾਹੀਂ ਵੱਧ ਤੋਂ ਵੱਧ ਟੈਕਸ ਲਾ ਕੇ

ਕਿਰਤੀ ਲੋਕਾਈ ਦੀ ਹੋਰ ਜਿਆਦਾ ਲੁੱਟ ਕੀਤੀ। 1940 ਤੋਂ 1970 ਤੱਕ ਦੇ ਸਮੇਂ ਦੌਰਾਨ, ਅਮਰੀਕਾ ਵਿੱਚ ਟੈਕਸ ਆਮਦਨ 16 ਗੁਣਾਂ ਵਧੀ, ਯਾਨੀ ਕਿ ਇਹ 1940 ਵਿੱਚ 16.5 ਅਰਬ ਡਾਲਰ ਸੀ(ਕੌਮੀ ਆਮਦਨ ਦਾ 20%) ਉੱਥੇ 1970 ਵਿੱਚ ਵਧ ਕੇ 278 ਅਰਬ ਡਾਲਰ (ਕੌਮੀ ਆਮਦਨ ਦਾ 35%) ਹੋ ਗਈ। ਇਸ ਤਰਾਂ ਇਸ ਭਾਰੀ ਟੈਕਸਾਂ ਦੇ ਬੋਝ ਨੇ ਮਿਹਨਤਕਸ਼ ਅਬਾਦੀ ਦਾ ਨੱਕ ਵਿੱਚ ਦਮ ਕਰ ਦਿੱਤਾ।

ਆਪਣੇ ਆਰਥਿਕ ਹਿੱਤਾਂ ਦੀ ਰੱਖਿਆ ਕਰਨ ਲਈ ਇਜਾਰੇਦਾਰਾ ਪੂੰਜੀ ਰਾਜ ਮਸ਼ੀਨਰੀ ਦਾ ਸਹਾਰਾ ਲੈ ਕੇ ਮਜ਼ਦੂਰਾਂ ‘ਤੇ ਵੱਧ ਤੋਂ ਵੱਧ ਜਬਰ ਕਰਨ ਲਈ, ਫਾਸ਼ੀ ਤਾਨਾਸ਼ਾਹੀ ਵੀ ਲਾਗੂ ਕਰਦੀ ਹੈ। ਸਿਆਸੀ ਪਿਛਾਖੜ ਦਰਅਸਲ ਇਜਾਰੇਦਾਰਾ ਪੂੰਜੀਵਾਦੀ ਅਰਥਚਾਰੇ ਦਾ ਹੀ ਇੱਕ ਸੁਭਾਵਿਕ ਸਿਆਸੀ ਪ੍ਰਗਟਾਵਾ ਹੈ। ਫਾਸਿਸਟ ਤਾਨਾਸ਼ਾਹੀ ਲਾਗੂ ਕਰਨ ਅਤੇ ਲੋਕਾਂ ’ਤੇ ਜਬਰ ਕਰਨ ਦੀ ਗਰਜ਼ ਨਾਲ ਸਾਮਰਾਜਵਾਦ ਪਿਛਾਖੜੀ ਸਰਕਾਰੀ ਮਸ਼ੀਨਰੀ ਨੂੰ ਭਿਆਨਕ ਹੱਦ ਤੱਕ ਵਿਸਥਾਰਤ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਹੀ ਉਦਾਹਰਣ ਲਓ, ਜਿੱਥੇ ਹਰ ਵੀਹ ਆਦਮੀਆਂ ਵਿੱਚੋਂ ਇੱਕ ਆਦਮੀ ਪਿਛਾਖੜੀ, ਰਾਜ ਮਸ਼ੀਨਰੀ ਦਾ ਕਰਮਚਾਰੀ ਹੈ।

ਇਜਾਰੇਦਾਰ ਪੂੰਜੀਪਤੀ ਜਮਾਤ ਵੱਲੋਂ ਕੀਤੀ ਜਾਣ ਵਾਲੀ ਬੇਰਹਿਮ ਆਰਥਿਕ ਲੁੱਟ ਖੂਨੀ ਸਿਆਸੀ ਜਬਰ ਮਜ਼ਦੂਰ ਜਮਾਤ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧਤਾਈ ਨੂੰ ਹੋਰ ਤਿੱਖਾ ਕਰ ਦਿੰਦਾ ਹੈ। ਪਰ ਜ਼ਬਰ ਜਿੰਨਾ ਹੀ ਵਧ ਜਾਂਦਾ ਹੈ, ਉਸ ਦਾ ਵਿਰੋਧ ਉਨਾ ਹੀ ਵਧਦਾ ਹੈ। ਇਸ ਲਈ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਈ ਦੇ ਲੱਖਾਂ ਲੋਕ ਰੋਜ਼ਾਨਾ ਸੰਘਰਸ਼ ਛੇੜ ਰਹੇ ਹਨ।

ਦੂਸਰੀ ਸੰਸਾਰ ਜੰਗਾਂ ਦੇ ਬਾਅਦ ਅਤੇ ਖਾਸ ਤੌਰ ’ਤੇ ਹਾਲ ਦੇ ਸਾਲਾਂ ਵਿੱਚ ਸ਼ਕਤੀਸ਼ਾਲੀ ਅਤੇ ਵੱਡੇ ਮਜ਼ਦੂਰ ਅੰਦੋਲਨ ਹੋਂਦ ਵਿੱਚ ਆਏ ਹਨ। ਸਾਮਰਾਜਵਾਦ ਵਿਰੁੱਧ ਸੰਘਰਸ਼ ਪ੍ਰਚੰਡ ਹੁੰਦਾ ਜਾ ਰਿਹਾ ਹੈ। ਅਮਰੀਕਾ ਦੇ ਸਪੱਸ਼ਟ ਤੌਰ ’ਤੇ ਘੱਟ ਕਰਕੇ ਪੇਸ਼ ਕੀਤੇ ਗਏ ਸਰਕਾਰੀ ਅੰਕੜਿਆਂ ਅਨੁਸਾਰ ਵੀ, 1970 ਵਿੱਚ, ਅਮਰੀਕੀ ਮਜ਼ਦੂਰਾਂ ਨੇ 5600 ਵਾਰ ਹੜਤਾਲਾਂ ਕੀਤੀਆਂ। ਜਿਸ ਵਿੱਚ 33 ਲੱਖ ਮਜ਼ਦੂਰਾਂ ਨੇ ਭਾਗ ਲਿਆ। 1971 ਵਿੱਚ, 5 ਲੱਖ ਟੈਲੀਫੋਨ ਮਜ਼ਦੂਰਾਂ ਦੀ ਦੇਸ਼ ਵਿਆਪੀ ਹੜਤਾਲ ਹੋਈ ਅਤੇ ਇਸੇ ਸਾਲ ਇੱਕ ਲੱਖ ਸੱਠ ਹਜਾਰ ਰੇਲਵੇ ਮਜ਼ਦੂਰਾਂ ਨੇ ਵੀ ਦੇਸ਼ ਵਿਆਪੀ ਹੜਤਾਲ ਕੀਤੀ। ਇਹਨਾਂ ਹੜਤਾਲਾਂ ਵਿੱਚ ਮਜ਼ਦੂਰਾਂ ਦੇ ਸ਼ੰਘਰਸ਼ ਦਾ ਨਾਅਰਾ ਸੀ, “(ਹਮਲਾਵਰ) ਯੁੱਧ ਬੰਦ ਕਰੋ, ਲੁੱਟ ਜ਼ਬਰ ਬੰਦ ਕਰੋ”। ਉਹਨਾਂ ਨੇ ਆਰਥਿਕ ਸੰਘਰਸ਼ਾਂ ਨੂੰ ਸਿਆਸੀ ਸੰਘਰਸ਼ਾਂ ਨਾਲ ਜਿਆਦਾ ਜੋੜਨ ਦੀ ਕੋਸ਼ਿਸ਼ ਕੀਤੀ। ਬਰਤਾਨੀਆਂ ਦੇ ਸਰਕਾਰੀ ਅੰਕੜਿਆਂ ਦੇ ਅਨੁਸਾਰ (ਅਤੇ ਉਹ ਵੀ ਘੱਟ ਕਰਕੇ ਹੀ ਪੇਸ਼ ਕੀਤੇ ਗਏ ਹਨ), 1970 ਵਿੱਚ, 3888 ਹੜਤਾਲਾਂ ਹੋਈਆਂ। ਜਿਹਨਾਂ ਵਿੱਚ 16.5 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ। 1971 ਵਿੱਚ ਬਰਤਾਨੀਆਂ ਵਿੱਚ ਇਹਨਾਂ ਹੜਤਾਲਾਂ ਕਾਰਨ 135 ਲੱਖ ਕੰਮ ਦਿਨ ਨਸ਼ਟ ਹੋ ਗਏ। ਜਪਾਨੀ ਮਜ਼ਦੂਰ ਜਮਾਤ ਦੇ ਇਨਕਲਾਬੀ ਸੰਘਰਸ਼ ਵੀ ਤੇਜ਼ ਹੋ ਚੱਲੇ ਹਨ। ਜਪਾਨ ਦੇ ਸਰਕਾਰੀ ਅੰਕੜਿਆਂ ਅਨੁਸਾਰ ਅਖੌਤੀ “

ਮਜ਼ਦੂਰ ਪੱਖੀ ਝਗੜਿਆਂ" (ਦਰਅਸਲ ਮਜ਼ਦੂਰ ਜਮਾਤ ਬਨਾਮ ਸਰਮਾਏਦਾਰ ਜਮਾਤ ਦੇ ਸੰਘਰਸ਼ਾਂ) ਦੀ ਸੰਖਿਆ ਜੋ 1955 ਵਿੱਚ 1345 ਸੀ ਵਧ ਕੇ 1969 ਵਿੱਚ 5283 ਹੋ ਗਈ। ਇਹ ਵਾਧਾ 2.9 ਗੁਣਾਂ ਸੀ। ਇਸੇ ਸਮੇਂ ਵਿੱਚ, ਇਸ ਵਿੱਚ ਹਿੱਸਾ ਲੈਣ ਵਾਲਿਆਂ ਦੀ ਸੰਖਿਆ ਲੱਗਭਗ ਤਿੰਨ ਗੁਣਾਂ ਵਧ ਗਈ, ਇਹ 3743 ਲੱਖ ਤੋਂ ਵੱਧ ਕੇ ਇੱਕ ਕਰੋੜ 44 ਲੱਖ ਹੋ ਗਈ।

ਮਜ਼ਦੂਰ ਲਹਿਰਾਂ ਦਾ ਇਹ ਉਭਾਰ ਸਾਮਰਾਜਵਾਦ ਦੇ ਮਹੱਤਵਪੂਰਨ ਅੰਗ ਦੀ ਬਗਾਵਤ ਹੈ। ਇਸ ਨਾਲ ਪੂੰਜੀਵਾਦੀ ਆਰਥਿਕ ਅਤੇ ਸਿਆਸੀ ਸੰਕਟ ਵਿੱਚ ਹੋਰ ਵਾਧਾ ਹੁੰਦਾ ਹੈ। ਜੋ ਇਜਾਰੇਦਾਰ ਪੂੰਜੀ ਦੇ ਰਾਜ-ਭਾਗ ਨੂੰ ਲਗਾਤਾਰ ਜਿਆਦਾ ਤੋਂ ਜਿਆਦਾ ਗੰਭੀਰ ਝਟਕੇ ਦੇ ਰਿਹਾ ਹੈ। ਸਾਮਰਾਜਵਾਦ ਦਾ ਭਵਿੱਖ ਵੱਧ ਤੋਂ ਵੱਧ ਨਾਜ਼ੁਕ ਹੁੰਦਾ ਜਾ ਰਿਹਾ ਹੈ।

ਸਾਮਰਾਜਵਾਦ ਅਤੇ ਦੱਬੀਆਂ ਕੁਚਲੀਆਂ ਕੌਮਾਂ ਦਰਮਿਆਨ ਵਧ ਰਹੀ ਵਿਰੋਧਤਾਈ

"ਬਰੂਦ ਅਤੇ ਤਲਵਾਰ ਦੇ ਜ਼ੋਰ ਉੱਤੇ ਬਸਤੀਆਂ ਉੱਪਰ ਕਬਜ਼ੇ ਕੀਤੇ ਗਏ ਸਨ"। [10] ਬਸਤੀਆਂ ਅਤੇ ਅਰਧ ਬਸਤੀਆਂ ਉੱਪਰ ਜ਼ਬਰਨ, ਕਬਜ਼ਾ ਕਰ ਲੈਣ ਤੋਂ ਪਿੱਛੋਂ ਸਾਮਰਾਜਵਾਦ ਬੇਰਹਿਮੀ ਨਾਲ ਇਹਨਾਂ ਖੇਤਰਾਂ ਅਤੇ ਕੌਮਾਂ ਦੀ ਲੁੱਟ ਕਰਦਾ ਅਤੇ ਗੁਲਾਮ ਬਣਾਉਦਾ ਹੈ। ਆਪਣਾ ਸਿਆਸੀ ਗ਼ਲਬਾ ਲਾਗੂ ਕਰਨ ਦੀ ਗਰਜ਼ ਨਾਲ, ਇਹ ਆਪਣੀਆਂ ਕਠਪੁਤਲੀ ਹਕੂਮਤਾਂ ਦਾ ਸਮੱਰਥਨ ਕਰਦਾ ਹੈ, ਹਥਿਆਰਬੰਦ ਫੌਜਾਂ ਤਾਇਨਾਤ ਕਰਦਾ ਹੈ ਅਤੇ ਫੌਜੀ ਅੱਡੇ ਸਥਾਪਤ ਕਰਦਾ ਹੈ। ਆਪਣੀ ਆਰਥਿਕ ਲੁੱਟ ਨੂੰ ਵਧਾਉਣ ਲਈ ਉਹ ਵਪਾਰਕ ਬੰਦਰਗਾਹਾਂ ਨੂੰ ਜ਼ਬਰੀ ਖੋਲ੍ਹ ਦਿੰਦਾ ਹੈ, ਕਸਟਮ ਅਤੇ ਵਿਦੇਸ਼ੀ ਵਪਾਰ ਉੱਪਰ ਕੰਟਰੋਲ ਕਾਇਮ ਕਰ ਲੈਂਦਾ ਹੈ, ਮੁਦਰਾ ਅਤੇ ਵਿੱਤ ਉੱਪਰ ਇਜਾਰੇਦਾਰੀ ਜਮਾ ਲੈਂਦਾ ਹੈ ਅਤੇ ਜ਼ੋਰ ਜਬਰਦਸਤੀ ਕਰਕੇ ਦੂਸਰੇ ਦੇਸ਼ ਦੇ ਅੰਦਰ ਖਾਣ-ਖੁਦਾਈ ਕਰਨ, ਫੈਕਟਰੀਆਂ ਅਤੇ ਸਮੁੰਦਰੀ ਮਾਰਗ (ਜਲ ਮਾਰਗ) ਵਿੱਚ ਜਹਾਜਰਾਨੀ ਕਰਨ ਦਾ ਅਧਿਕਾਰ ਹਾਸਲ ਕਰ ਲੈਂਦਾ ਹੈ। ਉੱਚੇ ਇਜਾਰੇਦਾਰ ਮੁਨਾਫੇ ਹਾਸਲ ਕਰਨ ਲਈ, ਸਾਮਰਾਜਵਾਦੀ ਦੇਸ਼ ਬਸਤੀਆਂ ਅਤੇ ਅਰਧ ਬਸਤੀਆਂ ਦੇ ਲੋਕਾਂ ਦੀ ਬੇਰਹਿਮ ਲੁੱਟ ਅਤੇ ਜਬਰ ਕਰਦੇ ਹਨ। ਇਸ ਪ੍ਰਕਾਰ ਸਾਮਰਾਜਵਾਦ ਅਤੇ ਦੱਬੀਆਂ ਕੁਚਲੀਆਂ ਕੌਮਾਂ ਵਿੱਚਕਾਰ ਵਿਰੋਧਤਾਈਆਂ ਲਾ ਮਿਸਾਲ ਤਿੱਖੀਆਂ ਹੋ ਗਈਆਂ ਹਨ। ਸਾਮਰਾਜਵਾਦ ਬਸਤੀਆਂ ਅਤੇ ਅਰਧ ਬਸਤੀਆਂ ਦੀ ਆਰਥਿਕ ਨਬਜ਼ 'ਤੇ ਆਪਣਾ ਕੰਟਰੋਲ ਰਖਦਾ ਹੈ ਅਤੇ ਉਹਨਾਂ ਦੇ ਕੌਮੀ ਅਰਥਚਾਰਿਆਂ ਦੇ ਵਿਕਾਸ ਵਿੱਚ ਅੜਿੱਕਾ ਪੈਦਾ ਕਰਨ ਲਈ ਸਥਾਨਕ ਜਗੀਰੂ ਸ਼ਕਤੀਆਂ ਅਤੇ ਦਲਾਲ ਪੂੰਜੀ ਨਾਲ ਸਾਂਢਾ-ਗਾਂਢਾ ਕਰਦਾ ਹੈ। ਸਾਮਰਾਜਵਾਦ ਬਸਤੀਆਂ ਅਤੇ ਅਰਧ ਬਸਤੀਆਂ ਦੇ ਕੌਮੀ

ਅਰਥਚਾਰਿਆਂ ਨੂੰ "ਸਿੱਧੇ ਸਾਧੇ ਬਨਾਉਣ" ਭਾਵ ਵਿਦੇਸ਼ੀ ਇਜਾਰੇਦਾਰੀ ਸੰਗਠਨਾਂ ਲਈ ਲੋੜੀਂਦੀਆਂ ਮਹਿਜ ਕੁੱਝ ਜਿਣਸਾਂ ਹੀ ਪੈਦਾ ਕਰਨ ਲਈ ਮਜ਼ਬੂਰ ਕਰਨ ਵਾਸਤੇ ਤਰਾਂ-ਤਰਾਂ ਦੇ ਹੱਥ ਕੰਡੇ ਅਪਣਾਉਂਦਾ ਹੈ ਅਤੇ ਇਸ ਪ੍ਰਕਾਰ ਉਹਨਾਂ ਦੇ ਆਰਥਿਕ ਵਿਕਾਸ ਨੂੰ ਇੱਕ ਪਾਸੜ ਅਤੇ ਅਣਸਾਵਾਂ ਬਣਾ ਦਿੰਦਾ ਹੈ। ਨਤੀਜ਼ੇ ਵਜੋਂ ਇਹਨਾਂ ਖੇਤਰਾਂ ਦੇ ਅਰਥਚਾਰੇ ਆਜ਼ਾਦ ਜਾਂ ਆਤਮ ਨਿਰਭਰ ਹੋਣ ਦੀ ਥਾਂ ਸਿਰਫ ਸਾਮਰਾਜਵਾਦ ਉੱਪਰ ਹੀ ਨਿਰਭਰ ਹੋ ਕੇ ਰਹਿ ਜਾਂਦੇ ਹਨ।

ਦੂਸਰੇ ਸੰਸਾਰ ਯੁੱਧ ਤੋਂ ਲੈ ਕੇ ਹੁਣ ਤੱਕ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਕੌਮੀ ਮੁਕਤੀ ਲਹਿਰਾਂ ਦੇ ਨਵੇਂ ਉਭਾਰ ਉੱਠਦੇ ਰਹੇ ਹਨ। ਬਹੁਤੇਰੇ ਦੇਸ਼ਾਂ ਅਤੇ ਖੇਤਰਾਂ ਨੇ ਆਪਣੇ ਆਪ ਨੂੰ ਸਾਮਰਾਜਵਾਦ ਅਤੇ ਬਸਤੀਵਾਦ ਦੀਆਂ ਬੇੜੀਆਂ ਤੋਂ ਅਜ਼ਾਦ ਕੀਤਾ ਹੈ ਅਤੇ ਆਪਣੇ ਸੁਤੰਤਰ ਰਾਹ ਉੱਪਰ ਚੱਲ ਪਏ ਹਨ। ਫਿਰ ਵੀ, ਸਾਮਰਾਜਵਾਦ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਵਿਆਪਕ ਹੱਥ ਕੰਡਿਆਂ ਦੇ ਇਲਾਵਾ, ਲਗਾਤਾਰ ਵੱਧ ਤੋਂ ਵੱਧ ਨਵ-ਬਸਤੀਵਾਦੀ ਹੱਥਕੰਡੇ ਅਪਨਾ ਰਿਹਾ ਹੈ ਅਤੇ ਆਰਥਿਕ "ਸਹਾਇਤਾ" ਦੇ ਨਕਲੀ ਬੁਰਕੇ ਵਿੱਚ ਇਹਨਾਂ ਨਵੇਂ-ਨਵੇਂ ਉੱਭਰ ਰਹੇ ਸੁਤੰਤਰ ਦੇਸ਼ਾਂ ਉੱਪਰ ਆਪਣਾ ਵਹਿਸ਼ੀ ਸਿਕੰਜ਼ਾ ਹੋਰ ਕਸਦੇ ਜਾਣ ਦੀਆਂ ਨਾਕਾਮ ਕੋਸ਼ਿਸ਼ਾਂ ਵੀ ਕਰ ਰਿਹਾ ਹੈ। "ਸਹਾਇਤਾ" ਦੇ ਜ਼ਰੀਏ ਸਰਮਾਏਦਾਰ ਆਪਣੀਆਂ ਫਾਲਤੂ ਜਿਣਸਾਂ ਨਾਲ ਇਹਨਾਂ ਦੇਸਾਂ ਨੂੰ ਭਰ ਦੇਣ ਦੀ ਜੁਰਅਤ ਕਰਦੇ ਰਹੇ ਹਨ ਅਤੇ ਇਸ ਪ੍ਰਕਾਰ "ਸਹਾਇਤਾ" ਦੇ ਜ਼ਰੀਏ ਸਹਾਇਤਾ ਪ੍ਰਾਪਤ ਦੇਸ਼ਾਂ ਦੀਆਂ ਆਰਥਿਕ ਨੀਤੀਆਂ ਉੱਪਰ ਕੰਟਰੋਲ ਕਾਇਮ ਕਰ ਲੈਂਦੇ ਹਨ ਜਦੋਂ ਕੁੱਝ ਦੇਸ਼ ਇਸ ਸਾਮਰਾਜਵਾਦੀ ਚਲਾਕੀ ਤੋਂ ਇਨਕਾਰੀ ਹੁੰਦੇ ਹਨ ਤਾਂ ਇਹ ਸਾਮਰਾਜਵਾਦੀ ਉਹਨਾਂ ਉੱਪਰ ਹਮਲੇ ਅਤੇ ਅੰਦਰੂਨੀ ਭੰਨ ਤੋੜ ਦੀਆਂ ਕਾਰਵਾਈਆਂ ਕਰਦੇ ਹਨ। ਉਹਨਾਂ ਨੇ ਪਿਛਾਂਹ ਖਿੱਚੂ ਸ਼ਕਤੀਆਂ ਨੂੰ ਉਕਸਾ ਕੇ ਉਹਨਾਂ ਅਗਾਂਹਵਧੂ ਸਰਕਾਰਾਂ ਨੂੰ ਵਗਾਹ ਮਾਰਨ ਦਾ ਕੰਮ ਵੀ ਕੀਤਾ ਹੈ ਜਿਹਨਾਂ ਨੇ ਸਾਮਰਾਜਵਾਦ ਦਾ ਵਿਰੋਧ ਕਰਨ ਅਤੇ ਆਪਣੀਆਂ ਕੌਮੀ ਅਜ਼ਾਦੀ ਉੱਪਰ ਜ਼ੋਰ ਦੇਣ ਦੀ ਜੁਰਅਤ ਕੀਤੀ।

ਇਸ ਪ੍ਰਕਾਰ ਸਾਮਰਾਜਵਾਦ ਵੱਲੋਂ ਕੀਤੀ ਜਾਂਦੀ ਬੇਕਿਰਕ ਲੁੱਟ ਅਤੇ ਲਹੂ-ਭਿੱਜੀ ਗੁਲਾਮੀ ਨੇ ਸਾਮਰਾਜਵਾਦ ਅਤੇ ਦੱਬੀਆਂ ਕੁਚਲੀਆਂ ਕੌਮਾਂ ਅਤੇ ਉਹਨਾਂ ਦੀ ਜਨਤਾ ਵਿਚਕਾਰ ਵਿਰੋਧਤਾਈਆਂ ਨੂੰ ਹੋਰ ਜਿਆਦਾ ਚੌੜੀਆਂ ਅਤੇ ਗਹਿਰੀਆਂ ਬਣਾ ਦਿੱਤਾ ਹੈ। ਸਾਮਰਾਜਵਾਦੀ ਡਾਕੂਆਂ ਨੇ ਜਿਸ ਦਿਨ ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਦੇ ਦੇਸ਼ਾਂ ਦੀ ਧਰਤੀ ਉੱਪਰ ਆਪਣੇ ਪੈਰ ਰੱਖੇ, ਉਸੇ ਦਿਨ ਤੋਂ ਦੱਬੀਆਂ ਕੁਚਲੀਆਂ ਕੌਮਾਂ ਅਤੇ ਉਹਨਾਂ ਦੀ ਜਨਤਾ ਆਪਣੀ ਬਹੁਮੁੱਲੀ ਅਜ਼ਾਦੀ ਦੀ ਰਾਖੀ ਲਈ ਪੱਥਰਾਂ, ਤੀਰ ਕਮਾਨਾਂ, ਭਾਲੇ, ਬਰਛੀਆਂ ਅਤੇ ਗੋਲ਼ੇ ਬਰੂਦ ਨਾਲ ਸਾਮਰਾਜਵਾਦ ਉੱਪਰ ਹਮਲੇ ਕਰਦੀ ਆਈ ਹੈ। ਸਾਮਰਾਜਵਾਦ ਵੱਲੋਂ ਲੁੱਟ ਅਤੇ ਜ਼ਬਰ ਦਾ ਸਿਕੰਜ਼ਾ ਜਿੰਨਾ ਹੀ ਵਧਦਾ ਤੇ ਕਸਦਾ ਗਿਆ ਹੈ ਓਨਾ ਹੀ ਦੱਬੀਆਂ ਕੁਚਲੀਆਂ ਕੌਮਾਂ ਅਤੇ ਉਹਨਾਂ ਦੀ ਜਨਤਾ ਦਾ ਟਾਕਰਾ-ਘੋਲ਼ ਵੀ

ਪ੍ਰਚੰਡ ਹੁੰਦਾ ਗਿਆ ਹੈ। ਅਕਤੂਬਰ ਇਨਕਲਾਬ ਤੋਂ ਬਾਅਦ ਹੀ ਕੌਮੀ ਮੁਕਤੀ ਲਹਿਰਾਂ ਇੱਕ ਨਵੇਂ ਇਤਿਹਾਸਕ ਯੁੱਧ ਵਿੱਚ ਪ੍ਰਵੇਸ਼ ਕਰ ਗਈਆਂ ਅਤੇ ਪ੍ਰੋਲੇਤਾਰੀ ਸਮਾਜਵਾਦੀ ਸੰਸਾਰ ਇਨਕਲਾਬ ਦਾ ਅੰਗ ਬਣ ਗਈਆਂ। ਅੱਜ ਕੌਮੀ ਮੁਕਤੀ ਲਹਿਰਾਂ ਅਤੇ ਸਾਮਰਾਜਵਾਦੀ ਦੇਸ਼ਾਂ ਅੰਦਰ ਪ੍ਰੋਲੇਤਾਰੀ ਇਨਕਲਾਬੀ ਲਹਿਰਾਂ ਆਪਸ ਵਿੱਚ ਜੁੜੀਆਂ ਹੋਈਆਂ ਅਤੇ ਇੱਕ ਦੂਜੇ ਦੀਆਂ ਸਹਿਯੋਗੀ ਹਨ। ਬਸਤੀਆਂ ਅਤੇ ਅਰਧ ਬਸਤੀਆਂ ਜੋ ਕਦੇ ਸਾਮਰਾਜ ਦੀ ਸੁਰੱਖਿਅਤ ਫੌਜ ਹੋਇਆ ਕਰਦੀਆਂ ਸਨ, ਹੁਣ ਪ੍ਰੋਲੇਤਾਰੀ ਸੰਸਾਰ ਇਨਕਲਾਬ ਦੀ ਸੁਰੱਖਿਅਤ ਫੌਜ ਬਣ ਚੁੱਕੀਆਂ ਹਨ। ਜਿਵੇਂ ਕਿ ਮਾਓ-ਜ਼ੇ-ਤੁੰਗ ਨੇ ਕਿਹਾ ਹੈ *"ਅੱਜ ਜੋ ਇਨਕਲਾਬੀ ਤੂਫਾਨ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਵਿੱਚ ਝੁਲ ਰਹੇ ਹਨ, ਉਹ ਨਿਸ਼ਚਿਤ ਹੀ ਸਮੁੱਚੀ ਪੁਰਾਣੀ ਦੁਨੀਆਂ ਨੂੰ ਇੱਕ ਫੈਸਲਾਕੁਨ ਅਤੇ ਤਬਾਹਕੁਨ ਸੱਟ ਮਾਰਨਗੇ"।*[11]

ਸਾਮਰਾਜਵਾਦੀ ਦੇਸ਼ਾਂ ਦਰਮਿਆਨ ਵਿਰੋਧਤਾਈਆਂ ਦਾ ਤਿੱਖਾ ਹੋਣਾ

ਦੁਨੀਆਂ ਨੂੰ ਆਰਥਿਕ ਅਤੇ ਖੇਤਰੀ ਪੱਖ ਤੋਂ ਵੰਡਣ ਲਈ ਸਾਮਰਾਜਵਾਦੀ ਸੰਘਰਸ਼ ਨੇ ਖੁਦ ਸਾਮਰਾਜਵਾਦੀ ਦੇਸ਼ਾਂ ਦਰਮਿਆਨ ਹੀ ਵਿਰੋਧਤਾਈਆਂ ਨੂੰ ਪ੍ਰਚੰਡ ਬਣਾ ਦਿੱਤਾ ਹੈ। ਚੌਧਰ ਅਤੇ ਖੇਤਰੀ ਅਧਿਕਾਰ ਪ੍ਰਾਪਤ ਕਰਨ ਦੇ ਉਹਨਾਂ ਦੇ ਸੰਘਰਸ਼ਾਂ ਅਤੇ ਉਹਨਾਂ ਦੇ ਆਪਸੀ ਟਕਰਾਅ ਅਤੇ ਕਤਲੇਆਮ ਦਰਅਸਲ ਦੱਬੀਆਂ ਕੁਚਲੀਆਂ ਅਤੇ ਲੁੱਟੀਦੀਆਂ ਕੌਮਾਂ ਨੂੰ ਉਠ ਖੜ੍ਹੇ ਹੋਣ ਅਤੇ ਬਗਾਬਤ ਕਰਨ ਵਿੱਚ ਹੀ ਮੱਦਦਗਾਰ ਸਾਬਿਤ ਹੋਣਗੇ।

ਇਸ ਤੋਂ ਇਲਾਵਾ ਇੱਕ ਸਾਮਰਾਜਵਾਦੀ ਅਰਥਚਾਰੇ ਵਿੱਚ ਖੁਦ ਪੂੰਜੀਵਾਦੀ ਦੇਸ਼ਾਂ ਦੇ ਅੰਦਰ ਆਰਥਿਕ ਅਤੇ ਸਿਆਸੀ ਵਿਕਾਸ ਦੀਆਂ ਵਧਦੀਆਂ ਅਸਮਾਨਤਾਵਾਂ ਖੁਦ ਸਾਮਰਾਜਵਾਦੀ ਦੇਸ਼ਾਂ ਦੀਆਂ ਆਪਸੀ ਵਿਰੋਧਤਾਈਆਂ ਨੂੰ ਤਿੱਖਾ ਬਣਾਉਂਦੀਆਂ ਰਹੀਆਂ ਹਨ।

ਲੈਨਿਨ ਨੇ ਕਿਹਾ ਹੈ, *"ਅਣਸਾਵਾਂ ਆਰਥਿਕ ਅਤੇ ਸਿਆਸੀ ਵਿਕਾਸ ਪੂੰਜੀਵਾਦ ਦਾ ਨਿਰਪੇਖ ਨਿਯਮ ਹੈ"।*[12] ਪੂੰਜੀਵਾਦੀ ਦੁਨੀਆਂ ਵਿੱਚ, ਕੁੱਝ ਦੇਸ਼ ਤੇਜੀ ਨਾਲ ਵਿਕਾਸ ਕਰਦੇ ਹਨ ਅਤੇ ਕੁੱਝ ਮੱਠੀ ਚਾਲ ਨਾਲ। ਇੱਥੋਂ ਤੱਕ ਕਿ ਕੁੱਝ ਦੇਸ਼ ਖਾਸ ਸਮਿਆਂ ਵਿੱਚ ਛਾਲ ਮਾਰ ਕੇ ਅੱਗੇ ਵਧ ਜਾਂਦੇ ਹਨ। ਪੂੰਜੀਵਾਦੀ ਦੇਸ਼ਾਂ ਦਾ ਅਣਸਾਵਾਂ ਆਰਥਿਕ ਵਿਕਾਸ, ਲਾਜ਼ਮੀ 'ਤੇ ਅਣਸਾਵੇਂ ਸਿਆਸੀ ਵਿਕਾਸ ਨੂੰ ਜਨਮ ਦਿੰਦਾ ਹੈ। ਦੂਸਰੇ ਸ਼ਬਦਾਂ ਵਿੱਚ, ਅਣਸਾਵਾਂ ਆਰਥਿਕ ਵਿਕਾਸ ਸਾਮਰਾਜਵਾਦ ਦੀ ਪਰਸਪਰ ਮੁਕਾਬਲਤਨ ਤਾਕਤ ਵਿੱਚ ਨਿਸ਼ਚਿਤ ਹੀ ਤਬਦੀਲੀ ਕਰ ਦਿੰਦਾ ਹੈ।

ਅਣਸਾਵੇਂ ਅਤੇ ਸਿਆਸੀ ਵਿਕਾਸ ਦੇ ਇਸ ਨਿਯਮ ਨੇ ਪੂੰਜੀਵਾਦ ਦੇ ਸਮੁੱਚੇ ਇਤਿਹਾਸ ਵਿੱਚ ਆਪਣੀ ਭੂਮਿਕਾ ਅਦਾ ਕੀਤੀ ਹੈ। ਪਰ ਸਾਮਰਾਜਵਾਦ ਦੇ ਅਰਸੇ ਵਿੱਚ ਪੂੰਜੀਵਾਦ ਦਾ ਇਹ ਅਣਸਾਵਾਂ ਵਿਕਾਸ ਹੋਰ ਵੀ ਪ੍ਰਚੰਡ ਹੋ ਜਾਂਦਾ ਹੈ। ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ, ਇੰਗਲੈਂਡ ਜੋ ਇੱਕ ਪੁਰਾਣਾ ਪੂੰਜੀਵਾਦੀ ਦੇਸ਼ ਸੀ ਢੇਰ ਸਾਰੀਆਂ ਬਸਤੀਆਂ

ਉੱਪਰ ਕਾਬਜ਼ ਹੋ ਚੁੱਕਾ ਸੀ। ਪਰ ਦੁਨੀਆਂ ਭਰ ਦੀਆਂ ਆਪਣੀਆਂ ਬਸਤੀਆਂ ਤੋਂ ਵੱਧ ਤੋਂ ਵੱਧ ਮੁਨਾਫਾ ਬਟੋਰ ਲੈਣ ਦੀ ਇਸੇ ਸੁਖਾਲੀ ਸਥਿਤੀ ਨੇ ਉਸਨੂੰ ਸੁਸਤ ਬਣਾ ਕੇ ਤਕਨਾਲੋਜੀ ਅਤੇ ਪੈਦਾਵਾਰ ਦੇ ਖੇਤਰ ਵਿੱਚ ਖੜੋਤ ਗ੍ਰਸਤ ਵੀ ਕਰ ਦਿੱਤਾ। ਜਦ ਕਿ ਇਸੇ ਦਰਮਿਆਨ ਤਕਨਾਲੋਜੀ ਨਾਲ ਲੈਸ ਹੋ ਕੇ, ਬਾਅਦ ਵਿੱਚ ਪੂੰਜੀਵਾਦੀ ਦੇਸ਼ ਬਣੇ, ਖਾਸ ਕਰਕੇ ਸੰਯੁਕਤ ਰਾਜ ਅਮਰੀਕਾ ਅਤੇ ਜਰਮਨੀ ਨੇ ਆਪਣੇ ਵਿਕਾਸ ਨੂੰ ਤੇਜ਼ ਕਰ ਲਿਆ। 1880 ਦੇ ਦਹਾਕੇ ਵਿੱਚ ਅਮਰੀਕਾ ਇੰਗਲੈਂਡ ਦੀ ਬਰਾਬਰੀ ਵਿੱਚ ਆ ਗਿਆ ਅਤੇ ਸੱਨਅਤੀ ਪੈਦਾਵਾਰ ਵਿੱਚ ਦੁਨੀਆਂ ਦਾ ਮੋਹਰੀ ਬਣ ਗਿਆ। ਆਰਥਿਕ ਤਾਕਤ ਦੀਆਂ ਮੁਕਾਬਲਤਨ ਹਾਲਤਾਂ ਦੇ ਇਸ ਬਦਲਾਓ ਨੇ ਸਿਆਸੀ ਤਾਕਤ ਦੀ ਹਾਲਤ ਵਿੱਚ ਵੀ ਬਦਲਾਓ ਲਿਆ ਦਿੱਤਾ। ਸ਼ਕਤੀ ਸੰਤੁਲਨ ਦੇ ਇਸ ਬਦਲਾਓ ਦੇ ਸਿੱਟੇ ਵਜੋਂ ਇਹ ਦੇਸ਼ ਆਪਣੇ ਪ੍ਰਭਾਵ ਖੇਤਰਾਂ ਅਤੇ ਬਸਤੀਆਂ ਦੀ ਮੁੜ ਵੰਡ ਕਰਨ ਲਈ ਆਪਸ ਵਿੱਚ ਲੜਾਈ ਕਰਨ ਲੱਗੇ।

ਦੂਸਰੀ ਸੰਸਾਰ ਜੰਗ ਦੇ ਸਮੇਂ ਤੋਂ ਹੀ ਸਾਮਰਾਜਵਾਦੀ ਦੇਸ਼ਾਂ ਦਰਮਿਆਨ ਅਸਾਵੇਂ ਆਰਥਿਕ ਅਤੇ ਸਿਆਸੀ ਵਿਕਾਸ ਦਾ ਇਹ ਨਿਯਮ ਆਪਣੀ ਭੂਮਿਕਾ ਅਦਾ ਕਰਦਾ ਆ ਰਿਹਾ ਹੈ। ਇਸ ਦੇ ਲੱਛਣ ਹਨ: ਸੰਯੁਕਤ ਰਾਜ ਅਮਰੀਕਾ ਦਾ ਉਤਰਾਅ, ਇੰਗਲੈਂਡ ਦਾ ਲਗਾਤਾਰ ਉਤਰਾਅ, ਪੱਛਮੀ ਜਰਮਨੀ ਅਤੇ ਜਪਾਨ ਦਾ ਤੇਜੀ ਨਾਲ ਜ਼ੋਰ ਮਾਰਨਾ, ਇਟਲੀ ਅਤੇ ਫਰਾਂਸ ਦੀ ਵੀ ਭਾਰੀ ਤਰੱਕੀ। 1949 ਤੋਂ ਲੈ ਕੇ 1969 ਤੱਕ ਦੇ ਵੀਹ ਸਾਲਾਂ ਦੇ ਅਰਸੇ ਦੌਰਾਨ ਇਹਨਾਂ ਦੇਸ਼ਾਂ ਦੇ ਕੌਮੀ ਉਤਪਾਦਨ ਦੀਆਂ ਔਸਤ ਸਲਾਨਾ ਵਾਧਾ ਦਰਾਂ ਇਸ ਤਰਾਂ ਰਹੀਆਂ ਹਨ: ਸੰਯੁਕਤ ਰਾਜ ਅਮਰੀਕਾ ਵਿੱਚ ਪਹਿਲੇ ਦਸ ਸਾਲਾਂ ਵਿੱਚ 3.9% ਅਤੇ ਬਾਕੀ ਦਸ ਸਾਲਾਂ ਵਿੱਚ 4.3%, ਇੰਗਲੈਂਡ ਵਿੱਚ ਪਹਿਲੇ ਦਸ ਸਾਲਾਂ ਵਿੱਚ 2.5% ਅਤੇ ਬਾਕੀ ਦਸ ਸਾਲਾਂ ਵਿੱਚ 5.2%, ਫਰਾਂਸ ਵਿੱਚ ਪਹਿਲੇ ਦਸ ਸਾਲਾਂ ਵਿੱਚ 4.5% ਅਤੇ ਬਾਕੀ ਦਸ ਸਾਲਾਂ ਵਿੱਚ 5.9%, ਇਟਲੀ ਵਿੱਚ ਪਹਿਲੇ ਦਸ ਸਾਲਾਂ ਵਿੱਚ 6.1% ਬਾਕੀ 10ਸਾਲਾਂ ਵਿੱਚ 5.6% ਅਤੇ ਜਪਾਨ ਵਿੱਚ ਪੂਰੇ ਅਰਸੇ ਵਿੱਚ, 10% ਜਿਆਦਾ। ਇਹ ਨਵੀਂਆਂ ਅਤੇ ਅਣਸਾਵੀਆਂ ਹਾਲਤਾਂ ਆਪਣੀ ਸਾਪੇਖਿਕ ਤਾਕਤ ਦੇ ਰੂਪ ਵਿੱਚ ਸੱਨਅਤੀ ਪੈਦਾਵਾਰ, ਪੂੰਜੀ ਅਤੇ ਜਿਣਸ ਬਰਾਮਦ ਅਤੇ ਕੌਮਾਂਤਰੀ ਵਿੱਤੀ ਸਥਿਤੀਆਂ ਵਿੱਚ ਪ੍ਰਗਟ ਹੋਈਆਂ। ਸਾਮਰਾਜਵਾਦੀ ਦੇਸ਼ਾਂ ਦਰਮਿਆਨ ਆਰਥਿਕ ਅਤੇ ਸਿਆਸੀ ਵਿਕਾਸ ਦੇ ਇਸ ਵਧਦੇ ਅਸਾਵੇਂਪਣ ਨੇ, ਅਟੱਲ ਤੌਰ 'ਤੇ ਉਹਨਾਂ ਦਰਮਿਆਨ ਬਜਾਰਾਂ ਅਤੇ ਪੂਰਤੀ ਅਧਾਰਾਂ ਲਈ ਅਤੇ ਕੱਚੇ ਮਾਲ ਅਤੇ ਪੂੰਜੀ ਦੀ ਬਰਾਮਦ ਦੇ ਰਸਤਿਆਂ ਲਈ ਲੜਾਈ ਨੂੰ ਵੀ ਤਿੱਖਾ ਕਰ ਦਿੱਤਾ।

ਅਸਾਵੇਂ ਆਰਥਿਕ ਅਤੇ ਸਿਆਸੀ ਵਿਕਾਸ ਦੇ ਇਸ ਨਿਯਮ ਨੇ ਅਟੱਲ ਤੌਰ 'ਤੇ ਸਾਮਰਾਜਵਾਦੀ ਦੇਸ਼ਾਂ ਦਰਮਿਆਨ ਯੁੱਧਾਂ ਅਤੇ ਕਤਲੇਆਮਾਂ ਨੂੰ ਵੀ ਜਨਮ ਦਿੱਤਾ, ਇਸ ਪ੍ਰਕਾਰ, ਉਹਨਾਂ ਦੀਆਂ ਕਮਜ਼ੋਰ ਕੜੀਆਂ ਨੂੰ ਉਜਾਗਰ ਕੀਤਾ। ਮਜ਼ਦੂਰ ਜਮਾਤ ਅਤੇ ਇਨਕਲਾਬੀ ਜਨਤਾ ਵੱਲੋਂ ਸਾਮਰਾਜਵਾਦ ਨੂੰ ਕਬਰਾਂ ਵਿੱਚ ਦਫਨ ਕਰਨ ਲਈ ਇਹ ਸਾਜਗਾਰ ਹਾਲਤਾਂ ਸਨ। ਇਸ ਲਈ ਲੈਨਿਨ ਇਸ ਮਹੱਤਵਪੂਰਨ ਨਤੀਜੇ ਉੱਪਰ ਪਹੁੰਚੇ ਸਨ ਕਿ

ਉਹਨਾਂ ਨੇ ਇਸ ਅਸਾਵੇਂ ਅਤੇ ਸਿਆਸੀ ਵਿਕਾਸ ਦੇ ਕਾਰਨ ਹੀ ਸਾਮਰਾਜਵਾਦ ਨੂੰ ਉਸ ਦੀ ਸਭ ਤੋਂ ਕਮਜ਼ੋਰ ਕੜੀ ਦੇ ਬਿੰਦੂ ਉੱਪਰ ਕੁਚਲਿਆ ਜਾ ਸਕਦਾ ਹੈ ਅਤੇ ਸਮਾਜਵਾਦੀ ਇਨਕਲਾਬ ਪਹਿਲੇ ਕਿਸੇ ਇੱਕ ਜਾਂ ਕਈ ਮੁਲਕਾਂ ਵਿੱਚ ਜੇਤੂ ਹੋ ਸਕਦਾ ਹੈ। ਲੈਨਿਨ ਨੇ ਸਾਡੇ ਲਈ ਸਿਰਫ ਇੱਕ ਇਨਕਲਾਬੀ ਸਿਧਾਂਤ ਹੀ ਨਹੀਂ ਸਿਰਜਿਆ ਸਗੋਂ ਉਹਨਾਂ ਨੇ ਇੱਕ ਜਿਉਂਦੀ ਜਾਗਦੀ ਉਦਾਹਰਣ ਵੀ ਪੇਸ਼ ਕੀਤੀ ਕਿ ਇਨਕਲਾਬ ਕਿਵੇਂ ਕਰਨਾ ਹੈ। ਪਹਿਲੀ ਸੰਸਾਰ ਜੰਗ ਦੌਰਾਨ, ਰੂਸ ਉਸ ਸਮੇਂ ਸਾਮਰਾਜਵਾਦ ਦੀਆਂ ਸਾਰੀਆਂ ਵਿਰੋਧਤਾਈਆਂ ਦਾ ਕੇਂਦਰ ਬਿੰਦੂ ਸੀ ਅਤੇ ਨਾਲ ਹੀ ਸਾਮਰਾਜਵਾਦ ਦੀ ਲੜੀ ਦੀ ਸਭ ਤੋਂ ਕਮਜ਼ੋਰ ਕੜੀ ਵੀ ਸੀ।

ਲੈਨਿਨ ਨੇ ਇਸ ਕੜੀ ਨੂੰ ਫੜਿਆ ਅਤੇ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ ਦੀ ਮੁਹਿੰਮ ਛੇੜਨ, ਇਨਕਲਾਬੀ ਹਿੰਸਾ ਰਾਹੀਂ ਰੂਸੀ ਬੁਰਜੂਆ ਤਾਨਾਸ਼ਾਹੀ ਨੂੰ ਜੜੋਂ ਪੁੱਟ ਸੁੱਟਣ, ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਤਹਿਤ ਦੁਨੀਆਂ ਦਾ ਪਹਿਲਾ ਸਮਾਜਵਾਦੀ ਰਾਜ ਕਾਇਮ ਕਰਨ ਅਤੇ ਇਸ ਪ੍ਰਕਾਰ ਮਨੁੱਖੀ ਇਤਿਹਾਸ ਦੇ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰਨ ਲਈ ਰੂਸੀ ਮਜ਼ਦੂਰ ਜਮਾਤ ਦੀ ਅਗਵਾਈ ਕੀਤੀ। ਦੂਸਰੀ ਸੰਸਾਰ ਜੰਗ ਤੋਂ ਬਾਅਦ ਚੀਨ, ਏਸ਼ੀਆ ਅਤੇ ਯੂਰਪ ਦੇ ਹੋਰ ਦੇਸ਼ਾਂ ਦੀਆਂ ਕੌਮੀ ਲਹਿਰਾਂ ਦੀਆਂ ਮਹਾਨ ਜਿੱਤਾਂ ਨੇ ਤਾਂ ਲੈਨਿਨ ਦੇ ਇਸ ਵਿਗਿਆਨਕ ਸਿਧਾਂਤ ਦੀ ਸੱਚਾਈ ਨੂੰ ਹੋਰ ਵੀ ਪੁਖਤਾ ਬਣਾ ਦਿੱਤਾ।

ਦੋ ਸੰਸਾਰ ਜੰਗਾਂ ਦਾ ਛਿੜਨਾ, ਮਜ਼ਦੂਰਾਂ ਦੇ ਸਮਾਜਵਾਦੀ ਇਨਕਲਾਬਾਂ ਦੀ ਜੇਤੂ ਪੇਸ਼ਕਦਮੀ ਅਤੇ ਕੌਮੀ ਮੁਕਤੀ ਲਹਿਰਾਂ ਦੇ ਉਭਾਰਾਂ ਨੇ ਸਾਮਰਾਜਵਾਦ ਦੇ ਸਿਆਸੀ, ਆਰਥਿਕ ਅਤੇ ਸਮਾਜਿਕ ਸੰਕਟਾਂ ਨੂੰ ਹੋਰ ਵੀ ਵਧਾ ਦਿੱਤਾ।

ਬੇਸ਼ੱਕ ਦੁਨੀਆਂ ਵਿੱਚ ਭਾਰੀ ਤਬਦੀਲੀਆਂ ਹੋ ਚੁੱਕੀਆਂ ਸਨ ਫਿਰ ਵੀ ਸਾਮਰਾਜਵਾਦ ਦਾ ਯੁੱਗ ਅਜੇ ਸਥਾਪਤ ਨਹੀਂ ਹੋਇਆ। ਇਸੇ ਲਈ ਮਾਓ ਵਾਰ ਵਾਰ ਸਾਨੂੰ ਸਿਖਾਉਂਦੇ ਹਨ: ਅਸੀਂ ਅਜੇ ਵੀ ਸਾਮਰਾਜਵਾਦ ਅਤੇ ਮਜ਼ਦੂਰ ਇਨਕਲਾਬ ਦੇ ਯੁੱਗ ਵਿੱਚ ਹੀ ਹਾਂ ਕਿ ਸਾਮਰਾਜਵਾਦ ਬਾਰੇ ਮਾਰਕਸਵਾਦ ਦੇ ਬੁਨਿਆਦੀ ਸਿਧਾਂਤਾਂ ਉੱਪਰ ਅਧਾਰਿਤ ਲੈਨਿਨ ਦਾ ਵਿਗਿਆਨਕ ਵਿਸ਼ਲੇਸ਼ਣ ਪੂਰੀ ਤਰਾਂ ਸਹੀ ਹੈ, ਕਿ ਲੈਨਿਨਵਾਦ ਦਾ ਬੁਨਿਆਦੀ ਸਿਧਾਂਤ ਪੁਰਾਣਾ ਨਹੀਂ ਪੈ ਗਿਆ ਹੈ ਅਤੇ ਇਹ ਸਾਡੀ ਵਿਚਾਰਧਾਰਾ ਦਾ ਅਜੇ ਵੀ ਬੁਨਿਆਦੀ ਅਧਾਰ ਬਣਿਆ ਹੋਇਆ ਹੈ।

ਸਾਮਰਾਜਵਾਦ ਦੀ ਉਮਰ ਲੰਬੀ ਨਹੀਂ ਹੈ। ਇਹ ਪਰਜੀਵੀ ਅਤੇ ਮਰ ਰਿਹਾ ਪੂੰਜੀਵਾਦ ਹੈ ਜੋ ਕਿ ਮਜ਼ਦੂਰਾਂ ਦੇ ਸਮਾਜਵਾਦੀ ਇਨਕਲਾਬ ਦਾ ਪਹੁ ਫੁਟਾਲਾ ਹੈ। ਪ੍ਰੰਤੂ ਇਹ ਆਪਣੀ ਮਰਜ਼ੀ ਨਾਲ ਹੀ ਇਤਿਹਾਸ ਦੇ ਰੰਗ ਮੰਚ ਤੋਂ ਥੱਲੇ ਨਹੀਂ ਉੱਤਰੇਗਾ। ਸਾਮਰਾਜਵਾਦ ਦਾ ਸੁਭਾਅ ਇਹ ਤੈਅ ਕਰਦਾ ਹੈ ਕਿ ਜਿਉਂ ਜਿਉਂ ਇਸ ਦੇ ਜੀਵਨ ਦਾ ਅੰਤ ਨੇੜੇ ਆਉਂਦਾ ਜਾਏਗਾ, ਤਿਉਂ ਤਿਉਂ ਇਹ ਜਿਆਦਾ ਨਿਰਾਸ਼ਾਮੁਖੀ ਹੋ ਕੇ ਆਪਣੇ ਜੀਵਨ ਲਈ ਰੱਸੇ ਪੈੜੇ ਵੱਟੇਗਾ। ਇਸ ਲਈ, ਸਾਨੂੰ ਇਹ ਜ਼ਰੂਰ ਹੀ ਸਮਝਣਾ ਹੋਵੇਗਾ ਕਿ ਸਾਮਰਾਜਵਾਦ ਬੁਨਿਆਦੀ ਤੌਰ 'ਤੇ ਕਮਜ਼ੋਰ ਹੈ ਅਤੇ ਇਹ ਕਾਗਜ਼ੀ ਸ਼ੇਰ ਬਣ ਕੇ ਰਹਿ ਗਿਆ ਹੈ। ਸਾਨੂੰ ਨਿਸ਼ਚਿਤ ਹੀ

ਆਪਣੀ ਚੇਤਨਾ ਨੂੰ ਨਿਡਰ ਤੇ ਨਿਰਭੈ ਬਣਾਉਣਾ ਹੋਵੇਗਾ ਤਾਂ ਕਿ ਸੰਘਰਸ਼ਾਂ ਦੀ ਦਲੇਰੀ ਕਰ ਸਕੀਏ ਅਤੇ ਸੰਘਰਸ਼ਾਂ ਵਿੱਚ ਖਰੇ ਉੱਤਰ ਸਕੀਏ। ਸਾਨੂੰ ਸਾਮਰਾਜਵਾਦ ਦੇ ਖਾਤਮੇ ਲਈ ਸੰਘਰਸ਼ ਛੇੜਨ ਵਾਸਤੇ ਲਾਜ਼ਮੀ ਹੀ ਸਾਰੀ ਦੁਨੀਆਂ ਦੀ ਇਨਕਲਾਬੀ ਲੋਕਾਈ ਨੂੰ ਏਕਤਾਬੱਧ ਕਰਨਾ ਹੋਵੇਗਾ। *"ਮੁਸੀਬਤ ਖੜ੍ਹੀ ਕਰੋ, ਅਸਫਲ ਹੋਵੋ, ਫਿਰ ਮੁਸੀਬਤ ਖੜ੍ਹੀ ਕਰੋ ਫਿਰ ਅਸਫਲ ਹੋਵੋ, ਤਦ ਤੱਕ ਅਜਿਹਾ ਕਰਦੇ ਰਹੋ, ਜਦੋਂ ਤੱਕ ਕਿ ਬੇੜਾ ਗਰਕ ਨਾ ਹੋ ਜਾਵੇ — ਇਹ ਉਹੀ ਤਰਕ ਹੈ ਜਿਸਨੂੰ ਸਾਮਰਾਜਵਾਦ ਅਤੇ ਦੁਨੀਆਂ ਦੇ ਸਾਰੇ ਪਿਛਾਖੜੀ ਸਮੂਹ ਲੋਕ ਉਭਾਰਾਂ ਨਾਲ ਨਿਪਟਣ ਵਿੱਚ ਅਪਣਾਉਂਦੇ ਹਨ ਉਹ ਆਪਣੇ ਇਸ ਤਰਕ ਤੋਂ ਕਦੇ ਬਾਜ਼ ਨਹੀਂ ਆਉਣਗੇ"।*[13] ਦਰਅਸਲ ਮੁਸੀਬਤ ਖੜ੍ਹੀ ਕਰਨਾ ਸਾਮਰਾਜਵਾਦ ਦੇ ਨਿਰਾਸ਼ਾਮੁਖੀ ਸੰਘਰਸ਼ ਦਾ ਹੀ ਇੱਕ ਇਜ਼ਹਾਰ ਹੈ ਅਤੇ ਆਖਰਕਾਰ ਅਸਫਲ ਹੁੰਦੇ ਹੋਏ ਸਮਾਪਤ ਹੋ ਜਾਣਾ ਹੀ ਸਾਮਰਾਜਵਾਦੀ ਵਿਕਾਸ ਦੀ ਅਟੱਲ ਹੋਣੀ ਹੈ। ਇਤਿਹਾਸ ਦੇ ਇਸ ਨਿਯਮ ਨੂੰ ਕੋਈ ਨਹੀਂ ਬਦਲ ਸਕਦਾ।

ਪ੍ਰਮੁੱਖ ਅਧਿਐਨ ਸਮੱਗਰੀ—

ਲੈਨਿਨ, ਸਾਮਰਾਜਵਾਦ, ਪੂੰਜੀਵਾਦ ਦਾ ਸਰਵਉੱਚ ਪੜਾਅ ਪਾਠ 7–10
ਲੈਨਿਨ,"ਸਾਮਰਾਜਵਾਦ ਅਤੇ ਸਮਾਜਵਾਦੀ ਲਹਿਰ ਵਿੱਚ ਫੁੱਟ"
ਮਾਓ, "ਅਮਰੀਕੀ ਪੱਤਰਕਾਰ ਅੰਨਾ ਲੂਈ ਸਟਰਾਂਗ ਨਾਲ ਗੱਲ ਬਾਤ"

ਪੜਚੋਲ ਲਈ ਪ੍ਰਸ਼ਨ:

1. ਅਸੀਂ ਇਹ ਕਿਉਂ ਕਹਿੰਦੇ ਹਾਂ ਕਿ ਸਾਮਰਾਜਵਾਦ ਅਤੇ ਸਾਰੇ ਪਿਛਾਖੜੀ ਕਾਗਜ਼ੀਸ਼ੇਰ ਹਨ ?

2. ਅਸੀਂ ਕਿਉਂ ਕਹਿੰਦੇ ਹਾਂ ਕਿ ਸਾਮਰਾਜਵਾਦ ਮਜ਼ਦੂਰਾਂ ਦੇ ਸਮਾਜਵਾਦੀ ਇਨਕਲਾਬ ਦਾ ਪਹੁਫੁਟਾਲਾ ਹੈ ?

ਨੋਟਸ :

1."ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ–2. ਜੇਨ–ਮਿਨ ਚੂ–ਪਾਨ–ਸ਼ੀ 1972 , ਪੰਨਾ 842

2. ਉਪਰੋਕਤ, ਪੰਨਾ 818

3. ਉਪਰੋਕਤ, ਪੰਨਾ 820

4. ਉਪਰੋਕਤ, ਪੰਨਾ 843

5. ਉਪਰੋਕਤ ਪੰਨਾ

6. "ਮਾਰਕਸਵਾਦ ਦਾ ਮੌਜੂ ਅਤੇ ਸਾਮਰਾਜਵਾਦੀ ਆਰਥਕਵਾਦ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਭਾਗ 23, ਪੰਨਾ 34

7. "ਅਮਰੀਕੀ ਪੱਤਰਕਾਰ ਅੰਨ੍ਹਾ ਲੂਈ ਸਟਰਾਂਗ ਨਾਲ ਗੱਲਬਾਤ" ਸਬੰਧੀ ਨੋਟਿਸ, ਮਾਓ–ਜ਼ੇ–ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ–4, ਚੀਨੀ ਐਡੀਸ਼ਨ 1968 , ਪੰਨਾ 1088

8. "ਲੈਨਿਨਵਾਦ ਦੇ ਬੁਨਿਆਦੀ ਸਿਧਾਂਤ" , ਸਟਾਲਿਨ ਦੀਆਂ ਸਮੁੱਚੀਆਂ ਲਿਖਤਾਂ , ਭਾਗ 6, ਪੰਨਾ 65

9. "ਵਿਰੋਧਤਾਈਆਂ ਬਾਰੇ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 1, ਚੀਨੀ ਐਡੀਸ਼ਨ 1968, ਪੰਨਾ 289

10. "ਸਮਾਜਵਾਦ ਅਤੇ ਜੰਗ" ਲੈਨਿਨ ਦੀਆਂ ਚੋਣਵੀਆਂ ਰਚਨਾਵਾਂ ਭਾਗ 2, ਚੀਨੀ ਐਡੀਸ਼ਨ 1972, ਪੰਨਾ672

11. ਚੇਅਰਮੈਨ ਮਾਓ " ਅਲਬਾਨੀਆ ਲੇਬਰ ਪਾਰਟੀ ਦੀ ਪੰਜਵੀਂ ਕਾਂਗਰਸ ਨੂੰ ਵਧਾਈ ਤਾਰ" ਜੇਨ-ਮਿਨ-ਜੀਹ ਪਾਓ (ਪੀਪਲਜ਼ ਡੇਲੀ) 4 ਨਵੰਬਰ 1966 ਤੋਂ ਅੰਕਿਤ

12. "ਯੂਰਪੀ ਗੱਠਜੋੜ ਦੇ ਨਾਅਰੇ ਦੇ ਬਾਰੇ" ਲੈਨਿਨ ਦੀਆਂ ਸਮੁੱਚੀਆ ਲਿਖਤਾਂ ਭਾਗ 21, ਪੰਨਾ 321

13. "ਭਰਮਾਂ ਨੂੰ ਤਿਆਗੋ ਅਤੇ ਸੰਘਰਸ਼ ਲਈ ਤਿਆਰੀ ਕਰੋ" ਮਾਓ-ਜ਼ੇ-ਤੁੰਗ ਦੀਆਂ ਚੋਣਵੀਆਂ ਰਚਨਾਵਾਂ, ਭਾਗ 4, ਚੀਨੀ ਐਡੀਸ਼ਨ, 1968 ਪੰਨਾ, 1375

* * * * * * * * * * *

11

ਸੋਵੀਅਤ ਸੋਧਵਾਦੀ ਸਮਾਜਕ ਸਾਮਰਾਜਵਾਦ ਸੰਸਾਰ ਸਾਮਰਾਜਵਾਦ ਦੀਆਂ ਸਫਾਂ 'ਚ ਸ਼ਾਮਿਲ

ਸਮਾਜਿਕ ਸਾਮਰਾਜਵਾਦ ਕਹਿਣ ਨੂੰ ਸਮਾਜਵਾਦ ਹੈ ਪਰ ਤੱਤ ਪੱਖੋਂ ਸਾਮਰਾਜਵਾਦ ਹੈ

ਸਾਮਰਾਜਵਾਦ ਦੇ ਲਗਾਤਾਰ ਹੌਲੀ-ਹੌਲੀ ਖਤਮ ਹੋਣ ਦੀ ਪ੍ਰਕਿਰਿਆ ਦੌਰਾਨ ਹੀ ਵੀਹਵੀਂ ਸਦੀ ਦੇ ਅੱਧ ਵਿੱਚ ਸੋਵੀਅਤ ਸਮਾਜਿਕ ਸਾਮਰਾਜਵਾਦ ਦਾ ਉਦੈ ਹੋਇਆ। ਕਿਸੇ ਸਮੇਂ ਲੈਨਿਨ ਅਤੇ ਸਟਾਲਿਨ ਦੀ ਅਗਵਾਈ ਹੇਠ ਰੂਸ ਇੱਕ ਮਹਾਨ ਸਮਾਜਵਾਦੀ ਦੇਸ਼ ਸੀ। ਪਰ ਸਟਾਲਿਨ ਦੀ ਮੌਤ ਤੋਂ ਬਾਅਦ, ਖਰੁਸ਼ਚੇਵ ਅਤੇ ਬ੍ਰੈਜਨੇਵ ਦੀ ਗੱਦਾਰ ਜੁੰਡਲੀ ਨੇ ਇੱਕ ਉਲਟ ਇਨਕਲਾਬੀ ਤਖਤਾ-ਪਲਟ ਰਾਹੀਂ ਪਾਰਟੀ ਅਤੇ ਰਾਜ ਸੱਤ੍ਹਾ 'ਤੇ ਕਬਜ਼ਾ ਕਰ ਲਿਆ। ਵੱਡੇ ਪੱਧਰ 'ਤੇ ਪੂੰਜੀਵਾਦ ਦੀ ਮੁੜ ਬਹਾਲੀ ਕਰ ਦਿੱਤੀ ਅਤੇ ਇਸ ਤਰਾਂ ਸੋਵੀਅਤ ਸੰਘ ਨੂੰ ਇੱਕ ਸਮਾਜਿਕ ਸਾਮਰਾਜਵਾਦੀ ਦੇਸ਼ ਵਿੱਚ ਬਦਲ ਕੇ ਰੱਖ ਦਿੱਤਾ।

ਪਹਿਲੀ ਸੰਸਾਰ ਜੰਗ ਦੇ ਦੌਰਾਨ ਲੈਨਿਨ ਨੇ ਉਸ ਸਮੇਂ ਜਰਮਨ ਸਮਾਜਿਕ ਜਨਵਾਦੀ ਪਾਰਟੀ ਦੇ ਆਗੂ ਕਾਉਟਸਕੀ ਦੀ ਵਿਰੋਧਤਾ ਕਰਦੇ ਹੋਏ ਉਸਨੂੰ *"ਸਮਾਜਿਕ ਸਾਮਰਾਜਵਾਦੀ" ਭਾਵ ਕਹਿਣ ਨੂੰ ਸਮਾਜਵਾਦੀ ਪਰ ਅਸਲ 'ਚ ਸਾਮਰਾਜਵਾਦੀ ਕਿਹਾ।*(1) ਬ੍ਰੈਜਨੇਵ ਦੀ ਗੱਦਾਰ ਜੁੰਡਲੀ ਵੀ ਕਾਉਟਸਕੀ ਦੀ ਤਰਾਂ ਹੀ ਸਮਾਜਿਕ ਸਾਮਰਾਜਵਾਦੀ ਹੈ। ਬਸ ਫਰਕ ਸਿਰਫ ਇਹ ਹੈ ਕਿ ਇਹ ਜੁੰਡਲੀ ਸਿਰਫ ਸੋਧਵਾਦ ਦੀ ਹੀ ਪੈਰੋਕਾਰ ਨਹੀਂ ਸਗੋਂ ਸਾਮਰਾਜਵਾਦ ਦੀ ਰੱਖਿਆ ਵੀ ਕਰਦੀ ਹੈ। ਉੱਪਰੋਂ ਸਿਤਮ ਜਰੀਫ਼ੀ ਇਹ ਹੈ ਕਿ ਇਹੋ ਜੁੰਡਲੀ ਹੀ ਰਾਜ ਭਾਗ 'ਤੇ ਕਾਬਜ਼ ਹੈ ਜੋ ਖੁਦ ਲੈਨਿਨ ਵਲੋਂ ਰਚੇ ਗਏ ਮਹਾਨ ਦੇਸ਼ ਨੂੰ ਇੱਕ ਸਮਾਜਿਕ ਸਾਮਰਾਜਵਾਦੀ ਦੇਸ਼ ਵਿੱਚ ਤਬਦੀਲ ਕਰ ਚੁੱਕੀ ਹੈ। ਸਮਾਜਿਕ ਸਾਮਰਾਜਵਾਦ 'ਸਮਾਜਵਾਦ' ਦੇ ਫੱਟੇ ਹੇਠਾਂ ਸਾਮਰਾਜਵਾਦ ਹੀ ਹੈ। ਕਿਉਂਕਿ ਇਹ ਲੈਨਿਨ ਦੇ ਆਪਣੇ ਦੇਸ਼, ਜੋ ਕਿਸੇ ਸਮੇਂ ਇੱਕ ਮਹਾਨ ਸਾਮਾਜਵਾਦੀ ਦੇਸ਼ ਰਹਿ ਚੁੱਕਿਆ ਹੈ, ਸੋਵੀਅਤ ਸੰਘ ਅੰਦਰ ਪੈਦਾ ਹੋਇਆ ਹੈ, ਇਸੇ ਕਰਕੇ ਇਹ ਵੱਧ ਭੁਲੇਖਾ ਪਾਊ ਅਤੇ ਭਰਮਾਊ ਹੈ। ਅਸਲ 'ਚ ਇਹ

ਬੇਹੱਦ ਘਿਨੌਣਾ ਸਾਮਰਾਜਵਾਦ ਹੈ।

ਇਜਾਰੇਦਾਰਾਨਾ ਰਾਜਕੀ ਪੂੰਜੀਵਾਦ ਸਮਾਜਿਕ ਸਾਮਰਾਜਵਾਦ ਦਾ ਮੁੱਖ ਆਰਥਕ ਅਧਾਰ ਹੈ

ਸੋਵੀਅਤ ਸੰਘ ਵਿੱਚ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਦੀ ਬਣਾਵਟ

ਸਾਮਰਾਜਵਾਦ ਪੂੰਜੀਵਾਦੀ ਹੋਵੇ ਭਾਵੇਂ ਸਮਾਜਿਕ, ਦੋਵੇਂ ਹੀ ਆਪਣੀਆਂ ਬੁਨਿਆਦੀ ਆਰਥਿਕ ਵਿਸ਼ੇਸ਼ਤਾਈਆਂ ਦੇ ਪੱਖ ਤੋਂ ਇੱਕੋ ਜਿਹੇ ਹਨ। ਉਨ੍ਹਾਂ ਦਾ ਪ੍ਰਮੁੱਖ ਆਰਥਿਕ ਅਧਾਰ ਇਜਾਰੇਦਾਰਾਨਾ ਪੂੰਜੀਵਾਦ ਹੀ ਹੈ। ਪਰ ਪੂੰਜੀਵਾਦੀ ਸਾਮਰਾਜਵਾਦੀ ਦੇਸ਼ਾਂ ਵਿੱਚ, ਇਜਾਰੇਦਾਰਾਨਾ ਅਰਥਚਾਰੇ ਦੇ ਦੋ ਰੂਪ ਹਨ: ਵਿਅਕਤੀਗਤ ਇਜਾਰੇਦਾਰਾਨਾ ਪੂੰਜੀਵਾਦ ਅਤੇ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ। ਸਮਾਜਿਕ ਸਾਮਰਾਜਵਾਦੀ ਦੇਸ਼ਾਂ ਅੰਦਰ ਇਜਾਰੇਦਾਰਾਨਾ ਪੂੰਜੀਵਾਦ ਹਮੇਸ਼ਾਂ ਹੀ ਰਾਜਕੀ ਇਜਾਰੇਦਾਰਨਾ ਪੂੰਜੀਵਾਦ ਦੇ ਰੂਪ ਵਿੱਚ ਹੀ ਹੁੰਦਾ ਹੈ। ਇਹ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਹੀ ਸਮਾਜਿਕ ਸਾਮਰਾਜਵਾਦ ਦਾ ਮੁੱਖ ਆਰਥਿਕ ਅਧਾਰ ਹੈ। ਸਮਾਜਿਕ ਅਤੇ ਪੂੰਜੀਵਾਦੀ ਸਾਮਰਾਜਵਾਦ ਵਿਚਲਾ ਇਹ ਫਰਕ ਉਨ੍ਹਾਂ ਇਤਿਹਾਸਕ ਪ੍ਰਸਥਿਤੀਆਂ ਤੋਂ ਤੈਅ ਹੁੰਦਾ ਹੈ ਜਿੰਨ੍ਹਾਂ ਦੇ ਪ੍ਰਭਾਵ ਥੱਲੇ ਇਜਾਰੇਦਾਰਾਨਾ ਪੂੰਜੀ ਪੈਦਾ ਹੁੰਦੀ ਹੈ।

ਪੂੰਜੀਵਾਦੀ ਸਾਮਰਾਜਵਾਦੀ ਦੇਸ਼ਾਂ ਦੇ ਇਜਾਰੇਦਾਰਾਨਾ ਪੂੰਜੀ ਦੀ ਸਿਰਜਣਾ ਨਿੱਜੀ ਪੂੰਜੀਵਾਦੀ ਅਰਥਚਾਰੇ ਦੇ ਤਹਿਤ, ਸਿਰ ਵੱਢਵੇਂ ਮੁਕਾਬਲੇ ਦੀ ਪ੍ਰਕਿਰਿਆ ਦੌਰਾਨ, ਪੂੰਜੀ ਸੰਗ੍ਰਹਿ ਅਤੇ ਪੂੰਜੀ ਸੰਕੇਂਦਰਨ ਦੇ ਜ਼ਰੀਏ, ਹੌਲੀ-ਹੌਲੀ ਹੋਈ ਹੈ। ਨਿੱਜੀ ਇਜਾਰੇਦਾਰਾਨਾ ਪੂੰਜੀਵਾਦ ਪਹਿਲਾਂ ਹੋਂਦ ਵਿੱਚ ਆਇਆ ਅਤੇ ਵੱਡੇ ਪੱਧਰ ’ਤੇ ਫੈਲ ਗਿਆ। ਪਰ ਜਦੋਂ ਨਿੱਜੀ ਇਜਾਰੇਦਾਰਾਨਾ ਪੂੰਜੀਵਾਦ ਇੱਕ ਨਿਸ਼ਚਿਤ ਹੱਦ ਤੱਕ ਵਿਕਸਿਤ ਹੋ ਗਿਆ ਤੇ ਜਦੋਂ ਇਜਾਰੇਦਾਰਾਨਾ ਸਰਮਾਇਆ ਅਤੇ ਰਾਜ ਭਾਗ ਰਾਜਕੀ ਮਸ਼ੀਨਰੀ ਦੇ ਨਾਲ ਮਿਲਕੇ ਇਜਾਰੇਦਾਰਾਨਾ ਸਰਮਾਏ ਦੀ ਸੇਵਾ ਵਿੱਚ ਜੁਟ ਗਏ ਉਦੋਂ ਹੀ ਰਾਜਕੀ ਇਜਾਰੇਦਾਰਾਨਾ ਸਰਮਾਇਆ ਹੋਂਦ ਵਿੱਚ ਆਇਆ, ਜਦੋਂ ਹਾਕਮਾਂ ਨੇ ਪੂੰਜੀਵਾਦੀ ਰਾਹ ਅਖਤਿਆਰ ਕਰਕੇ ਸਮਾਜਵਾਦੀ ਦੇਸ਼ ਦੀ ਪਾਰਟੀ ਅਤੇ ਸਰਕਾਰੀ ਮਸ਼ੀਨਰੀ ’ਤੇ ਕਬਜਾ ਕਰ ਲਿਆ ਅਤੇ ਇਸ ਪ੍ਰਕਿਰਿਆ ਦੌਰਾਨ ਸਮਾਜਵਾਦੀ ਅਰਥਚਾਰੇ ਨੂੰ ਮੁੱਢੋਂ ਤਬਦੀਲ ਕਰਕੇ ਪੂੰਜੀਵਾਦ ਦੀ ਮੁੜ-ਬਹਾਲੀ ਕਰ ਦਿੱਤੀ।

ਸੋਵੀਅਤ ਸੰਘ ਦੀ ਗੱਦਾਰ ਜੁੰਡਲੀ ਵੱਲੋਂ ਪਾਰਟੀ ਅਤੇ ਸਰਕਾਰੀ ਮਸ਼ੀਨਰੀ ’ਤੇ ਕਾਬਜ਼ ਹੋ ਜਾਣ ਤੋਂ ਬਾਅਦ ਰੂਸ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਪੂੰਜੀਪਤੀ ਤਬਕੇ ਨੇ ਆਪਣੀ ਸਿਆਸੀ ਅਤੇ ਆਰਥਿਕ ਤਾਕਤ ਦਾ ਵੱਡੇ ਪੈਮਾਨੇ ’ਤੇ ਪਸਾਰਾ ਕੀਤਾ ਅਤੇ ਪਾਰਟੀ, ਸਰਕਾਰ ਫੌਜ ਅਤੇ ਆਰਥਿਕ ਤੇ ਸਭਿਆਚਾਰਕ ਖੇਤਰਾਂ ਵਿੱਚ ਇੱਕ ਭਾਰੂ ਹੈਸੀਅਤ ਗ੍ਰਹਿਣ ਕਰਕੇ ਇੱਕ ਅਜਿਹੀ ਨੌਕਰਸ਼ਾਹਾਨਾ ਇਜਾਰੇਦਾਰਾਨਾ ਪੂੰਜੀਪਤੀ ਜਮਾਤ ਜਥੇਬੰਦ ਕਰ ਲਈ ਜੋ

ਸਮੁੱਚੀ ਰਾਜਕੀ ਮਸ਼ੀਨਰੀ ਅਤੇ ਸਮਾਜਿਕ ਦੌਲਤ 'ਤੇ ਕਾਬਜ ਹੋ ਰਹੀ ਹੈ। ਇਸ ਨਵੀਂ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਨੇ ਰਾਜ ਭਾਗ 'ਤੇ ਕਬਜਾ ਜਮਾ ਕੇ ਉਸਦੀ ਵਰਤੋਂ ਸਮਾਜਵਾਦੀ ਮਾਲਕੀ ਨੂੰ ਪੂੰਜੀਵਾਦੀ ਕੁਰਾਹੀਆਂ ਦੀ ਮਾਲਕੀ ਵਿੱਚ ਤਬਦੀਲ ਕਰਨ ਅਤੇ ਸਮਾਜਵਾਦੀ ਅਰਥਚਾਰੇ ਨੂੰ ਪੂੰਜੀਵਾਦੀ ਅਰਥਚਾਰੇ ਅਤੇ ਰਾਜਕੀ ਇਜਾਰੇਦਾਰਾਨਾ ਪੂੰਜੀਵਾਦੀ ਅਰਥਚਾਰੇ ਵਿੱਚ ਤਬਦੀਲ ਕਰਨ ਲਈ ਕੀਤੀ। ਕਿਸੇ ਸਮਾਜ ਦਾ ਅਰਥਚਾਰਾ ਉਸ ਵੱਲੋਂ ਲਾਏ ਫੱਟੇ ਤੋਂ ਨਹੀਂ ਸਗੋਂ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਤੋਂ ਤੈਅ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਇਹ ਇਸ ਗੱਲ ਤੋਂ ਤੈਅ ਹੁੰਦਾ ਹੈ ਕਿ ਪੈਦਾਵਾਰ ਦੇ ਸਾਧਨਾਂ 'ਤੇ ਕੌਣ-ਕੌਣ ਕਾਬਜ਼ ਹੈ, ਇਨ੍ਹਾਂ ਦਾ ਵੰਡਾਰਾ ਕੌਣ ਕਰਦਾ ਹੈ ਤੇ ਇਹ ਕਿਸ ਦੀ ਸੇਵਾ ਕਰਦੇ ਹਨ। ਬ੍ਰੈਜਨੇਵ ਅਤੇ ਖਰੁਸ਼ਚੋਵ ਦੀ ਗੱਦਾਰ ਜੁੰਡਲੀ ਨੇ ਸੋਵੀਅਤ ਸੰਘ ਵਿੱਚ ਪਾਰਟੀ ਅਤੇ ਸਰਕਾਰੀ ਮਸ਼ੀਨਰੀ ਉੱਪਰ ਕਾਬਜ ਹੋਣ ਤੋਂ ਬਾਅਦ ਸਿਆਸੀ ਅਤੇ ਆਰਥਿਕ ਤਾਕਤ 'ਤੇ ਵੀ ਪੂਰੀ ਤਰਾਂ ਗਲਬਾ ਕਾਇਮ ਕਰ ਲਿਆ ਅਤੇ ਆਰਥਿਕ ਖੇਤਰ ਅੰਦਰ ਪੂਰੀ ਤਰਾਂ ਨਾਲ ਸੋਧਵਾਦੀ ਨੀਤੀ ਲਾਗੂ ਕਰ ਦਿੱਤੀ। ਇਸ ਜੁੰਡਲੀ ਨੇ "ਰੂਬਲ ਨੂੰ ਕਿਰਤ ਦੀ ਕਾਬਲੀਅਤ ਦੇ ਮਾਪਕ ਦੇ ਰੂਪ ਵਿੱਚ" ਅਤੇ "ਕਾਰਜ਼ ਖੇਤਰ ਵਿਉਂਤਬੰਦੀ ਵਿੱਚ ਜੁਟੇ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਦਾ ਮੁਲਾਂਕਣ ਕਰਨ ਲਈ, ਉਨ੍ਹਾਂ ਵੱਲੋਂ ਮੁਨਾਫਾ ਕਮਾਏ ਜਾਣ ਦੀ ਯੋਗਤਾ ਨੂੰ ਹੀ ਸਭ ਤੋਂ ਉੱਤਮ ਪੈਮਾਨੇ ਦੇ ਰੂਪ ਵਿੱਚ" ਮਹਿਮਾ ਗਾਈ। ਇਸੇ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਦੀ ਹਮਾਇਤ ਨਾਲ, ਸੋਧਵਾਦ ਦੇ ਇੱਕ ਨਵੇਂ ਅਰਥਸ਼ਾਸਤਰੀ ਲਿਬਰਮੈਨ ਨੇ ਉਦਯੋਗ ਦੀ ਰਾਜਕੀ ਵਿਉਂਤਬੰਦੀ ਦੀ ਅਜਿਹੀ ਤਰਕੀਬ ਸੁਝਾਈ ਜੋ ਮੁਨਾਫੇ ਅਤੇ ਪਦਾਰਥਕ ਹੱਲਾਸ਼ੇਰੀ ਉੱਪਰ ਅਧਾਰਿਤ ਸੀ ਅਤੇ ਇਸ ਪ੍ਰਯੋਗ ਨੂੰ ਵਿਆਪਕ ਪੈਮਾਨੇ 'ਤੇ ਲਾਗੂ ਕਰ ਦਿੱਤਾ ਗਿਆ। ਜਦੋਂ ਖਰੁਸ਼ਚੇਵ ਤੋਂ ਬਾਅਦ ਬ੍ਰੈਜਨੇਵ ਸੱਤ੍ਹਾ 'ਚ ਆਇਆ ਉਦੋਂ ਤੋਂ ਹੀ ਇਹ "ਨਵਾਂ ਆਰਥਿਕ ਪ੍ਰਬੰਧ" ਪੂਰੇ ਦੇਸ਼ ਦੇ ਪੈਮਾਨੇ 'ਤੇ ਸਥਾਪਤ ਕਰ ਦਿੱਤਾ ਗਿਆ। ਹੁਣ ਇਸ ਪ੍ਰਬੰਧ ਅੰਦਰ ਪੂੰਜੀਵਾਦ ਦੇ ਮੁਨਾਫੇ ਦਾ ਸਿਧਾਂਤ, ਨੌਕਰਸ਼ਾਹ ਇਜਾਰੇਦਾਰਾਨਾ ਜੁੰਡੀ ਰਾਜ ਦੁਆਰਾ ਕਿਰਤੀ ਲੋਕਾਂ ਦੀ ਵੱਧ ਤੋਂ ਵੱਧ ਲੁੱਟ ਕਰਨ ਲਈ ਕਾਨੂੰਨੀ ਤੌਰ 'ਤੇ ਵੀ ਸਥਾਪਤ ਕਰ ਦਿੱਤਾ ਗਿਆ ਹੈ। ਇਸ " ਕਾਇਆ ਪਲਟੀ" ਦੇ ਹੁੰਦਿਆਂ, ਪੈਦਾਵਾਰ ਦੇ ਸਾਧਨ ਜੋ ਪਹਿਲਾਂ ਸੋਵੀਅਤ ਸੰਘ ਦੇ ਲੋਕਾਂ ਦੀ ਮਾਲਕੀ ਅਧੀਨ ਸਨ, ਹੁਣ ਇਸ ਨਵੀਂ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਦੇ ਕਬਜੇ ਵਿੱਚ ਹਨ ਅਤੇ ਇਸੇ ਦੀ ਸੇਵਾ 'ਚ ਭੁਗਤ ਰਹੇ ਹਨ। ਹੁਣ ਸੋਵੀਅਤ ਸੰਘ ਅੰਦਰ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਪੈਦਾਵਾਰ ਦੇ ਸਾਧਨਾਂ ਤੋਂ ਹੀਣੇ ਕਰ ਦਿੱਤਾ ਗਿਆ ਅਤੇ ਉਨਾਂ ਨੂੰ ਫਿਰ ਤੋਂ ਭਾੜੇ ਦੇ ਮਜ਼ਦੂਰ ਬਣਾਇਆ ਜਾ ਚੁੱਕਾ ਹੈ। ਹੁਣ ਸੋਵੀਅਤ ਸੰਘ ਭਾਵੇਂ ਜਿੱਡਾ ਮਰਜੀ ਸਮਾਜਵਾਦ ਦਾ ਫੱਟਾ ਲਾ ਲਵੇ, ਪਰ ਪਹਿਲਾਂ ਵਾਲੀ ਸਮਾਜਵਾਦੀ ਮਾਲਕੀ ਹੁਣ ਅਸਲ 'ਚ ਨੌਕਰਸ਼ਾਹ ਇਜਾਰੇਦਾਰਾਨਾ ਰਾਜਕੀ ਬੁਰਜੂਆਜ਼ੀ ਦੀ ਮਾਲਕੀ ਵਿੱਚ ਤਬਦੀਲ ਹੋ ਚੁੱਕੀ ਹੈ।

ਸਮਾਜਵਾਦੀ ਸਮਾਜ ਵਿੱਚ, ਸਮਾਜਵਾਦੀ ਰਾਜਕੀ ਮਾਲਕੀ ਉੱਪਰ ਅਧਾਰਤ ਰਾਜ ਵੱਲੋਂ ਸੰਚਾਲਿਤ ਅਰਥਚਾਰਾ ਕੌਮੀ ਅਰਥਚਾਰੇ ਦਾ ਇੱਕ ਅਗਵਾਨੂੰ ਤੱਤ ਹੁੰਦਾ ਹੈ। ਪਰ

ਇੱਕ ਵਾਰ ਜਦੋਂ ਸੋਧਵਾਦੀ ਗੱਦਾਰ ਜੁੰਡਲੀ ਸਮਾਜਵਾਦੀ ਅਰਥਚਾਰੇ ਦੀ ਅਗਵਾਈ ਹਥਿਆ ਲੈਂਦੀ ਹੈ ਤਾਂ ਉਹ ਸੁਭਾਵਿਕ ਤੌਰ 'ਤੇ ਹੀ ਇੱਕ ਰਾਜਕੀ ਇਜਾਰੇਦਾਰਾਨਾ ਪੂੰਜੀਵਾਦੀ ਅਰਥਚਾਰੇ ਵਿੱਚ ਤਬਦੀਲ ਹੋ ਜਾਂਦਾ ਹੈ। ਇਸਦਾ ਕਾਰਨ ਇਹ ਹੁੰਦਾ ਹੈ ਕਿ ਨਵੀਂ ਨੌਕਰਸ਼ਾਰ ਇਜਾਰੇਦਾਰਾਨਾ ਸਰਮਾਏਦਾਰ ਜਮਾਤ ਪੈਦਾਵਾਰੀ ਤਾਕਤਾਂ ਨੂੰ ਜਿੰਨਾਂ ਵਧੇਰੇ ਆਪਣੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਰਾਜਕੀ ਮਾਲਕੀ ਦੇ ਅਧੀਨ ਲਿਆਉਂਦੀ ਜਾਂਦੀ ਹੈ। ਉਨਾਂ ਹੀ ਵਧੇਰੇ ਇਹ "ਰਾਜ" ਦਾ ਨਾਮ ਵਰਤਕੇ ਸਮੁੱਚੇ ਸਮਾਜ ਦੀ ਧਨ ਦੌਲਤ ਨੂੰ ਹਥਿਆਉਂਦੀ ਜਾਂਦੀ ਹੈ। ਇਸ ਤਰੀਕੇ ਨਾਲ ਇਹ 'ਰਾਜ' ਦੇ ਫੱਟੇ ਦੀ ਵਰਤੋਂ ਕਰਦਿਆਂ ਸਿਰਫ ਕਿਰਤੀ ਲੋਕਾਂ ਨੂੰ ਧੋਖਾ ਦਿੰਦੇ ਜਾਣਾ ਹੀ ਜਾਰੀ ਨਹੀਂ ਰਖਦੀ ਸਗੋਂ ਰਾਜਕੀ ਪੂੰਜੀਵਾਦ ਦੇ ਜਰੀਏ ਇਹ ਕੌਮੀ ਅਰਥਚਾਰੇ ਉੱਪਰ ਆਪਣਾ ਗਲਬਾ ਵੀ ਮਜ਼ਬੂਤ ਕਰਦੀ ਹੈ। ਇਸ ਲਈ, ਸੋਵੀਅਤ ਸੰਘ ਦੇ ਪੂੰਜੀਵਾਦੀ ਅਰਥਚਾਰੇ ਦੀ ਖਾਸ ਖੂਬੀ ਇਹੋ ਹੈ ਕਿ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਹੀ ਸਾਰੀਆਂ ਚੀਜ਼ਾਂ ਨੂੰ ਚਲਾਉਂਦਾ ਤੇ ਕੰਟਰੋਲ ਕਰਦਾ ਹੈ। ਪਰ ਇਹ ਹਾਲਤ ਪੂੰਜੀਵਾਦੀ ਸਾਮਰਾਜਵਾਦੀ ਦੇਸ਼ ਅੰਦਰ ਕਦੇ ਕਦਾਈਂ ਹੁੰਦੀ ਹੈ। ਪੂੰਜੀਵਾਦੀ ਸਾਮਰਾਜਵਾਦੀ ਦੇਸ਼ ਅੰਦਰ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਦੇ ਚੋਖਾ ਵਿਕਾਸ ਕਰ ਜਾਣ ਦੇ ਬਾਵਜੂਦ, ਹਾਲੇ ਇਹ ਉਸ ਹਾਲਤ ਵਿੱਚ ਨਹੀਂ ਪਹੁੰਚਿਆ ਜਿਸ ਵਿਚੋਂ ਸੋਵੀਅਤ ਸੰਘ ਗੁਜ਼ਰ ਰਿਹਾ ਹੈ। ਲੁੱਟ ਅਤੇ ਦਾਬੇ ਦੇ ਹੁੰਦਿਆਂ ਸੋਵੀਅਤ ਮਜ਼ਦੂਰ ਜਮਾਤ ਅਤੇ ਖਾਸ ਤੌਰ 'ਤੇ ਵੱਡੀ ਕਿਰਤੀ ਅਬਾਦੀ ਨੂੰ ਵੱਡੀਆਂ ਮੁਸ਼ਕਿਲਾਂ ਵਿੱਚੋਂ ਲੰਘਣਾ ਪੈ ਰਿਹਾ ਹੈ। ਲੈਨਿਨ ਨੇ ਇੱਕ ਵਾਰ ਕਿਹਾ ਸੀ: *"ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਅਧੀਨ, ਵੱਧ ਤੋਂ ਵੱਧ ਇਜਾਰੇਦਾਰੀਕਰਨ ਅਤੇ ਕੌਮੀਕਰਣ ਹਰ ਹਾਲਤ ਵਿੱਚ ਕਿਰਤੀ ਅਬਾਦੀ ਦੀ ਲੁੱਟ ਅਤੇ ਦਾਬੇ ਨੂੰ ਵਧਾਉਣਗੇ ਅਤੇ ਬਗਾਵਤ ਕਰਨ ਨੂੰ ਹੋਰ ਮੁਸ਼ਕਲ ਬਣਾ ਦੇਣਗੇ। ਇਸ ਤਰਾਂ, ਪਿਛਾਖੜੀ ਫੌਜੀ ਤਾਨਾਸ਼ਾਹੀ ਦਾ ਵੀ ਲਾਜ਼ਮੀ ਤੌਰ 'ਤੇ ਬਾਕੀ ਜਮਾਤਾਂ ਤੋਂ ਹੋਰ ਵਧੇਰੇ ਪੂੰਜੀਵਾਦੀ ਮੁਨਾਫਾ ਬਟੋਰਨ ਅਤੇ ਇਸ ਤਰਾਂ ਮਜ਼ਦੂਰ ਜਮਾਤ ਨੂੰ ਦਹਾਕਿਆਂ ਬੱਧੀ ਔਖ ਵਿੱਚ ਪਾਉਣ ਦਾ ਹੀ ਕੰਮ ਕਰੇਗਾ, ਜਿਸਦਾ ਖਮਿਆਜਾ ਮਜ਼ਦੂਰ ਜਮਾਤ ਨੂੰ ਉਹਨਾਂ ਅਰਬਾਂ ਡਾਲਰਾਂ ਦਾ ਭੁਗਤਾਨ ਕਰਨ ਵਿੱਚ ਭੁਗਤਣਾ ਪਵੇਗਾ ਜਿਨ੍ਹਾਂ ਨੂੰ ਫੌਜੀ ਤਾਨਾਸ਼ਾਹੀ ਉਧਾਰ ਲੈ ਚੁੱਕੀ ਹੁੰਦੀ ਹੈ"*।[2]

ਜਦੋਂ ਅਸੀਂ ਲੈਨਿਨ ਦੇ ਇਸ ਪੈਰ੍ਹੇ ਨੂੰ ਪੜ੍ਹਦੇ ਹਾਂ ਤਾਂ ਇਹ ਸੋਵੀਅਤ ਰਾਜਕੀ ਪੂੰਜੀਵਾਦ ਦਾ ਹੀ ਇੱਕ ਢੁਕਵਾਂ ਆਰਥਿਕ ਵਿਸ਼ਲੇਸ਼ਣ ਪ੍ਰਤੀਤ ਹੁੰਦਾ ਹੈ। ਰੂਸ ਦੇ ਇੱਕ ਸੁਪ੍ਰਸਿੱਧ ਕਵੀ ਨੇਕਰਾਸੋਵ ਨੇ ਇੱਕ ਵਾਰ ਪੁਰਾਣੇ ਜ਼ਾਰ ਦੇ ਜ਼ਾਬਰ ਰਾਜ ਪ੍ਰਤੀ ਦੁੱਖ ਅਤੇ ਗੁੱਸੇ ਦਾ ਇਜ਼ਹਾਰ ਕਰਦੇ ਹੋਏ ਕਿਹਾ ਸੀ, "ਰੂਸ ਵਿੱਚ ਭਲਾ ਕਿਵੇਂ ਕੋਈ ਸੁਖੀ ਤੇ ਅਜ਼ਾਦ ਹੋ ਸਕਦਾ ਹੈ" ਅਤੇ ਅੱਜ ਰੂਸ ਦੀ ਹਾਲਤ ਇਹ ਹੈ ਕਿ ਅਕਤੂਬਰ ਇਨਕਲਾਬ ਦੇ ਯੋਧਿਆਂ ਦੀਆਂ ਔਲਾਦਾਂ ਇੰਨੀਆਂ ਜਿਆਦਾ ਮੁਸੀਬਤਾਂ 'ਚ ਫਸੀਆਂ ਪਈਆਂ ਹਨ ਕਿ ਨਾ ਤਾਂ ਉਨ੍ਹਾਂ ਪੱਲੇ ਕੋਈ ਸੁਖ ਆਰਾਮ ਹੈ ਤੇ ਨਾ ਹੀ ਬੋਲਣ ਦੀ ਕੋਈ ਅਜਾਦੀ। ਪਰ ਬ੍ਰੈਜ਼ਨੇਵ ਦੀ ਅਗਵਾਈ ਹੇਠ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਰਾਜਕੀ ਖਜ਼ਾਨੇ ਨੂੰ ਲੁੱਟ-ਲੁੱਟ ਕੇ ਗੁਲਸ਼ਰੇ ਉਡਾ ਰਹੀ ਹੈ, ਨਿਰਦਈ ਅਤੇ ਆਪਾਸ਼ਾਹ ਤਰੀਕੇ ਨਾਲ ਰਾਜ ਕਰ ਰਹੀ ਹੈ ਅਤੇ

ਸੋਵੀਅਤ ਸੰਘ ਦੇ ਲੋਕਾਂ ਦੇ ਖੂਨ-ਪਸੀਨੇ ਨੂੰ ਆਪਣੀ ਮਨ ਮਰਜੀ ਨਾਲ ਪੀਂਦੀ ਜਾ ਰਹੀ ਹੈ। ਬ੍ਰੈਜਨੇਵ ਦੀ ਅਗਵਾਈ ਵਾਲੀ ਇਹੋ ਨੌਕਰਸ਼ਾਹ ਇਜਾਰੇਦਾਰਾਨਾ ਸਰਮਾਏਦਾਰ ਜਮਾਤ ਸਮਾਜਿਕ ਸਾਮਰਾਜਵਾਦ ਦਾ ਜਮਾਤੀ ਅਧਾਰ ਅਤੇ ਰਾਜਕੀ ਪੂੰਜੀਵਾਦ ਦਾ ਮੂਰਤ ਰੂਪ ਹੈ।

ਵਪਾਰਕ ਸੰਘ(TRUST) ਸੋਵੀਅਤ ਸੋਧਵਾਦ ਦੀ ਇਜਾਰੇਦਾਰਾਨਾ ਬਣਤਰ ਦਾ ਬੁਨਿਆਦੀ ਰੂਪ ਹੈ

ਵਪਾਰਕ ਸੰਘ ਸੋਵੀਅਤ ਸੋਧਵਾਦ ਦੇ ਰਾਜਕੀ ਪੂੰਜੀਵਾਦ ਦੀ ਬਣਤਰ ਦਾ ਇੱਕ ਅਹਿਮ ਰੂਪ ਹੈ। ਪਰ ਇਹ ਵਪਾਰਕ ਸੰਘ ਜਿਹੜੇ ਢੰਗਾਂ ਨਾਲ ਕਾਇਮ ਕੀਤੇ ਗਏ ਹਨ ਉਹ ਪੂੰਜੀਵਾਦੀ ਦੇਸ਼ਾਂ ਦੀ ਇਜਾਰੇਦਾਰਾਨਾ ਬਣਾਵਟ ਤੋਂ ਵੱਖਰੇ ਹਨ। ਇੰਨ੍ਹਾਂ ਨੂੰ ਰਾਜ ਦੀਆਂ ਧੱਕੜ ਕਾਰਵਾਈਆਂ ਦੇ ਜ਼ਰੀਏ ਸਾਰੇ ਦਰਮਿਆਨੇ ਅਤੇ ਛੋਟੇ ਉਦਯੋਗਾਂ ਨੂੰ ਇਕੱਠਾ ਕਰਕੇ ਧਿੰਗੋ ਜੋਰੀ ਖੜ੍ਹਾ ਕੀਤਾ ਗਿਆ ਹੈ।

ਇਜਾਰੇਦਾਰੀ ਦੇ ਇੱਕ ਰੂਪ ਵਜੋਂ ਵਪਾਰਕ ਸੰਘ ਸੋਵੀਅਤ ਸੰਘ ਅੰਦਰ ਤੇਜੀ ਨਾਲ ਵਿਕਸਿਤ ਹੋਏ ਹਨ। 1961 ਵਿੱਚ ਅਜਿਹੇ ਮਹਿਜ 2 ਹੀ ਸੰਘ ਸਨ, ਪਰ ਇੱਕ ਹੀ ਦਹਾਕੇ ਬਾਅਦ 1971 ਵਿੱਚ 1400 ਅਜਿਹੇ ਸੰਘ ਕਾਇਮ ਹੋ ਗਏ ਜਿੰਨ੍ਹਾਂ ਦੇ ਅਧੀਨ 14000 ਕਾਰੋਬਾਰ ਅਤੇ 77 ਲੱਖ ਮੁਲਾਜ਼ਮ ਆ ਗਏ। ਲੱਗਭੱਗ ਇੱਕ ਤਿਹਾਈ ਖਾਣਾਂ ਇਨ੍ਹਾਂ ਸੰਘਾਂ ਦੇ ਅਧੀਨ ਆ ਚੁੱਕੀਆਂ ਸਨ। ਸੋਵੀਅਤ ਸੰਘ ਦੀ " ਚੌਵੀਵੀਂ ਕੌਮੀ ਕਾਂਗਰਸ" ਦੇ ਮੌਕੇ 'ਤੇ ਬ੍ਰੈਜਨੇਵ ਨੇ ਐਲਾਨ ਕੀਤਾ ਕਿ *"ਵਪਾਰਕ ਸੰਘ ਅਤੇ ਇੱਕ ਦੂਜੇ ਨੂੰ ਆਪਸ ਵਿੱਚ ਸਮੋਣ ਰਾਹੀਂ ਵੱਡੇ ਕਾਰੋਬਾਰ ਸਥਾਪਤ ਕਰਨ ਦੀ ਨੀਤੀ ਨੂੰ ਬਿਨਾ ਸ਼ੱਕ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਜਾਵੇਗਾ— ਭਵਿੱਖ ਵਿੱਚ ਇੰਨ੍ਹਾਂ ਨੇ ਹੀ ਸਮਾਜਿਕ ਪੈਦਾਵਾਰ ਦੇ ਲੇਖੇ ਜੋਖੇ ਦੀ ਮੁਢਲੀ ਆਰਥਿਕ ਇਕਾਈ ਬਨਣਾ ਹੈ।"* ਸੋਵੀਅਤ ਸੋਧਵਾਦੀ ਮੁਖੀਆਂ ਦੀ ਢਾਣੀ ਦੇ ਇਸ ਫੁਰਮਾਨ 'ਤੇ ਫੁੱਲ ਚੜ੍ਹਾਉਂਦੇ ਹੋਏ ਵਪਾਰਕ ਸੰਘ ਪ੍ਰਬੰਧ 1971 ਤੋਂ ਲੈ ਕੇ ਹੁਣ ਤੱਕ ਆਪਣਾ ਪ੍ਰਭਾਵ ਖੇਤਰ ਇਸ ਕਦਰ ਫੈਲਾ ਚੁੱਕਿਆ ਹੈ ਕਿ ਸੋਵੀਅਤ ਸੰਘ ਦੇ ਸਾਰੇ ਦੇ ਸਾਰੇ ਮੈਨੂਫੈਕਚਰਿੰਗ ਖੇਤਰ ਇਸ ਪ੍ਰਬੰਧ ਦੇ ਅਧੀਨ ਆ ਚੁੱਕੇ ਹਨ।

ਸੋਵੀਅਤ ਸੋਧਵਾਦੀ ਵਪਾਰਕ ਸੰਘਾਂ ਦੀਆਂ ਤਿੰਨ ਬੁਨਿਆਦੀ ਕਿਸਮਾਂ ਹਨਃ

ਪਹਿਲੇ, ਜਿਸ ਵਿੱਚ ਇੱਕ ਦੂਜੇ ਅੰਦਰ ਵਿਲੀਨ ਹੋਣ ਰਾਹੀਂ ਹੋਂਦ 'ਚ ਆਏ ਉਦਯੋਗ "ਕਨੂੰਨੀ ਤੌਰ 'ਤੇ ਆਪਣੀ ਹੈਸੀਅਤ ਅਤੇ ਆਜਾਦੀ ਗਵਾ ਚੁੱਕੇ ਹਨ"। ਅਜਿਹੇ ਵਪਾਰਕ ਸੰਘ ਸਮਾਜਿਕ ਪੈਦਾਵਾਰ ਦੇ ਲੇਖੇ ਜੋਖੇ ਦੀ ਮੁਢਲੀ ਆਰਥਿਕ ਇਕਾਈ ਬਣ ਚੁੱਕੇ ਹਨ ਅਤੇ ਇਹ ਆਪਣੇ ਅਧੀਨ ਉਦਯੋਗਾਂ ਉੱਪਰ ਆਪਣਾ ਪੂਰਾ-ਪੂਰਾ ਅਧਿਕਾਰ ਰੱਖਦੇ ਹਨ।

ਦੂਸਰੇ, ਜਿਸ ਵਿੱਚ ਕੁੱਝ ਆਪਸ ਵਿੱਚ ਵਿਲੀਨ ਹੋਏ ਉਦਯੋਗ ਆਪਣੀ ਕਾਨੂੰਨੀ ਅਜਾਦੀ ਗੁਆ ਚੁੱਕੇ ਹਨ, ਜਦੋਂ ਕਿ ਕੁੱਝ ਕੁ ਦੀ "ਸਾਪੇਖਿਕ ਅਜਾਦੀ" ਹਾਲੇ ਬਚੀ ਹੋਈ ਹੈ।

ਤੀਸਰੇ, ਜਿਸ ਸੰਘ ਵਿਲੀਨ ਹੋਏ ਉਦਯੋਗ "ਹਾਲੇ ਵੀ ਅਜ਼ਾਦ " ਹਨ ਪਰ ਉਹ ਵਪਾਰਕ ਸੰਘ ਦੁਆਰਾ ਹੀ ਚਲਾਏ ਜਾਂਦੇ ਹਨ।

ਸੋਵੀਅਤ ਸੋਧਵਾਦ ਨੇ ਉਪਰੋਕਤ ਤਿੰਨੋ ਕਿਸਮ ਦੇ ਸੰਘਾਂ ਚੋਂ ਪਹਿਲੀ ਕਿਸਮ ਦੇ ਸੰਘ ਵਿਕਸਤ ਕਰਨ ਉੱਪਰ ਜ਼ੋਰ ਦਿੱਤਾ ਹੈ। ਇਸਦਾ ਮਾਡਲ ਪੱਛਮੀ ਇਜਾਰੇਦਾਰਾਨਾ ਪੂੰਜੀਵਾਦੀ ਉਦਯੋਗਾਂ ਦੇ ਨਮੂਨੇ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ ਅਤੇ ਇਹਨਾਂ ਵਿੱਚ ਉਹਨਾਂ ਦੇ ਹੀ "ਜਥੇਬੰਦ ਪ੍ਰਬੰਧ ਦਾ ਨਕਸ਼ਾ" ਵਰਤੋਂ ਵਿੱਚ ਲਿਆਂਦਾ ਗਿਆ ਹੈ। ਸੋਵੀਅਤ ਸੋਧਵਾਦ ਨੇ ਇਸ ਤਰਾਂ ਦੇ ਸੰਘ ਨੂੰ "ਰੂਸੀ ਉਦਯੋਗਾਂ ਦੀ ਇੱਕ ਸੰਕੁਚਤ ਅਤੇ ਲੁਪਤ (Compressed and latent)ਸਰੰਚਨਾ ਵਾਲੇ" "ਵਿਸ਼ੇਸ਼ ਰੂਸੀ ਸੰਘ" ਵਜੋਂ ਪ੍ਰਚਾਰਿਤ ਕੀਤਾ। ਇਹ ਸੰਘ ਮਹਿਜ਼ ਪੈਦਾਵਾਰ ਹੀ ਨਹੀਂ ਕਰਦੇ ਸਗੋਂ ਕੱਚੇ ਮਾਲਾਂ ਦੀ ਸਪਲਾਈ ਅਤੇ ਉਤਪਾਦਾਂ ਦੀ ਵੰਡ-ਵੰਡਾਈ ਦਾ ਕੰਮ ਵੀ ਕਰਦੇ ਹਨ। ਇਨ੍ਹਾਂ ਸੰਘਾਂ ਅਤੇ ਪੱਛਮੀ ਇਜਾਰੇਦਾਰਾਨਾ ਪੂੰਜੀਵਾਦੀ ਉਦਯੋਗਾਂ ਵਿੱਚ ਫਰਕ ਸਿਰਫ ਇਹ ਹੈ ਇਨ੍ਹਾਂ ਰੂਸੀ ਸੰਘਾਂ ਅਤੇ ਰਾਜ ਸੱਤ੍ਹਾ ਦਾ ਆਪਸੀ ਗੱਠਜੋੜ ਮੁਕਾਬਲਤਨ ਹੋਰ ਗੂੜ੍ਹਾ ਹੈ। ਇਹ ਕੇਵਲ ਲੇਖੇ ਜੋਖੇ ਦੀ ਬੁਨਿਆਦੀ ਆਰਥਕ ਇਕਾਈ ਹੀ ਨਹੀਂ ਹਨ ਸਗੋਂ ਇਹ ਉਹ ਕੰਮ ਵੀ ਕਰਦੇ ਹਨ ਜੋ ਪਹਿਲਾਂ ਆਮ ਨਿਯੰਤ੍ਰਣ ਬਿਉਰੋ ਜਾਂ ਨਿਯੰਤ੍ਰਣ ਮੰਤਰਾਲੇ ਦੁਆਰਾ ਯੋਜਨਾ, ਪੈਦਾਵਾਰ, ਸਪਲਾਈ ਅਤੇ ਵੰਡ-ਵੰਡਾਈ ਦੇ ਮਾਮਲਿਆਂ ਵਿੱਚ ਕੀਤੇ ਜਾਂਦੇ ਰਹੇ ਹਨ। ਵੱਡੇ ਅਤੇ ਖੇਤਰੀ ਸੰਘ "ਮਹਿਜ ਇੱਕ ਜੁੱਟ ਪੈਦਾਵਾਰ ਦੀ ਇਕਾਈ" ਹੀ ਨਹੀਂ ਸਗੋਂ "ਆਰਥਿਕ ਵਿਉਂਤਵੰਦੀ ਦਾ ਇੱਕ ਸਾਧਨ" ਵੀ ਬਣ ਗਏ ਹਨ। ਆਰਥਿਕ ਕੰਟਰੋਲ ਨਾਲ ਸਬੰਧਤ ਕੰਮ ਕਾਜ ਸੰਭਾਲਣ ਵਾਲੇ ਵਿਭਿੰਨ ਮੰਤਰੀਆਂ ਅਤੇ ਇੰਨ੍ਹਾਂ ਸੰਘਾਂ ਵਿਚਕਾਰ ਹੁਣ ਕੋਈ ਵਿੱਚ-ਵਿਚਾਲੇ ਦੇ ਸਾਧਨ ਨਹੀਂ ਰਹਿ ਗਏ। ਹੁਣ ਸੰਘਾਂ ਦੇ ਪ੍ਰਬੰਧਕ ਵੀ ਸਰਕਾਰੀ ਮੰਤਰਾਲਿਆਂ ਦੇ ਸਕੱਤਰਾਂ ਅਤੇ ਉਪ-ਸਕੱਤਰਾਂ ਦੀ ਤਰਾਂ ਹੀ, ਸੋਵੀਅਤ ਸੋਧਵਾਦ ਦੇ "ਕੌਮੀ ਅਰਥਚਾਰੇ ਦੇ ਮੂਹਰੈਲ ਅੰਗ" ਵਜੋਂ ਲਏ ਜਾਂਦੇ ਹਨ। ਹੁਣ ਉਹ ਬ੍ਰੈਜਨੇਵ ਦੀ ਅਗਵਾਈ ਹੇਠ ਨੌਕਰਸ਼ਾਹ ਇਜਾਰੇਦਾਰਾਨਾ ਸਰਮਾਏਦਾਰ ਜਮਾਤ ਦੇ ਅਹਿਮ ਅੰਗ ਬਣ ਚੁੱਕੇ ਹਨ। ਇਸ ਤਰਾਂ ਨਾਲ, ਇਹ ਸੰਘ ਇੱਕ ਅਜਿਹੀ ਸੱਤ੍ਹਾ ਬਣ ਗਏ ਹਨ ਜੋ ਰਾਜਕੀ ਅੰਗਾਂ ਅਤੇ ਇਜਾਰੇਦਾਰਾਨਾ ਬਣਤਰ ਨੂੰ ਆਪਸ ਵਿੱਚ ਮੇਲਦੇ ਹਨ ਅਤੇ ਇਹ ਹੁਣ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਦੇ ਪ੍ਰਸ਼ਾਸ਼ਨਿਕ ਪ੍ਰਬੰਧ ਦੇ ਅਹਿਮ ਰੂਪ ਬਣ ਚੁੱਕੇ ਹਨ।

ਵਪਾਰਕ ਸੰਘ ਦੇ ਰੂਪ ਵਿੱਚ ਇਜਾਰੇਦਾਰਾਨਾ ਬਣਤਰ ਦੇ ਹੋਂਦ 'ਚ ਆਉਣ ਤੋਂ ਬਹੁਤ ਪਹਿਲਾਂ ਤੋਂ ਹੀ ਸੋਵੀਅਤ ਸੋਧਵਾਦ ਦੇ ਰਾਜਕੀ ਉਦਯੋਗ ਦਾ ਖਾਸਾ ਪੂੰਜੀਵਾਦੀ ਰਿਹਾ ਹੈ। ਸੋਵੀਅਤ ਸੋਧਵਾਦ ਦੇ ਰਾਜਕੀ ਉਦਯੋਗ ਦੇ ਤਹਿਤ ਕਿਰਤੀ ਲੋਕਾਂ ਨੂੰ ਬਹੁਤ ਪਹਿਲਾਂ ਤੋਂ ਹੀ ਉਦਯੋਗਾਂ ਦੀ ਮਾਲਕੀ ਤੋਂ ਪਾਸੇ ਕਰਕੇ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਦਾ ਗੁਲਾਮ ਬਣਾ ਦਿੱਤਾ ਗਿਆ ਹੈ। ਉਦਯੋਗਾਂ ਦੀ ਅਗਵਾਈ ਉਹੀ ਕਰਦੇ ਹਨ ਜਿਹੜੇ ਸੋਵੀਅਤ ਸੋਧਵਾਦ ਨੂੰ ਚਲਾ ਰਹੇ ਆਗੂਆਂ ਦੇ ਦਲਾਲ ਹਨ। "ਸਮਾਜਵਾਦੀ ਰਾਜਕੀ ਪੈਦਾਵਾਰੀ ਉਦਯੋਗਾਂ ਦੇ ਮਰਯਾਦਾ ਜਾਬਤੇ" ਦੇ ਅਨੁਸਾਰ ਉਦਯੋਗਾਂ ਦੇ ਪ੍ਰਬੰਧਕਾਂ ਨੂੰ

"ਮੁਲਾਜਮਾਂ ਨੂੰ ਭਰਤੀ ਕਰਨ ਅਤੇ ਨੌਕਰੀ ਤੋਂ ਬਰਖਾਸਤ ਕਰਨ ਦਾ ਅਧਿਕਾਰ ਹੈ ਅਤੇ ਉਹ ਆਪ ਮੁਲਾਜ਼ਮਾਂ ਨੂੰ ਸਜਾ ਜਾਂ ਇਨਾਮ ਦੇਣ ਦਾ ਫੈਸਲਾ ਲੈਂਦੇ ਹਨ।" ਉਹਨਾਂ ਕੋਲ ਸਟਾਫ ਦੇ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀ ਦਿਹਾੜੀ ਅਤੇ ਬੋਨਸ ਤਹਿ ਕਰਨ ਦਾ ਅਤੇ ਪੈਦਾਵਾਰ ਦੇ ਸਾਧਨਾਂ ਦੀ ਮੁੜ ਵੇਚ ਕਰਨ ਜਾਂ ਉਨ੍ਹਾਂ ਨੂੰ ਕਿਰਾਏ 'ਤੇ ਦੇ ਛੱਡਣ ਦਾ ਵੀ ਅਧਿਕਾਰ ਹੈ। ਸੰਖੇਪ 'ਚ ਕਹਿਣਾ ਹੋਵੇ ਤਾਂ ਸੰਘ ਤੋਂ ਬਿਨਾ ਵੀ ਪ੍ਰਬੰਧਕ ਅਤੇ ਇਕਾਈ ਨਿਰਦੇਸ਼ਕ ਰਾਜਕੀ ਉਦਯੋਗਾਂ ਦੇ ਸਾਰੇ ਅਧਿਕਾਰਾਂ ਨਾਲ ਲੈਸ ਹੋ ਕੇ, ਪਹਿਲਾਂ ਤੋਂ ਹੀ ਰਾਜੇ ਬਣੇ ਹੋਏ ਹਨ ਅਤੇ ਇਸੇ ਤਰਾਂ ਮਜ਼ਦੂਰਾਂ ਦੀ ਭਾਰੀ ਅਬਾਦੀ ਵੀ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਦੀ ਪਹਿਲਾਂ ਤੋਂ ਹੀ ਗੁਲਾਮ ਬਣ ਚੁੱਕੀ ਹੈ। ਇਹ ਨਵੀਂ ਕਿਸਮ ਦੀ ਬੁਰਜੂਆਜ਼ੀ ਵੱਲੋਂ ਆਪਣੇ ਅਧਿਕਾਰ ਵਾਲੇ ਰਾਜਕੀ ਉਦਯੋਗਾਂ ਅਤੇ ਵਪਾਰਕ ਸੰਘਾਂ ਦੀ ਵਰਤੋਂ ਕਰਨ ਰਾਹੀਂ, ਰਾਜ ਦੇ ਨਾਂ 'ਤੇ ਟੈਕਸ ਲਾ ਕੇ ਅਤੇ ਮੁਨਾਫੇ ਹੜੱਪਕੇ ਸੋਵੀਅਤ ਮਜ਼ਦੂਰ ਜਮਾਤ ਦੀ ਕਿਰਤ ਦੇ ਫਲਾਂ ਨੂੰ ਹਥਿਆਉਣਾ ਬੇਰੋਕ-ਟੋਕ ਜਾਰੀ ਹੈ। ਇਸ ਲੁੱਟ ਨੂੰ ਮੁੱਠੀ ਭਰ ਇਜਾਰੇਦਾਰਾ ਪੂੰਜੀਪਤੀਆਂ ਦੀ ਵਿਲਾਸਤਾ ਭਰੀ ਜਿੰਦਗੀ ਲਈ, ਸੋਵੀਅਤ ਲੋਕਾਂ ਨੂੰ ਦਬਾਉਣ ਲਈ, ਦੂਜੇ ਦੇਸ਼ਾਂ 'ਤੇ ਹਮਲਾ ਕਰਨ ਅਤੇ ਫੌਜੀ ਤਿਆਰੀਆਂ ਲਈ ਅਤੇ ਆਪਣੀਆਂ ਸਮਾਜਿਕ ਸਾਮਰਾਜਵਾਦੀ ਨੀਤੀਆਂ ਨੂੰ ਅੱਗੇ ਵਧਾਉਣ ਲਈ ਵਰਤਿਆ ਜਾਣ ਲੱਗਿਆ ਹੈ।।

ਜਦੋਂ ਬ੍ਰੈਜਨੇਵ ਦੀ ਗੱਦਾਰ ਜੁੰਡਲੀ ਮੈਨੂਫੈਕਚਰਿੰਗ ਅਤੇ ਖਾਣਾਂ ਦੇ ਖੇਤਰ ਵਿੱਚ ਵੱਡੀ ਪੱਧਰ 'ਤੇ ਇਜਾਰੇਦਾਰਾਨਾ ਬਣਤਰ ਖੜ੍ਹੀ ਕਰਨ 'ਚ ਮਸ਼ਗੂਲ ਸੀ ਉਦੋਂ ਖੇਤੀ ਖੇਤਰ 'ਚ ਵੀ ਤਰਾਂ-ਤਰਾਂ ਦੀਆਂ ਇਜਾਰੇਦਾਰਾਨਾ ਜਥੇਬੰਦੀਆਂ ਖੁੰਭਾਂ ਵਾਂਗ ਫੁੱਟ ਪਈਆਂ। ਇਨ੍ਹਾਂ ਦੇ ਅਧੀਨ ਹਨ:

(1) ਖੇਤੀ ਸੰਘ ਜੋ ਵਿਸ਼ੇਸ਼ੀਕ੍ਰਿਤ ਸਰਕਾਰੀ ਫਾਰਮਾਂ ਦੇ ਸੰਘ ਹਨ ਜਿਵੇਂ ਮੁਰਗੀ ਫਾਰਮ, ਡੇਅਰੀ ਫਾਰਮ, ਸਬਜ਼ੀ ਫਾਰਮ ਸੰਘ ਆਦਿ

(2) ਕਈ ਸਰਕਾਰੀ ਫਾਰਮ ਜਾਂ ਸਮੂਹਿਕ ਫਾਰਮ ਸੰਘ ਜਾਂ ਇੰਨਾ ਦੋਵੇ ਕਿਸਮਾਂ ਦੇ ਵਿੱਚ ਵਿਚਾਲੇ ਵਾਲੀ ਬਣਤਰ ਦੇ ਸੰਘ।

(3) ਖੇਤੀ-ਉਦਯੋਗ ਸਮੂਹ, ਇਨ੍ਹਾਂ ਨੂੰ ਖੇਤੀ-ਉਦਯੋਗ ਸੰਯੁਕਤ ਕਾਰੋਬਾਰ ਵੀ ਕਿਹਾ ਜਾਂਦਾ ਹੈ, ਜੋ ਅਜਿਹੇ ਸੰਘ ਹਨ ਜਿੰਨਾਂ ਦੇ ਜ਼ਰੀਏ ਖੇਤੀ ਖੇਤਰ ਦੇ ਉਦਯੋਗ ਖੇਤੀ ਉਤਪਾਦਾਂ ਦੀਆਂ ਪ੍ਰੋਸੈਸਿੰਗ ਇਕਾਈਆਂ ਨੂੰ ਖੁਦ ਚਲਾਉਂਦੇ ਹਨ। ਖੇਤੀ ਖੇਤਰ ਦੀ ਇਜਾਰੇਦਾਰਾਨਾ ਬਣਤਰ ਦੇ ਜ਼ਰੀਏ, ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਨੇ ਵਿਆਪਕ ਸੋਵੀਅਤ ਪੇਂਡੂ ਖੇਤਰ ਉੱਪਰ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ ਅਤੇ ਇਸ ਨੂੰ ਖੁੱਲ੍ਹ ਕੇ ਲੁੱਟ ਰਹੀ ਹੈ।

"ਸ਼ਕੀਨੋ ਪ੍ਰਯੋਗ" ਸੋਵੀਅਤ ਸੋਧਵਾਦੀ ਇਜਾਰੇਦਾਰਾਨਾ ਉੱਦਮ ਵੱਲੋਂ ਲਾਗੂ ਜਾਬਰ ਪ੍ਰਬੰਧ ਦਾ ਇੱਕ ਨਮੂਨਾ ਸੀ

ਇਹਨਾਂ ਨਵ-ਇਜਾਰੇਦਾਰਾਨਾ ਪੂੰਜੀਵਾਦੀ ਨੌਕਰਸ਼ਾਹਾਂ ਨੇ ਕੌਮੀ ਅਰਥਚਾਰੇ

’ਤੇ ਆਪਣਾ ਗ਼ਲਬਾ ਕਾਇਮ ਕਰਕੇ ਅਤੇ ਭਾੜੇ ’ਤੇ ਮਜ਼ਦੂਰ ਰੱਖਣ ਵਾਲੇ ਪੂੰਜੀਵਾਦੀ ਪ੍ਰਬੰਧ ਦੀ ਮੁੜ ਸਥਾਪਨਾ ਕਰਕੇ, ਭਾਰੀ ਅਬਾਦੀ ਦੀ ਲੁੱਟ ਅਤੇ ਦਾਬੇ ਨੂੰ ਹੋਰ ਤੇਜ਼ ਕਰ ਦਿੱਤਾ। 1967 ਤੋਂ ਹੀ ਚਲ ਰਹੇ ਨਾਮ ਨਿਹਾਦ “ਸ਼ਕੀਨੋ ਪ੍ਰਯੋਗ” ਨੇ ਸੋਵੀਅਤ ਸੰਘ ਅੰਦਰ ਪੂੰਜੀਵਾਦ ਦੀ ਮੁੜ–ਬਹਾਲੀ ਨੂੰ ਸਪੱਸ਼ਟ ਤੌਰ ’ਤੇ ਸਿੱਧ ਕਰ ਦਿੱਤਾ ਹੈ।

ਸ਼ਕੀਨੋ ਇੱਕ ਰਸਾਇਣਕ ਉਦਯੋਗ ਸੀ ਜੋ ਮਾਸਕੋ ਨੇੜੇ ਸਥਾਪਿਤ ਕੀਤਾ ਗਿਆ ਸੀ। ਇਸ ਵਿੱਚ 7000 ਦੇ ਲੱਗਭੱਗ ਮੁਲਾਜ਼ਮ ਕੰਮ ਕਰਦੇ ਸਨ। ਇਸ ਅੰਦਰ ਰਸਾਇਣਕ ਖਾਦਾਂ ਅਤੇ ਹੋਰ ਰਸਾਇਣਕ ਪਦਾਰਥ ਪੈਦਾ ਕੀਤੇ ਜਾਂਦੇ ਸਨ। ਅਗਸਤ 1967 ਵਿੱਚ, ਸੋਵੀਅਤ ਸੋਧਵਾਦੀ ਨੌਕਰਸ਼ਾਹ ਸਰਮਾਏਦਾਰ ਜਮਾਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਉਦਯੋਗ ਨੇ ਪੈਦਾਵਾਰ ਵਧਾਉਣ, ਕਿਰਤ ਦੀ ਉਤਪਾਦਿਕਤਾ ਨੂੰ ਉੱਚਾ ਚੁੱਕਣ ਅਤੇ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਵਾਸਤੇ “ਮੁਲਾਜ਼ਮ ਸਰੋਕਾਰ ਨੂੰ ਮੁੱਖ ਰੱਖਣ” ਦਾ ਇੱਕ ਨਾਮਨਿਹਾਦ ਆਰਥਿਕ ਪ੍ਰਯੋਗ ਸ਼ੁਰੂ ਕੀਤਾ। ਇਸ ਪ੍ਰਯੋਗ ਨੇ ਵੱਖ–ਵੱਖ ਕੰਮਾਂ ਲਈ ਇੱਕੋ ਸਮਵਰਤੀ ਅਸਾਮੀ (Concurrent Job) ਬਣਾਉਣ, ਅਲੱਗ–ਅਲੱਗ ਤਰਾਂ ਦੇ ਕੰਮਾਂ ਨੂੰ ਇੱਕੋ ਸ਼ਾਖਾ ਵਿੱਚ ਇੱਕ ਜੁਟ ਕਰਨ ਰਾਹੀਂ ਕਿਰਤ ਦੀ ਤੀਬਰਤਾ ਨੂੰ ਲਗਾਤਾਰ ਵਧਾਇਆ ਅਤੇ ਇਸ ਤਰਾਂ ਕੰਮ ਦੇ ਦਾਇਰੇ ਨੂੰ ਵਿਸਤਾਰਿਤ ਕਰ ਦਿੱਤਾ, ਜਿਸ ਨਾਲ ਮੁਲਾਜਮਾਂ ਦੀ ਗਿਣਤੀ ਘਟਾਉਣ ਅਤੇ ਕਿਰਤ ਦੀ ਤੀਬਰਤਾ ਵਧਾਉਣ ਦੇ ਆਪਣੇ ਉਦੇਸ਼ ਨੂੰ ਹਾਸਲ ਕਰ ਲਿਆ। ਪਰ ਇਸੇ ਦੌਰਾਨ, ਉਦਯੋਗ ਦੇ ਕੁੱਲ ਉਜਰਤੀ ਕੋਸ਼ ਨੂੰ ਕਈ ਸਾਲਾਂ ਲਈ ਜਾਮ ਕਰਨ ਦਾ ਵੀ ਫੈਸਲਾ ਲਿਆ ਗਿਆ ਅਤੇ ਇਸ ਤਰਾਂ ਨਾਲ ਮੁਲਾਜਮਾਂ ਦੀ ਛਾਂਟੀ ਨਾਲ ਉਜਰਤੀ ਕੋਸ਼ ਵਿੱਚ ਜੋ ਬੱਚਤ ਕੀਤੀ ਗਈ, ਉਸ ਨੂੰ ਇਸ ਉਦਯੋਗ ਦੀ ਮੁੱਠੀ ਭਰ ਵਿਸ਼ੇਸ਼ ਅਧਿਕਾਰ ਪ੍ਰਾਪਤ ਜਮਾਤ ਕੋਲ਼ ਪੂਰੀ ਤਰਾਂ ਆਪਣੀ ਮਨ ਮਰਜੀ ਨਾਲ ਵਰਤਣ ਦੀ ਖੁੱਲ੍ਹ ਦੇ ਦਿੱਤੀ ਗਈ। ਇਸੇ ’ਤੇ ਬ੍ਰੈਜਨੇਵ ਨੇ ਫੜ੍ਹ ਮਾਰਦੇ ਹੋਏ ਕਿਹਾ ਸੀ ਕਿ ਇਹ “ਪ੍ਰਯੋਗ” “ਸੇਵਾਫ਼ਲ ਦਾ ਇੱਕ ਮਿਸਾਲੀ ਮਾਡਲ” ਸੀ ਜਿਸ ਨੂੰ ਪੂਰੇ ਸੋਵੀਅਤ ਸੰਘ ਅੰਦਰ ਫੈਸਲਾ ਦਿੱਤਾ ਗਿਆ ਹੈ।

ਅਸਲ ਵਿੱਚ ਇਸ “ਸ਼ਕੀਨੋ ਪ੍ਰਯੋਗ” ਦਾ ਮੁੱਖ ਮਕਸਦ “ਕਿਰਤ ਦੀ ਉਤਪਾਦਿਕਤਾ ਵਧਾ ਕੇ ਕਿਰਤ ਸ਼ਕਤੀ ਨੂੰ ਘਟਾਉਣਾ” ਹੀ ਹੈ ਤਾਂ ਜੋ ਉਦਯੋਗ ਨੂੰ “ਇਸਦਾ ਪੂਰਾ ਖੂਨ ਨਿਚੋੜ ਲੈਣ” ਦੀ ਦਿਸ਼ਾ ਵਿੱਚ ਅੱਗੇ ਵਧਾਇਆ ਜਾ ਸਕੇ। ਫਿਰ ਕਿਰਤ ਦੀ ਉਤਪਾਦਕਤਾ ਨੂੰ ਵਧਾਇਆ ਕਿਵੇਂ ਗਿਆ ? “ਸ਼ਕੀਨੋ ਪ੍ਰਯੋਗ” ਨੇ ਸਾਬਤ ਕਰ ਦਿੱਤਾ ਕਿ ਇਸ ਨੂੰ ਕਿਰਤ ਦੀ ਤੀਬਰਤਾ ਵਧਾਕੇ ਹੀ ਹਾਸਲ ਕੀਤਾ ਜਾ ਸਕਿਆ। ਜੂਨ 1971 ਦੇ ਅੰਕੜਿਆਂ ਮੁਤਾਬਕ ਜਦੋਂ ਤੋਂ ਇਸ ਸ਼ਕੀਨੋ ਰਸਾਇਣ ਸੰਯੁਕਤ ਉਦਯੋਗ ਨੇ ਇਹ “ਪ੍ਰਯੋਗ” ਲਾਗੂ ਕੀਤਾ ਉਦੋਂ ਤੋਂ 1000 ਮਜ਼ਦੂਰਾਂ ਦੀ ਛਾਂਟੀ ਕੀਤੀ ਜਾ ਚੁੱਕੀ ਹੈ ਜੋ ਕਿ ਕੁੱਲ ਮੁਲਾਜਮਾਂ ਦੀ ਗਿਣਤੀ ਦਾ 1/7 ਤੋਂ ਵਧੇਰੇ ਹੈ। ਇਹਨਾਂ ਵਿੱਚ 68% ਮਜ਼ਦੂਰਾਂ ਨੂੰ ਜਾਂ ਤਾਂ ਵਧੇਰੇ ਮਸ਼ੀਨੀਕਰਨ ਦੇ ਕਾਰਨ ਜਾਂ ਕਿਰਤ ਦੀ ਤੀਬਰਤਾ ਵਿੱਚ ਕਮੀ ਹੋਣ ਦੇ ਕਾਰਨ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਜਦੋਂ ਕਿ 90% ਤੋਂ ਵੱਧ ਮਜ਼ਦੂਰ ਤਾਂ ਕਿਰਤ ਦੀ ਤੀਬਰਤਾ

ਵਿੱਚ ਕਮੀ ਦੇ ਕਾਰਨ ਹੀ ਕੱਢੇ ਗਏ। ਮਾਰਕਸ ਲਿਖਦੇ ਹਨ, *"ਸਮੁੱਚੇ ਪੂੰਜੀਵਾਦੀ ਪੈਦਾਵਾਰੀ ਪ੍ਰਬੰਧ ਦੀ ਅਸਲ ਮੁਸ਼ਕਿਲ ਇਹੋ ਹੈ: ਕੰਮ ਦਿਹਾੜੀ ਨੂੰ ਲੰਮਾ ਕਰਨ, ਕਿਰਤ ਦੀ ਉਤਪਾਦਕਤਾ ਵਿੱਚ ਵਾਧਾ ਕਰਨ ਅਤੇ ਇਸ ਤਰਾਂ ਨਾਲ ਕਿਰਤ ਸ਼ਕਤੀ ਨੂੰ ਹੋਰ ਵਧੇਰੇ ਤੀਬਰ ਕਰਦੇ ਜਾਣ ਵਰਗੇ ਉਪਾਵਾਂ ਰਾਹੀਂ ਬੇ-ਇਵਜ਼ੀ ਕਿਰਤ ਨੂੰ ਵਧਾਉਂਦੇ ਜਾਣਾ"*।[3] ਪਰ ਸਾਮਰਾਜਵਾਦ ਦੇ ਪੜਾਅ ਤੱਕ ਪਹੁੰਚ ਕੇ, ਇਜਾਰੇਦਾਰਾਨਾ ਪੂੰਜੀ ਵੱਲੋਂ ਮਜ਼ਦੂਰਾਂ ਤੋਂ ਬੇਇਵਜੀ ਕਿਰਤ ਦੀ ਲੁੱਟ ਸੈਂਕੜੇ ਗੁਣਾਂ ਵਧ ਗਈ ਹੈ। ਪੂੰਜੀਵਾਦੀ ਸਾਮਰਾਜਵਾਦੀ ਦੇਸ਼ਾਂ ਅੰਦਰ, ਵਾਫ਼ਰ ਕਦਰ ਦੀ ਲੁੱਟ ਵਧਾਉਣ ਦੀ ਲਾਲਸਾ ਨਾਲ ਕਿਰਤ ਦੀ ਤੀਬਰਤਾ ਵਿੱਚ ਭਾਰੀ ਵਾਧਾ ਕਰਨ ਲਈ ਮਜ਼ਦੂਰਾਂ ਨੂੰ ਮਜ਼ਬੂਰ ਕਰਨ ਦੇ ਨਾਮ ਨਿਹਾਦ "ਵਿਗਿਆਨਕ ਵਿਉਂਤਬੰਦੀ ਢੰਗ" ਜਿਵੇਂ ਟੇਲਰ ਸਿਸਟਮ ਦੀ ਵਰਤੋਂ ਇਜਾਰੇਦਾਰਾਨਾ ਸਰਮਾਏ ਵੱਲੋ ਕੀਤੀ ਜਾਂਦੀ ਰਹੀ ਹੈ। ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਵੱਲੋਂ ਲਾਗੂ ਇਹ "ਸ਼ਕੀਨੋ ਪ੍ਰਯੋਗ" ਵੀ ਉਸੇ "ਟੇਲਰ ਸਿਸਟਮ" ਦੀ ਹੀ ਹੂ-ਬ-ਹੂ ਨਕਲ ਸੀ। ਜਿਸਨੂੰ ਲੈਨਿਨ ਨੇ "ਖ਼ੂਨ ਪਸੀਨਾ ਨਿਚੋੜਨ ਵਾਲਾ ਪ੍ਰਬੰਧ" ਕਹਿ ਕੇ ਖ਼ੂਬ ਭੰਡਿਆ ਸੀ। ਅਸਲ 'ਚ ਇਸਨੂੰ ਲਾਗੂ ਕਰਨ ਪਿੱਛੇ ਬਦਨੀਤੀ ਇਹ ਸੀ ਕਿ ਇੱਕ ਕੁਸੀ ਤੋਂ ਇੱਕੋ ਵੇਲੇ ਕਈ ਮਜ਼ਦੂਰਾਂ ਦਾ ਕੰਮ ਲਿਆ ਜਾਵੇ ਅਤੇ ਇਸ ਤਰਾਂ ਉਸ ਵਿਚੋਂ ਹੋਰ ਵੱਧ ਵਾਫ਼ਰ ਕਦਰ ਅਤੇ ਵਾਫ਼ਰ ਕਿਰਤ ਨਿਚੋੜ ਲਈ ਜਾਵੇ।

ਇਸ "ਸ਼ਕੀਨੋ ਪ੍ਰਯੋਗ" ਨੂੰ ਲਾਗੂ ਕਰ ਚੁੱਕੇ 121 ਉਦਯੋਗ ਜੁਲਾਈ 1971 ਤੱਕ ਹੀ 65,000 ਮਜ਼ਦੂਰਾਂ ਨੂੰ ਨੌਕਰੀ 'ਚੋਂ ਕੱਢ ਚੁੱਕੇ ਸਨ ਅਤੇ ਅੱਜ ਹਾਲਤ ਇਹ ਹੈ ਕਿ ਸੋਵੀਅਤ ਸੰਘ ਵਿੱਚ ਬੇਰੁਜ਼ਗਾਰੀ ਵੱਡੇ ਪੱਧਰ 'ਤੇ ਫੈਲ ਚੁੱਕੀ ਹੈ। ਸੋਵੀਅਤ ਸੋਧਵਾਦ ਦੇ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਦੇ ਇਸ ਆਰਥਿਕ ਪ੍ਰਬੰਧ ਨੇ ਪੂੰਜੀ ਅਤੇ ਭਾੜੇ ਦੇ ਮਜ਼ਦੂਰਾਂ ਵਿਚਕਾਰ ਸਬੰਧ ਨੂੰ ਇਸਦੇ ਆਖਰੀ ਸਿਰੇ ਤੱਕ ਧੱਕ ਦਿੱਤਾ ਹੈ। ਜਿਸ ਦੇ ਸਿੱਟੇ ਵਜੋਂ ਇਸਨੂੰ ਸੋਵੀਅਤ ਮਜ਼ਦੂਰ ਜਮਾਤ ਅਤੇ ਵਿਆਪਕ ਕਿਰਤੀ ਅਬਾਦੀ ਦਾ ਭਾਰੀ ਵਿਰੋਧ ਝੱਲਣਾ ਪੈ ਰਿਹਾ ਹੈ ਅਤੇ ਭਵਿੱਖ 'ਚ ਵੀ ਝੱਲਣਾ ਪਏਗਾ।

ਸੋਵੀਅਤ ਸੋਧਵਾਦੀ "ਨਵੇਂ ਕੌਮਾਂਤਰੀ ਸਬੰਧ" ਨਵ-ਬਸਤੀਵਾਦ ਦਾ ਹੀ ਦੂਜਾ ਨਾਂ ਹੈ

ਆਰਥਿਕ ਏਕੀਕਰਨ ਸੋਵੀਅਤ ਸੋਧਵਾਦ ਦੀ ਨਵ-ਬਸਤੀਵਾਦੀ ਮੁਹਿੰਮ ਦਾ ਇੱਕ ਪ੍ਰਮੁੱਖ ਹਥਕੰਡਾ ਹੈ

ਇਜਾਰੇਦਾਰਾਨਾ ਮੁਨਾਫੇ ਨੂੰ ਹੋਰ ਜਿਆਦਾ ਵਧਾਉਣ ਦੀ ਲਾਲਸਾ ਨਾਲ ਇਜਾਰੇਦਾਰਾਨਾ ਪੂੰਜੀ ਆਪਣੇ ਦੇਸ਼ ਦੇ ਲੋਕਾਂ ਦੀ ਹੋਰ ਵਧੇਰੇ ਲੁੱਟ ਕਰਨ ਦੇ ਨਾਲ ਹੀ ਲਾਜ਼ਮੀ ਤੌਰ 'ਤੇ ਵਿਦੇਸ਼ਾਂ ਵਿੱਚ ਵੀ ਆਪਣੇ ਪੈਰ ਪਸਾਰਨ ਲਗਦੀ ਹੈ। ਪੂੰਜੀ ਬਰਾਮਦ ਕਰਨ ਅਤੇ ਬਸਤੀਵਾਦੀ ਨੀਤੀਆਂ ਅਪਨਾਉਣ ਰਾਹੀਂ ਇਹ ਦੂਜੇ ਦੇਸ਼ਾਂ ਦੇ ਲੋਕਾਂ ਨੂੰ ਗੁਲਾਮ ਬਣਾ ਲੈਂਦਾ ਹੈ ਅਤੇ ਉਨਾਂ ਨੂੰ ਲੁੱਟਣ ਲੱਗਦੀ ਹੈ। ਸੋਵੀਅਤ ਸੋਧਵਾਦ ਦਾ ਇਜਾਰੇਦਾਰਾਨਾ

ਪੂੰਜੀਵਾਦ ਵੀ ਸੁਭਾਵਿਕ ਹੀ ਸਿਰਫ ਸੋਵੀਅਤ ਕਿਸਾਨਾਂ ਅਤੇ ਮਜ਼ਦੂਰਾਂ ਦੀ ਲੁੱਟ ਨਾਲ ਨਹੀਂ ਰੱਜ ਸਕਦਾ ਇਸ ਲਈ ਉਹ ਲਾਜ਼ਮੀ ਤੌਰ 'ਤੇ ਵਿਦੇਸ਼ਾਂ ਵਿੱਚ ਵੀ ਆਪਣੇ ਖ਼ੂਨੀ ਪੰਜੇ ਫੈਲਾਉਂਦਾ ਰਹਿੰਦਾ ਹੈ। ਇਸ ਦੇ ਸਭ ਤੋਂ ਪਹਿਲੇ ਸ਼ਿਕਾਰ ਇਸ " ਵੱਡੇ ਸਮਾਜਵਾਦੀ ਪਰਿਵਾਰ" ਦੀ " ਬਿਰਾਦਰੀ ਦੇ ਦੇਸ਼" ਹੀ ਹੁੰਦੇ ਹਨ।

ਬ੍ਰੇਜਨੇਵ ਦੀ ਗੱਦਾਰ ਜੁੰਡਲੀ ਨੇ ਕੁੱਝ ਪੂਰਬੀ ਯੂਰਪ ਦੇ ਦੇਸ਼ਾਂ ਅਤੇ ਮੰਗੋਲੀਆ ਨੂੰ ਇਸ ਅਖੌਤੀ " ਵੱਡੇ ਸਮਾਜਵਾਦੀ ਪਰਿਵਾਰ" ਦੇ ਤੰਦੂਆ ਜਾਲ ਵਿੱਚ ਫਸਾ ਰੱਖਿਆ ਹੈ। ਸੋਵੀਅਤ ਸੋਧਵਾਦ ਅਤੇ ਇਸ ਦੀ ਬਰਾਦਰੀ ਦੇ ਇਹਨਾਂ ਮੁਲਕਾਂ ਦਰਮਿਆਨ ਇਹ ਨਾਮ ਨਿਹਾਦ ਸਬੰਧ ਹੀ " ਨਵੇਂ ਸਮਾਜਵਾਦੀ ਕੌਮਾਂਤਰੀ ਸਬੰਧ" ਹਨ। ਜਦੋਂ ਕਿ ਅਸਲ 'ਚ ਇਹ ਸਾਮਰਾਜਵਾਦੀ ਪੂੰਜੀਵਾਦ ਅਤੇ ਇਸਦੀਆਂ ਬਸਤੀਆਂ ਦੇ ਵਿਚਕਾਰ ਬਿੱਲੀ ਤੇ ਚੂਹੇ ਦੇ ਸਬੰਧ ਹੀ ਹਨ। ਸੋਵੀਅਤ ਸੰਘ ਨੇ ਇਨ੍ਹਾਂ ਦੇਸ਼ਾਂ ਉੱਪਰ ਆਪਣਾ ਗਲਬਾ ਵਧਾਉਣ ਲਈ ਸਭ ਤੋਂ ਵਹਿਸ਼ੀ ਅਤੇ ਨੀਚ ਹੱਥ ਕੰਡੇ ਵਰਤੇ ਹਨ। ਇਸਨੇ "ਵਾਰਸਾ ਸੰਧੀ" ਅਤੇ ਹੋਰ ਦੁਪਾਸੀ ਸਮਝੌਤਿਆਂ ਦੇ ਪਰਦੇ ਹੇਠ ਕੁੱਝ ਦੇਸ਼ਾਂ ਵਿੱਚ ਵੱਡੀ ਪੱਧਰ 'ਤੇ ਆਪਣੀਆਂ ਹਥਿਆਰਬੰਦ ਫੌਜਾਂ ਤਾਇਨਾਤ ਕਰ ਰੱਖੀਆਂ ਹਨ। ਇੱਥੋਂ ਤੱਕ ਕਿ ਇਹ ਚੈਕੋਸਲਵਾਕੀਆ 'ਤੇ ਹਮਲਾ ਕਰਨ ਲਈ ਸ਼ਰੇਆਮ ਹਜ਼ਾਰਾਂ ਦੀ ਗਿਣਤੀ ਵਿੱਚ ਫੌਜੀ ਦਸਤੇ ਭੇਜ ਚੁੱਕਿਆ ਹੈ। ਸਿਆਸੀ ਤੌਰ 'ਤੇ ਇਹ ਆਪਣੀਆਂ ਕਠਪੁਤਲੀ ਸਰਕਾਰਾਂ ਬਨਾਉਣ ਲਈ ਰਿਸ਼ਵਤ, ਸ਼ਜਿਸ਼ ਅਤੇ ਇੱਥੋਂ ਤੱਕ ਕਿ ਸੰਗੀਨਾਂ ਦਾ ਸਹਾਰਾ ਵੀ ਲੈ ਚੁੱਕਿਆ ਹੈ ਅਤੇ ਆਰਥਿਕ ਰੂਪ 'ਚ ਇਹ "ਆਪਸੀ ਆਰਥਿਕ ਸਹਾਇਤਾ ਪ੍ਰੀਸ਼ਦ" (Councial For mutual Economic Aid-COMECON) ਰਾਹੀਂ ਅਖੌਤੀ " ਆਰਥਿਕ ਏਕੀਕਰਨ" ਲਾਗੂ ਕਰ ਚੁੱਕਿਆ ਹੈ। ਕੁੱਲ ਪੂਰਬੀ ਯੂਰਪ ਦੇ ਦੇਸ਼ ਅਤੇ ਮੰਗੋਲੀਆ ਅਸਲ 'ਚ ਇਸਦੇ ਬਸਤੀਵਾਦੀ ਰਾਜ ਦੇ ਅਧੀਨ ਹੀ ਹਨ, ਜੋ ਕਿ ਦਿਲ ਕੰਬਾਊ ਲੁੱਟ ਦਾ ਸ਼ਿਕਾਰ ਹਨ।

ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਵੱਲੋਂ ਲਾਗੂ ਕੀਤੇ ਗਏ ਇਸ "ਆਰਥਿਕ ਏਕੀਕਰਨ" ਦੇ ਪਿੱਛੇ ਦੁਸ਼ਟ ਇਰਾਦਾ 'ਕੌਮੇਕੋਨ' ਦੇ ਕੌਮੀ ਅਰਥਚਾਰੇ ਨੂੰ ਤਬਾਹ ਕਰਨਾ ਹੀ ਹੈ ਉਪਰੰਤ ਇੱਕ ਇਕਹਿਰੇ ਤੇ ਉਲਾਰ ਬਸਤੀਵਾਦੀ ਅਰਥਚਾਰੇ ਨੂੰ ਜਨਮ ਦੇਣਾ ਅਤੇ ਇਸ ਰਾਹੀਂ ਇਹਨਾਂ ਦੇਸ਼ਾਂ ਦੀਆਂ ਰਿਆਸਤਾਂ, ਲੋਕਾਂ ਅਤੇ ਕੁਦਰਤੀ ਸੋਮਿਆਂ ਨੂੰ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਨਾਲ ਨੱਥੀ ਕਰਨਾ ਹੀ ਹੈ। ਸੋਵੀਅਤ ਸੋਧਵਾਦ ਦੀ ਇਹ " ਕੌਮਾਂਤਰੀ ਕਿਰਤ ਵੰਡ" ਅਤੇ "ਪੈਦਵਾਰ ਦੀ ਮੁਹਾਰਤ" ਦੋਵੇਂ ਹੀ ਇਸ "ਆਰਥਿਕ ਏਕੀਕਰਨ" ਦੇ ਤਹਿਤ ਉਪਰੋਕਤ "ਆਰਥਿਕ ਏਕੀਕਰਨ" ਦੇ ਦੁਸ਼ਟ ਇਰਾਦਿਆਂ ਨੂੰ ਪੂਰਾ ਕਰਨ ਵਿੱਚ ਹੀ ਭੁਗਤਦੇ ਹਨ।

ਇਸ "ਆਰਥਿਕ ਏਕੀਕਰਨ" ਦੇ ਨਾਮ ਹੇਠ "ਭਾਈਚਾਰੇ ਦੇ ਦੇਸ਼ਾਂ" ਨੂੰ ਆਪਣਾ ਗੁਲਾਮ ਬਣਾਉਣ ਲਈ ਸੋਵੀਅਤ ਸੋਧਵਾਦ ਜੋ ਚਾਲਾਂ ਚੱਲ ਰਿਹਾ ਹੈ, ਉਹਨਾਂ ਚੋਂ ਇੱਕ ਹੈ ਕੌਮੇਕੋਨ ਦੇ ਮੈਂਬਰ ਦੇਸ਼ਾਂ ਦੇ ਬਾਲਣ ਅਤੇ ਕੱਚੇ ਮਾਲ ਦੇ ਉਦਯੋਗਾਂ ਨੂੰ ਤਬਾਹ ਕਰਨਾ ਅਤੇ ਵੱਡੇ ਪੈਮਾਨੇ 'ਤੇ ਸੋਵੀਅਤ ਸੋਧਵਾਦ ਦੀ ਇਜਾਰੇਦਾਰੀ ਕਾਇਮ ਕਰਨਾ। ਕੌਮੇਕੋਨ

ਦੇ ਸਰਕਾਰੀ ਅਤੇ ਸੋਵੀਅਤ ਸੋਧਵਾਦੀ ਸ੍ਰੋਤਾਂ ਵੱਲੋਂ ਜਾਰੀ ਅੰਕੜਿਆਂ ਅਨੁਸਾਰ 1966 ਤੋਂ 1970 ਦੇ ਸਮੇਂ ਦੌਰਾਨ, ਬੁਲਗਾਰੀਆ, ਹੰਗਰੀ , ਜਰਮਨ ਜਮਹੂਰੀ ਗਣਰਾਜ, ਪੋਲੈਂਡ ਅਤੇ ਚੈਕੋਸਲਵਾਕੀਆ ਨੂੰ ਸੋਵੀਅਤ ਸੋਧਵਾਦ ਵੱਲੋਂ ਬਰਾਮਦ ਕੀਤੇ ਗਏ ਬਾਲਣ ਅਤੇ ਕੱਚੇ ਮਾਲ ਦੀ ਪ੍ਰਤੀਸ਼ਤ ਪੈਟਰੋਲ ਦੇ ਮਾਮਲੇ 'ਚ 95, ਕੋਇਲੇ 'ਚ 61.9 ਅਤੇ ਰੂੰ ਦੇ ਮਾਮਲੇ 'ਚ 64.3% ਸੀ। ਇਹਨਾਂ ਮੈਂਬਰ ਦੇਸ਼ਾਂ ਦੇ ਬਾਲਣ ਅਤੇ ਕੱਚੇ ਮਾਲਾਂ ਦੀ ਸਪਲਾਈ 'ਚ ਸੋਵੀਅਤ ਸੋਧਵਾਦ ਦੀ ਇਹ ਜੋ ਸਿਰੇ ਦੀ ਇਜਾਰੇਦਾਰੀ ਰਹੀ ਹੈ ਉਹਨਾਂ ਨੇ ਇਹਨਾਂ ਦੇਸ਼ਾਂ ਦੀ ਹੋਣੀ ਤੈਅ ਕਰ ਦਿੱਤੀ ਹੈ।

"ਆਰਥਿਕ ਏਕੀਕਰਨ" ਦੇ ਨਾਮ ਹੇਠ ਸੋਵੀਅਤ ਸੋਧਵਾਦ ਵੱਲੋਂ "ਬਿਰਾਦਰੀ ਦੇ ਦੇਸ਼ਾਂ" ਨੂੰ ਗੁਲਾਮ ਬਣਾਉਣ ਲਈ ਚੱਲੀ ਜਾਣ ਵਾਲੀ ਦੂਸਰੀ ਚਾਲ, ਮੈਂਬਰ ਦੇਸ਼ਾਂ ਨੂੰ ਸੋਵੀਅਤ ਸੋਧਵਾਦੀਆਂ ਲਈ ਲੋੜੀਂਦੇ ਉਤਪਾਦਾਂ ਵਿੱਚ ਮੁਹਾਰਤ ਹਾਸਿਲ ਕਰਨ ਲਈ ਮਜ਼ਬੂਰ ਕਰ ਦੇਣ ਦੀ ਰਹੀ ਹੈ। ਉਦਾਹਰਣ ਵਜੋਂ, ਪੋਲੈਂਡ ਨੂੰ ਜਹਾਜ ਬਣਾਉਣ ਦੇ ਉਦਯੋਗ ਲਈ ਮਜ਼ਬੂਰ ਕੀਤਾ ਗਿਆ, ਚੈਕੋਸਲਵਾਕੀਆ ਨੂੰ ਰੇਲ ਦੀਆਂ ਪਟੜੀਆਂ ਬਣਾਉਣ ਲਈ, ਜਰਮਨ ਜਮਹੂਰੀ ਗਣਰਾਜ ਨੂੰ ਖਾਣਾਂ 'ਚ ਕੰਮ ਆਉਣ ਵਾਲੇ ਔਜਾਰ ਬਣਾਉਣ ਲਈ, ਬੁਲਗਾਰੀਆ ਨੂੰ ਫ਼ਲ ਅਤੇ ਸਬਜ਼ੀ ਪੈਦਾ ਕਰਨ ਲਈ ਅਤੇ ਮੰਗੋਲੀਆ ਨੂੰ ਸੋਵੀਅਤ ਸੋਧਵਾਦੀਆਂ ਲਈ ਮਾਸ ਉਪਲਭਧ ਕਰਾਉਣ ਵਾਸਤੇ ਪਸ਼ੂ ਧਨ ਉਦਯੋਗ ਵਿੱਚ ਮੁਹਾਰਤ ਹਾਸਿਲ ਕਰਨ ਲਈ ਮਜ਼ਬੂਰ ਕੀਤਾ ਗਿਆ। ਇਸ ਤਰਾਂ "ਬਿਰਾਦਰੀ ਦੇ ਦੇਸ਼ਾਂ" ਨੂੰ ਸੋਵੀਅਤ ਸੋਧਵਾਦ ਲਈ ਤਾਂਬੇ ਅਧੀਨ ਪ੍ਰੋਸੈਸਿੰਗ ਇਕਾਈਆਂ, ਬਾਗਾਂ ਅਤੇ ਬਾੜੀਆਂ ਤੇ ਪਸ਼ੂ ਵਾੜਿਆਂ ਵਜੋਂ ਸਥਾਪਿਤ ਕੀਤਾ ਗਿਆ।

ਇਸ "ਆਰਥਿਕ ਏਕੀਕਰਨ" ਨੂੰ ਹੋਰ ਤੇਜ਼ ਕਰਦੇ ਜਾਣ ਅਤੇ ਮੈਂਬਰ ਦੇਸ਼ਾਂ ਉੱਪਰ ਹੋਰ ਵਧੇਰੇ ਅਸਰਦਾਰ ਗ਼ਲਬਾ ਕਾਇਮ ਕਰਦੇ ਜਾਣ ਦੇ ਮਨਸ਼ੇ ਨਾਲ ਸੋਵੀਅਤ ਸੋਧਵਾਦ ਨੇ "ਕੌਮਾਂਤਰੀ ਧਾਤ ਉਦਯੋਗ ਸਹਿਕਾਰੀ ਸੰਸਥਾਵਾਂ", "ਕੌਮਾਂਤਰੀ ਰਸਾਇਣ ਇੰਜਨੀਅਰਿੰਗ ਉਦਯੋਗ ਸਹਿਕਾਰੀ ਸੰਸਥਾ", "ਕੌਮਾਂਤਰੀ ਆਰਥਿਕ ਸਹਿਕਾਰੀ ਬੈਂਕ" ਅਤੇ "ਕੌਮਾਂਤਰੀ ਨਿਵੇਸ਼ ਬੈਂਕ" ਜਿਹੀਆਂ ਬਹੁ-ਕੌਮੀ ਸੰਸਥਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਇਹ ਬਹੁ-ਕੌਮੀ ਸੰਸਥਾਵਾਂ ਅਸਲ 'ਚ ਕੌਮਾਂਤਰੀ ਇਜਾਰੇਦਾਰੀ ਸੰਸਥਾਵਾਂ ਹੀ ਹਨ ਜੋ ਸੋਵੀਅਤ ਸੋਧਵਾਦ ਦੇ ਰਾਜਕੀ ਇਜਾਰੇਦਾਰਾਨਾ ਪੂੰਜੀਵਾਦ ਵੱਲੋਂ ਚਲਾਈਆਂ ਜਾ ਰਹੀਆਂ ਹਨ। ਇਹਨਾਂ ਦੇ ਰਾਹੀਂ ਹੀ ਸੋਵੀਅਤ ਸੋਧਵਾਦ ਵੱਲੋਂ ਮੈਂਬਰ ਦੇਸ਼ਾਂ ਦੇ ਕੌਮੀ ਅਰਥਚਾਰੇ ਦੇ ਅਹਿਮ ਖੇਤਰਾਂ ਉੱਪਰ ਆਪਣਾ ਗ਼ਲਬਾ ਕਾਇਮ ਕੀਤਾ ਹੋਇਆ ਹੈ।

ਜਦੋਂ ਸੋਵੀਅਤ ਸੋਧਵਾਦ ਨੇ ਆਪਣੇ "ਭਾਈਚਾਰੇ ਦੇ ਦੇਸ਼ਾਂ" ਦੀ ਸੰਘੀ 'ਤੇ ਗੋਡਾ ਰੱਖ ਲਿਆ ਅਤੇ ਉਹਨਾਂ ਨੂੰ ਆਪਣੀਆਂ ਲੋੜਾਂ ਦੇ ਅਨੁਰੂਪ ਆਪਣੇ ਅਰਥਚਾਰਿਆਂ ਦਾ ਇਕਹਿਰਾ ਵਿਕਾਸ ਕਰਨ ਲਈ ਮਜ਼ਬੂਰ ਕਰ ਦਿੱਤਾ, ਉਦੋਂ ਜਾ ਕੇ ਆਪਣੀਆਂ ਇਜਾਰੇਦਾਰਾਨਾ ਅਤੇ ਬਸਤੀਵਾਦੀ ਨੀਤੀਆਂ ਲਾਗੂ ਕਰਕੇ ਵਪਾਰ ਰਾਹੀਂ ਉਹਨਾਂ ਨੂੰ ਲੁੱਟਣ ਦੇ ਸਮਰੱਥ ਹੋ ਗਿਆ। ਸੋਵੀਅਤ ਸੋਧਵਾਦੀ ਅਖ਼ਬਾਰਾਂ-ਰਸਾਲਿਆਂ ਦੇ ਅਨੁਸਾਰ ਹੀ, 1970

ਵਿੱਚ ਸੋਵੀਅਤ ਸੋਧਵਾਦ ਨੇ ਮੰਗੋਲੀਆ ਦੇ ਕੁੱਲ ਵਿਦੇਸ਼ੀ ਵਪਾਰ ਦਾ 90% ਤੋਂ ਵੀ ਜਿਆਦਾ ਹਿੱਸਾ ਹਥਿਆ ਲਿਆ ਅਤੇ ਇਸੇ ਤਰਾਂ ਬੁਲਗਾਰੀਆ ਦੇ ਕੁੱਲ ਵਿਦੇਸ਼ੀ ਵਪਾਰ ਦਾ 50% ਤੋਂ ਵਧੇਰੇ ਹਿੱਸਾ, ਜਰਮਨ ਜਮਹੂਰੀ ਗਣਰਾਜ ਦੇ ਕੁੱਲ ਵਿਦੇਸ਼ੀ ਵਪਾਰ ਦਾ ਲੱਗਭਗ 40% ਹਿੱਸਾ ਅਤੇ ਪੋਲੈਂਡ, ਹੰਗਰੀ ਤੇ ਚੈਕੋਸਲਵਾਕੀਆ ਦੇ ਕੁੱਲ ਵਿਦੇਸ਼ੀ ਵਪਾਰ ਦਾ ਲਗਭਗ ਇੱਕ ਤਿਹਾਈ ਹਿੱਸਾ ਹਥਿਆ ਲਿਆ। ਆਪਣੀ ਚੌਧਰ ਵਾਲੀ ਸਥਿਤੀ ਦਾ ਲਾਹਾ ਲੈ ਕੇ ਸੋਵੀਅਤ ਸੋਧਵਾਦ ਨੇ ਇਹਨਾਂ ਦੇਸ਼ਾਂ ਲਈ ਅਣਸੁਖਾਵੀਆਂ ਸ਼ਰਤਾਂ 'ਤੇ ਇਹਨਾਂ ਨਾਲ ਵਪਾਰ ਕਰਕੇ ਇਹਨਾਂ ਦੀ ਬੇਤਰਸ ਲੁੱਟ ਕੀਤੀ ਹੈ। ਸੋਵੀਅਤ ਸੰਘ ਨੇ ਮੰਗੋਲੀਆ ਨਾਲ ਇੱਕ ਸਾਇਕਲ ਦੇ ਬਦਲੇ ਚਾਰ ਘੋੜੇ ਅਤੇ ਇੱਕ ਖਿਡੌਣੇ ਮੇਮਣੇ ਦੇ ਬਦਲੇ ਜਿਉਂਦਾ ਜਾਗਦਾ ਮੇਮਣਾ ਲੈਣ ਦਾ ਵਪਾਰ ਕੀਤਾ ਹੈ। ਇਸੇ ਤਰਾਂ ਚੈਕੋਸਲਵਾਕੀਆ ਤੋਂ ਦਰਾਮਦ ਕੀਤੇ ਗਏ ਬਿਜਲਈ ਰੇਲ ਇੰਜਨ ਦੇ ਬਦਲੇ ਇਸਨੇ ਚੈਕੋਸਲਵਾਕੀਆ ਨੂੰ ਜੋ ਕੀਮਤ ਅਦਾ ਕੀਤੀ ਉਹ ਕੀਮਤ ਅਜਿਹੇ ਹੀ ਰੇਲ ਇੰਜਣ ਦੇ ਬਦਲੇ ਪੱਛਮੀ ਜਰਮਨੀ ਨੂੰ ਅਦਾ ਕੀਤੀ ਕੀਮਤ ਤੋਂ 2/5 ਘੱਟ ਸੀ। ਪਰ ਚੈਕੋਸਲਵਾਕੀਆ ਨੂੰ ਸੋਵੀਅਤ ਸੋਧਵਾਦੀਆਂ ਨੇ ਜੋ ਕੱਚਾ ਲੋਹਾ ਭੇਜਿਆ ਉਸਦੀ ਕੀਮਤ ਪੱਛਮੀ ਜਰਮਨੀ ਨੂੰ ਬਰਾਮਦ ਕੀਤੇ ਗਏ ਕੱਚੇ ਲੋਹੇ ਦੀ ਕੀਮਤ ਤੋਂ ਦੁੱਗਣੀ ਤੋਂ ਵੀ ਵੱਧ ਵਸੂਲ ਕੀਤੀ। ਇਸੇ ਤਰਾਂ ਸੋਵੀਅਤ ਸੋਧਵਾਦ ਨੇ ਕੁੱਲ ਪੂਰਬੀ ਯੂਰਪ ਦੇ ਦੇਸ਼ਾਂ ਨੂੰ ਜੋ ਪ੍ਰਮਾਣੂ ਭੱਠੀਆਂ ਵੇਚੀਆਂ ਉਹਨਾਂ ਦੀ ਕੌਮਾਂਤਰੀ ਮੰਡੀ ਵਿੱਚ ਕੀਮਤ ਤੋਂ ਚਾਰ ਗੁਣਾ ਵੱਧ ਕੀਮਤ ਵਸੂਲ ਕੀਤੀ। ਜਰਮਨ ਜਮਹੂਰੀ ਗਣਰਾਜ ਦੇ ਯੋਜਨਾ ਕਮਿਸ਼ਨ ਦੇ ਇੱਕ ਸਾਬਕਾ ਮੈਂਬਰ ਨੇ ਸ਼ਿਕਾਇਤ ਵੀ ਕੀਤੀ ਹੈ ਕਿ ਸੋਵੀਅਤ ਸੰਘ ਨਾਲ ਵਪਾਰ ਕਰਨ ਨਾਲ ਉਸਦੇ ਦੇਸ਼ ਨੂੰ ਪ੍ਰਤੀ ਸਾਲ 2 ਅਰਬ ਮਾਰਕ ਦਾ ਘਾਟਾ ਸਹਿਣਾ ਪਿਆ ਹੈ।

ਪੂੰਜੀਵਾਦੀ ਸਾਮਰਾਜਵਾਦ ਦੀ ਤਰਾਂ ਹੀ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਨੇ ਵੀ " ਸਹਾਇਤਾ" ਦੇ ਨਾਮ ਥੱਲੇ ਕੁੱਲ ਪੂਰਬੀ ਯੂਰਪ ਦੇ ਦੇਸ਼ਾਂ ਅਤੇ ਮੰਗੋਲੀਆ ਨੂੰ ਆਪਣਾ ਸਰਮਾਇਆ ਬਰਾਮਦ ਕੀਤਾ ਹੈ। 1971 ਤੱਕ ਸੋਵੀਅਤ ਸੋਧਵਾਦ ਲੰਮੀ ਮਿਆਦ ਦੇ "ਕਰਜਿਆਂ" ਦੇ ਰੂਪ ਵਿੱਚ ਕੁੱਲ 2.15 ਅਰਬ ਰੂਬਲ ਸਰਮਾਏ ਨੂੰ ਬਰਾਮਦ ਕਰ ਚੁੱਕਿਆ ਸੀ।

ਪੂੰਜੀ ਨੂੰ ਬਰਾਮਦ ਕਰਕੇ, ਇਸਨੇ ਮਹਿਜ ਵਿਆਜ਼ ਦੇ ਰੂਪ ਵਿੱਚ ਭਾਰੀ ਮੁਦਰਾ ਹੀ ਨਹੀਂ ਬਟੋਰੀ ਸਗੋਂ ਇਸੇ ਦੀ ਬਦੌਲਤ ਇਸ ਨੇ ਕਰਜ਼ਾ ਲੈਣ ਵਾਲੇ ਦੇਸ਼ਾਂ ਦੇ ਵਿਕਾਸ ਦੀ ਦਿਸ਼ਾ ਨੂੰ ਆਪਣੇ ਕਾਬੂ ਹੇਠ ਕਰ ਲਿਆ ਹੈ। ਇਸ ਤੋਂ ਇਲਾਵਾ, ਇਸੇ ਬਰਾਮਦ ਦੇ ਮੌਕੇ ਦਾ ਫਾਇਦਾ ਉਠਾ ਕੇ ਇਸ ਨੇ ਉੱਚੀਆਂ ਕੀਮਤਾਂ ਤੇ ਅਜਿਹੇ ਮਾਲ ਤੇ ਉਪਕਰਣ ਵੀ ਵੇਚ ਦਿੱਤੇ ਹਨ ਜੋ ਹੋਰ ਕਿਧਰੇ ਪਾਸੇ ਵਿੱਕ ਹੀ ਨਹੀਂ ਸਨ ਸਕਦੇ।

ਪੂੰਜੀ ਬਰਾਮਦ ਕਰਨ ਦੇ ਨਾਲ-ਨਾਲ "ਆਰਥਿਕ ਏਕੀਕਰਨ" ਵਿੱਚ ਆਪਣੀ ਚੌਧਰ ਵਾਲੀ ਸਥਿਤੀ ਦਾ ਫਾਇਦਾ ਲੈ ਕੇ ਸੋਵੀਅਤ ਕੱਚੇ ਮਾਲ ਦੀ ਮੈਂਬਰ ਦੇਸ਼ਾਂ ਅੰਦਰ ਵਧ ਰਹੀ ਮੰਗ ਦੇ ਬਹਾਨੇ, ਕੁੱਲ ਦੇਸ਼ਾਂ ਨੂੰ ਸੋਵੀਅਤ ਇਕਾਈਆਂ ਦੇ ਨਿਰਮਾਣ ਅਤੇ ਸੋਵੀਅਤ ਖਾਣਾਂ ਦੀ ਖੁਦਾਈ ਲਈ ਰਕਮ ਅਤੇ ਕਿਰਤ ਸ਼ਕਤੀ ਮੁਹੱਈਆ ਕਰਾਉਣ ਲਈ ਮਜ਼ਬੂਰ ਵੀ

ਕਰਦੇ ਰਹੇ ਹਨ। ਇਸ ਤਰਾਂ ਉਹ ਨੰਗੀ ਲੁੱਟ ਵਿੱਚ ਗੜੁੱਚ ਰਹੇ ਹਨ। ਉਦਾਹਰਣ ਲਈ, 1966 ਵਿੱਚ ਚੈਕੋਸਲਵਾਕੀਆ ਨੂੰ ਮਜ਼ਬੂਰ ਕੀਤਾ ਗਿਆ ਕਿ ਉਹ ਡਿਊਮੇਨ ਤੇਲ ਖੇਤਰ ਦੇ ਵਿਕਾਸ ਲਈ ਇਸਪਾਤ ਦੇ ਪਾਈਪ ਅਤੇ ਪੈਟਰੋਲੀਅਮ ਖੇਤਰ 'ਚ ਕੰਮ ਆਉਣ ਵਾਲੇ ਉਪਕਰਣ ਖਰੀਦਣ ਲਈ ਸੋਵੀਅਤ ਸੋਧਵਾਦੀਆਂ ਨੂੰ 50 ਕਰੋੜ ਰੂਬਲ ਮੁਹੱਈਆ ਕਰਵਾਏ। 1968 ਵਿੱਚ ਚੈਕੋਸਲਵਾਕੀਆ ਨੂੰ ਫਿਰ ਮਜ਼ਬੂਰ ਕੀਤਾ ਗਿਆ ਕਿ ਉਹ ਸਾਈਬੇਰੀਆ ਵਿੱਚ ਕੁਦਰਤੀ ਗੈਸ ਲਈ ਪਾਈਪ ਲਾਈਨ ਵਿਛਾਉਣ ਵਾਸਤੇ ਵੱਡੇ ਆਕਾਰ ਦੇ ਪਾਈਪ ਅਤੇ ਵੱਡੀ ਗਿਣਤੀ ਵਿੱਚ ਟਰੱਕ ਮੁਹਾਈਆ ਕਰਵਾਏ। ਸੋਵੀਅਤ ਸੋਧਵਾਦ ਨੇ ਬੁਲਗਾਰੀਆ ਤੋਂ ਸਖ਼ਤ ਮਿਹਨਤ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਵੀ ਮੰਗਵਾਏ ਅਤੇ ਇਸ ਤਰਾਂ ਉਹਨਾਂ ਦੀ ਵਾਫ਼ਰ ਕਿਰਤ ਨੂੰ ਸ਼ਰੇਆਮ ਲੁੱਟਿਆ।

ਲੈਨਿਨ ਨੇ ਇੱਕ ਵਾਰ ਪੁਰਾਣੇ ਜ਼ਾਰ ਨੂੰ ਭੰਡਦੇ ਹੋਏ ਕਿਹਾ ਸੀ ਕਿ *"ਉਹ ਆਪਣੇ ਗੁਆਂਢੀ ਦੇਸ਼ਾਂ ਨਾਲ ਜਗੀਰੂ ਗੁਲਾਮੀ ਦੇ ਆਪਣੇ ਵਿਸ਼ੇਸ਼ ਅਧਿਕਾਰ ਵਾਲੇ ਸਿਧਾਂਤ ਅਨੁਸਾਰ ਵਰਤਾਅ ਕਰਦਾ ਸੀ"*।[4] ਪਰ ਅੱਜ ਸੋਵੀਅਤ ਸੋਧਵਾਦ ਦਾ ਆਪਣੇ ਗੁਆਂਡੀ ਮੁਲਕਾਂ ਨਾਲ ਵਰਤਾਅ ਤਾਂ ਪੁਰਾਣੇ ਜ਼ਾਰ ਦੇ ਵਰਤਾਓ ਤੋਂ ਵੀ ਬਦਤਰ ਹੈ। ਸੋਵੀਅਤ ਸੋਧਵਾਦੀ " ਆਰਥਿਕ ਏਕੀਕਰਨ" ਦੇ ਮੰਤਵ ਨਾਲ ਕੀਤਾ ਜਾ ਰਿਹਾ " ਕੌਮਾਂਤਰੀ ਕਿਰਤ ਵੰਡ" ਅਤੇ " ਪੈਦਾਵਾਰ ਦੀ ਮੁਹਾਰਤ" ਅਸਲ ਵਿੱਚ ਇੱਕ ਪੂੰਜੀਵਾਦੀ ਦੇਸ਼ ਅਤੇ ਉਸ ਦੀਆਂ ਬਸਤੀਆਂ ਵਿਚਕਾਰ ਹੀ ਇੱਕ ਤਰਾਂ ਦੀ " ਕਿਰਤ ਵੰਡ" ਹੈ ਜੋ ਬਿਲਕੁਲ ਅਜਿਹੀ ਹੀ ਹੈ ਜਿਵੇਂ ਪੁਰਾਣੇ ਜਪਾਨੀ ਫੌਜਵਾਦ ਨੇ " ਉਦਯੋਗਿਕ ਜਪਾਨ ਅਤੇ ਖੇਤੀ ਪ੍ਰਧਾਨ ਚੀਨ" ਦੇ ਨਾਅਰੇ ਤਹਿਤ ਕੀਤੀ ਸੀ। ਸੋਵੀਅਤ ਸੋਧਵਾਦ ਜੋ " ਵੱਡਾ ਸਮਾਜਵਾਦੀ ਪਰਿਵਾਰ" ਹੈ ਉਹ ਹਿਟਲਰ ਦੀ ਜਰਮਨੀ ਦੇ " ਨਵ-ਯੂਰਪੀ ਪ੍ਰਬੰਧ" ਅਤੇ ਜਪਾਨੀ ਫੌਜਵਾਦ ਦੇ " ਪੂਰਬੀ ਏਸ਼ੀਆਈ ਮਹਾਂਨ ਸਹਿ ਖੁਸ਼ਹਾਲੀ ਖੇਤਰ" ਜਿਹੇ ਸਾਮਰਾਜਵਾਦੀ ਪ੍ਰਭਾਵ ਖੇਤਰ ਦਾ ਹੀ ਬਸ ਇੱਕ ਹੋਰ ਨਾਮ ਹੈ।

"ਸਹਾਇਤਾ" ਦੇ ਪਰਦੇ ਹੇਠ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਵਿੱਚ ਬਸਤੀਆਨਾ ਵਿਸਤਾਰ ਦੀ ਨੀਤੀ ਨੂੰ ਲਾਗੂ ਕਰਨਾ

ਕਿਉਂਕਿ ਸੋਵੀਅਤ ਸੋਧਵਾਦ ਸਮਾਜਿਕ ਸਾਮਰਾਜਵਾਦ ਵਿੱਚ ਤਬਦੀਲ ਹੋ ਚੁੱਕਿਆ ਹੈ ਅਤੇ ਸਾਮਰਾਜਵਾਦ ਦੇ ਨਿਯਾਮਕ ਨਿਯਮਾਂ ਅਨੁਸਾਰ ਚੱਲਣਾ ਇਸਦੀ ਮਜ਼ਬੂਰੀ ਹੈ ਇਸ ਲਈ ਇਹ ਸੁਭਾਵਿਕ ਹੀ ਹੈ ਕਿ ਇਹ ਸਿਰਫ ਆਪਣੇ "ਵੱਡੇ ਸਮਾਜਵਾਦੀ ਪਰਿਵਾਰ" ਦੇ ਅੰਦਰ ਆਪਣੀ ਬਸਤੀਵਾਨਾ ਹਕੂਮਤ ਚਲਾ ਕੇ ਹੀ ਸੰਤੁਸ਼ਟ ਨਹੀਂ ਹੁੰਦਾ ਸਗੋਂ ਆਪਣੀਆਂ ਵਿਕਾਊ ਜਿਣਸਾਂ, ਕੱਚੇ ਮਾਲ ਅਤੇ ਪੂੰਜੀ ਲਾਉਣ ਲਈ ਸੰਸਾਰ ਮੰਡੀ ਦੇ ਵੱਧ ਤੋਂ ਵੱਧ ਹਿੱਸੇ 'ਤੇ ਕਬਜਾ ਜਮਾਉਂਦੇ ਜਾਣ ਦੀ ਵੀ ਲਾਜ਼ਮੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਅਤੇ ਇਸੇ ਲਈ ਸ੍ਰੋਤਾਂ ਨਾਲ ਮਾਲਾ ਮਾਲ ਪਰ ਪੱਛੜੇ ਹੋਏ ਅਰਥਚਾਰੇ ਜਿਵੇਂ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਦੇਸ਼ ਸੋਵੀਅਤ ਸੋਧਵਾਦੀ ਬਸਤੀਆਨਾ ਵਿਸਤਾਰ ਦੇ ਸੁਭਾਵਿਕ ਸ਼ਿਕਾਰ ਬਣ

ਗਏ ਹਨ।

ਉਂਝ ਤਾਂ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਇਹ ਪ੍ਰਚਾਰਦੀ ਹੈ ਕਿ ਉਹ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਨੂੰ "ਸਹਾਇਤਾ" ਦੇ ਰਹੀ ਹੈ ਪਰ ਸੱਚਾਈ ਇਹ ਹੈ ਇਸ ਸਹਾਇਤਾ ਦੇ ਬਹਾਨੇ ਇਸਦੀ ਹਰ ਕੋਸ਼ਿਸ਼ ਇਹੋ ਰਹਿੰਦੀ ਹੈ ਇਨ੍ਹਾਂ ਇਲਾਕਿਆਂ ਦੇ ਕੁੱਝ ਦੇਸ਼ਾਂ ਨੂੰ ਉਹ ਆਪਣੇ ਗ਼ਲਬੇ ਹੇਠ ਕਰ ਲਵੇ ਅਤੇ ਇਸ ਤਰਾਂ ਤੀਜੀ ਦੁਨੀਆਂ ਦੇ ਦੇਸ਼ਾਂ 'ਤੇ ਆਪਣਾ ਗ਼ਲਬਾ ਜਮਾ ਕੇ ਅਮਰੀਕੀ ਸਾਮਰਾਜਵਾਦ ਵਿਰੁੱਧ ਲੜ ਸਕੇ।

ਇਸ ਤਰਾਂ "ਸੋਵੀਅਤ ਸਹਾਇਤਾ" ਦੁਸ਼ਮਣ ਨੂੰ ਧੋਖਾ ਦੇਣ ਵਾਲੇ ਕਾਠ ਦੇ ਘੋੜੇ ਦੀ ਤਰਾਂ ਹੈ ਜੋ ਇਹ ਸਹਾਇਤਾ ਲੈਣ ਵਾਲੇ ਦੇਸ਼ਾਂ ਦੀਆਂ ਸਰਹੱਦਾਂ ਅੰਦਰ ਚੌਤਰਫੋਂ ਘੁਸਪੈਠ ਕਰਦਾ ਹੈ ਅਤੇ ਬਹੁਤ ਹੀ ਔਖੀਆਂ ਸਿਆਸੀ ਤੇ ਆਰਥਿਕ ਸ਼ਰਤਾਂ ਉਹਨਾਂ ਉਪਰ ਥੋਪ ਦਿੰਦਾ ਹੈ। ਇਹ ਮੁੱਖ ਤੌਰ 'ਤੇ "ਫੌਜੀ ਸਹਾਇਤਾ" ਹੀ ਹੁੰਦੀ ਹੈ। ਜਿਸਦੇ ਤਹਿਤ ਪੁਰਾਣਾ ਪੈ ਚੁੱਕਿਆ ਗੋਲਾ ਬਰੂਦ ਤੇ ਅਸਲਾ ਵੇਚਿਆ ਜਾਂਦਾ ਹੈ। ਇਹ ਹਥਕੰਡਾ ਆਪਣਾ ਕੇ ਸੋਵੀਅਤ ਸੋਧਵਾਦ ਸਹਾਇਤਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਨੂੰ ਫੌਜੀ, ਸਿਆਸੀ ਤੇ ਆਰਥਿਕ ਤੌਰ 'ਤੇ ਆਪਣੀ ਮੁੱਠੀ 'ਚ ਰੱਖਦਾ ਹੈ ਅਤੇ ਉਨ੍ਹਾਂ ਅੰਦਰ ਲਗਾਤਾਰ ਦਖਲ ਅੰਦਾਜੀ ਕਰਦਾ ਰਹਿੰਦਾ ਹੈ। ਸੋਵੀਅਤ ਸੋਧਵਾਦ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਪ੍ਰਤੀ ਸਾਲ ਇੱਕ ਅਰਬ ਰੂਬਲ ਦੀ ਸਹਾਇਤਾ ਦਿੰਦਾ ਹੈ ਜਿਸਦਾ 30 % "ਆਰਥਿਕ ਸਹਾਇਤਾ" ਦੇ ਰੂਪ ਵਿੱਚ ਹੁੰਦਾ ਹੈ ਅਤੇ 70% "ਫੌਜੀ ਸਹਾਇਤਾ" ਦੇ ਰੂਪ ਵਿੱਚ। ਇਸਦੇ ਲਈ ਕੁੰਜੀਵਤ ਖੇਤਰ ਮੱਧ ਪੂਰਬ ਅਤੇ ਫਾਰਸ ਦੀ ਖਾੜੀ ਵਾਲੇ ਖੇਤਰ ਹਨ; ਦੱਖਣੀ ਏਸ਼ੀਆਈ ਉਪਮਹਾਂਦੀਪ ਇਸਦਾ ਦੂਸਰਾ ਮਹੱਤਵਪੂਰਨ ਖੇਤਰ ਹੈ। ਕਿਉਂਕਿ ਮੱਧ ਪੂਰਬ ਅਤੇ ਫਾਰਸ ਦੀ ਖਾੜੀ ਦੇ ਖੇਤਰ ਯੁੱਧਨੀਤਕ ਤੌਰ 'ਤੇ ਬੇਹੱਦ ਅਹਿਮ ਹਨ ਇੱਥੇ ਤੇਲ ਦੇ ਭੰਡਾਰ ਹਨ। ਇਸ ਲਈ ਇਹਨਾਂ ਖੇਤਰਾਂ ਵਿੱਚ ਸੋਵੀਅਤ ਸੋਧਵਾਦ ਦੀ ਸਿਰਤੋੜ ਕੋਸ਼ਿਸ਼ ਇਹੀ ਰਹਿੰਦੀ ਹੈ ਕਿ ਇੱਥੇ ਇਹ ਆਪਣੇ ਸਮੁੰਦਰੀ ਤੇ ਹਵਾਈ ਅੱਡੇ ਕਾਇਮ ਕਰ ਲਵੇ। ਤੇਲ ਦੀ ਖੋਜ, ਇਸਨੂੰ ਬਾਹਰ ਕੱਢਣ, ਸੋਧਣ ਅਤੇ ਉਸਦੀ ਆਵਾਜਾਈ'ਤੇ ਆਪਣਾ ਕਬਜਾ ਜਮਾ ਲਵੇ ਅਤੇ "ਸੋਵੀਅਤ ਸਹਾਇਤਾ" ਦੇ ਜ਼ਰੀਏ ਤੇਲ ਦੀ ਖਰੀਦ 'ਤੇ ਆਪਣੀ ਇਜਾਰੇਦਾਰੀ ਕਾਇਮ ਕਰ ਲਵੇ। ਦੱਖਣੀ ਏਸ਼ੀਆਈ ਉਪ ਮਹਾਂਦੀਪ ਮਹਿਜ਼ ਯੁੱਧਨੀਤਕ ਨਜ਼ਰੀਏ ਤੋਂ ਹੀ ਮਹੱਤਵਪੂਰਨ ਨਹੀਂ ਸਗੋਂ ਕੁਦਰਤੀ ਅਤੇ ਮਨੁੱਖੀ ਸ੍ਰੋਤਾਂ ਨਾਲ ਵੀ ਮਾਲਾ ਮਾਲ ਹੈ। ਸੋਵੀਅਤ ਸੋਧਵਾਦ ਨੇ ਇਹਨਾਂ ਖੇਤਰਾਂ ਦੇ ਸ੍ਰੋਤਾਂ ਨੂੰ ਯੋਜਨਾ ਬੱਧ ਤਰੀਕੇ ਨਾਲ ਲੁੱਟਿਆ ਹੈ ਅਤੇ ਇਨ੍ਹਾਂ ਦੀਆਂ ਨੀਤੀਆਂ ਵਿੱਚ ਵੀ (ਆਪਣੇ ਲਈ ਵਪਾਰ ਦੀਆਂ ਅਨੁਕੂਲ ਸ਼ਰਤਾਂ ਤੇ ਫੌਜੀ ਸਾਜੋ ਸਮਾਨ ਅਤੇ ਪੂੰਜੀ ਬਰਾਮਦ ਕਰਨ ਰਾਹੀਂ) ਦਖਲ ਅੰਦਾਜੀ ਕੀਤੀ ਹੈ। ਹੁਣ ਇਹ ਮੌਕਾ ਮਿਲਦੇ ਹੀ ਇੱਥੇ ਆਪਣੇ ਫੌਜੀ ਅੱਡੇ ਸਥਾਪਤ ਕਰਨ ਦੀ ਤਾਕ 'ਚ ਹੈ। ਦੱਖਣੀ ਏਸ਼ੀਆਈ ਉੱਪ ਮਹਾਂਦੀਪ ਵਿੱਚ, ਭਾਰਤ ਸਭ ਤੋਂ ਵੱਧ "ਸੋਵੀਅਤ ਸਹਾਇਤਾ" ਪ੍ਰਾਪਤ ਕਰਦਾ ਰਿਹਾ ਹੈ। ਇਸ ਦੀ ਆਰਥਿਕ ਨਬਜ਼ ਸੋਵੀਅਤ ਸੋਧਵਾਦ ਦੇ ਹੱਥ 'ਚ ਹੀ ਰਹੀ ਹੈ। 1970 ਦੇ ਅੰਤ ਤੱਕ, ਸੋਵੀਅਤ "ਸਹਾਇਤਾ" ਪ੍ਰਾਪਤ ਕਰਨ ਵਾਲੇ ਭਾਰਤੀ ਉਦਯੋਗਾਂ ਦੀ ਬਦੌਲਤ, ਭਾਰਤੀ

ਉਦਯੋਗਿਕ ਪੈਦਾਵਾਰ ਵਿੱਚ ਇਸ "ਸਹਾਇਤਾ" ਦੇ ਯੋਗਦਾਨ ਦਾ ਪ੍ਰਤੀਸ਼ਤ ਇਸ ਇਸਪਾਤ ਪੈਦਾਵਾਰ 'ਚ 30 ਪ੍ਰਤੀਸ਼ਤ, ਕੁੱਲ ਤੇਲ ਸੋਧਕ ਸਮਰੱਥਾ 'ਚ 60%, ਕੁੱਲ ਭਾਰੀ ਮਸ਼ੀਨ ਪੈਦਾਵਾਰ 'ਚ 85%, ਕੁੱਲ ਬਿਜਲੀ ਸਮਰੱਥਾ 'ਚ 20%, ਕੁੱਲ ਪੈਟਰੋਲੀਅਮ ਪਦਾਰਥਾਂ 'ਚ 30% ਅਤੇ ਕੁੱਲ ਬਿਜਲੀ ਪੈਦਾ ਕਰਨ ਵਾਲੇ ਸਾਜੋ-ਸਮਾਨ 'ਚ 60%। ਇਹ "ਸਹਾਇਤਾ ਪ੍ਰਾਪਤ" ਪ੍ਰੋਜੈਕਟ ਇੰਜਨੀਅਰਿੰਗ ਡਿਜਾਈਨਾਂ ਦੀ ਉਸਾਰੀ ਦੇ ਪੜਾਅ ਵੇਲੇ ਪੂਰੀ ਤਰਾਂ ਹੀ ਸੋਵੀਅਤ ਸੋਧਵਾਦ ਦੀ ਇਜਾਰੇਦਾਰੀ 'ਤੇ ਦਾਬੇ ਅਧੀਨ ਰਹੇ ਹਨ। ਉਦਯੋਗਾਂ ਨੂੰ ਚਲਾਉਣ ਦੇ ਮਾਮਲੇ 'ਚ ਵੀ ਭਾਰਤ ਲਈ ਇਹ ਸੰਭਵ ਹੀ ਨਹੀਂ ਸੀ ਕਿ ਉਹ ਸੋਵੀਅਤ ਸੋਧਵਾਦ ਦੀ ਸਰਦਾਰੀ ਤੋਂ ਛੁਟਕਾਰਾ ਪਾ ਲਵੇ। ਮਸ਼ੀਨਰੀ ਦੀ ਮੁਰੰਮਤ ਅਤੇ ਕਲ ਪੁਰਜਿਆਂ ਤੇ ਮਹੱਤਵਪੂਰਨ ਪਦਾਰਥਾਂ ਦੀ ਸਪਲਾਈ ਲਈ ਵੀ ਇਸਨੂੰ ਸੋਵੀਅਤ ਸੋਧਵਾਦ ਉੱਪਰ ਹੀ ਟੇਕ ਰੱਖਣੀ ਪਈ ਹੈ। ਇਸ ਤੋਂ ਇਲਾਵਾ ਸੋਵੀਅਤ ਸੋਧਵਾਦ ਨੇ ਭਾਰਤ ਅੱਗੇ ਇਹ ਮੰਗ ਰੱਖ ਕੇ ਕਿ ਉਹ "ਸੋਵੀਅਤ ਸਹਾਇਤਾ" ਦਾ ਮੁੱਲ ਪੈਸਿਆਂ 'ਚ ਨਹੀਂ ਸਗੋਂ ਵਸਤੂਆਂ ਦੇ ਰੂਪ 'ਚ ਮੋੜੇ, ਭਾਰਤ ਦੀ ਪੈਦਾਵਾਰ 'ਤੇ ਗ਼ਲਬਾ ਕਾਇਮ ਕਰ ਲਿਆ ਹੈ। ਭਾਰਤ ਦੇ ਕੁੱਲ ਚਮੜੇ ਦੀਆਂ ਜੁੱਤੀਆਂ ਬਣਾਉਣ ਵਾਲੇ ਕਾਰਖਾਨੇ, ਬਣੇ ਬਣਾਏ ਕੱਪੜਿਆਂ ਦੇ ਕਾਰਖਾਨੇ, ਰੰਗ ਰੋਗਨ ਬਣਾਉਣ ਵਾਲੇ ਕਾਰਖਾਨੇ ਸੋਵੀਅਤ ਸੰਘ ਦੀਆਂ ਲੋੜਾਂ ਪੂਰਨ ਲਈ ਹੀ ਖੜ੍ਹੇ ਕੀਤੇ ਗਏ ਸਨ। ਇਨ੍ਹਾਂ ਫੈਕਟਰੀਆਂ ਦੀ ਪੈਦਾਵਾਰ, ਭਾਰਤੀ ਖਪਤ ਲਈ ਨਹੀਂ ਸਗੋਂ ਸੋਵੀਅਤ ਕਰਜੇ ਦਾ ਭੁਗਤਾਨ ਕਰਨ ਵਾਸਤੇ ਬਰਾਮਦ ਦੇ ਮਕਸਦ ਲਈ ਵਰਤੀ ਜਾਂਦੀ ਰਹੀ ਹੈ। ਅਜਿਹੇ ਹੀ ਢੰਗ ਤਰੀਕਿਆਂ ਦੀ ਵਰਤੋਂ ਕਰਕੇ ਸੋਵੀਅਤ ਸੋਧਵਾਦ ਨੇ ਆਪਣੀ "ਸਹਾਇਤਾ" ਦੀ ਆੜ ਹੇਠ ਭਾਰਤ ਦੇ ਕੱਚੇ ਮਾਲ ਅਤੇ ਸਸਤੀ ਕਿਰਤ ਦਾ ਲਾਹਾ ਲੈਣ ਦੀ ਅਤੇ ਭਾਰਤ ਨੂੰ ਆਪਣੀ ਅਧੀਨਗੀ ਵਾਲੇ ਪ੍ਰੋਸੈਸਿੰਗ ਪਲਾਂਟ ਵਿੱਚ ਬਦਲ ਸੁੱਟਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਭਾਰਤੀ ਪ੍ਰੈਸ ਚੀਕ ਉੱਠੀ ਸੀ ਕਿ "ਭਾਰਤ ਇੱਕ ਅਜਿਹਾ ਅੰਡਾ ਹੈ ਜੋ ਆਰਾਮ ਨਾਲ ਹੀ ਰੂਸੀ ਟੋਕਰੀ ਵਿੱਚ ਸਮਾ ਗਿਆ ਹੈ"।

ਪਰ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਇਹ ਦਮਗਜੇ ਮਾਰਦੀ ਰਹੀ ਹੈ ਕਿ ਸਿਰਫ ਸੋਵੀਅਤ "ਸਹਾਇਤਾ" 'ਤੇ ਨਿਰਭਰ ਹੋ ਕੇ ਅਤੇ "ਕੌਮਾਂਤਰੀ ਕਿਰਤ ਵੰਡ" ਵਿੱਚ ਸ਼ਾਮਲ ਹੋ ਕੇ ਹੀ "ਵਿਕਾਸਸ਼ੀਲ ਦੇਸ਼ ਆਪਣੀ ਆਰਥਿਕ ਤੇ ਸਿਆਸੀ ਅਜਾਦੀ ਨੂੰ ਨਿਰਵਿਘਨ ਹਾਸਲ ਕਰ ਸਕਦੇ ਹਨ।" ਅਸਲ 'ਚ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਗੱਪ ਹੈ। ਇੱਥੋਂ ਤੱਕ ਕਿ ਸੋਵੀਅਤ ਸੋਧਵਾਦ ਨੂੰ ਖੁਦ ਇਹ ਸਵੀਕਾਰ ਕਰਨਾ ਪਿਆ ਹੈ ਕਿ ਉਸਦੇ ਅਤੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਕਿਰਤ ਵੰਡ "ਪਹਿਲਾਂ ਤੋਂ ਹੀ ਚੱਲੀ ਆ ਰਹੀ ਕਿਰਤ ਵੰਡ ਤੋਂ ਬਹੁਤ ਜਿਆਦਾ ਪ੍ਰਭਾਵਿਤ" ਹੋਈ ਹੈ। "ਉਦਯੋਗਿਕ ਉਤਪਾਦਾਂ ਅਤੇ ਖਾਸ ਤੌਰ 'ਤੇ ਮਸ਼ੀਨਰੀ ਦੇ ਬਦਲੇ ਕੱਚਾ ਮਾਲ, ਤਪਤ ਖੰਡੀ ਉਪਜ (Tropical Produce) ਅਤੇ ਬਾਲਣ ਦਾ ਬਟਵਾਰਾ" ਇਸਦੀ ਖਾਸ ਖੂਬੀ ਰਹੀ ਹੈ। ਸੋਵੀਅਤ ਸੋਧਵਾਦੀਆਂ ਦੀ ਕੁੱਲ ਰਬੜ ਦਰਾਮਦ ਦਾ 95% ਅਤੇ ਕਪਾਹ ਦਰਾਮਦ ਦਾ 92% ਏਸ਼ੀਆ,ਅਫਰੀਕਾ ਅਤੇ ਲਾਤੀਨੀ ਅਮਰੀਕਾ ਤੋਂ ਆਉਂਦਾ ਹੈ। ਉਹ ਮੱਧ ਪੂਰਬ ਤੋਂ ਤੇਲ, ਚਿੱਲੀ ਤੋਂ ਤਾਂਬਾ, ਬੋਲੀਵੀਆ ਤੋਂ

ਕਲੀ, ਪੂਰਬੀ ਅਫਰੀਕਾ ਤੋਂ ਮਾਸ ਅਤੇ ਸੋਮਾਲੀਆ ਤੋਂ ਯੂਰੇਨੀਅਮ ਦੇ ਬਦਲੇ ਆਪਣੀ ਪੁਰਾਣੀ ਪੈ ਚੁੱਕੀ ਮਸ਼ੀਨਰੀ ਨੂੰ ਬਰਾਮਦ ਕਰਦੇ ਹਨ। ਤਾਂ ਫਿਰ ਇਹ ਸੱਚ ਨਹੀਂ ਕਿ "ਉਦਯੋਗਿਕ ਸੋਵੀਅਤ ਸੰਘ" ਅਤੇ "ਖੇਤੀ ਪ੍ਰਧਾਨ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ" ਵਿਚਕਾਰ ਇਹ "ਕੌਮਾਂਤਰੀ ਕਿਰਤ ਵੰਡ" ਇੱਕ ਬਾਦਸ਼ਾਹ ਅਤੇ ਉਸਦੀਆਂ ਗੁਲਾਮ ਬਸਤੀਆਂ ਦੇ ਵਿਚਕਾਰ ਕਿਰਤ ਦੀ ਵੰਡ ਜਿਹੀ ਹੀ ਹੈ।

ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਇਹ ਵੀ ਫੜ੍ਹ ਮਾਰਦੀ ਹੈ ਕਿ ਉਹ ਆਪਣੇ ਕਰਜਿਆਂ 'ਤੇ ਜੋ 2.5% ਸਲਾਨਾ ਵਿਆਜ ਲੈਂਦੀ ਹੈ ਉਹ ਪੂੰਜੀਵਾਦੀ ਸਾਮਰਾਜਵਾਦੀ ਦੇਸ਼ਾਂ ਵੱਲੋਂ ਦਿੱਤੇ ਜਾਂਦੇ ਕਰਜੇ "ਨਿਰਸਵਾਰਥ ਸਹਾਇਤਾ" ਹਨ। ਪਰ ਸੱਚਾਈ ਇਹ ਹੈ ਕਿ ਸੋਵੀਅਤ ਸੋਧਵਾਦੀਆਂ ਵੱਲੋਂ ਦਿੱਤੇ ਜਾਣ ਵੱਲੇ ਕਰਜੇ ਲੁੱਟ ਦਾ ਇੱਕ ਛੁਪਿਆ ਹੋਇਆ ਰੂਪ ਹੀ ਹਨ। ਇਹ ਲੋਟੂ ਵਿਆਜ ਦਰ ਇਸ ਵੱਲੋਂ ਦਿੱਤੀਆਂ ਜਾਣ ਵਾਲੀਆਂ ਵਸਤਾਂ ਦੀਆਂ ਉੱਚੀਆਂ ਕੀਮਤਾਂ ਵਸੂਲਣ ਰਾਹੀਂ ਬਟੋਰੀ ਜਾਂਦੀ ਹੈ। ਏਸ਼ੀਆ,ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਦਿੱਤੇ ਜਾਣ ਵਾਲੇ ਇਹ ਸੋਵੀਅਤ ਕਰਜੇ ਸੋਵੀਅਤ ਵਸਤਾਂ ਅਤੇ ਉਨ੍ਹਾਂ ਚੋਂ ਵੀ ਪੁਰਾਣੇ ਪੈ ਚੁੱਕੇ ਹਥਿਆਰਾਂ, ਪੁਰਾਣੇ ਸਾਜੋ ਸਮਾਨ ਤੇ ਕੌਮਾਂਤਰੀ ਮੰਡੀ ਲਈ ਬੇਕਾਰ ਹੋ ਚੁੱਕੀਆਂ ਵਸਤਾਂ ਨੂੰ ਹੀ ਖਰੀਦਣ ਲਈ ਦਿੱਤੇ ਜਾਂਦੇ ਹਨ। ਇਹ ਉਤਪਾਦ ਸਿਰਫ ਆਪਣੀ ਗੁਣਵੱਤਾ ਪੱਖੋਂ ਖਰਾਬ ਅਤੇ ਤਕਨੀਕ ਪੱਖੋਂ ਪਛੜੇ ਹੋਏ ਹੀ ਨਹੀਂ ਹੁੰਦੇ ਸਗੋਂ ਆਪਣੀਆਂ ਕੀਮਤਾਂ ਦੇ ਪੱਖ ਤੋਂ ਵੀ ਸੰਸਾਰ ਮੰਡੀ 'ਚ ਇਨ੍ਹਾਂ ਉਤਪਾਦਾਂ ਦੀਆਂ ਕੀਮਤਾਂ ਦੇ ਮੁਕਾਬਲੇ ਕਦੇ 20%,ਕਦੇ 30% ਤੇ ਇੱਥੋਂ ਤੱਕ ਕਿ 100% ਤੱਕ ਵੱਧ ਮਹਿੰਗੇ ਪੈਂਦੇ ਹਨ। ਇਸ ਤੋਂ ਇਲਾਵਾ ਇਹ ਸਮਾਜਿਕ ਸਾਮਰਾਜਵਾਦੀਏ ਕਰਜਈ ਮੁਲਕਾਂ 'ਤੇ ਭੁਗਤਾਨ ਵਾਪਸੀ ਲਈ ਅਕਸਰ ਹੀ ਦਬਾਅ ਪਾਉਂਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਸੋਵੀਅਤ ਸੰਘ ਲਈ ਖਾਸ ਕੱਚਾ ਮਾਲ ਸਪਲਾਈ ਕਰਨ ਵਾਸਤੇ ਮਜ਼ਬੂਰ ਕਰਦੇ ਰਹਿੰਦੇ ਹਨ। ਸੋਵੀਅਤ ਸੰਘ ਨੇ ਮੱਧ ਪੂਰਬ ਦੇ ਇੱਕ ਦੇਸ਼ ਨਾਲ ਇਹ ਸ਼ਰਤ ਰੱਖ ਕੇ ਸਮਝੌਤਾ ਕੀਤਾ ਸੀ ਉਹ ਦੇਸ਼ ਉਸਨੂੰ 1975 ਤੋਂ ਲੈ ਕੇ 1980 ਤੱਕ ਕੌਮਾਂਤਰੀ ਮੰਡੀ ਵਿੱਚਲੀ ਕੀਮਤ ਤੋਂ 20% ਘੱਟ ਕੀਮਤ ਤੇ ਤੇਲ ਦੇਣ ਦੇ ਰੂਪ ਵਿੱਚ ਆਪਣੇ ਕਰਜੇ ਦਾ ਭੁਗਤਾਨ ਕਰੇ। ਜਿਸ ਉੱਪਰ " ਨਿਰਸੁਆਰਥ ਸਹਾਇਤਾ" ਦਾ ਫੱਟਾ ਲਾਇਆ ਜਾਂਦਾ ਹੈ ਉਹ ਅਸਲ 'ਚ ਬੇਕਿਰਕ ਲੁੱਟ ਹੈ।

ਸੋਵੀਅਤ ਸੋਧਵਾਦੀਆਂ ਦੀ ਗੱਦਾਰ ਜੁੰਡਲੀ ਮੂੰਹ ਜਬਾਨੀ ਇਹ ਦਾਅਵਾ ਕਰਦੀ ਰਹੀ ਹੈ ਕਿ ਉਹ ਏਸ਼ੀਆ,ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਲੋਕਾਂ ਦੇ ਇਨਕਲਾਬੀ ਸੰਘਰਸ਼ਾਂ ਦੀ "ਪੂਰੀ ਹਮਾਇਤ" ਕਰਦੀ ਰਹੇਗੀ। ਪਰ ਸੱਚ ਇਹ ਹੈ ਕਿ ਇਸਨੇ ਇਨ੍ਹਾਂ ਦੇਸ਼ਾਂ ਦੀ ਲੋਕਾਈ ਦੇ ਇਨਕਲਾਬੀ ਸੰਘਰਸ਼ਾਂ ਨੂੰ ਅੰਦਰੋਂ ਢਾਹ ਲਾਉਣ ਲਈ ਅਤਿ ਦੀਆਂ ਪਿਛਾਖੜੀ ਤਾਕਤਾਂ ਨਾਲ ਗੰਢ-ਸੰਢ ਕੀਤੀ ਹੈ ਅਤੇ ਆਪਣੇ ਨਵ ਬਸਤੀਵਾਦ ਨੂੰ ਹੀ ਅੱਗੇ ਵਧਾਇਆ ਹੈ। ਇਸਨੇ ਵੱਖ-ਵੱਖ ਦੇਸ਼ਾਂ ਦੇ ਪਿਛਾਖੜੀ ਟੋਲਿਆਂ ਨੂੰ ਇਨਕਲਾਬੀਆਂ ਦਾ ਕਤਲੇਆਮ ਕਰਨ ਲਈ ਪੈਸੇ ਅਤੇ ਹਥਿਆਰਾਂ ਦੀ ਮੱਦਦ ਦਿੱਤੀ ਹੈ। ਇਸਨੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਕਈ ਦੇਸ਼ਾਂ ਅੰਦਰ ਭੰਨ ਤੋੜ ਦੀਆਂ ਸ਼ਜਿਸ਼ਾਨਾ

ਕਾਰਵਾਈਆਂ ਵਿੱਚ ਹਿੱਸਾ ਲਿਆ ਹੈ। ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਕਈ ਦੇਸ਼ਾਂ ਵਿੱਚ ਲੋਕਾਂ ਦੇ ਹਥਿਆਰ ਬੰਦ ਘੋਲ਼ਾਂ ਦਾ ਭੋਗ ਪਾ ਦੇਣ ਦੇ ਮਨਸ਼ੇ ਨਾਲ ਇਨ੍ਹਾਂ ਦੇਸ਼ਾਂ ਦੇ ਪਿਛਾਖੜੀ ਟੋਲਿਆਂ ਦੀ ਮੱਦਦ ਲਈ ਸਾਰੇ ਹਥਕੰਡੇ ਅਪਣਾਏ ਹਨ, ਕੌਮੀ ਮੁਕਤੀ ਘੋਲਾਂ ਤੇ ਜਬਰ ਢਾਹਿਆ ਹੈ ਅਤੇ ਸਾਰੀ ਦੁਨੀਆਂ ਵਿੱਚ ਹਿਟਲਰੀ ਪੁਲਿਸ ਦੀ ਭੂਮਿਕਾ ਨਿਭਾਈ ਹੈ।

ਸੋਵੀਅਤ ਸੋਧਵਾਦੀ ਸਾਮਰਾਜਵਾਦ ਇੱਕ ਹੋਰ ਅਕਤੂਬਰ ਇਨਕਲਾਬ ਦਾ ਪਹੁ ਫੁਟਾਲਾ ਹੈ

ਸੋਵੀਅਤ ਸੋਧਵਾਦੀ ਸਾਮਰਾਜਵਾਦ ਦਾ ਬੇਹੱਦ ਪਰਜੀਵੀ ਅਤੇ ਪਤਨਸ਼ੀਲ ਸੁਭਾਅ

ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਇਜਾਰੇਦਾਰਾਨਾ ਪੂੰਜੀਵਾਦ ਹੈ। ਇਹ ਆਪਣੇ ਕਿਰਤੀ ਲੋਕਾਂ ਨੂੰ ਪੂਰਾ ਬੇਰਹਿਮ ਹੋ ਕੇ ਲੁੱਟਦਾ ਤੇ ਜ਼ਬਰ ਢਾਹੁਣਾ ਹੈ ਅਤੇ ਦੂਜੇ ਦੇਸ਼ਾਂ ਖਾਸ ਤੌਰ ’ਤੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੀ ਵਿਸ਼ਾਲ ਲੋਕਾਈ ਨੂੰ ਵੀ ਪੂਰਾ ਬੇਤਰਸ ਹੋ ਕੇ ਲੁੱਟਦਾ ਅਤੇ ਗੁਲਾਮ ਬਣਾਉਂਦਾ ਹੈ। ਇਹ ਪੂੰਜੀਵਾਦੀ ਸਾਮਰਾਜਵਾਦ ਤੋਂ ਵੀ ਵੱਧ ਖਤਰਨਾਕ ਹੈ। ਪਰ ਸਮੁੱਚੇ ਸਾਮਰਾਜਵਾਦ ਦੀ ਤਰਾਂ ਹੀ ਸੋਵੀਅਤ ਸੋਧਵਾਦੀ ਇਜਾਰੇਦਾਰਾਨਾ ਰਾਜਕੀ ਪੂੰਜੀਵਾਦ ਵੀ ਇੱਕ ਕਾਗ਼ਜੀ ਸ਼ੇਰ ਹੀ ਹੈ। ਕਿਉਂਕਿ ਹਰ ਪ੍ਰਕਾਰ ਦਾ ਇਜਾਰੇਦਾਰਾਨਾ ਪੂੰਜੀਵਾਦ ਲਾਜ਼ਮੀ ਹੀ ਇੱਕੋ ਵੇਲੇ ਪਰਜੀਵੀ ਤੇ ਪਤਨਸ਼ੀਲ ਪੂੰਜੀਵਾਦ ਹੈ। ਇਹ ਮਰਣ ਕਿਨਾਰੇ ਪਿਆ ਪੂੰਜੀਵਾਦ ਹੈ। ਸੋਵੀਅਤ ਸੋਧਵਾਦੀ ਇਜਾਰਦਾਰਾਨਾ ਰਾਜਕੀ ਪੂੰਜੀਵਾਦ ਇਸਤੋਂ ਕੋਈ ਵੱਖ ਨਹੀਂ ਹੈ। ਚਾਹੇ ਆਰਥਿਕ ਪਹਿਲੂ ਹੋਵੇ ਜਾਂ ਸਿਆਸੀ, ਸੋਵੀਅਤ ਸੋਧਵਾਦੀ ਇਜਾਰੇਦਾਰਾਨਾ ਰਾਜਕੀ ਪੂੰਜੀਵਾਦ ਹਰ ਸੰਭਵ ਤਰੀਕੇ ਨਾਲ ਆਪਣੀ ਅਤਿਅੰਤ ਪਰਜੀਵੀ ਅਤੇ ਪਤਨਸ਼ੀਲ ਪ੍ਰਕਿਰਤੀ ਨੂੰ ਜਾਹਿਰ ਕਰ ਰਿਹਾ ਹੈ। ਸੋਵੀਅਤ ਸੰਘ ਅਤੇ ਵਿਸ਼ਵ ਲੋਕਾਈ ਇਸਨੂੰ ਛੇਤੀ ਹੀ ਅਜਾਇਬ ਘਰ ’ਚ ਪਹੁੰਚਾ ਦੇਵੇਗੀ।

ਸੋਵੀਅਤ ਸੋਧਵਾਦੀ ਸਾਮਰਾਜਵਾਦ ਦਾ ਇਹ ਬੇਹੱਦ ਪਤਨਸ਼ੀਲ ਸੁਭਾਅ ਸਭ ਤੋਂ ਪਹਿਲਾਂ ਇਸਦੇ ਖੜੋਤ ਮਾਰੇ ਅਰਥਚਾਰੇ ਵਿੱਚ ਪ੍ਰਗਟ ਹੋਇਆ ਹੈ। ਸੋਵੀਅਤ ਸੋਧਵਾਦੀ ਇਜਾਰੇਦਾਰਾਨਾ ਰਾਜਕੀ ਪੂੰਜੀਵਾਦ ਦੇ ਪੈਦਾਵਾਰੀ ਸਬੰਧ ਪੈਦਵਾਰੀ ਤਾਕਤਾਂ ਦੇ ਵਿਕਾਸ ਨੂੰ ਬੁਰੀ ਤਰਾਂ ਨਾਲ ਰੋਕ ਰਹੇ ਹਨ। ਜਦੋਂ ਸੋਵੀਅਤ ਸੰਘ ਇੱਕ ਸਮਾਜਵਾਦੀ ਦੇਸ਼ ਸੀ ਉਦੋਂ 1929 ਤੋਂ 1938 ਤੱਕ ਦੇ ਇੱਕ ਦਹਾਕੇ ਵਿੱਚ ਇਸਦੀ ਉਦਯੋਗਿਕ ਪੈਦਾਵਾਰ 17.4% ਦੀ ਔਸਤ ਸਲਾਨਾ ਦਰ ਦੇ ਹਿਸਾਬ ਨਾਲ ਛਾਲ਼ਾਂ ਮਾਰਦੀ ਅੱਗੇ ਵਧਦੀ ਰਹੀ ਹੈ। ਪਰ ਜਦੋਂ ਤੋਂ ਹੀ ਇਹ ਸਮਾਜਿਕ ਸਾਮਰਾਜਵਾਦੀ ਮੁਲਕ ਵਿੱਚ ਤਬਦੀਲ ਹੋ ਗਿਆ ਤਾਂ ਉਦੋਂ 1961 ਤੋਂ 1970 ਤੱਕ ਦੇ ਦਹਾਕੇ ਵਿੱਚ ਇਸਦੀ ਔਸਤ ਸਲਾਨਾ ਪੈਦਾਵਾਰੀ ਦਰ 1971 ’ਚ 8.6% ਤੋਂ ਘਟ ਕੇ 7.7% ਰਹਿ ਗਈ ਅਤੇ 1972 ਵਿੱਚ ਤਾਂ 7% ਤੋਂ ਵੀ ਹੇਠਾਂ ਆ ਗਈ।

ਖਰੁਸ਼ਚੋਵ ਅਤੇ ਬ੍ਰੈਜਨੇਵ ਦੀ ਗੱਦਾਰ ਜੁੰਡਲੀ ਦੇ ਕਾਰਜ਼ਕਾਲ ਦੌਰਾਨ ਸੋਵੀਅਤ ਸੰਘ ਦੀ ਖੇਤੀ ਪੈਦਾਵਾਰ ਤਾਂ ਹੋਰ ਵੀ ਘਟ ਗਈ। ਜਿਸ ਦੇ ਸਿੱਟੇ ਵਜੋਂ ਕਈ ਵਾਰ ਖੇਤੀ ਸੰਕਟ ਫੁੱਟਦੇ ਰਹੇ ਅਤੇ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਤੋਂ ਭਾਰੀ ਮਾਤਰਾ ਵਿੱਚ ਖਾਧ ਪਦਾਰਥ ਦਰਾਮਦ ਕਰਨੇ ਪਏ। ਉਦਯੋਗਿਕ ਮੰਡੀ, ਘਟਦੀ ਖੇਤੀ ਉਪਜ, ਖੁਰ ਰਿਹਾ ਪਸ਼ੂ ਧਨ ਅਤੇ ਵਧੀ ਹੋਈ ਮੁਦਰਾ ਸਫੀਤੀ ਦੇ ਕਾਰਨ ਵਸਤਾਂ ਦੀ ਸਪਲਾਈ ਵਿੱਚ ਭਾਰੀ ਕਮੀ ਅਤੇ ਬਾਜਾਰ ਵਿੱਚ ਇਨ੍ਹਾਂ ਦੀ ਉਪਲਬਧਤਾ ਦੀ ਖਸਤਾਹਾਲੀ ਦਾ ਆਲਮ ਛਾਇਆ ਰਿਹਾ। ਕਿਰਤੀ ਲੋਕਾਂ ਲਈ ਰੋਜੀ ਰੋਟੀ ਕਮਾਉਣਾ ਵੀ ਦੁੱਭਰ ਹੋ ਗਿਆ।

ਸਮਾਜਿਕ ਸਾਮਰਾਜਵਾਦ ਦਾ ਬੇਹੱਦ ਪਤਨਸ਼ੀਲ ਸੁਭਾਅ ਇਸਦੇ ਪਗਲਾਊ ਫੌਜੀ ਵਿਸਤਾਰ ਅਤੇ ਜੰਗੀ ਤਿਆਰੀਆਂ ਵਿੱਚ ਪ੍ਰਗਟ ਹੋਈ ਹੈ। ਆਪਣੇ ਵਿਦੇਸ਼ੀ ਹਮਲਾਵਰ ਰੁਖ ਅਤੇ ਵਿਸਤਾਰ ਦੀਆਂ ਕਾਰਵਾਈਆਂ ਨੂੰ ਅੱਗੇ ਵਧਾਉਣ ਲਈ ਬ੍ਰੇਜਨੇਵ ਦੀ ਗੱਦਾਰ ਜੁੰਡਲੀ ਦੀ ਅਗਵਾਈ ਵਾਲੀ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਨੇ ਕੌਮੀ ਅਰਥਚਾਰੇ ਦਾ ਫੌਜੀ ਕਰਨ ਕਰ ਦੇਣ ਦੀ ਇੱਛਾ ਨਾਲ "ਵੱਧ ਤੋਂ ਵੱਧ ਹਥਿਆਰ ਅਤੇ ਘੱਟ ਤੋਂ ਘੱਟ ਮੱਖਣ" ਵਾਲੀ ਹਿਟਲਰੀ ਨੀਤੀ ਨੂੰ ਹੀ ਹਮੇਸ਼ਾਂ ਲਾਗੂ ਕੀਤਾ ਹੈ। ਇੱਕ ਅੰਦਾਜੇ ਮੁਤਾਬਕ ਸੋਵੀਅਤ ਸੋਧਵਾਦੀਆਂ ਦਾ ਫੌਜੀ ਖਰਚਾ ਸਰਕਾਰੀ ਸੂਤਰਾਂ ਵੱਲੋਂ ਸਵੀਕਾਰੇ ਜਾਂਦੇ ਅੰਕੜਿਆਂ ਤੋਂ ਤਿੰਨ ਚਾਰ ਗੁਣਾ ਵੱਧ ਹੀ ਰਿਹਾ ਹੈ। 1970 ਦੇ ਦਹਾਕੇ ਵਿੱਚ ਔਸਤ ਖਰਚਾ 80 ਅਰਬ ਡਾਲਰ ਜਾਂ ਇਉਂ ਕਹਿ ਲਵੋ ਕਿ ਰਾਜਕੀ ਬਜਟ ਦੇ 30% ਤੋ ਵੀ ਵੱਧ ਹੋ ਚੁੱਕਿਆ ਹੈ। ਸਾਗਰਾਂ ਦੀ ਸਰਦਾਰੀ ਜਿੱਤਣ ਦੀ ਹੋੜ ਵਿੱਚ ਸੋਵੀਅਤ ਸੋਧਵਾਦੀਆਂ ਨੇ ਆਪਣੀ ਜਲ ਸੈਨਾ ਦਾ ਬਹੁਤ ਵਿਸਤਾਰ ਕਰ ਲਿਆ ਹੈ। ਜੰਗੀ ਜਹਾਜ਼ਾਂ ਉੱਪਰ ਫੌਜੀ ਖਰਚਾ ਸਾਲ ਦਰ ਸਾਲ ਵਧਦਾ ਹੀ ਗਿਆ ਹੈ। ਇੱਕ ਅੰਦਾਜੇ ਅਨੁਸਾਰ, ਇਸ ਮਦ ਵਿੱਚ ਔਸਤ ਸਲਾਨਾ ਖਰਚਾ 1960 ਵਿੱਚ 2 ਅਰਬ ਡਾਲਰ ਸੀ ਜੋ 1970 ਵਿੱਚ ਵਧ ਕੇ 3 ਅਰਬ ਡਾਲਰ ਹੋ ਗਿਆ ਜੋ ਕਿ ਉਸੇ ਸਾਲ ਅਮਰੀਕਾ ਵੱਲੋਂ ਇਸ ਮਦ ਤੇ ਖਰਚ ਕੀਤੀ ਰਕਮ ਨਾਲੋਂ 0.9 ਅਰਬ ਡਾਲਰ ਵੱਧ ਸੀ। ਇਸ ਤਰਾਂ ਸਮਾਜਿਕ ਦੌਲਤ ਭਾਰੀ ਮਾਤਰਾ ਵਿੱਚ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ ਪੈਦਾਵਾਰ ਵਧਾਉਣ ਵਿੱਚ ਰੋੜ੍ਹੀ ਜਾ ਰਹੀ ਹੈ ਜੋ ਸਮਾਜਿਕ ਸਾਮਰਾਜਵਾਦ ਦੀ ਪਤਨਸ਼ੀਲ ਪ੍ਰਕਿਰਤੀ ਦਾ ਹੀ ਅਹਿਮ ਪ੍ਰਗਟਾਅ ਹੈ।

ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦਾ ਪਤਨਸ਼ੀਲ ਸੁਭਾਅ ਉਸਦੇ ਸਿਆਸੀ ਪਿਛਾਖੜਪੁਣੇ ਅਤੇ ਸਮਾਜਿਕ ਜੀਵਨ ਪੱਧਰ ਵਿੱਚ ਭਾਰੀ ਗਿਰਾਵਟ ਦੇ ਰੂਪ ਵਿੱਚ ਵੀ ਪ੍ਰਗਟ ਹੋ ਚੁੱਕਿਆ ਹੈ। ਮਾਓ ਕਹਿੰਦੇ ਹਨ , *"ਵਰਤਮਾਨ ਸੋਵੀਅਤ ਸੰਘ ਸਰਮਾਏਦਾਰ ਜਮਾਤ ਦੀ ਤਾਨਾਸ਼ਾਹੀ ਹੈ, ਵੱਡੀ ਸਰਮਾਏਦਾਰ ਜਮਾਤ ਦੀ ਤਾਨਾਸ਼ਾਹੀ ਹੈ, ਜਰਮਨ ਫਾਸਿਸਟ ਸ਼ੈਲੀ ਦੀ ਤਾਨਾਸ਼ਾਹੀ, ਹਿਟਲਰੀ ਤਾਨਾਸ਼ਾਹੀ ਹੈ"*।[5] ਮਾਓ ਦੇ ਵਿਸ਼ਲੇਸ਼ਣ ਨੇ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਜਮਾਤੀ ਖਾਸੇ ਅਤੇ ਉਸਦੀ ਸਮਾਜਿਕ ਉਤਪਤੀ ਨੂੰ ਪੂਰੀ ਤਰਾਂ ਬੇਪਰਦ ਕਰ ਦਿੱਤਾ ਹੈ ਅਤੇ ਇਸ ਦੀ ਫਾਸ਼ਿਸ਼ਟ ਪ੍ਰਕਿਰਤੀ ਅਤੇ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਦੇ ਇਸ ਝੂਠ ਦਾ ਪੂਰੀ ਤਰਾਂ ਪਰਦਾਫ਼ਾਸ਼ ਕਰ ਦਿੱਤਾ ਹੈ ਕਿ

ਸੋਵੀਅਤ ਸੰਘ " ਸਮੁੱਚੇ ਲੋਕਾਂ ਦਾ ਦੇਸ਼" ਹੈ। ਜਦੋਂ ਤੋਂ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਰਾਜ ਭਾਗ 'ਤੇ ਕਾਬਜ ਹੋਈ ਹੈ ਉਦੋਂ ਤੋਂ ਹੀ ਇਹ ਆਪਣਾ ਫਾਸ਼ੀ ਤਾਨਾਸ਼ਾਹੀ ਰਾਜ ਮਜ਼ਬੂਤ ਕਰਨ ਦੇ ਆਹਰ 'ਚ ਲੱਗੀ ਹੋਈ ਹੈ। ਆਪਣੇ ਲੋਕਾਂ 'ਤੇ ਜਬਰ ਢਾਹੁਣ ਲਈ ਇਸਨੇ ਆਪਣੀ ਪੁਲਿਸ 'ਤੇ ਖੁਫੀਆ ਏਜੰਸੀਆਂ ਨੂੰ ਹੋਰ ਤਾਕਤਵਰ ਬਣਾਉਣ ਦੇ ਮਨਸੇ ਨਾਲ ਉਨ੍ਹਾਂ ਨੂੰ ਸਿਰਫ ਆਧੁਨਿਕ, ਵਿਗਿਆਨ ਅਤੇ ਉੱਚ ਤਕਨੀਕੀ ਉਪਕਰਣਾ ਨਾਲ ਲੈਸ ਹੀ ਨਹੀਂ ਕੀਤਾ ਸਗੋਂ ਇਸਨੇ ਫੈਕਟਰੀਆਂ, ਫਾਰਮਾਂ, ਸੰਘਾਂ ਸੰਸਥਾਵਾਂ ਅਤੇ ਲੋਕਾਈ ਤੇ ਆਪਣੀ ਦਬਸ਼ ਬਣਾਈ ਰੱਖਣ ਲਈ ਆਪਣੇ ਖੂਫੀਆ ਜਾਸੂਸ ਵੀ ਤਾਇਨਾਤ ਕਰ ਦਿੱਤੇ ਹਨ। ਅੱਜ ਦਾ ਸੋਵੀਅਤ ਸੰਘ ਇੱਕ ਪਿਛਾਖੜੀ ਦਹਿਸ਼ਤ ਦੇ ਸਾਏ ਹੇਠ ਹੈ। ਜਿਹੜਾ ਵੀ ਕੋਈ ਬ੍ਰੈਜ਼ਨੇਵ ਜੁੰਡਲੀ ਖਿਲਾਫ਼ ਬੋਲਣ ਤੇ ਵਿਰੋਧ ਪ੍ਰਟਾਉਣ ਦੀ ਜੁਰਅਤ ਕਰਦਾ ਹੈ, ਉਸ ਉੱਪਰ ਕਰੜੀ ਨਜ਼ਰ ਰੱਖੀ ਜਾਂਦੀ ਹੈ, ਉਸਦਾ ਪਿੱਛਾ ਕੀਤਾ ਜਾਂਦਾ ਹੈ, ਉਸਤੋਂ ਸਖ਼ਤ ਪੁੱਛ ਗਿੱਛ ਕੀਤੀ ਜਾਂਦੀ ਹੈ ਜਾਂ ਕਿਸੇ "ਪਾਗਲ ਖਾਨੇ" ਵਿੱਚ ਭੇਜ ਦਿੱਤਾ ਜਾਂਦਾ ਹੈ ਜਾਂ ਫਿਰ " ਸੋਵੀਅਤ ਸੰਘ ਦੀ ਨਿੰਦਾ ਕਰਨ ਜਾਂ ਉਸਦੀ ਸਮਾਜਿਕ ਸਰੰਚਨਾ ਵਿੱਚ ਭੰਨ ਤੋੜ ਕਰਨ " ਦਾ ਦੋਸ਼ੀ ਠਹਿਰਾਕੇ ਤਸੀਹਾ ਕੈਂਪ ਜਾਂ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਨੰਗੀ ਹਿੰਸਾ ਰਾਹੀਂ ਜਨਤਾ ਨੂੰ ਲੁੱਟਣ ਤੇ ਜਬਰ ਢਾਹੁਣ ਦੇ ਨਾਲ-ਨਾਲ ਬ੍ਰੈਜਨੇਵ ਦੀ ਗਦਾਰ ਜੁੰਡਲੀ ਨੇ ਸੋਵੀਅਤ ਲੋਕਾਂ ਅੰਦਰ ਪੂੰਜੀਵਾਦੀ ਸਾਮਰਾਜਵਾਦੀ ਦੇਸ਼ਾਂ ਦਾ ਗਲਿਆ ਸੜਿਆ ਸਭਿਆਚਾਰ, ਅਸ਼ਲੀਲ ਸਾਹਿਤ ਅਤੇ ਜੀਵਨ ਸ਼ੈਲੀ ਦਾ ਜਹਿਰੀਲਾ ਪ੍ਰਚਾਰ ਪ੍ਰਸਾਰ ਕਰਕੇ ਉਨ੍ਹਾਂ ਨੂੰ ਪੂਰੀ ਤਰਾਂ ਆਪਣੀ ਸੱਭਿਆਚਾਰਕ ਜਮੀਨ ਤੋਂ ਉਖਾੜ ਦੇਣ ਲਈ ਬਹੁਤ ਸੂਖਮ ਉਪਾਅ ਵੀ ਕਰ ਰੱਖੇ ਹਨ। ਦੁਨੀਆਂ ਦੇ ਵਿਚਾਰਧਾਰਕ ਪੱਖ ਤੋਂ ਸਭ ਤੋਂ ਵੱਧ ਪੱਛੜੇ, ਪਿਛਾਖੜੀ ਅਤੇ ਗਲੀਆਂ ਸੜੀਆਂ ਕਦਰਾਂ ਕੀਮਤਾਂ ਲਈ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਇੱਕ ਬਹੁਤ ਹੀ ਉਪਜਾਊ ਜਮੀਨ ਦੇ ਰੂਪ ਵਿੱਚ ਉਪਲਭਧ ਹੋ ਚੁੱਕਾ ਹੈ।

ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਬੇਹੱਦ ਪਤਨਸ਼ੀਲ ਤੇ ਪਰਜੀਵੀ ਸੁਭਾਅ ਦਾ ਇਕ ਹੋਰ ਅਹਿਮ ਪ੍ਰਗਟਾਅ ਇਹ ਹੈ ਕਿ ਬ੍ਰੈਜਨੇਵ ਦੀ ਗੱਦਾਰ ਜੁੰਡਲੀ ਦੀ ਅਗਵਾਈ ਵਿੱਚ ਉੱਥੇ ਦੀ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਸਧਾਰਨ ਮਜਦੂਰਾਂ ਅਤੇ ਕਿਸਾਨਾਂ ਤੋਂ ਕਾਫੀ ਨਫਾ ਖੱਟ ਰਹੀ ਹੈ। ਆਮਦਨ ਵਿਚਲਾ ਇਹ ਫਰਕ 10 ਗੁਣਾ ਤੋਂ ਜਿਆਦਾ ਜਾਂ ਇਥੋਂ ਤੱਕ ਕਿ 100 ਗੁਣਾਂ ਤੱਕ ਹੋ ਚੁੱਕਾ ਹੈ। ਜੋ ਉੱਚੀਆਂ ਤਨਖਾਹਾਂ, ਉੱਚੇ ਬੋਨਸ ਅਤੇ ਨਾਨਾ ਪ੍ਰਕਾਰ ਦੀਆਂ ਵਿਅਕਤੀਗਤ ਸਬਸਿਡੀਆਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਇਸ ਜਮਾਤ ਨੇ ਭ੍ਰਿਸਟਾਚਾਰ ਵਿੱਚ ਗਰਕ ਕੇ ਆਪਣੇ ਨਿਹਾਇਤ ਨਿੱਜੀ ਸੁਆਰਥ ਪੂਰੇ ਕਰਨ ਅਤੇ ਵਿਲਾਸਤਾ ਭਰੀ ਜਿੰਦਗੀ ਜਿਉਣ ਲਈ ਆਪਣੇ ਖਾਸ ਆਰਥਿਕ ਅਤੇ ਸਿਆਸੀ ਵਿਸ਼ੇਸ਼ ਅਧਿਕਾਰਾਂ ਦੀ ਵੀ ਖੂਬ ਵਰਤੋਂ ਕੀਤੀ ਹੈ। ਇਸ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਦੇ ਨਾਲ ਸੋਧਵਾਦੀ ਬੁਧੀਜੀਵੀਆਂ ਦੀ ਇੱਕ ਕੁਲੀਨ ਜਮਾਤ ਵੀ ਵਿਚਾਰਧਾਰਾ ਦੇ ਖੇਤਰ ਅੰਦਰ ਇਸ ਸਰਮਾਏਦਾਰ ਜਮਾਤ ਦੀ ਸੇਵਾ 'ਚ ਲੱਗੀ ਹੋਈ ਹੈ, ਜੋ ਧੁਰ ਅੰਦਰੋਂ

ਇਸ ਬੁਰਜੂਆਜ਼ੀ ਨਾਲ ਜੁੜੀ ਹੋਈ ਹੈ ਅਤੇ ਇਸਦੀ ਤਰਾਂ ਹੀ ਖ਼ੂਬ ਵਿਲਾਸਤਾ ਵਾਲੀ ਜਿੰਦਗੀ ਜਿਉਂਦੀ ਹੈ। ਜੰਗ ਦੇ ਖੌਫ ਅਤੇ ਪੂੰਜੀਵਾਦੀ ਸ਼ਾਂਤੀ ਉੱਪਰ ਲਿਖਣ ਲਈ ਮਸ਼ਹੂਰ ਲੇਖਕ ਸ਼ੋਲੋਖੋਵ ਅਰਬਪਤੀ ਬਣ ਚੁੱਕਿਆ ਹੈ। ਉਹਦੇ ਕੋਲ ਮਹਿਜ ਆਪਣੀ ਨਿੱਜੀ ਕਾਰ ਹੀ ਨਹੀਂ ਸਗੋਂ ਇੱਕ ਨਿੱਜੀ ਹਵਾਈ ਜਹਾਜ ਵੀ ਹੈ। ਬੈਂਕ ਵਿੱਚ ਉਹਦੇ ਇਨੇ ਪੈਸੈ ਜਮਾਂ ਹਨ ਕਿ ਉਹ ਖੁਦ ਹੀ ਇਸਦਾ ਹਿਸਾਬ ਰੱਖਣ ਤੋਂ ਅਸਮਰੱਥ ਹੈ।

ਸੰਖੇਪ ਵਿੱਚ ਗੱਲ ਇਹ ਹੈ ਕਿ ਇੱਕ ਸੜਾਂਦ ਮਾਰਦਾ ਵਾਤਾਵਰਣ ਜੋ ਇਸ ਮਰਨਊ ਸਮਾਜਿਕ ਪ੍ਰਬੰਧ ਦੀ ਖ਼ੂਬੀ ਹੈ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਸਿਆਸੀ, ਆਰਥਿਕ ਅਤੇ ਸਭਿਆਚਾਰਕ ਖੇਤਰ ਵਿੱਚ ਪੂਰੀ ਤਰਾਂ ਵਿਆਪਤ ਹੋ ਚੁੱਕਿਆ ਹੈ। ਇਹ ਸਮਾਜਿਕ ਪ੍ਰਬੰਧ ਜੋ ਗੋਹੇ ਦੇ ਢੇਰ ’ਤੇ ਉੱਗੀ ਇੱਕ ਜ਼ਹਿਰੀਲੀ ਉੱਲੀ ਦੀ ਤਰਾਂ ਹੈ, ਬਿਲਕੁਲ ਹੀ ਬੇਜਾਨ ਹੈ।

ਅਮਰੀਕੀ ਸਾਮਰਾਜਵਾਦ ਅਤੇ ਸੋਵੀਅਤ ਸੋਧਵਾਦ ਦੇ ਆਪਸੀ ਵਿਰੋਧ ਦੇ ਇੱਕ ਨਵੇਂ ਇਤਿਹਾਸਕ ਦੌਰ ਦਾ ਆਗਾਜ਼ ਹੋ ਚੁੱਕਿਆ ਹੈ

ਆਪਣੇ ਦੇਸ਼ ਅੰਦਰਲੀ ਕਿਰਤੀ ਅਬਾਦੀ ’ਤੇ ਵਹਿਸ਼ੀ ਜਬਰ ਅਤੇ ਉਸਦੀ ਲੁੱਟ, “ ਵੱਡੇ ਸਮਾਜਵਾਦੀ ਪਰਿਵਾਰ” ਦੇ ਦੇਸ਼ਾਂ ਉੱਪਰ ਬੇਕਿਰਕ ਬਸਤੀਵਾਨਾ ਗਲਬਾ ਅਤੇ ਧਰਤੀ ਦੇ ਵੱਖ ਵੱਖ ਹਿੱਸਿਆਂ ਉੱਪਰ ਹਮਲਾਵਰ ਵਿਸਤਾਰ ਨੇ ਅਟੱਲ ਤੌਰ ’ਤੇ ਹੀ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੀਆਂ ਵਿਭਿੰਨ ਵਿਰੋਧਤਾਈਆਂ ਨੂੰ ਤਿੱਖਾ ਕਰ ਦਿੱਤਾ ਹੈ ਜਿਸ ਕਰਕੇ ਉਸਨੂੰ ਦੇਸ਼ ਦੇ ਅੰਦਰ ਅਤੇ ਬਾਹਰ ਦੋਵੇਂ ਥਾਵਾਂ ’ਤੇ ਹੀ ਨਿਪਟਣਾ ਪੈ ਰਿਹਾ ਹੈ।

ਜਿੱਥੇ ਜਬਰ ਹੈ ਉੱਥੇ ਟਾਕਰਾ ਵੀ ਹੈ। ਇਸ ਲਈ ਸੋਵੀਅਤ ਸੋਧਵਾਦੀ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਨੂੰ ਲਾਜ਼ਮੀ ਹੀ ਸੋਵੀਅਤ ਸੰਘ ਦੀ ਵਿਸ਼ਾਲ ਅਬਾਦੀ ਦਾ ਟਾਕਰਾ ਸਹਿਣਾ ਪੈ ਰਿਹਾ ਹੈ।

ਇਸ ਨੌਕਰਸ਼ਾਹ ਇਜਾਰੇਦਾਰਾਨਾ ਬੁਰਜੂਆਜ਼ੀ ਵਿਰੁੱਧ ਸੋਵੀਅਤ ਲੋਕਾਂ ਦਾ ਟਾਕਰਾ ਵੱਖ–ਵੱਖ ਸ਼ਕਲਾਂ ’ਚ ਹੋ ਰਿਹਾ ਹੈ। ਸੋਵੀਅਤ ਸੰਘ ਦੇ ਕਈ ਖੇਤਰਾਂ ਵਿੱਚ ਮਜ਼ਦੂਰ ਸੋਵੀਅਤ ਸੋਧਵਾਦ ਦੀ ਸੱਤਾਧਾਰੀ ਜੁੰਡਲੀ ਦੇ ਪ੍ਰਤੀ ਆਪਣਾ ਗੁੱਸਾ ਤੇ   ਵਿਰੋਧ ਕੰਮ ਦੀ ਚਾਲ ਮੱਠੀ ਕਰਕੇ, ਡਿਊਟੀ ਦੇ ਪ੍ਰਤੀ ਲਾਪਰਵਾਹੀ ਵਰਤ ਕੇ ਅਤੇ ਹੜਤਾਲਾਂ ਕਰਕੇ ਕੱਢ ਰਹੇ ਹਨ। ਕਈ ਥਾਵਾਂ ’ਤੇ, ਸੋਵੀਅਤ ਸੋਧਵਾਦੀ ਫਾਸਿਸਟ ਸੱਤ੍ਹਾ ਦੀ ਤਾਨਾਸ਼ਾਹੀ ਦੇ ਖਿਲਾਫ ਇਨਕਲਾਬੀ ਲੋਕ ਕਈ ਵਾਰ ਪ੍ਰਦਰਸ਼ਨ ਕਰ ਚੁੱਕੇ ਹਨ। ਸੋਵੀਅਤ ਸੰਘ ਦੇ ਲੋਕਾਂ ਨੇ ਵੱਖ–ਵੱਖ ਖੇਤਰਾਂ ਵਿੱਚ ਨਿਯਮਤ ਰੂਪ ਵਿੱਚ ਖੁਫੀਆ ਪ੍ਰਕਾਸ਼ਨਾਵਾਂ ਪ੍ਰਕਾਸ਼ਿਤ ਕੀਤੀਆਂ ਹਨ। ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਦਾ ਵਿਰੋਧ ਕਰਨ ਲਈ ਪਰਚੇ ਵੰਡੇ ਹਨ ਅਤੇ ਸੋਵੀਅਤ ਸੋਧਵਾਦੀ ਵਿਸ਼ੇਸ਼ ਅਧਿਕਾਰ ਪ੍ਰਾਪਤ ਜਮਾਤ ਦੇ ਗੁਪਤ ਭੇਦਾਂ ਦਾ ਭਾਂਡਾ ਚੁਰਾਹੇ ਭੰਨਦੇ ਰਹੇ ਹਨ।

ਅਕਤੂਬਰ ਇਨਕਲਾਬ ਦੀ ਇਹ ਬਹਾਦਰ ਔਲਾਦ ਸੋਵੀਅਤ ਸੋਧਵਾਦ ਦੇ ਇਸ ਨਵੇਂ ਜ਼ਾਰ ਦੀ ਪਿਛਾਖੜੀ ਸੱਤ੍ਹਾ ਦੇ ਅੱਗੇ ਕਦੇ ਗੋਡੇ ਨਹੀਂ ਟੇਕੇਗੀ। ਪੁਰਾਣੇ ਜ਼ਾਰ ਦੇ ਕਾਲੇ ਰਾਜ ਦੇ ਵੇਲੇ ਲੈਨਿਨ ਨੇ ਪੂਰੇ ਭਰੋਸੇ ਨਾਲ ਕਿਹਾ ਸੀ ਕਿ, *"ਰੂਸ ਦੀ ਮਜ਼ਦੂਰ ਜਮਾਤ ਜ਼ਾਰਸ਼ਾਹੀ ਦੀ ਰਾਜ ਸੱਤ੍ਹਾ ਤੋਂ ਸਮੁੱਚੀ ਮਨੁੱਖ ਜਾਤੀ ਨੂੰ ਮੁਕਤ ਕਰਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ"*। [6] ਅੱਜ ਸੋਵੀਅਤ ਮਜ਼ਦੂਰ ਜਮਾਤ, ਕਿਸਾਨਾਂ ਅਤੇ ਬੁੱਧੀਜੀਵੀਆਂ ਲਈ ਇਹ ਬਹੁਤ ਜਰੂਰੀ ਹੈ ਕਿ ਉਹ ਲੈਨਿਨ ਦੇ ਇਸ ਸੱਦੇ 'ਤੇ ਅਮਲ ਕਰਨ ਅਤੇ ਇਸ ਨਵੇਂ ਜਾਰ ਨੂੰ ਉਖਾੜ ਸੁੱਟਣ ਅਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਫਿਰ ਤੋਂ ਬਹਾਲ ਕਰਨ ਲਈ ਕੰਮ ਕਰਨ।

ਦੂਜੀ ਗੱਲ ਇਹ ਹੈ ਕਿ ਸੋਵੀਅਤ ਸੋਧਵਾਦੀ ਨਵ-ਬਸਤੀਵਾਦ ਵੱਲੋਂ ਸਤਾਏ ਦੇਸ਼ਾਂ ਦੇ ਦੇਸ਼ ਵਾਸੀਆਂ ਅਤੇ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਵਿਚਕਾਰ ਵਿਰੋਧਤਾਈ ਆਏ ਦਿਨ ਹੋਰ ਤਿੱਖੀ ਹੁੰਦੀ ਜਾ ਰਹੀ ਹੈ।

ਸੋਵੀਅਤ ਸੋਧਵਾਦ ਵੱਲੋਂ ਲਾਗੂ ਕੀਤੀ ਗਈ " ਆਰਥਿਕ ਏਕੀਕਰਨ" ਦੀ ਨਵ-ਬਸਤੀਵਾਦੀ ਨੀਤੀ ਅਤੇ ਕਈ ਪੂਰਬੀ ਯੂਰਪ ਦੇ ਦੇਸ਼ਾਂ ਤੇ ਮੰਗੋਲੀਆ ਨੂੰ ਗੁਲਾਮ ਬਣਉਣ ਤੇ ਲੁੱਟ ਖੋਹ ਜਾਰੀ ਰਹਿਣ ਦੇ ਹੁੰਦਿਆਂ ਇਨ੍ਹਾਂ ਦੇਸ਼ਾਂ ਅੰਦਰ ਇਸ ਲੁੱਟ ਅਤੇ ਗਲਬੇ ਵਿਰੋਧੀ ਸੰਘਰਸ਼ ਵੀ ਤੇਜੀ ਨਾਲ ਅੱਗੇ ਵਧ ਰਹੇ ਹਨ ਸੋਵੀਅਤ ਸੋਧਵਾਦੀਆਂ ਵੱਲੋਂ ਚੈਕੋਸਲਵਾਕੀਆ 'ਚ ਕੀਤੇ ਗਏ ਖੁੱਲ੍ਹਮ ਖੁੱਲ੍ਹੇ ਫੌਜੀ ਹਮਲੇ ਨੇ ਕਈ ਪੂਰਬੀ ਯੂਰਪ ਦੇ ਦੇਸ਼ਾਂ ਅਤੇ ਮੰਗੋਲੀਆ ਨੂੰ ਚੌਕੰਨਾ ਕਰ ਦਿੱਤਾ ਹੈ ਅਤੇ ਇਸ ਤਰਾਂ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਵਿਰੁੱਧ ਉਨ੍ਹਾਂ ਦੇ ਸੰਘਰਸ਼ ਹੋਰ ਤੇਜ ਹੋ ਗਏ ਹਨ। ਅੱਜ ਪੂਰਬੀ ਯੂਰਪ ਇੱਕ ਸਰੁੰਗ ਦੀ ਤਰਾਂ ਹੈ ਜੋ ਕਿਸੇ ਵੀ ਵੇਲੇ ਫਟ ਸਕਦੀ ਹੈ। ਸੋਵੀਅਤ ਟੈਂਕਾਂ ਵੱਲੋਂ ਪ੍ਰਾਗ ਉੱਪਰ ਕੀਤੀ ਗਈ ਚੜ੍ਹਾਈ ਨਾਲ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੀ ਤਾਕਤ ਵਧੀ ਨਹੀਂ ਹੋਈ ਸਗੋਂ ਇਸਦੇ ਉਲਟ ਇਹ ਸੋਵੀਅਤ ਸੋਧਵਾਦੀ ਬਸਤੀਵਾਨਾ ਸਾਮਰਾਜ ਦੇ ਪਤਨ ਦੀ ਹੋ ਚੁੱਕੀ ਸ਼ੁਰੂਆਤ ਦਾ ਪੂਰਵ ਸੰਕੇਤ ਹੈ।

ਸੋਵੀਅਤ ਸੋਧਵਾਦ " ਸਹਾਇਤਾ" ਦੀ ਆੜ ਹੇਠ ਏਸ਼ੀਆ,ਅਫਰੀਕਾ ਅਤੇ ਲਾਤੀਨੀ ਅਮਰੀਕਾ ਦੀ ਜਨਤਾ ਨੂੰ ਆਪਣੇ ਵਿਰੋਧ ਵਿੱਚ ਖੜ੍ਹਾ ਕਰ ਲੈਂਦਾ ਹੈ। ਹੁਣ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਸ਼ੈਤਾਨੀ ਪੰਜੇ ਭੂ-ਮੱਧ ਸਾਗਰ ਅਤੇ ਹਿੰਦ ਮਹਾਂ ਸਾਗਰ ਦੇ ਦੇਸ਼ਾਂ ਦੇ ਅੰਦਰ ਵੀ ਫੈਲ ਰਹੇ ਹਨ, ਜਿੱਥੇ ਇਹ ਆਪਣੇ ਫੌਜੀ ਅੱਡੇ ਕਾਇਮ ਕਰ ਰਿਹਾ ਹੈ ਉਹਨਾਂ ਦੀਆਂ ਬੰਦਰਗਾਹਾਂ ਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰ ਰਿਹਾ ਹੈ ਅਤੇ ਇਨ੍ਹਾਂ ਦੇਸ਼ਾਂ ਦੀਆਂ ਅੰਦਰੂਨੀ ਨੀਤੀਆਂ ਅਤੇ ਵਿਦੇਸ਼ੀ ਮਾਮਲਿਆਂ ਵਿੱਚ ਦਖਲ ਅੰਦਾਜੀ ਤੇ ਕੰਟਰੋਲ ਵੀ ਕਰਦਾ ਜਾ ਰਿਹਾ ਹੈ। ਸੋਵੀਅਤ ਸੰਘ ਦੇ ਮੱਛੀਮਾਰ ਜਹਾਜ਼ੀ ਬੇੜੇ ਸਾਰੇ ਸਾਗਰਾਂ ਵਿੱਚ ਬੇਰੋਕ ਟੋਕ ਘੁੰਮ ਰਹੇ ਹਨ ਅਤੇ ਮੱਛੀ ਦੇ ਸ੍ਰੋਤਾਂ ਨੂੰ ਲੁੱਟ ਲੁੱਟ ਕੇ ਤਬਾਹ ਬਰਬਾਦ ਕਰ ਰਹੇ ਹਨ ਅਤੇ ਦੂਜੇ ਦੇਸ਼ਾਂ ਦੇ ਅਧਿਕਾਰ ਖੇਤਰ ਵਾਲੇ ਪਾਣੀਆਂ 'ਤੇ ਧਾਵਾ ਬੋਲ ਰਹੇ ਹਨ। ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਲੋਕ ਹੁਣ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੀ ਇਸ ਹਮਲਾਵਰ ਨੀਤੀ ਤੋਂ ਵੱਧ ਜਾਣੂ ਹੋ ਰਹੇ ਹਨ। ਉਨਾਂ ਨੇ ਪੱਕ ਨਾਲ

ਹੀ ਇਹ ਸਮਝ ਲਿਆ ਹੈ ਕਿ ਇਹ ਸੋਵੀਅਤ ਸੋਧਵਾਦੀ ਗੱਦਾਰ ਜੁੰਡਲੀ ਜਿਸਨੇ "ਦੁਨੀਆਂ ਭਰ ਦੀ ਇਨਕਲਾਬੀ ਲੋਕਾਈ" ਦੇ ਪਿੱਠ 'ਚ ਛੁਰਾ ਮਾਰਿਆ ਹੈ, ਇੱਕ "ਬਸਤੀਵਾਦੀ" ਹੈ ਅਤੇ ਦੁਨੀਆਂ ਭਰ ਦੇ ਲੋਕਾਂ ਦਾ ਇੱਕ ਹੋਰ ਸੰਸਾਰ ਦੁਸ਼ਮਣ ਹੈ। ਹੁਣ ਸੋਵੀਅਤ ਸੋਧਵਾਦ ਅਤੇ ਅਮਰੀਕੀ ਸਾਮਰਾਜਵਾਦ ਦੇ ਹਮਲੇ, ਗਲਬੇ, ਦਖਲ ਅੰਦਾਜੀ ਅਤੇ ਦੁਰਵਿਵਹਾਰ ਤੋਂ ਪੀੜਤ ਦੇਸ਼ ਅਤੇ ਆਮ ਲੋਕ ਖਾਸ ਤੌਰ 'ਤੇ ਇਨ੍ਹਾਂ ਦੋਨਾ ਐਟਮੀ ਮਹਾਂ ਸ਼ਕਤੀਆਂ, ਦੇ ਵਿਰੁੱਧ ਬਸਤੀਵਾਦ ਵਿਰੋਧੀ ਸੰਘਰਸ਼ ਛੇੜਨ ਲਈ ਇੱਕ ਜੁੱਟ ਹੋ ਰਹੇ ਹਨ।

ਤੀਜੀ ਗੱਲ ਇਹ ਹੈ ਕਿ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਪਾਗਲਾਨਾ ਹੱਲੇ ਤੇ ਵਿਸਤਾਰ ਨੇ ਆਪਣਾ ਮਾਲ ਖਪਾਉਣ ਲਈ ਮੰਡੀ ਲੱਭਣ, ਕੱਚੇ ਮਾਲ ਦੀ ਸਪਲਾਈ ਲਈ ਅਤੇ ਪੂੰਜੀ ਨਿਵੇਸ਼ ਕਰਨ ਲਈ ਗੁੰਜਾਇਸ਼ਾਂ ਲੱਭਣ ਦੇ ਸ਼ਰੀਕਾਭੇੜ ਨੇ ਸਾਮਰਾਜਵਾਦੀ ਮੁਲਕਾਂ ਦਰਮਿਆਨ ਖਾਸ ਤੌਰ 'ਤੇ ਸੋਵੀਅਤ ਸੋਧਵਾਦ ਅਤੇ ਅਮਰੀਕੀ ਸਾਮਰਾਜਵਾਦ ਦੇ ਦਰਮਿਆਨ ਵਿਰੋਧਤਾਈ ਨੂੰ ਬੇਮਿਸਾਲ ਪੱਧਰ ਤੱਕ ਤਿੱਖਾ ਕਰ ਦਿੱਤਾ ਹੈ। ਹੁਣ ਇਹ ਦੋਵੇਂ ਐਟਮੀ ਮਹਾਂ ਸ਼ਕਤੀਆਂ ਦੁਨੀਆਂ 'ਤੇ ਆਪੋ ਆਪਣੀ ਚੌਧਰ ਕਾਇਮ ਕਰਨ ਦੀ ਪਾਗਲਾਨਾ ਦੌੜ ਵਿੱਚ ਹਫ ਰਹੀਆਂ ਹਨ।

ਅੱਜ, ਮੁੱਖ ਤੌਰ 'ਤੇ ਇਹ ਦੋਵੇਂ ਐਟਮੀ ਮਹਾਂ ਸ਼ਕਤੀਆਂ ਸੰਸਾਰ ਤੇ ਆਪਣੀ ਚੌਧਰ ਜਮਾਉਣ ਦੀ ਹੋੜ੍ਹ ਵਿੱਚ ਲੱਗੀਆਂ ਹੋਈਆਂ ਹਨ ਅਤੇ ਅੱਜ ਇਹ ਜਿਹੜੇ ਯੁੱਧਨੀਤਕ ਟਿਕਾਣੇ ਲਈ ਲੜ ਰਹੀਆਂ ਹਨ ਉਹ ਯੂਰਪ ਅੰਦਰ ਹੈ ਕਿਉਂਕਿ ਯੂਰਪ ਹੀ ਪੂੰਜੀਵਾਦੀ ਦੁਨੀਆਂ ਦਾ ਦਿਲ ਹੈ। ਪੱਛਮੀ ਮੁਲਕ ਹਮੇਸ਼ਾਂ ਤੋਂ ਹੀ ਇਹ ਚਾਹੁੰਦੇ ਰਹੇ ਹਨ ਕਿ ਸੋਵੀਅਤ ਸੋਧਵਾਦ ਨੂੰ ਪੂਰਬ ਵਾਲੇ ਪਾਸੇ ਵਿਸਤਾਰ ਕਰਨ ਦੀ ਦਿਸ਼ਾ ਵਿੱਚ ਧੱਕ ਦਿੱਤਾ ਜਾਵੇ ਅਤੇ ਇਸ ਤਰਾਂ ਇਸ ਬਲਾ ਨੂੰ ਚੀਨ ਉੱਪਰ ਮੜ੍ਹ ਦਿੱਤਾ ਜਾਵੇ। ਪਰ ਚੀਨੀ ਵਿਰੋਧ ਪਿਛਲੇ ਲੰਮੇ ਸਮੇਂ ਤੋਂ ਗਲੇ 'ਚ ਹੱਡੀ ਬਣਿਆ ਹੋਇਆ ਹੈ। ਪਰ ਫਿਲਹਾਲ, ਸੋਵੀਅਤ ਸੋਧਵਾਦ ਆਪਣੀ ਕਪਟੀ ਹਮਲਾਵਰ ਰਣਨੀਤੀ ਦੇ ਤਹਿਤ ਆਪਣੀ ਲੜਾਈ ਯੂਰਪ ਵਿੱਚ ਹੀ ਤਿੱਖੀ ਕਰ ਰਿਹਾ ਹੈ। ਸੋਵੀਅਤ ਸੋਧਵਾਦੀਆਂ ਨੇ ਆਪਣੀ ਦੋ ਤਿਹਾਈ ਫੌਜ ਅਤੇ ਹਵਾਈ ਫੌਜੀ ਤਾਕ ਯੁਰਾਲ ਪਹਾੜਾਂ ਦੇ ਪੱਛਮ ਵਿੱਚ ਤਾਇਨਾਤ ਕਰ ਰੱਖੀ ਹੈ। ਇਸੇ ਦਹਾਕੇ ਵਿੱਚ ਸੋਵੀਅਤ ਸੋਧਵਾਦੀ ਸਮੁੰਦਰੀ ਫੌਜ ਨੇ ਬਹੁਤ ਤੇਜੀ ਨਾਲ ਵਿਸਤਾਰ ਕੀਤਾ ਹੈ। 1970 ਵਿੱਚ ਇਸਨੇ ਆਪਣੀ ਸਮੁੰਦਰੀ ਫੌਜ ਦੀ ਤਾਕਤ ਦਾ ਦਿਖਾਵਾ ਕਰਨ ਦੇ ਮਨਸ਼ੇ ਨਾਲ ਆਪਣੇ 200 ਤੋਂ ਵੱਧ ਜੰਗੀ ਬੇੜੇ ਤਿੰਨੋ ਮਹਾਂਸਾਗਰਾਂ ਵਿੱਚ ਅੱਠ ਸਮੁੰਦਰੀ ਤੱਟਾਂ ਵੱਲ ਠੇਲੇ, ਜਿਸ ਨਾਲ ਇਸ ਨੇ ਭੂ ਮੱਧ ਸਾਗਰ ਅਤੇ ਹਿੰਦ ਮਹਾਂ ਸਾਗਰ ਵੱਲ ਆਪਣੇ ਹਮਲਾਵਰ ਕਦਮ ਵਧਾ ਲਏ ਹਨ। ਅੱਜ ਦੁਨੀਆਂ ਭਰ ਵਿੱਚ ਬੇਚੈਨੀ ਦਾ ਮੁੱਖ ਕਾਰਨ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ ਵੱਲੋਂ ਸੰਸਾਰ ਵਿੱਚ ਆਪਣੀ ਚੌਧਰ ਜਮਾਉਣ ਨੂੰ ਲੈ ਕੇ ਲੜੀ ਜਾ ਰਹੀ ਲੜਾਈ ਹੀ ਹੈ। ਬੇਸ਼ੱਕ ਇਸ ਲੜਾਈ ਵਿੱਚ ਉਹਨਾਂ ਨੂੰ ਤੀਜੀ ਦੁਨੀਆਂ ਦੇ ਲੋਕਾਂ ਦਾ ਸਖ਼ਤ ਵਿਰੋਧ ਝੱਲਣਾ ਪੈ ਰਿਹਾ ਹੈ ਅਤੇ ਜਪਾਨ ਤੇ ਪੱਛਮੀ ਮੁਲਕਾਂ ਦੀ ਨਾਰਾਜਗੀ ਵੀ ਵਧ ਰਹੀ ਹੈ। ਦਰਅਸਲ ਇਨ੍ਹਾਂ ਦੋਵੇਂ ਮਹਾਂ ਸ਼ਕਤੀਆਂ ਦੀਆਂ ਵਧ ਰਹੀਆਂ ਬਾਹਰੀ ਤੇ ਅੰਦਰੂਨੀ ਵਿਰੋਧਤਾਈਆਂ

ਇਨਾਂ ਨੂੰ ਹਰ ਹਾਲ ਅਣਚਾਹੀ ਤੇ ਬੇਵਸੀ ਦੀ ਹਾਲਤ ਵੱਲ ਧੱਕ ਰਹੀਆਂ ਹਨ।

ਸਾਮਰਾਜਵਾਦ ਦਾ ਮਤਲਬ ਹੀ ਧਾਵਾ ਅਤੇ ਜੰਗ ਹੈ। ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਚੀਨੀ ਸਰਹੱਦ ਉੱਪਰ ਵੀ ਆਪਣੀਆਂ ਫੌਜਾਂ ਬੀੜ ਰਿਹਾ ਹੈ ਅਤੇ ਇਸ ਕੋਸ਼ਿਸ਼ ਵਿੱਚ ਹੈ ਕਿ ਚੀਨ ਨੂੰ ਆਪਣੀ ਬਸਤੀ ਬਣਾ ਲਵੇ। ਇਸ ਲਈ ਸਾਨੂੰ ਜ਼ਰੂਰ ਹੀ ਮਾਓ ਦੀ ਸਿੱਖਿਆ 'ਤੇ ਅਮਲ ਕਰਦੇ ਹੋਏ " ਯੁੱਧ ਦੇ ਲਈ ਤਿਆਰ ਰਹਿਣਾ ਪਏਗਾ, ਕੁਦਰਤੀ ਆਫਤਾਂ ਲਈ ਤਿਆਰ ਰਹਿਣਾ ਪਵੇਗਾ ਅਤੇ ਲੋਕਾਂ ਲਈ ਸਭ ਕੁੱਝ ਕਰਨਾ ਪਵੇਗਾ" ਅਤੇ "ਡੂੰਘੀਆਂ ਸਰੁੰਗਾਂ ਪੁੱਟਣੀਆਂ ਪੈਣਗੀਆਂ, ਅਨਾਜ ਦਾ ਭੰਡਾਰ ਵਧਾਉਣਾ ਪਏਗਾ ਅਤੇ ਕਦੇ ਵੀ ਹਮਲਾਵਰ ਰੁਖ ਅਖਤਿਆਰ ਨਹੀਂ ਕਰਨਾ ਹੋਏਗਾ" ਤਾਂ ਕਿ ਹਮਲਾਵਰ ਜੰਗਾਂ ਲਈ ਤਿਆਰੀਆਂ ਮੁਕੰਮਲ ਕਰ ਸਕੀਏ ਅਤੇ ਸਾਮਰਾਜਵਾਦੀ ਸੰਸਾਰ ਜੰਗ, ਖਾਸ ਤੌਰ 'ਤੇ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੇ ਅਚਾਨਕ ਹਮਲਿਆਂ ਤੋਂ ਚੌਕਸ ਰਿਹਾ ਜਾ ਸਕੇ। ਸਾਨੂੰ ਲਾਜ਼ਮੀ ਹੀ ਦ੍ਰਿੜਤਾ ਨਾਲ, ਯੋਜਨਾਬੱਧ ਤਰੀਕੇ ਨਾਲ ਅਤੇ ਸਪੱਸ਼ਟ ਰੂਪ ਵਿੱਚ ਪੂਰੀ ਤਰਾਂ ਨਾਲ ਉਨ੍ਹਾਂ ਦੁਸ਼ਮਣਾਂ ਦਾ ਸਫਾਇਆ ਕਰ ਦੇਣਾ ਹੋਏਗਾ ਜੋ ਸਾਡੇ ਉੱਪਰ ਹਮਲਾ ਕਰਨ ਦੀ ਜੁਰਅਤ ਕਰਨਗੇ।

ਮਾਓ-ਜੇ-ਤੁੰਗ ਕਹਿੰਦੇ ਹਨ, *" ਸੰਸਾਰ ਦੇ ਇਨਕਲਾਬੀ ਲੋਕ ਸੋਵੀਅਤ ਸੋਧਵਾਦ ਵੱਲੋਂ ਅਮਰੀਕੀ ਸਾਮਰਾਜਵਾਦ ਨਾਲ ਕੀਤੀ ਜਾਣ ਵਾਲੀ ਗੰਢ-ਸੰਢ ਨਾਲ ਪੈਦਾ ਕੀਤੀਆਂ ਤਮਾਮ ਬੁਰਾਈਆਂ ਅਤੇ ਨਿੰਦਣਯੋਗ ਕਾਰਵਾਈਆਂ ਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਸਾਰੇ ਦੇਸ਼ਾਂ ਦੇ ਲੋਕ ਹੁਣ ਉੱਠ ਰਹੇ ਹਨ। ਅਮਰੀਕੀ ਸਾਮਰਾਜਵਾਦ ਅਤੇ ਸੋਵੀਅਤ ਸੋਧਵਾਦ ਦੇ ਖਿਲਾਫ ਇੱਕ ਨਵਾਂ ਯੁੱਗ ਅੰਗੜਾਈ ਲੈ ਰਿਹਾ ਹੈ"*।(7) ਚੌਧਰ ਦੀ ਮਾਨਸਿਕਤਾ ਅਤੇ ਧੱਕੇ ਨਾਲ ਰਾਜ ਕਰਨ ਦੇ ਵਿਰੁੱਧ ਸੰਘਰਸ਼ ਵਿੱਚ ਹੁਣ ਤੀਜੀ ਦੁਨੀਆਂ ਜਾਗ ਕੇ ਉੱਠ ਖੜ੍ਹੀ ਹੋ ਰਹੀ ਹੈ। ਇਹ ਅੱਜ ਦੇ ਕੌਮਾਂਤਰੀ ਹਾਲਾਤਾਂ ਲਈ ਇੱਕ ਅਹਿਮ ਘਟਨਾ ਹੈ। ਅੱਜ ਦੀ ਅਜੋਕੀ ਕੌਮਾਂਤਰੀ ਹਾਲਤ ਦੀ ਖੂਬੀ ਇਹ ਹੈ ਕਿ ਇਹ ਲਗਾਤਾਰ ਅਫਰਾਤਫਰੀ ਦੀ ਹਾਲਤ ਵਿੱਚ ਹੈ।" ਰੁਮਕਦੇ ਬੁੱਲ੍ਹੇ ਆਉਣ ਵਾਲੇ ਤੂਫਾਨਾ ਦਾ ਸੰਕੇਤ ਦੇ ਰਹੇ ਹਨ"। ਨਿਸ਼ਚਿਤ ਤੌਰ 'ਤੇ ਦੁਨੀਆਂ ਦੀਆਂ ਬੁਨੀਆਦੀ ਵਿਰੋਧਤਾਈਆਂ ਦਾ ਅਜੋਕਾ ਰੂਪ ਉਹ ਹੀ ਹੈ ਜਿੰਨ੍ਹਾਂ ਦਾ ਵਿਸ਼ਲੇਸ਼ਣ ਲੈਨਿਨ ਨੇ ਕੀਤਾ ਸੀ। ਅੱਜ ਸਾਰੇ ਦੇਸ਼ ਜੋ ਸਾਮਰਾਜਵਾਦੀ ਹਮਲੇ, ਤੋੜ-ਫੋੜ, ਦਖਲਅੰਦਾਜੀ , ਗ਼ਲਬੇ ਅਤੇ ਦੁਰਵਿਵਹਾਰ ਦੇ ਸ਼ਿਕਾਰ ਹਨ, ਉਹ ਵੱਧ ਤੋਂ ਵੱਧ ਜਥੇਬੰਦ ਹੋ ਰਹੇ ਹਨ, ਇੱਕ ਵਿਸ਼ਾਲ ਸਾਂਝਾ ਮੋਰਚਾ ਉਸਾਰ ਰਹੇ ਹਨ। ਸਾਮਰਾਜਵਾਦ ਅਤੇ ਨਵੇਂ ਤੇ ਪੁਰਾਣੇ ਬਸਤੀਵਾਦ ਦੇ ਵਿਰੁੱਧ, ਖਾਸ ਤੌਰ 'ਤੇ ਦੋਵੇਂ ਮਹਾਂ ਸ਼ਕਤੀਆਂ ਅਮਰੀਕਾ ਅਤੇ ਸੋਵੀਅਤ ਸੰਘ ਦੀ ਚੌਧਰ ਵਾਲੀ ਮਾਨਸਿਕਤਾ ਵਿਰੁੱਧ ਆਪਣੇ ਘੋਲ਼ ਹੋਰ ਤੇਜ ਕਰ ਰਹੇ ਹਨ। ਇਹ ਅਮੋੜ ਇਤਿਹਾਸਕ ਹੜ੍ਹ ਹਨ ਜਿਹੜੇ ਅਮਰੀਕਾ ਅਤੇ ਸੋਵੀਅਤ ਸੰਘ ਦੋਵਾਂ ਨੂੰ ਹੀ ਹੜ੍ਹਾ ਕੇ ਲੈ ਜਾਣਗੇ।

ਜਪਾਨ ਵਿਰੋਧੀ ਜੰਗ ਜਿੱਤਣ ਤੋਂ ਠੀਕ ਪਹਿਲਾਂ ਮਾਓ ਨੇ ਭਵਿੱਖਬਾਣੀ ਕੀਤੀ ਸੀ ਕਿ, *" ਦੁਨੀਆਂ ਅੱਗੇ ਵਧੇਗੀ, ਕਦੇ ਪਿੱਛੇ ਨਹੀਂ ਜਾਵੇਗੀ, ਪਰ ਇਹ ਵੀ ਸੁਭਾਵਿਕ ਹੈ ਕਿ*

ਸੰਭਵ ਤੌਰ 'ਤੇ ਥੋੜ੍ਹ ਚਿਰੇ ਅਤੇ ਇੱਥੋਂ ਤੱਕ ਕਿ ਗਹਿਰ ਗੰਭੀਰ ਇਤਿਹਾਸਕ ਸੰਕਟਾਂ ਦੇ ਭੰਵਰ ਜਾਲ਼ ਵਿੱਚ ਫਸ ਜਾਣ ਦੀ ਵੀ ਨੌਬਤ ਆ ਸਕਦੀ ਹੈ, ਜਿਸ ਵਾਸਤੇ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਹਾਲੇ ਵੀ ਕਈ ਦੇਸ਼ਾਂ ਅੰਦਰ ਪਿਛਾਖੜੀ ਪ੍ਰਭਾਵ ਕਾਫੀ ਤੇਜ ਹੈ ਅਤੇ ਇਹ ਦੇਸ਼ ਕਦੇ ਵੀ ਆਪਣੇ ਲੋਕਾਂ ਅਤੇ ਦੂਜੇ ਦੇਸ਼ ਦੇ ਲੋਕਾਂ ਵੱਲੋਂ ਏਕਤਾ, ਉੱਨਤੀ ਅਤੇ ਮੁਕਤੀ ਹਾਸਲ ਕਰ ਲੈਣ ਦੀ ਸੰਭਾਵਨਾ ਸਵੀਕਾਰ ਕਰਨ ਤੋਂ ਹਿਚਕਿਚਾ ਰਹੇ ਹਨ। ਜੇ ਕੋਈ ਇਹਨਾਂ ਗੱਲਾਂ ਨੂੰ ਨਜ਼ਰਅੰਦਾਜ ਕਰ ਦੇਵੇ ਤਾਂ ਉਹ ਲਾਜ਼ਮੀ ਹੀ ਗੰਭੀਰ ਸਿਆਸੀ ਗਲਤੀ ਕਰੇਗਾ। ਤਾਂ ਵੀ ਇਤਿਹਾਸ ਦੀ ਆਮ ਗਤੀ ਦੀ ਦਿਸ਼ਾ ਨਿਰਧਾਰਤ ਹੋ ਚੁੱਕੀ ਹੈ ਹੁਣ ਉਸ ਨੂੰ ਭੰਵਾਇਆ ਨਹੀਂ ਜਾ ਸਕਦਾ"।[8] ਸੋਵੀਅਤ ਸੋਧਵਾਦੀ ਸਾਮਰਾਜਵਾਦ ਦੀ ਮੌਜੂਦਗੀ ਇਤਿਹਾਸ ਦਾ ਇੱਕ ਥੋੜ੍ਹ ਚਿਰਾ ਵਿਚਲਣ ਹੀ ਹੈ। ਪਰ ਪੂੰਜੀਵਾਦੀ ਸਾਮਰਾਜਵਾਦ ਦੀ ਤਰਾਂ ਹੀ ਇਹ ਹਰ ਕਿਸਮ ਦੀਆਂ ਵਿਰੋਧਤਾਈਆਂ ਨਾਲ ਗ੍ਰਸਤ ਹੈ। ਇੱਕ ਪਾਸੇ ਸੋਵੀਅਤ ਸੋਧਵਾਦੀ ਨੌਕਰਸ਼ਾਹ ਇਜਾਰੇਦਾਰਾਨਾ ਸਰਮਾਏਦਾਰ ਜਮਾਤ ਅਤੇ ਦੂਜੇ ਪਾਸੇ ਸੋਵੀਅਤ ਸੰਘ ਦੀ ਮਜ਼ਦੂਰ ਜਮਾਤ ਅਤੇ ਸਮੁੱਚੀ ਕਿਰਤੀ ਅਬਾਦੀ ਦੇ ਵਿਚਕਾਰ ਦੀ ਵਿਰੋਧਤਾਈ, ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਅਤੇ ਬਸਤੀਆਂ ਤੇ ਸਮੁੱਚੇ ਸੰਸਾਰ ਦੇ ਲੋਕਾਂ ਵਿਚਕਾਰ ਵਿਰੋਧਤਾਈ ਅਤੇ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਅਤੇ ਪੂੰਜੀਵਾਦੀ ਸਾਮਰਾਜਵਾਦ (ਖਾਸ ਤੌਰ 'ਤੇ ਅਮਰੀਕੀ ਸਾਮਰਾਜਵਾਦ) ਵਿਚਕਾਰ ਵਿਰੋਧਤਾਈ। ਇਹ ਸਾਰੀਆਂ ਵਿਰੋਧਤਾਈਆਂ ਆਏ ਦਿਨ ਹੋਰ ਤਿੱਖੀਆਂ ਹੁੰਦੀਆਂ ਜਾ ਰਹੀਆਂ ਹਨ। ਇਹਨਾਂ ਹੀ ਵਿਰੋਧਤਾਈਆਂ ਦੀ ਮੌਜੂਦਗੀ ਅਤੇ ਇਹਨਾਂ ਦੇ ਵਿਰਾਟ ਹੁੰਦੇ ਜਾਣ ਕਰਕੇ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਸੋਵੀਅਤ ਸੰਘ ਅਤੇ ਸੰਸਾਰ ਦੇ ਲੋਕਾਂ ਵੱਲੋਂ ਲਾਜ਼ਮੀ ਹੀ ਇਤਿਹਾਸ ਦੇ ਅਜਾਇਬ ਘਰ ਵਿੱਚ ਸੁੱਟ ਦਿੱਤਾ ਜਾਵੇਗਾ ਲੈਨਿਨ ਨੇ ਜੋਰ ਦੇ ਕੇ ਕਿਹਾ ਸੀ ਕਿ, "*ਸਾਮਰਾਜਵਾਦ ਸਮਾਜਵਾਦੀ ਇਨਕਲਾਬ ਦਾ ਪਹੁਫੁਟਾਲਾ ਹੈ*"।[9] ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਵੀ ਇੱਕ ਦੂਜੇ ਇਨਕਲਾਬ ਦਾ ਹੀ ਪਹੁ ਫੁਟਾਲਾ ਹੈ। ਮਾਓ ਨੇ ਕਿਹਾ ਸੀ ਕਿ, "*ਸੋਵੀਅਤ ਸੰਘ ਇੱਕ ਸਮਾਜਵਾਦੀ ਦੇਸ਼ ਸੀ ਜਿਸ ਦੀ ਕਮਿਊਨਿਸਟ ਪਾਰਟੀ ਲੈਨਿਨ ਵੱਲੋਂ ਉਸਾਰੀ ਗਈ ਸੀ। ਕੀ ਹੋਇਆ ਜੇ ਅੱਜ ਪਾਰਟੀ ਅਗਵਾਈ ਅਤੇ ਸੋਵੀਅਤ ਸੰਘ ਦੀ ਸਰਕਾਰ 'ਤੇ ਸੋਧਵਾਦੀਆਂ ਨੇ ਕਬਜਾ ਕਰ ਲਿਆ ਹੈ, ਇਹ ਮੈਂ ਆਪਣੇ ਸਾਥੀਆਂ ਨੂੰ ਸਲਾਹ ਦੇਵਾਂਗਾ ਕਿ ਉਹ ਅਟੁੱਟ ਵਿਸ਼ਵਾਸ਼ ਕਰਨ ਕਿ ਵਿਸ਼ਾਲ ਸੋਵੀਅਤ ਲੋਕਾਈ, ਪਾਰਟੀ ਮੈਂਬਰ ਅਤੇ ਪਾਰਟੀ ਸਫਾਂ ਚੰਗੇ ਲੋਕ ਹਨ ਅਤੇ ਉਹ ਇਨਕਲਾਬ ਚਾਹੁੰਦੇ ਹਨ ਇਸ ਲਈ ਸੋਧਵਾਦੀ ਰਾਜ ਭਾਗ ਬਹੁਤੇ ਸਮੇਂ ਤੱਕ ਚਲਦਾ ਨਹੀਂ ਰਹਿ ਸਕਦਾ"।*[10] ਲੈਨਿਨਵਾਦ ਦੇ ਗੌਰਵਮਈ ਝੰਡੇ ਹੇਠਾਂ ਅਤੇ ਸਮੁੱਚੇ ਸੰਸਾਰ ਦੇ ਲੋਕਾਂ ਦੀ ਹਮਾਇਤ ਦੇ ਨਾਲ ਸੋਵੀਅਤ ਲੋਕ, ਜਿਹੜੇ ਇੱਕ ਗੌਰਵਮਈ ਵਿਰਸੇ ਦੇ ਮਾਲਕ ਹਨ, ਅੰਤ ਨੂੰ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਨੂੰ ਦਫਨਾ ਕੇ ਹੀ ਦਮ ਲੈਣਗੇ। ਉਹਨਾਂ ਦੀ ਇਹ ਸਫਲਤਾ ਇੱਕ ਵਾਰ ਫਿਰ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ, ਸਮਾਜਵਾਦ ਅਤੇ ਮਾਰਕਸਵਾਦ ਲੈਨਿਨਵਾਦ ਦੇ ਤੇਜ਼ ਨਾਲ ਸੋਵੀਅਤ ਸੰਘ ਦੀ ਧਰਤੀ ਨੂੰ ਜਗਮਗਾ ਦੇਵੇਗੀ।

"ਸੱਤ੍ਹਾਧਰੀ ਜਮਾਤ ਨੂੰ ਕਮਿਊਨਿਸਟ ਇਨਕਲਾਬ ਦੇ ਹਊਏ ਤੋਂ ਕੰਬਣੀਆਂ ਛਿੜਣ ਦਿਓ। ਮਜ਼ਦੂਰਾਂ ਕੋਲ ਗੰਵਾਉਣ ਲਈ ਆਪਣੀਆਂ ਬੇੜੀਆਂ ਤੋਂ ਸਿਵਾਏ ਹੋਰ ਕੁੱਝ ਵੀ ਨਹੀਂ, ਪਰ ਜਿੱਤਣ ਲਈ ਪੂਰਾ ਸੰਸਾਰ ਹੈ।"

"ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਓ" (11)

ਪ੍ਰਮੁੱਖ ਅਧਿਐਨ ਸਮੱਗਰੀ

ਲੈਨਿਨ, "ਤੀਜੀ ਕੌਮਾਂਤਰੀ ਦੇ ਕੰਮਾਂ ਦੇ ਬਾਰੇ 'ਚ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 29

ਮਾਓ, "ਅਮਰੀਕੀ ਪੱਤਰਕਾਰ ਅੰਨਾ ਲੂਈ ਸਟਰਾਂਗ ਨਾਲ ਗੱਲਬਾਤ"

ਮਾਓ, "ਲੇਬਰ ਪਾਰਟੀ ਆਫ ਅਲਬਾਨੀਆਂ ਦੀ ਪੰਜਵੀਂ ਕਾਂਗਰਸ ਨੂੰ ਵਧਾਈ ਪੱਤਰ" 25 ਅਕਤੂਬਰ 1916

ਪੜਚੋਲ ਲਈ ਪ੍ਰਸ਼ਨ :

1. ਸਾਮਰਾਜਵਾਦ ਦੀਆਂ ਬੁਨਿਆਦੀ ਆਰਥਿਕ ਖੂਬੀਆਂ ਤੋਂ ਸੋਵੀਅਤ ਸੋਧਵਾਦੀ ਸਮਾਜਿਕ ਸਾਮਰਾਜਵਾਦ ਦੀ ਪ੍ਰਕਿਰਤੀ ਨੂੰ ਕਿਵੇਂ ਪਹਿਚਾਣਿਆਂ ਜਾ ਸਕਦਾ ਹੈ ?
2. ਸੋਵੀਅਤ ਸੰਘ ਅੰਦਰ ਬ੍ਰੈਜਨੇਵ ਦੀ ਗੱਦਾਰ ਜੁੰਡਲੀ ਦਾ ਰਾਜ ਭਾਗ ਲੰਮਾ ਕਿਉਂ ਨਹੀਂ ਚੱਲ ਸਕਦਾ ?

ਟਿੱਪਣੀਆਂ :

1. "ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ" , ਲੈਨਿਨ ਦੀਆਂ ਚੋਣਵੀਆਂ ਲਿਖਤਾਂ ਸੈਂਚੀ 2, ਚੀਨੀ ਐਡੀਸ਼ਨ, 1972 ਪੰਨਾ 827

2. ਅਜੋਕੀ ਸਥਿਤੀ ਸਬੰਧੀ ਪ੍ਰਸਤਾਵ ਰੂਸੀ ਸਮਾਜਿਕ ਜਨਵਾਦੀ ਲੇਬਰ ਪਾਰਟੀ (ਬਾਲਸ਼ਵਿਕ) ਦੀ ਸੱਤਵੀਂ ਕੌਮੀ ਕਾਂਗਰਸ ਦੀ ਕਾਨਫਰੰਸ (ਅਪ੍ਰੈਲ ਕਾਂਗਰਸ ਕਾਨਫਰੰਸ), ਲੈਨਿਨ ਦੀਆਂ ਸਮੁੱਚੀਆਂ ਲਿਖਤਾਂ, ਸੈਂਚੀ 24 ਪੰਨਾ 27

3. ਮਾਰਕਸ , "ਗੋਥਾ ਪ੍ਰੋਗਰਾਮ ਦੀ ਅਲੋਚਨਾ" , ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਰਚਨਾਵਾਂ, ਸੈਂਚੀ 3, ਚੀਨੀ ਐਡੀਸ਼ਨ 1972, ਪੰਨਾ 17

4. "ਆਨ ਦੀ ਨੈਸ਼ਨਲ ਸਕਿਉਕਟੀ ਕੰਪਲੈਕਸ ਆਫ ਦੀ ਗਰੇਟ ਏਸ਼ੀਅਨ ਪੀਪਲ" ਲੈਨਿਨ ਦੀਆਂ ਚੋਣਵੀਆਂ ਲਿਖਤਾਂ ਸੈਂਚੀ 2, ਚੀਨੀ ਐਡੀਸ਼ਨ 1972,ਪੰਨਾ 611

5. ਚੇਅਰਮੈਨ ਮਾਓ ਦਾ 11 ਮਈ 1964 ਨੂੰ ਦਿੱਤਾ ਗਿਆ ਭਾਸ਼ਣ, ਪੀਪਲ

ਡੇਲੀ ਅਪ੍ਰੈਲ 22, 1970

6. " ਜੰਗ ਅਤੇ ਰੂਸ ਦੀ ਸਮਾਜਿਕ ਜਨਵਾਦੀ ਪਾਰਟੀ" ਲੈਨਿਨ ਦੀਆਂ ਸਮੁੱਚੀਆਂ ਲਿਖਤਾਂ ਸੈਂਚੀ 21, ਪੰਨਾ 13

7. ਪੀਪਲਜ਼ ਡੇਲੀ 28 ਅਪ੍ਰੈਲ 1969

8. "ਮਿਲੀ ਜੁਲੀ ਸਰਕਾਰ ਦੇ ਸਬੰਧ ਵਿੱਚ" ਮਾਓ ਦੀਆਂ ਚੋਣਵੀਆਂ ਰਚਨਾਵਾਂ, ਸੈਂਚੀ 3, ਚੀਨੀ ਐਡੀਸ਼ਨ, 1968 ਪੰਨਾ 932

9. "ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ ਦੀ ਭੂਮਿਕਾ" , ਲੈਨਿਨ ਦੀਆਂ ਚੋਣਵੀਆਂ ਲਿਖਤਾਂ ਸੈਂਚੀ 2, ਚੀਨੀ ਐਡੀਸ਼ਨ 1972 ਪੰਨਾ 730

10. ਪੀਪਲਜ਼ ਡੇਲੀ 11 ਜੂਨ 1967

11. ਕਮਿਊਨਿਸਟ ਮੈਨੀਫੈਸਟੋ, ਮਾਰਕਸ ਏਂਗਲਜ਼ ਦੀਆਂ ਚੋਣਵੀਆਂ ਲਿਖਤਾਂ, ਸੈਂਚੀ 1, ਚੀਨੀ ਐਡੀਸ਼ਨ, 1972 ਪੰਨਾ 285 ਤੋਂ 286

* * * * * * * * * * * *

ਮਹਾਨ ਚੇਅਰਮੈਨ ਮਾਓ ਸਾਨੂੰ ਵਾਰ ਵਾਰ ਇਹ ਸਿੱਖਿਆ ਦਿੰਦੇ ਹਨ, ਕਿ ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਸਿੱਖਣਾ ਜ਼ਰੂਰੀ ਹੈ। ਇਹ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਅਤੇ ਇਨਕਲਾਬੀ ਕਾਰਕੁਨਾਂ ਲਈ ਹੀ ਜ਼ਰੂਰੀ ਨਹੀਂ ਹੈ, ਸਗੋਂ ਤਿੰਨ ਮਹਾਨ ਇਨਕਲਾਬੀ ਸੰਘਰਸ਼ਾਂ ਦੇ ਹਰ ਇੱਕ ਯੋਧੇ ਲਈ ਵੀ ਜ਼ਰੂਰੀ ਹੈ। ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਜਾਨਣਾ ਮਾਰਕਸਵਾਦ ਨੂੰ ਸਮਝਣ, ਸੋਧਵਾਦ ਦੀ ਡੂੰਘਾਈ 'ਚ ਅਲੋਚਨਾ ਕਰਨ ਅਤੇ ਆਪਣੇ ਸੰਸਾਰ ਨਜ਼ਰੀਏ ਵਿੱਚ ਖੁਦ ਤਬਦੀਲੀ ਲਿਆਉਣ ਅਤੇ ਖਾਸ ਤੌਰ ਉੱਤੇ ਸਮਾਜਵਾਦ ਦੇ ਪੂਰੇ ਇਤਿਹਾਸਕ ਪੜਾਅ ਦੌਰਾਨ ਪਾਰਟੀ ਦੀ ਬੁਨਿਆਦੀ ਲੀਹ ਅਤੇ ਨੀਤੀਆਂ ਨੂੰ ਸਮਝਣ ਲਈ ਖਾਸ ਤੌਰ 'ਤੇ ਜ਼ਰੂਰੀ ਹੈ ।

ਪਿੰਡਾਂ ਅਤੇ ਕਾਰਖਾਨਿਆਂ ਵਿੱਚ ਲੜ ਰਹੇ ਨੌਜੁਆਨ ਸਾਡੇ ਦੇਸ਼ ਦੀ ਆਸ ਅਤੇ ਮਜ਼ਦੂਰ ਜਮਾਤ ਦੇ ਇਨਕਲਾਬੀ ਉੱਦਮ ਦੇ ਵਾਰਿਸ ਹਨ। ਸੰਘਰਸ਼ ਵਿੱਚ ਬਿਹਤਰ ਢੰਗ ਨਾਲ ਜੂਝਣ ਲਈ, ਸਿਹਤਮੰਦ ਢੰਗ ਨਾਲ ਵਿਕਸਿਤ ਹੋਣ ਲਈ ਇਹਨਾਂ ਨੌਜਵਾਨਾਂ ਨੂੰ ਥੋੜ੍ਹਾ ਰਾਜਨੀਤਕ ਅਰਥਸ਼ਾਸਤਰ ਜ਼ਰੂਰ ਸਿੱਖਣਾ ਚਾਹੀਦਾ ਹੈ।

(ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ)

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ